# ਸਿੱਖ ਮੱਤ ਵਿੱਚ ਸਚਿਆਰ ਦਾ ਸੰਕਲਪ ਅਤੇ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਫ਼ੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਅਧੀਨ ਪੀ.ਐੱਚ.ਡੀ. (ਫ਼ਿਲਾਸਫ਼ੀ) ਦੀ

ਡਿਗਰੀ ਹਿੱਤ ਪ੍ਰਸਤੁਤ

**ਖੋਜ-ਪ੍ਰਬੰਧ**

**2019**


ਨਿਗਰਾਨ:

ਡਾ. ਪਰਮਿੰਦਰ ਕੌਰ
ਅਸਿਸਟੈਂਟ ਪ੍ਰੋਫ਼ੈਸਰ
ਫ਼ਿਲਾਸਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਖੋਜਾਰਥੀ:

ਨਰਿੰਦਰ ਸਿੰਘ


(Established Under Punjab Act No. 35 of 1961)

**ਫ਼ਿਲਾਸਫ਼ੀ ਵਿਭਾਗ**

**ਪੰਜਾਬੀ ਯੂਨੀਵਰਿਸਿਟੀ, ਪਟਿਆਲਾ।**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ, ਕਿ ਖੋਜਾਰਥੀ ਨਰਿੰਦਰ ਸਿੰਘ ਨੇ 'ਸਿੱਖ ਮੱਤ ਵਿੱਚ ਸਚਿਆਰ ਦਾ ਸੰਕਲਪ ਅਤੇ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ' ਦੇ ਵਿਸ਼ੇ ਉੱਤੇ ਪੀ.ਐੱਚ.ਡੀ (ਫ਼ਿਲਾਸਫ਼ੀ) ਦੀ ਡਿਗਰੀ ਲਈ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ। ਮੈਂ ਇਸ ਖੋਜ-ਕਾਰਜ ਨੂੰ ਪੀ.ਐੱਚ.ਡੀ ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫ਼ਾਰਿਸ਼ ਕਰਦੀ ਹਾਂ।

ਮਿਤੀ: 07 / 01 / 2020

ਨਿਗਰਾਨ:

ਡਾ. ਪਰਮਿੰਦਰ ਕੌਰ
ਅਸਿਸਟੈਂਟ ਪ੍ਰੋਫ਼ੈਸਰ,
ਫ਼ਿਲਾਸਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਅਧਿਆਇ ਪਹਿਲਾ

## ਸੱਚ-ਆਚਾਰ ਦਾ ਸੰਕਲਪ ਅਤੇ ਵਿਕਸਤ ਮਨੁੱਖੀ ਸ਼ਖ਼ਸੀਅਤ ਦਾ ਮਨੋਵਿਗਿਆਨਕ ਪੱਖ

ਸ਼ਖ਼ਸੀਅਤ ਜਾਂ ਵਿਅਕਤਿਤਵ ਸ਼ਬਦ ਦੀ ਵਰਤੋਂ ਅਸੀਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕਰਦੇ ਹਾਂ। ਅਸੀਂ ਹਰ ਵਿਅਕਤੀ ਬਾਰੇ ਉਸ ਦੇ ਵਿਵਹਾਰ ਜਾਂ ਰਵੱਈਏ ਦੇ ਆਧਾਰ ਤੇ ਕੋਈ ਨਾ ਕੋਈ ਵਿਚਾਰ ਬਣਾ ਲੈਂਦੇ ਹਾਂ। ਇਹ ਵਿਚਾਰ ਅਸੀਂ ਕਿਸੇ ਵਿਅਕਤੀ ਦੇ ਸਾਡੀ ਸੋਚ ਉੱਤੇ ਪਏ ਚੰਗੇ ਜਾਂ ਬੁਰੇ ਪ੍ਰਭਾਵ ਦੇ ਆਧਾਰ ਤੇ ਦਿੰਦੇ ਹਾਂ। ਸ਼ਖ਼ਸੀਅਤ ਸ਼ਬਦ ਤੋਂ ਕੀ ਭਾਵ ਹੈ, ਇਸ ਬਾਰੇ ਜਾਣਨਾ ਅਤਿ ਜ਼ਰੂਰੀ ਹੈ। "ਵਿਅਕਤਿਤਵ ਜਾਂ ਸ਼ਖ਼ਸੀਅਤ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ (Personality) 'ਪਰਸਨੈਲੇਟੀ' ਦਾ ਪੰਜਾਬੀ ਅਨੁਵਾਦ ਹੈ। ਅੰਗਰੇਜ਼ੀ ਭਾਸ਼ਾ ਦਾ ਇਹ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਪਰਸੋਨਾ (Persona) ਤੋਂ ਲਿਆ ਗਿਆ ਹੈ ਜਿਸ ਦਾ ਅਰਥ 'ਨਕਲੀ ਚਿਹਰਾ' ਜਾਂ 'ਮੁਖੌਟਾ' ਹੈ। ਰੋਮਨ ਅਤੇ ਗਰੀਸ ਦੇ ਕਲਾਕਾਰ ਇਨ੍ਹਾਂ ਮੁਖੌਟਿਆਂ ਨੂੰ ਪਹਿਨ ਕੇ ਨਾਟਕਾਂ ਵਿੱਚ ਵੱਖੋ-ਵੱਖਰੇ ਰੋਲ ਕਰਿਆ ਕਰਦੇ ਸਨ। ਜੋ ਯੂਨਾਨੀ ਨਾਟਕਾਂ ਵਿੱਚ ਐਕਟਰ ਪਹਿਨਦੇ ਸਨ।"[1] ਕੋਈ ਵਿਅਕਤੀ ਸਾਨੂੰ ਵੇਖਣ ਵਿੱਚ ਕਿਸ ਤਰ੍ਹਾਂ ਦਾ ਲੱਗਦਾ ਹੈ। ਉਹ ਸਾਡੇ ਨਾਲ਼ ਗੱਲਬਾਤ, ਵਿਵਹਾਰ ਕਿਵੇਂ ਕਰਦਾ ਹੈ। ਇਸ ਦੇ ਮੱਦੇਨਜ਼ਰ ਹੀ ਦੂਜੇ ਪ੍ਰਤੀ ਸਾਡਾ ਨਜ਼ਰੀਆ ਬਣਦਾ ਹੈ। ਸੋ ਸ਼ਖ਼ਸੀਅਤ ਇੱਕ ਦਿੱਖ ਹੈ ਜੋ ਸਿੱਧੇ, ਅਸਿੱਧੇ ਰੂਪ ਵਿੱਚ ਦੂਜਿਆਂ ਦੀ ਸੋਚ ਨੂੰ ਪ੍ਰਭਾਵਿਤ ਕਰਦੀ ਹੈ। "ਵਿਅਕਤਿਤਵ ਸੱਚੇ ਅਰਥਾਂ ਵਿੱਚ ਇੱਕ ਨਕਾਬ ਹੈ। ਉਹ ਇੱਕ ਭੂਮਿਕਾ ਹੈ, ਜੋ ਅਸੀਂ ਜੀਵਨ ਦੇ ਨਾਟਕ ਵਿੱਚ ਅਦਾ ਕਰਦੇ ਹਾਂ, ਉਹ ਸਾਡੀ ਪ੍ਰਕਿਰਤੀ ਦੀ ਡੂੰਘਾਈ ਦੀ ਇੱਕ ਪ੍ਰਗਟਾਵਾ ਹੈ।"[2] ਅਸੀਂ ਆਮ ਹੀ ਇਹ ਕਹਿੰਦੇ ਹਾਂ ਕਿ ਉਸ ਵਿਅਕਤੀ ਦੀ ਸ਼ਖ਼ਸੀਅਤ ਬਹੁਤ ਪ੍ਰਭਾਵਸ਼ਾਲੀ ਹੈ, ਉਸ ਦੀ ਸ਼ਖ਼ਸੀਅਤ ਬਹੁਤ ਹੀ ਦਿਲਖਿੱਚਵੀਂ ਹੈ ਜਾਂ ਕਈ ਵਾਰ ਕਿਸੇ ਦੀ ਸ਼ਖ਼ਸੀਅਤ ਸਾਨੂੰ ਚੰਗੀ ਵੀ ਨਹੀਂ ਲੱਗਦੀ। ਅਸੀਂ ਕਿਸੇ ਵੀ ਵਿਅਕਤੀ ਦੇ ਸਮੁੱਚੇ ਪ੍ਰਭਾਵ ਤੋਂ ਅੰਦਾਜ਼ਾ ਲਗਾ ਕੇ ਆਪਣੇ ਵਿਚਾਰ ਪ੍ਰਗਟ ਕਰਦੇ ਹਾਂ। ਇਹ ਕਿਹਾ ਜਾਂਦਾ ਹੈ

---

[1] ਐੱਨ.ਐੱਸ.ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 53

[2] ਡਾ. ਐਸ, ਰਾਧਾ ਕ੍ਰਿਸ਼ਨਨ, ਅਨੁਵਾਦਕ: ਪ੍ਰਭਜੋਤ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 241

ਕਿ ਵਿਵਹਾਰ ਕਿਸੇ ਮਨੁੱਖ ਦੀ ਸ਼ਖ਼ਸੀਅਤ ਦਾ ਸ਼ੀਸ਼ਾ ਹੁੰਦਾ ਹੈ। ਭਾਵ ਇਹ ਕਿ ਕਿਸੇ ਦੇ ਵਿਵਹਾਰ ਅਤੇ ਮਿਲਵਰਤਨ ਦੇ ਢੰਗ ਤੋਂ ਉਸ ਦੀ ਸ਼ਖ਼ਸੀਅਤ ਦਾ ਪਤਾ ਲੱਗਦਾ ਹੈ ਜਿਵੇਂ ਕਿ ਚੰਗੀ ਸ਼ਖ਼ਸੀਅਤ ਦਾ ਮਾਲਕ ਚੰਗਾ ਵਿਵਹਾਰ ਕਰਦਾ ਹੈ। ਇੱਕ ਆਮ ਆਦਮੀ ਨੂੰ ਜੇਕਰ ਸ਼ਖ਼ਸੀਅਤ ਬਾਰੇ ਪੁੱਛਿਆ ਜਾਵੇ ਤਾਂ ਉਹ ਕਿਸੇ ਦੇ ਆਚਰਣ ਜਾਂ ਉਸ ਦੇ ਸੁਭਾਅ ਨੂੰ ਹੀ ਉਸ ਦੀ ਸ਼ਖ਼ਸੀਅਤ ਕਹੇਗਾ। ਕਈ ਵਿਅਕਤੀ ਕਿਸੇ ਦੀ ਸ਼ਕਲ-ਸੂਰਤ, ਨੈਣ-ਨਕਸ਼, ਸਿਹਤ ਅਤੇ ਸਰੀਰਕ ਸ਼ਕਤੀ ਤੋਂ ਸ਼ਖ਼ਸੀਅਤ ਦਾ ਅੰਦਾਜ਼ਾ ਲਗਾਉਂਦੇ ਹਨ। "ਕਈ ਲੋਕ ਕਿਸੇ ਵਿਅਕਤੀ ਦੀ ਸਰੀਰਕ ਡੀਲ-ਡੌਲ ਤੋਂ ਉਸਦੀ ਸ਼ਖ਼ਸੀਅਤ ਦਾ ਅੰਦਾਜ਼ਾ ਲਗਾਉਣ ਦਾ ਭੁਲੇਖਾ ਖਾ ਜਾਂਦੇ ਹਨ। ਕੱਦ-ਕਾਠ, ਚੰਗੇ ਨੈਣ-ਨਕਸ਼ 'ਤੇ ਵਧੀਆ ਸਰੀਰਕ ਬਣਤਰ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦੇ ਪ੍ਰਤੀਕ ਨਹੀਂ ਹੁੰਦੇ। ਇਤਿਹਾਸ ਵਿੱਚ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇਖਣ ਨੂੰ ਸੁੰਦਰ ਨਹੀਂ ਸਨ। ਛੱਤਰਪਤੀ ਸ਼ਿਵਾ ਜੀ ਤੇ ਨੈਪੋਲੀਅਨ ਕਿਸੇ ਉੱਚੇ ਲੰਮੇ ਕੱਦ ਕਾਠ ਵਾਲ਼ੇ ਵਿਅਕਤੀ ਨਹੀਂ ਸਨ। ਫਿਰ ਵੀ ਉਹ ਮਹਾਨ ਸਨ ਤੇ ਆਪਣੇ-2 ਸਮੇਂ ਦੀਆਂ ਉੱਤਮ ਸ਼ਖ਼ਸੀਅਤਾਂ ਸਨ।"[3]

ਪ੍ਰਾਚੀਨ ਕਾਲ ਵਿੱਚ ਵਿਅਕਤਿਤਵ ਤੋਂ ਭਾਵ ਸਰੀਰਕ ਡੀਲ-ਡੌਲ, ਚਿਹਰੇ ਦੇ ਰੂਪ-ਰੰਗ ਅਤੇ ਵਿਅਕਤੀ ਦੀ ਪੌਸ਼ਾਕ ਤੋਂ ਹੁੰਦਾ ਸੀ। ਕੋਈ ਵਿਅਕਤੀ ਆਪਣੇ ਬਾਹਰਲੇ ਗੁਣਾਂ ਕਰਕੇ ਜਿੰਨਾ ਕਿਸੇ ਤੇ ਪ੍ਰਭਾਵ ਪਾਉਂਦਾ ਉੰਨੇ ਚੰਗੇ ਵਿਅਕਤਿਤਵ ਦਾ ਮਾਲਕ ਉਸ ਨੂੰ ਸਮਝਿਆ ਜਾਂਦਾ ਸੀ। ਆਮ ਲੋਕਾਂ ਦੇ ਵਿਚਾਰ ਵਿੱਚ ਵੀ ਵਿਅਕਤੀ ਦੇ ਬਾਹਰਲੇ ਰੂਪ ਤੋਂ ਹੀ ਵਿਅਕਤਿਤਵ ਦਾ ਅਨੁਮਾਨ ਲਗਾਇਆ ਜਾਂਦਾ ਹੈ। ਪ੍ਰੰਤੂ ਇਹ ਵਿਚਾਰ ਠੀਕ ਨਹੀਂ ਹੈ, ਕਿਉਂਕਿ ਸ਼ਖ਼ਸੀਅਤ ਵਿੱਚ ਕੇਵਲ ਬਾਹਰੀ ਰੂਪ ਹੀ ਨਹੀਂ ਬਲਕਿ ਅੰਦਰਲੇ ਗੁਣਾਂ ਜਾਂ ਪੱਖਾਂ ਨੂੰ ਵੀ ਲਿਆ ਜਾਂਦਾ ਹੈ। ਇਹ ਕਿਸੇ ਵਿਅਕਤੀ ਦੇ ਸਰੀਰਕ, ਬੌਧਿਕ ਅਤੇ ਭਾਵਾਤਮਿਕ ਬਣਤਰ ਦਾ ਸਮੂਹਿਕ ਏਕੀਕਰਣ ਹੈ। ਇਹ ਸਾਡੇ ਅਨੁਭਵ, ਆਦਤਾਂ, ਇੱਛਾਵਾਂ, ਭਾਵਨਾਵਾਂ, ਰੁਚੀਆਂ ਅਤੇ ਕਈ ਹੋਰ ਵਿਸ਼ੇਸ਼ਤਾਵਾਂ ਦੁਆਰਾ ਪ੍ਰਗਟ ਹੁੰਦਾ ਹੈ। "ਸ਼ਖ਼ਸੀਅਤ ਵਿਅਕਤੀ ਦੀਆਂ ਬਣਤਰਾਂ, ਵਤੀਰੇ ਦੇ ਰੂਪਾਂ, ਰੁਚੀਆਂ,

---

[3] ਕਰਨਲ ਗੁਰਸੇਵਕ ਸਿੰਘ (ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ ਅਤੇ ਪ੍ਰੋ. ਦਰਸ਼ਨ ਕੌਰ ਬੇਦੀ, ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995, ਪੰਨਾ 166

ਰਵੱਈਏ, ਬੌਧਿਕ ਯੋਗਤਾਵਾਂ ਅਤੇ ਹੋਰ ਕਈ ਵਿਸ਼ੇਸ਼ਤਾਈਆਂ ਦਾ ਇੱਕ ਪੂਰਨ ਨਮੂਨਾ ਜਾਂ ਸੰਗਠਨ ਹੈ।"[4] ਸ਼ਖ਼ਸੀਅਤ ਬਾਰੇ ਵਿਚਾਰ ਕਰਨ ਸਮੇਂ ਵਿਅਕਤੀ ਦੇ ਸਰੀਰਕ ਢਾਂਚੇ ਤੋਂ ਇਲਾਵਾ ਉਸ ਦੇ ਗੁਣਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੁੰਦੀ ਹੈ। "ਵਿਅਕਤਿਤਵ ਕਿਸੇ ਬੰਦੇ ਦੇ ਸਰੀਰਕ, ਮਾਨਸਿਕ, ਨੈਤਿਕ ਤੇ ਸਮਾਜਿਕ ਗੁਣਾਂ ਦੇ ਗਤੀਸ਼ੀਲ ਜੁੱਟ ਦਾ ਨਾਮ ਹੈ। ਇਹਨਾਂ ਸਭਨਾਂ ਵਿੱਚੋਂ ਨੈਤਿਕ ਗੁਣਾਂ ਦੀ ਪ੍ਰਮੁੱਖਤਾ ਹੈ।"[5] ਸ਼ਖ਼ਸੀਅਤ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੀਆਂ-ਆਪਣੀਆਂ ਪਰਿਭਾਸ਼ਾਵਾਂ ਦਿੱਤੀਆਂ ਹਨ। ਵੁੱਡਵਰਥ (Woodworth) ਅਨੁਸਾਰ, "ਵਿਅਕਤੀ ਦੇ ਵਿਵਹਾਰ ਦਾ ਸਮੁੱਚਾ ਗੁਣ ਉਸ ਦਾ ਵਿਅਕਤਿਤਵ ਹੈ। (Personality is the total quality of individual's behavior.)"[6] ਇੱਥੇ ਮਨੁੱਖ ਦੇ ਦੂਜਿਆਂ ਨਾਲ਼ ਸਮੁੱਚੇ ਰੂਪ ਵਿੱਚ ਕੀਤੇ ਜਾਂਦੇ ਵਿਵਹਾਰ ਨੂੰ ਵਿਅਕਤਿਤਵ ਕਿਹਾ ਗਿਆ ਹੈ। ਬਰਗੇਸ (Burgess) ਅਨੁਸਾਰ, "ਵਿਅਕਤਿਤਵ ਸਾਰੇ ਲੱਛਣਾਂ ਦਾ ਏਕੀਕਰਣ ਹੈ ਜਿਹੜਾ ਸਮਾਜ ਵਿੱਚ ਵਿਅਕਤੀ ਦੇ ਕਰਤੱਵ ਅਤੇ ਪਦਵੀ ਨੂੰ ਨਿਸ਼ਚਿਤ ਕਰਦਾ ਹੈ। ਇਸ ਤਰ੍ਹਾਂ ਵਿਅਕਤਿਤਵ ਸਮਾਜਿਕ ਪ੍ਰਭਾਵਸ਼ੀਲਤਾ ਹੈ। (Personality is the integration of all traits which determine the role and status of the person in society, Personality, might be, therefore a social effectiveness.)"[7] ਮਨੁੱਖ ਦੇ ਵਿਵਹਾਰਕ ਲੱਛਣ ਉਸ ਦੀ ਸ਼ਖ਼ਸੀਅਤ ਨੂੰ ਬਣਾਉਂਦੇ ਹਨ, ਜਿਨ੍ਹਾਂ ਦੇ ਆਧਾਰ ਤੇ ਉਹ ਸਮਾਜ ਵਿੱਚ ਆਪਣੀ ਸ਼ਖ਼ਸੀਅਤ ਦਾ ਪ੍ਰਭਾਵ ਛੱਡਦਾ ਹੈ।

ਪ੍ਰਿੰਸ (Prince) ਮੁਤਾਬਿਕ, "ਵਿਅਕਤਿਤਵ ਵਿਅਕਤੀ ਦੇ ਜੀਵਕ ਜਮਾਂਦਰੂ ਝੁਕਾਅ, ਆਵੇਗਾਂ, ਮੂਲ ਪ੍ਰਵਿਰਤੀ ਦੇ ਰੁਝਾਨ ਦਾ ਸਮੂਹ ਹੈ ਅਤੇ ਅਨੁਭਵਾਂ ਰਾਹੀਂ ਪ੍ਰਾਪਤ ਕੀਤੇ ਸੁਭਾਅ ਅਤੇ ਝੁਕਾਵਾਂ ਦਾ ਜੋੜ ਹੈ। (Personality is the sum total of all the biological innate disposition, impulses, tendencies and instincts of the individuals and the acquired dispositions and

---

[4] ਕੁਮਾਰੀ ਅਮ੍ਰਿਤ ਕਲੇਰ, ਸਾਧਾਰਨ ਮਨੋਵਿਗਿਆਨ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1971, ਪੰਨਾ 122

[5] ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2009, ਪੰਨਾ 87

[6] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,2014, ਪੰਨਾ-193

[7] ਉਹੀ, ਪੰਨਾ-193

tendencies acquired by experience.)"[8] ਮਨੁੱਖ ਆਪਣੀ ਜ਼ਿੰਦਗੀ ਦੌਰਾਨ ਦੂਜਿਆਂ ਨਾਲ਼ ਵਿਚਰਦਿਆਂ ਹੋਇਆਂ ਬਹੁਤ ਕੁੱਝ ਗ੍ਰਹਿਣ ਕਰਦਾ ਹੈ, ਜਿਸ ਨੂੰ ਉਹ ਆਪਣੀ ਸ਼ਖ਼ਸੀਅਤ ਦਾ ਹਿੱਸਾ ਬਣਾ ਲੈਂਦਾ ਹੈ। ਆਈਜ਼ਿੰਕ (Eysenck) ਦੀ ਪਰਿਭਾਸ਼ਾ ਅਨੁਸਾਰ, "ਵਿਅਕਤਿਤਵ ਜੀਵ ਪ੍ਰਾਣੀ ਦੇ ਅਸਲੀ ਵਿਵਹਾਰ ਦੀ ਰੂਪ-ਰੇਖਾ ਦਾ ਸਮੂਹਕ ਜੋੜ ਹੈ। (Personality is the sum total of actual behavior patterns of organism.)"[9] ਸੰਸਾਰ ਦੇ ਹੋਰਨਾ ਪ੍ਰਾਣੀਆਂ ਦੇ ਮੁਕਾਬਲੇ ਮਨੁੱਖ ਆਪਣੇ ਵਿਚਾਰਾਂ, ਵਿਵਹਾਰ ਅਤੇ ਸੁਭਾਅ ਕਾਰਨ ਭਿੰਨਤਾ ਰੱਖਦਾ ਹੈ। ਇਸ ਭਿੰਨਤਾ ਦੇ ਆਧਾਰ ਤੇ ਹੀ ਉਹ ਮਨੁੱਖੀ ਸਮਾਜ ਵਿੱਚ ਦੂਜਿਆਂ ਨਾਲ਼ ਵਿਚਰਦਾ ਹੈ। ਇਹ ਵਿਚਰਨ ਦਾ ਢੰਗ ਹੀ ਉਸ ਦੀ ਸ਼ਖ਼ਸੀਅਤ ਨੂੰ ਦੂਜਿਆਂ ਨਾਲ਼ੋਂ ਵਖਰਿਆਉਂਦਾ ਹੈ।

"ਵਿਅਕਤਿਤਵ ਤੋਂ ਸੰਕੇਤ ਉਸ ਵਿਵਹਾਰ ਵੱਲ ਹੈ ਜਿਸ ਦਾ ਚੰਗਾ ਜਾਂ ਮਾੜਾ ਹੋਣਾ ਜ਼ਰੂਰੀ ਨਹੀਂ ਪ੍ਰੰਤੂ ਦੂਜੇ ਲੋਕਾਂ ਨੂੰ ਰੌਚਕ ਜਾਂ ਘ੍ਰਿਣਤ ਲੱਗੇ ਜਾਂ ਆਪਣੇ ਸਾਥੀਆਂ ਵਿਚਕਾਰ ਵਿਅਕਤੀ ਦੀ ਸਥਿਤੀ ਨੂੰ ਅਨੁਕੂਲ ਜਾਂ ਪ੍ਰਤਿਕੂਲ ਬਣਾ ਦੇਵੇ।"[10] ਮਨੁੱਖੀ ਸਮਾਜ ਵਿੱਚ ਹਰੇਕ ਮਨੁੱਖ ਦਾ ਦ੍ਰਿਸ਼ਟੀਕੋਣ ਦੂਜੇ ਨਾਲ਼ੋਂ ਵੱਖ ਹੁੰਦਾ ਹੈ, ਜਿਸ ਕਾਰਨ ਉਹ ਆਪਣੇ ਅਲੱਗ ਨਜ਼ਰੀਏ ਨੂੰ ਸਾਹਮਣੇ ਰੱਖ ਕੇ ਕਰਮ ਕਰਦਾ ਹੋਇਆ ਸੰਬੰਧ ਸਥਾਪਿਤ ਕਰਦਾ ਹੈ। ਇਸ ਨਾਲ਼ ਹੀ ਉਹ ਦੂਜਿਆਂ ਦੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦੇ ਪ੍ਰਤੀ ਦੂਜਿਆਂ ਦਾ ਸਾਕਾਰਾਤਮਕ ਅਤੇ ਨਾਕਾਰਾਤਮਕ ਨਜ਼ਰੀਆ ਬਣ ਜਾਂਦਾ ਹੈ। "ਵਿਅਕਤਿਤਵ ਵਿਅਕਤੀ ਦੇ ਅੰਦਰ ਉਸ ਦੀਆਂ ਮਨੋਸਰੀਰਕ ਪ੍ਰਣਾਲੀਆਂ ਜਿਨ੍ਹਾਂ ਦੁਆਰਾ ਉਸ ਦਾ ਆਪਣੇ ਵਾਤਾਵਰਣ ਨਾਲ਼ ਅਦੁੱਤੀ ਸਮਾਯੋਜਨ ਪੈਦਾ ਹੁੰਦਾ ਹੈ, ਦਾ ਗਤੀਸ਼ੀਲ ਸੰਗਠਨ ਹੈ।" "Personality is the dynamic organization within the individual of those psycho-physical systems which determine

---

[8] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,2014, ਪੰਨਾ-193

[9] ਉਹੀ ਪੰਨਾ-193

[10] ਆਰ.ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ, ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 1988, ਪੰਨਾ 104

his unique adjustment with the environment."[11] ਮਨੁੱਖੀ ਸ਼ਖ਼ਸੀਅਤ ਦੇ ਅੰਦਰੂਨੀ ਗੁਣ ਜਿਨ੍ਹਾਂ ਦਾ ਸੰਬੰਧ ਉਸ ਦੀ ਮਾਨਸਿਕਤਾ ਨਾਲ਼ ਹੈ, ਉਸ ਦੀ ਸਮਾਜਿਕ ਸਮਾਯੋਜਨ ਵਿੱਚ ਸਹਾਇਤਾ ਕਰਦੇ ਹਨ।

"Personality is the individual's unique pattern of traits---- the pattern that distinguishes him as an individual and accounts for his unique and relatively consistent ways of interacting with his environment."[12] ਮਨੁੱਖੀ ਸੋਚ ਦੇ ਆਧਾਰ ਤੇ ਉਸ ਦੇ ਵਿਵਹਾਰ ਅਤੇ ਕਰਮ ਦੇ ਰਾਹੀਂ ਲੱਛਣਾਂ ਦੇ ਰੂਪ ਵਿੱਚ ਉਸ ਦੀ ਸ਼ਖ਼ਸੀਅਤ ਦੂਜਿਆਂ ਦੇ ਸਾਹਮਣੇ ਆਉਂਦੀ ਹੈ। ਹਰੇਕ ਵਿਅਕਤੀ ਦੇ ਵਿਵਹਾਰਕ ਲੱਛਣ ਦੂਜਿਆਂ ਨਾਲ਼ੋਂ ਭਿੰਨਤਾ ਰੱਖਦੇ ਹਨ। ਕਈ ਵਾਰ ਸੰਦਰਭ ਅਨੁਸਾਰ ਇਨ੍ਹਾਂ ਲੱਛਣਾਂ ਵਿੱਚ ਤਬਦੀਲੀ ਵੀ ਵੇਖਣ ਨੂੰ ਮਿਲਦੀ ਹੈ। "ਅਸਲ ਵਿੱਚ ਵਿਅਕਤੀ ਦੇ ਵਿਅਕਤਿਤਵ ਵਿੱਚ ਉਸ ਦੇ ਬਾਹਰੀ ਅਤੇ ਅੰਦਰੂਨੀ ਦੋਵੇਂ ਪ੍ਰਕਾਰ ਦੇ ਗੁਣ ਸ਼ਾਮਿਲ ਹੁੰਦੇ ਹਨ। ਇਸ ਵਿੱਚ ਮਨੁੱਖੀ ਜੀਵਨ ਦੇ ਸਾਰੇ ਅੰਸ਼ ਸ਼ਾਮਿਲ ਹੁੰਦੇ ਹਨ। ਕਿਸੇ ਵਿਅਕਤੀ ਦੇ ਸਰੀਰਕ, ਬੌਧਿਕ, ਭਾਵਾਤਮਿਕ ਅਤੇ ਸਮਾਜਿਕ ਬਣਤਰ ਦੇ ਸਮੂਹਿਕ ਏਕੀਕਰਣ ਨੂੰ ਵਿਅਕਤਿਤਵ ਆਖਿਆ ਜਾਂਦਾ ਹੈ।"[13] ਮਨੁੱਖੀ ਸ਼ਖ਼ਸੀਅਤ ਦੇ ਕੇਵਲ ਇੱਕ ਬਾਹਰੀ ਪਹਿਲੂ ਦੇ ਆਧਾਰ ਤੇ ਉਸ ਨੂੰ ਸ਼ਖ਼ਸੀਅਤ ਕਹਿਣਾ ਠੀਕ ਨਹੀਂ ਹੋਵੇਗਾ ਕਿਉਂਕਿ ਉਸ ਦੇ ਅੰਦਰੂਨੀ ਅਤੇ ਬਾਹਰੀ ਪੱਖਾਂ ਨੂੰ ਮਿਲਾ ਕੇ ਹੀ ਸ਼ਖ਼ਸੀਅਤ ਦਾ ਨਿਰਮਾਣ ਹੁੰਦਾ ਹੈ।

"ਸ਼ਖ਼ਸੀਅਤ ਕਿਸੇ ਵਿਅਕਤੀ ਵਿਸ਼ੇਸ਼ ਦਾ ਉਹ ਸਾਂਚਾ ਹੁੰਦਾ ਹੈ ਜਿਸ ਵਿੱਚ ਉਹ ਢਲ਼ਿਆ ਹੁੰਦਾ ਹੈ। ਇਸ ਗੱਲ ਨੂੰ ਇੰਝ ਕਿਹਾ ਜਾ ਸਕਦਾ ਹੈ ਕਿ ਸ਼ਖ਼ਸੀਅਤ ਸਾਡੀਆਂ ਸਰੀਰਕ, ਮਾਨਸਿਕ ਤੇ ਭਾਵਨਾਤਮਕ ਪੱਖੋਂ ਆਦਤਾਂ ਦਾ ਇੱਕ ਤਰ੍ਹਾਂ ਦਾ ਇਕੱਠ ਅਥਵਾ ਸਮੂਹ ਹੁੰਦਾ ਹੈ।"[14] ਵਿਅਕਤੀ ਦਾ ਸਰੀਰਕ, ਮਾਨਸਿਕ, ਭਾਵਾਤਮਿਕ ਪ੍ਰਗਟਾਵਾ ਉਸ ਦੀ ਸ਼ਖ਼ਸੀਅਤ ਦੀ ਨਿਸ਼ਾਨਦੇਹੀ ਕਰਦਾ ਹੈ। "ਮੋਟੇ ਤੋਰ ਤੇ ਵਿਅਕਤਿਤਵ ਦੀ ਇਹ ਪਰਿਭਾਸ਼ਾ ਹੋ ਸਕਦੀ ਹੈ: ਵਿਅਕਤਿਤਵ 'ਵਿਅਕਤੀ ਦੇ ਵਿਵਹਾਰ ਦੀ ਉਹ ਵਿਆਪਕ ਵਿਸ਼ੇਸ਼ਤਾ ਹੈ',

---

11 G.W. Allport, Personality: A Psychologycal Interpretation, New York, Holt and Co., 1948, p. 48.

12 J.C. Coleman, Personality Dynamics and Effective Behaviour, Chicago, Foreman and Co., 1960, p.75.

13 ਐੱਨ.ਐੱਸ.ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 53

14 ਕਰਨਲ ਗੁਰਸੇਵਕ ਸਿੰਘ,(ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ ਅਤੇ ਪ੍ਰੋ. ਦਰਸ਼ਨ ਕੌਰ ਬੇਦੀ, ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995, ਪੰਨਾ 167

ਜਿਹੜੀ ਉਸ ਦੇ ਵਿਚਾਰਾਂ, ਉਨ੍ਹਾਂ ਨੂੰ ਪ੍ਰਗਟ ਕਰਨ ਦੇ ਢੰਗਾਂ, ਉਸ ਦੀ ਮਨੋਵ੍ਰਿਤੀ ਅਤੇ ਰੁਚੀ, ਕੰਮ ਕਰਨ ਦਾ ਢੰਗ ਅਤੇ ਜੀਵਨ ਪ੍ਰਤਿ ਉਸ ਦੇ ਵਿਅਕਤੀਗਤ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਪ੍ਰਗਟ ਹੁੰਦੀ ਹੈ।"[15] ਮਨੁੱਖੀ ਸ਼ਖ਼ਸੀਅਤ ਵਿੱਚ ਉਸ ਦੀ ਬਾਹਰੀ ਦਿੱਖ ਤੋਂ ਬਿਨ੍ਹਾਂ ਅੰਦਰਲੇ ਗੁਣ ਵੀ ਸ਼ਾਮਿਲ ਹੁੰਦੇ ਹਨ। ਜਿਸ ਵਿੱਚ ਉਸ ਦੀ ਸੋਚ, ਵਿਚਾਰ ਅਤੇ ਦੂਸਰਿਆਂ ਨਾਲ਼ ਵਿਵਹਾਰ ਆਦਿ ਸ਼ਾਮਿਲ ਹੁੰਦਾ ਹੈ। ਮਨੁੱਖ ਦੀ ਸ਼ਖ਼ਸੀਅਤ ਉਸ ਦੇ ਅੰਦਰੂਨੀ ਅਤੇ ਬਾਹਰੀ ਗੁਣਾਂ ਦਾ ਸੁਮੇਲ ਹੁੰਦੀ ਹੈ। ਮਨੁੱਖ ਦੇ ਬਾਹਰੀ ਗੁਣਾਂ ਵਿੱਚ ਉਸ ਦੀ ਸਰੀਰਕ ਬਣਤਰ (ਬਾਹਰੀ ਦਿੱਖ) ਤੋਂ ਇਲਾਵਾ ਉਸ ਦਾ ਰੂਪ-ਰੰਗ, ਨੈਣ-ਨਕਸ਼, ਕੱਦ-ਕਾਠ ਅਤੇ ਪਹਿਨਣ-ਪਰਚਣ ਦਾ ਸਲੀਕਾ-ਤਰੀਕਾ ਸ਼ਾਮਿਲ ਕੀਤੇ ਜਾਂਦੇ ਹਨ। ਉਸ ਦੇ ਖਾਣ-ਪੀਣ, ਬੋਲਣ-ਚੱਲਣ ਅਤੇ ਸਮਾਜ ਵਿੱਚ ਵਿਚਰਨ ਦੇ ਤੌਰ ਤਰੀਕਿਆਂ ਨੂੰ ਵੀ ਬਾਹਰੀ ਗੁਣਾਂ ਵਿੱਚ ਹੀ ਸ਼ਾਮਿਲ ਕੀਤਾ ਜਾਂਦਾ ਹੈ। "ਜਦ ਅਸੀਂ ਕਹਿੰਦੇ ਹਾਂ ਕਿ ਉਸ ਵਿਅਕਤੀ ਦੀ ਸ਼ਖ਼ਸੀਅਤ ਬਹੁਤ ਪ੍ਰਭਾਵਸ਼ਾਲੀ ਹੈ ਤਾਂ ਅਸੀਂ ਆਮ ਤੌਰ ਤੇ ਉਸ ਦੀ ਦਿੱਖ, ਪਹਿਰਾਵੇ ਅਤੇ ਆਮ ਵਿਵਹਾਰ ਵੱਲ ਹੀ ਸੰਕੇਤ ਕਰ ਰਹੇ ਹੁੰਦੇ ਹਾਂ। ਕੁੱਝ ਲੋਕ ਕੇਵਲ ਪਹਿਰਾਵੇ, ਰੂਪ-ਸਜਾ ਜਾਂ ਟੌਹਰ-ਸ਼ੌਹਰ ਨੂੰ ਹੀ ਸ਼ਖ਼ਸੀਅਤ ਮੰਨ ਲੈਂਦੇ ਹਨ ਜੋ ਉਨ੍ਹਾਂ ਦੀ ਭੁੱਲ ਹੁੰਦੀ ਹੈ, ਕਿਉਂਕਿ ਸ਼ਖ਼ਸੀਅਤ ਨਿਰਮਾਣ ਅਥਵਾ ਸ਼ਖ਼ਸੀਅਤ ਵਿਕਾਸ ਵਿੱਚ ਜੋ ਭੂਮਿਕਾ ਅੰਦਰੂਨੀ ਗੁਣਾਂ ਦੀ ਹੁੰਦੀ ਹੈ, ਉਨ੍ਹਾਂ ਦੇ ਮੁਕਾਬਲੇ ਬਾਹਰੀ ਗੁਣਾਂ ਦੀ ਭੂਮਿਕਾ ਬਿਲਕੁਲ ਤੁੱਛ ਜਾਪਦੀ ਹੈ।"[16]

ਪਰ ਸ਼ਖ਼ਸੀਅਤ ਦੀ ਮੁੱਖ ਵਿਸ਼ੇਸ਼ਤਾ ਆਤਮ-ਚੇਤਨਤਾ, ਇਕਸਾਰਤਾ ਅਤੇ ਵਿਕਾਸ ਹੈ। ਇੱਕ ਸਮਝਦਾਰ ਵਿਅਕਤੀ ਸਮਾਜ ਦੁਆਰਾ ਕੀਤੀ ਗਈ ਪ੍ਰਸ਼ੰਸਾ ਜਾਂ ਨਿੰਦਿਆ, ਸਫ਼ਲਤਾ ਜਾਂ ਅਸਫ਼ਲਤਾ ਰਾਹੀਂ ਆਪਣੇ ਜੀਵਨ ਦੀ ਸਹੀ ਆਲੋਚਨਾ ਕਰਕੇ ਹਾਲਾਤ ਦੇ ਅਨੁਕੂਲ ਬਣਨ ਦੀ ਕੋਸ਼ਿਸ਼ ਕਰਦਾ ਹੈ। ਦ੍ਰਿੜਤਾ ਮਨੁੱਖੀ ਸ਼ਖ਼ਸੀਅਤ ਦੀ ਵਿਸ਼ੇਸ਼ਤਾ ਹੈ ਜੋ ਉਸ ਦੇ ਜੀਵਨ ਉਦੇਸ਼ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੀ ਹੈ। ਇਸ ਤੋਂ ਬਿਨ੍ਹਾਂ ਮਨੁੱਖ ਅਗਾਂਹ ਨਹੀਂ ਵਧ ਸਕਦਾ। ਦ੍ਰਿੜਤਾ ਨਾਲ਼ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਮਨੁੱਖ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਂਦਾ ਹੈ। "ਵਿਅਕਤਿਤਵ ਕਿਸੇ ਮਨੁੱਖ ਦੇ ਲੱਛਣਾਂ ਅਤੇ

---

15 ਆਰ.ਐਸ. ਵੁੱਡਵਰਥ ਅਤੇ ਡੀ.ਜੀ. ਮਾਰਕੁਇਸ, ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 1988, ਪੰਨਾ 105

16 ਪ੍ਰੋ. ਅੱਛਰੂ ਸਿੰਘ, ਪ੍ਰੋ. ਅਨੁਭਵ ਵਾਲੀਆ, ਜੀਵਨ ਜਾਂਚ, ਪਟਿਆਲ਼ਾ ਕਲਾ ਪਰਿਸ਼ਦ, ਪਟਿਆਲ਼ਾ, 2011, ਪੰਨਾ 71-72

ਮਨੋਬਿਰਤੀਆਂ ਦੀ ਇੱਕ ਅਦੁੱਤੀ ਰੂਪ-ਰੇਖਾ ਹੈ। ਦੂਜੇ ਸ਼ਬਦਾਂ ਵਿੱਚ ਵਿਅਕਤਿਤਵ ਵਿਅਕਤੀ ਦੇ ਵਿਵਹਾਰ ਦੀ ਉਹ ਵਿਆਪਕ ਵਿਸ਼ੇਸ਼ਤਾ ਹੈ ਜਿਹੜੀ ਉਸ ਦੇ ਵਿਚਾਰਾਂ ਅਤੇ ਇਨ੍ਹਾਂ ਨੂੰ ਪ੍ਰਗਟ ਕਰਨ ਦੇ ਢੰਗ ਤੋਂ ਅਤੇ ਕੰਮ ਕਰਨ ਦੇ ਤਰੀਕੇ ਤੋਂ, ਉਸ ਦੀ ਰੁਚੀ ਤੋਂ ਅਤੇ ਜੀਵਨ ਦੇ ਪ੍ਰਤਿ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਪ੍ਰਗਟ ਹੁੰਦੀ ਹੈ।"[17]

ਉਪਰੋਕਤ ਪਰਿਭਾਸ਼ਾਵਾਂ ਅਤੇ ਵਿਚਾਰ ਚਰਚਾ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਬਾਹਰੀ ਦਿੱਖ ਨੂੰ ਹੀ ਉਸ ਦੀ ਸ਼ਖ਼ਸੀਅਤ ਨਹੀਂ ਕਿਹਾ ਸਕਦਾ ਬਲਕਿ ਇਸ ਵਿੱਚ ਮਨੁੱਖ ਦੇ ਅੰਦਰੂਨੀ ਗੁਣ ਜਿਵੇਂ ਕਿ ਉਸ ਦੇ ਵਿਚਾਰ, ਵਿਵਹਾਰ, ਗੱਲਬਾਤ ਦਾ ਸਲੀਕਾ, ਦੂਸਰਿਆਂ ਨਾਲ਼ ਸੰਬੰਧ, ਸਮਾਜਿਕ ਸਮਾਯੋਜਨ, ਆਦਤਾਂ, ਰੁਚੀਆਂ, ਰੋਜ਼ਮਰ੍ਹਾ ਦਾ ਜੀਵਨ ਜਿਉਣ ਦਾ ਢੰਗ ਵੀ ਸ਼ਾਮਿਲ ਹੁੰਦਾ ਹੈ। ਸੋ ਮਨੁੱਖ ਦੇ ਅੰਦਰੂਨੀ ਗੁਣ ਅਤੇ ਬਾਹਰੀ ਦਿੱਖ ਮਿਲ ਕੇ ਸ਼ਖ਼ਸੀਅਤ ਦਾ ਨਿਰਮਾਣ ਕਰਦੇ ਹਨ, ਜਿਸ ਨੂੰ ਮਾੜਾ ਜਾਂ ਚੰਗਾ ਕਹਿ ਕੇ ਅਸੀਂ ਆਪਣੀ ਸਮਝ ਅਨੁਸਾਰ ਉਸ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਾਂ।

ਕਿਸੇ ਵੀ ਵਿਅਕਤੀ ਦੀ ਸ਼ਖ਼ਸੀਅਤ ਨੂੰ ਉਸ ਦੇ ਲੱਛਣਾਂ ਦੇ ਆਧਾਰ ਤੇ ਹੀ ਮਾਪਿਆ ਜਾਂਦਾ ਹੈ। ਇਹਨਾਂ ਲੱਛਣਾਂ ਨੂੰ ਸ਼ਖ਼ਸੀਅਤ ਦੇ ਗੁਣ ਵੀ ਕਿਹਾ ਜਾ ਸਕਦਾ ਹੈ। "ਲੱਛਣ ਵਿਵਹਾਰ ਦਾ ਕੁੱਝ ਖਾਸ ਗੁਣ ਹੈ ਜਿਹੜਾ ਵਿਅਕਤੀ ਨੂੰ ਉਸ ਦੀਆਂ ਕਿਰਿਆਵਾਂ ਦੇ ਪਸਾਰ ਵਿੱਚ ਵਿਸ਼ੇਸ਼ਤਾ ਰੱਖਦਾ ਹੈ ਅਤੇ ਜਿਹੜਾ ਕੁੱਝ ਸਮੇਂ ਦੌਰਾਨ ਬਹੁਤ ਹੱਦ ਤੱਕ ਇਕਸਾਰ ਰਹਿੰਦਾ ਹੈ।"[18] "A trait is some particular quality of behavior which characterizes the individual in a wide range of his activities, and which is fairly consistant over a period of time" ਮਨੁੱਖੀ ਸ਼ਖ਼ਸੀਅਤ ਵਿੱਚ ਚਾਰ ਤਰ੍ਹਾਂ ਦੇ ਲੱਛਣ ਪਾਏ ਜਾਂਦੇ ਹਨ, ਜਿਵੇਂ ਕਿ ਸਰੀਰਕ ਲੱਛਣ, ਮਾਨਸਿਕ ਲੱਛਣ, ਭਾਵਾਤਮਿਕ ਲੱਛਣ, ਸਮਾਜਿਕ ਲੱਛਣ। ਸਰੀਰਕ ਲੱਛਣਾਂ ਵਿੱਚ ਕਿਸੇ ਵਿਅਕਤੀ ਦੀ ਸਰੀਰਕ ਬਣਤਰ, ਉਸ ਦੀ ਬਾਹਰੀ ਦਿੱਖ, ਉਸ ਦਾ ਪਹਿਰਾਵਾ, ਉਸ ਦਾ ਦੂਜਿਆਂ ਨਾਲ਼ ਵਿਵਹਾਰ, ਬੋਲ-ਚਾਲ, ਰਹਿਣ-ਸਹਿਣ ਆਦਿ ਸਰੀਰਕ ਲੱਛਣ ਹਨ।

---

17 ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 196

18 ਉਹੀ, ਪੰਨਾ 197

ਮਨੁੱਖ ਦਾ ਚੰਗਾ ਪਹਿਰਾਵਾ ਵੀ ਉਸ ਦੀ ਸਰੀਰਕ ਸ਼ਖ਼ਸੀਅਤ ਨੂੰ ਚਮਕਾਉਣ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ। ਉਸ ਦੀਆਂ ਆਦਤਾਂ, ਖਾਣ-ਪੀਣ, ਉੱਠਣ-ਬੈਠਣ, ਸਰੀਰਕ ਅਦਾਵਾਂ ਆਦਿ ਵੀ ਸਰੀਰਕ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦੀਆਂ ਹਨ। "ਸਰੀਰਕ ਪੱਖ ਜਿਵੇਂ ਕੱਦ, ਭਾਰ, ਨੈਣ-ਨਕਸ਼, ਰੰਗ ਰੂਪ ਕਿਸੇ ਵਿਅਕਤੀ ਦੀ ਸਰੀਰਕ ਸ਼ਖ਼ਸੀਅਤ ਨੂੰ ਬਣਾਉਣ ਵਾਲ਼ੇ ਪੱਖ ਹੁੰਦੇ ਹਨ। ਇਸ ਵਿੱਚ ਉਸ ਦੀ ਸ਼ਕਲ-ਸੂਰਤ, ਸਾਫ਼-ਸੁਥਰਾ ਪਹਿਰਾਵਾ, ਚੰਗੇ ਤੇ ਢੁੱਕਵੇਂ ਕੱਪੜੇ ਪਾਉਣ ਦੀ ਅਟਕਲ ਸੰਮਿਲਤ ਹੁੰਦੀ ਹੈ। ਸਮਾਜਿਕ ਖ਼ੂਬੀਆਂ ਜਿਵੇਂ ਚਾਲ ਢਾਲ, ਬੈਠਣ ਉੂਠਣ ਦੇ ਢੰਗ ਤੇ ਸਿਸ਼ਟਾਚਾਰ ਵੀ ਸਰੀਰਕ ਸ਼ਖ਼ਸੀਅਤ ਦਾ ਹਿੱਸਾ ਹੁੰਦੇ ਹਨ।"[19]

ਵਿਅਕਤਿਤਵ ਦੇ ਮਾਨਸਿਕ ਲੱਛਣਾਂ ਦਾ ਸ਼ਖ਼ਸੀਅਤ ਵਿੱਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਮਾਨਸਿਕਤਾ ਨੂੰ ਮਨੁੱਖ ਦੇ ਜ਼ਿੰਦਗੀ ਜਿਉਣ ਦੇ ਤੌਰ-ਤਰੀਕਿਆਂ, ਸੋਚ, ਵਿਚਾਰ, ਵਿਵਹਾਰ ਅਤੇ ਕਰਮ ਆਦਿ ਵਿੱਚ ਬਾਖ਼ੂਬੀ ਵੇਖਿਆ ਜਾ ਸਕਦਾ ਹੈ। "ਵਿਅਕਤਿਤਵ ਦੇ ਮਾਨਸਿਕ ਲੱਛਣਾਂ ਵਿੱਚ ਸਿੱਖਣ ਦੀ ਪ੍ਰਕਿਰਿਆ, ਯਾਦਾਸ਼ਤ-ਸ਼ਕਤੀ, ਧਾਰਨਾ, ਕਲਪਨਾ, ਚਿੰਤਨ-ਯੋਗਤਾ, ਤਰਕ-ਸ਼ਕਤੀ, ਨਿਰਣਾ-ਸ਼ਕਤੀ, ਨਿਰੀਖਣ, ਧਿਆਨ ਆਦਿ ਸ਼ਾਮਿਲ ਹਨ। ਜੇਕਰ ਵਿਅਕਤੀ ਵਿੱਚ ਤੀਖਣ ਬੁੱਧੀ ਹੈ ਤਾਂ ਉਹ ਚੰਗੀ ਵਿਅਕਤਿਤਵ ਦਾ ਮਾਲਕ ਹੈ। ਇਸ ਦੇ ਉਲਟ ਘੱਟ ਬੁੱਧੀ ਵਾਲ਼ੇ ਵਿਅਕਤੀ ਵਿੱਚ ਘੱਟ ਸੂਝ ਹੋਣ ਕਾਰਨ ਗਿਆਨ ਵੀ ਬਹੁਤ ਘੱਟ ਹੁੰਦਾ ਹੈ।"[20] ਜੋ ਮਨੁੱਖ ਆਪਣੇ ਗਿਆਨ ਨੂੰ ਆਧਾਰ ਬਣਾ ਕੇ ਮੌਕੇ ਤੇ ਹੀ ਸਹੀ ਨਿਰਣਾ ਲੈਣ ਦੀ ਯੋਗਤਾ ਰੱਖਦਾ ਹੈ ਤਾਂ ਉਸ ਨੂੰ ਚੰਗੀ ਸ਼ਖ਼ਸੀਅਤ ਦਾ ਮਾਲਕ ਕਿਹਾ ਜਾਂਦਾ ਹੈ। ਜਦੋਂ ਕੋਈ ਵਿਅਕਤੀ ਚੰਗੇ ਵਿਚਾਰ ਤਰਕ-ਸੰਗਤ ਤਰੀਕੇ ਨਾਲ਼ ਬੁੱਧੀ ਦੀ ਵਰਤੋਂ ਕਰਕੇ, ਮੌਕੇ ਦੀ ਨਜ਼ਾਕਤ ਨੂੰ ਸਮਝਦੇ ਹੋਏ ਪੇਸ਼ ਕਰਦਾ ਹੈ ਤਾਂ ਉਹ ਦੂਜਿਆਂ ਵਿੱਚ ਜਲਦੀ ਹੀ ਹਰਮਨ ਪਿਆਰਾ ਹੋ ਜਾਂਦਾ ਹੈ।

---

[19] ਕਰਨਲ ਗੁਰਸੇਵਕ ਸਿੰਘ (ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ, ਪ੍ਰੋ. ਦਰਸ਼ਨ ਕੌਰ ਬੇਦੀ , ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995, ਪੰਨਾ 67-68

[20] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 197

ਭਾਵਾਤਮਕ ਲੱਛਣ ਮਨੁੱਖੀ ਸ਼ਖ਼ਸੀਅਤ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਮਨੁੱਖ ਨੂੰ ਭਾਵੁਕ ਪ੍ਰਾਣੀ (Emotional animal) ਕਿਹਾ ਜਾਂਦਾ ਹੈ। ਜੋ ਆਪਣੀਆਂ ਭਾਵਨਾਵਾਂ ਦੇ ਆਧਾਰ 'ਤੇ ਆਪਣੇ ਮਨ ਦੀ ਅਵਸਥਾ ਨੂੰ ਪੇਸ਼ ਕਰਦਾ ਹੈ। ਬਾਹਰਲੀਆਂ ਸਥਿਤੀਆਂ ਮਨੁੱਖ ਤੇ ਜੋ ਚੰਗਾ-ਮਾੜਾ ਪ੍ਰਭਾਵ ਪਾਉਂਦੀਆਂ ਹਨ, ਉਨ੍ਹਾਂ ਦਾ ਜੋ ਅਸਰ ਮਨੁੱਖੀ ਸੋਚ ਤੇ ਹੁੰਦਾ ਹੈ, ਉਸ ਦਾ ਪ੍ਰਤਿਕਰਮ ਸੰਵੇਗਾਂ ਅਤੇ ਭਾਵਨਾਵਾਂ ਰਾਹੀਂ ਬਾਹਰ ਆਉਂਦਾ ਹੈ। ਮਨੁੱਖੀ ਭਾਵਨਾਵਾਂ ਉਸ ਦੀ ਸ਼ਖ਼ਸੀਅਤ ਨੂੰ ਚੰਗਾ ਜਾਂ ਮਾੜਾ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। "ਸੰਵੇਗਾਂ ਤੋਂ ਬਿਨਾਂ ਮਨੁੱਖ ਮਸ਼ੀਨ ਵਾਂਗ ਹੈ। ਮਨੁੱਖ ਵੀ ਮਸ਼ੀਨ ਦੀ ਤਰ੍ਹਾਂ ਸਾਰਾ ਦਿਨ ਕੰਮ ਕਰਦਾ ਰਹਿੰਦਾ ਹੈ। ਫ਼ਰਕ ਇਹ ਹੈ ਕਿ ਮਨੁੱਖ ਵਿੱਚ ਕਈ ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਮਨੁੱਖ ਹੱਸਦਾ ਹੈ, ਰੋਂਦਾ ਹੈ, ਮਸ਼ੀਨ ਨਾ ਤਾਂ ਹੱਸਦੀ ਹੈ ਅਤੇ ਨਾ ਹੀ ਰੋਂਦੀ ਹੈ।"[21] ਭਾਵਨਾਵਾਂ ਦੇ ਮਨੁੱਖੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਨ ਵਿੱਚ ਰੋਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਵਨਾਤਮਕ ਲੱਛਣਾਂ ਵਿੱਚ ਪਿਆਰ, ਨਿਮਰਤਾ, ਗੁੱਸਾ, ਫ਼ਿਕਰ, ਡਰ, ਚਿੰਤਾ, ਖੁਸ਼ੀ ਅਤੇ ਗ਼ਮੀ ਆਦਿ ਸ਼ਾਮਿਲ ਹਨ ਜਿਵੇਂ ਕੋਈ ਵਿਅਕਤੀ ਬਹੁਤ ਨਿਮਰਤਾ ਦਾ ਧਾਰਨੀ ਹੋ ਕੇ ਸਮਾਜ ਵਿੱਚ ਵਿਚਰਦਾ ਹੈ, ਜੋ ਦੂਜਿਆਂ ਦੇ ਦੁੱਖ ਸੁੱਖ ਵਿੱਚ ਉਹਨਾਂ ਦਾ ਸਾਥ ਦਿੰਦਾ ਹੈ। ਹਮੇਸ਼ਾ ਦੂਜਿਆਂ ਦੇ ਭਲੇ ਹਿੱਤ ਕਰਮ ਕਰਦਾ ਹੈ। ਅਜਿਹੇ ਵਿਅਕਤੀ ਦੀ ਸ਼ਖ਼ਸੀਅਤ ਦੂਜਿਆਂ ਨੂੰ ਆਪਣੇ ਵੱਲ ਖਿੱਚਦੀ ਹੈ। "ਮਨ ਵਿੱਚੋਂ ਉਪਜਣ ਵਾਲ਼ੇ ਅਸਪੱਸ਼ਟ ਭਾਵ ਜਿਵੇਂ ਸਾਡੇ ਝੁਕਾਅ (Attitude), ਸਵੈ-ਵਿਸ਼ਵਾਸ, Initiative, ਹੌਸਲਾ, ਇਖ਼ਲਾਕ, ਵਫ਼ਾਦਾਰੀ, ਧੀਰਜ, ਇਰਾਦੇ ਦੀ ਪਕਿਆਈ, ਕੋਈ ਕੰਮ ਰਲ ਕੇ ਕਰਨ ਦੀ ਭਾਵਨਾ (ਟੀਮ ਸਪਿਰਿਟ), ਆਗਿਆਕਾਰਤਾ ਆਦਿ ਸ਼ਖ਼ਸੀਅਤ ਦੇ ਭਾਵਨਾਤਮਕ ਪਹਿਲੂ ਹਨ।"[22] ਮਨੁੱਖ ਸਮਾਜਿਕ ਪ੍ਰਾਣੀ ਹੈ ਜਿਸ ਕਾਰਨ ਸਮਾਜ ਵਿੱਚ ਅਡਜਸਟਮੈਂਟ ਕਰਨ ਲਈ ਸਮਾਜਿਕ ਲੱਛਣ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਸਮਾਜਿਕ ਲੱਛਣ ਵਿਅਕਤੀ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਵੀ ਸਹਾਈ ਹੁੰਦੇ ਹਨ। "ਅਸਲ ਵਿੱਚ ਮਨੁੱਖੀ ਵਿਅਕਤਿਤਵ ਸਮਾਜਿਕ ਵਾਤਾਵਰਨ ਦੀ

---

[21] ਡਾ. ਆਗਿਆਜੀਤ ਸਿੰਘ, ਵਿਵਹਾਰਿਕ ਕੁਸ਼ਲਤਾਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2017, ਪੰਨਾ 7

[22] ਕਰਨਲ ਗੁਰਸੇਵਕ ਸਿੰਘ, (ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ ਅਤੇ ਪ੍ਰੋ. ਦਰਸ਼ਨ ਕੌਰ ਬੇਦੀ, ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995, ਪੰਨਾ 168

ਹੀ ਉਪਜ ਹੈ।"[23] ਅਲੱਗ-ਅਲੱਗ ਤਰ੍ਹਾਂ ਦੇ ਸਮਾਜਿਕ ਮਾਹੌਲ ਅਤੇ ਭੂਗੋਲਿਕ ਸਥਿਤੀਆਂ ਵਿੱਚ ਜੰਮੇ, ਪਲ਼ੇ ਅਤੇ ਰਹਿਣ ਵਾਲ਼ੇ ਲੋਕਾਂ ਦੀ ਸ਼ਖ਼ਸੀਅਤ ਵੱਖੋ-ਵੱਖਰੀ ਹੁੰਦੀ ਹੈ। ਸਮਾਜਿਕ ਲੱਛਣਾਂ ਵਿੱਚ ਮਨੁੱਖ ਦੂਜਿਆਂ ਨਾਲ਼ ਮਿਲ ਕੇ ਰਹਿਣਾ ਸਿੱਖਦਾ ਹੈ। ਸਮਾਜ ਮਨੁੱਖਾਂ ਦਾ ਸਮੂਹ ਹੈ, ਜਿਸ ਵਿੱਚ ਰਹਿ ਕੇ ਮਨੁੱਖ ਦੀ ਸਮਾਜਿਕ ਕਦਰਾਂ-ਕੀਮਤਾਂ, ਸਮਾਜਿਕ ਸਰੋਕਾਰਾਂ, ਸਮਾਜਿਕ ਰਿਸ਼ਤਿਆਂ ਪ੍ਰਤੀ ਸਮਝ ਵਧਦੀ ਹੈ। ਉਸ ਦੇ ਵਿਵਹਾਰ ਵਿੱਚ ਪ੍ਰਪੱਕਤਾ ਆਉਂਦੀ ਹੈ। ਉਸ ਦਾ ਦੂਜਿਆਂ ਪ੍ਰਤੀ ਇੱਕ ਨਜ਼ਰੀਆ ਬਣਦਾ ਹੈ ਅਤੇ ਸਮਝ ਵਿਕਸਤ ਹੁੰਦੀ ਹੈ, ਕਿਉਂਕਿ ਸਮਾਜ ਵਿੱਚ ਅਲੱਗ-ਅਲੱਗ ਤਰ੍ਹਾਂ ਦੀ ਸੋਚ, ਵਿਚਾਰ ਅਤੇ ਸੁਭਾਅ ਦੇ ਵਿਅਕਤੀ ਰਹਿੰਦੇ ਹਨ, ਜਿਨ੍ਹਾਂ ਨਾਲ ਵਿਚਰ ਕੇ ਉਸ ਦੀ ਸੋਚ ਦਾ ਘੇਰਾ ਵਿਸ਼ਾਲ ਹੁੰਦਾ ਹੈ। ਸਮਾਜਿਕ ਵਿਵਹਾਰ ਵਿੱਚ ਪ੍ਰਪੱਕਤਾ ਆ ਜਾਣ ਨਾਲ਼ ਉਹ ਜ਼ਿਆਦਾ ਲੋਕ-ਪ੍ਰਿਆ ਅਤੇ ਮਿਲਣਸਾਰ ਬਣ ਜਾਂਦੇ ਹਨ। "ਵਿਅਕਤਿਤਵ ਦੇ ਸਮਾਜਿਕ ਲੱਛਣਾਂ ਵਿੱਚ ਵਿਅਕਤੀ ਦਾ ਸਮਾਜਿਕ ਸੁਭਾਅ, ਸਮਾਜਿਕ ਵਿਚਾਰ, ਪ੍ਰਭਾਵਪੂਰਣਤਾ ਅਤੇ ਸਮਾਜਿਕ ਸਮਾਯੋਜਨ ਸ਼ਾਮਿਲ ਹੁੰਦੇ ਹਨ।"[24]

ਮਨੁੱਖੀ ਸ਼ਖ਼ਸੀਅਤ ਦੇ ਇਹ ਲੱਛਣ ਹਰੇਕ ਮਨੁੱਖ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਅਤੇ ਇੱਕ ਦੂਜੇ ਤੋਂ ਭਿੰਨਤਾ ਵਾਲ਼ੇ ਵੇਖੇ ਜਾ ਸਕਦੇ ਹਨ। ਜੋ ਵਿਅਕਤੀ ਸਰੀਰਕ ਤੌਰ ਤੇ ਰਿਸ਼ਟ-ਪੁਸ਼ਟ, ਮਾਨਸਿਕ ਤੌਰ ਤੇ ਤੰਦਰੁਸਤ ਅਤੇ ਦੂਜਿਆਂ ਨਾਲ਼ ਵਿਵਹਾਰ ਵਿੱਚ ਚੰਗਾ ਅਤੇ ਸਮਾਜ ਦਾ ਵਿਕਾਸ ਕਰਨ ਵਾਲ਼ਾ ਹੋਵੇ, ਉਸ ਨੂੰ ਚੰਗੀ ਸ਼ਖ਼ਸੀਅਤ ਦਾ ਮਾਲਕ ਕਿਹਾ ਜਾ ਸਕਦਾ ਹੈ। " ਇੱਕ ਚੰਗੇ ਵਿਅਕਤਿਤਵ ਦਾ ਵਿਅਕਤੀ ਸਰੀਰਕ ਤੌਰ ਤੇ ਨਰੋਇਆ ਹੁੰਦਾ ਹੈ। ਮਾਨਸਿਕ ਤੌਰ ਤੇ ਤੀਖਣ, ਭਾਵਾਤਮਕ ਤੌਰ ਤੇ ਪ੍ਰਪੱਕ ਅਤੇ ਸਮਾਜਿਕ ਤੌਰ ਤੇ ਸਮਾਯੋਜਿਤ ਹੁੰਦਾ ਹੈ।"[25] ਵਿਅਕਤਿਤਵ ਨੂੰ ਵਿਅਕਤੀ ਦੇ ਲੱਛਣਾਂ ਦੇ ਆਧਾਰ ਤੇ ਵੰਡਣ ਨੂੰ 'ਟਰੇਟ' ਸਿਧਾਂਤ ਕਿਹਾ ਜਾਂਦਾ ਹੈ। ਇਸ ਵਿੱਚ ਤਿੰਨ ਸਿਧਾਂਤ ਪੇਸ਼ ਕੀਤੇ ਗਏ ਹਨ। ਅਮਰੀਕਾ ਦੇ ਪ੍ਰਸਿੱਧ ਮਨੋਵਿਗਿਆਨੀ ਜੀ. ਡਬਲਿਊ. ਆਲਪੋਰਟ ਨੇ ਆਪਣਾ ਸਿਧਾਂਤ ਪੇਸ਼ ਕੀਤਾ ਹੈ। ਉਸ ਅਨੁਸਾਰ ਮਨੁੱਖ ਦੇ ਲੱਛਣ ਹੀ ਉਸ

---

[23] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 60

[24] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 198

[25] ਉਹੀ, ਪੰਨਾ 198

ਦੇ ਵਿਅਕਤਿਤਵ ਦੀ ਪ੍ਰਤੀਨਿਧਤਾ ਕਰਦੇ ਹਨ। ਉਹ ਲੱਛਣਾਂ ਨੂੰ ਮਨੋਤੰਤਵੀ (Neuropsychic) ਕਹਿੰਦਾ ਹੈ। ਉਸ ਨੇ ਲੱਛਣਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ। ਸਾਂਝੇ ਅਤੇ ਵਿਅਕਤੀਗਤ ਲੱਛਣ (Common and individual traits): ਇਹ ਉਹ ਲੱਛਣ ਹੁੰਦੇ ਹਨ ਜੋ ਅਲੱਗ-ਅਲੱਗ ਵਿਅਕਤੀਆਂ ਵਿੱਚ ਸਾਂਝੇ ਤੌਰ ਤੇ ਪਾਏ ਜਾਂਦੇ ਹਨ, ਜਦਕਿ ਵਿਅਕਤੀਗਤ ਲੱਛਣ ਹਰੇਕ ਮਨੁੱਖ ਦਾ ਆਪਣਾ ਹੋ ਸਕਦਾ ਹੈ। ਜੋ ਕਿਸੇ ਹੋਰ ਨਾਲ਼ ਮੇਲ ਨਹੀਂ ਖਾਂਦਾ। ਲੱਛਣ ਮਨੁੱਖੀ ਸੁਭਾਅ ਨੂੰ ਸਮਝਣ ਦਾ ਬਹੁਤ ਵੱਡਾ ਜ਼ਰੀਆ ਹਨ, ਜਿਨ੍ਹਾਂ ਦੇ ਆਧਾਰ ਤੇ ਕਿਸੇ ਮਨੁੱਖ ਦੀ ਸ਼ਖ਼ਸੀਅਤ ਦੇ ਅਹਿਮ ਪੱਖਾਂ ਨੂੰ ਜਾਣਿਆ ਜਾ ਸਕਦਾ ਹੈ। ਮਨੁੱਖੀ ਸ਼ਖ਼ਸੀਅਤ ਬਦਲਣਸ਼ੀਲ ਅਤੇ ਵਿਕਾਸਸ਼ੀਲ ਹੈ। ਇਸ ਬਦਲਾਅ ਅਤੇ ਵਿਕਾਸ ਨੂੰ ਸਮਝਣ ਵਿੱਚ ਮਨੁੱਖੀ ਸ਼ਖ਼ਸੀਅਤ ਵਿੱਚ ਮੌਜੂਦ ਲੱਛਣ ਸਹਾਈ ਹੁੰਦੇ ਹਨ। ਇਹ ਲੱਛਣ ਬਹੁਤ ਖਾਸ ਹੁੰਦੇ ਹਨ, ਜੋ ਕਿ ਦੂਜਿਆਂ ਨਾਲ਼ੋਂ ਭਿੰਨ ਹੁੰਦੇ ਹਨ। "Neuropsychic structure having the capacity to render many stimuli functionally equivalent, and to initiate and guide equivalent (meaningfully consistent) forms of adaptive and expressive behavior."[26], "generalized neuropsychic structure (peculiar to the individual) with the capacity to render many stimuli functionally equivalent , and to initiate and guide consistent (equivalent) forms of adaptive and stylistic behavior."[27]

ਪ੍ਰਮੁੱਖ, ਕੇਂਦਰੀ ਅਤੇ ਸੈਕੰਡਰੀ ਲੱਛਣ (Cardinal, central and secondary traits) ਉਹ ਲੱਛਣ ਹਨ ਜਿਨ੍ਹਾਂ ਦੇ ਆਧਾਰ ਤੇ ਕਿਸੇ ਵਿਅਕਤੀ ਦੀ ਪਹਿਚਾਣ ਹੁੰਦੀ ਹੈ। ਇਹ ਲੱਛਣ ਕਿਸੇ ਵਿਅਕਤੀ ਵਿਸ਼ੇਸ਼ ਦੀ ਸ਼ਖ਼ਸੀਅਤ ਤੇ ਭਾਰੂ ਹੁੰਦੇ ਹਨ। ਜਿਸ ਨੂੰ ਆਧਾਰ ਬਣਾ ਕੇ ਉਸ ਦੀ ਸ਼ਖ਼ਸੀਅਤ ਨੂੰ ਦੂਜਿਆਂ ਤੋਂ ਅਲੱਗ ਕਰਕੇ ਵੇਖਿਆ ਜਾ ਸਕਦਾ ਹੈ। ਇੱਕ ਵਿਅਕਤੀ ਦੀ ਸ਼ਖ਼ਸੀਅਤ ਵਿੱਚ ਜਿਹੜੇ ਲੱਛਣ ਪਾਏ ਜਾਂਦੇ ਹਨ, ਉਹ ਦੂਜਿਆਂ ਵਿੱਚ ਮੌਜੂਦ ਨਹੀਂ ਹੁੰਦੇ। ਕੇਂਦਰੀ ਲੱਛਣ ਉਹ ਹਨ ਜਿਨ੍ਹਾਂ ਦੁਆਲ਼ੇ ਮਨੁੱਖ ਦੀ

---

[26] G. W. Allport, Pattern and growth in personality. New York: Holt, Rinehart and Winston, 1961, p. 347

[27] Ibid, p. 373

ਸ਼ਖ਼ਸੀਅਤ ਘੁੰਮਦੀ ਹੈ। ਜਿਵੇਂ ਕਿ ਕਿਸੇ ਬਾਰੇ ਕਿਹਾ ਜਾਂਦਾ ਹੈ ਕਿ ਇਮਾਨਦਾਰ, ਅਨੁਸ਼ਾਸਨ ਪਸੰਦ, ਸਮੇਂ ਦਾ ਪਾਬੰਦ, ਸੱਚ ਦਾ ਧਾਰਨੀ, ਨਿਮਰਤਾ ਦਾ ਧਾਰਨੀ ਆਦਿ। ਇਸ ਵਰਗ ਵਿੱਚ ਉੱਚੀਆਂ ਕੀਮਤਾਂ ਨੂੰ ਧਾਰਨ ਵਾਲ਼ੇ ਵਿਅਕਤੀ ਸ਼ਾਮਿਲ ਹੁੰਦੇ ਹਨ, ਕਿਉਂਕਿ ਇਸ ਤਰ੍ਹਾਂ ਦੇ ਲੱਛਣ ਆਮ ਲੋਕਾਂ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦੇ ਹਨ। ਅਜਿਹੇ ਲੱਛਣਾਂ ਦਾ ਪ੍ਰਗਟਾਵਾ ਸੰਬੰਧਤ ਵਿਅਕਤੀ ਦੁਆਰਾ ਕੀਤੀਆਂ ਜਾਂਦੀਆਂ ਗਤੀਵਿਧੀਆਂ ਰਾਹੀਂ ਹੁੰਦਾ ਹੈ, ਇਨ੍ਹਾਂ ਗਤੀਵਿਧੀਆਂ ਦੇ ਆਧਾਰ ਤੇ ਉਸ ਦੀ ਸ਼ਖ਼ਸੀਅਤ ਨੂੰ ਸਮਝਿਆ ਜਾ ਸਕਦਾ ਹੈ। ਸੈਕੰਡਰੀ ਲੱਛਣ ਉਹ ਹੁੰਦੇ ਹਨ ਜੋ ਦੂਜਿਆਂ ਦਾ ਬਹੁਤਾ ਧਿਆਨ ਨਹੀਂ ਖਿੱਚਦੇ, ਜਿਵੇਂ ਕਿ ਕਿਸੇ ਦੀ ਤੋਰ, ਖਾਣ ਦਾ ਢੰਗ ਆਦਿ। ਇਹਨਾਂ ਲੱਛਣਾਂ ਰਾਹੀਂ ਮਨੁੱਖੀ ਸ਼ਖ਼ਸੀਅਤ ਦਾ ਪੂਰੀ ਤਰ੍ਹਾਂ ਪ੍ਰਗਟਾਅ ਨਹੀਂ ਹੁੰਦਾ। ਜਿਸ ਕਾਰਨ ਇਹ ਮਨੁੱਖੀ ਸ਼ਖ਼ਸੀਅਤ ਨੂੰ ਸਮਝਣ ਲਈ ਬਹੁਤੀ ਮਹੱਤਤਾ ਦੇ ਧਾਰਨੀ ਨਹੀਂ ਹਨ। ਜਦੋਂ ਮਨੁੱਖ ਕਿਸੇ ਪ੍ਰਭਾਵ ਅਧੀਨ ਹੁੰਦਾ ਹੈ, ਕੇਵਲ ਉਸ ਸਮੇਂ ਦੀਆਂ ਖਾਸ ਹਾਲਤਾਂ ਦੌਰਾਨ ਹੀ ਇਹ ਵੇਖਣ ਨੂੰ ਮਿਲਦੇ ਹਨ।

"A cardinal disposition is so general that almost every act of a person who possesses one semes traceable to its influence. More typical are the central dispositions, which represent tendencies highly characteristic of the individual, are often called into play, and are very easy to infer. The secondary disposition more limited in its occurrence, less crucial to a description of the personality, and more focalized in the responses it leads to, as well as the stimuli to which it is appropriate."[28] ਹਰੇਕ ਮਨੁੱਖ ਵੱਖ-ਵੱਖ ਤਰ੍ਹਾਂ ਦੇ ਮਾਹੌਲ ਵਿੱਚ ਜਨਮ ਲੈਂਦਾ, ਪਲ਼ਦਾ ਅਤੇ ਜੀਵਨ ਬਤੀਤ ਕਰਦਾ ਹੈ। ਉਸ ਦੇ ਪਰਿਵਾਰ, ਆਲ਼ਾ-ਦੁਆਲ਼ਾ, ਉਸ ਦਾ ਸਮਾਜਿਕ ਮਾਹੌਲ ਸ਼ਖ਼ਸੀਅਤ ਦੇ ਲੱਛਣਾਂ ਨੂੰ ਬਣਾਉਣ ਵਿੱਚ ਸਹਾਈ ਹੁੰਦੇ ਹਨ। "ਇਹ ਲੱਛਣ ਹੀ ਹਨ ਜੋ ਕਿਸੇ ਦੇ ਵਿਅਕਤਿਤਵ ਦਾ ਆਧਾਰ ਬਣਦੇ ਹਨ। ਪ੍ਰਮੁੱਖ, ਕੇਂਦਰੀ ਅਤੇ ਸੈਕੰਡਰੀ ਲੱਛਣ ਮਨੁੱਖ ਦੀਆਂ ਉਹ ਖੂਬੀਆਂ ਹਨ, ਜੋ ਉਸ ਨੂੰ ਵਿਲੱਖਣਤਾ

[28] Calvin S. Hall and Gardner Lindzey, Theories of Personality, John Wiley & Sons, Inc. First Wiley Eastern Reprint, 1985, p, 446

ਪ੍ਰਦਾਨ ਕਰਦੀਆਂ ਹਨ।"[29] ਮਨੁੱਖੀ ਸ਼ਖ਼ਸੀਅਤ ਦੇ ਜ਼ਰੂਰੀ ਪੱਖਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਜੋ ਸ਼ਖ਼ਸੀਅਤ ਨੂੰ ਵਿਕਸਤ ਕਰਨ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਪਹਿਲਾ ਸਰੀਰਕ ਕਾਰਕ (Physical factors) ਹੈ, ਜਿਵੇਂ ਪਿੱਛੇ ਵੀ ਕਿਹਾ ਗਿਆ ਹੈ ਕਿ ਸ਼ਖ਼ਸੀਅਤ ਗਤੀਸ਼ੀਲ ਹੈ ਭਾਵ ਇਸ ਵਿੱਚ ਤਬਦੀਲੀ ਹੁੰਦੀ ਰਹਿੰਦੀ ਹੈ। ਇਸ ਦਾ ਸਮੇਂ-ਸਮੇਂ ਤੇ ਵਿਕਾਸ ਹੁੰਦਾ ਰਹਿੰਦਾ ਹੈ। ਮਨੁੱਖ ਦਾ ਵਿਰਸਾ ਅਤੇ ਵਾਤਾਵਰਣ ਇਸ ਦੇ ਵਿਕਾਸ ਵਿੱਚ ਬਹੁਤ ਭੂਮਿਕਾ ਨਿਭਾਉਂਦੇ ਹਨ। ਮਨੁੱਖ ਜਿਸ ਪਰਿਵਾਰ ਵਿੱਚ ਜੰਮਿਆਂ ਅਤੇ ਪਲ਼ਿਆ ਹੈ। ਉਸ ਦੇ ਮਾਂ ਬਾਪ ਅਤੇ ਪਰਿਵਾਰ ਵੱਲੋਂ ਮਿਲੇ ਸੰਸਕਾਰ ਉਸ ਦੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦੇ ਹਨ। ਮਨੁੱਖ ਨੇ ਪਰਿਵਾਰ ਤੋਂ ਇਲਾਵਾ ਸਮਾਜ ਤੋਂ ਵੀ ਬਹੁਤ ਕੁੱਝ ਗ੍ਰਹਿਣ ਕੀਤਾ ਹੁੰਦਾ ਹੈ। ਉਹ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਨਵੇਂ ਤੋਂ ਨਵੇਂ ਲੋਕਾਂ ਨੂੰ ਮਿਲਦਾ ਹੈ, ਉਨ੍ਹਾਂ ਨਾਲ਼ ਵਿਚਾਰ ਕਰਦਾ ਹੈ ਉਸ ਨੂੰ ਬਹੁਤ ਸਾਰੇ ਲੋਕਾਂ ਨਾਲ਼ ਕੰਮ ਕਰਨ ਦਾ ਮੌਕਾ ਮਿਲਦਾ ਹੈ ਜਿਸ ਨਾਲ਼ ਉਹ ਕਈ ਤਰ੍ਹਾਂ ਦੇ ਅਨੁਭਵ ਗ੍ਰਹਿਣ ਕਰਦਾ ਹੈ। ਇਹ ਸਾਰੇ ਤੱਤ ਉਸ ਦੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਕਈ ਤਰ੍ਹਾਂ ਦੇ ਕਾਰਕ ਆਪਣਾ-ਆਪਣਾ ਯੋਗਦਾਨ ਪਾਉਂਦੇ ਹਨ।

ਸਰੀਰਕ ਸ਼ਖ਼ਸੀਅਤ ਦਾ ਚੰਗਾ ਜਾਂ ਮਾੜਾ ਹੋਣਾ ਸਰੀਰਕ ਬਣਤਰ, ਡੀਲ-ਡੌਲ, ਨੈਣ-ਨਕਸ਼ਾਂ ਤੇ ਨਿਰਭਰ ਕਰਦਾ ਹੈ। ਇਹ ਪੱਖ ਮਨੁੱਖ ਦੀ ਸ਼ਖ਼ਸੀਅਤ ਨੂੰ ਕਾਫੀ ਪ੍ਰਭਾਵਿਤ ਕਰਦਾ ਹੈ। "ਵਿਅਕਤੀ ਦੀ ਸਰੀਰਕ ਹਾਲਤ ਦਾ ਉਸ ਦੇ ਵਿਅਕਤਿਤਵ ਉਤੇ ਪ੍ਰਭਾਵ ਵੇਖਿਆ ਜਾ ਸਕਦਾ ਹੈ।"[30] ਕਿਉਂਕਿ ਜੇਕਰ ਕੋਈ ਵਿਅਕਤੀ ਕਿਸੇ ਸਰੀਰਕ ਕਮੀ ਜਾਂ ਕਿਸੇ ਮਾਨਸਿਕ ਕਮਜ਼ੋਰੀ ਦਾ ਸ਼ਿਕਾਰ ਹੈ ਤਾਂ ਇਹ ਪੱਖ ਉਸ ਦੀ ਸ਼ਖ਼ਸੀਅਤ ਨੂੰ ਘਟੀਆ ਬਣਾ ਸਕਦਾ ਹੈ। ਜਿਸ ਨਾਲ਼ ਉਸ ਵਿੱਚ ਹੀਣ ਭਾਵਨਾਵਾਂ ਪੈਦਾ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਜਿਸ ਨਾਲ਼ ਉਸ ਨੂੰ ਲਗਦਾ ਹੈ ਕਿ ਉਸ ਦੀ ਸ਼ਖ਼ਸੀਅਤ ਨੂੰ ਕੋਈ ਪਸੰਦ ਨਹੀਂ ਕਰਦਾ। ਮਨੁੱਖ ਦੀਆਂ ਸਰੀਰਕ ਕਮੀਆਂ ਜਿਵੇਂ ਕਿ ਸਰੀਰਕ ਤੌਰ ਤੇ ਕਿਸੇ ਵੀ ਤਰ੍ਹਾਂ ਦੀ ਅਪਾਹਜਤਾ, ਲੱਤ

---

[29] G. W. Allport, Pattern and growth in Personality. New York: Holt, Rinehart and Winstone, 1961, p. 340/365

[30] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 58

ਜਾਂ ਬਾਂਹ ਦਾ ਛੋਟਾ ਹੋਣਾ, ਪੋਲੀਓ ਦੇ ਪ੍ਰਭਾਵ ਕਾਰਨ ਲੱਤਾਂ ਜਾਂ ਬਾਹਵਾਂ ਦੀ ਕਮਜ਼ੋਰੀ/ਨਿਰਬਲਤਾ , ਲੰਗੜਾਪਣ, ਅੰਨ੍ਹਾਂਪਣ, ਗੁੰਗਾਪਣ ਆਦਿ ਸ਼ਖ਼ਸੀਅਤ ਦੇ ਵਿਕਾਸ ਵਿੱਚ ਰੁਕਾਵਟ ਪਾਉਂਦੇ ਹਨ। ਸਰੀਰਕ ਅਪਾਹਜਤਾ ਮਨੁੱਖ ਦੇ ਆਤਮ ਵਿਸ਼ਵਾਸ ਨੂੰ ਕਮਜ਼ੋਰ ਕਰਦੀ ਹੈ ਕਿਉਂਕਿ ਅਜਿਹੀ ਸਥਿਤੀ ਵਿੱਚ ਸਬੰਧਿਤ ਵਿਅਕਤੀ ਘਰ ਤੋਂ ਬਾਹਰ ਜਾਣ ਅਤੇ ਦੂਜਿਆਂ ਨੂੰ ਮਿਲਣਾ ਵੀ ਪਸੰਦ ਨਹੀਂ ਕਰਦੇ। ਉਹ ਆਪਣੇ ਆਪ ਨੂੰ ਦੂਜਿਆਂ ਤੇ ਨਿਰਭਰ ਰਹਿਣ ਕਾਰਨ ਅਸੁਰੱਖਿਅਤ ਮਹਿਸੂਸ ਕਰਦੇ ਹਨ। ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਕਿਸੇ ਵੀ ਕੰਮ ਨੂੰ ਸਫਲਤਾ ਪੂਰਵਕ ਨਹੀਂ ਕਰ ਪਾਉਂਦੇ, ਜਿਸ ਨਾਲ਼ ਉਹ ਆਪਣੀ ਜ਼ਿੰਦਗੀ ਦੇ ਮਕਸਦ ਨੂੰ ਪ੍ਰਾਪਤ ਕਰਨ ਵਿੱਚ ਵੀ ਅਸਫ਼ਲ ਹੋ ਜਾਂਦੇ ਹਨ। "ਜਿਹੜਾ ਮਨੁੱਖ ਕਮਜ਼ੋਰ ਸਰੀਰ ਵਾਲ਼ਾ ਜਾਂ ਅੰਗਹੀਣ ਹੋਵੇ, ਉਹ ਅਕਸਰ ਢਹਿੰਦੀਆਂ ਕਲਾਂ ਵਿੱਚ ਰਹਿਣ ਲੱਗ ਪੈਂਦਾ ਹੈ ਅਤੇ ਕਈ ਪ੍ਰਕਾਰ ਦੀਆਂ ਹੀਣ ਭਾਵਨਾ ਤੋਂ ਪ੍ਰਭਾਵਿਤ ਹੋ ਸਕਦਾ ਹੈ।"[31] ਇਹ ਇੱਕ ਕੌੜਾ ਸੱਚ ਹੈ ਕਿ ਸਮਾਜ ਵਿੱਚ ਰਹਿੰਦੇ ਸਾਰੇ ਲੋਕ ਬਿਮਾਰ ਜਾਂ ਅਪੰਗ ਵਿਅਕਤੀ ਦੀ ਬਜਾਇ ਤੰਦਰੁਸਤ ਅਤੇ ਅਰੋਗ ਵਿਅਕਤੀ ਨੂੰ ਹੀ ਤਰਜ਼ੀਹ ਅਤੇ ਅਹਿਮੀਅਤ ਦਿੰਦੇ ਹਨ। ਇੱਥੇ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਜਿਹੜਾ ਵਿਅਕਤੀ ਲਗਾਤਾਰ ਕਿਸੇ ਬਿਮਾਰੀ ਵਿੱਚ ਗ੍ਰਸਤ ਰਹਿੰਦਾ ਹੈ ਉਸ ਦਾ ਸੁਭਾਅ ਵੀ ਚਿੜਚਿੜਾ ਹੋ ਜਾਂਦਾ ਹੈ। ਉਹ ਅਸਮਾਜਿਕ ਅਤੇ ਨਿਰਾਸ਼ਾਵਾਦੀ ਬਣ ਜਾਂਦਾ ਹੈ। ਇਸ ਦੇ ਉਲਟ ਸੁਡੌਲ ਸਰੀਰ ਦੇ ਮਾਲਕ ਅਤੇ ਇਕ ਸਿਹਤਮੰਦ ਵਿਅਕਤੀ ਆਤਮ-ਵਿਸ਼ਵਾਸ ਨਾਲ਼ ਕੰਮ ਕਰਕੇ ਆਪਣੇ ਮਕਸਦ ਨੂੰ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦੇ ਹਨ। ਸਰੀਰਕ ਸ਼ਖ਼ਸੀਅਤ ਦਾ ਬਾਹਰੀ ਪ੍ਰਭਾਵ ਸਿੱਧੇ ਰੂਪ ਵਿੱਚ ਦੂਜਿਆਂ ਤੇ ਪੈਂਦਾ ਹੈ। ਇਸ ਲਈ ਆਪਣੇ ਸਰੀਰ ਦੀ ਸੰਭਾਲ਼ ਕਰਨਾ ਮਨੁੱਖ ਦਾ ਫਰਜ਼ ਬਣਦਾ ਹੈ। ਜਿਸ ਵਿੱਚ ਸਰੀਰ ਨੂੰ ਰਿਸ਼ਟ-ਪੁਸ਼ਟ ਅਤੇ ਤੰਦਰੁਸਤ ਰੱਖਣ ਲਈ ਮਨੁੱਖ ਨੂੰ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। "ਆਪਣੇ ਸਰੀਰ ਦਾ ਧਿਆਨ ਰੱਖਣਾ ਤੁਹਾਡੇ ਮੁਢਲੇ ਫਰਜ਼ਾਂ ਵਿੱਚੋਂ ਇੱਕ ਹੈ। ਇਸ ਨੂੰ ਤੰਦਰੁਸਤ ਰੱਖੋ, ਸ਼ਕਤੀ ਅਤੇ ਸਹਿਣਸ਼ੀਲ਼ਤਾ ਵਿਕਸਤ ਕਰੋ।"[32] ਇਸ ਤੋਂ ਅਗਲਾ ਵਾਤਾਵਰਣਿਕ ਕਾਰਕ ਹੈ ਜੋ ਸ਼ਖ਼ਸੀਅਤ ਦੇ ਵਿਕਾਸ ਵਿੱਚ ਆਪਣਾ ਹਿੱਸਾ

---

[31] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 58

[32] ਲਾਲਾ ਹਰਦਿਆਲ ਸਿੰਘ, ਐਮ.ਏ, ਅਨੁਵਾਦਕ: ਪ੍ਰੋ. ਅੱਛਰੂ ਸਿੰਘ, ਸਵੈ ਵਿਕਾਸ ਦਾ ਮਾਰਗ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ 80

ਪਾਉਂਦਾ ਹੈ। "ਅਸਲ ਵਿੱਚ ਵਿਅਕਤਿਤਵ ਦਾ ਸਾਰਾ ਵਿਹਾਰ ਹੀ ਵਾਤਾਵਰਣ ਅਤੇ ਉਸ ਦੇ ਅੰਦਰੂਨੀ ਜੀਵਨ ਦੇ ਸਮਾਯੋਜਨ ਨਾਲ਼ ਸੰਬੰਧਿਤ ਹੁੰਦਾ ਹੈ।"[33] ਇਸ ਵਿੱਚ ਭੌਤਿਕ ਅਤੇ ਸਮਾਜਿਕ ਵਾਤਾਵਰਣ ਨੂੰ ਲਿਆ ਜਾ ਸਕਦਾ ਹੈ। ਭੌਤਿਕ ਵਾਤਾਵਰਣ ਤੋਂ ਭਾਵ ਹੈ ਜਿੱਥੇ ਵਿਅਕਤੀ ਰਹਿੰਦਾ ਹੈ, ਉਥੋਂ ਦੀ ਭੂਗੋਲਿਕ ਸਥਿਤੀ, ਉਸ ਥਾਂ ਦਾ ਪੌਣ-ਪਾਣੀ ਜਾਂ ਉਸ ਥਾਂ ਤੇ ਜ਼ਿੰਦਗੀ ਜਿਉਣ ਲਈ ਮਿਲਣ ਵਾਲ਼ੀਆਂ ਸਹੂਲਤਾਂ ਹਨ ਜੋ ਵਿਅਕਤਿਤਵ ਤੇ ਪ੍ਰਭਾਵ ਪਾਉਂਦੀਆਂ ਹਨ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ, ਸਮਾਜ ਵਿੱਚ ਰਹਿੰਦਾ ਹੈ ਜਿੱਥੇ ਹੋਰ ਵੀ ਬਹੁਤ ਤਰ੍ਹਾਂ ਦੇ ਵਿਅਕਤੀ ਰਹਿ ਰਹੇ ਹੁੰਦੇ ਹਨ। ਸਮਾਜਿਕ ਵਾਤਾਵਰਣ ਤੋਂ ਭਾਵ ਹੈ ਉਸ ਦੀ ਸਮਾਜ ਵਿੱਚ ਰਹਿੰਦੇ ਲੋਕਾਂ ਨਾਲ਼ ਵਾਰਤਾਲਾਪ ਹੁੰਦੀ ਹੈ ਜਿਸ ਨਾਲ਼ ਉਸ ਦਾ ਵਿਵਹਾਰ ਪ੍ਰਪੱਕ ਹੁੰਦਾ ਹੈ। ਉਸ ਨੂੰ ਸਮਾਜ ਵਿੱਚ ਵਿਚਰਨ ਦੀ ਜਾਂਚ ਆਉਂਦੀ ਹੈ। ਹਰ ਰੋਜ਼ ਮਨੁੱਖ ਸਮਾਜ ਵਿੱਚੋਂ ਕੁੱਝ ਨਾ ਕੁੱਝ ਸਿੱਖਦਾ ਹੈ, ਜਿਸ ਨਾਲ਼ ਉਸ ਦੀ ਸ਼ਖ਼ਸੀਅਤ ਵਿੱਚ ਬਦਲਾਅ ਆਉਂਦਾ ਰਹਿੰਦਾ ਹੈ। ਇਸ ਸਮਾਜਿਕ ਮਾਹੌਲ ਵਿੱਚ ਉਸ ਦਾ ਘਰ, ਪਰਿਵਾਰ, ਗੁਆਂਢ, ਦੋਸਤ-ਮਿੱਤਰ, ਰਿਸ਼ਤੇਦਾਰ, ਸਮਾਜਿਕ ਸਭਾਵਾਂ, ਸਕੂਲ ਅਤੇ ਹੋਰ ਸੰਸਥਾਵਾਂ ਆ ਜਾਂਦੀਆਂ ਹਨ ਜਿਨ੍ਹਾਂ ਨਾਲ਼ ਸੰਪਰਕ ਵਿੱਚ ਆਉਣ ਤੇ ਮਨੁੱਖ ਦੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ। ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਸਭ ਤੋਂ ਵੱਡੀ ਭੂਮਿਕਾ ਘਰ ਦੀ ਹੁੰਦੀ ਹੈ। ਕਿਉਂਕਿ ਜਨਮ ਤੋਂ ਬਾਅਦ ਬੱਚਾ ਆਪਣੇ ਘਰ ਵਿੱਚ ਆਪਣੇ ਮਾਤਾ-ਪਿਤਾ, ਦਾਦਾ-ਦਾਦੀ, ਭੈਣ-ਭਰਾ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ਼ ਆਪਣਾ ਬਚਪਨ ਬਿਤਾਉਂਦਾ ਹੈ। ਜਿੱਥੇ ਉਸ ਨੂੰ ਸੁਰੱਖਿਆ ਮਿਲਦੀ ਹੈ। ਦੂਜਿਆਂ ਨਾਲ਼ ਮਿਲਵਰਤਨ ਲਈ ਨਸੀਹਤਾਂ ਮਿਲਦੀਆਂ ਹਨ। ਉਸ ਨੂੰ ਪਿਆਰ, ਝਿੜਕਾਂ, ਸਜ਼ਾ, ਇਨਾਮ ਸਭ ਪਰਿਵਾਰ ਵਿੱਚੋਂ ਮਿਲਦਾ ਹੈ। ਜਿੱਥੇ ਉਸ ਨੂੰ ਚੰਗੇ ਜਾਂ ਮਾੜੇ ਸੰਸਕਾਰ ਮਿਲਦੇ ਹਨ। ਬਚਪਨ ਦੀ ਸ਼ੁਰੂਆਤ ਵਿੱਚ ਬਹੁਤ ਕੁਝ ਬੱਚਾ ਆਪਣੇ ਘਰ ਤੋਂ ਹੀ ਸਿੱਖਦਾ ਹੈ। ਕੋਮਲਤਾ, ਭਾਵੁਕਤਾ, ਸ਼ਰਮੀਲਾਪਣ, ਦਇਆ ਦੀ ਭਾਵਨਾ, ਨਿਡਰਤਾ, ਪਿਆਰ, ਦੂਜਿਆਂ ਲਈ ਸਤਿਕਾਰ, ਨਫ਼ਰਤ, ਚਿੜਚਿੜਾਪਣ ਆਦਿ ਬੱਚਾ ਆਪਣੇ ਪਰਿਵਾਰ ਤੋਂ ਲੈਂਦਾ ਹੈ। ਏਥੇ ਹੀ ਉਹ ਦੂਜਿਆਂ ਲਈ ਸਹਿਯੋਗ, ਘਰ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਗ੍ਰਹਿਣ ਕਰਦਾ ਹੈ। "ਮੁੱਢਲੀਆਂ ਆਦਤਾਂ ਬੱਚਾ ਆਪਣੇ ਮਾਪਿਆਂ ਕੋਲੋਂ ਸਿੱਖਦਾ ਹੈ ਅਤੇ ਇਹਨਾਂ ਵਿੱਚ

[33] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 57

ਨਿਖਾਰ ਸਕੂਲੀ ਪੜ੍ਹਾਈ ਰਾਹੀਂ ਆਉਂਦਾ ਹੈ।"[34] ਪਰਿਵਾਰ ਅਤੇ ਸਮਾਜ ਦੇ ਧਾਰਮਿਕ ਵਿਸ਼ਵਾਸ, ਸਮਾਜਿਕ ਸਥਿਤੀ ਅਤੇ ਆਰਥਿਕ ਹਾਲਾਤ ਦਾ ਬੱਚੇ ਦੀ ਸ਼ਖ਼ਸੀਅਤ ਤੇ ਬਹੁਤ ਪ੍ਰਭਾਵ ਪੈਂਦਾ ਹੈ। ਗਰੀਬ ਅਤੇ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਵਿੱਚ ਪੈਦਾ ਹੋਏ ਅਤੇ ਪਲ਼ੇ ਬੱਚਿਆਂ ਵਿੱਚ ਸਰੀਰਕ ਕਮਜ਼ੋਰੀ, ਹੀਣ ਭਾਵਨਾ, ਆਤਮ ਵਿਸ਼ਵਾਸ ਦੀ ਘਾਟ, ਸਮਾਜਿਕ ਸਮਾਯੋਜਨ ਦੀ ਘਾਟ ਆਦਿ ਲੱਛਣ ਆਮ ਵੇਖੇ ਜਾ ਸਕਦੇ ਹਨ। "ਸਮਾਜ ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਵਿਅਕਤੀ ਦੇ ਬੁਨਿਆਦੀ ਸਰੀਰਕ ਢਾਂਚੇ ਨੂੰ ਛੱਡ ਕੇ ਉਸ ਦੀ ਸ਼ਖ਼ਸੀਅਤ ਦੇ ਬਾਕੀ ਸਾਰੇ ਹੀ ਪੱਖ ਉਸ ਦੇ ਸਮਾਜਿਕ ਆਲ਼ੇ-ਦੁਆਲ਼ੇ ਦੁਆਰਾ ਨਿਰਧਾਰਿਤ ਕੀਤੇ ਜਾਂਦੇ ਹਨ। ਉਦਾਹਰਣ ਵਜੋਂ ਕੋਈ ਵਿਅਕਤੀ ਕਿਹੋ-ਜਿਹੇ ਪਰਿਵਾਰ ਜਾਂ ਖਾਨਦਾਨ ਵਿੱਚ ਪੈਦਾ ਹੋਇਆ ਹੈ, ਕਿਸ ਕਾਲ ਅਤੇ ਭੂਗੋਲਿਕ ਖਿੱਤੇ ਨਾਲ਼ ਸੰਬੰਧ ਰੱਖਦਾ ਹੈ, ਉਸ ਨੂੰ ਕਿਹੋ ਜਿਹੀਆਂ ਸਹੂਲਤਾਂ ਮਿਲਦੀਆਂ ਹਨ। ਉਸ ਦਾ ਪਾਲਣ-ਪੋਸ਼ਣ ਕਿਹੋ-ਜਿਹੇ ਦੇ ਵਾਤਾਵਰਣ ਵਿੱਚ ਹੁੰਦਾ ਹੈ। ਉਸ ਨਾਲ਼ ਕਿਹੋ-ਜਿਹਾ ਵਰਤਾਉ ਹੁੰਦਾ ਹੈ, ਉਸ ਦੇ ਸੰਗੀ-ਸਾਥੀ ਕਿਹੋ-ਜਿਹੇ ਹਨ, ਉਹ ਕਿਹੋ-ਜਿਹੀ ਸੋਚ ਦਾ ਧਾਰਨੀ ਹੈ ਆਦਿ ਤੱਤ ਉਸ ਦੀ ਸ਼ਖ਼ਸੀਅਤ ਨਿਰਧਾਰਿਤ ਕਰਨ ਵਿੱਚ ਆਪਣੀ-ਆਪਣੀ ਭੂਮਿਕਾ ਨਿਭਾਉਂਦੇ ਹਨ।"[35]

ਸਮਾਜ ਵਿੱਚ ਮਨੁੱਖੀ ਚਰਿੱਤਰ ਦਾ ਅਹਿਮ ਯੋਗਦਾਨ ਹੈ, ਜੋ ਇੱਕ ਮਨੁੱਖ ਨੂੰ ਦੂਜੇ ਤੋਂ ਵਖਰਿਆਉਂਦਾ ਹੈ। "ਚਰਿੱਤਰ ਨਿਰਮਾਣ ਸਮਾਜਿਕ ਵਾਤਾਵਰਨ ਵਿੱਚ ਹੁੰਦਾ ਹੈ। ਜੇਕਰ ਤੁਸੀਂ ਸਦਾਚਾਰ ਸਿੱਖਣਾ ਚਾਹੁੰਦੇ ਹੋ ਤਾਂ ਤੁਹਾਡਾ ਦੂਸਰੇ ਮਰਦਾਂ ਅਤੇ ਔਰਤਾਂ ਨਾਲ਼ ਨਿਰੰਤਰ ਸੰਪਰਕ ਹੋਣਾ ਚਾਹੀਦਾ ਹੈ। ਤੁਹਾਡਾ ਸੰਬੰਧ ਕਿਸੇ ਅਜਿਹੇ ਸਮਾਜ ਜਾਂ ਮੱਤ ਨਾਲ਼ ਹੋਵੇ ਜਿਸਦਾ ਨਿਸ਼ਾਨਾ ਤੁਹਾਡੇ ਆਦਰਸ਼ ਦੀ ਪ੍ਰਾਪਤੀ ਹੋਵੇ। ਸਮਾਜ ਤੁਹਾਡਾ ਮੰਦਰ ਹੋਵੇਗਾ।"[36] ਬੱਚੇ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਸਕੂਲ ਦਾ ਅਹਿਮ

---

34 ਰਣਜੀਤ ਸਿੰਘ, ਸਵੈ-ਵਿਕਾਸ (ਪ੍ਰਾਪਤੀਆਂ ਦਾ ਆਧਾਰ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2017, ਪੰਨਾ 1

35 ਪ੍ਰੋ. ਅੱਛਰੂ ਸਿੰਘ, ਪ੍ਰੋ. ਅਨੁਭਵ ਵਾਲੀਆ, ਜੀਵਨ-ਜਾਚ (ਨਿਬੰਧ ਸੰਗ੍ਰਹਿ), ਪਟਿਆਲਾ ਕਲਾ ਪਰਿਸ਼ਦ, ਪਟਿਆਲਾ, 2011, ਪੰਨਾ 72-73

36 ਲਾਲਾ ਹਰਦਿਆਲ ਸਿੰਘ, ਐਮ.ਏ, ਅਨੁਵਾਦਕ: ਪ੍ਰੋ. ਅੱਛਰੂ ਸਿੰਘ, ਸਵੈ ਵਿਕਾਸ ਦਾ ਮਾਰਗ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ 132

ਯੋਗਦਾਨ ਹੁੰਦਾ ਹੈ। ਅਧਿਆਪਕਾਂ ਦਾ ਵਿਅਕਤਿਤਵ ਅਤੇ ਵਿਵਹਾਰ ਵੀ ਵਿਦਿਆਰਥੀ ਦੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ। ਜਮਾਤ ਵਿੱਚ ਪੜ੍ਹ ਰਹੇ ਸਹਿਪਾਠੀ ਕਿਸ ਤਰ੍ਹਾਂ ਦੇ ਹਨ। ਉਸ ਸਕੂਲ ਵਿੱਚ ਪਾਠਕ੍ਰਮ ਕਿਵੇਂ ਦਾ ਪੜ੍ਹਾਇਆ ਜਾਂਦਾ ਹੈ। ਸਕੂਲ ਦਾ ਅਨੁਸ਼ਾਸਨ, ਖੇਡਾਂ ਅਤੇ  ਕਰਵਾਈਆਂ ਜਾ ਰਹੀਆਂ ਸਹਿ-ਵਿਦਿਅਕ ਗਤੀਵਿਧੀਆਂ ਦਾ ਬੱਚੇ ਦੀ ਜ਼ਿੰਦਗੀ ਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਅਧਿਆਪਕਾਂ ਦਾ ਆਚਰਣ, ਨੈਤਿਕ ਕਦਰਾਂ-ਕੀਮਤਾਂ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਸਿੱਧੇ ਰੂਪ ਵਿੱਚ ਬੱਚੇ ਦੇ ਵਿਅਕਤਿਤਵ ਨੂੰ ਪ੍ਰਭਾਵਿਤ ਕਰਦੀ ਹੈ ਕਿਉਂਕਿ ਬੱਚਾ ਅਧਿਆਪਕ ਨੂੰ ਇੱਕ ਆਦਰਸ਼ ਰੂਪ ਵਿੱਚ ਵੇਖਦਾ ਹੈ। ਸਕੂਲ ਵਿੱਚ ਵਿਦਿਆਰਥੀ ਸਿੱਖਿਆ, ਗਿਆਨ ਅਤੇ ਕਈ ਹੋਰ ਹੁਨਰ ਸਿੱਖਣ ਨਾਲ਼ ਸਮਾਜਿਕ ਸਮਾਯੋਜਨ ਦੇ ਤਰੀਕੇ ਵੀ ਸਿੱਖਦਾ ਹੈ। "'ਸਿੱਖਣਾ' ਨਾ ਕੇਵਲ ਪੜ੍ਹਾਈ ਅਤੇ ਉਚੇਰੇ ਯਤਨ ਨਾਲ਼ ਸਿੱਖੀ ਕ੍ਰਿਆ ਹੈ, ਸਗੋਂ ਸਾਡਾ ਸਾਰਾ ਗਿਆਨ, ਸਾਰੇ ਹੁਨਰ, ਸਾਰੀਆਂ ਆਦਤਾਂ, ਵਸਤਾਂ ਅਤੇ ਲੋਕਾਂ ਨਾਲ਼ ਸਾਡੀ ਸਾਰੀ ਜਾਣਕਾਰੀ ਸਿੱਖਣ ਦੇ ਹੀ ਰੂਪ ਹਨ। ਸਿੱਖਣਾ (Learning) ਉਹ ਸਰੀਰਕ ਅਤੇ ਮਾਨਸਿਕ ਕ੍ਰਿਆ ਹੈ ਜਿਸ ਅਨੁਸਾਰ ਵਿਅਕਤੀ ਕਿਸੇ ਨਵੇਂ ਤੱਤ ਜਾਂ ਜਾਚ ਨੂੰ ਗ੍ਰਹਿਣ ਕਰਦਾ ਹੈ।"[37] ਸਕੂਲ ਵਿੱਚ ਉਹ ਸਿੱਖਣ ਤੋਂ ਬਿਨ੍ਹਾਂ ਬੱਚਿਆਂ ਵਿੱਚ ਰਹਿ ਕੇ ਟੀਮ-ਵਰਕ, ਸਹਿਯੋਗ ਦੀ ਭਾਵਨਾ ਨੂੰ ਗ੍ਰਹਿਣ ਕਰਦਾ ਹੈ। ਉਹ ਅਲੱਗ-ਅਲੱਗ ਤਰ੍ਹਾਂ ਦੀਆਂ ਹਾਲਤਾਂ ਵਿੱਚ ਰਹਿ ਕੇ ਆਪਣੀਆਂ ਭਾਵਨਾਵਾਂ ਤੇ ਕਾਬੂ ਕਰਨਾ ਸਿੱਖਦਾ ਹੈ। ਵਿਦਿਆ ਮਨੁੱਖ ਨੂੰ ਇਸ ਸਮਰੱਥ ਬਣਾਉਂਦੀ ਹੈ ਕਿ ਉਹ ਕਿਸੇ ਵਿਸ਼ੇ ਤੇ ਸਹੀ ਵਿਚਾਰ ਕਰਨ ਯੋਗ ਹੋ ਜਾਂਦਾ ਹੈ। ਉਸ ਨੂੰ ਆਪਣੀਆਂ ਬੁਰਾਈਆਂ ਦਾ ਪਤਾ ਲੱਗ ਜਾਂਦਾ ਹੈ। ਜਿਸ ਨਾਲ਼ ਉਹ ਆਪਣੇ ਅੰਦਰਲੀਆਂ ਬੁਰਾਈਆਂ ਦਾ ਖਾਤਮਾ ਕਰਕੇ ਚੰਗਿਆਈਆਂ ਗ੍ਰਹਿਣ ਕਰਦਾ ਹੈ।

ਵਿੱਦਿਆ ਵੀਚਾਰੀ ਤਾਂ ਪਰਉਪਕਾਰੀ॥
ਜਾਂ ਪੰਚਰਾਸੀ ਤਾਂ ਤੀਰਥ ਵਾਸੀ॥[38]

ਇਸ ਤੋਂ ਬਾਅਦ ਮਨੋਵਿਗਿਆਨਕ ਕਾਰਕਾਂ ਦੇ ਸੰਦਰਭ ਵਿੱਚ ਵਿਅਕਤਿਤਵ ਦੇ ਵਿਕਾਸ ਨੂੰ ਵੇਖਿਆ ਜਾ ਸਕਦਾ ਹੈ। ਬੁੱਧੀ ਮਨੁੱਖੀ ਸ਼ਖ਼ਸੀਅਤ ਦਾ ਇੱਕ ਜ਼ਰੂਰੀ ਅੰਗ ਹੈ। ਜੋ ਮਨੁੱਖ ਦੇ ਜੀਵਨ ਨੂੰ

---

[37] ਏ. ਪੀ. ਸ਼ਰਮਾ,  ਵਜ਼ੀਰ ਸਿੰਘ, ਮਨੋਵਿਗਿਆਨ ਦੀ ਜਾਣ-ਪਛਾਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968, ਪੰਨਾ 54

[38] ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 356

ਗ਼ਲਤ ਜਾਂ ਸਹੀ ਰਾਸਤੇ ਉਤੇ ਤੋਰਨ ਅਤੇ ਉਸ ਦੀ ਸ਼ਖ਼ਸੀਅਤ ਨੂੰ ਪ੍ਰਭਾਵਸ਼ਾਲੀ ਬਣਾਉਣ ਵਿੱਚ ਬਹੁਤ ਮੱਦਦ ਕਰਦੀ ਹੈ। ਜਿਵੇਂ ਕਿ ਇੱਕ ਬੁੱਧੀਮਾਨ ਵਿਅਕਤੀ ਆਪਣੇ ਵਿਵਹਾਰ ਨੂੰ ਸਮਾਜਿਕ ਆਦਰਸ਼ਾਂ ਦੇ ਅਨੁਕੂਲ ਬਣਾਉਣ ਵਿੱਚ ਕਾਮਯਾਬ ਹੁੰਦਾ ਹੈ ਅਤੇ ਸਮਾਜਿਕ ਪ੍ਰਬੰਧ/ਪ੍ਰਣਾਲ਼ੀ ਵਿੱਚ ਸਮਾਯੋਜਨ ਕਰਕੇ ਅਪਣੀ ਵੱਖਰੀ ਪਹਿਚਾਣ ਬਣਾ ਲੈਂਦਾ ਹੈ। ਜਿਸ ਸਦਕਾ ਉਸ ਦੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ। "ਬੁੱਧੀ ਕਿਸੇ ਕੰਮ ਨੂੰ ਕਰਨ ਦੀ ਸਮਰੱਥਾ ਹੈ, ਕੰਮਾਂ ਨੂੰ ਕਰਨਾ ਨਹੀਂ। ਇਹ ਗਿਆਨ ਨਹੀਂ, ਗਿਆਨ ਪ੍ਰਾਪਤ ਕਰਨ ਦੀ ਯੋਗਤਾ ਹੈ। ਇਹ ਵਿਚਾਰ ਨਹੀਂ ਪ੍ਰੰਤੂ ਵਿਚਾਰ ਕਰ ਸਕਣ ਦੀ ਸਮਰੱਥਾ ਹੈ। ਇਹ ਇੱਕ ਜਮਾਂਦਰੂ ਵਿਰਸੇ ਵਿੱਚ ਮਿਲੀ ਹੋਈ ਸ਼ਕਤੀ ਹੈ। ਬੁੱਧੀ ਵਿੱਚ ਅਮੂਰਤ-ਤਰਕ (abstract reasoning), ਸੰਬੰਧਾਂ ਨੂੰ ਲੱਭਣ ਦੀ ਯੋਗਤਾ, ਸਿੱਖਣ ਦੀ ਯੋਗਤਾ, ਸਾਧਾਰਨੀਕਰਣ ਕਰਨ ਅਤੇ ਸੰਕੇਤਕ ਰੂਪ ਵਿੱਚ ਦਿੱਤੇ ਵਿਚਾਰਾਂ ਨੂੰ ਸੰਬੰਧਿਤ ਤੇ ਸਿਲਸਿਲੇਵਾਰ ਕਰਨਾ ਸ਼ਾਮਿਲ ਹੁੰਦਾ ਹੈ।"[39] ਇਸ ਦੇ ਉਲਟ ਮੰਦ ਬੁੱਧੀ ਵਿਅਕਤੀ ਨੂੰ ਸਮਾਜ ਵਿੱਚ ਸਮਾਯੋਜਨ ਕਰਨ ਵਿੱਚ ਬਹੁਤ ਮੁਸ਼ਕਿਲ ਆਉਂਦੀ ਹੈ। ਜਦੋਂ ਉਸ ਦਾ ਹੋਰਾਂ ਵੱਲੋਂ ਮਜ਼ਾਕ ਉਡਾਇਆ ਜਾਂਦਾ ਹੈ ਤਾਂ ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਦੇ ਮਨ ਵਿੱਚ ਨਕਾਰਾਤਮਕ ਵਿਚਾਰ ਆਉਂਦੇ ਹਨ ਕਿ ਉਸ ਵਿੱਚ ਕੋਈ ਕਮਜ਼ੋਰੀ ਹੈ ਜਿਸ ਕਾਰਨ ਉਹ ਦੂਜਿਆਂ ਤੋਂ ਅਲੱਗ ਹੈ। ਉਸ ਦੀ ਸੋਚ ਤੇ ਇਹ ਗੱਲ ਹਾਵੀ ਹੋ ਜਾਂਦੀ ਹੈ ਕਿ ਉਹ ਕਦੇ ਕਾਮਯਾਬ ਨਹੀਂ ਹੋ ਸਕਦਾ। ਅਜਿਹੇ ਹਾਲਾਤ ਵਿੱਚ ਉਸ ਦੇ ਵਿਅਕਤਿਤਵ ਦਾ ਵਿਕਾਸ ਰੁੱਕ ਜਾਂਦਾ ਹੈ। "ਸਿੱਖਣ ਪ੍ਰਕਿਰਿਆ ਵਿੱਚ ਬੁੱਧੀ ਦਾ ਬਹੁਤ ਜ਼ਿਆਦਾ ਯੋਗਦਾਨ ਹੈ। ਸਿੱਖਣ ਪ੍ਰਕਿਰਿਆ ਮਨੁੱਖੀ ਵਿਵਹਾਰ ਵਿੱਚ ਪਰਿਵਰਤਨ ਲਿਆਉਂਦੀ ਹੈ। ਮਨੁੱਖੀ ਵਿਵਹਾਰ ਦਾ ਅਧਿਐਨ ਮਨੋਵਿਗਿਆਨ ਦਾ ਵਿਸ਼ਾ ਹੈ। ਇਸ ਲਈ ਮਨੋਵਿਗਿਆਨ ਦੇ ਖੇਤਰ ਵਿੱਚ ਬੁੱਧੀ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।"[40] ਸੱਭਿਆਚਾਰ ਜਾਂ ਸੰਸਕ੍ਰਿਤੀ ਵੀ ਵਿਅਕਤੀ ਦੇ ਵਿਅਕਤਿਤਵ ਨੂੰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਕਿਉਂਕਿ ਹਰੇਕ ਸੱਭਿਆਚਾਰ ਦੇ ਆਪੋ-ਆਪਣੇ ਰਸਮੋ-ਰਿਵਾਜ਼, ਮਨੌਤਾਂ, ਧਰਮ-ਕਰਮ, ਰਹਿਣ-ਸਹਿਣ, ਖਾਣ-ਪੀਣ ਦੇ ਢੰਗ ਹੁੰਦੇ ਹਨ ਜਿਸ ਦੀ ਛਾਪ ਮਨੁੱਖ ਦੀ ਸ਼ਖ਼ਸੀਅਤ ਤੇ

[39] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 161

[40] ਉਹੀ, ਪੰਨਾ 158

ਜ਼ਰੂਰ ਪੈਂਦੀ ਹੈ। ਇਸ ਤਰ੍ਹਾਂ ਹੀ ਗੁਰਦੁਆਰਾ ਸਾਹਿਬ, ਮੰਦਿਰ, ਮਸਜਿਦ, ਚਰਚ, ਮਠ, ਦਰਗਾਹਾਂ ਅਤੇ ਹੋਰ ਧਾਰਮਿਕ ਸਥਾਨ ਮਨੁੱਖੀ ਵਿਵਹਾਰ ਅਤੇ ਚਰਿੱਤਰ ਨਿਰਮਾਣ ਵਿੱਚ ਭੂਮਿਕਾ ਨਿਭਾਉਂਦੇ ਹਨ।

ਸ਼ਖ਼ਸੀਅਤ ਦੇ ਵਿਕਾਸ ਲਈ ਵਿਅਕਤੀ ਦੀ ਜ਼ਿੰਦਗੀ ਦਾ ਕੋਈ ਨਾ ਕੋਈ ਮਕਸਦ ਹੋਣਾ ਜ਼ਰੂਰੀ ਹੈ। ਉਸ ਦੇ ਮਕਸਦ ਨਾਲ਼ ਹੀ ਉਸ ਦੀਆਂ ਰੁਚੀਆਂ ਅਤੇ ਵਤੀਰਾ ਸੰਬੰਧਿਤ ਹੁੰਦਾ ਹੈ। ਕਿਉਂਕਿ ਜੇਕਰ ਮਨੁੱਖ ਦਾ ਪ੍ਰਯੋਜਨ ਉੱਚਾ ਹੋਵੇਗਾ ਤਾਂ ਉਸ ਨੂੰ ਪ੍ਰਾਪਤ ਕਰਨ ਲਈ ਉਹ ਉਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਵੀ ਕਰਦਾ ਹੈ, ਜਿਸ ਨਾਲ਼ ਉਸ ਦੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ। ਮਨੁੱਖ ਦੀਆਂ ਮਾਨਸਿਕ ਸਮਰੱਥਾਵਾਂ ਜਿਵੇਂ ਕਿ ਸਿੱਖਣ ਦੀ ਪ੍ਰਕਿਰਿਆ, ਚਿੰਤਨ ਸ਼ਕਤੀ, ਕਲਪਨਾ ਸ਼ਕਤੀ, ਯਾਦਾਸ਼ਤ ਅਤੇ ਤਰਕ ਸ਼ਕਤੀ ਆਦਿ ਉਸ ਦੇ ਵਿਅਕਤਿਤਵ ਨੂੰ ਵਿਕਸਤ ਕਰਨ ਵਿੱਚ ਉਸ ਦੀ ਮੱਦਦ ਕਰਦੀਆਂ ਹਨ। ਮਨੁੱਖ ਦੀਆਂ ਰੁਚੀਆਂ ਅਤੇ ਦਿਲਚਸਪੀਆਂ ਵੀ ਉਸ ਦੇ ਵਿਅਕਤਿਤਵ ਤੇ ਅਸਰ ਪਾਉਂਦੀਆਂ ਹਨ ਜਿਵੇਂ ਕਿ ਕਿਸੇ ਮਨੁੱਖ ਦੀ ਚੰਗੇ ਕੰਮਾਂ ਵਿੱਚ ਦਿਲਚਸਪੀ ਹੈ, ਜਿਵੇਂ ਉਸ ਦੀ ਰੁਚੀ ਪੜ੍ਹਨ ਵੱਲ, ਸੰਗੀਤ, ਖੇਡਾਂ, ਪੇਂਟਿੰਗਜ਼ ਬਣਾਉਣਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਆਦਿ। ਅਜਿਹੇ ਵਿਅਕਤੀ ਦੀ ਸ਼ਖ਼ਸੀਅਤ ਆਕਰਸ਼ਕ ਤੇ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਦੇ ਉਲਟ ਜੇ ਉਸ ਦੀ ਦਿਲਚਸਪੀ ਗਲਤ ਕੰਮਾਂ ਵੱਲ ਹੈ। ਜਿਵੇਂ ਸਰਾਬ ਪੀਣਾ, ਤੰਬਾਕੂਨੋਸ਼ੀ, ਜੂਆ ਖੇਡਣਾ, ਅਵਾਰਾਗਰਦੀ, ਗੁੰਡਾਗਰਦੀ, ਦੂਜਿਆਂ ਨੂੰ ਪ੍ਰੇਸ਼ਾਨ ਕਰਨਾ ਆਦਿ ਹੈ ਤਾਂ ਉਸ ਦੀ ਸ਼ਖ਼ਸੀਅਤ ਵਿੱਚ ਵਿਕਾਸ ਦੀ ਥਾਂ ਨਿਘਾਰ ਆਵੇਗਾ। ਇੱਕ ਵਿਅਕਤੀ ਦਾ ਜੇਕਰ ਦੂਜੇ ਵਿਅਕਤੀ ਨਾਲ਼ ਚੰਗਾ ਵਤੀਰਾ ਹੋਵੇਗਾ ਤਾਂ ਉਸ ਨੂੰ ਵਧੀਆ ਵਿਅਕਤਿਤਵ ਦਾ ਮਾਲਕ ਕਿਹਾ ਜਾ ਸਕਦਾ ਹੈ। ਇਸ ਦੇ ਉਲਟ ਜੇਕਰ ਦੂਜਿਆਂ ਨਾਲ਼ ਵਤੀਰਾ ਹੀ ਠੀਕ ਨਹੀਂ ਹੈ ਤਾਂ ਉਸ ਨੂੰ ਸਮਾਜ ਵਿੱਚ ਕੋਈ ਵੀ ਚੰਗਾ ਨਹੀਂ ਸਮਝਦਾ। ਸੋ ਇੱਕ ਵਿਅਕਤੀ ਦਾ ਸਮਾਜ ਵਿੱਚ ਰਹਿੰਦੇ ਦੂਜੇ ਵਿਅਕਤੀਆਂ ਨਾਲ਼ ਵਤੀਰਾ ਵਧੀਆ ਅਤੇ ਸਾਕਾਰਾਤਮਕ ਹੋਣਾ ਚਾਹੀਦਾ ਹੈ, ਜਿਸ ਨਾਲ਼ ਉਸ ਦੀ ਸ਼ਖ਼ਸੀਅਤ ਹੋਰਾਂ ਤੇ ਵਧੀਆ ਛਾਪ ਛੱਡੇਗੀ। "ਸ਼ਖ਼ਸੀਅਤ-ਵਿਕਾਸ ਤੋਂ ਭਾਵ ਕਿਸੇ ਨੂੰ ਅੰਦਰੋਂ ਤੇ ਬਾਹਰੋਂ ਮਾਂਜ ਸੰਵਾਰ ਕੇ ਜੀਵਨ ਵਿਚਲੀਆਂ ਹਾਂ ਵਾਦੀ ਤਬਦੀਲੀਆਂ ਲਿਆਉਣਾ ਹੈ। ਹਰ ਵਿਅਕਤੀ ਆਪਣੇ ਆਪ ਵਿੱਚ ਇੱਕ ਨਿਵੇਕਲੇ ਵਿਅਕਤਿਤਵ ਦਾ ਮਾਲਕ ਹੁੰਦਾ ਹੈ। ਜਿਸ ਦਾ ਵਿਕਾਸ ਕਰਕੇ ਉਸ ਨੂੰ ਵਧੀਆ ਬਣਾਇਆ ਜਾ ਸਕਦਾ ਹੈ। ਇਸ ਯੁਕਤੀ ਵਿੱਚ ਸੰਬੰਧਿਤ ਵਿਅਕਤੀ ਦੇ ਸਵੈ-ਵਿਸ਼ਵਾਸ ਨੂੰ

ਵਧਾਉਣਾ, ਉਸ ਨੂੰ ਆਪਣੀ ਗੱਲ ਕਹਿ ਸਕਣ ਦੀ ਯੋਗਤਾ ਨੂੰ ਵਧਾਉਣਾ, ਉਸ ਦੀ ਆਮ ਵਾਕਫ਼ੀ ਦੇ ਘੇਰੇ ਨੂੰ ਵਿਸ਼ਾਲ ਕਰਨਾ, ਕੁੱਝ ਨਵੀਆਂ ਚੀਜ਼ਾਂ ਸਿੱਖਣ ਤੇ ਕੁੱਝ ਇੱਕ ਹੌਬੀਜ਼ (Hobbies) ਨੂੰ ਵਿਕਸਤ ਕਰਨਾ ਸ਼ਾਮਿਲ ਹੈ।" [41]

ਮਨੋਵਿਸ਼ਲੇਸ਼ਣ ਸਕੂਲ ਦੇ ਬਾਨੀ ਸਿਗਮੰਡ ਫ਼ਰਾਇਡ ਨੇ ਮਨੁੱਖੀ ਸ਼ਖ਼ਸੀਅਤ ਦੇ ਅਚੇਤਨ ਹਿੱਸੇ ਦੀ ਖੋਜ ਲਈ ਲਗਾਤਾਰ ਕੋਸ਼ਿਸ਼ ਕੀਤੀ ਅਤੇ ਇਹ ਸਿਧਾਂਤ ਦਿੱਤਾ ਕਿ ਸਾਡੀ ਸ਼ਖ਼ਸੀਅਤ ਦਾ ਬਹੁਤ ਸਾਰਾ ਹਿੱਸਾ ਅਚੇਤਨ ਮਨ ਵਿੱਚ ਹੀ ਦਬਿਆ ਰਹਿੰਦਾ ਹੈ। ਫ਼ਰਾਇਡ ਨੇ ਮਨੁੱਖੀ ਚੇਤਨਾ ਦੇ ਪੱਧਰਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਸ ਅਨੁਸਾਰ ਮਨੁੱਖੀ ਮਨ ਦੇ ਤਿੰਨ ਪੱਧਰ ਹੁੰਦੇ ਹਨ: ਚੇਤਨ ਮਨ (Conscious mind), ਅਵਚੇਤਨ ਮਨ (Subconscious mind), ਅਚੇਤਨ ਮਨ (Unconscious mind)। ਚੇਤਨ ਮਨ ਵਿੱਚ ਉਹ ਵਿਚਾਰ, ਮਾਨਸਿਕ ਘਟਨਾਵਾਂ ਤੇ ਯਾਦਾਂ ਪਈਆਂ ਹੁੰਦੀਆਂ ਹਨ, ਜਿਨ੍ਹਾਂ ਬਾਰੇ ਵਿਅਕਤੀ ਨੂੰ ਭਲੀ-ਭਾਂਤ ਪਤਾ ਹੁੰਦਾ ਹੈ। "ਚੇਤਨ ਵਿੱਚ ਮਨੁੱਖ ਜਿਉਂਦਾ ਹੈ। ਇਸ ਅਵਸਥਾ ਵਿੱਚ ਉਸ ਦਾ ਧਿਆਨ ਖਾਸ ਬਿੰਦੂ ਉਤੇ ਪੂਰੇ ਤੌਰ ਤੇ ਕੇਂਦਰਿਤ ਹੁੰਦਾ ਹੈ। ਇਹ ਅਵਸਥਾ ਮਨ ਨੂੰ ਹੋਰ ਭੌਤਿਕ ਪਦਾਰਥਾਂ ਨਾਲ਼ੋਂ ਵੱਖਰਾ ਕਰਦੀ ਹੈ। ਜਿਸ ਅਵਸਥਾ ਵਿੱਚ ਸੰਵੇਦਨਾ, ਯਾਦ, ਕਲਪਨਾ ਤੇ ਤਰਕ ਕ੍ਰਿਆਵਾਂ ਹੁੰਦੀਆਂ ਹਨ, ਉਹੀ ਚੇਤਨਾ ਹੈ।"[42] ਚੇਤਨ ਮਨ ਇੱਕ ਤਰੀਕੇ ਨਾਲ਼ ਸਾਡੀਆਂ ਸੰਸਾਰ ਪ੍ਰਤੀ ਆਈਆਂ ਵੱਖ-ਵੱਖ ਤਰ੍ਹਾਂ ਦੀਆਂ ਵਿਵਹਾਰਕ ਗਤੀਵਿਧੀਆਂ ਨੂੰ ਪ੍ਰਦਰਸ਼ਿਤ ਕਰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਗਤੀਵਿਧੀਆਂ ਵਿੱਚ ਚੇਤਨ ਮਨ ਦੀ ਮੌਜੂਦਗੀ ਅਤੇ ਗ਼ੈਰ-ਮੌਜੂਦਗੀ ਦਾ ਵਖਰੇਵਾਂ ਅਸੀਂ ਆਪਣੇ ਸੁਭਾਅ ਦੀਆਂ ਵੱਖ-ਵੱਖ ਗਤੀਵਿਧੀਆਂ ਜੋ ਕਿ ਸਾਡੇ ਚੇਤਨ ਅਤੇ ਅਚੇਤਨ ਮਨ ਵਿੱਚ ਮੌਜੂਦ ਹਨ, ਦਾ ਪਤਾ ਸਾਡੀਆਂ ਮਾਨਸਿਕ ਕਿਰਿਆਵਾਂ ਅਤੇ ਪ੍ਰਤੀ-ਕਿਰਿਆਵਾਂ ਰਾਹੀਂ ਲਗਾ ਸਕਦੇ ਹਾਂ। ਚੇਤਨਾ ਦਾ ਭਾਸ਼ਾ ਨਾਲ਼ ਬਹੁਤ ਗਹਿਰਾ ਰਿਸ਼ਤਾ ਹੈ, ਕਿਉਂਕਿ ਕੋਈ ਵਿਅਕਤੀ ਆਪਣੇ ਚੇਤਨ ਮਨ ਵਿੱਚ ਪਏ ਵਿਚਾਰਾਂ ਦਾ ਅਦਾਨ-ਪ੍ਰਦਾਨ ਕੇਵਲ ਭਾਸ਼ਾ ਰਾਹੀਂ ਹੀ ਕਰ ਸਕਦਾ ਹੈ। ਭਾਸ਼ਾ ਤੋਂ ਬਿਨ੍ਹਾਂ ਚੇਤਨਾਂ ਅੰਦਰ ਪਏ ਵਿਚਾਰਾਂ ਨੂੰ ਪੂਰਨ ਤੌਰ ਤੇ ਸਪੱਸ਼ਟ ਰੂਪ ਵਿੱਚ ਪੇਸ਼ ਨਹੀਂ ਕੀਤਾ ਜਾ ਸਕਦਾ। "ਚੇਤਨ ਸਾਡੇ ਧਿਆਨ ਦਾ ਗਿਆਨ ਇੰਦਰਾ

---

[41] ਕਰਨਲ ਗੁਰਸੇਵਕ ਸਿੰਘ, (ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ ਅਤੇ ਪ੍ਰੋ. ਦਰਸ਼ਨ ਕੌਰ ਬੇਦੀ, ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995, ਪੰਨਾ 171-172

[42] ਡਾ. ਸਰੋਜ ਚਮਨ, ਸੌਂਦਰਯ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1997, ਪੰਨਾ 207

ਜਿਹਾ ਹੈ ਜਿਸ ਦੁਆਰਾ ਅਸੀਂ ਉਨ੍ਹਾਂ ਉਤੇਜਨਾਵਾਂ ਤੋਂ ਜਾਣੂ ਹੁੰਦੇ ਹਾਂ ਜੋ ਬਾਹਰਲੇ ਸੰਸਾਰ ਤੋਂ ਸਾਨੂੰ ਆ ਕੇ ਪੋਹੰਦੀਆਂ ਹਨ। ਜਾਂ ਉਨ੍ਹਾਂ ਇਰਾਦਿਆਂ ਤੇ ਯਾਦਾਂ ਵੱਲੋਂ ਸੋਝੀਵਾਨ ਹੁੰਦੇ ਹਾਂ ਜੋ ਸਾਡੇ ਮਸਤਕ ਵਿੱਚ ਜਾਗਦੀਆਂ ਹਨ। ਇਉਂ 'ਚੇਤਨ' ਉਨ੍ਹਾਂ ਵਿਚਾਰਾਂ, ਭਾਵਨਾਵਾਂ, ਸੰਵੇਦਨਾਵਾਂ ਤੇ ਸਿਮਰਿਤੀਆਂ ਦਾ ਸਮੁੱਚ ਹੈ ਜਿਨ੍ਹਾਂ ਬਾਰੇ ਸਾਨੂੰ ਸੋਝੀ ਹੁੰਦੀ ਹੈ। ਤਤਕਾਲੀ ਵਿਚਾਰ ਤੇ ਭੂਤਕਾਲੀ ਸਿਮਰਿਤੀਆਂ ਇਸੇ ਵਿੱਚ ਵਿਚਰਦੀਆਂ ਹਨ।"[43] ਅਵਚੇਤਨ ਮਨ ਨੂੰ ਚੇਤਨ ਮਨ ਦਾ ਹਿੱਸਾ ਵੀ ਕਿਹਾ ਜਾਂਦਾ ਹੈ। ਇਹ ਫਰਾਂਸ ਭਾਸ਼ਾ ਵਿੱਚੋਂ ਲਿਆ ਗਿਆ ਹੈ। ਅਵਚੇਤਨ ਮਨ ਸਾਡੇ ਚੇਤਨ ਮਨ ਵਿੱਚ ਪਈਆਂ ਆਲੋਚਨਾਤਮਕ ਤਹਿਆਂ ਦਾ ਮਹੱਤਵਪੂਰਨ ਹਿੱਸਾ ਹੈ। ਇਸ ਵਿੱਚ ਉਹ ਯਾਦਾਂ ਜਾਂ ਖਾਹਿਸ਼ਾਂ ਹੁੰਦੀਆਂ ਹਨ, ਜਿਨ੍ਹਾਂ ਬਾਰੇ ਉਸ ਨੂੰ ਹਾਲ ਦੀ ਘੜੀ ਭਲੀ-ਭਾਂਤ ਪਤਾ ਨਹੀਂ ਹੁੰਦਾ ਪ੍ਰੰਤੂ ਲੋੜ ਪੈਣ ਤੇ ਉਨ੍ਹਾਂ ਬਾਰੇ ਕੋਸ਼ਿਸ਼ ਕਰਕੇ ਪਤਾ ਲਗਾਇਆ ਜਾ ਸਕਦਾ ਹੈ। "ਅਰਧ-ਚੇਤਨ ਉਹ ਅਵਸਥਾ ਹੈ ਜਿਸ ਵਿੱਚ ਧਿਆਨ ਨਹੀਂ ਰਹਿੰਦਾ। ਮਨੁੱਖ ਜਦੋਂ ਬੀਤੇ ਯੁੱਗ ਦੇ ਅਨੁਭਵਾਂ ਨੂੰ ਯਾਦ ਕਰਕੇ ਉਸੇ ਅਵਸਥਾ ਵਿੱਚੋਂ ਲੰਘਦਾ ਹੈ, ਉਹ ਅਰਧ-ਚੇਤਨ ਵਿੱਚ ਹੀ ਲੁਕੇ ਲਏ ਰਹਿੰਦੇ ਹਨ। ਜਦੋਂ ਅਸੀਂ ਉਨ੍ਹਾਂ ਦੀ ਇੱਛਾ ਕਰਦੇ ਹਾਂ ਤਾਂ ਸਭ ਕੁੱਝ ਉਭਰ ਕੇ ਅੱਖਾਂ ਮੂਹਰੇ ਸਾਕਾਰ ਹੋ ਜਾਂਦਾ ਹੈ।"[44] ਮਨੁੱਖ ਦੀ ਜ਼ਿੰਦਗੀ ਵਿੱਚ ਹਰ ਰੋਜ਼ ਅਨੇਕਾਂ ਘਟਨਾਵਾਂ ਵਾਪਰਦੀਆਂ ਹਨ। ਕੁੱਝ ਘਟਨਾਵਾਂ ਉਸ ਨੂੰ ਯਾਦ ਰਹਿੰਦੀਆਂ ਹਨ ਅਤੇ ਕੁੱਝ ਨੂੰ ਉਹ ਭੁੱਲ ਜਾਂਦਾ ਹੈ, ਜੋ ਉਸ ਦੇ ਅਰਧ-ਚੇਤਨ ਮਨ ਵਿੱਚ ਚਲੀਆਂ ਜਾਂਦੀਆਂ ਹਨ, ਜੋ ਰਾਤ ਨੂੰ ਸੁਪਨਿਆਂ ਦਾ ਰੂਪ ਧਾਰ ਕੇ ਸਾਹਮਣੇ ਆਉਂਦੀਆਂ ਹਨ। "ਅਵਚੇਤਨ, ਚੇਤਨ ਤੇ ਅਚੇਤਨ ਵਿਚਾਲੇ ਦੀ ਅਵਸਥਾ ਹੈ ਜਿਸ ਦਾ ਉਨ੍ਹਾਂ ਦੋਨਾ ਨਾਲ਼ ਸੰਬੰਧ ਹੁੰਦਾ ਹੈ। ਅਵਚੇਤਨ ਦੀ ਇੱਕ ਉਚੇਰੀ ਕਿਰਿਆ ਇਹ ਵੀ ਹੈ ਕਿ ਉਹ ਅਚੇਤਨ ਵਿੱਚ ਦਮਿਤ ਵਰਜਿਤ ਇੱਛਾਵਾਂ ਤੇ ਅਸੁਖਾਵੀਆਂ ਯਾਦਾਂ ਨੂੰ ਚੇਤਨਾ ਵਿੱਚ ਪਰਤਣ ਤੋਂ ਰੋਕਦਾ ਹੈ। ਇਉਂ ਉਹ ਇੱਕ ਬੰਧਕ ਦਾ ਕੰਮ ਵੀ ਕਰਦਾ ਹੈ।"[45]

ਮਨੁੱਖੀ ਸ਼ਖ਼ਸੀਅਤ ਵਿੱਚ ਚੇਤਨਾ ਦੀ ਬਹੁਤ ਅਹਿਮੀਅਤ ਹੈ। ਜਦੋਂ ਮਨੁੱਖ ਚੇਤਨ ਤੌਰ 'ਤੇ ਕੋਈ ਵੀ ਤਜ਼ਰਬਾ ਜਾਂ ਗਿਆਨ ਹਾਸਲ ਕਰਦਾ ਹੈ ਤਾਂ ਉਸ ਦਾ ਗ੍ਰਹਿਣ ਕੀਤਾ ਗਿਆਨ ਅਤੇ ਤਜ਼ਰਬਾ ਅਚੇਤਨ ਮਨ ਵਿੱਚ ਚਲਾ ਜਾਂਦਾ ਹੈ। ਇਹ ਮਨੁੱਖੀ ਸ਼ਖ਼ਸੀਅਤ ਦਾ ਲੁਕਿਆ ਹੋਇਆ ਮਹੱਤਵਪੂਰਨ ਪੱਖ ਹੈ ਜੋ ਸਮੇਂ-

---

43 ਜਸਵੰਤ ਸਿੰਘ ਨੇਕੀ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 2

44 ਡਾ. ਸਰੋਜ ਚਮਨ, ਸੌਂਦਰਯ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1997, ਪੰਨਾ 207

45 ਜਸਵੰਤ ਸਿੰਘ ਨੇਕੀ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 2

ਸਮੇਂ ਤੇ ਮਨੁੱਖੀ ਚੇਤਨਾ ਨੂੰ ਕੋਈ ਫੈਸਲਾ ਲੈਣ ਲਈ ਉਕਸਾਉਂਦਾ ਹੋਇਆ ਉਸ ਦੀ ਚੇਤਨਾ ਦਾ ਹਿੱਸਾ ਬਣਦਾ ਹੈ। ਅਚੇਤਨ ਜਾਂ ਅਚੇਤ ਮਨ ਵਿੱਚ ਉਹ ਵਿਚਾਰ, ਖਾਹਿਸ਼ਾਂ ਜਾਂ ਭਾਵਨਾਵਾਂ ਦੱਬੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਨਹੀਂ ਹੋਈ ਹੁੰਦੀ। ਜਿਨ੍ਹਾਂ ਨੂੰ ਸਾਡੀ ਮਰਜ਼ੀ ਅਨੁਸਾਰ ਕਾਬੂ ਵਿੱਚ ਨਹੀਂ ਕੀਤਾ ਜਾ ਸਕਦਾ। "ਮਨੁੱਖ ਦੇ ਮਨ ਦਾ ਕਾਫੀ ਹਿੱਸਾ ਅਚੇਤਨ ਹੈ। ਮਨੁੱਖ ਦੇ ਜੀਵਨ ਉੱਤੇ ਇਸ ਦਾ ਬਹੁਤ ਪ੍ਰਭਾਵ ਪੈਂਦਾ ਹੈ। ਇਸ ਦੀਆਂ ਵਿਸ਼ੇਸ਼ਤਾਵਾਂ ਸਾਡੇ ਚੇਤਨ ਪ੍ਰਕਿਰਿਆ ਨਾਲ਼ੋਂ ਵੱਖਰੀਆਂ ਹੁੰਦੀਆਂ ਹਨ। ਇਹ ਅਵਸਥਾ ਸੁੱਤੀ ਹੋਈ ਨਹੀਂ, ਸਗੋਂ ਜਾਗਦੀ ਹੈ।"[46] ਅਚੇਤ ਮਨ ਦੀ ਸਮੱਗਰੀ ਦੋ ਸੋਮਿਆਂ ਤੋਂ ਪੈਦਾ ਹੁੰਦੀ ਹੈ। ਇੱਕ ਸੋਮੇਂ ਵਿੱਚ ਪੁਰਾਣੇ ਅਨੰਦ ਭਰਪੂਰ ਵਿਚਾਰ ਅਤੇ ਕੁੱਝ ਵਹਿਸ਼ੀਆਨਾ ਬਿਰਤੀਆਂ ਪਈਆਂ ਹੁੰਦੀਆਂ ਹਨ ਜੋ ਕਦੇ ਵੀ ਸੁਚੇਤ ਨਹੀਂ ਹੋਈਆਂ ਹੁੰਦੀਆਂ। ਇਹ ਮਨੁੱਖ ਦੀ ਵਿਰਾਸਤ ਦਾ ਹਿੱਸਾ ਹੁੰਦੀਆਂ ਹਨ। ਦੂਜੇ ਸੋਮੇਂ ਵਿੱਚ ਉਹ ਵਿਚਾਰ, ਇੱਛਾਵਾਂ, ਖਾਹਿਸ਼ਾਂ, ਯਾਦਾਂ ਹੁੰਦੀਆਂ ਹਨ, ਜੋ ਕਿਸੇ ਸਮੇਂ ਸੁਚੇਤ ਸਨ ਪ੍ਰੰਤੂ ਉਨ੍ਹਾਂ ਦੀ ਪੂਰਤੀ ਨਾ ਹੋਈ ਹੋਣ ਕਾਰਨ ਪਿਛਲੇ ਹਿੱਸੇ ਵਿੱਚ ਦੱਬੀਆਂ ਰਹਿ ਗਈਆਂ। ਅਚੇਤਨ ਮਨ ਦੀ ਇਹ ਇੱਕ ਖਾਸੀਅਤ ਹੈ ਕਿ ਕਿਸੇ ਵੀ ਮਨੁੱਖ ਨਾਲ਼ ਚੇਤਨ ਤੌਰ ਤੇ ਗੱਲ ਕਰਦੇ ਸਮੇਂ ਅਚੇਤਨ ਮਨ ਸਾਹਮਣੇ ਨਹੀਂ ਆਉਂਦਾ, ਬਲਕਿ ਇਹ ਲੁਕਿਆ ਰਹਿੰਦਾ ਹੈ। "ਅਚੇਤਨ ਮਨ ਸਾਡੀਆਂ ਯਾਦਾਂ ਦਾ ਉਹ ਹਿੱਸਾ ਹੁੰਦਾ ਹੈ ਜਿਸ ਵਿੱਚ ਸਾਡੇ ਮੁੱਢਲੇ ਬਚਪਨ ਦੇ ਤਜ਼ਰਬੇ ਅਤੇ ਜ਼ਿੰਦਗੀ ਦੇ ਦਿਮਾਗੀ ਝਟਕੇ ਮੌਜੂਦ ਹੁੰਦੇ ਹਨ। ਇਸ ਵਿੱਚ ਸਾਡੀਆਂ ਬਹੁਤ ਮਜ਼ਬੂਤ ਭਾਵਨਾਵਾਂ ਦਾ ਸੰਗ੍ਰਹਿ ਹੁੰਦਾ ਹੈ, ਜੋ ਕਿ ਸੁਚੇਤ ਤੌਰ ਤੇ ਪੇਸ਼ਕਾਰੀ ਦੀ ਮੰਗ ਕਰਦੀਆਂ ਹਨ।"[47] ਉਦਾਹਰਣ ਦੇ ਤੌਰ ਤੇ ਇੱਕ ਛੋਟਾ ਬੱਚਾ ਆਪਣੇ ਮਾਪਿਆਂ ਨੂੰ ਆਦਰਸ਼ ਮੰਨ ਕੇ ਉਨ੍ਹਾਂ ਦੇ ਮੁਤਾਬਿਕ ਚੱਲਦਾ ਹੈ। ਉਸ ਦੇ ਮਨ ਤੇ ਉਨ੍ਹਾਂ ਦੁਆਰਾ ਕਹੀਆਂ ਹੋਈਆਂ ਗੱਲਾਂ ਦਾ ਬਹੁਤ ਅਸਰ ਹੁੰਦਾ ਹੈ। ਕਈ ਵਾਰ ਉਹ ਕਿਸੇ ਵਸਤੂ ਦੀ ਮੰਗ ਰੱਖਦਾ ਹੈ ਪ੍ਰੰਤੂ ਉਸ ਦੇ ਮਾਂ ਬਾਪ ਉਸ ਦੀ ਇੱਛਾ ਦੀ ਪੂਰਤੀ ਨਹੀਂ ਕਰਦੇ। ਬੱਚੇ ਨੂੰ ਕਿਹਾ ਜਾਂਦਾ ਹੈ ਕਿ ਉਸ ਲਈ ਇਸ ਵਸਤੂ ਦਾ ਕੋਈ ਲਾਭ ਨਹੀਂ ਹੈ। ਉਸ ਸਮੇਂ ਬੱਚਾ ਮਾਂ ਬਾਪ ਦੇ

---

[46] ਡਾ. ਸਰੋਜ ਚਮਨ, ਸੌਂਦਰਯ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1997, ਪੰਨਾ 208

[47] Sean Homer., JACQUES LACAN, ROUTELEDGE, Taylor & Francis Group, LONDON & NEW YORK, 2005, P, 66

ਸਮਝਾਉਣ ਤੇ ਆਪਣੀ ਜਿੱਦ ਛੱਡ ਦਿੰਦਾ ਹੈ, ਪ੍ਰੰਤੂ ਉਸ ਦੀਆਂ ਇੱਛਾਵਾਂ ਅਚੇਤ ਮਨ ਵਿੱਚ ਦਬੀਆਂ ਰਹਿ ਜਾਂਦੀਆਂ ਹਨ। ਉਮਰ ਦੇ ਵਧਣ ਨਾਲ਼ ਉਸ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਆਪਣੇ ਅਚੇਤ ਮਨ ਵਿੱਚ ਦਬੀਆਂ ਇੱਛਾਵਾਂ ਦੀ ਅਸਿੱਧੇ ਰੂਪ ਵਿੱਚ ਪੂਰਤੀ ਕਰਨ ਦੀ ਕੋਸ਼ਿਸ਼ ਕਰਦਾ ਹੈ। "ਭਾਵੇਂ ਕਿ ਅਸੀਂ ਸਾਡੇ ਮਨ ਦੇ ਅਚੇਤ ਹਿੱਸੇ ਤੱਕ ਆਪਣੀ ਸਮਝ ਦੀ ਪਹੁੰਚ ਨਹੀਂ ਕਰ ਪਾਉਂਦੇ ਪ੍ਰੰਤੂ ਅਸੀਂ ਕਈ ਵਾਰ ਅਚੇਤਨ ਮਨ ਵਿੱਚ ਪਈਆਂ ਹੋਈਆਂ ਬੇਤੁਕੀਆਂ ਸ਼ਕਤੀਆਂ ਬਾਰੇ ਨਾ ਜਾਣਦੇ ਹੋਏ ਵੀ ਇਨ੍ਹਾਂ ਨੂੰ ਆਪਣੇ ਵਿਚਾਰਾਂ ਅਤੇ ਵਿਵਹਾਰ ਦਾ ਹਿੱਸਾ ਬਣਾ ਰਹੇ ਹੁੰਦੇ ਹਾਂ।"[48] ਮਨੁੱਖ ਦੇ ਬੀਤ ਚੁੱਕੇ ਸਮੇਂ ਦੀਆਂ ਖਾਹਿਸ਼ਾਂ, ਅਭੁੱਲ ਯਾਦਾਂ ਜੋ ਕਦੇ ਸੁਚੇਤ ਸਨ। ਕਿਸੇ ਘਟਨਾ ਕਾਰਨ, ਹਾਲਾਤ ਕਾਰਨ ਜੋ ਇੱਛਾਵਾਂ ਜਾਂ ਯਾਦਾਂ ਸੁਚੇਤ ਮਨ ਦੇ ਸੰਪਰਕ ਤੋਂ ਟੁੱਟ ਗਈਆਂ, ਜਿਨ੍ਹਾਂ ਦੀ ਪੂਰਤੀ ਨਹੀ ਹੋ ਸਕੀ। ਇਹ ਮਨੁੱਖ ਦੇ ਅਚੇਤਨ ਮਨ ਦਾ ਹਿੱਸਾ ਬਣ ਕੇ ਵਾਰ-ਵਾਰ ਸੁਪਨਿਆਂ ਦੇ ਰੂਪ ਵਿੱਚ ਜਾਂ ਅਸਿੱਧੇ ਤਰੀਕਿਆਂ ਨਾਲ਼ ਉਸ ਦੇ ਵਰਤਮਾਨ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। "ਅਚੇਤਨ ਵਿੱਚ ਸਾਡੀਆਂ ਐਸੀਆਂ ਇੱਛਾਵਾਂ ਦਮਿਤ ਪਈਆਂ ਹੁੰਦੀਆਂ ਹਨ, ਚੇਤਨ ਜਿਨ੍ਹਾਂ ਦਾ ਇਕਬਾਲ ਕਰਨ ਤੋਂ ਭੱਜਦਾ ਹੈ। ਉਹ ਇਹਨਾਂ ਨੂੰ ਵੇਖ ਨਹੀਂ ਸਕਦਾ, ਸੋ ਇਹਨਾਂ ਦਾ ਦਮਨ ਅਚੇਤਨ ਵਿੱਚ ਕਰ ਦਿੱਤਾ ਜਾਂਦਾ ਹੈ। ਫਿਰ ਅਵਚੇਤਨ ਇਨ੍ਹਾਂ ਨੂੰ ਚੇਤਨ ਵਿੱਚ ਆਉਣ ਤੋਂ ਰੋਕਣ ਦਾ ਯਤਨ ਕਰਦਾ ਹੈ, ਪਰ ਇਹ ਦਮਿਤ ਇੱਛਾਵਾਂ ਕਈ ਅਸਿੱਧੇ ਤਰੀਕਿਆਂ ਨਾਲ਼ ਆਪਣੀ ਪੂਰਤੀ ਦਾ ਯਤਨ ਕਰਦੀਆਂ ਹਨ। ਇਹਨਾਂ ਅਸਿੱਧੀਆਂ ਵਿਧੀਆਂ ਵਿੱਚ ਸੁਪਨੇ ਵੀ ਸ਼ਾਮਿਲ ਹਨ ਤੇ ਮਨੋਰੋਗਾਂ ਦੇ ਚਿੰਨ੍ਹ ਵੀ।"[49] ਅਚੇਤ ਮਨ ਸਾਡੇ ਕਿਸੇ ਵਿਸ਼ੇ ਪ੍ਰਤੀ ਵਿਚਾਰ ਅਤੇ ਚੇਤਨਾਂ ਵਿਚਕਾਰ ਰੁਕਾਵਟ ਹੁੰਦਾ ਹੈ, ਜੋ ਕਿ ਗੈਰ-ਵਿਵਹਾਰਕ ਹੁੰਦਾ ਹੈ। ਕਿਉਂਕਿ ਇਹ ਸਾਡੇ ਵਿਵਹਾਰ ਦਾ ਹਿੱਸਾ ਨਹੀਂ ਹੁੰਦਾ। ਫ਼ਰਾਇਡ ਅਨੁਸਾਰ ਜਦੋਂ ਸਾਡਾ ਅਚੇਤ ਮਨ ਉੱਥੇ ਮੌਜੂਦ ਹੁੰਦਾ ਹੈ ਜਦੋਂ ਅਸੀਂ ਚੇਤਨ ਰੂਪ ਵਿੱਚ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਨ ਵਿੱਚ ਕਮਜ਼ੋਰ ਪੈ ਜਾਂਦੇ ਹਾਂ। ਇਸ ਤਰ੍ਹਾਂ ਅਚੇਤ ਮਨ ਵਿੱਚ ਪਏ ਵਿਚਾਰ ਅਤੇ ਧਾਰਨਾਵਾਂ ਸੁਪਨਿਆਂ

[48] Malpas Simon and Wake Paul (Editor), The Routledge Companion to Critical Theory, Routledge 270 Madison Ave, New York, 2006, P, 67

[49] ਜਸਵੰਤ ਸਿੰਘ ਨੇਕੀ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 5

ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦੀਆਂ ਹਨ। ਅਚਨਚੇਤ ਸਾਡੇ ਮੂੰਹੋਂ ਨਿੱਕਲ਼ੇ ਸ਼ਬਦ ਅਚੇਤ ਮਨ ਦੀ ਹੀ ਪੇਸ਼ਕਾਰੀ ਕਰਦੇ ਹਨ, ਜਿਨ੍ਹਾਂ ਨੂੰ ਅਸੀਂ ਚੇਤਨ ਰੂਪ ਵਿੱਚ ਨਹੀਂ ਕਹਿ ਪਾਉਂਦੇ। ਅਚੇਤਨ ਮਨ ਦੇ ਲੱਛਣ ਕਈਂ ਵਾਰੀ ਭੱਦੇ ਮਜ਼ਾਕਾਂ ਦੇ ਰੂਪ ਵਿੱਚ ਵੇਖਣ ਨੂੰ ਮਿਲਦੇ ਹਨ, ਜੋ ਕਿ ਸਾਡੀ ਦੱਬੀ ਹੋਈ ਅਤੇ ਬਿਮਾਰ ਮਾਨਸਿਕਤਾ ਨੂੰ ਦਰਸਾਉਂਦੇ ਹਨ। ਅਚੇਤਨ ਮਨ ਵਿੱਚ ਪਏ ਹੋਏ ਵਿਚਾਰ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਸਾਡੀ ਰੋਜ਼ਾਨਾ ਦੀ ਚੇਤਨ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ। ਫ਼ਰਾਇਡ ਅਚੇਤਨ ਨੂੰ ਵਿਘਨ, ਅਸਫ਼ਲਤਾ ਅਤੇ ਗੈਰ-ਜਥੇਬੰਦਕ ਵਿਚਾਰਾਂ ਦਾ ਨਾਮ ਦਿੰਦਾ ਹੈ। "ਅਚੇਤਨ ਆਪਣੇ ਆਪ ਨੂੰ ਉਸ ਅਵਸਥਾ ਵਿੱਚ ਪੇਸ਼ ਕਰਦਾ ਹੈ ਜਿੱਥੇ ਭਾਸ਼ਾ ਅਸਫ਼ਲ ਹੋ ਜਾਂਦੀ ਹੈ।"[50] ਇਸ ਲਈ ਅਚੇਤਨ ਮਨ ਆਪਣੇ ਆਪ ਨੂੰ ਇੱਕ ਅਜਿਹੇ ਢਾਂਚੇ ਵਿੱਚ ਬੁਣਦਾ ਹੈ, ਜਿਸ ਨੂੰ ਭਾਸ਼ਾ ਰਾਹੀ ਬਿਆਨ ਕਰਨਾ ਔਖਾ ਹੁੰਦਾ ਹੈ। ਅਚੇਤਨ ਮਨ ਵਿਚਾਰਾਂ ਦੀ ਪੇਸ਼ਕਾਰੀ ਲਈ ਚੇਤਨ ਮਨ ਨੂੰ ਦਿਸ਼ਾ-ਨਿਰਦੇਸ਼ ਦਿੰਦਾ ਹੈ, ਪ੍ਰੰਤੂ ਇਸ ਦੀ ਕੋਈ ਸੁਣਵਾਈ ਨਹੀਂ ਹੁੰਦੀ। ਜਿਸ ਕਾਰਨ ਇਹ ਸੈਕੰਡਰੀ ਪੱਧਰ ਤੇ ਆਉਂਦਾ ਹੈ। ਅਚੇਤਨ ਮਨ ਦੀ ਭਾਸ਼ਾ ਤਸਵੀਰਾਂ ਦਾ ਸੰਗ੍ਰਹਿ ਹੁੰਦੀ ਹੈ। ਭਾਵੇਂ ਕਿ ਕਿਸੇ ਦੇ ਵੀ ਅਚੇਤਨ ਮਨ ਨੂੰ ਸਮਝਣਾ ਬਹੁਤ ਜਲਿਟ ਕਾਰਜ ਹੈ ਪ੍ਰੰਤੂ ਫਿਰ ਵੀ ਜੇਕਰ ਅਸੀਂ ਕਿਸੇ ਦੇ ਅਚੇਤਨ ਮਨ ਨੂੰ ਜਾਨਣਾ ਚਾਹੁੰਦੇ ਹਾਂ ਤਾਂ ਇਸ ਲਈ ਭਾਸ਼ਾ ਮਹੱਤਵਪੂਰਨ ਰੋਲ ਨਿਭਾਉਂਦੀ ਹੈ। ਇਸ ਕਰਕੇ ਅਚੇਤਨ ਮਨ ਜੋ ਕਿ ਚਿੰਨ੍ਹਾਂ ਦੇ ਰੂਪ ਵਿੱਚ ਹੁੰਦਾ ਹੈ, ਇਸ ਨੂੰ ਭਾਸ਼ਾ ਰਾਹੀਂ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। "ਅਚੇਤ ਮਨ ਵਿੱਚ ਮਿਥਿਹਾਸਕ ਤਸਵੀਰਾਂ ਅਤੇ ਨਸਲੀ ਪ੍ਰੰਪਰਾਵਾਂ ਮੌਜੂਦ ਹੁੰਦੀਆਂ ਹਨ।"[51]ਅਚੇਤ ਮਨ ਵਿੱਚ ਪਈਆਂ ਧਾਰਨਾਵਾਂ ਇੱਕ ਢਾਂਚੇ ਦੇ ਰੂਪ ਵਿੱਚ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀਆਂ ਹਨ। ਮਨੁੱਖ ਨੇ ਆਪਣੇ ਬਜ਼ੁਰਗਾਂ ਤੋਂ ਜੋ ਮਿਥਿਹਾਸਕ ਕਹਾਣੀਆਂ ਸੁਣੀਆਂ ਹੁੰਦੀਆਂ ਹਨ, ਉਹ ਉਸ ਦੇ ਅਚੇਤ ਮਨ ਦਾ ਹਿੱਸਾ ਬਣ ਜਾਂਦੀਆਂ ਹਨ। ਉਸ ਦਾ ਚੇਤਨ ਮਨ ਵਾਰ-ਵਾਰ ਅਚੇਤ ਮਨ ਵਿੱਚ ਪਏ ਹੋਏ ਵਿਚਾਰਾਂ, ਇੱਛਾਵਾਂ ਨਾਲ਼ ਰੂਬਰੂ ਕਰਵਾਉਂਦਾ ਹੈ, ਜਿਸ ਨਾਲ਼ ਉਹ ਚੇਤਨ ਅਵਸਥਾ ਤੋਂ ਦੂਰ ਹੋ ਜਾਂਦਾ ਹੈ। "ਮਨੁੱਖ

---

[50] Homer, Sean., JACQUES LACAN, ROUTELEDGE, Taylor & Francis Group, LONDON & NEW YORK, 2005, P, 68

[51] Ibid, P, 69

ਬਹੁਤਾ ਸਮਾਂ ਸੁਚੇਤ ਅਵਸਥਾ ਵਿੱਚ ਨਹੀਂ ਰਹਿ ਸਕਦਾ, ਉਹ ਆਪਣੇ ਆਪ ਨੂੰ ਵਾਰ-ਵਾਰ ਅਚੇਤ ਮਨ ਵਿੱਚ ਲਿਜਾਂਦਾ ਹੈ ਜਿੱਥੇ ਉਸ ਦੀ ਜ਼ਿੰਦਗੀ ਦੀਆਂ ਜੜ੍ਹਾਂ ਪਈਆਂ ਹੁੰਦੀਆਂ ਹਨ।"[52] ਮਨੁੱਖ ਜਦੋਂ ਸੁਚੇਤ ਤੌਰ ਤੇ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਲੈਣ ਵਿੱਚ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ ਜਾਂ ਉਲ਼ਝ ਜਾਂਦਾ ਹੈ। ਉਸ ਦੇ ਪਿੱਛੇ ਅਚੇਤਨ ਮਨ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ ਕਿਉਂਕਿ ਉਹ ਆਪਣੀ ਜ਼ਿੰਦਗੀ ਦੇ ਲਕਸ਼ਾਂ ਨੂੰ ਵਾਰ-ਵਾਰ ਪਹਿਲਾਂ ਸਜਾਈਆਂ ਇੱਛਾਵਾਂ ਨਾਲ਼ ਜੋੜ ਕੇ ਵੇਖਦਾ ਹੈ, ਜੋ ਕਿ ਉਸ ਦੇ ਅਚੇਤ ਵਿੱਚ ਪਈਆਂ ਹੁੰਦੀਆਂ ਹਨ। ਅਚੇਤ ਮਨ ਦਾ ਮਨੁੱਖੀ ਸ਼ਖ਼ਸੀਅਤ ਨੂੰ ਘੜ੍ਹਨ ਵਿੱਚ ਵਿੱਚ ਅਹਿਮ ਰੋਲ ਹੁੰਦਾ ਹੈ, ਜੋ ਕਿ ਉਸ ਦੀ ਜ਼ਿੰਦਗੀ ਦੇ ਮਹੱਤਵਪੂਰਨ ਫੈਸਲਿਆਂ ਨੂੰ ਸਾਕਾਰਾਤਮਕ ਅਤੇ ਨਾਕਾਰਾਤਮਕ ਪੱਖ ਤੋਂ ਲੈਣ ਵਿੱਚ ਉਸ ਦੀ ਸਹਾਇਤਾ ਕਰਦਾ ਹੈ।

ਫ਼ਰਾਇਡ ਨੇ ਵਿਅਕਤਿਤਵ ਨੂੰ ਇਡ (Id), ਹਉਮੈਂ (ਈਗੋ ego), ਅਤੇ ਅਤਿ ਹਉਮੈਂ (Superego) ਤਿੰਨ ਭਾਗਾਂ ਵਿੱਚ ਵੰਡਿਆ ਹੈ। ਇਡ ਅਚੇਤਨ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਵਿੱਚ ਜਮਾਂਦਰੂ ਆਵੇਗ ਹੁੰਦੇ ਹਨ। ਇਹ ਬਾਲਪੁਣੇ ਵਾਲ਼ੇ, ਅਨੰਦ ਦੇਣ ਵਾਲ਼ੇ, ਵਿਰੋਧੀ ਜਾਂ ਦੁਸ਼ਮਣੀ ਵਾਲੇ ਆਵੇਗ ਹਨ। ਇਹ ਹਮੇਸ਼ਾਂ ਦੁੱਖ ਤੋਂ ਬਚਾਅ ਅਤੇ ਸੁੱਖ, ਅਨੰਦ ਦੀ ਭਾਲ਼ ਵਿੱਚ ਰਹਿੰਦਾ ਹੈ। "ਇਹ ਮਨ ਦਾ ਸਭ ਤੋਂ ਪ੍ਰਾਚੀਨ ਅੰਗ ਹੈ, ਜਿਸ ਤੋਂ ਬਾਕੀ ਸੰਰਚਨਾ ਜਨਮ ਲੈਂਦੀ ਹੈ। ਮਨੁੱਖ ਨੂੰ ਜੋ ਕੁੱਝ ਵਿਰਸੇ ਵਿੱਚ ਮਿਲਦਾ ਹੈ ਅਤੇ ਜਿਹੜਾ ਜਨਮ ਸਮੇਂ ਹਾਜ਼ਰ ਹੁੰਦਾ ਹੈ ਉਹ ਇਡ ਹੈ। ਸਰੀਰ ਦੀ ਸਾਰੀ ਬਣਤਰ ਦੀ ਤਹਿ ਹੇਠਾਂ ਅਤੇ ਉਤਲੇ ਹਿੱਸੇ ਵਿੱਚ ਇਡ ਦਾ ਨਿਵਾਸ ਹੈ। ਇਡ ਆਦਮ ਹੈ, ਇਹ ਅਸੰਗਠਿਤ ਹੈ ਪਰ ਭਾਵਨਾਵਾਂ ਭਰਪੂਰ ਵੀ ਇਸ ਦਾ ਸੁਭਾਅ ਅਤਾਰਕਿਕ ਹੈ। ਸਾਡੀ ਸ਼ਖ਼ਸੀਅਤ ਦਾ ਅਪਹੁੰਚ ਅਤੇ ਅੰਧਕਾਰਮਈ ਖੇਤਰ ਹੈ।"[53] ਇਡ ਸ਼ਖ਼ਸੀਅਤ ਦਾ ਵਿਰਸੇ ਵਿੱਚ ਮਿਲਿਆ ਹੋਇਆ ਹਿੱਸਾ ਹੈ, ਜਿਸ ਵਿੱਚ ਕੱਚੇ ਅਤੇ ਗੈਰ-ਸੰਚਾਲਿਤ ਵਿਚਾਰ ਮੌਜੂਦ ਹੁੰਦੇ ਹਨ। ਇਸ ਵਿੱਚ ਤਰਕਹੀਣ ਵਿਚਾਰ, ਗੁੱਸਾ, ਕਾਮੁਕਤਾ, ਭੁੱਖ ਆਦਿ ਵੀ ਸ਼ਾਮਿਲ ਹਨ। ਇਡ ਲਈ ਨਿਆਇ ਸ਼ਾਸਤਰ ਦੀ ਕੋਈ ਮਹੱਤਤਾ ਨਹੀਂ ਹੈ। ਇਸ ਵਿੱਚ ਅਸੂਲਾਂ ਅਤੇ ਸਦਾਚਾਰਕ ਨਿਰਣੇ ਦੀ

---

[52] Bocock Robert, Sigmund Freud, Routledge, London and New York, 2002, P, 16.

[53] ਡਾ. ਕੁਲਵੰਤ ਸਿੰਘ, ਸਿਗਮੰਡ ਫ਼ਰਾਇਡ ਅਤੇ ਮਨੋਵਿਸ਼ਲੇਸ਼ਣ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2008, ਪੰਨਾ 59

ਘਾਟ ਹੁੰਦੀ ਹੈ। "ਇਹ ਅਚੇਤਨ ਵਾਂਗ ਹੀ ਉਥਲ-ਪੁਥਲ ਕਰਨ ਵਾਲ਼ਾ ਵਾਸਤਵਿਕਤਾ ਅਤੇ ਸੱਚਾਈ ਤੋਂ ਦੂਰ ਲਿਜਾਣ ਵਾਲ਼ਾ ਹੈ। ਇਸ ਲਈ ਇਸ ਵਿੱਚ ਮੌਜੂਦ ਤਰਕਹੀਣ ਵਿਚਾਰ, ਜੋ ਵੀ ਮਨੁੱਖ ਚਾਹੁੰਦਾ ਹੈ ਉਹ ਕਦੇ ਵੀ ਪੂਰੇ ਨਹੀਂ ਹੁੰਦੇ।"[54] ਇਡ ਵਿੱਚ ਸਾਡੀਆਂ ਉਹ ਸਾਰੀਆਂ ਦੱਬੀਆਂ ਅਤੇ ਨਾ ਪੂਰੀਆਂ ਹੋਣ ਵਾਲ਼ੀਆਂ ਇੱਛਾਵਾਂ ਪਈਆਂ ਹੁੰਦੀਆਂ ਹਨ। ਇਡ 'ਅਨੰਦਮਈ ਸਿਧਾਂਤ' ਨਾਲ਼ ਸੰਬੰਧਤ ਹੈ।

ਈਗੋ ਉਹ ਮੈਂ ਹੈ, ਜਿਹੜੀ ਸੋਚਦੀ ਮਹਿਸੂਸ ਕਰਦੀ, ਫੈਸਲਾ ਕਰਦੀ ਅਤੇ ਇੱਛਾ ਕਰਦੀ ਹੈ। ਇਹ ਸ਼ਖ਼ਸੀਅਤ ਦਾ ਉਹ ਭਾਗ ਹੈ ਜਿਹੜਾ ਬਾਹਰਲੀ ਦੁਨੀਆਂ ਨਾਲ਼ ਨੇੜਤਾ ਹੋਣ ਕਾਰਨ ਵਾਸਤਵਿਕ ਨਿਯਮ ਵਿੱਚ ਬਦਲ ਚੁੱਕਿਆ ਹੁੰਦਾ ਹੈ। ਸ਼ਖ਼ਸੀਅਤ ਦਾ ਪ੍ਰਸ਼ਾਸਨਿਕ ਅਧਿਕਾਰੀ ਹੋਣ ਕਾਰਨ ਇਹ ਮੁੱਖ ਰੂਪ ਵਿੱਚ ਸੁਚੇਤਨ, ਕੁੱਝ ਕੁ ਅਚੇਤਨ ਅਤੇ ਆਤਮਾ ਨਾਲ਼ ਜੁੜਿਆ ਹੁੰਦਾ ਹੈ। ਈਗੋ ਦਾ ਮੁੱਖ ਕੰਮ ਹੈ ਸਰੀਰ ਦਾ ਭੋਜਨ ਸੰਬੰਧੀ ਲੋੜਾਂ ਨੂੰ ਪੂਰਾ ਕਰਨਾ, ਇਸ ਨੂੰ ਸੱਟ ਤੋਂ ਬਚਾਉਣਾ, ਇਡ ਦੀਆਂ ਖਾਹਿਸ਼ਾਂ ਨੂੰ ਵਾਸਤਵਿਕ ਮੰਗਾਂ ਦੇ ਅਨੁਕੂਲ ਕਰਨਾ। ਇਡ ਤੇ ਸੁਪਰਈਗੋ ਦੀਆਂ ਪਰਸਪਰ ਵਿਰੋਧੀ ਖਾਹਿਸ਼ਾਂ ਦਾ ਸੰਯੋਜਨ ਕਰਨਾ। ਇਡ ਈਗੋ ਦਾ ਸ਼ਕਤੀ ਸੋਮਾ ਹੈ ਅਤੇ ਸੁਪਰ ਈਗੋ ਇਸ ਦਾ ਸਦਾਚਾਰਕ ਜਾਂ ਨੈਤਿਕ ਨਿਰੀਖਕ ਹੈ। "ਹਉਂ ਮਨ ਦਾ ਉਹ ਪੱਖ ਹੈ ਜਿਹੜਾ ਚੇਤਨ ਹੈ। ਇਹ ਦੁਜੈਲੀ-ਪ੍ਰਕਿਰਿਆ ਨੂੰ ਅਪਣਾਉਂਦਾ ਹੈ ਜਿਵੇਂ ਤਰਕ, ਸੂਝ-ਬੂਝ, ਸਿਆਣਪ ਅਤੇ ਬਾਹਰੀ ਉਤੇਜਨਾਵਾਂ ਤੋਂ ਆਪਣੇ ਆਪ ਨੂੰ ਰੋਕ ਕੇ ਰੱਖਣਾ। ਇਸ ਦਾ ਨਿਕਾਸ ਇਡ ਤੋਂ ਹੁੰਦਾ ਹੈ। ਫ਼ਰਾਇਡ ਨੇ ਇਸ ਨੂੰ ਵਿਸ਼ੇਸ਼ ਪ੍ਰਬੰਧ ਕਿਹਾ ਹੈ। ਇਸ ਦਾ ਸਰੀਰਕ ਇੰਦਰੀਆਂ ਜਿਵੇਂ ਗਿਆਨ ਇੰਦਰੀਆਂ ਨਾਲ਼ ਅਤਿ ਨਜ਼ਦੀਕੀ ਸੰਬੰਧ ਹੈ। ਇਹ ਸੰਬੰਧ ਇਸ ਲਈ ਵੀ ਹੈ ਕਿਉਂਕਿ ਮਨੁੱਖ ਗਿਆਨ ਇੰਦਰੀਆ ਦੁਆਰਾ ਬਾਹਰੀ ਸੰਸਾਰ ਨੂੰ ਵੇਖ ਕੇ ਉਤੇਜਿਤ ਹੁੰਦਾ ਹੈ ਅਤੇ ਉਸ ਵਿੱਚ ਸੰਵੇਦਨਾਵਾਂ ਉਜਾਗਰ ਹੁੰਦੀਆਂ ਹਨ। ਹਉਂ ਕਾਇਆ ਦਾ ਆਰੋਪਣ (Projection) ਹੈ। 'ਮੈਂ' ਸ਼ਬਦ ਕਿਸੇ ਵਿਅਕਤੀ ਦੀ ਸਰੀਰਕ ਵੱਖਰੀ ਹਸਤੀ ਦਾ ਅਹਿਸਾਸ ਕਰਵਾਉਂਦਾ ਹੈ। ਜਦ 'ਹਉਂ' ਇੱਕ ਵਾਰ ਜਨਮ ਲੈ ਲੈਂਦੀ ਹੈ, ਇਹ ਇਡ ਅਤੇ ਬਾਹਰਲੇ ਸੰਸਾਰ ਵਿਚਾਲੇ ਵਿਚੋਲਗੀ ਦਾ ਕੰਮ ਕਰਦੀ ਹੈ।"[55] ਈਗੋ ਤਰਕਵਾਦੀ ਹੋਣ ਦੇ ਨਾਲ਼-ਨਾਲ਼

[54] Kanwarjit Singh, A Text Book of General Psychology, Sohan Lall Madaan, Patiala, 2001, P, 121
[55] ਡਾ. ਕੁਲਵੰਤ ਸਿੰਘ, ਸਿਗਮੰਡ ਫ਼ਰਾਇਡ ਅਤੇ ਮਨੋਵਿਸ਼ਲੇਸ਼ਣ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2008, ਪੰਨਾ 60

ਸੱਚਾਈ ਦੇ ਸਿਧਾਂਤ ਨਾਲ਼ ਸੰਬੰਧਤ ਹੈ। ਇਹ ਇਡ ਦੇ ਨਾ ਬਰਦਾਸ਼ਤ ਕਰਨ ਯੋਗ ਵਿਚਾਰਾਂ ਨੂੰ ਕਾਬੂ ਵਿੱਚ ਕਰਨ ਦਾ ਕੰਮ ਕਰਦਾ ਹੈ ਅਤੇ ਹਾਲਾਤ ਮੁਤਾਬਿਕ ਲੋੜ ਪੈਣ ਤੇ ਸੱਚਾਈ ਤੇ ਆਧਾਰਤ ਇਡ ਦੀਆਂ ਇੱਛਾਵਾਂ ਦੀ ਪੂਰਤੀ ਵੀ ਕਰਦਾ ਹੈ। "ਈਗੋ ਸ਼ਖ਼ਸੀਅਤ ਦਾ ਉਹ ਤਰਕਵਾਦੀ ਹਿੱਸਾ ਹੈ ਜੋ ਇਡ ਦੀਆਂ ਗਤੀਵਿਧੀਆਂ ਨੂੰ ਨਿਯੰਤਰਿਤ ਕਰਦੇ ਹੋਏ, ਸਾਡੀ ਸਮਾਜਿਕ ਸ਼ਾਨ ਨੂੰ ਬਰਕਰਾਰ ਰੱਖਣ ਵਿੱਚ ਸਹਾਇਤਾ ਕਰਦਾ ਹੈ।"[56] ਈਗੋ ਸਮੇਂ ਅਨੁਸਾਰ ਫੈਸਲੇ ਲੈਣ, ਕਾਰਵਾਈਆਂ ਦਾ ਨਿਯੰਤਰਣ ਕਰਨ, ਮੰਗ ਅਨੁਸਾਰ ਸੋਚਣ ਦੇ ਸਮਰੱਥ ਬਣਾਉਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਦੀ ਹੈ।

ਅਤਿ ਹਉਮੈਂ (ਸੁਪਰ ਈਗੋ) ਆਮ ਤੌਰ ਤੇ ਜ਼ਮੀਰ ਜਾਂ ਆਤਮਾ ਨੂੰ ਕਿਹਾ ਜਾਂਦਾ ਹੈ। ਇਹ ਥੋੜ੍ਹੀ ਚੇਤਨ ਹੁੰਦੀ ਹੈ ਪ੍ਰੰਤੂ ਬਹੁਤ ਜ਼ਿਆਦਾ ਅਚੇਤਨ। ਇਸ ਵਿੱਚ ਵਿਰਸੇ ਵਿੱਚੋਂ ਮਿਲੀਆਂ ਨੈਤਿਕ ਤੇ ਸਦਾਚਾਰਕ ਬਿਰਤੀਆਂ ਸ਼ਾਮਿਲ ਹੁੰਦੀਆਂ ਹਨ ਜਿਹੜੀਆਂ ਕਿ ਸੱਭਿਅਤਾ ਦੁਆਰਾ ਪ੍ਰਾਪਤ ਕਾਬੂ ਸਦਾਚਾਰਾਂ, ਬੰਧਨਾਂ ਜਾਂ ਕੁਰਹਿਤਾਂ ਅਤੇ ਆਦਰਸ਼ਾਂ ਦੁਆਰਾ ਤੇਜ਼ ਹੋਈਆਂ ਜਾਂ ਪ੍ਰਵਰਤਿਤ ਹੋਈਆਂ ਹੁੰਦੀਆਂ ਹਨ। ਸ਼ਖ਼ਸੀਅਤ ਦੇ ਇਸ ਹਿੱਸੇ ਦੇ ਜ਼ਿੰਮੇ ਅਖਲਾਕੀ ਗੱਲਾਂ, ਸਮਾਜਿਕ ਮਿਆਰ ਅਤੇ ਮਨਾਹੀਆਂ ਨੂੰ ਲਾਗੂ ਕਰਨਾ ਹੁੰਦਾ ਹੈ ਜਿਹੜੀਆਂ ਕਿ ਉਸ ਦੇ ਮਾਪਿਆਂ, ਪਰਿਵਾਰਕ ਮੈਂਬਰਾਂ, ਅਧਿਆਪਕਾਂ ਅਤੇ ਸਮਾਜਿਕ ਭਾਈਚਾਰੇ ਵੱਲੋਂ ਦਿੱਤੀਆਂ ਗਈਆਂ ਹੁੰਦੀਆਂ ਹਨ। "ਪਰਾ-ਹਉਂ, ਹਉਂ ਤੋਂ ਨਿਖੜਵੀਂ ਹੁੰਦੀ ਹੈ। ਹਉਂ ਦੀ ਵਿਰੋਧੀ ਵੀ ਹੋ ਸਕਦੀ ਹੈ। ਮਨੁੱਖੀ ਮਨ ਦਾ ਇਹ ਤੀਜਾ ਅੰਗ ਹੈ, ਜਿਸ ਨੂੰ ਹਉਂ ਨੇ ਨਾਲ਼ ਲੈ ਕੇ ਚੱਲਣਾ ਹੁੰਦਾ ਹੈ। ਪਰਾ-ਹਉਂ ਦਾ ਵਿਕਾਸ ਮਾਂ-ਬਾਪ ਵੱਲੋਂ ਲਗਾਈਆਂ ਰੋਕਾਂ ਜਾਂ ਆਲੋਚਨਾ ਵਿੱਚੋਂ ਹੁੰਦਾ ਹੈ। ਮਾਂ-ਬਾਪ ਉੱਪਰ ਨਿਰਭਰਤਾ, ਬੱਚੇ ਨੂੰ ਉਹਨਾਂ ਵੱਲੋਂ ਦਿੱਤਾ ਨਿਰਦੇਸ਼ਨ ਅਤੇ ਸਮਾਜ ਦੇ ਬਣਾਏ ਨਿਯਮ ਬੱਚੇ ਦੇ ਮਨ ਵਿੱਚ ਅੰਤਰਸਾਤ ਹੋ ਜਾਂਦੇ ਹਨ। ਉਸ ਦੀ ਮਾਨਸਿਕਤਾ ਵਿੱਚ ਸਦੀਵ ਕਾਲ ਲਈ ਸਮਾ ਜਾਂਦੇ ਹਨ।"[57] ਅਤਿ ਹਉਮੈਂ ਮਨੁੱਖ ਦੀਆਂ ਨੈਤਿਕ ਕਦਰਾਂ-ਕੀਮਤਾਂ ਦੀ ਰੱਖਿਅਕ ਹੈ। ਇਹ ਸ਼ਖ਼ਸੀਅਤ ਦਾ ਉਹ ਹਿੱਸਾ ਹੈ ਜੋ ਮਨੁੱਖ ਨੂੰ ਸਮਾਜ ਦੁਆਰਾ ਪ੍ਰਵਾਨਿਤ ਕਦਰਾਂ-ਕੀਮਤਾਂ ਨੂੰ ਲਾਗੂ ਕਰਨ ਲਈ ਅੰਦਰੂਨੀ ਤੌਰ ਤੇ ਵਿਵਹਾਰ ਦਾ ਹਿੱਸਾ ਬਣਾਉਂਦੀ

[56] GILMER, B. VON HALLER, PSYCHOLOGY, Harper & Row Publishers, New York, Evanston, and London, 1970, P, 76

[57] ਡਾ. ਕੁਲਵੰਤ ਸਿੰਘ, ਸਿਗਮੰਡ ਫ਼ਰਾਇਡ ਅਤੇ ਮਨੋਵਿਸ਼ਲੇਸ਼ਣ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2008, ਪੰਨਾ 61

ਹੈ। ਇਹ ਨੈਤਿਕ ਸਿਧਾਂਤਾਂ ਤੇ ਆਧਾਰਿਤ ਹੁੰਦੀ ਹੈ। "ਇਹ ਮਨੁੱਖ ਦੀ ਅਜਿਹੀ ਤਰਕ ਸ਼ਕਤੀ ਹੈ, ਜੋ ਸਮਾਜ ਵਿੱਚ ਮੌਜੂਦ ਅਨੈਤਿਕ ਗਤੀਵਿਧੀਆਂ ਨੂੰ ਕਰਨ ਤੋਂ ਰੋਕਦੀ ਹੈ।"[58] ਭਾਵੇਂ ਕਿ ਇਡ ਅਤੇ ਸੁਪਰ-ਈਗੋ ਦੋਵੇਂ ਆਪਸ ਵਿੱਚ ਇੱਕ ਦੂਜੇ ਦੇ ਵਿਰੋਧੀ ਹਨ ਪ੍ਰੰਤੂ ਦੋਵਾਂ ਦੇ ਸੁਭਾਅ ਦਾ ਇੱਕ ਪੱਖ ਸਾਂਝਾ ਹੈ ਕਿ ਇਨ੍ਹਾਂ ਦਾ ਵਾਸਤਵਿਕਤਾ ਨਾਲ਼ ਕੋਈ ਸੰਬੰਧ ਨਹੀਂ ਹੁੰਦਾ। ਸੁਪਰ ਈਗੋ ਦਾ ਸੱਚਾਈ ਨਾਲ਼ ਸੰਬੰਧ ਨਾ ਹੋਣ ਕਾਰਨ ਇਸ ਤਹਿਤ ਮਨੁੱਖ ਕਈਂ ਵਾਰ ਅਜਿਹੇ ਨੇਕ ਕਰਮ ਕਰਦਾ ਹੈ, ਜੋ ਕਿ ਸਮਾਜਿਕ ਤਾਣੇ-ਬਾਣੇ ਵਿੱਚ ਫਿੱਟ ਨਹੀਂ ਹੁੰਦੇ। ਇਡ ਦਾ ਸੁਭਾਅ ਵਾਸਤਵਿਕਤਾ ਤੋਂ ਦੂਰ ਹੋਣ ਕਾਰਨ ਇਹ ਮਨੁੱਖ ਨੂੰ ਵਿਚਾਰਹੀਣ ਬਣਾਉਂਦੀ ਹੈ, ਕਿਉਂਕਿ ਇਸ ਵਿੱਚ ਮਨੁੱਖ ਹਮੇਸ਼ਾਂ ਅਨੰਦ ਦੀ ਭਾਲ਼ ਅਤੇ ਦਬੀਆਂ ਇੱਛਾਵਾਂ ਦੀ ਤ੍ਰਿਪਤੀ ਵਿੱਚ ਹੀ ਲੱਗਾ ਰਹਿੰਦਾ ਹੈ। ਈਗੋ, ਇਡ ਅਤੇ ਸੁਪਰਈਗੋ ਵਿਚਕਾਰ ਆਪਸੀ ਨਿਯੰਤਰਣ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਸਿਗਮੰਡ ਫ਼ਰਾਇਡ ਨੇ ਮਨੁੱਖੀ ਸ਼ਖ਼ਸੀਅਤ ਨੂੰ ਮਾਨਸਿਕ ਕਾਮੁਕਤਾ ਦੇ ਆਧਾਰ ਤੇ ਪੰਜ ਪੜਾਵਾਂ ਵਿੱਚ ਵੰਡਿਆ ਹੈ। (Oral Stage) ਸਵੈ-ਕਾਮ ਤ੍ਰਿਪਤੀ ਦੇ ਇਸ ਪੜਾਅ ਦੌਰਾਨ ਜਨਮ ਤੋਂ ਲੈ ਕੇ ਆਠਾਰਾਂ ਮਹੀਨਿਆ ਤੱਕ ਕਾਮ-ਵਾਸ਼ਨਾ ਆਪਣੇ ਖੁਦ ਦੇ ਸਰੀਰ ਉੱਤੇ ਟਿਕੀ ਰਹਿੰਦੀ ਹੈ। ਇਸ ਸਮੇਂ ਦੌਰਾਨ ਬੱਚਾ ਆਪਣੇ ਮੂੰਹ ਦੀ ਵਰਤੋਂ ਕਰਦੇ ਹੋਏ ਸਾਰੀਆਂ ਗਤੀਵਿਧੀਆਂ ਕਰਦਾ ਹੈ, ਜਿਵੇਂ ਕਿ ਕਿਸੇ ਵੀ ਚੀਜ਼ ਨੂੰ ਮੂੰਹ ਵਿੱਚ ਪਾ ਲੈਣਾ, ਹੱਥਾਂ, ਪੈਰਾਂ ਦੇ ਅੰਗੂਠਿਆਂ ਨੂੰ ਮੂੰਹ ਨਾਲ਼ ਚੂਸਣਾ। "ਇਸ ਸਟੇਜ ਤੇ ਪਹੁੰਚ ਕੇ ਬੁੱਲ੍ਹ ਅਤੇ ਮੂੰਹ ਉਸਦੀ ਕਾਮ ਉਤੇਜਨਾ ਸ਼ਾਂਤ ਕਰਨ ਦੇ ਖੇਤਰ ਹਨ। ਮਾਂ ਦੀ ਛਾਤੀ ਉਸਦੀ ਕਾਮ ਪ੍ਰਵਿਰਤੀ ਦੀ ਤ੍ਰਿਪਤੀ ਦਾ ਪਹਿਲਾ ਸ੍ਰੋਤ ਹੈ।"[59] ਇਸ (Anal Stage) ਗੁਦੇਈ ਪੜਾਅ ਦੌਰਾਨ ਅਠਾਰਾਂ ਮਹੀਨਿਆਂ ਤੋਂ ਲੈ ਕੇ ਤਕਰੀਬਨ ਤਿੰਨ ਸਾਲ ਤੱਕ ਹੁੰਦਾ ਹੈ। ਇਸ ਸਮੇਂ ਦੌਰਾਨ ਬੱਚਾ ਮਲ-ਮੂਤਰ ਕਰਨ ਦੌਰਾਨ ਅਨੰਦ ਲੈਂਦਾ ਹੈ। "ਇਸ ਆਯੂ ਵਿਚਕਾਰ ਬੱਚਾ ਆਪਣੇ ਆਪ ਨੂੰ ਇੱਕ ਸੁਤੰਤਰ ਵਿਅਕਤੀ ਸਮਝ ਕੇ ਸੁਚੇਤਨ ਹੋ ਜਾਂਦਾ ਹੈ ਅਤੇ ਆਪਣੇ ਆਪ ਨੂੰ ਇੱਕ ਵਿਅਕਤੀ ਮੰਨ ਕੇ ਆਪਣੀ ਕਾਮ-ਵਾਸ਼ਨਾ ਨੂੰ ਆਪਣੇ ਉੱਤੇ ਹੀ ਲਾਗੂ ਕਰਦਾ ਹੈ।

---

58 Kanwarjit Singh, A Text Book of General Psychology, Sohan Lall Madaan, Patiala, 2001, P, 121

59 ਸਿਗਮੰਡ ਫਰਾਇਡ (ਮੂਲ ਲੇਖਕ), ਹਰਜੀਤ ਸਿੰਘ ਮਾਂਗਟ (ਅਨੁਵਾਦਕ:), ਮਨੋ ਵਿਸ਼ਲੇਸ਼ਣ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2001, ਪੰਨਾ 98

ਇਸ ਸਵੈ-ਪਿਆਰ ਨੂੰ ਆਤਮ-ਪੂਜਾ (Narcissism) ਦਾ ਨਾਂ ਦਿੱਤਾ ਗਿਆ ਹੈ।"[60] (Phallic Stage) ਲਿੰਗੀ ਪੜਾਅ ਦਾ ਸਮਾਂ ਤਿੰਨ ਤੋਂ ਛੇ ਸਾਲ ਤੱਕ ਦਾ ਮੰਨਿਆ ਜਾਂਦਾ ਹੈ। ਇਸ ਅਵਸਥਾ ਦੌਰਾਨ ਕਾਮ-ਵਾਸ਼ਨਾ ਦਾ ਨਿਸ਼ਾਨਾ ਵਿਰੋਧੀ ਲਿੰਗ ਹੁੰਦਾ ਹੈ। ਇਸ ਨੂੰ ਈਡੀਪਸ ਭਾਵਨਾ (Oedipus Complex) ਵੀ ਕਿਹਾ ਜਾਂਦਾ ਹੈ। ਜਿਵੇਂ ਕਿ ਛੋਟੀਆਂ ਲੜਕੀਆਂ ਆਪਣੇ ਪਿਤਾ ਨੂੰ ਅਤੇ ਛੋਟੇ ਲੜਕੇ ਆਪਣੀ ਮਾਤਾ ਨੂੰ ਪਸੰਦ ਕਰਦੇ ਹਨ। "ਇਸ ਸਟੇਜ ਤੇ ਪਹੁੰਚ ਕੇ ਬੱਚਾ ਵਿਰੋਧੀ ਲਿੰਗ ਪ੍ਰਤੀ ਚਿੱਤਰ ਸਿਰਜਦਾ ਹੈ। ਇਸ ਅਵਸਥਾ ਵਿੱਚ ਬੱਚਾ ਆਪਣੀ ਮਾਂ ਪ੍ਰਤੀ ਆਕਰਸ਼ਿਤ ਹੁੰਦਾ ਹੋਇਆ ਈਡੀਪਸ ਭਾਵਨਾ ਵਿਕਸਤ ਕਰਦਾ ਹੈ ਅਤੇ ਬੱਚੀ ਆਪਣੇ ਬਾਪ ਪ੍ਰਤੀ ਆਕਰਸ਼ਿਤ ਹੁੰਦੀ ਹੋਈ ਇਲੈਕਟ੍ਰਾ ਭਾਵਨਾ ਵਿਕਸਤ ਕਰਦੀ ਹੈ।"[61] ਈਡੀਪਸ ਦੀ ਭਾਵਨਾ ਵਿੱਚ ਬੱਚੇ ਦੇ ਮਨ ਵਿੱਚ ਉਲਝਣ ਵਾਲ਼ੀ ਸਥਿਤੀ ਪੈਦਾ ਹੁੰਦੀ ਹੈ ਜਦੋਂ ਉਹ ਆਪਣੀ ਮਾਂ ਨੂੰ ਬਾਪ ਲਈ ਖਾਸ ਸਨੇਹ ਜਤਾਉਂਦਿਆਂ ਵੇਖਦਾ ਹੈ। "ਬੱਚਾ ਕੇਵਲ ਆਪਣੀ ਮਾਂ ਨੂੰ ਚਾਹੁੰਦਾ ਹੈ। ਬਾਪ ਜਦੋਂ ਮਾਂ ਨਾਲ਼ ਪਿਆਰ ਕਰਦਾ ਹੈ ਤਾਂ ਉਹ ਬੇਚੈਨ ਹੋ ਉੱਠਦਾ ਹੈ ਤੇ ਬਾਪ ਦੇ ਜਾਣ ਤੇ ਰਾਹਤ ਅਨੁਭਵ ਕਰਦਾ ਹੈ।"[62](Latency Stage) ਕਾਮ ਨਿਸ਼ਕਿਰਿਆ ਦੇ ਇਸ ਪੜਾਅ ਨੂੰ ਛੇ ਸਾਲ ਤੋਂ ਕਿਸ਼ੋਰ ਅਵਸਥਾ ਤੱਕ ਮੰਨਿਆ ਜਾਂਦਾ ਹੈ। ਜਿਸ ਦੌਰਾਨ ਉਹ ਆਪਣੀਆਂ ਕਾਮੁਕ ਤ੍ਰਿਪਤੀਆਂ ਨੂੰ ਤਿਆਗ ਦਿੰਦਾ ਹੈ ਅਤੇ ਸਮਾਜਿਕ ਨੈਤਿਕਤਾ ਵੱਲ ਨੂੰ ਵਧਦਾ ਹੈ। "ਇਹ ਅਵਸਥਾ ਲਿੰਗੀ ਪੜਾਅ ਦੇ ਨਾਲ਼-ਨਾਲ਼ ਚੱਲਦੀ ਹੈ। ਇਸ ਵਿੱਚ ਮਨੋ-ਕਾਮੁਕ ਪ੍ਰਵਿਰਤੀਆਂ ਬਹੁਤੀਆਂ ਵਿਕਸਤ ਨਹੀਂ ਹੁੰਦੀਆਂ। ਇਹ ਵਾਧਾ, ਵਿਕਾਸ ਅਤੇ ਸਿੱਖਣ ਦਾ ਸਮਾਂ ਹੈ।"[63] (Genital Stage) ਜਣਨ ਪੜਾਅ ਨੂੰ ਕਿਸ਼ੋਰ ਅਵਸਥਾ ਤੋਂ ਲੜਕਪਣ ਤੱਕ ਦਾ ਮੰਨਿਆ ਜਾਂਦਾ ਹੈ। ਇਸ ਸਮੇਂ ਉਸ ਦੀਆਂ ਕਾਮੁਕ ਇੱਛਾਵਾਂ ਦੁਬਾਰਾ ਪੈਦਾ ਹੁੰਦੀਆਂ ਹਨ ਅਤੇ ਉਹ ਸਮਝਦਾਰੀ ਭਰਿਆ ਕਾਮੁਕ ਰਿਸ਼ਤਾ ਬਣਾਉਂਦਾ ਹੈ। "ਇਸ ਅਵਸਥਾ ਵਿੱਚ ਵਿਰੋਧੀ ਲਿੰਗ ਪ੍ਰਤੀ ਉਤੇਜਨਾ ਪੈਦਾ ਹੁੰਦੀ ਹੈ। ਇਸ ਅਵਸਥਾ ਵਿੱਚ ਬੱਚੇ ਨੂੰ ਕਾਮੁਕ ਸੰਤੁਸ਼ਟੀ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਉਸ ਦੇ ਜਣਨ ਅੰਗਾਂ ਦਾ ਵਿਕਾਸ ਹੋਣਾ ਸ਼ੁਰੂ

---

60 ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, ਪੰਨਾ 210-211

61 Hussain, S., Understanding Human Behaviour, H.P. Bhargava Book house, Agra, 1998, P, 14-15

62 ਸਿਗਮੰਡ ਫਰਾਇਡ (ਮੂਲ ਲੇਖਕ), ਹਰਜੀਤ ਸਿੰਘ ਮਾਂਗਟ (ਅਨੁਵਾਦਕ:), ਮਨੋ ਵਿਸ਼ਲੇਸ਼ਣ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2001, ਪੰਨਾ 103

63 Hussain, S., Understanding Human Behaviour, H.P. Bhargava Book house, Agra, 1998, P, 14-15

ਹੋ ਜਾਂਦਾ ਹੈ।"[64] ਇਹ ਕਿਸ਼ੋਰ ਅਵਸਥਾ ਦੀ ਸ਼ੁਰੂਆਤ ਹੈ ਜਿਸ ਦੌਰਾਨ ਉਸ ਨੂੰ ਅਸ਼ਲੀਲ ਅਤੇ ਭੱਦੇ ਮਜ਼ਾਕ ਕਰਨੇ, ਅਸ਼ਲੀਲ ਨਾਵਲ ਪੜ੍ਹਨੇ ਚੰਗੇ ਲੱਗਦੇ ਹਨ। ਇਸ ਦੇ ਨਾਲ਼ ਹੀ ਸਮਾਜਿਕ ਰੋਕਾਂ ਅਤੇ ਮਨਾਹੀਆਂ ਕਾਰਨ ਕਈਂ ਹਾਲਤਾਂ ਵਿੱਚ ਸਮਲਿੰਗੀਆਂ ਵਾਲ਼ਾ ਵਤੀਰਾ ਵੀ ਪਾਇਆ ਜਾਂਦਾ ਹੈ। ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਮਨੋ-ਕਾਮੁਕ ਤ੍ਰਿਪਤੀਆਂ ਦਾ ਸਾਡੀਆਂ ਆਦਤਾਂ ਅਤੇ ਸ਼ਖ਼ਸੀਅਤ ਨੂੰ ਬਣਾਉਣ ਵਿੱਚ ਮਹੱਤਵਪੂਰਨ ਰੋਲ ਹੁੰਦਾ ਹੈ।

ਵਿਅਕਤੀ ਦੇ ਸਰੀਰਕ ਢਾਂਚੇ, ਖ਼ੂਨ ਦੀਆਂ ਕਿਸਮਾਂ ਅਤੇ ਉਸ ਦੇ ਸਰੀਰ ਵਿੱਚ ਤਰਲ ਪਦਾਰਥਾਂ ਅਨੁਸਾਰ ਵਰਗੀਕਰਣ ਕੀਤਾ ਜਾਂਦਾ ਹੈ। ਯੂਨਾਨੀ ਵਿਦਵਾਨ ਹਿਪੋਕ੍ਰੇਟਸ (Hippocrate's) ਅਨੁਸਾਰ ਮਨੁੱਖੀ ਵਿਅਕਤਿਤਵ ਨੂੰ ਚਾਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। "ਆਸ਼ਾਵਾਦੀ (Sanguine) ਅਜਿਹੇ ਵਿਅਕਤੀਆਂ ਵਿੱਚ ਤਰਲ ਪਦਾਰਥ ਲਹੂ ਲਾਲ ਤਰਲ ਦਾ ਹੁੰਦਾ ਹੈ। ਇਹ ਪ੍ਰਕਾਰ ਰਕਤ ਪ੍ਰਧਾਨ ਹੈ। ਅਜਿਹੇ ਵਿਅਕਤੀ ਚੁਸਤ ਅਤੇ ਆਸ਼ਾਵਾਦੀ ਹੁੰਦੇ ਹਨ। ਨਿਰਾਸ਼ਾਵਾਦੀ (Melancholic) ਅਜਿਹੇ ਵਿਅਕਤੀ ਕਾਲ਼ਾ ਤਰਲ ਵਾਲ਼ੇ ਅਤੇ ਵਾਤ ਪ੍ਰਧਾਨ ਹੁੰਦੇ ਹਨ। ਹਮੇਸ਼ਾ ਹੀ ਨਿਰਾਸ਼ਾਵਾਦੀ ਤੇ ਉਦਾਸ ਰਹਿੰਦੇ ਹਨ। ਕ੍ਰੋਧੀ (Choleric) ਉਹ ਪੀਲ਼ਾ ਤਰਲ ਵਾਲ਼ੇ ਅਤੇ ਪਿੱਤ ਪ੍ਰਧਾਨ ਹੁੰਦੇ ਹਨ। ਬਹੁਤ ਗੁਸੈਲੇ ਪਰ ਤਕੜੇ ਹੁੰਦੇ ਹਨ। ਮੰਦ (Phlegmatic) ਕਫ ਰੇਸ਼ਾ ਕਫ ਪ੍ਰਧਾਨ ਹੁੰਦੇ ਹਨ। ਸੁਸਤ ਤੇ ਚਿੱਪੜ ਹੁੰਦੇ ਹਨ। ਇਹ ਵਿਅਕਤੀ ਸੁਸਤ, ਮੰਦ, ਉਤੇਜਨਾਹੀਣ ਅਤੇ ਕਮਜ਼ੋਰ ਹੁੰਦੇ ਹਨ।"[65]

ਜਰਮਨ ਦੇ ਦਾਰਸ਼ਨਿਕ ਸਪਰੈਂਗਰ ਨੇ ਮਨੁੱਖੀ ਸ਼ਖ਼ਸੀਅਤ ਨੂੰ ਛੇ ਤਰ੍ਹਾਂ ਦੀ ਦੱਸਿਆ ਹੈ। ਸਿਧਾਂਤਕ (Theoretical) ਵਿਅਕਤੀ ਆਪਣੀ ਜ਼ਿੰਦਗੀ ਵਿੱਚ ਆਦਰਸ਼ਵਾਦੀ ਨਜ਼ਰੀਆ ਰੱਖਦੇ ਹਨ। ਜੋ ਅਸੂਲਾਂ ਨੂੰ ਪ੍ਰਮੁੱਖਤਾ ਦਿੰਦੇ ਹੋਏ ਜ਼ਿੰਦਗੀ ਜਿਉਂਦੇ ਹਨ। "ਇਹ ਉਹ ਵਿਅਕਤੀ ਹੁੰਦੇ ਹਨ ਜਿਨ੍ਹਾਂ ਦੀ ਬਹੁਤੀ ਰੁਚੀ ਸਿਧਾਂਤਾਂ, ਨਿਯਮਾਂ, ਅਸੂਲਾਂ ਅਤੇ ਆਦਰਸ਼ਾਂ ਆਦਿ ਵਿੱਚ ਹੁੰਦੀ ਹੈ। ਇਹ ਸੱਚਾਈ ਦੇ ਰਾਸਤੇ ਉਤੇ ਚਲਦੇ

---

64 Hussain, S., Understanding Human Behaviour, H.P. Bhargava Book house, Agra, 1998 P, 14-15

65 ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 213-214

ਹਨ। ਉਹ ਸੱਚ ਦੇ ਪੁਜਾਰੀ ਹੁੰਦੇ ਹਨ। ਅਜਿਹੇ ਵਿਅਕਤੀ ਫ਼ਿਲਾਸਫ਼ਰ ਹੁੰਦੇ ਹਨ।"[66] ਕਲਾਤਮਕ (Aesthetic) ਵਿਅਕਤੀ ਸੁਹਜਵਾਦੀ ਰੁਚੀਆਂ ਰੱਖਦੇ ਹਨ। ਇਹ ਆਪਣੇ ਜੀਵਨ ਵਿੱਚ ਹਰ ਕੰਮ ਨੂੰ ਕਲਾਤਮਕ ਢੰਗ ਨਾਲ ਕਰਦੇ ਹਨ। ਅਤੇ ਦੂਜਿਆਂ ਲਈ ਖਿੱਚ ਦਾ ਕੇਂਦਰ ਬਣੇ ਰਹਿੰਦੇ ਹਨ। "ਉਹ ਹਰੇਕ ਵਸਤੂ ਨੂੰ ਕਲਾ ਦੀ ਦ੍ਰਿਸ਼ਟੀ ਨਾਲ਼ ਦੇਖਦੇ ਹਨ। ਉਹਨਾਂ ਵਿੱਚ ਕਲਾ ਅਤੇ ਸੁੰਦਰਤਾ ਵਿੱਚ ਸੰਬੰਧ ਕਾਇਮ ਕਰਨ ਦੀ ਇੱਛਾ ਹੁੰਦੀ ਹੈ।"[67] ਸਮਾਜਿਕ (Social) ਵਿਅਕਤੀ ਸਮਾਜਿਕ ਕੰਮਾਂ ਜਾਂ ਸਮਾਜ ਦੀ ਸੇਵਾ ਵਿੱਚ ਦਿਲਚਸਪੀ ਲੈਣ ਵਾਲ਼ੇ ਵਿਅਕਤੀ ਹੁੰਦੇ ਹਨ। "ਉਹ ਪ੍ਰੇਮ ਦੇ ਪੁਜਾਰੀ ਹੁੰਦੇ ਹਨ ਦਇਆ ਤੇ ਹਮਦਰਦੀ ਵਿੱਚ ਵਿਸ਼ਵਾਸ ਕਰਦੇ ਹਨ। ਉਨ੍ਹਾਂ ਨੂੰ ਸੱਚਾਈ ਅਤੇ ਮਨੁੱਖਤਾ ਵਿੱਚ ਬਹੁਤ ਸ਼ਰਧਾ ਹੁੰਦੀ ਹੈ।"[68] ਆਰਥਿਕਤਾ ਨੂੰ ਮਹੱਤਤਾ ਦੇਣ ਵਾਲ਼ੇ ਅਤੇ ਜ਼ਿੰਦਗੀ ਵਿੱਚ ਹਰ ਥਾਂ ਤੇ ਆਪਣੇ ਆਰਥਿਕ ਫਾਇਦੇ ਨੂੰ ਸਾਹਮਣੇ ਰੱਖ ਕੇ ਚੱਲਣ ਵਾਲ਼ੇ ਵਿਅਕਤੀ ਆਰਥਿਕ ਵਰਗ ਵਿੱਚ ਆਉਂਦੇ ਹਨ। "ਉਹ ਹਰੇਕ ਕੰਮ ਨੂੰ ਲਾਭ ਦੀ ਦ੍ਰਿਸ਼ਟੀ ਨਾਲ਼ ਕਰਨਾ ਚਾਹੁੰਦੇ ਹਨ ਕਿਉਂਕਿ ਉਹ ਧਨ ਨੂੰ ਜ਼ਿਆਦਾ ਮਹੱਤਤਾ ਦੇਂਦੇ ਹਨ। ਵਾਪਾਰੀ ਲੋਕ ਇਸ ਪ੍ਰਕਾਰ ਦੇ ਵਿਅਕਤੀ ਹੁੰਦੇ ਹਨ।"[69] ਸੱਤਾ, ਪਭੂਸੱਤਾ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਨ ਵਾਲ਼ੇ ਲੋਕ ਰਾਜਨੀਤਕ ਹੁੰਦੇ ਹਨ। ਸੱਤਾ ਦੀ ਪ੍ਰਾਪਤੀ ਹੀ ਇਨ੍ਹਾਂ ਦਾ ਨਿਸ਼ਾਨਾ ਹੁੰਦਾ ਹੈ। "ਕੁੱਝ ਖਾਸ ਵਿਅਕਤੀਆਂ ਦਾ ਹੀ ਝੁਕਾਅ ਇਸ ਪਾਸੇ ਵੱਲ ਹੁੰਦਾ ਹੈ। ਸਿਆਸਤਦਾਨ, ਰਾਜਨੀਤਿਕ ਵਿਅਕਤੀ (Political) ਇਸ ਵਰਗ ਵਿੱਚ ਆਉਂਦੇ ਹਨ।"[70] ਧਾਰਮਿਕ (Religious) ਵਿਅਕਤੀ ਰੱਬ ਦੀ ਰਜ਼ਾ ਵਿੱਚ ਰਹਿਣ ਵਾਲ਼ੇ ਅਤੇ ਅਧਿਆਤਮਿਕਤਾ ਦੇ ਰਾਸਤੇ ਉਤੇ ਚੱਲਣ ਵਾਲ਼ੇ ਹੁੰਦੇ ਹਨ। ਇਹ ਵਿਅਕਤੀ ਨਿਮਰਤਾ ਦੇ ਧਾਰਨੀ ਹੁੰਦੇ ਹਨ। "ਉਹਨਾਂ ਦਾ ਜੀਵਨ ਸਾਦਾ ਅਤੇ ਸਰਲ ਹੁੰਦਾ ਹੈ। ਉਹ ਧਾਰਮਿਕ ਕਿਰਿਆਵਾਂ ਅਤੇ ਸਮਾਗਮਾਂ ਵਿੱਚ ਭਾਗ ਲੈਣ ਦੇ

---

66 ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 215

67 ਉਹੀ, ਪੰਨਾ 215

68 ਉਹੀ, ਪੰਨਾ 215

69 ਉਹੀ, ਪੰਨਾ 215

70 ਉਹੀ, ਪੰਨਾ 215-216

ਦੀਵਾਨੇ ਹੁੰਦੇ ਹਨ। ਸਾਧੂ ਸੰਤ ਇਸ ਵਰਗ ਵਿੱਚ ਆਉਂਦੇ ਹਨ।"[71] ਮਨੁੱਖੀ ਸ਼ਖ਼ਸੀਅਤ ਨੂੰ ਸਵਿਟਜ਼ਰਲੈਂਡ ਦੇ ਮਨੋਵਿਗਿਆਨੀ ਕਾਰਲ ਜੁੰਗ ਨੇ ਮਨੁੱਖੀ ਵਿਵਹਾਰ ਅਤੇ ਮਨੋ ਬਿਰਤੀਆਂ ਦੇ ਆਧਾਰ 'ਤੇ ਅੰਤਰਮੁਖੀ, ਬਾਹਰਮੁਖੀ ਅਤੇ ਮੱਧਮੁਖੀ ਤਿੰਨ ਭਾਗਾਂ ਵਿੱਚ ਵੰਡਿਆ ਹੈ। ਇਹ ਤਿੰਨ ਤਰ੍ਹਾਂ ਦੀ ਸ਼ਖ਼ਸੀਅਤ ਵਾਲ਼ੇ ਵਿਅਕਤੀ ਅਪਣੀ ਸੋਚ, ਵਿਚਾਰ, ਵਿਵਹਾਰ ਅਤੇ ਕਰਮ ਦੇ ਆਧਾਰ ਤੇ ਇੱਕ ਦੂਜੇ ਤੋਂ ਭਿੰਨਤਾ ਰੱਖਦੇ ਹਨ। ਅੰਤਰਮੁਖੀ ਵਿਅਕਤੀ ਆਪਣੀ ਹੀ ਧੁਨ ਵਿੱਚ ਸਵਾਰ ਹੋ ਕੇ ਅਤੇ ਦੂਜਿਆਂ ਤੋ ਬੇਪਰਵਾਹ ਹੋ ਕੇ ਜ਼ਿੰਦਗੀ ਜਿਉਂਦੇ ਹਨ। ਇਨ੍ਹਾਂ ਦਾ ਡੂੰਘਾ ਸੰਬੰਧ ਖੁਦ ਦੀਆਂ ਅੰਦਰੂਨੀ ਭਾਵਨਾਵਾਂ ਨਾਲ਼ ਹੁੰਦਾ ਹੈ। "ਅਜਿਹੀ ਸ਼ਖ਼ਸੀਅਤ ਵਾਲ਼ੇ ਵਿਅਕਤੀ ਅੰਦਰੂਨੀ ਭਾਵਨਾਵਾਂ ਦੁਆਰਾ ਮਾਰਗ-ਦਰਸ਼ਿਤ ਹੁੰਦੇ ਹਨ ਜੋ ਕਿ ਭੌਤਿਕ ਸੱਚਾਈ ਦੇ ਪ੍ਰਭਾਵ ਦੁਆਰਾ ਉਤੇਜਿਤ ਹੁੰਦੇ ਹਨ।"[72] ਇਹ ਬਾਹਰਲੀ ਦੁਨੀਆਂ ਤੋਂ ਟੁੱਟੇ ਹੋਏ ਹੁੰਦੇ ਹਨ, ਕਿਉਂਕਿ ਇਹ ਲੋਕਾਂ ਨੂੰ ਬਹੁਤ ਘੱਟ ਮਿਲਣਾ ਪਸੰਦ ਕਰਦੇ ਹਨ। ਇਹ ਵਿਅਕਤੀ ਬਹੁਤ ਘੱਟ ਬੋਲਦੇ ਹਨ ਅਤੇ ਜ਼ਿਆਦਾ ਸੋਚਦੇ ਹਨ। ਇਹ ਆਪਣੀ ਅੰਦਰਲੀ ਦੁਨੀਆਂ ਵਿੱਚ ਹੀ ਮਸਤ ਹੋ ਕੇ ਇਕੱਲੇਪਣ ਵਿੱਚ ਰਹਿੰਦੇ ਹਨ। "ਅੰਤਰ-ਮੁੱਖਤਾ ਤੋਂ (introversion) ਭਾਵ ਵਿਅਕਤੀ ਦੀ ਉਸ ਆਂਤ੍ਰਿਕ ਵ੍ਰਿਤੀ ਤੋਂ ਹੈ ਜਿਸ ਦੇ ਕਾਰਣ ਉਹ ਆਪਣੇ ਵਿਚਾਰਾਂ, ਅਨੁਭਵਾਂ ਅਤੇ ਆਦਰਸ਼ਾਂ ਵਿੱਚ ਅਧਿਕ ਰੁੱਚੀ ਰੱਖਦਾ ਹੈ ਅਤੇ ਇਨ੍ਹਾਂ ਨੂੰ ਹੀ ਮਹੱਤਵਪੂਰਣ ਸਮਝਦਾ ਹੈ।"[73] ਸ਼ਰਮੀਲਾਪਣ, ਚੁੱਪੀ, ਤਨਹਾਈ ਅਤੇ ਦੂਜਿਆਂ ਨਾਲ਼ੋਂ ਵਖਰੇਵਾਂ ਇਹਨਾਂ ਦੇ ਸੁਭਾਅ ਦਾ ਮਹੱਤਵਪੂਰਨ ਪੱਖ ਹੁੰਦਾ ਹੈ। ਅਜਿਹੇ ਲੋਕਾਂ ਕੋਲ਼ ਬਹੁਤ ਹੀ ਅਲੱਗ ਤਰ੍ਹਾਂ ਦਾ ਭਾਵਨਾਵਾਂ ਦਾ ਸੰਗ੍ਰਹਿ ਹੁੰਦਾ ਹੈ। ਇਨ੍ਹਾਂ ਦੀ ਸਾਰੀ ਸੋਚ ਦਾ ਪ੍ਰਭਾਵ ਇਨ੍ਹਾਂ ਭਾਵਨਾਵਾਂ ਦੇ ਦੁਆਲ਼ੇ ਹੀ ਘੁੰਮਦਾ ਹੈ। ਇਨ੍ਹਾਂ ਦਾ ਸਾਰਾ ਜੀਵਨ ਚੰਗਿਆਈ ਨਾਲ਼ ਜੁੜਿਆ ਹੁੰਦਾ ਹੈ। ਅਜਿਹੇ ਲੋਕ ਸਮਾਜ ਦੀਆਂ ਨੈਤਿਕ ਕਦਰਾਂ-ਕੀਮਤਾਂ ਦੀ ਰੀੜ ਦੀ ਹੱਡੀ ਹੁੰਦੇ ਹਨ। ਇਹ ਲੋਕ ਭਾਸ਼ਣ ਜਾਂ ਉਪਦੇਸ਼ ਦੇਣ ਦੀ ਬਜਾਇ ਸਮਾਜ ਦੀ ਭਲਾਈ ਲਈ ਮੂਹਰੇ ਹੋ ਕੇ ਕੰਮ ਕਰਨਾ ਪਸੰਦ ਕਰਦੇ ਹਨ। "ਇਹ ਜ਼ਿਆਦਾਤਰ ਸ਼ਾਂਤ ਸੁਭਾਅ, ਪਹੁੰਚ ਤੋਂ ਬਾਹਰ, ਸਮਝ ਤੋਂ

---

[71] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 216

[72] Stevens, Anthony., JUNG A Very Short Introduction, OXFORD University Press, New York, 2006, P, 91

[73] ਆਰ. ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ, ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 110

ਬਾਹਰ, ਅਨੰਦਮਈ, ਆਕਰਸ਼ਣ ਰਹਿਤ, ਦੂਜਿਆਂ ਲਈ ਸੁੱਖਦਾਇਕ ਅਤੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਈ ਇੱਛਾ ਨਹੀਂ ਰੱਖਦੇ।"[74] ਅਜਿਹੇ ਲੋਕਾਂ ਦੀਆਂ ਸਾਰੀਆਂ ਗਤੀਵਿਧੀਆਂ ਬੌਧਿਕਤਾ ਦੇ ਦੁਆਲ਼ੇ ਘੁੰਮਦੀਆਂ ਹਨ ਜੋ ਕਿ ਇਨ੍ਹਾਂ ਦੇ ਅੰਦਰੂਨ ਨਾਲ਼ ਸੰਬੰਧਤ ਹੁੰਦੀਆਂ ਹਨ। ਇਹ ਲੋਕ ਬਾਹਰੀ ਪੇਸ਼ਕਾਰੀਆਂ ਦੀ ਬਜਾਇ ਸਿਧਾਂਤਾਂ ਅਤੇ ਵਿਚਾਰਾਂ ਨਾਲ਼ ਜੁੜੇ ਹੁੰਦੇ ਹਨ। ਇਨ੍ਹਾਂ ਦੀ ਸ਼ਖ਼ਸੀਅਤ ਦਾ ਵਿਕਾਸ ਅਤੇ ਪ੍ਰਸਤੁਤੀਕਰਨ ਨਿੱਜੀ ਵਿਚਾਰਾਂ ਨਾਲ਼ ਜੁੜਿਆਂ ਹੁੰਦਾ ਹੈ, ਜਿਸ ਕਾਰਨ ਇਸ ਨੂੰ ਪਾਰਖੂ ਅੱਖ ਹੀ ਸਮਝ ਸਕਦੀ ਹੈ। ਅਜਿਹੀ ਕਿਸਮ ਦੇ ਲੋਕਾਂ ਦੀ ਮਾਨਸਿਕਤਾ ਅਲੱਗ ਤਰ੍ਹਾਂ ਦੀ ਹੁੰਦੀ ਹੈ, ਕਿਉਂਕਿ ਇਹ ਇਕਾਂਤ ਵਿੱਚ ਰਹਿਣਾ ਪਸੰਦ ਕਰਦੇ ਹਨ, ਇਕਾਂਤ ਹੀ ਇਨ੍ਹਾਂ ਦੀ ਸੰਗਤ ਹੁੰਦੀ ਹੈ। ਅਜਿਹੇ ਵਿਅਕਤੀ ਚਿੰਤਕ, ਲੇਖਕ, ਫ਼ਿਲਾਸਫ਼ਰ, ਚਿੱਤਰਕਾਰ, ਕਲਾਕਾਰ ਅਤੇ ਵਿਗਿਆਨੀ ਹੁੰਦੇ ਹਨ। ਅਜਿਹੇ ਲੋਕਾਂ ਕੋਲ਼ ਦ੍ਰਿਸ਼, ਰੰਗਾਂ, ਕਿਤਾਬਾਂ ਦੇ ਪੈਰ੍ਹਿਆਂ, ਸੰਗੀਤ, ਗੱਲਬਾਤ, ਖੁਸ਼ਬੋਆਂ, ਸੁਆਦਾਂ ਅਤੇ ਭਾਵਨਾਵਾਂ ਆਦਿ ਨੂੰ ਯਾਦ ਰੱਖਣ ਲਈ ਵਧੇਰੇ ਯਾਦ ਸ਼ਕਤੀ ਹੁੰਦੀ ਹੈ।

ਬਾਹਰਮੁਖੀ ਵਿਅਕਤੀ ਦੂਜਿਆਂ ਨਾਲ਼ ਘੁਲਣ-ਮਿਲਣ ਵਾਲ਼ੇ ਅਤੇ ਮਿਲਣਸਾਰ ਹੁੰਦੇ ਹਨ। ਇਹਨਾਂ ਦਾ ਦੂਜਿਆਂ ਨਾਲ਼ ਮਿੱਤਰਾਂ ਵਾਲ਼ਾ ਵਿਵਹਾਰ ਹੁੰਦਾ ਹੈ। ਇਹ ਵਿਅਕਤੀ ਹੱਸਮੁਖ, ਚਿੰਤਾ ਮੁਕਤ, ਤਣਾਉ ਰਹਿਤ ਅਤੇ ਨਿੱਘੇ ਸੁਭਾਅ ਦੇ ਮਾਲਕ ਹੁੰਦੇ ਹਨ। ਇਹ ਬਾਹਰਲੀ ਦੁਨੀਆਂ ਨੂੰ ਮਹੱਤਤਾ ਦਿੰਦੇ ਹੋਏ ਜ਼ਿੰਦਗੀ ਜਿਉਂਦੇ ਹਨ। "ਬਾਹਰ-ਮੁੱਖਤਾ (Extraversion) ਤੋਂ ਭਾਵ ਵਿਅਕਤੀ ਦੀ ਬਾਹਰੀ ਜਗਤ (ਲੋਕਾਂ ਦਾ ਸੰਸਾਰ ਵੀ ਇਸ ਵਿੱਚ ਸੰਮਿਲਿਤ ਹੈ) ਵਿੱਚ ਕੇਂਦ੍ਰਿਤ ਰੁੱਚੀ ਤੋਂ ਹੈ ਜਿਸ ਦੇ ਕਾਰਣ ਵਿਅਕਤੀ ਬਾਹਰੀ ਜਗਤ ਨੂੰ ਹੀ ਅਧਿਕ ਮਹੱਤਤਾ ਦਿੰਦਾ ਹੈ।"[75] ਇਹ ਵਿਅਕਤੀ ਆਪਣੇ ਅੰਦਰਲੇ ਸੰਸਾਰ ਦੀ ਬਜਾਇ ਬਾਹਰੀ ਸੰਸਾਰ ਵਿੱਚ ਵਿਚਰਦੇ ਹੋਏ ਜ਼ਮੀਨੀ ਸੱਚਾਈ ਨਾਲ਼ ਜੁੜ ਕੇ ਪ੍ਰੈਕਟੀਕਲ ਜ਼ਿੰਦਗੀ ਬਤੀਤ ਕਰਦੇ ਹਨ। "ਅਜਿਹੀ ਸ਼ਖ਼ਸੀਅਤ ਦੇ ਮਾਲਕ ਵਿਅਕਤੀ ਦਾ ਸੰਬੰਧ ਭੌਤਿਕ ਸੱਚਾਈ ਨਾਲ਼ ਹੁੰਦਾ ਹੈ ਅਤੇ ਇਹ ਚੀਜ਼ਾਂ ਨੂੰ ਉਵੇਂ ਹੀ ਵੇਖਦੇ ਹਨ ਜਿਵੇਂ ਅਸਲ ਵਿੱਚ ਹੁੰਦੀਆਂ ਹਨ। ਜ਼ਰੂਰੀ ਤੌਰ ਤੇ ਇਹ ਜ਼ਮੀਨ ਨਾਲ਼ ਜੁੜੇ ਹੋਏ ਅਤੇ

---

[74] Stevens, Anthony., JUNG A Very Short Introduction, OXFORD University Press, New York, 2006, P, 94

[75] ਆਰ. ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 110

ਪ੍ਰੈਕਟੀਕਲ, ਇਹ ਵਿਸਥਾਰ ਪਸੰਦ ਕਰਦੇ ਹਨ ਅਤੇ ਉਨ੍ਹਾਂ ਕੋਲ਼ ਵਿਚਾਰਾਂ ਅਤੇ ਕਦਰਾਂ-ਕੀਮਤਾਂ ਲਈ ਘੱਟ ਸਮਾਂ ਹੁੰਦਾ ਹੈ।"[76] ਇਨ੍ਹਾਂ ਦੀਆਂ ਭਾਵਨਾਵਾਂ ਤੇ ਫੈਸਲਿਆਂ ਦੀ ਪੇਸ਼ਕਾਰੀ ਤੋਂ ਇਨ੍ਹਾਂ ਦੇ ਖੁੱਲ੍ਹੇ ਸੁਭਾਅ ਦਾ ਪਤਾ ਲੱਗਦਾ ਹੈ। ਇਹ ਨਿੱਜ ਦੀ ਸੰਗਤ ਨੂੰ ਪਸੰਦ ਨਹੀਂ ਕਰਦੇ ਬਲਕਿ ਦੂਜਿਆਂ ਦੀ ਸੰਗਤ ਵਿੱਚ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਕੇ ਖੁਸ਼ ਹੁੰਦੇ ਹਨ। ਜਿਸ ਕਾਰਨ ਇਹ ਆਪਣੇ ਦੋਸਤਾਂ ਅਤੇ ਸਹਿ-ਕਰਮੀਆਂ ਵਿੱਚ ਹਰਮਨ ਪਿਆਰੇ ਹੁੰਦੇ ਹਨ। ਬਾਹਰਮੁਖੀ ਵਿਅਕਤੀ ਅੰਤਰਮੁਖੀ ਵਿਅਕਤੀਆਂ ਦੀ ਸੰਗਤ ਨੂੰ ਬਹੁਤਾ ਪਸੰਦ ਨਹੀਂ ਕਰਦੇ, ਕਿਉਂਕਿ ਬਾਹਰਮੁਖੀ ਵਿਅਕਤੀ ਅੰਤਰਮੁਖੀ ਵਿਅਕਤੀਆਂ ਦੇ ਬੌਧਿਕ ਸਮਝ ਤੱਕ ਨਹੀਂ ਪਹੁੰਚ ਪਾਉਂਦੇ। ਜਿਸ ਕਾਰਨ ਇਨ੍ਹਾਂ ਨੂੰ ਅੰਤਰਮੁਖੀਆਂ ਦੀ ਸੰਗਤ ਨੀਰਸ ਲੱਗਦੀ ਹੈ। ਬਾਹਰਮੁਖੀ ਸ਼ਖ਼ਸੀਅਤ ਦੇ ਮਾਲਕ ਵਿਅਕਤੀਆਂ ਦਾ ਸਮਾਜਿਕ ਕੰਮਾਂ ਵਿੱਚ ਮੋਹਰੀ ਰੋਲ ਹੁੰਦਾ ਹੈ, ਜਿਸ ਕਾਰਨ ਅਜਿਹੇ ਵਿਅਕਤੀ ਸਮਾਜ ਸੇਵਕ, ਸਿਆਸਤਦਾਨ, ਅਫ਼ਸਰ, ਧਾਰਮਿਕ ਨੇਤਾ, ਵਾਪਾਰੀ, ਵੱਖ-ਵੱਖ ਤਰ੍ਹਾਂ ਦੇ ਕੰਮਾਂ ਵਿੱਚ ਭਾਗ ਲੈਣ ਵਾਲ਼ੇ, ਬੁਲਾਰੇ, ਦੂਜਿਆਂ ਦੇ ਕੰਮਾਂ ਵਿੱਚ ਦਿਲਚਸਪੀ ਲੈਣ ਵਾਲ਼ੇ, ਵੱਖ-ਵੱਖ ਸਮਾਜਿਕ ਸੰਸਥਾਵਾਂ ਦੀ ਸਥਾਪਨਾ ਕਰਨ ਵਾਲ਼ੇ ਹੁੰਦੇ ਹਨ। "ਵਿਅਕਤੀਆਂ ਨੂੰ 'ਬਾਹਰਮੁਖੀ' (Extrovert) ਅਤੇ 'ਅੰਤਰਮੁਖੀ' (Introvert) ਦੀਆਂ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ, ਬਾਹਰਮੁਖੀ ਉਹ ਵਿਅਕਤੀ ਹੁੰਦੇ ਹਨ ਜਿਹੜੇ ਆਪਣੇ ਆਲ਼ੇ-ਦੁਆਲ਼ੇ ਦੀ ਦੁਨੀਆਂ ਅਤੇ ਦੂਜੇ ਲੋਕਾਂ ਵਿੱਚ ਵਧੇਰੇ ਰੁਚੀ ਰੱਖਦੇ ਹਨ। ਸੁਭਾਅ ਕਰਕੇ ਇਹ ਵਿਅਕਤੀ ਬਾਹਰ ਦੀਆਂ ਚੀਜ਼ਾਂ ਦੇ ਸੰਬੰਧ ਵਿੱਚ ਸੋਚਦੇ, ਮਹਿਸੂਸ ਕਰਦੇ ਅਤੇ ਉਹਨਾਂ ਸੰਬੰਧੀ ਕਿਰਿਆਸ਼ੀਲ ਹੁੰਦੇ ਹਨ। ਇਸ ਦੇ ਵਿਪਰੀਤ ਅੰਤਰਮੁਖੀ ਵਿਅਕਤੀ ਆਪਣੀਆਂ ਭਾਵਨਾਵਾਂ ਸੰਵਾਰਦੇ ਹਨ ਅਤੇ ਪ੍ਰਤਿਕਿਰਿਆ ਵਿੱਚ ਵਧੇਰੇ ਰੁਚੀ ਰੱਖਦੇ ਹਨ। ਇਹਨਾਂ ਨੂੰ ਵਿਚਾਰਸ਼ੀਲ ਵਿਅਕਤੀ ਆਖਿਆ ਜਾਂਦਾ ਹੈ। ਇੱਕ ਅੰਤਰਮੁਖੀ ਇਸ ਢੰਗ ਨਾਲ਼ ਸੋਚਦਾ, ਮਹਿਸੂਸ ਕਰਦਾ ਅਤੇ ਕਿਰਿਆ ਕਰਦਾ ਹੈ, ਜਿਸ ਲਈ ਉਸ ਦਾ ਆਪਾ ਹੀ ਪ੍ਰੇਰਨਾ ਦਾ ਮੁੱਖ ਕਾਰਨ ਹੁੰਦਾ ਹੈ।"[77] ਇਸ ਤੋਂ ਇਲਾਵਾ ਕੁੱਝ ਵਿਅਕਤੀ ਅਜਿਹੀ ਸ਼ਖ਼ਸੀਅਤ ਦੇ ਮਾਲਕ ਹੁੰਦੇ ਹਨ ਜਿਨ੍ਹਾਂ ਨੂੰ ਮੱਧਮੁਖੀ ਕਿਹਾ ਜਾਂਦਾ ਹੈ। ਬਾਹਰਮੁਖੀ ਅਤੇ ਅੰਤਰਮੁਖੀ

---

[76] Stevens, Anthony., JUNG A Very Short Introduction, OXFORD University Press, New York, 2006, P, 90

[77] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 55

ਵਿਅਕਤਿਤਵ ਦੇ ਨਾਲ਼ ਹੀ ਕੁੱਝ ਵਿਅਕਤੀਆਂ ਵਿੱਚ ਦੋਵੇਂ ਤਰ੍ਹਾਂ ਦੀਆਂ ਮਿਲੀਆਂ-ਜੁਲੀਆਂ ਪ੍ਰਵਿਰਤੀਆਂ ਵੀ ਪਾਈਆਂ ਜਾਂਦੀਆਂ ਹਨ। ਮਨੁੱਖੀ ਸ਼ਖ਼ਸੀਅਤ ਦੇ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੋਣ ਕਾਰਨ ਮਨੁੱਖੀ ਵਿਹਾਰ ਅਤੇ ਸੋਚ ਵਿੱਚ ਵਿਸ਼ੇਸ਼ ਪ੍ਰਸਥਿਤੀਆਂ ਦੌਰਾਨ ਪਰਿਵਰਤਨ ਵੇਖਣ ਨੂੰ ਮਿਲਦਾ ਹੈ। ਯਥਾਰਥ ਜੀਵਨ ਵਿੱਚ ਮੱਧਮੁਖੀ ਸ਼ਖ਼ਸੀਅਤ ਦੀ ਪ੍ਰਧਾਨਤਾ ਹੁੰਦੀ ਹੈ। ਅਜਿਹੀ ਕਿਸਮ ਦੇ ਵਿਅਕਤੀ ਨਾ ਤਾਂ ਪੂਰਨ ਰੂਪ ਵਿੱਚ ਅੰਤਰਮੁਖੀ ਹੁੰਦੇ ਹਨ ਅਤੇ ਨਾ ਹੀ ਬਾਹਰਮੁਖੀ ਹੁੰਦੇ ਹਨ। ਇਨ੍ਹਾਂ ਵਿੱਚ ਅੰਤਰਮੁਖੀ ਅਤੇ ਬਾਹਰਮੁਖੀ ਸੋਚ ਵਾਲ਼ੇ ਲੋਕਾਂ ਦਾ ਮਿਸ਼ਰਨ ਹੁੰਦਾ ਹੈ। "ਭਾਵੇਂ ਅਸੀਂ ਅੰਤਰਮੁਖਤਾ-ਬਾਹਰਮੁੱਖਤਾ ਦੇ ਭੇਦ ਨੂੰ ਕਿੰਨਾ ਹੀ ਪਸੰਦ ਕਰੀਏ ਸਾਨੂੰ ਹਰ ਵਿਅਕਤੀ ਨੂੰ ਅੰਤਰਮੁਖੀ ਜਾਂ ਬਾਹਰਮੁਖੀ ਵਰਗ ਵਿੱਚ ਰੱਖਣ ਦੀ ਆਦਤ ਨਹੀਂ ਪਾਉਣੀ ਚਾਹੀਦੀ। ਅੰਤਰ-ਬਾਹਰਮੁੱਖਤਾ ਦੀ ਇੱਕ ਰਲਗੱਡ ਜਿਹੀ ਕਿਸਮ ਸਵੀਕਾਰ ਕੀਤੀ ਜਾ ਚੁੱਕੀ ਹੈ ਅਤੇ ਬਹੁਤੇ ਵਿਅਕਤੀ ਇਸ ਮਿਲੇ-ਜੁਲੇ ਪ੍ਰਕਾਰ ਦੇ ਹੁੰਦੇ ਹਨ। ਵਿਅਕਤਿਤਵ ਦਾ ਕਿਸੇ ਵੀ ਦਿਸ਼ਾ ਵਿੱਚ ਸਿਖਰ ਦੋਹਾਂ ਸਿਰਿਆਂ ਦੇ ਲੱਗਭੱਗ ਮੱਧ ਵਿੱਚ ਪੈਂਦਾ ਹੈ।"[78] ਇਹ ਵਿਅਕਤੀ ਦੂਜਿਆਂ ਤੋਂ ਵੱਧ ਗੁਣਾਂ ਦੇ ਧਾਰਨੀ ਹੁੰਦੇ ਹਨ ਕਿਉਂਕਿ ਇਨ੍ਹਾਂ ਦੇ ਸੁਭਾਅ ਵਿੱਚ ਅੰਤਰਮੁਖੀ ਅਤੇ ਬਾਹਰਮੁਖੀ ਸ਼ਖ਼ਸੀਅਤ ਦੇ ਮਾਲਕ ਵਿਅਕਤੀਆਂ ਦੇ ਗੁਣਾਂ ਦੀ ਸਾਂਝ ਪਾਈ ਜਾਂਦੀ ਹੈ। ਮੱਧਮੁਖੀ ਵਿਅਕਤੀ ਦਾ ਵਿਵਹਾਰ ਅੰਤਰਮੁਖੀ ਅਤੇ ਬਾਹਰਮੁਖੀ ਵਿਅਕਤੀ ਨਾਲ਼ੋਂ ਭਿੰਨਤਾ ਰੱਖਦਾ ਹੈ। ਅਜਿਹੇ ਵਿਅਕਤੀ ਸਮਾਜ ਵਿੱਚ ਜ਼ਿਆਦਾ ਪਾਏ ਜਾਂਦੇ ਹਨ। ਉਪਰੋਕਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅੰਤਰਮੁਖੀ ਵਿਅਕਤੀ ਆਪਣੇ ਵਿਚਾਰਾਂ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਨਹੀਂ ਕਰਦੇ, ਜਿਸ ਕਾਰਨ ਸਮਾਜਿਕ ਪ੍ਰਬੰਧ ਵਿੱਚ ਇਹ ਢੁਕਵਾਂ ਸਥਾਨ ਹਾਸਲ ਨਹੀਂ ਕਰ ਪਾਉਂਦੇ। ਇਸ ਦੇ ਉਲਟ ਬਾਹਰਮੁਖੀ ਵਿਅਕਤੀ ਆਪਣੇ ਵਿਚਾਰਾਂ ਨੂੰ ਦੂਜਿਆਂ ਦੀਆਂ ਭਾਵਨਾਵਾਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਸਿੱਧੇ ਅਤੇ ਸਪੱਸ਼ਟ ਰੂਪ ਵਿੱਚ ਪੇਸ਼ ਕਰਦੇ ਹਨ। ਇਨ੍ਹਾਂ ਦੇ ਸੁਭਾਅ ਦਾ ਇਹ ਪੱਖ ਕਈ ਵਾਰ ਸਮਾਜਿਕ ਅਤੇ ਧਾਰਮਿਕ ਬਦਲਾਅ ਦਾ ਕਾਰਨ ਵੀ ਬਣਦਾ ਹੈ। ਬਾਹਰਮੁਖੀ ਵਿਅਕਤੀ ਆਪਣੀ ਅਸਲੀ ਜ਼ਿੰਦਗੀ ਵਿੱਚ ਖੁਦ ਨੂੰ ਸੌਖੇ ਰੂਪ ਵਿੱਚ ਪੇਸ਼ ਕਰ ਪਾਉਂਦੇ ਹਨ, ਜਦਕਿ ਅੰਤਰਮੁਖੀ ਵਿਅਕਤੀ ਨੂੰ

---

[78] ਆਰ. ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 112

ਇਸ ਸੰਬੰਧੀ ਦਿੱਕਤ ਆਉਂਦੀ ਹੈ। ਸੋ ਅੰਤਰਮੁਖੀ ਅਤੇ ਬਾਹਰਮੁਖੀ ਸ਼ਖ਼ਸੀਅਤ ਦੇ ਮਾਲਕ ਵਿਅਕਤੀ ਆਪਣੇ ਵੱਖੋ ਵੱਖਰੇ ਵਿਚਾਰਾਂ, ਕਰਮਾਂ ਅਤੇ ਗੁਣਾਂ ਕਾਰਨ ਸਮਾਜ ਵਿੱਚ ਵੱਖ-ਵੱਖ ਤਰ੍ਹਾਂ ਦਾ ਰੋਲ ਨਿਭਾਉਂਦੇ ਹਨ ਅਤੇ ਸਮਾਜਿਕ ਸਰੋਕਾਰਾਂ, ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਦੇ ਹਨ।

ਸ਼ਖ਼ਸੀਅਤ ਪ੍ਰਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੈ। ਇਹ ਹਮੇਸ਼ਾਂ ਇੱਕ ਤਰ੍ਹਾਂ ਦੀ ਨਹੀਂ ਰਹਿੰਦੀ। ਸਮੇਂ-ਸਮੇਂ ਤੇ ਇਸ ਦੇ ਗੁਣਾਂ ਅਤੇ ਲੱਛਣਾਂ ਵਿੱਚ ਫਰਕ ਪੈਂਦਾ ਰਹਿੰਦਾ ਹੈ। ਹਰੇਕ ਵਿਅਕਤੀ ਦੀ ਸ਼ਖ਼ਸੀਅਤ ਅਤੇ ਲੱਛਣਾਂ ਵਿੱਚ ਦੂਜੇ ਮਨੁੱਖ ਨਾਲ਼ੋਂ ਫਰਕ ਵੇਖਣ ਨੂੰ ਮਿਲਦਾ ਹੈ। ਕਿਸੇ ਵਿਅਕਤੀ ਦੇ ਗੁਣਾਂ ਬਾਰੇ ਜਦੋਂ ਵਿਚਾਰ ਕੀਤਾ ਜਾਂਦਾ ਹੈ ਤਾਂ ਉਸ ਦੀ ਸ਼ਖ਼ਸੀਅਤ ਵਿੱਚ ਦੂਜਿਆਂ ਨਾਲ਼ੋਂ ਭਿੰਨਤਾ ਵੇਖਣ ਨੂੰ ਮਿਲਦੀ ਹੈ। ਵੱਖ-ਵੱਖ ਵਿਅਕਤੀਆਂ ਦੀ ਸ਼ਖ਼ਸੀਅਤ ਵਿੱਚ ਤੁਲਨਾਂ ਉਨ੍ਹਾਂ ਦੇ ਗੁਣਾਂ ਅਤੇ ਲੱਛਣਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ। "ਕਿਸੇ ਵਿਅਕਤੀ ਦਾ ਵਰਣਨ ਕਰਦੇ ਸਮੇਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਉਸ ਦੀ ਤੁਲਨਾ ਦੂਜੇ ਵਿਅਕਤੀਆਂ ਨਾਲ਼ ਕੀਤੀ ਜਾਂਦੀ ਹੈ। ਅਨੇਕ ਪ੍ਰਕਾਰ ਦੇ ਲੋਕਾਂ ਨਾਲ਼ ਸੰਪਰਕ ਹੋਣ ਦੇ ਕਾਰਣ ਸਾਨੂੰ ਔਸਤ ਵਿਅਕਤੀ ਅਤੇ ਕਿਸੇ ਦਿਸ਼ਾ ਵੱਲ ਲੋਕਾਂ ਦੇ ਪਸਾਰ ਸੰਬੰਧੀ ਮੋਟਾ-ਮੋਟਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਯੋਗਤਾ ਜਾਂ ਸਰੀਰਕ ਆਕਾਰ ਦੀ ਜਾਂਚ ਕਰਨ ਵਾਂਗ ਹੀ ਵਿਅਕਤਿਤਵ ਦੀ ਵੀ ਜਾਂਚ ਕੀਤੀ ਜਾਂਦੀ ਹੈ।"[79] ਸ਼ਖ਼ਸੀਅਤ ਨੂੰ ਮਾਪਣਾ ਇੱਕ ਗੁੰਝਲ਼ਦਾਰ ਪ੍ਰਕਿਰਿਆ ਹੈ। ਜਿਵੇਂ ਵਿਅਕਤੀ ਦੇ ਕੱਦ ਅਤੇ ਭਾਰ ਨੂੰ ਮਾਪਿਆ ਜਾ ਸਕਦਾ ਹੈ। ਉਸ ਤਰ੍ਹਾਂ ਇਸ ਦਾ ਮਾਪਣ ਕਰਨਾ ਔਖਾ ਹੈ ਪ੍ਰੰਤੂ ਅਸੰਭਵ ਨਹੀਂ ਹੈ। ਕਈ ਮਨੋਵਿਗਿਆਨੀਆਂ ਨੇ ਇਸ ਨੂੰ ਮਾਪਣ ਲਈ ਮਾਪ-ਦੰਡ ਬਣਾਏ ਹਨ ਕਿਉਂਕਿ ਵਿਅਕਤਿਤਵ ਦੇ ਲੱਛਣਾਂ ਦਾ ਮਾਪ ਕਰਕੇ ਸ਼ਖ਼ਸੀਅਤ ਦੇ ਵਿਕਾਸ ਸੰਬੰਧੀ ਆਉਂਦੀਆਂ ਸਮੱਸਿਆਵਾਂ ਬਾਰੇ ਜਾਣ ਕੇ ਉਨ੍ਹਾਂ ਦਾ ਹੱਲ ਕੱਢਿਆ ਜਾ ਸਕਦਾ ਹੈ। ਸ਼ਖ਼ਸੀਅਤ ਦੇ ਮੁਲਾਂਕਣ ਤੋਂ ਭਾਵ ਹੈ ਸ਼ਖ਼ਸੀਅਤ ਬਾਰੇ ਪੂਰੀ ਜਾਣਕਾਰੀ ਦਾ ਹੋਣਾ ਕਿਉਂਕਿ ਸ਼ਖ਼ਸੀਅਤ ਵਿੱਚ ਸਰੀਰਕ, ਮਾਨਸਿਕ, ਭਾਵਾਤਮਿਕ, ਵਿਵਹਾਰਿਕ ਤੇ ਸਮਾਜਿਕ ਪੱਖ ਸ਼ਾਮਿਲ ਹਨ। ਜਿਸ ਲਈ ਕੇਵਲ ਇਕ ਵਿਧੀ ਰਾਹੀਂ ਇਸ ਦਾ ਮੁਕਾਂਕਣ ਨਹੀਂ ਕੀਤਾ ਜਾ ਸਕਦਾ। ਇਸ ਦੇ ਮੁਲਾਂਕਣ

---

[79] ਆਰ. ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ, ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 117

ਲਈ ਮਨੋਵਿਗਿਆਨੀਆਂ ਨੇ ਕਈ ਵਿਧੀਆਂ ਦੀ ਵਰਤੋਂ ਕੀਤੀ ਹੈ। ਜਿਨ੍ਹਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

1. ਅੰਤਰਮੁਖੀ ਵਿਧੀਆਂ (Subjective methods)
2. ਬਾਹਰਮੁਖੀ ਵਿਧੀਆਂ (Objective methods)
3. ਪ੍ਰਖੇਪਣ ਵਿਧੀਆਂ (Projective methods)

ਅੰਤਰਮੁਖੀ ਵਿਧੀਆਂ ਵਿੱਚ ਵਿਅਕਤੀ ਖੁਦ ਆਪਣੀ ਸ਼ਖ਼ਸੀਅਤ ਦਾ ਮੁਲਾਂਕਣ ਕਰਦਾ ਹੈ। "ਉਹ ਆਪਣੇ ਆਪ ਨੂੰ ਆਲੋਚਨਾਤਮਕ ਦ੍ਰਿਸ਼ਟੀ ਨਾਲ਼ ਦੇਖਦਾ ਹੈ। ਵਿਅਕਤੀ ਸੰਬੰਧੀ ਸੂਚਨਾਵਾਂ ਨੂੰ ਆਪ ਉਸ ਤੋਂ, ਉਸ ਦੇ ਮਿੱਤਰਾਂ, ਸੰਬੰੰਧੀਆਂ ਜਾਂ ਇਸ ਤਰ੍ਹਾਂ ਦੇ ਦੂਜੇ ਸਾਧਨਾਂ ਰਾਹੀਂ ਜਾਣਨ ਦਾ ਯਤਨ ਕੀਤਾ ਜਾਂਦਾ ਹੈ।"[80] ਇਸ ਦੇ ਅੰਤਰਗਤ ਹੇਠ ਲਿਖੀਆਂ ਵਿਧੀਆਂ ਰਾਹੀਂ ਸ਼ਖ਼ਸੀਅਤ ਦਾ ਮੁਲਾਂਕਣ ਕੀਤਾ ਜਾਂਦਾ ਹੈ। ਆਤਮ ਜੀਵਨੀ (Autobiography), ਇੰਟਰਵਿਊ (Interview), ਵਿਅਕਤੀ ਇਤਿਹਾਸ ਵਿਧੀ (Case History Method), ਪ੍ਰਸ਼ਨਾਵਲੀ (Questionnaire)।

ਆਤਮ ਜੀਵਨੀ ਵਿੱਚ ਵਿਅਕਤੀ ਆਪਣੇ ਜੀਵਨ ਦੀ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰਦਾ ਹੈ। ਸੰਬੰਧਿਤ ਵਿਅਕਤੀ ਆਪਣੇ ਨਿੱਜੀ ਜੀਵਨ ਦੀਆਂ ਘਟਨਾਵਾਂ, ਤਜ਼ਰਬੇ, ਇਛਾਵਾਂ, ਦਿਲਚਸਪੀਆਂ, ਜੀਵਨ ਦੌਰਾਨ ਕੀਤੇ ਅਨੋਖੇ ਅਤੇ ਸਾਹਸ ਵਾਲ਼ੇ ਕੰਮਾਂ ਬਾਰੇ ਲਿਖਦਾ ਹੈ। ਇਸ ਵਿਧੀ ਰਾਹੀਂ ਵਿਅਕਤੀ ਆਪਣੇ ਵਿਵਹਾਰ ਬਾਰੇ ਸਭ ਕੁੱਝ ਖੁੱਲ੍ਹ ਕੇ ਲਿਖ ਸਕਦਾ ਹੈ। ਇਸ ਨੂੰ ਆਤਮ ਕਥਾ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਵਿਅਕਤੀ ਆਪਣੇ ਜੀਵਨ ਅਨੁਭਵ ਨੂੰ ਲਿਖ ਕੇ ਪੇਸ਼ ਕਰਦਾ ਹੈ। "Autobiography is a biography written by the subject about himself or herself. In which the emphasis is not on the author's developing self but on the people and events that the author has known or witnessed, and also from the private diary or journal, which is a day-

[80] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 221

to-day record of the events in one's life, written for personal use and satisfaction, with little or no thought of publication."[81] ਸੰਬੰਧਤ ਵਿਅਕਤੀ ਦੁਆਰਾ ਆਤਮ ਜੀਵਨੀ ਵਿੱਚ ਦਿੱਤੀਆਂ ਗਈਆਂ ਸੂਚਨਾਵਾਂ ਦੇ ਆਧਾਰ ਤੇ ਸ਼ਖ਼ਸੀਅਤ ਬਾਰੇ ਸਿੱਟਾ ਕੱਢਿਆ ਜਾਂਦਾ ਹੈ। ਸੰਬੰਧਿਤ ਵਿਅਕਤੀ ਵੱਲੋਂ ਆਪਣੇ ਭੂਤ ਅਤੇ ਵਰਤਮਾਨ ਬਾਰੇ ਜੋ ਵੀ ਤੱਥ ਜਾਂ ਵੇਰਵੇ ਦਿੱਤੇ ਹੁੰਦੇ ਹਨ। ਉਨ੍ਹਾਂ ਦੇ ਆਧਾਰ ਤੇ ਉਸ ਦੀ ਸ਼ਖ਼ਸੀਅਤ ਨੂੰ ਪਰਖਿਆ ਜਾ ਸਕਦਾ ਹੈ। ਮਨੁੱਖੀ ਸ਼ਖ਼ਸੀਅਤ ਨੂੰ ਪਰਖਣ ਲਈ ਜਿੱਥੇ ਇਸ ਵਿਧੀ ਦੇ ਫਾਇਦੇ ਹਨ ਉਥੇ ਇਸ ਵਿੱਚ ਕਮੀਆਂ ਵੀ ਹਨ।

ਇਸ ਵਿਧੀ ਦੇ ਲਾਭ ਹਨ ਕਿ ਇਸ ਨਾਲ਼ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਖਰਚ ਵੀ ਘੱਟ ਆਉਂਦਾ ਹੈ। ਜੋ ਵੇਰਵਾ ਕਿਸੇ ਹੋਰ ਤਰੀਕੇ ਨਾਲ਼ ਨਹੀਂ ਮਿਲ ਸਕਦਾ ਉਹ ਆਸਾਨੀ ਨਾਲ਼ ਮਿਲ ਜਾਂਦਾ ਹੈ। ਪਰ ਕਈਂ ਵਾਰ ਵਿਅਕਤੀ ਆਪਣੇ ਜੀਵਨ ਨਾਲ਼ ਸੰਬੰਧਿਤ ਮਹੱਤਵਪੂਰਨ ਵੇਰਵੇ ਲੁਕਾ ਲੈਂਦਾ ਹੈ ਕਿਉਂਕਿ ਕਈ ਪੱਖਾਂ ਨੂੰ ਉਹ ਦੂਜਿਆਂ ਦੇ ਸਾਹਮਣੇ ਨਹੀਂ ਲਿਆਉਣਾ ਚਾਹੁੰਦਾ। ਇਸ ਦੇ ਨਾਲ਼ ਹੀ ਉਸ ਵੱਲੋਂ ਆਪਣੇ ਗੁਣਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਔਗੁਣਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪਣੀਆਂ ਭਾਵਨਾਵਾਂ ਨੂੰ ਪੇਸ਼ ਕਰਨ ਵਿੱਚ ਸ਼ਬਦਾਵਲੀ ਜਾਂ ਬੋਲੀ ਪੱਖੋਂ ਵੀ ਦਿੱਕਤ ਆ ਜਾਂਦੀ ਹੈ। ਇਸ ਦਾ ਦੋਸ਼ ਇਹ ਵੀ ਹੈ ਕਿ ਇਸ ਵਿੱਚ ਕਈ ਫਜ਼ੂਲ ਗੱਲਾਂ ਵੀ ਲਿਖੀਆਂ ਹੁੰਦੀਆਂ ਹਨ। ਅਤੇ ਕਈ ਵਾਰ ਇਹ ਵੀ ਹੋ ਸਕਦਾ ਹੈ ਕਿ ਭੂਤਕਾਲ ਵਿੱਚ ਵਾਪਰੀਆਂ ਘਟਨਾਵਾਂ ਚੰਗੀ ਤਰ੍ਹਾਂ ਯਾਦ ਹੀ ਨਾ ਹੋਣ। ਕਿਉਂਕਿ ਇਸ ਦਾ ਸੰਬੰਧ ਯਾਦਾਸ਼ਤ ਨਾਲ਼ ਹੁੰਦਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਇਸ ਵਿੱਚ ਦਿੱਤੇ ਗਏ ਸਾਰੇ ਵੇਰਵੇ ਸਹੀ ਨਹੀਂ ਹੁੰਦੇ। ਇਸ ਲਈ ਇਸ ਵਿਧੀ ਨੂੰ ਇਕੱਲਿਆਂ ਵਰਤ ਕੇ ਸ਼ਖ਼ਸੀਅਤ ਦਾ ਸਹੀ ਮੁਲਾਂਕਣ ਨਹੀਂ ਕੀਤਾ ਜਾ ਸਕਦਾ।

ਕੇਸ ਹਿਸਟਰੀ ਵਿਧੀ ਵਿੱਚ ਵਿਅਕਤੀ ਦੇ ਭੂਤਕਾਲ ਅਤੇ ਉਸ ਦੇ ਨਿੱਜੀ ਜੀਵਨ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਸ ਵਿੱਚ ਉਸ ਦਾ ਪਰਿਵਾਰ, ਘਰ ਦਾ ਮਾਹੌਲ, ਉਸ ਦੀ ਆਰਥਿਕਤਾ, ਸਮਾਜਿਕ ਮਾਹੌਲ, ਦੋਸਤ-ਮਿੱਤਰ ਅਤੇ ਸਕੇ-ਸੰਬੰਧੀਆਂ ਨਾਲ਼ ਸੰਬੰਧਾਂ ਆਦਿ ਬਾਰੇ ਜਾਣਕਾਰੀ ਇਕੱਠੀ

---

[81] M.H. Abrams, A GLOSSARY of LITERARY TERMS, ed.- Australiaa: Thomson Wadsworth, 2005, 2007R. P, 22-23

ਕੀਤੀ ਜਾਂਦੀ ਹੈ। "The case study method involves a rather detailed investigation and description of an individual's history and present status. Information about the individual's past and present family history, educational background, previous history of emotional or adjustment problems, employment record, and medical history is a part of comprehensive case history."[82] ਇਸ ਵਿਧੀ ਦੀ ਵਰਤੋਂ ਜ਼ਿਆਦਾਤਰ ਮਾਨਸਿਕ ਰੋਗਾਂ ਤੋਂ ਗ੍ਰਸ਼ਤ ਅਤੇ ਸਮਾਜ ਵਿਰੋਧੀ ਅਨਸਰਾਂ ਬਾਰੇ ਜਾਣਕਾਰੀ ਹਾਸਲ ਕਰਨ ਹਿੱਤ ਕੀਤੀ ਜਾਂਦੀ ਹੈ। ਇਹ ਵਿਧੀ ਦੋਸ਼ਪੂਰਨ ਹੈ ਕਿਉਂਕਿ ਸੰਬੰਧਤ ਵਿਅਕਤੀ ਬਾਰੇ ਪੂਰੀ ਅਤੇ ਠੀਕ ਜਾਣਕਾਰੀ ਮਿਲਣੀ ਮੁਸ਼ਕਿਲ ਹੈ। ਇਸ ਤੇ ਕਾਫੀ ਸਮਾਂ ਅਤੇ ਮਿਹਨਤ ਲਗਦੀ ਹੈ। ਵਿਅਕਤੀ ਦਾ ਇਤਿਹਾਸ ਤਿਆਰ ਕਰਨ ਲਈ ਵਿਸ਼ੇਸ਼ ਸਿਖਲਾਈ ਦੀ ਲੋੜ ਹੁੰਦੀ ਹੈ। ਇਸ ਦਾ ਲਿਖਤੀ ਵੇਰਵਾ ਤਿਆਰ ਕਰਨਾ ਬਹੁਤ ਔਖਾ ਹੁੰਦਾ ਹੈ। ਇੰਟਰਵਿਊ ਵਿੱਚ ਸਿੱਧੇ ਤੌਰ ਤੇ ਦੋ ਵਿਅਕਤੀਆਂ ਵਿਚਕਾਰ ਆਪਸੀ ਗੱਲਬਾਤ ਹੁੰਦੀ ਹੈ। ਇਸ ਵਿਧੀ ਰਾਹੀ ਇੱਕ ਵਿਅਕਤੀ ਦੁਆਰਾ ਪ੍ਰਸ਼ਨ ਪੁੱਛੇ ਜਾਂਦੇ ਹਨ ਅਤੇ ਦੂਜੇ ਵਿਅਕਤੀ ਦੁਆਰਾ ਉਹਨਾਂ ਪ੍ਰਸ਼ਨਾ ਦਾ ਉਤਰ ਦਿੱਤਾ ਜਾਂਦਾ ਹੈ। ਇਸ ਦੌਰਾਨ ਇੰਟਰਵਿਊ ਲੈਣ ਵਾਲ਼ਾ ਸੰਬੰਧਤ ਵਿਅਕਤੀ ਕੋਲ਼ੋਂ ਪੁੱਛੇ ਜਾਂਦੇ ਸਵਾਲਾਂ ਦੇ ਉੱਤਰ ਦੀ ਉਮੀਦ ਕਰਦਾ ਹੈ। ਇੰਟਰਵਿਊ ਦੌਰਾਨ ਆਪਸੀ ਗੱਲਬਾਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਭਰਾਤਰੀਭਾਵ ਅਤੇ ਮਿੱਤਰਤਾ ਵਾਲ਼ਾ ਸੁਖਾਵਾਂ ਮਾਹੌਲ ਸਥਾਪਿਤ ਕੀਤਾ ਜਾਂਦਾ ਹੈ, ਤਾਂ ਜੋ ਇੰਟਰਵਿਊ ਦੇ ਸਹੀ ਨਤੀਜੇ ਮਿਲ ਸਕਣ। "ਇਸ ਵਿਧੀ ਵਿੱਚ ਚੰਗਾ ਇੰਟਰਵਿਊ ਲੈਣ ਵਾਲ਼ਾ ਜਲਦੀ ਹੀ ਵਿਅਕਤੀ ਨਾਲ਼ ਰਲ਼-ਮਿਲ ਜਾਂਦਾ ਹੈ ਅਤੇ ਵਿਅਕਤੀ ਦਾ ਵਿਸ਼ਵਾਸ ਜਿੱਤ ਲੈਂਦਾ ਹੈ ਅਤੇ ਉਸ ਨੂੰ ਬਿਨ੍ਹਾਂ ਕਿਸੇ ਡਰ ਜਾਂ ਦਿਖਾਵੇ ਦੇ ਆਪਣੇ ਨਿੱਜੀ ਜੀਵਨ ਸੰਬੰਧੀ ਜਾਣਕਾਰੀ ਦੇਣ ਲਈ ਉਤੇਜਿਤ ਕਰਦਾ ਹੈ। ਵਿਅਕਤੀ ਦੀਆਂ ਸਮੱਸਿਆਵਾਂ, ਉਸ ਦੇ ਚੰਗੇ ਲੱਛਣ ਅਤੇ ਕਮਜ਼ੋਰੀਆਂ ਨੂੰ ਸਮਝਣ ਵਿੱਚ ਉਸ ਦਾ ਸਹਿਯੋਗ ਪ੍ਰਾਪਤ ਕਰਦਾ ਹੈ। ਵਿਅਕਤੀ ਦੁਆਰਾ ਦਿੱਤੀ ਗਈ ਜਾਣਕਾਰੀ ਤੋਂ ਵਿਅਕਤੀ ਦੇ ਵਿਸ਼ੇਸ਼ ਗੁਣਾਂ ਤੇ ਸੁਭਾਉ ਸੰਬੰਧੀ ਕੁੱਝ ਨਿਰਣੇ ਕੀਤੇ ਕੀਤੇ ਜਾਂਦੇ ਹਨ।"[83]

---

[82] BERNARDO J. CARDUCCI, THE PSYCHOLOGY OF PERSONALITY, BROOKS/COLE PUBLISHING COMPANY, 511 Forest Lodge Road Pacific Grove, CA 93950 USA, 1998, P, 9.

[83] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,2014, ਪੰਨਾ 224

ਇੰਟਰਵਿਊ ਕਈ ਪ੍ਰਕਾਰ ਦੀ ਹੁੰਦੀ ਹੈ। ਜਿਵੇਂ ਕਿ ਕਿਸੇ ਨੌਕਰੀ ਲਈ ਇੰਟਰਵਿਊ, ਰਿਸਰਚ ਲਈ ਇੰਟਰਵਿਊ, ਕਿਸੇ ਬਿਮਾਰੀ ਦੇ ਸੰਬੰਧ ਵਿੱਚ ਜਾਂ ਸਲਾਹ ਮਸ਼ਵਰੇ ਆਦਿ ਲਈ ਇੰਟਰਵਿਊ ਕੀਤੀ ਜਾਂਦੀ ਹੈ। ਇੰਟਰਵਿਊ ਦਾ ਪ੍ਰਕਾਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਸ ਮਕਸਦ ਲਈ ਇੰਟਰਵਿਊ ਕੀਤੀ ਜਾ ਰਹੀ ਹੈ। ਇੱਕ ਸਾਧਾਰਨ ਅਤੇ ਅਸਾਧਾਰਨ ਵਿਅਕਤੀ ਦੀ ਇੰਟਰਵਿਊ ਵਿੱਚ ਫਰਕ ਹੋਵੇਗਾ। ਇੰਟਰਵਿਊ ਦੀ ਸਫਲਤਾ ਕਈ ਗੱਲਾਂ ਤੇ ਨਿਰਭਰ ਕਰਦੀ ਹੈ ਜਿਵੇਂ ਮਾਹੌਲ ਮਿੱਤਰਤਾ ਵਾਲ਼ਾ ਬਣਾ ਕੇ ਵਿਸ਼ਵਾਸ ਜਿੱਤਿਆ ਜਾਵੇ। ਵਿਅਕਤੀ ਨੂੰ ਆਪਣੀ ਗੱਲ ਕਹਿਣ ਅਤੇ ਆਪਣਾ ਪੱਖ ਰੱਖਣ ਦਾ ਪੂਰਾ ਮੌਕਾ ਦੇਣਾ ਚਾਹੀਦਾ ਹੈ। ਉਸ ਨਾਲ਼ ਆਲੋਚਨਾਤਮਕ ਵਤੀਰਾ ਨਹੀਂ ਅਪਨਾਉਣਾ ਚਾਹੀਦਾ। ਇਸ ਵਿਧੀ ਰਾਹੀਂ ਅਸੀਂ ਵਿਅਕਤੀ ਦੀ ਸ਼ਖ਼ਸੀਅਤ ਬਾਰੇ ਕਾਫੀ ਹੱਦ ਤੱਕ ਜਾਣ ਸਕਦੇ ਹਾਂ। ਇੰਟਰਵਿਊ ਦੀ ਸਫ਼ਲਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਇੰਟਰਵਿਊ ਲੈਣ ਵਾਲ਼ਾ ਇਸ ਤਰ੍ਹਾਂ ਦੇ ਸਵਾਲ ਪੁੱਛਦਾ ਹੈ ਜਿਸ ਨਾਲ਼ ਉਸ ਨੂੰ ਉਸ ਦੀ ਮੰਗ ਅਤੇ ਉਮੀਦ ਅਨੁਸਾਰ ਉੱਤਰਾਂ ਦੀ ਪ੍ਰਾਪਤੀ ਹੋ ਸਕੇ। ਜਿਸ ਮਕਸਦ ਲਈ ਇੰਟਰਵਿਊ ਲਈ ਜਾਂਦੀ ਹੈ ਉਸ ਦਾ ਮਕਸਦ ਪੂਰਾ ਹੋਣਾ ਹੀ ਇਸ ਨੂੰ ਸਫ਼ਲਤਾ ਵੱਲ ਲੈ ਕੇ ਜਾਂਦਾ ਹੈ। ਪ੍ਰਸ਼ਨਾਵਲੀ ਵਿਧੀ ਵਿੱਚ ਪ੍ਰਸ਼ਨਾਂ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ। ਜਿਸ ਦਾ ਜਵਾਬ ਲਿਖਤੀ ਰੂਪ ਵਿੱਚ ਹਾਂ ਜਾਂ ਨਾਹ, ਸਹੀ ਜਾਂ ਗਲਤ, ਸੱਚ ਜਾਂ ਝੂਠ, ਸਹੀ ਜਾਂ ਕਰਾਸ ਦਾ ਨਿਸ਼ਾਨ ਲਗਵਾ ਕੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਇਸ ਵਿੱਚ ਪ੍ਰਸ਼ਨ ਸਿੱਧੇ, ਸਪੱਸ਼ਟ, ਸਾਧਾਰਨ ਅਤੇ ਸੰਖੇਪ ਪੁੱਛੇ ਜਾਂਦੇ ਹਨ। ਸੰਬੰਧਿਤ ਵਿਅਕਤੀ ਆਪਣੇ ਵਿਅਕਤਿਤਵ ਦੇ ਲੱਛਣਾਂ ਬਾਰੇ ਕੁੱਝ ਜਾਣਕਾਰੀ ਦਿੰਦਾ ਹੈ। "ਸਾਧਾਰਨ ਰੂਪ ਵਿੱਚ ਪ੍ਰਸ਼ਨਾਵਲੀ ਪ੍ਰਸ਼ਨਾਂ ਦੀ ਉਹ ਸੂਚੀ ਹੈ ਜਿਨ੍ਹਾਂ ਦਾ ਉਤਰ ਲਿਖਤੀ ਜਾ ਮੌਖਿਕ ਰੂਪ ਵਿੱਚ 'ਹਾਂ' ਜਾਂ 'ਨਾਂਹ' ਵਿੱਚ ਦਿੱਤਾ ਜਾਂਦਾ ਹੈ। ਇਹ ਪ੍ਰਸ਼ਨ ਕਿਸੇ ਵੀ ਵਿਸ਼ੇ ਪ੍ਰਤਿ ਜਾਣਕਾਰੀ ਪ੍ਰਾਪਤ ਕਰਨ ਲਈ ਤਿਆਰ ਕੀਤੇ ਜਾ ਸਕਦੇ ਹਨ। ਮਨੋਵਿਗਿਆਨਕ ਪ੍ਰਸ਼ਨਾਵਲੀ ਇੱਕ ਵਿਸ਼ੇਸ਼ ਪ੍ਰਕਾਰ ਦੀ ਹੁੰਦੀ ਹੈ ਜਿਸ ਦਾ ਉੱਤਰ ਦਿੰਦੇ ਸਮੇਂ ਵਿਅਕਤੀ ਵਿਅਕਤਿਤਵ ਦੀ ਇੱਕ ਖਾਸ ਦਿਸ਼ਾ ਵਿੱਚ ਆਪਣਾ ਸਥਾਨ ਸਪੱਸ਼ਟ ਕਰਦਾ ਹੈ।"[84] ਇਸ ਵਿਧੀ ਰਾਹੀਂ

[84] ਆਰ. ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ, ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 122

ਵਿਅਕਤੀ ਦੇ ਵਿਚਾਰ ਅਤੇ ਮਾਨਸਿਕ ਬਿਰਤੀਆਂ ਨੂੰ ਜਾਨਣ ਵਿੱਚ ਸਹਾਇਤਾ ਮਿਲਦੀ ਹੈ। ਇਸ ਵਿਧੀ ਵਿੱਚ ਵਿਅਕਤੀ ਦੇ ਉੱਤਰਾਂ ਰਾਹੀਂ ਉਸ ਦੇ ਸੁਭਾਅ, ਝੁਕਾਅ, ਰੁਚੀਆਂ, ਸੰਵੇਗ, ਸਮਾਜਿਕ ਸੰਬੰਧ ਅਤੇ ਸਮਾਯੋਜਨ ਬਾਰੇ ਜਾਣ ਸਕਦੇ ਹਾਂ। ਭਾਵੇਂ ਕਿ ਇਹ ਵਿਧੀ ਨਾਲ਼ ਸਮੇਂ, ਪੈਸੇ, ਸ਼ਕਤੀ ਦੀ ਬੱਚਤ ਹੁੰਦੀ ਹੈ ਪ੍ਰੰਤੂ ਜ਼ਿਆਦਾਤਰ ਇਸ ਤੇ ਨਿਰਭਰ ਨਹੀਂ ਰਿਹਾ ਜਾ ਸਕਦਾ ਕਿਉਂਕਿ ਹੋ ਸਕਦਾ ਹੈ ਉਹ ਜਾਣ ਬੁੱਝ ਕੇ ਸਵਾਲਾਂ ਦੇ ਗਲਤ ਜਵਾਬ ਦੇ ਰਿਹਾ ਹੋਵੇ ਜਾਂ ਉਸ ਨੂੰ ਆਪਣੇ ਅੰਦਰਲੀਆਂ ਕਮੀਆਂ ਦਾ ਪਤਾ ਹੀ ਨਾ ਹੋਵੇ। ਜੇ ਪਤਾ ਹੋਵੇ ਤਾਂ ਇਹ ਵੀ ਹੋ ਸਕਦਾ ਹੈ ਕਿ ਉਹ ਉਨ੍ਹਾਂ ਕਮੀਆਂ ਬਾਰੇ ਦੱਸਣਾ ਹੀ ਨਾ ਚਾਹੁੰਦਾ ਹੋਵੇ। ਉਹ ਸਚਾਈ ਨਾਲ਼ ਸੰਬੰਧਿਤ ਜਵਾਬ ਦੇਣ ਦੀ ਬਜਾਇ ਗਲਤ ਜਵਾਬ ਦੇ ਰਿਹਾ ਹੋਵੇ, ਜਿਸ ਤੋਂ ਉਸ ਦੀ ਸ਼ਖ਼ਸੀਅਤ ਸਹੀ ਰੂਪ ਵਿੱਚ ਸਾਹਮਣੇ ਹੀ ਨਾ ਆਵੇ। ਬਾਹਰਮੁਖੀ ਵਿਧੀਆਂ ਵਧੇਰੇ ਵਿਗਿਆਨਕ ਹਨ ਜੋ ਵਿਅਕਤੀ ਦੇ ਬਾਹਰਲੇ ਵਿਵਹਾਰ ਤੇ ਨਿਰਭਰ ਕਰਦੀਆਂ ਹਨ। ਇਸ ਲਈ ਇਹ ਜ਼ਿਆਦਾ ਭਰੋਸੇਯੋਗ ਹੋ ਸਕਦੀਆਂ ਹਨ। ਇਹ ਵਿਧੀਆਂ ਤਿੰਨ ਤਰ੍ਹਾਂ ਦੀਆਂ ਹਨ ਜਿਵੇਂ ਕਿ ਨਿਰੀਖਣ ਵਿਧੀ (Observation Method), ਪ੍ਰਸਥਿਤੀ ਟੈਸਟ (Situation Test), ਰੇਟਿੰਗ ਸਕੇਲ (Rating Scale)।

ਨਿਰੀਖਣ ਵਿਧੀ ਵਿੱਚ ਵਿਅਕਤੀ ਦੇ ਵਿਵਹਾਰ ਦਾ ਨਿਰੀਖਣ ਕਰਕੇ ਉਸ ਦੀ ਸ਼ਖ਼ਸੀਅਤ ਬਾਰੇ ਅੰਦਾਜ਼ਾ ਲਗਾਇਆ ਜਾਂਦਾ ਹੈ। ਇਹ ਨਿਰੀਖਣ ਦੋ ਤਰ੍ਹਾਂ ਦਾ ਹੁੰਦਾ ਹੈ। ਨਿਯੰਤਰਿਤ ਨਿਰੀਖਣ (Controlled observation), ਦੌਰਾਨ ਵਿਅਕਤੀ ਦੇ ਵਿਵਹਾਰ ਦਾ ਨਿਰੀਖਣ ਕਿਸੇ ਪ੍ਰਯੋਗਸ਼ਾਲਾ ਵਿੱਚ ਨਿਯੰਤਰਿਤ ਹਾਲਤਾਂ ਵਿੱਚ ਕੀਤਾ ਜਾਂਦਾ ਹੈ। "ਇਸ ਵਿੱਚ ਵਿਅਕਤੀ ਨੂੰ ਇਸ ਚੀਜ਼ ਦਾ ਗਿਆਨ ਹੁੰਦਾ ਹੈ ਕਿ ਉਸ ਦੇ ਵਿਵਹਾਰ ਦਾ ਨਿਰੀਖਣ ਕੀਤਾ ਜਾ ਰਿਹਾ ਹੈ। ਇਸ ਲਈ ਇਹ ਬਣਾਵਟੀ ਵੀ ਹੋ ਸਕਦਾ ਹੈ।"[85] ਅਨਿਯੰਤ੍ਰਿਤ-ਨਿਰੀਖਣ (Uncontrolled observation), ਵਿੱਚ ਵਿਅਕਤੀ ਦੇ ਵਿਵਹਾਰ ਦਾ ਇਹ ਨਿਰੀਖਣ ਕੁਦਰਤੀ ਹਾਲਤਾਂ ਵਿੱਚ ਕੀਤਾ ਜਾਂਦਾ ਹੈ। "ਵਿਅਕਤੀ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਸ ਦਾ ਨਿਰੀਖਣ ਕੀਤਾ ਜਾ ਰਿਹਾ ਹੈ। ਇਸ ਰਾਹੀਂ ਉਸ ਦੇ ਵਿਅਕਤਿਤਵ ਸੰਬੰਧੀ ਕੁੱਝ ਤੱਥਾਂ ਦਾ ਗਿਆਨ ਹੁੰਦਾ

[85] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 227

ਹੈ। ਇਹ ਕਾਫੀ ਮਹੱਤਵਪੂਰਣ ਹੈ। ਬਾਲ ਅਗਵਾਈ ਕੇਂਦਰ ਅਤੇ ਮਾਨਸਿਕ ਹਸਪਤਾਲ਼ਾਂ ਵਿੱਚ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ।"[86]

ਪ੍ਰਸਥਿਤੀ ਟੈਸਟ (Situational Test): ਇਸ ਟੈਸਟ ਵਿੱਚ ਅਸਲੀ ਜੀਵਨ ਨਾਲ਼ ਮਿਲਦੀ-ਜੁਲਦੀ ਸਥਿਤੀ ਪੇਸ਼ ਕਰਕੇ ਵਿਅਕਤੀ ਦੀ ਸ਼ਖ਼ਸੀਅਤ ਦੇ ਗੁਣਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਸਥਿਤੀ ਮੁਤਾਬਿਕ ਵਿਅਕਤਿਤਵ ਨੂੰ ਪ੍ਰਗਟਾਉਣ ਦੇ ਮੌਕੇ ਦਿੱਤੇ ਜਾਂਦੇ ਹਨ। ਕਈ ਵਾਰੀ ਕਲਪਨਾਤਮਕ ਸਥਿਤੀ ਰਾਹੀਂ ਵੀ ਉਸ ਦੀ ਸ਼ਖ਼ਸੀਅਤ ਬਾਰੇ ਪਤਾ ਕੀਤਾ ਜਾਂਦਾ ਹੈ। "ਅਸੀਂ ਅਜਿਹੀਆਂ ਪ੍ਰੀਖਿਆਵਾਂ ਚਾਹੁੰਦੇ ਹਾਂ ਜਿਨ੍ਹਾਂ ਤੋਂ ਵਿਅਕਤੀ ਦੇ ਵਾਸਤਵਿਕ ਵਿਵਹਾਰ ਦਾ ਨਮੂਨਾ ਮਿਲ ਸਕੇ। ਅਜਿਹੀਆਂ ਪ੍ਰੀਖਿਆਵਾਂ ਦਾ ਉਦੇਸ਼ ਪ੍ਰੀਖਿਆਰਥੀਆਂ ਤੋਂ ਲੁਕਿਆ ਰਹਿਣਾ ਚਾਹੀਦਾ ਹੈ ਕਿਉਂਕਿ ਤੁਸੀਂ ਉਸ ਨੂੰ ਸਾਫ਼-ਸਾਫ਼ ਨਹੀਂ ਦੱਸ ਸਕਦੇ ਕਿ ਇਹ ਪ੍ਰੀਖਿਆ 'ਤੁਹਾਡੀ ਪ੍ਰਸੰਨ ਚਿੱਤ ਦੀ ਪਰਖ ਲਈ ਹੈ' ਜਾਂ 'ਇਹ ਪ੍ਰੀਖਿਆ ਤੁਹਾਡੀ ਸਹਿਯੋਗਤਾ ਦੀ ਭਾਵਨਾ ਦੇ ਮਾਪ ਲਈ ਹੈ।' ਅਜਿਹਾ ਦੱਸਣ ਨਾਲ਼ ਤੁਹਾਨੂੰ ਉਸ ਦੇ ਵਿਵਹਾਰ ਦੀ ਸੱਚੀ ਵੰਨਗੀ ਨਹੀਂ ਮਿਲ ਸਕੇਗੀ।"[87]

ਕ੍ਰਮ-ਨਿਰਧਾਰਨ (Rating Scale) ਵਿੱਚ ਵਿਅਕਤੀ ਦੀ ਸ਼ਖ਼ਸੀਅਤ ਬਾਰੇ ਜਾਣਕਾਰੀ ਉਸ ਦੇ ਸੰਪਰਕ ਵਿੱਚ ਆਉਣ ਵਾਲ਼ੇ ਹੋਰ ਵਿਅਕਤੀਆਂ ਤੋਂ ਲਈ ਜਾਂਦੀ ਹੈ। ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣਾਂ ਬਾਰੇ ਗਿਆਨ ਰੇਟਿੰਗ ਸਕੇਲ ਰਾਹੀਂ ਅਧਿਆਪਕਾਂ ਅਤੇ ਮਾਪਿਆਂ ਜਾਂ ਦੋਸਤਾਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ। "ਕਿਸੇ ਵਿਅਕਤੀ ਸੰਬੰਧੀ ਇਹ ਕਹਿਣਾ ਕਿ ਉਹ 'ਬਹੁਤ ਦ੍ਰਿੜਤਾ ਵਾਲਾ' ਹੈ, ਉਹ 'ਦਰਮਿਆਨੇ ਦਰਜੇ ਦਾ' ਹੈ ਜਾਂ 'ਉਸ ਵਿੱਚ ਦ੍ਰਿੜਤਾ ਨਹੀਂ ਹੈ', ਦੀ ਥਾਂ ਵਧੇਰੇ ਸ਼ੁੱਧ ਅਤੇ ਪਰਿਮਾਣ-ਵਾਚਕ ਸ਼ਬਦਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ।"[88]

---

[86] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 227

[87] ਆਰ. ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ, ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 126

[88] ਉਹੀ, ਪੰਨਾ 118

ਪ੍ਰਖੇਪਣ ਵਿਧੀਆਂ (Projective Techniques) ਦਾ ਸੰਬੰਧ ਵਿਅਕਤੀ ਦੀਆਂ ਭਾਵਨਾਵਾਂ, ਦਿਲਚਸਪੀਆਂ, ਮਨੁੱਖੀ ਮਨ ਦੀਆਂ ਵਿਰਤੀਆਂ ਅਤੇ ਉਸ ਦੇ ਅੰਦਰੂਨ ਨਾਲ਼ ਹੈ। "ਪ੍ਰਖੇਪੀ ਵਿਧੀਆਂ ਵਿਅਕਤੀ ਦੇ ਅਚੇਤ ਮਨ ਦੀ ਪਰਖ ਕਰਦੀਆਂ ਹਨ। ਇਹ ਅਚੇਤ ਮਨ ਵਿੱਚ ਛੁਪੀਆਂ ਹੋਈਆਂ ਇਛਾਵਾਂ, ਰੁਚੀਆਂ, ਗੁਣਾਂ, ਵਿਸ਼ਵਾਸਾਂ ਅਤੇ ਸੰਵੇਗਾਂ ਆਦਿ ਦਾ ਪਤਾ ਲਗਾਉਣ ਵਿੱਚ ਸਹਾਇਤਾ ਕਰਦੀਆਂ ਹਨ।"[89] ਉਮੰਗਾਂ, ਭਾਵਨਾਵਾਂ, ਗੁਣਾਂ, ਦਿਲਚਸਪੀਆਂ ਅਤੇ ਵਿਸ਼ਵਾਸਾਂ ਆਦਿ ਦਾ ਪਤਾ ਇਸ ਵਿਧੀ ਰਾਹੀਂ ਲਗਦਾ ਹੈ। ਮਨੋਵਿਗਿਆਨੀ ਇਸ ਨੂੰ ਆਤਮ-ਰੱਖਿਅਕ ਵਿਧੀ ਵੀ ਕਹਿੰਦੇ ਹਨ। "ਜੇਕਰ ਅਸੀਂ ਕਿਸੇ ਵਿਅਕਤੀ ਨੂੰ ਅਜਿਹਾ ਕੰਮ ਸਪੁਰਦ ਕਰੀਏ, ਜਿਸ ਵਿੱਚ ਉਹ ਸੁਤੰਤਰ ਰੂਪ ਵਿੱਚ ਆਪਣੀ ਕਲਪਨਾ ਦਾ ਪ੍ਰਯੋਗ ਕਰ ਸਕੇ ਤਾਂ ਉਸ ਕਾਰਜ ਤੋਂ ਅਸੀਂ ਉਸ ਦੀ ਪ੍ਰਤਿਕ੍ਰਿਆ, ਸੰਵੇਗਾਤਮਕ ਪ੍ਰਵਿਰਤੀ ਅਤੇ ਉਸ ਦੇ ਸੋਚਣ ਢੰਗਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।"[90] ਇਹ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਵਿਅਕਤੀ ਆਪਣੀਆਂ ਦਬੀਆਂ ਹੋਈਆਂ ਇੱਛਾਵਾਂ ਨੂੰ ਜੋ ਕਿਸੇ ਸਥਿਤੀ ਦਾ ਸਾਹਮਣਾ ਨਾ ਕਰ ਸਕਣ ਦੀ ਅਸਫ਼ਲਤਾ ਦੇ ਕਾਰਨ ਅਚੇਤ ਮਨ ਵਿੱਚ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਵਿਅਕਤੀ ਉਨ੍ਹਾਂ ਨੂੰ ਕਿਸੇ ਨਵੀਂ ਵਸਤੂ ਵੱਲ ਪ੍ਰਗਟ ਕਰਦਾ ਹੈ। ਮਨੁੱਖ ਸਮਾਜ ਵਿੱਚ ਰਹਿੰਦਾ ਹੈ ਇਸ ਲਈ ਹਰੇਕ ਸਮਾਜ ਦਾ ਆਪਣਾ ਸੱਭਿਆਚਾਰ ਹੁੰਦਾ ਹੈ। ਸਮਾਜ ਅਤੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਮਨੁੱਖੀ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। "ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਜਿਹੜੀਆਂ ਮਨੁੱਖੀ ਵਿਵਹਾਰ ਤੇ ਪ੍ਰਭਾਵ ਪਾਉਂਦੀਆਂ ਹਨ। ਉਹ ਉਸ ਵਿਅਕਤੀ ਦੇ ਵਿਵਹਾਰ ਨੂੰ ਨਿਰਧਾਰਿਤ ਕਰਦੀਆਂ ਹਨ। ਕਿਸੇ ਸਮਾਜ ਦਾ ਸੱਭਿਆਚਾਰ ਵਿਵਹਾਰ ਨੂੰ ਨਿਯੰਤਰਿਤ ਕਰਦਾ ਹੈ, ਨਿਰਦੇਸ਼ਿਤ ਕਰਦਾ ਹੈ ਅਤੇ ਉਸ ਵਿੱਚ ਪਰਿਵਰਤਨ ਲਿਆਉਂਦਾ ਹੈ।"[91] ਸੱਭਿਆਚਾਰ ਦਾ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਸੱਭਿਆਚਾਰ ਅਤੇ

---

[89] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,2014, ਪੰਨਾ 230-231

[90] ਆਰ. ਐਸ. ਵੁੱਡਵਰਥ ਅਤੇ ਡੀ. ਜੀ. ਮਾਰਕੁਇਸ, ਅਨੁਵਾਦਕ: ਇੰਦਰਜੀਤ ਕੌਰ ਸੰਧੂ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 129

[91] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 240

ਸ਼ਖ਼ਸੀਅਤ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੁੰਦਾ ਹੈ। ਦੋਵੇਂ ਇੱਕ ਦੂਜੇ ਤੇ ਨਿਰਭਰ ਕਰਦੇ ਹਨ ਕਿਉਂਕਿ ਲੋਕਾਂ ਤੋਂ ਬਿਨ੍ਹਾਂ ਸੱਭਿਆਚਾਰ ਪ੍ਰਗਟ ਨਹੀਂ ਹੁੰਦਾ।

"ਸੱਭਿਆਚਾਰ ਅਤੇ ਵਿਅਕਤਿਤਵ ਦਾ ਦੋ ਮੁੱਖ ਵਿਸ਼ਿਆਂ ਨਾਲ਼ ਸੰਬੰਧ ਹੈ। ਮਾਨਵ ਸ਼ਾਸਤਰ ਅਤੇ ਮਨੋਵਿਗਿਆਨ ਹੀ ਕਿਸੇ ਸਮਾਜ ਦੇ ਸੱਭਿਆਚਾਰ ਦਾ ਅਧਿਐਨ ਕਰਦਾ ਹੈ। ਇਸ ਲਈ ਵਿਅਕਤਿਤਵ ਦੇ ਵਿਕਾਸ ਵਿੱਚ ਸੱਭਿਆਚਾਰ ਨੂੰ ਪ੍ਰਸਿੱਧ ਕਾਰਕ ਸਮਝਿਆ ਜਾਂਦਾ ਹੈ। ਸੱਭਿਆਚਾਰ ਹੀ ਵਿਅਕਤਿਤਵ ਨੂੰ ਸਾਧਾਰਨ ਰੂਪ-ਰੇਖਾ ਦਿੰਦਾ ਹੈ।"[92] ਹਰੇਕ ਸੱਭਿਆਚਾਰ ਦੇ ਆਪਣੇ ਰੀਤੀ-ਰਿਵਾਜ਼, ਰਵਾਇਤਾਂ, ਮਾਨਤਾਵਾਂ, ਪਰੰਪਰਾਵਾਂ, ਨੈਤਿਕ ਕਦਰਾਂ-ਕੀਮਤਾਂ, ਧਰਮ, ਕਰਮ, ਵਿਸ਼ਵਾਸ, ਰਹਿਣ-ਸਹਿਣ ਅਤੇ ਖਾਣ-ਪੀਣ ਦੇ ਢੰਗ ਆਦਿ ਹੁੰਦੇ ਹਨ। ਮਨੁੱਖ ਜਿਸ ਸੱਭਿਆਚਾਰ ਵਿੱਚ ਜਨਮ ਲੈਂਦਾ ਹੈ। ਉਸ ਦਾ ਪਾਲਣ-ਪੋਸ਼ਣ ਹੁੰਦਾ ਹੈ। ਉਸ ਦੇ ਅਨੁਸਾਰ ਹੀ ਉਸ ਦੀ ਸ਼ਖ਼ਸੀਅਤ ਦਾ ਸਰੂਪ ਨਿਰਧਾਰਿਤ ਹੁੰਦਾ ਹੈ। ਇਸ ਲਈ ਸ਼ਖ਼ਸੀਅਤ ਨੂੰ ਸੱਭਿਆਚਾਰ ਦਾ ਦਰਪਣ ਵੀ ਕਿਹਾ ਜਾਂਦਾ ਹੈ। ਅਲੱਗ-ਅਲੱਗ ਤਰ੍ਹਾਂ ਦੇ ਸੱਭਿਆਚਾਰਾਂ ਦੀ ਸ਼ਖ਼ਸੀਅਤ ਵਿੱਚ ਵੀ ਫਰਕ ਵੇਖਣ ਨੂੰ ਮਿਲਦਾ ਹੈ। ਹਰੇਕ ਸੱਭਿਆਚਾਰ ਦੇ ਆਪਣੇ ਵਿਅਕਤਿਤਵ ਲੱਛਣ ਹੁੰਦੇ ਹਨ। ਮੁੱਖ ਤੌਰ ਤੇ ਸੱਭਿਆਚਾਰ ਦੋ ਤਰ੍ਹਾਂ ਦੇ ਹੁੰਦੇ ਹਨ। ਪਦਾਰਥਿਕ ਅਤੇ ਅਪਦਾਰਥਿਕ ਸੱਭਿਆਚਾਰ। ਪਦਾਰਥਿਕ ਸੱਭਿਆਚਾਰ ਵਿੱਚ ਅਲੱਗ-ਅਲੱਗ ਤਰ੍ਹਾਂ ਦੀਆਂ ਭੌਤਿਕ ਅਤੇ ਪਦਾਰਥਕ ਵਸਤੂਆਂ ਦੀ ਖੋਜ ਸ਼ਾਮਿਲ ਹੈ। ਜਿਵੇਂ ਕੰਪਿਊਟਰ ਅਤੇ ਇੰਟਰਨੈਟ ਦੀ ਖੋਜ ਪਦਾਰਥਿਕ ਅਤੇ ਟੈਕਨਾਲੋਜੀ ਸੱਭਿਆਚਾਰ ਦਾ ਪਰਿਣਾਮ ਹੈ। ਕਿਸੇ ਵੀ ਨਵੀਂ ਵਸਤੂ ਦੀ ਖੋਜ ਨਾਲ਼ ਉਥੋਂ ਦੇ ਰਹਿਣ ਵਾਲ਼ੇ ਲੋਕਾਂ ਤੇ ਪ੍ਰਭਾਵ ਲਾਜ਼ਮੀ ਤੌਰ ਤੇ ਪੈਂਦਾ ਹੈ। ਅਪਦਾਰਥਿਕ ਸੱਭਿਆਚਾਰ ਵਿੱਚ ਰੀਤੀ-ਰਿਵਾਜ਼, ਮਾਨਤਾਵਾਂ, ਲੋਕਾਚਾਰ, ਲੋਕਧਾਰਾ, ਸਿਸ਼ਟਾਚਾਰ ਅਤੇ ਸੰਸਥਾਵਾਂ ਆਦਿ ਆਉਂਦੇ ਹਨ। ਇਨ੍ਹਾਂ ਦਾ ਮਨੁੱਖ ਦੀ ਸ਼ਖ਼ਸੀਅਤ ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਸੱਭਿਆਚਾਰ ਅਤੇ ਮਨੁੱਖੀ ਸ਼ਖ਼ਸੀਅਤ ਆਪਸ ਵਿੱਚ ਅੰਤਰ-ਸੰਬੰਧਿਤ ਹਨ। ਕਿਸੇ ਵੀ ਸਮਾਜ ਦੇ ਸੱਭਿਆਚਾਰ ਦੀ ਤਸਵੀਰ ਉਥੋਂ ਦੇ ਰਹਿਣ ਵਾਲ਼ੇ ਲੋਕਾਂ ਦੀ ਸ਼ਖ਼ਸੀਅਤ ਵਿੱਚੋਂ ਵੇਖੀ ਜਾ ਸਕਦੀ ਹੈ।

---

[92] ਡਾ. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014, ਪੰਨਾ 247

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਆਮ ਵਿਚਾਰਧਾਰਾ ਅਨੁਸਾਰ ਮਨੁੱਖ ਦੀ ਸਰੀਰਕ ਡੀਲ-ਡੌਲ, ਬਾਹਰੀ ਦਿੱਖ ਨੂੰ ਹੀ ਸ਼ਖ਼ਸੀਅਤ ਜਾਂ ਵਿਅਕਤਿਤਵ ਕਿਹਾ ਜਾਂਦਾ ਹੈ। ਜੇਕਰ ਸ਼ਖ਼ਸੀਅਤ ਨੂੰ ਸਹੀ ਅਰਥਾਂ ਵਿੱਚ ਪਰਿਭਾਸ਼ਿਤ ਕਰਨਾ ਹੋਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸ਼ਖ਼ਸੀਅਤ ਦੇ ਸੰਕਲਪ ਵਿੱਚ ਮਨੁੱਖ ਦਾ ਕੇਵਲ ਬਾਹਰੀ ਰੂਪ ਹੀ ਨਹੀਂ ਬਲਕਿ ਉਸਦੇ ਅੰਦਰਲੇ ਗੁਣਾਂ ਜਾਂ ਪੱਖਾਂ ਨੂੰ ਵੀ ਸ਼ਖ਼ਸੀਅਤ ਦਾ ਹਿੱਸਾ ਮੰਨਿਆ ਜਾਂਦਾ ਹੈ। ਜਿਸ ਵਿੱਚ ਕਿਸੇ ਵਿਅਕਤੀ ਦੇ ਸਰੀਰਕ, ਬੌਧਿਕ, ਭਾਵਾਤਮਿਕ, ਵਿਵਹਾਰਿਕ ਅਤੇ ਸਮਾਜਿਕ ਬਣਤਰ ਦਾ ਏਕੀਕਰਣ ਹੈ। ਇਹ ਸਾਡੇ ਅਨੁਭਵ, ਆਦਤਾਂ, ਇੱਛਾਵਾਂ, ਭਾਵਨਾਵਾਂ, ਰੁਚੀਆਂ ਅਤੇ ਕਈ ਹੋਰ ਵਿਸ਼ੇਸ਼ਤਾਵਾਂ ਦੁਆਰਾ ਪ੍ਰਗਟ ਹੁੰਦਾ ਹੈ। "ਮਨੁੱਖੀ ਸ਼ਖ਼ਸੀਅਤ ਕੇਵਲ ਜਿਸਮਾਨੀ ਦਿੱਖ ਨੂੰ ਹੀ ਨਹੀਂ ਆਖਿਆ ਜਾਂਦਾ ਸਗੋਂ ਇਸ ਵਿੱਚ ਵਤੀਰਾ, ਚਾਲ-ਢਾਲ ਅਤੇ ਆਚਾਰ-ਵਿਹਾਰ ਆਦਿ ਸਾਰੇ ਪੱਖ ਸ਼ਾਮਿਲ ਹਨ। ਜਿਸਮਾਨੀ ਦਿੱਖ ਦੀ ਪ੍ਰਾਪਤੀ ਮਾਪਿਆਂ ਕੋਲੋਂ ਹੁੰਦੀ ਹੈ, ਜਦੋਂ ਕਿ ਰਹਿਣ-ਸਹਿਣ ਦਾ ਸਲੀਕਾ ਅਤੇ ਸਮਾਜਿਕ ਕਦਰਾਂ-ਕੀਮਤਾਂ ਪਰਿਵਾਰ, ਸਕੂਲ ਅਤੇ ਸਮਾਜ ਕੋਲੋਂ ਪ੍ਰਾਪਤ ਹੁੰਦੀਆਂ ਹਨ।"[93] ਮਨੁੱਖੀ ਸ਼ਖ਼ਸੀਅਤ ਗਤੀਸ਼ੀਲ ਅਤੇ ਵਿਕਾਸਾਤਮਕ ਹੈ। ਇਹ ਹਮੇਸ਼ਾ ਇੱਕ ਹੀ ਦਸ਼ਾ ਵਿੱਚ ਨਹੀਂ ਰਹਿੰਦੀ। ਇਸ ਤੇ ਬਦਲਦੇ ਸਮੇਂ ਦਾ ਪ੍ਰਭਾਵ ਪੈਂਦਾ ਰਹਿੰਦਾ ਹੈ। ਇਸ ਸ੍ਰਿਸ਼ਟੀ ਵਿੱਚ ਸਭ ਕੁੱਝ ਪਰਿਵਰਤਨਸ਼ੀਲ ਹੈ ਕੁੱਝ ਵੀ ਸਥਿਰ ਨਹੀਂ ਹੈ। "ਪ੍ਰਕਿਰਤੀ ਵਿੱਚ ਨਿਰੰਤਰ ਪਰਿਵਰਤਨ ਹੁੰਦਾ ਰਹਿੰਦਾ ਹੈ। ਸਮੁੱਚਾ ਬ੍ਰਹਿਮੰਡ ਹਰ ਪਲ ਬਦਲਦਾ ਰਹਿੰਦਾ ਹੈ। ਤੁਹਾਡੀ ਅੱਖ ਦੇ ਝਪਕਣ ਜਿੰਨੀ ਦੇਰ ਵੀ ਇਹ ਇੱਕੋ ਜਿਹਾ ਨਹੀਂ ਰਹਿੰਦਾ।"[94] ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਮਨੁੱਖ ਦਾ ਪਰਿਵਾਰਕ ਮਾਹੌਲ, ਸਮਾਜਿਕ ਪ੍ਰਬੰਧ, ਧਰਮ, ਸੱਭਿਆਚਾਰ, ਭੂਗੋਲਿਕ ਸਥਿਤੀਆਂ, ਆਰਥਿਕਤਾ, ਵਿਦਿੱਅਕ ਅਦਾਰੇ, ਦੋਸਤਾਂ-ਮਿੱਤਰਾਂ ਦੀ ਰਹਿਣੀ-ਬਹਿਣੀ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਸ ਤੋਂ ਇਲਾਵਾ ਮਨੁੱਖੀ ਚਰਿੱਤਰ ਅਤੇ ਸ਼ਖ਼ਸੀਅਤ ਨੂੰ ਚੰਗਾ ਅਤੇ ਬੁਰਾ ਬਣਾਉਣ ਵਿੱਚ ਮਨੁੱਖੀ ਮਨ ਵੀ ਬਹੁਤ ਵੱਡਾ ਰੋਲ ਨਿਭਾਉਂਦਾ ਹੈ। ਇਹ ਮਨ ਹੀ ਹੁੰਦਾ

---

[93] ਰਣਜੀਤ ਸਿੰਘ, ਸਵੈ-ਵਿਕਾਸ (ਪ੍ਰਾਪਤੀਆਂ ਦਾ ਆਧਾਰ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 1

[94] ਲਾਲਾ ਹਰਦਿਆਲ ਸਿੰਘ, ਐਮ.ਏ, ਅਨੁਵਾਦਕ: ਪ੍ਰੋ. ਅੱਛਰੂ ਸਿੰਘ, ਸਵੈ ਵਿਕਾਸ ਦਾ ਮਾਰਗ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ 26

ਹੈ ਜੋ ਉਸ ਨੂੰ ਗਲਤ ਜਾਂ ਸਹੀ ਕਰਮ ਕਰਨ ਲਈ ਉਕਸਾਉਂਦਾ ਹੈ। ਜਿਸ ਦੇ ਪਿੱਛੇ ਲੱਗ ਕੇ ਮਨੁੱਖ ਆਪਣੀ ਜ਼ਿੰਦਗੀ ਜਿਉਂਦਾ ਹੈ। ਵੱਖ-ਵੱਖ ਧਰਮਾਂ ਦੇ ਅਨੁਯਾਈਆਂ ਨੇ ਮਨ ਨੂੰ ਮਨੁੱਖੀ ਸ਼ਖ਼ਸੀਅਤ ਦਾ ਮੁੱਖ ਅਤੇ ਅਹਿਮ ਪੱਖ ਮੰਨਦੇ ਹੋਏ ਇਸ ਨੂੰ ਕੰਟਰੋਲ ਵਿੱਚ ਕਰਨ ਲਈ ਪ੍ਰੇਰਿਤ ਕੀਤਾ ਹੈ। "ਵਿਅਕਤੀ ਦੇ ਸਾਰੇ ਚਰਿੱਤਰ ਦੀ ਬਣਤਰ ਵਿੱਚ ਗੁਰੂ ਸਾਹਿਬ ਨੇ ਮਨ ਦਾ ਬੜਾ ਵੱਡਾ ਰੋਲ ਮੰਨਿਆ ਹੈ। ਮਨੁੱਖ ਦੇ ਸਾਰੇ ਕਰਮ-ਪ੍ਰਤੀਕਰਮ ਉਸ ਦੀ ਮਾਨਸਿਕ ਪੱਧਰ 'ਤੇ ਨਿਰਭਰ ਕਰਦੇ ਹਨ। ਇਸੇ ਲਈ ਗੁਰਬਾਣੀ ਵਿੱਚ ਬਹੁਤੀ ਥਾਈਂ ਮਨ ਨੂੰ ਰਾਜਾ ਕਿਹਾ ਹੈ। ਇਹ ਹੀ ਮਨੁੱਖ ਨੂੰ ਚੰਗੇ ਪਾਸੇ ਲਾਉਂਦਾ ਹੈ, ਇਹੀ ਭੈੜੇ ਪਾਸੇ। ਇਹ ਕਰਮਾਂ-ਧਰਮਾਂ ਦਾ ਆਗੂ ਵੀ ਹੈ ਤੇ ਪੰਜਾਂ ਵਿਸ਼ੇ ਵਿਕਾਰਾਂ ਦਾ ਘਰ ਵੀ।"[95] ਸਿੱਖ ਧਰਮ ਨੇ ਮਨੁੱਖ ਨੂੰ ਆਪਣੇ ਮਨ ਨੂੰ ਕੰਟਰੋਲ ਵਿੱਚ ਕਰਕੇ ਮਨਮੁੱਖਤਾ ਨੂੰ ਤਿਆਗ ਕੇ ਗੁਰਮੁੱਖ ਬਣਨ ਲਈ ਪ੍ਰੇਰਿਆ ਹੈ। ਗੁਰਮਤਿ ਅਨੁਸਾਰ ਮਨਮੁੱਖ ਉਹ ਵਿਅਕਤੀ ਹੁੰਦੇ ਹਨ ਜੋ ਆਪਣੇ ਮਨ ਦੇ ਪਿੱਛੇ ਲੱਗ ਕੇ ਜੀਵਨ ਸ਼ੈਲੀ ਅਪਣਾਉਂਦੇ ਹਨ। ਇਸ ਦੇ ਉਲਟ ਗੁਰਮੁੱਖ ਵਿਅਕਤੀ ਗੁਰੂ ਦੇ ਦੱਸੇ ਰਾਹ ਉੱਤੇ ਚੱਲ ਕੇ ਆਪਣੀ ਸ਼ਖ਼ਸੀਅਤ ਵਿੱਚ ਚੰਗੇ ਗੁਣਾਂ ਨੂੰ ਧਾਰਨ ਕਰਦੇ ਹੋਏ ਆਦਰਸ਼ ਵਿਅਕਤੀ ਬਣਦੇ ਹਨ। ਸੋ ਮਨੁੱਖੀ ਮਾਨਸਿਕਤਾ ਮਨੁੱਖੀ ਸ਼ਖ਼ਸੀਅਤ ਵਿੱਚ ਗੁਣਾਂ ਅਤੇ ਔਗੁਣਾਂ ਦੇ ਸਮਾਵੇਸ਼ ਲਈ ਜ਼ਿੰਮੇਵਾਰ ਹੁੰਦੀ ਹੈ। ਮਨੁੱਖੀ ਵਿਅਕਤਿਤਵ ਵਿੱਚ ਗੁਣਾਂ ਜਾਂ ਔਗੁਣਾਂ ਦੇ ਹੋਣ ਨਾਲ਼ ਜਿੱਥੇ ਸੰਬੰਧਿਤ ਮਨੁੱਖ ਦਾ ਜੀਵਨ ਪ੍ਰਭਾਵਿਤ ਹੁੰਦਾ ਹੈ। ਉਥੇ ਹੀ ਉਹ ਜਿਸ ਘਰ, ਪਰਿਵਾਰ ਜਾਂ ਸਮਾਜ ਵਿੱਚ ਰਹਿੰਦਾ ਹੈ। ਉਨ੍ਹਾਂ 'ਤੇ ਵੀ ਉਸ ਦੀ ਸ਼ਖ਼ਸੀਅਤ ਆਪਣੀ ਛਾਪ ਛੱਡਦੀ ਹੈ। ਹਰੇਕ ਮਨੁੱਖ ਦੀ ਸ਼ਖ਼ਸੀਅਤ ਦੂਜੇ ਨਾਲ਼ ਮੇਲ ਨਹੀਂ ਖਾਂਦੀ। ਮਨੁੱਖੀ ਸ਼ਖ਼ਸੀਅਤ ਦੇ ਗੁਣ ਦੂਜੇ ਮਨੁੱਖਾਂ ਅਤੇ ਸਮਾਜ ਨੂੰ ਸਾਕਾਰਾਤਮਕ ਅਤੇ ਨਾਕਾਰਾਤਮਕ ਰੂਪ ਵਿੱਚ ਪ੍ਰਭਾਵਿਤ ਕਰਦੇ ਹਨ।

"ਵਿਅਕਤਿਤਵ ਵਿੱਚ ਵਿਅਕਤੀ ਦੇ ਅਨੁਭਵ, ਆਦਤਾਂ, ਇੱਛਾਵਾਂ, ਕਲਪਨਾਵਾਂ, ਰੁਚੀਆਂ ਅਤੇ ਭਾਵਨਾਵਾਂ ਆਦਿ ਸ਼ਾਮਿਲ ਹੁੰਦੀਆਂ ਹਨ। ਇਹ ਗੁਣ ਸਰੀਰਕ ਅਤੇ ਮਾਨਸਿਕ ਦੋਵੇਂ ਪ੍ਰਕਾਰ ਦੇ ਹੋ ਸਕਦੇ ਹਨ। ਇਹ ਸਾਰੇ ਗੁਣ ਵਿਅਕਤੀ ਦੇ ਆਪਣੇ ਵਿਸ਼ੇਸ਼ ਗੁਣ ਹੁੰਦੇ ਹਨ। ਇਹ ਉਸ ਨੂੰ ਦੂਜਿਆਂ ਤੋਂ

[95] ਡਾ. ਜਸਬੀਰ ਕੇਸਰ, ਸਿੱਖ ਵਿਅਕਤੀ ਤੇ ਸਿੱਖ ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 41

ਵਖਰਿਆਉਂਦੇ ਹਨ। ਵਿਅਕਤੀ ਦੇ ਇਹ ਗੁਣ ਵਿਅਕਤੀ ਦੇ ਆਪਣੇ ਵਾਤਾਵਰਣ ਨਾਲ਼ ਸਮਾਯੋਜਨ ਦਾ ਆਧਾਰ ਬਣਦੇ ਹਨ।"[96] ਵਿਅਕਤੀ ਆਪਣੇ ਅੰਦਰੂਨੀ ਅਤੇ ਬਾਹਰੀ ਗੁਣਾਂ ਦੇ ਆਧਾਰ ਤੇ ਦੂਜਿਆਂ ਨਾਲ਼ ਸੰਬੰਧ ਸਥਾਪਿਤ ਕਰਦਾ ਹੈ, ਜਿਸ ਨਾਲ਼ ਉਹ ਹੋਰ ਵਿਅਕਤੀਆਂ ਦਿਲਾਂ ਵਿੱਚ ਆਪਣਾ ਸਥਾਨ ਬਣਾਉਂਦਾ ਹੈ। ਉਸ ਦੀ ਸ਼ਖ਼ਸੀਅਤ ਦੇ ਗੁਣ ਹੀ ਉਸ ਨੂੰ ਸਮਾਜਿਕ ਸਮਾਯੋਜਨ ਅਤੇ ਉਸ ਦੇ ਜੀਵਨ ਮਕਸਦ ਦੀ ਪ੍ਰਾਪਤੀ ਵਿੱਚ ਉਸ ਦੀ ਸਹਾਇਤਾ ਕਰਦੇ ਹਨ। "ਅਜੋਕੇ ਜੀਵਨ ਵਿੱਚ ਵਿਅਕਤਿਤਵ ਦੀ ਉਸਾਰੀ ਦੀ ਭਾਵਨਾ ਵਧੇਰੇ ਮਹੱਤਤਾ ਗ੍ਰਹਿਣ ਕਰ ਰਹੀ ਹੈ ਕਿਉਂਕਿ ਇਸ ਨਾਲ਼ ਤੁਸੀਂ ਦੂਸਰਿਆਂ ਉਤੇ ਆਪਣਾ ਚੰਗਾ ਪ੍ਰਭਾਵ ਪਾ ਸਕਦੇ ਹੋ। ਇਹ ਤੁਹਾਨੂੰ ਜੀਵਨ ਵਿੱਚ ਚੰਗੇ ਸੰਬੰਧ ਬਣਾਉਣ ਤੇ ਉਨ੍ਹਾਂ ਨੂੰ ਵਿਕਸਤ ਕਰਨ ਵਿੱਚ ਮੱਦਦਗਾਰ ਹੁੰਦੀ ਹੈ।"[97] ਮਨੁੱਖ ਇਸ ਸੰਸਾਰ ਵਿੱਚ ਹੋਰ ਸਾਰੇ ਜੀਵ-ਜੰਤੂਆਂ ਨਾਲ਼ੋਂ ਪ੍ਰਮੁੱਖ ਸਥਾਨ ਰੱਖਦਾ ਹੈ। ਜਿਸ ਦਾ ਜਨਮ ਵੀ ਕਿਸੇ ਖਾਸ ਮਕਸਦ ਦੀ ਪ੍ਰਾਪਤੀ ਲਈ ਹੋਇਆ ਹੈ। ਮਨੁੱਖ ਨੇ ਆਪਣੇ ਇਸ ਕੀਮਤੀ ਜਨਮ ਵਿੱਚ ਜਿੱਥੇ ਆਪਣੇ ਜੀਵਨ ਮਕਸਦ ਦੀ ਪ੍ਰਾਪਤੀ ਕਰਨੀ ਹੈ, ਉਥੇ ਉਸ ਨੇ ਇਸ ਸੰਸਾਰ ਵਿੱਚ ਰਹਿੰਦੇ ਹੋਏ ਆਪਣੀ ਸ਼ਖ਼ਸੀਅਤ ਦੇ ਸਾਰੇ ਪੱਖਾਂ ਨੂੰ ਵਿਕਸਤ ਕਰਦੇ ਹੋਏ ਸੰਦਰਭ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਵੀ ਨਿਭਾਉਣਾ ਹੈ। ਮਨੁੱਖ ਨੇ ਆਪਣੀ ਸ਼ਖ਼ਸੀਅਤ ਦਾ ਚੰਗਾ ਪ੍ਰਭਾਵ ਦੇਣ ਲਈ ਆਪਣੇ ਸਰੀਰ ਦੀ ਸਫਾਈ, ਤੰਦਰੁਸਤੀ ਵੱਲ ਪਹਿਲਾਂ ਧਿਆਨ ਦੇਣਾ ਹੈ। "ਚੁਸਤ, ਦਰੁਸਤ ਅਤੇ ਸਿਹਤਮੰਦ ਸਰੀਰ ਆਪਣੇ ਆਪ ਨੂੰ ਹੀ ਨਹੀਂ ਸਗੋਂ ਦੂਜਿਆਂ ਨੂੰ ਵੀ ਚੰਗਾ ਲੱਗਦਾ ਹੈ। ਚੰਗੇ ਰੱਖ-ਰਖਾਅ ਦੇ ਨਾਲ਼-ਨਾਲ਼ ਹੀ ਚੰਗੀ ਸੋਚ ਅਤੇ ਚੰਗਾ ਵਤੀਰਾ ਵੀ ਜ਼ਰੂਰੀ ਹੈ। ਜਿਸ ਇਨਸਾਨ ਦੀ ਸੋਚ ਅਤੇ ਵਤੀਰਾ ਉਸਾਰੂ ਹੋਵੇਗਾ, ਉਸ ਦਾ ਕਿਰਦਾਰ ਵੀ ਚੰਗਾ ਹੋਵੇਗਾ।"[98] ਵਿਕਸਤ ਮਨੁੱਖੀ ਸ਼ਖ਼ਸੀਅਤ ਦੀ ਅਸਲ ਪਹਿਚਾਣ ਹੀ ਇਹੀ ਬਣਦੀ ਹੈ ਕਿ ਉਹ ਆਪਣੇ ਜੀਵਨ ਨਾਲ਼ ਜੁੜੇ ਵੱਖੋ-ਵੱਖਰੇ ਪਹਿਲੂਆਂ ਪ੍ਰਤੀ ਸੁਚੇਤ ਹੋ ਜਾਂਦਾ ਹੈ। ਉਹ ਆਪਣੇ ਸਰੀਰਕ ਤੇ ਮਨੋਵਿਗਿਆਨਕ ਪੱਖਾਂ ਵਿੱਚ ਤਾਲਮੇਲ ਬਿਠਾਉਂਦਾ ਹੋਇਆ ਸਰੀਰਕ

---

[96] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 53

[97] ਕਰਨਲ ਗੁਰਸੇਵਕ ਸਿੰਘ, (ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ ਅਤੇ ਪ੍ਰੋ. ਦਰਸ਼ਨ ਕੌਰ ਬੇਦੀ, ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995, ਪੰਨਾ 166

[98] ਰਣਜੀਤ ਸਿੰਘ, ਸਵੈ-ਵਿਕਾਸ (ਪ੍ਰਾਪਤੀਆਂ ਦਾ ਆਧਾਰ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2017, ਪੰਨਾ 1

ਕਮਜ਼ੋਰੀਆਂ, ਮਾਨਸਿਕ ਦ੍ਰਿੜਤਾ ਅਤੇ ਕਾਰਜ ਕੁਸ਼ਲਤਾ ਦੇ ਜ਼ਰੀਏ ਔਖੇ ਤੇ ਕਠਿਨ ਸਮੇਂ ਵਿੱਚ ਵੀ ਸਫ਼ਲ ਹੋ ਕੇ ਨਿੱਕਲਦਾ ਹੈ। ਮਨੁੱਖ ਨੂੰ ਆਪਣੀ ਸ਼ਖ਼ਸੀਅਤ ਦੇ ਮਾੜੇ ਅਤੇ ਚੰਗੇ ਪੱਖਾਂ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ, ਕਿ ਉਸ ਦੀ ਸ਼ਖ਼ਸੀਅਤ ਦਾ ਕਿਹੜਾ ਪੱਖ ਦੂਜਿਆਂ ਤੇ ਨਾਕਾਰਾਤਮਕ ਪ੍ਰਭਾਵ ਪਾਉਂਦਾ ਹੈ। "ਜਦੋਂ ਤੁਸੀਂ ਸ਼ਖ਼ਸੀਅਤ ਵਿਸ਼ਲੇਸ਼ਣ (Personality Analysis) ਰਾਹੀਂ ਆਪਣੀਆਂ ਤਰੁੱਟੀਆਂ ਬਾਰੇ ਜਾਣ ਜਾਵੋਗੇ ਤਾਂ ਤੁਸੀਂ ਆਪਣੇ ਆਪ ਨੂੰ ਸੁਧਾਰਣ ਦੇ ਯਤਨ ਕਰੋਗੇ।"[99] ਵਿਕਸਤ ਮਨੁੱਖੀ ਸ਼ਖ਼ਸੀਅਤ ਮਾਨਸਿਕ ਤੌਰ 'ਤੇ ਆਪਣੇ ਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੇ ਫ਼ਰਜ਼ਾਂ ਪ੍ਰਤੀ ਜਾਗਰੂਕ ਹੋ ਜਾਂਦਾ ਹੈ। ਮਨੁੱਖੀ ਸ਼ਖ਼ਸੀਅਤ ਨੂੰ ਮਨੋਵਿਗਿਆਨਕ ਪੱਖ ਤੋਂ ਸਮਝਣ ਅਤੇ ਪਰਖਣ ਦੇ ਢੰਗ ਤਰੀਕਿਆਂ ਨੇ ਮਾਨਵ ਜਾਤੀ ਨੂੰ ਹੋਰ ਬਿਹਤਰ ਸਮਝ ਤੇ ਸਿਆਣਪ ਹਾਸਲ ਕਰਨ ਦੇ ਕਾਬਿਲ ਵੀ ਬਣਾਇਆ ਹੈ ਜੋ ਕਿ ਸਮੁੱਚੀ ਮਾਨਵਤਾ ਲਈ ਚੰਗੇਰੇ ਭਵਿੱਖ ਵੱਲ ਕਦਮ ਵਧਾਉਣ ਵਿੱਚ ਸਹਾਇਕ ਸਿੱਧ ਹੋਣਗੇ। "ਉੱਤਮ ਵਿਅਕਤਿਤਵ ਲਈ ਬੰਦੇ ਦਾ ਨੇਕ ਚਾਲ-ਚਲਨ, ਬਿਬੇਕ ਬੁੱਧੀ, ਸਦਗੁਣੀ ਵਿਹਾਰ ਸ਼ਾਮਿਲ ਹਨ। ਇਹ ਸਭ ਰਲ਼ ਕੇ ਅਧਿਆਤਮਿਕ ਸਾਧਨਾ ਨੂੰ ਸਫ਼ਲ ਬਣਾਉਣ ਵਿੱਚ ਸਹਾਈ ਹੁੰਦੇ ਹਨ।"[100] ਵਿਕਸਤ ਮਨੁੱਖੀ ਸ਼ਖ਼ਸੀਅਤ ਹੀ ਅਸਲ ਵਿੱਚ ਸਚਿਆਰ ਦੇ ਸੰਕਲਪ ਦੀ ਪੂਰਨਤਾ ਵੱਲ ਵਧ ਰਹੇ ਕਦਮਾਂ ਦੀ ਨਿਸ਼ਾਨਦੇਹੀ ਹੈ। ਵਿਕਾਸ ਕਰ ਚੁੱਕੀ ਮਨੁੱਖੀ ਸ਼ਖ਼ਸੀਅਤ ਮੁੱਲਾਂ, ਕਦਰਾਂ-ਕੀਮਤਾਂ ਅਤੇ ਸਦਗੁਣਾਂ ਦੀ ਧਾਰਨੀ ਹੋ ਜਾਂਦੀ ਹੈ ਜੋ ਕਿ ਸਚਿਆਰ ਦੇ ਅਰਥਾਂ ਨੂੰ ਸਾਕਾਰ ਰੂਪ ਵਿੱਚ ਸਾਡੇ ਸਾਹਮਣੇ ਪੇਸ਼ ਕਰਦੀ ਹੈ।

---

99 ਕਰਨਲ ਗੁਰਸੇਵਕ ਸਿੰਘ, (ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ ਅਤੇ ਪ੍ਰੋ. ਦਰਸ਼ਨ ਕੌਰ ਬੇਦੀ, ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995, ਪੰਨਾ 172

100 ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2009, ਪੰਨਾ 87

# ਅਧਿਆਇ ਦੂਜਾ

## ਸਿੱਖ ਮੱਤ ਅਨੁਸਾਰ ਸਚਿਆਰ ਦਾ ਸੰਕਲਪ ਅਤੇ ਪਰਮਾਤਮਾ ਦੀ ਨਦਰਿ

ਸ਼ਖ਼ਸੀਅਤ ਅਤੇ ਮਨੁੱਖ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ। ਮਨੁੱਖੀ ਸਮਾਜ ਵਿੱਚ ਮਨੁੱਖ ਦੀ ਸ਼ਖ਼ਸੀਅਤ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਮਨੁੱਖ ਅਤੇ ਸ਼ਖ਼ਸੀਅਤ ਦੋਵਾਂ ਨੂੰ ਇੱਕ ਦੂਜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਮਨੁੱਖ ਦਾ ਦਿਸਦਾ ਆਪਾ, ਉਸ ਦੀ ਸੋਚ, ਵਿਚਾਰ ਅਤੇ ਕਰਮ ਉਸ ਦੀ ਸ਼ਖ਼ਸੀਅਤ ਦਾ ਹਿੱਸਾ ਹਨ। ਮਨੁੱਖ ਜੋ ਵੀ ਬਾਹਰੀ ਜਾਂ ਅੰਦਰੂਨੀ ਤੌਰ ਤੇ ਆਪਣੇ ਆਪੇ ਨੂੰ ਦੂਜਿਆਂ ਸਾਹਮਣੇ ਪੇਸ਼ ਕਰਦਾ ਹੈ, ਇਹ ਉਸ ਦੀ ਸ਼ਖ਼ਸੀਅਤ ਹੀ ਹੁੰਦੀ ਹੈ। ਇੱਕ ਮਨੁੱਖ ਦੀ ਸ਼ਖ਼ਸੀਅਤ ਦੂਜੇ ਨਾਲ਼ੋਂ ਭਿੰਨਤਾ ਰੱਖਦੀ ਹੈ। ਕਈ ਲੋਕ ਕਿਸੇ ਵਿਅਕਤੀ ਦੀ ਬਾਹਰੀ ਦਿੱਖ ਅਤੇ ਨੈਣ-ਨਕਸ਼ਾਂ ਦੇ ਆਧਾਰ ਤੇ ਹੀ ਉਸ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਪੇਸ਼ ਕਰ ਦਿੰਦੇ ਹਨ। "ਵਿਅਕਤਿਤਵ ਕਿਸੇ ਵਿਅਕਤੀ ਦੀ ਜਿਉਣ-ਸ਼ੈਲੀ ਦਾ ਨਾਮ ਹੈ, ਕਿਸੇ ਵਿਅਕਤੀ ਦੇ ਵਿਸ਼ੇਸ਼ ਗੁਣ-ਅਉਗੁਣ ਇਸ ਦਾ ਭਾਗ ਹੁੰਦੇ ਹਨ। ਕਿਸੇ ਹੱਦ ਤੱਕ ਅਸੀਂ ਤਕਰੀਬਨ ਹਰ ਵਿਅਕਤੀ ਬਾਰੇ ਕੁੱਝ ਨਾ ਕੁੱਝ ਅਗਾਊਂ ਕਹਿ ਸਕਦੇ ਹਾਂ ਕਿ ਉਸ ਦਾ ਚਲਨ ਕੈਸਾ ਹੈ ਜਾਂ ਉਸ ਦਾ ਵਿਹਾਰ ਕਿਹੋ ਜਿਹਾ ਹੋ ਸਕਦਾ ਹੈ।"[1] ਉਸ ਦੀ ਸ਼ਖ਼ਸੀਅਤ ਵਿੱਚ ਬਾਹਰੀ ਦਿੱਖ, ਕੱਪੜਿਆਂ ਅਤੇ ਸੁੰਦਰਤਾ ਆਦਿ ਤੋਂ ਬਿਨ੍ਹਾਂ ਉਸ ਦੇ ਅੰਦਰੂਨੀ ਗੁਣ ਵੀ ਸ਼ਾਮਿਲ ਹੁੰਦੇ ਹਨ। ਮਨੁੱਖ ਦੇ ਅੰਦਰੂਨੀ ਗੁਣਾਂ ਵਿੱਚ ਉਸ ਦਾ ਅਧਿਆਤਮਿਕ ਪੱਖ ਵੀ ਸ਼ਾਮਿਲ ਹੈ।

"ਅਸਲ ਵਿੱਚ ਵਿਅਕਤੀ ਦੇ ਵਿਅਕਤਿਤਵ ਵਿੱਚ ਉਸ ਦੇ ਬਾਹਰੀ ਅਤੇ ਅੰਦਰੂਨੀ ਦੋਵੇਂ ਪ੍ਰਕਾਰ ਦੇ ਗੁਣ ਸ਼ਾਮਿਲ ਹੁੰਦੇ ਹਨ। ਇਸ ਵਿੱਚ ਮਨੁੱਖੀ ਜੀਵਨ ਦੇ ਸਾਰੇ ਅੰਸ਼ ਸ਼ਾਮਿਲ ਹੁੰਦੇ ਹਨ। ਕਿਸੇ ਵਿਅਕਤੀ ਦੇ ਸਰੀਰਕ, ਬੌਧਿਕ, ਭਾਵਾਤਮਿਕ ਅਤੇ ਸਮਾਜਿਕ ਬਣਤਰ ਦੇ ਸਮੂਹਿਕ ਏਕੀਕਰਣ ਨੂੰ ਵਿਅਕਤਿਤਵ ਆਖਿਆ ਜਾਂਦਾ ਹੈ।"[2] ਕਿਸੇ ਮਨੁੱਖ ਦੀ ਬਾਹਰਲੀ ਦਿੱਖ, ਉਸ ਦੀ ਸੁੰਦਰਤਾ ਅਤੇ ਕੱਪੜਿਆਂ ਦੇ ਆਧਾਰ ਤੇ ਬਹੁਤ ਪ੍ਰਭਾਵਸ਼ਾਲੀ ਹੁੰਦੀ ਹੈ ਜਿਸ ਨੂੰ ਵੇਖ ਕੇ ਕਿਸੇ ਦੂਸਰੇ ਦੇ ਮੂੰਹੋਂ ਸੁਭਾਵਿਕ ਹੀ ਨਿੱਕਲ਼ ਜਾਂਦਾ ਹੈ ਕਿ

---

[1] ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ,2009, ਪੰਨਾ 81

[2] ਐੱਨ.ਐੱਸ. ਸੋਢੀ. ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 53

ਉਹ ਵਿਅਕਤੀ ਕਿੰਨੀ ਸੋਹਣੀ ਸ਼ਖ਼ਸੀਅਤ ਦਾ ਮਾਲਕ ਹੈ। ਇਸ ਦੇ ਉਲਟ ਜੇਕਰ ਡੂੰਘਾਈ ਨਾਲ਼ ਸ਼ਖ਼ਸੀਅਤ ਦੇ ਸੰਕਲਪ ਤੇ ਵਿਚਾਰ ਕੀਤਾ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮਨੁੱਖ ਦੇ ਅੰਦਰੂਨੀ ਗੁਣ ਜਿਵੇਂ ਕਿ ਉਸ ਦੀ ਸੋਚ, ਵਿਚਾਰ ਅਤੇ ਦੂਜਿਆਂ ਨਾਲ਼ ਵਿਵਹਾਰ ਆਦਿ ਨੂੰ ਆਧਾਰ ਬਣਾ ਕੇ ਹੀ ਕਿਹਾ ਜਾ ਸਕਦਾ ਹੈ ਕਿ ਉਸ ਦੀ ਸ਼ਖ਼ਸੀਅਤ ਕਿਸ ਤਰ੍ਹਾਂ ਦੀ ਹੈ। ਸ਼ਖ਼ਸੀਅਤ ਦਾ ਮਨੁੱਖੀ ਸਮਾਜ ਵਿੱਚ ਅਹਿਮ ਸਥਾਨ ਹੈ ਕਿਉਂਕਿ ਮਨੁੱਖ ਦੀ ਚੰਗੀ ਜਾਂ ਮਾੜੀ ਸ਼ਖ਼ਸੀਅਤ ਨੇ ਸਮਾਜਿਕ ਪ੍ਰਬੰਧ ਨੂੰ ਚੰਗਾ ਜਾਂ ਬੁਰਾ ਬਣਾਉਣਾ ਹੈ। ਚੰਗੀ ਸ਼ਖ਼ਸੀਅਤ ਦੇ ਮਾਲਕ ਵਿਅਕਤੀ ਸਮਾਜ ਨੂੰ ਚੰਗਾ ਬਣਾਉਣ ਵਿੱਚ ਆਪਣੀ ਚੰਗੀ ਸੋਚ ਦੇ ਆਧਾਰ ਤੇ ਸਾਕਾਰਾਤਮਕ ਭੂਮਿਕਾ ਨਿਭਾ ਸਕਦੇ ਹਨ। ਮਨੋਵਿਗਿਆਨਕ ਪੱਖ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਸਲ ਵਿੱਚ ਸ਼ਖ਼ਸੀਅਤ ਮਨੁੱਖ ਦੇ ਬਾਹਰੀ ਅਤੇ ਅੰਦਰੂਨੀ ਗੁਣਾਂ ਦਾ ਸੁਮੇਲ ਹੈ। ਮਨੁੱਖੀ ਸ਼ਖ਼ਸੀਅਤ ਆਪਣੇ ਗੁਣਾਂ ਅਤੇ ਔਗੁਣਾਂ ਨਾਲ਼ ਸਮਾਜ ਵਿੱਚ ਰਹਿੰਦੇ ਹੋਰ ਲੋਕਾਂ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦੀ ਹੈ। ਇਸ ਲਈ ਚੰਗੇ ਗੁਣਾਂ ਵਾਲ਼ੀ ਸ਼ਖ਼ਸੀਅਤ ਹੀ ਸਮਾਜ ਵਿੱਚ ਚੰਗੀ ਭੂਮਿਕਾ ਨਿਭਾ ਸਕਦੀ ਹੈ, ਜਿਸ ਨੂੰ ਸਿੱਖ ਮੱਤ ਅਨੁਸਾਰ ਸਚਿਆਰ ਸ਼ਖ਼ਸੀਅਤ ਕਿਹਾ ਜਾਂਦਾ ਹੈ। ਸਚਿਆਰਤਾ ਦੀ ਪ੍ਰਾਪਤੀ ਤੋਂ ਬਾਅਦ ਮਨੁੱਖੀ ਸ਼ਖ਼ਸੀਅਤ ਵਿੱਚ ਕੀ ਬਦਲਾਅ ਹੁੰਦਾ ਹੈ। ਇੱਥੇ ਇਹ ਵਿਚਾਰ ਕੀਤਾ ਗਿਆ ਹੈ ਕਿ ਮਨੁੱਖਾ ਜਨਮ ਪ੍ਰਭੂ ਦੀ ਕਿਰਪਾ ਸਦਕਾ ਹੀ ਪ੍ਰਾਪਤ ਹੋਇਆ ਹੈ ਅਤੇ ਸਚਿਆਰਤਾ ਦੀ ਪ੍ਰਾਪਤੀ ਵੀ ਮਨੁੱਖ ਪ੍ਰਭੂ ਦੀ ਕਿਰਪਾ ਸਦਕਾ ਹੀ ਕਰ ਸਕਦਾ ਹੈ। ਪਰਮਾਤਮਾ ਦੁਆਰਾ ਸਿਰਜੀ ਇਸ ਸਮੁੱਚੀ ਕਾਇਨਾਤ ਵਿੱਚ ਹੋਰ ਜੀਵ-ਜੰਤੂਆਂ ਨਾਲ਼ੋਂ ਮਨੁੱਖ ਦਾ ਦਰਜਾ ਸਰਵ ਉੱਤਮ ਹੈ ਕਿਉਂਕਿ ਉਸ ਕੋਲ਼ ਉਹ ਸਾਰੀਆਂ ਸਮਰੱਥਾਵਾਂ ਹਨ, ਜਿਨ੍ਹਾਂ ਦੇ ਆਧਾਰ ਤੇ ਉਸ ਵਿੱਚ ਵਿਕਾਸ ਕਰਨ ਦੀਆਂ ਅਥਾਹ ਸੰਭਾਵਨਾਵਾਂ ਹਨ। ਜੀਣ, ਥੀਣ ਅਤੇ ਵਿਕਾਸ ਕਰਨ ਦੀਆਂ ਇਨ੍ਹਾਂ ਸੰਭਾਵਨਾਵਾਂ ਕਰਕੇ ਹੀ ਮਨੁੱਖ ਇਸ ਸੰਸਾਰ ਵਿੱਚ ਸਾਰੇ ਪ੍ਰਾਣੀਆਂ ਤੋਂ ਉੱਤਮ ਹੈ।

ਅਵਰ ਜੋਨਿ ਤੇਰੀ ਪਨਿਹਾਰੀ॥ ਇਸ ਧਰਤੀ ਮਹਿ ਤੇਰੀ ਸਿਕਦਾਰੀ॥[3]

---

[3] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 374

ਮਨੁੱਖ ਦਾ ਸਰੀਰਕ ਢਾਂਚਾ, ਸਰੀਰਕ ਸਮਰੱਥਾ, ਵਿਵੇਕ ਸ਼ਕਤੀ, ਬੌਧਿਕਤਾ, ਮਾਨਸਿਕ ਸਮਝ ਉਸ ਨੂੰ ਇੱਕ ਉੱਤਮ ਪ੍ਰਾਣੀ ਦੇ ਰੂਪ ਵਿੱਚ ਇਸ ਸੰਸਾਰ ਅੰਦਰ ਪੇਸ਼ ਕਰਦੀ ਹੈ। "ਪਰਮਾਤਮਾ ਨੇ ਵਿਸ਼ੇਸ਼ ਕਰਕੇ ਮਨੁੱਖਾਂ ਅੰਦਰ ਦਿਮਾਗੀ ਸੂਝ ਪਾਈ ਹੈ, ਜਿਸ ਦੁਆਰਾ ਭਲਾ, ਬੁਰਾ ਤੇ ਜੀਵਨ ਨੂੰ ਉੱਚਾ ਰੱਖਣ ਲਈ ਅਨੇਕਾਂ ਜੁਗਤੀਆਂ ਜਾਣੀਆਂ ਜਾ ਸਕਦੀਆਂ ਹਨ।"[4] ਇਨ੍ਹਾਂ ਜੁਗਤੀਆਂ ਅਤੇ ਸਮਰੱਥਾਵਾਂ ਦੇ ਸਹਾਰੇ ਮਨੁੱਖ ਕੋਲ਼ ਸ਼ਖ਼ਸੀਅਤ ਨੂੰ ਵਿਕਸਤ ਕਰਨ ਦੀਆਂ ਬਹੁਤ ਸੰਭਾਵਨਾਵਾਂ ਹਨ। ਜਿਨ੍ਹਾਂ ਨਾਲ਼ ਉਹ ਇਸ ਸੰਸਾਰ ਅੰਦਰ ਚੰਗਾ ਜੀਵਨ ਬਤੀਤ ਕਰਦਾ ਹੋਇਆ ਆਪਣੇ ਜੀਵਨ ਆਦਰਸ਼ ਨੂੰ ਪ੍ਰਾਪਤ ਕਰਦਾ ਹੈ। "ਮਨੁੱਖ ਦੇ ਜੀਵਨ ਨੂੰ ਗੁਰਮਤਿ ਵਿੱਚ ਉੱਤਮ ਪਰਵਾਨ ਕੀਤਾ ਹੋਇਆ ਹੈ, ਕਿਉਂਕਿ ਇਸ ਦੀ ਬਣਤਰ ਅਜਿਹੀ ਹੈ, ਜਿਸ ਵਿੱਚ ਵਿਕਾਸ ਕਰ ਸਕਣ ਦੇ ਸਾਰੇ ਤੱਤ ਮੌਜੂਦ ਹਨ।"[5] ਸਿੱਖ ਧਰਮ ਅਨੁਸਾਰ ਮਨੁੱਖ ਨੂੰ ਇਹ ਕੀਮਤੀ ਜਨਮ ਪਰਮਾਤਮਾ ਦੀ ਪ੍ਰਾਪਤੀ ਲਈ ਮਿਲਿਆ ਹੈ। "ਗੁਰਮਤਿ ਦਰਸ਼ਨ ਦੀ ਮਹਾਨ ਖ਼ੂਬੀ ਤੇ ਵਿਲੱਖਣਤਾ ਹੈ ਕਿ ਇਸ ਨੇ ਮਨੁੱਖ ਨੂੰ ਦ੍ਰਿੜ ਕਰਾਇਆ ਹੈ ਕਿ ਇਨਸਾਨ ਦਾ ਸੰਸਾਰ 'ਚ ਆਉਣ ਦਾ ਕੋਈ ਮਨੋਰਥ ਹੈ। ਬਿਨ੍ਹਾਂ ਜੀਵਨ ਮਨੋਰਥ ਦੇ ਮਨੁੱਖਾਂ ਤੇ ਪਸ਼ੂਆਂ ਦਰਮਿਆਨ ਕੋਈ ਅੰਤਰ ਨਹੀਂ। ਜੇਕਰ ਜੀਵਨ ਵਿੱਚ ਖਾਣਾ-ਪੀਣਾ ਜਾਂ ਬੱਚੇ ਪੈਦਾ ਕਰਨਾ ਜਾਂ ਮੌਜ-ਮੇਲਾ ਹੈ ਤਾਂ ਪਸ਼ੂ ਜੀਵਨ ਨਾਲ਼ੋਂ ਕੋਈ ਜ਼ਿਆਦਾ ਫ਼ਰਕ ਨਹੀਂ। ਮਨੁੱਖਾ ਜੀਵਨ ਦਾ ਮੁੱਖ ਮੰਤਵ ਪ੍ਰਭੂ ਮਿਲਾਪ ਹੈ ਤਾਂ ਜੋ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੋਇਆ ਜਾਵੇ।"[6] ਗੁਰੂ ਸਾਹਿਬ ਪਰਮਾਤਮਾ ਨੂੰ ਸੰਬੋਧਿਤ ਹੁੰਦੇ ਹੋਏ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ ਤੁਹਾਡੀ ਕਿਰਪਾ ਸਦਕਾ ਹੀ ਇਹ ਜਨਮ ਮਿਲਿਆ ਹੈ ਹੁਣ ਤੁਸੀਂ ਸਾਡੇ ਉੱਤੇ ਕਿਰਪਾ ਕਰਕੇ ਸਾਨੂੰ ਆਪਣੇ ਚਰਨਾਂ ਨਾਲ਼ ਜੋੜ ਲਵੋ ਅਤੇ ਅੰਗ-ਸੰਗ ਹੋ ਕੇ ਸਾਡੀ ਸਹਾਇਤਾ ਕਰੋ ਤਾਂ ਜੋ ਅਸੀਂ ਤੁਹਾਡੇ ਦਰਸ਼ਨ ਦੀਦਾਰ ਕਰਕੇ ਆਪਣੇ ਜੀਵਨ ਮਕਸਦ ਦੀ ਪ੍ਰਾਪਤੀ ਕਰ ਸਕੀਏ।

---

4 ਡਾ. ਪੂਰਨ ਸਿੰਘ, ਗੁਰਮਤਿ ਦਰਸ਼ਨ ਦੀ ਵਿਲੱਖਣ ਵਿਚਾਰਧਾਰਾ, ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ. ਕੈਨੇਡਾ, 2004, ਪੰਨਾ 89

5 ਡਾ. ਬਲਕਾਰ ਸਿੰਘ, ਗੁਰਮਤਿ ਵਿਵੇਚਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯਨੀਵਰਸਿਟੀ, ਪਟਿਆਲਾ, 1995, ਪੰਨਾ 10

6 ਡਾ. ਪੂਰਨ ਸਿੰਘ, ਗੁਰਮਤਿ ਦਰਸ਼ਨ ਦੀ ਵਿਲੱਖਣ ਵਿਚਾਰਧਾਰਾ, ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ. ਕੈਨੇਡਾ, 2004, ਪੰਨਾ 89

ਤੁਮਰੀ ਕਿਰਪਾ ਤੇ ਮਾਨੁਖ ਦੇਹ ਪਾਈ ਹੇ॥

ਦੇਹੁ ਦਰਸੁ ਹਰਿ ਰਾਇਆ ॥[7]

ਪ੍ਰਭੂ ਨੇ ਕਿਰਪਾ ਕਰਕੇ ਮਨੁੱਖ ਨੂੰ ਕਿਸੇ ਖਾਸ ਮਕਸਦ ਦੀ ਪ੍ਰਾਪਤੀ ਲਈ ਇਸ ਧਰਤੀ ਤੇ ਭੇਜਿਆ ਹੈ ਜੋ ਕਿ ਇਸ ਮਨੁੱਖਾ ਜਨਮ ਵਿੱਚ ਹੀ ਸੰਭਵ ਹੈ। "ਕੇਵਲ ਮਨੁੱਖੀ ਜੀਵਨ ਹੀ ਐਸੀ ਅਵਸਥਾ ਹੈ ਜਦੋਂ ਆਤਮਾ ਮੁਕਤੀ ਪ੍ਰਾਪਤ ਕਰ ਸਕਦੀ ਹੈ। ਸੰਸਾਰ ਦੇ ਤਕਰੀਬਨ ਸਾਰੇ ਧਰਮਾਂ ਨੇ ਇਸ ਤੱਤ ਨੂੰ ਮਾਨਤਾ ਦਿੱਤੀ ਹੈ ਕਿ ਮਨੁੱਖੀ ਹੋਂਦ ਸਭ ਤਰ੍ਹਾਂ ਦੇ ਜੀਵਾਂ ਤੋਂ ਉੱਤਮ ਹੈ ਕਿਉਂਕਿ ਉਹ ਮਾਨਸਿਕ ਅਤੇ ਸਮਾਜਿਕ ਤੌਰ ਤੇ ਸਭ ਤੋਂ ਵਿਕਸਤ ਪ੍ਰਾਣੀ ਹੋਣ ਦੇ ਨਾਲ਼-ਨਾਲ਼ ਅਧਿਆਤਮਿਕ ਤੌਰ ਤੇ ਵੀ ਜ਼ਿਆਦਾ ਚੇਤੰਨ ਪ੍ਰਾਣੀ ਹੈ। ਸਭ ਜੀਆਂ ਜੰਤਾਂ ਵਿੱਚੋਂ ਕੇਵਲ ਮਨੁੱਖ ਨੂੰ ਹੀ ਪਰਮਾਤਮਾ ਦੇ ਗਿਆਨ ਅਤੇ ਪ੍ਰਭੂ ਪ੍ਰੇਮ ਦਾ ਮਾਣ ਪ੍ਰਾਪਤ ਹੋ ਸਕਦਾ ਹੈ।"[8] ਧਰਮ ਮਨੁੱਖ ਦੀ ਇਸ ਮਕਸਦ ਪ੍ਰਾਪਤੀ ਵਿੱਚ ਸਹਾਇਤਾ ਕਰਦਾ ਹੈ। ਧਰਮ ਦਾ ਸਮੁੱਚਾ ਪਸਾਰ ਇਸ ਕੇਂਦਰੀ ਨੁਕਤੇ ਨਾਲ਼ ਜੁੜਿਆ ਹੋਇਆ ਹੈ। ਇਸ ਆਸ਼ੇ ਦੀ ਸਿੱਧੀ ਲਈ ਵੱਖ-ਵੱਖ ਧਰਮਾਂ ਵਿੱਚ ਅਸੀਂ ਆਦਰਸ਼ ਮਨੁੱਖ ਦਾ ਸਰੂਪ ਕਲਪਿਆ ਵੇਖਦੇ ਹਾਂ। ਆਦਰਸ਼ ਮਨੁੱਖ ਜਾਂ ਪਰਮ ਮਨੁੱਖ ਨੂੰ ਧਰਮ ਦੀ ਸਰਬ-ਉੱਚ ਸੱਤਾ ਪਰਮਾਤਮਾ ਦੇ ਹੀ ਗੁਣਾਂ ਦਾ ਧਾਰਨੀ ਮੰਨਿਆ ਜਾਂਦਾ ਹੈ। ਵਰਤਮਾਨ ਹੋਂਦ ਸਥਿਤੀ ਤੋਂ ਉੱਚਾ ਉੱਠ ਕੇ ਪਰਮਾਤਮਾ ਜਾਂ ਪੂਰਣਤਾ ਦੀ ਪ੍ਰਾਪਤੀ ਮਨੁੱਖੀ ਜੀਵਨ ਦੀ ਸਰਬ-ਉੱਚ ਪ੍ਰਾਪਤੀ ਮੰਨੀ ਜਾਂਦੀ ਹੈ। ਵੱਖ-ਵੱਖ ਧਰਮਾਂ ਵਿੱਚ ਅਜਿਹੇ ਆਦਰਸ਼ ਮਨੁੱਖ ਨੂੰ ਵੱਖ-ਵੱਖ ਨਾਂ ਦਿੱਤੇ ਗਏ ਹਨ ਜਿਵੇਂ ਕਿ ਹਿੰਦੂ ਧਰਮ ਵਿੱਚ ਆਰੀਆ, ਬੁੱਧ ਧਰਮ ਵਿੱਚ ਬੋਧੀ ਸੱਤਾ, ਜੈਨ ਧਰਮ ਵਿੱਚ ਜਿੰਨ, ਇਸਲਾਮ ਧਰਮ ਵਿੱਚ ਮੁਸਲਿਮ ਆਦਿ। ਗੁਰਬਾਣੀ ਵਿੱਚ ਵੀ ਅਜਿਹੇ ਆਦਰਸ਼ ਮਨੁੱਖ ਦਾ ਕਈ ਨਾਵਾਂ ਵਿੱਚ ਸਰੂਪ ਚਿਤਰਿਆ ਗਿਆ ਹੈ ਜਿਵੇਂ ਕਿ ਸਚਿਆਰ, ਗੁਰਮੁਖ, ਭਗਤ, ਪੰਚ, ਜਨ, ਗਿਆਨੀ, ਬ੍ਰਹਮ ਗਿਆਨੀ, ਮੁਕਤ, ਜੀਵਨ ਮੁਕਤ, ਦਾਸ, ਚਾਕਰ, ਸਾਧ, ਸੰਤ ਅਤੇ ਜੋਗੀ ਆਦਿ। ਵਿਚਾਰ ਅਧੀਨ ਸਚਿਆਰ ਸ਼ਬਦ ਵੀ ਅਜਿਹੇ ਸ਼ਬਦਾਂ ਦੀ ਹੀ ਲੜੀ ਵਿੱਚ ਆਉਂਦਾ ਹੈ।

---

[7] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-207

[8] ਡਾ. ਰਾਜਿੰਦਰ ਕੌਰ ਰੋਹੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅਧਿਆਤਮ ਤੇ ਵਿਵਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 61

ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਦੇ ਜੀਵਨ ਦਾ ਮਕਸਦ ਪ੍ਰਭੂ ਦੀ ਪ੍ਰਾਪਤੀ ਹੈ। ਮਨੁੱਖ ਨੇ ਇਸ ਜਨਮ ਵਿੱਚ ਪ੍ਰਭੂ ਪ੍ਰਾਪਤੀ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਮੰਨਦੇ ਹੋਏ ਸਚਿਆਰਤਾ ਦੇ ਰਾਹ ਤੇ ਤੁਰਨਾ ਹੈ। "ਸਿੱਖ ਧਰਮ ਅਨੁਸਾਰ ਸਿੱਖ ਦਾ ਜੀਵਨ ਮਨੋਰਥ ਪ੍ਰਭੂ ਨਾਲ਼ ਇੱਕਮਿਕਤਾ ਪ੍ਰਾਪਤ ਕਰਨੀ ਹੈ, ਸਚਿਆਰਾ ਬਣਨਾ ਹੈ ਅਤੇ ਗੁਰੂ ਦਾ ਹੁਕਮ ਮੰਨ ਕੇ ਨਾਮ ਸਿਮਰਨ ਵਾਲ਼ਾ ਜੀਵਨ ਜਿਉਣਾ ਹੈ। ਕਰਮ-ਕਾਂਡ ਦਾ ਤਿਆਗ ਕਰਨਾ ਹੈ। ਪ੍ਰਭੂ ਸਿੱਖਿਆ ਨੂੰ ਅਮਲੀ ਰੂਪ ਵਿੱਚ ਧਾਰਨ ਕਰਨਾ ਹੈ।"[9] ਆਪਣੇ ਜੀਵਨ ਮਕਸਦ ਦੀ ਪ੍ਰਾਪਤੀ ਲਈ ਮਨੁੱਖ ਨੇ ਸਚਿਆਰਾ ਬਣਨਾ ਹੈ। ਸਚਿਆਰ ਸ਼ਬਦ ਤੇ ਵਿਚਾਰ ਕਰਦਿਆਂ ਸਭ ਤੋਂ ਪਹਿਲਾ ਸਵਾਲ ਪੈਦਾ ਹੁੰਦਾ ਹੈ ਕਿ ਸਚਿਆਰ ਤੋਂ ਕੀ ਭਾਵ ਹੈ? ਸ਼ਾਬਦਿਕ ਅਰਥਾਂ ਅਨੁਸਾਰ ਸਚਿਆਰ ਸ਼ਬਦ ਸੱਚ ਅਤੇ ਆਚਾਰ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਭਾਵ ਉਹ ਮਨੁੱਖ ਸਚਿਆਰਾ ਹੈ ਜਿਸ ਦਾ ਆਚਰਣ ਸੱਚਾ ਹੈ। ਗੁਰੂ ਨਾਨਕ ਬਾਣੀ ਵਿੱਚ ਸੱਚ ਦੇ ਸਿਧਾਂਤ ਨਾਲ਼ੋਂ ਸੱਚ ਨੂੰ ਵਿਵਹਾਰਕ ਜੀਵਨ ਵਿੱਚ ਅਪਨਾਉਣਾ ਮਹੱਤਵਪੂਰਨ ਮੰਨਿਆ ਗਿਆ ਹੈ।

ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰੁ॥[10]

ਗੁਰੂ ਸਾਹਿਬ ਨੇ ਮਨੁੱਖ ਨੂੰ ਸਦਾਚਾਰਕ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਹੈ। ਕਿਉਂਕਿ ਉਸ ਦੇ ਆਚਰਣਕ ਗੁਣ ਹੀ ਉਸ ਨੂੰ ਚੰਗਿਆਈ ਜਾਂ ਬੁਰਾਈ ਵੱਲ ਤੋਰਦੇ ਹਨ। "ਸਚਿਆਰ ਜੀਵਨ ਹੀ ਮਨੁੱਖ ਨੂੰ ਮਾਨਸਿਕ ਸ਼ਾਂਤੀ ਤੇ ਇਤਮੀਨਾਨ ਪ੍ਰਦਾਨ ਕਰਦਾ ਹੈ। ਇੱਥੋਂ ਹੀ ਆਤਮ-ਸੰਜਮ ਵਾਲ਼ਾ ਜੀਵਨ ਪ੍ਰਾਪਤ ਹੁੰਦਾ ਹੈ। ਤਦ ਅੰਦਰੋਂ ਖਲਬਲੀ ਤੇ ਉਕਸਾਹਟ ਨਿੱਬੜ ਜਾਂਦੀ ਹੈ ਤੇ ਸਿਦਕ, ਸੰਤੋਖ, ਵਿਸਾਹ, ਭਰੋਸਾ ਅਤੇ ਨਿਰਭਰਤਾ ਜਿਹੇ ਗੁਣ ਪ੍ਰਵੇਸ਼ ਕਰਨ ਲੱਗਦੇ ਹਨ। ਇਸ ਘਾਲਣਾ ਰਾਹੀਂ ਸੱਚ ਆਚਾਰ ਢਲ਼ਦਾ ਹੈ।"[11] ਮਨੁੱਖ ਨੇ ਸੱਚ ਨੂੰ ਧਾਰਨ ਕਰਨ ਤੋਂ ਪਹਿਲਾਂ ਆਪਣੇ ਆਚਰਣ ਨੂੰ ਸ਼ੁੱਧ ਕਰਨਾ ਹੈ ਜਿਵੇਂ ਇੱਕ ਭਾਂਡੇ ਵਿੱਚ ਦੁੱਧ ਪਾਉਣ ਤੋਂ ਪਹਿਲਾਂ ਉਸ ਨੂੰ ਪਾਣੀ ਨਾਲ ਧੋ ਕੇ ਸਾਫ਼ ਕੀਤਾ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਜੇਕਰ

[9] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1995, ਪੰਨਾ 76

[10] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 62

[11] ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2009, ਪੰਨਾ 7

ਮਨੁੱਖ ਆਪਣੇ ਆਚਰਣ ਨੂੰ ਸ਼ੁੱਧ ਕਰ ਲਵੇਗਾ ਤਦ ਉਸ ਲਈ ਪਰਮਸਤਿ ਦੇ ਮਾਰਗ 'ਤੇ ਤੁਰਨਾ ਔਖਾ ਨਹੀਂ ਹੋਵੇਗਾ। ਮਨੁੱਖ ਅੰਦਰਲੀ ਸੱਚਾਈ ਉਸ ਨੂੰ ਸੱਚ ਨਾਲ਼ ਜੁੜਨ ਲਈ ਪ੍ਰੇਰਦੀ ਹੈ ਅਤੇ ਸਚਿਆਰਾ ਮਨੁੱਖ ਬਣਾਉਣ ਵਿੱਚ ਉਸ ਦੀ ਸਹਾਇਤਾ ਕਰਦੀ ਹੈ। ਆਪਣੇ ਅੰਦਰਲੇ ਸੱਚ ਨੂੰ ਪਛਾਣ ਕੇ, ਉਸ ਨਾਲ਼ ਇੱਕਮਿਕਤਾ ਪ੍ਰਾਪਤ ਕਰਨੀ ਸਚਿਆਰਤਾ ਹੈ। "ਸੱਚ ਬੋਲਣ ਵਾਲਾ, ਸਤਯ ਦੇ ਧਾਰਣ ਵਾਲਾ, ਸੱਚਾ।"[12] ਸਚਿਆਰਾ ਮਨੁੱਖ ਉਹ ਹੈ ਜਿਸ ਨੇ ਸੱਚ ਨੂੰ ਸਮਝ ਲਿਆ ਹੈ। ਜੋ ਸੱਚਾਈ ਵਾਲੇ ਕਰਮ ਕਰਦਾ ਹੈ। "ਸਚਿਆਰ ਦੀਆਂ ਤਿੰਨ ਕਿਸਮਾਂ ਹਨ। ਪਹਿਲਾ, ਸਚਿਆਰ ਉਸ ਨੂੰ ਕਿਹਾ ਜਾ ਸਕਦਾ ਹੈ ਜਿਸ ਨੇ ਸੱਚ ਨੂੰ ਅਨੁਭਵ ਕਰ ਲਿਆ ਹੈ। ਅਜਿਹਾ ਕੋਈ ਗੁਰੂ ਹੋ ਸਕਦਾ ਹੈ, ਮਹਾਂਪੁਰਸ਼ ਹੋ ਸਕਦਾ ਹੈ। ਦੂਜਾ, ਜਿਸ ਨੇ ਆਪਣੀ ਬੁੱਧੀ ਨਾਲ ਸੱਚ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਕੋਈ ਬ੍ਰਹਮ ਗਿਆਨੀ ਹੋ ਸਕਦਾ ਹੈ ਕੋਈ ਬੌਧਿਕ ਹੋ ਸਕਦਾ ਹੈ, ਕੋਈ ਗਿਆਨੀ ਹੋ ਸਕਦਾ ਹੈ, ਕੋਈ ਵਿਗਿਆਨਕ ਹੋ ਸਕਦਾ ਹੈ ਤੇ ਇਸ ਤਰੀਕੇ ਦੇ ਕਈ ਵਿਦਵਾਨ ਤੇ ਮਨੁੱਖ ਹੋ ਸਕਦੇ ਹਨ ਜਿਹੜੇ ਸੱਚੇ ਅਰਥਾਂ ਵਿੱਚ ਸੱਚ ਨੂੰ ਜਾਨਣ ਦੀ ਕੋਸ਼ਿਸ਼ ਕਰਦੇ ਹਨ। ਤੀਜਾ, ਸਚਿਆਰਾ ਉਹ ਹੋ ਸਕਦਾ ਹੈ ਜਿਸ ਨੂੰ ਬਹੁਤਾ ਸੱਚ ਦੀ ਬਾਬਤ ਪਤਾ ਨਹੀਂ ਹੈ। ਲੇਕਿਨ ਉਹ ਆਪਣੇ ਅੰਦਰ ਦੀ ਆਵਾਜ਼ ਸੁਣ ਕੇ ਕੰਮ ਸੱਚਾਈ ਵਾਲੇ ਕਰਦਾ ਹੈ। ਆਚਰਣ ਸੱਚ ਦਾ ਕਰਦਾ ਹੈ, ਉਹ ਜ਼ਰੂਰ ਸਚਿਆਰਾ ਹੋਵੇਗਾ।"[13]

ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿੱਚ ਸਚਿਆਰ ਦਾ ਸੰਕਲਪ ਪੇਸ਼ ਕਰਦੇ ਹਨ। ਸਚਿਆਰ ਇੱਕ ਆਦਰਸ਼ ਮਨੁੱਖ ਹੈ। ਆਦਰਸ਼ ਮਨੁੱਖ ਹੀ ਆਪਣੇ ਅਸਲ ਮਕਸਦ ਨੂੰ ਪ੍ਰਾਪਤ ਕਰ ਸਕਦਾ ਹੈ। ਜਿਸ ਨੇ ਉਸ ਸੱਚ ਭਾਵ ਪਰਮਾਤਮਾ ਨੂੰ ਅਨੁਭਵ ਕਰ ਲਿਆ, ਉਹ ਸਚਿਆਰਾ ਬਣ ਗਿਆ। ਗੁਰਮਤਿ ਅਨੁਸਾਰ ਸੱਚ ਕੇਵਲ ਇੱਕ ਹੈ, ਉਹ ਸਦੀਵੀ ਹੈ, ਸ੍ਰਿਸ਼ਟੀ ਦੀ ਸਿਰਜਣਾ ਤੋਂ ਪਹਿਲਾਂ ਵੀ ਸੱਚ ਦੀ ਹੋਂਦ ਸੀ ਅਤੇ ਸ੍ਰਿਸ਼ਟੀ ਦੇ ਖਾਤਮੇ ਤੋਂ ਬਾਅਦ ਵੀ ਕੇਵਲ ਸੱਚ ਹੀ ਬਾਕੀ ਰਹਿ ਜਾਵੇਗਾ। ਸੱਚ ਦੇ ਇਸ ਸਰੂਪ ਨੂੰ

[12] ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 331

[13] ਡਾ. ਬਲਕਾਰ ਸਿੰਘ, (ਸੰਪਾ:), ਗੁਰੂ ਨਾਨਕ ਚਿੰਤਨ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998, ਪੰਨਾ 232

ਪਰਮਸਤਿ ਕਿਹਾ ਗਿਆ ਹੈ। "ਇਸ ਵਿੱਚ ਕੋਈ ਸੰਦੇਹ ਨਹੀਂ ਜਾਪਦਾ ਕਿ ਗੁਰੂ ਨਾਨਕ ਦਾ ਕੀਮਤ-ਫ਼ਲਸਫ਼ਾ, ਜੋ ਕਿ ਉਨ੍ਹਾਂ ਦੇ ਅਧਿਆਤਮਿਕ ਮਾਨਵਵਾਦ ਦਾ ਕੇਂਦਰੀ ਤੱਤ ਹੈ, ਮਨੁੱਖੀ ਉੱਨਤੀ ਦੇ ਪ੍ਰਾਣ-ਭਾਵੀ, ਮਾਨਸਿਕ, ਸੁਹਜਵਾਦੀ, ਨੈਤਿਕ ਅਤੇ ਆਤਮਿਕ ਪੱਖਾਂ ਦੀਆਂ ਸਮੁੱਚੀਆਂ ਕੀਮਤਾਂ ਨੂੰ ਅਪਣੀ ਲਪੇਟ ਵਿੱਚ ਲੈਂਦਾ ਹੈ। ਮਨੁੱਖੀ ਉੱਤਮਤਾ ਬਾਰੇ ਉਨ੍ਹਾਂ ਦੀ ਦ੍ਰਿਸ਼ਟੀ ਦਾ ਪਸਾਰ ਬ੍ਰਹਿਮੰਡ ਵਿੱਚ ਵਿਆਪਕ ਉੱਚਤਮ ਸੱਚਾਈ ਦੀ ਪ੍ਰਾਪਤੀ ਤੋਂ ਲੈ ਕੇ ਮਨੁੱਖੀ ਆਤਮਾ ਦੇ ਅਤਿ ਡੂੰਘੇ ਗੁਹਜਾਂ ਦੀ ਅੰਤ੍ਰੀਵੀ ਸੋਝੀ ਤੱਕ ਫੈਲਿਆ ਹੋਇਆ ਹੈ। ਹਕੀਕਤ ਦੇ ਅੰਤ੍ਰੀਵੀ ਸੱਚ ਦੀ ਝਲਕ ਅਤੇ ਇਸ ਦੀ ਪ੍ਰਾਪਤੀ ਹਿੱਤ ਕੀਤਾ ਉੱਦਮ, ਮਨੁੱਖੀ ਮਨ ਵਿੱਚ ਵਿਸ਼ਵ-ਆਤਮਾ ਨਾਲ਼ ਇਕਸੁਰਤਾ ਦਾ ਭਾਵ ਉਤਪੰਨ ਕਰਦੇ ਹਨ, ਅਤੇ ਕਿਸੇ ਵਿਅਕਤੀ ਨੂੰ ਐਸੇ 'ਬ੍ਰਹਮ ਗਿਆਨੀ' (ਅਧਿਆਤਮਕ ਪ੍ਰਕਾਸ਼, ਜਾਂ ਦੈਵੀ ਗਿਆਨ ਵਾਲ਼ੇ ਜੀਵ) ਦੇ ਰੂਪ ਵਿੱਚ ਢਾਲ਼ ਦੇਂਦੇ ਹਨ, ਜੋ ਸਰਬੱਤ ਦੇ ਭਲੇ ਤੇ ਕਲਿਆਣ ਦੀ ਰੰਗਨ ਵਿੱਚ ਰੰਗਿਆ ਹੁੰਦਾ ਹੈ।"[14] ਜੋ ਮਨੁੱਖ ਸੱਚ ਨੂੰ ਧਾਰਨ ਕਰਦਾ ਹੈ ਉਸ ਨੂੰ ਸਚਿਆਰਾ ਕਿਹਾ ਜਾਂਦਾ ਹੈ। ਸਚਿਆਰੇ ਮਨੁੱਖਾਂ ਦਾ ਸਮਾਜ ਸਿਰਜਣਾ ਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਮੁੱਖ ਉਦੇਸ਼ ਸੀ। ਅਜਿਹੇ ਮਨੁੱਖਾਂ ਨੂੰ ਸਮਾਜ ਦਾ ਹਿੱਸਾ ਬਣਾਉਣ ਅਤੇ ਸਮਾਜ ਵਿੱਚ ਅਜਿਹੇ ਮਨੁੱਖ ਪੈਦਾ ਕਰਨ ਦੇ ਉਦੇਸ਼ ਨਾਲ਼ ਹੀ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ। ਗੁਰੂ ਸਾਹਿਬ ਜਾਣਦੇ ਸਨ ਕਿ ਝੂਠ, ਫਰੇਬ ਅਤੇ ਵਹਿਮਾਂ-ਭਰਮਾਂ ਨਾਲ਼ ਭਰੇ ਸਮਾਜ ਨੂੰ ਸੱਚੇ ਅਤੇ ਗੁਰਮੁਖ ਵਿਅਕਤੀਆਂ ਦੀ ਅਗਵਾਈ ਦੀ ਲੋੜ ਹੈ। ਇਨ੍ਹਾਂ ਰਾਹੀਂ ਹੀ ਸਮਾਜ ਵਿੱਚ ਸਦਾਚਾਰ ਕਾਇਮ ਰਹਿ ਸਕਦਾ ਹੈ। ਭਟਕ ਚੁੱਕੇ ਅਤੇ ਗਿਰਾਵਟ ਵੱਲ ਜਾ ਰਹੇ ਸਮਾਜ ਦੀ ਅਗਵਾਈ ਜੇਕਰ ਸਚਿਆਰਾ ਮਨੁੱਖ ਕਰੇ ਤਾਂ ਸਮਾਜ ਉਸਾਰੂ ਦਿਸ਼ਾ ਵੱਲ ਜਾ ਸਕਦਾ ਹੈ। ਸੋ ਮਨੁੱਖ ਨੇ ਸਚਿਆਰਤਾ ਨੂੰ ਪ੍ਰਾਪਤ ਕਰਨ ਲਈ ਸੱਚ ਨੂੰ ਆਧਾਰ ਬਣਾਉਣਾ ਹੈ। ਜਿਸ ਨੇ ਉਸ ਸੱਚ ਭਾਵ ਪਰਮਾਤਮਾ ਨੂੰ ਅਨੁਭਵ ਕਰ ਲਿਆ ਉਸ ਵਿੱਚ ਉਸ ਸੱਚ ਦੇ ਹੀ ਗੁਣ ਆ ਜਾਂਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਜਿਸ ਨੇ ਸੱਚ ਨੂੰ ਜਾਣ ਲਿਆ ਉਹ ਪਰਮਾਤਮਾ ਹੋ ਗਿਆ।

[14] ਵਜ਼ੀਰ ਸਿੰਘ, ਫ਼ਲਸਫ਼ਾ ਤੇ ਸਿੱਖ ਫ਼ਕਲਫ਼ਾ, ਮਦਾਨ ਪਬਲਿਸ਼ਰਜ਼, ਪਟਿਆਲ਼ਾ, 1980, ਪੰਨਾ 35

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥[15]

ਮਨੁੱਖ ਨੇ ਉਸ ਸੱਚ ਨੂੰ ਧਾਰਨ ਕਰਨਾ ਹੈ ਜੋ ਸਦੀਵੀ ਹੈ, ਜੋ ਤਿੰਨਾਂ ਕਾਲਾਂ ਵਿੱਚ ਇੱਕੋ ਜਿਹਾ ਹੀ ਰਹਿੰਦਾ ਹੈ। ਗੁਰਮਤਿ ਸਾਡਾ ਮਾਰਗ ਦਰਸ਼ਨ ਕਰਦੀ ਹੈ ਕਿ ਸੱਚ ਨੂੰ ਪਾਉਣ ਲਈ ਸਾਧਨ ਵੀ ਸੱਚਾ ਹੋਣਾ ਚਾਹੀਦਾ ਹੈ। ਮਨੁੱਖ ਨੇ ਆਪਣੇ ਮਨ, ਬਚਨ, ਕਰਮ ਵਿੱਚ ਸੱਚ ਨੂੰ ਲੈ ਕੇ ਆਉਣਾ ਹੈ। ਸੱਚ ਕੇਵਲ ਬਾਹਰੀ ਤੌਰ 'ਤੇ ਨਹੀਂ ਬਲਕਿ ਇਹ ਮਨੁੱਖ ਦੇ ਅੰਦਰ ਹੁੰਦਾ ਹੈ ਅਤੇ ਮਨੁੱਖ ਦੀ ਅੰਦਰਲੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦੀ ਅੰਤਰ-ਆਤਮਾ ਨੂੰ ਪਵਿੱਤਰ ਕਰਦਾ ਹੈ। "ਜਿਸ ਦੇ ਮਨ ਵਿੱਚ, ਬਚਨ ਜਾਂ ਕਰਮ ਵਿੱਚ ਕਿਸੇ ਇੱਕ ਜਗ੍ਹਾ ਤੇ ਸੱਚ ਨਹੀਂ ਹੈ, ਉਹ ਸਚਿਆਰਾ ਨਹੀਂ ਹੋ ਸਕਦਾ। ਸੋ ਇਸ ਤਰੀਕੇ ਨਾਲ਼ ਸਚਿਆਰਾ ਬਣਨ ਲਈ ਇਹ ਬੜਾ ਜ਼ਰੂਰੀ ਹੈ ਕਿ ਜ਼ਿੰਦਗੀ ਦੇ ਹਰ ਧਰਾਤਲ ਤੇ ਸਾਡੇ ਕੋਲ ਸੱਚ ਹੋਵੇ ਅਤੇ ਬਾਹਰੋਂ-ਅੰਦਰੋਂ ਪੂਰਾ ਸੱਚ ਹੋਵੇ।"[16] ਅਜਿਹੇ ਸਚਿਆਰੇ ਮਨੁੱਖ ਨੂੰ ਗੁਰੂ ਸਾਹਿਬ ਨੇ ਪੰਚ ਕਿਹਾ ਹੈ। ਭਾਵ ਜੋ ਪਰਮਾਰਥ ਦੇ ਰਾਹ ਦਾ ਮੁਖੀ ਹੈ। ਸਚਿਆਰੇ ਮਨੁੱਖ ਹੀ ਰੱਬ ਦੀ ਨਜ਼ਰ ਵਿੱਚ ਪ੍ਰਵਾਨ ਚੜ੍ਹਦੇ ਹਨ। ਇਨ੍ਹਾਂ ਦੀ ਸੂਝ-ਬੂਝ ਸਦਕਾ ਸੰਸਾਰ ਵਿੱਚ ਵੀ ਇਨ੍ਹਾਂ ਨੂੰ ਪ੍ਰਧਾਨ (ਆਗੂ) ਕਿਹਾ ਜਾਂਦਾ ਹੈ। ਇਹ ਸਚਿਆਰੇ ਮਨੁੱਖ ਪਰਮਾਤਮਾ ਦੇ ਦਰਬਾਰ ਵਿੱਚ ਵੀ ਮਾਣ ਪ੍ਰਾਪਤ ਕਰਦੇ ਹਨ। ਪਰਮਾਤਮਾ ਦੀ ਅਗਵਾਈ ਵਿੱਚ ਇਹ ਆਪ ਤੁਰਦੇ ਹਨ ਅਤੇ ਦੂਜਿਆਂ ਨੂੰ ਵੀ ਰਾਸਤਾ ਦਿਖਾਉਂਦੇ ਹਨ।

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥

ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥[17]

ਗੁਰਮਤਿ ਅਨੁਸਾਰ ਜਿਹੜੇ ਮਨੁੱਖ ਨੇ ਆਪਣੇ ਅੰਦਰੋਂ ਪੰਜ ਵਿਕਾਰਾਂ ਨੂੰ ਮਾਰ ਕੇ ਸਬਰ, ਸੰਤੋਖ, ਧੀਰਜ ਅਤੇ ਪਵਿੱਤਰਤਾ ਨੂੰ ਗ੍ਰਹਿਣ ਕਰ ਲਿਆ ਉਹ ਸਚਿਆਰਤਾ ਦੇ ਰਾਸਤੇ ਉਤੇ ਚੱਲ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ ਨੂੰ 'ਧਰਮ' ਕਮਾਉਣ ਦੀ ਥਾਂ ਕਿਹਾ ਹੈ। "ਕੁਸ਼ਲ ਜੀਵਨ ਬਤੀਤ ਕਰਨ

---

15 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 421

16 ਡਾ. ਬਲਕਾਰ ਸਿੰਘ, (ਸੰਪਾਦਕ), ਗੁਰੂ ਨਾਨਕ ਚਿੰਤਨ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998, ਪੰਨਾ 235

17 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 3

ਹਿੱਤ, ਧਰਮ ਅਤੇ ਧਰਤੀ ਦਾ ਸੰਯੁਕਤ ਭੇਦ ਸਮਝਣਾ ਅਤਿਅੰਤ ਲਾਜ਼ਮੀ ਹੈ, ਤਾਂ ਕਿ ਅਸੀਂ ਇਸ ਸੰਸਾਰ ਮੰਡਲ ਨੂੰ ਹਰ ਪ੍ਰਕਾਰ ਦੇ ਜੀਵਨ ਪ੍ਰਤਿ, ਅਤਿ ਸੁਖਾਵਾਂ ਅਤੇ ਦਿਲਚਸਪ ਬਣਾ ਸਕੀਏ।"[18] ਇਸ ਧਰਤੀ 'ਤੇ ਮਨੁੱਖ ਦੀ ਹੋਂਦ ਸਦੀਵੀ ਨਹੀਂ ਹੈ। ਇਸ ਲਈ ਇਸ ਜਨਮ ਵਿੱਚ ਮਨੁੱਖ ਨੇ ਅਜਿਹੇ ਕਰਮ ਕਰਨੇ ਹਨ ਜੋ ਉਸ ਨੂੰ ਨੈਤਿਕਤਾ ਅਤੇ ਸਦਾਚਾਰ ਦੇ ਮਾਰਗ ਤੇ ਲੈ ਕੇ ਜਾਂਦੇ ਹਨ ਅਤੇ ਪਰਮਸਤਿ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੇ ਹਨ ਕਿਉਂਕਿ ਇਸ ਦੁਨੀਆਂ ਵਿੱਚ ਬੇਈਮਾਨੀ, ਭ੍ਰਿਸ਼ਟਾਚਾਰ, ਝੂਠ, ਧੋਖੇ ਅਤੇ ਅਨੈਤਿਕ ਤਰੀਕੇ ਨਾਲ਼ ਇਕੱਠੇ ਕੀਤੇ ਧੰਨ ਅਤੇ ਪਦਾਰਥ ਥੋੜ੍ਹੇ ਸਮੇਂ ਲਈ ਤਾਂ ਮਨੁੱਖ ਨੂੰ ਸੁੱਖ ਦੇ ਸਕਦੇ ਹਨ ਪ੍ਰੰਤੂ ਅੰਤ ਵਿੱਚ ਨਿਬੇੜਾ ਤਾਂ ਸੱਚ ਅਤੇ ਸਦਾਚਾਰਕ ਗੁਣਾਂ ਦੇ ਆਧਾਰ ਤੇ ਹੀ ਹੋਣਾ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਸਚਿਆਰਤਾ ਦੀ ਪ੍ਰਾਪਤੀ ਲਈ ਸੱਚ ਨੂੰ ਧਾਰਨ ਕਰਨ, ਚੰਗੇ ਕਰਮ ਕਰਨ ਅਤੇ ਸਦਾਚਾਰਕ ਜੀਵਨ ਜਿਉਣ ਲਈ ਪ੍ਰੇਰਿਆ ਹੈ ਜਿਸ ਨਾਲ਼ ਮਨੁੱਖ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰ ਲਵੇ। ਜਿੱਥੇ ਪਹੁੰਚ ਕੇ ਉਸ ਨੂੰ ਸੰਸਾਰਕ ਮੁਸ਼ਕਿਲਾਂ ਦਾ ਅਹਿਸਾਸ ਹੀ ਨਾ ਰਹੇ। "'ਅੰਜਨ ਮਾਹਿ ਨਿਰੰਜਨ' ਵਾਲ਼ੀ ਜੀਵਨ ਜੁਗਤ ਮਨੁੱਖ ਨੂੰ ਸਚਿਆਰੇ ਪਦ ਵੱਲ ਲਿਜਾ ਸਕਦੀ ਹੈ। ਸਮਾਜ ਵਿੱਚ ਮਨੁੱਖ ਦੇ ਕਾਰਜ ਹੀ ਉਸ ਲਈ ਭਲੇ ਅਤੇ ਬੁਰੇ ਮਾਰਗ ਦਾ ਰਾਹ ਖੋਲ੍ਹਦੇ ਹਨ। ਉੱਥੇ ਨਾਲ਼ ਹੀ ਉਸ ਦੁਆਰਾ ਕੀਤੇ ਕਰਮ ਦੂਜੇ ਮਨੁੱਖਾਂ ਨੂੰ ਵੀ ਅਜਿਹੇ ਮਾਰਗ ਤੇ ਚੱਲਣ ਲਈ ਉਕਸਾਉਂਦੇ ਹਨ। ਇਸ ਲਈ ਗੁਰੂ ਸਾਹਿਬ ਨੇ ਸਮਾਜ ਵਿੱਚ ਸੱਚ ਅਤੇ ਸਦਾਚਾਰ ਦੇ ਮਾਰਗ 'ਤੇ ਚੱਲਣ ਨੂੰ ਇੱਕ ਸੰਘਰਸ਼ ਦਾ ਨਾਂ ਦਿੱਤਾ ਹੈ। ਪਰਮਸਤਿ ਦੀ ਪ੍ਰਾਪਤੀ ਦਾ ਮਾਰਗ ਸਮਾਜ ਵਿਚਲੇ ਸੰਘਰਸ਼ ਰਾਹੀਂ ਪ੍ਰਾਪਤ ਕੀਤੇ ਸਦਾਚਾਰਕ ਜੀਵਨ ਰਾਹੀਂ ਸੰਭਵ ਹੋ ਸਕਦਾ ਹੈ।"[19] ਗੁਰਮੁਖ ਸ਼ਬਦ ਵੀ ਗੁਰੂ ਸਾਹਿਬ ਵੱਲੋਂ ਆਦਰਸ਼ ਮਨੁੱਖ ਲਈ ਵਰਤਿਆ ਗਿਆ ਹੈ। ਜੋ ਮਨੁੱਖ ਆਪਣੀ ਜ਼ਿੰਦਗੀ ਨੂੰ ਗੁਰੂ ਦੀ ਸਿੱਖਿਆ ਦੇ ਅਨੁਕੂਲ ਗੁਜਾਰਦਾ ਹੈ। ਉਸ ਨੂੰ  ਗੁਰਮੁੱਖ ਦੀ ਪਦਵੀ ਪ੍ਰਾਪਤ ਹੁੰਦੀ ਹੈ। ਗੁਰਮੁਖ ਆਪ ਜੀਵਨ-ਮੁਕਤ ਹੋ ਕੇ ਸਾਥੀਆਂ ਨੂੰ ਹਮਰੰਗ ਬਣਾਉਣ ਲਈ ਸਦਾਚਾਰਕ ਨਿਯਮਾਂ ਅਨੁਸਾਰ ਕਿਰਿਆਸ਼ੀਲ ਸਮਾਜਿਕ ਜੀਵਨ ਜਿਉਂਦਾ ਹੈ। "ਗੁਰਮੁਖ ਸਹਿਜ ਅਵਸਥਾ ਵਿੱਚ ਵਿਚਰਦਾ ਹੈ। ਉਸਦਾ ਹਰ ਕੰਮ ਸਹਿਜ ਵਿੱਚ ਹੁੰਦਾ ਹੈ। ਉਹ ਕਦੀ ਉਲਾਰ ਨਹੀਂ ਹੁੰਦਾ। ਸਹਿਣਸ਼ੀਲਤਾ, ਸਬਰ, ਸੰਤੋਖ, ਨਿਮਰਤਾ

---

[18] ਸੰਤਾ ਸਿੰਘ ਤਾਤਲੇ, ਪ੍ਰਕਿਰਤੀ ਅਤੇ ਧਰਮ, ਐਬਟਸਫੋਰਡ, ਬੀ.ਸੀ. (ਕੈਨੇਡਾ), 2003 ਪੰਨਾ 146

[19] ਡਾ. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 40

ਅਤੇ ਆਤਮ-ਸਮਰਪਣਤਾ ਆਦਿ ਉਸਦੇ ਸਾਰੇ ਕਰਮ ਅਤੇ ਸੇਵਾ ਸਭ ਸਹਿਜ ਵਿੱਚ ਹੁੰਦੇ ਹਨ। ਗੁਰਮੁਖ ਨੂੰ ਭੁੱਖ ਅਤੇ ਪਿਆਸ ਵੀ ਨਹੀਂ ਸਤਾਉਂਦੀ ਕਿਉਂਕਿ ਉਸਦਾ ਮਨ ਦਸਵੇਂ ਅਕਾਸ਼ ਵਿੱਚ ਵਿਚਰਦਾ ਹੈ। ਇੱਥੇ ਸੁੱਖ ਦਾ ਵਾਸਾ ਹੈ ਇੱਥੇ ਪਹੁੰਚ ਕੇ ਮਨ ਦੀ ਪੂਰਨ ਸਥਿਰਤਾ ਹੁੰਦੀ ਹੈ।"[20] ਇਸ ਤਰ੍ਹਾਂ ਗੁਰਮੁਖ ਗੁਰੂ ਨਾਨਕ ਬਾਣੀ ਅਨੁਸਾਰ ਇੱਕ ਆਦਰਸ਼ ਮਨੁੱਖ ਹੈ। ਗੁਰਮੁਖ ਦੀ ਤਰ੍ਹਾਂ ਗੁਰਬਾਣੀ ਵਿੱਚ ਗੁਰੂ ਸਾਹਿਬਾਨ ਦੁਆਰਾ ਹੋਰ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿੱਚ ਭਗਤ, ਸੰਤ, ਸਾਧ ਅਤੇ ਬ੍ਰਹਮ ਗਿਆਨੀ ਆਦਿ ਦੇ ਗੁਣਾਂ ਨੂੰ ਪੇਸ਼ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਮਨੁੱਖ ਨੂੰ ਇਹ ਜਨਮ ਪਰਮਾਤਮਾ ਦੀ ਪ੍ਰਾਪਤੀ ਲਈ ਮਿਲਿਆ ਹੈ। ਮਨੁੱਖ ਜਿਹੜੇ ਵੀ ਦੁਨਿਆਵੀ ਕਰਮ ਕਰ ਰਿਹਾ ਹੈ ਉਹ ਸਾਰੇ ਵਿਅਰਥ ਹਨ ਕਿਉਂਕਿ ਇਹ ਕਰਮ ਕਰਨ ਨਾਲ਼ ਉਸ ਨੂੰ ਆਪਣੇ ਮਕਸਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੋ ਇਸ ਮਕਸਦ ਦੀ ਪਰਾਪਤੀ ਲਈ ਮਨੁੱਖ ਨੇ ਸਾਧ-ਸੰਗਤ ਕਰਨੀ ਹੈ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਏਹੁ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮੁ॥ ਮਿਲੁ ਸਾਧ ਸੰਗਤ ਭਜੁ ਕੇਵਲ ਨਾਮੁ॥[21]

ਗੁਰੂ ਸਾਹਿਬ ਨੇ ਪ੍ਰਭੂ ਦੇ ਨਾਮ ਸਿਮਰਨ ਤੇ ਜ਼ੋਰ ਦਿੱਤਾ ਹੈ ਅਤੇ ਕਿਹਾ ਹੈ ਕਿ ਪ੍ਰਭੂ ਦੇ ਨਾਮ ਸਿਮਰਨ ਨਾਲ ਸੁੱਖ ਮਿਲਦਾ ਹੈ ਅਤੇ ਸਾਰੇ ਦੁੱਖ ਅਤੇ ਰੋਗ ਖਤਮ ਹੋ ਜਾਦੇ ਹਨ। "ਨਾਮ, ਵਿਸ਼ਾਲ ਤੇ ਸਰਬ-ਵਿਆਪੀ ਅਕਾਲਪੁਰਖ ਦੇ ਸਰਲ ਹਸਤਾਖਰ ਹਨ। ਗੁਰਬਾਣੀ ਨਾਮ ਦੀ ਮਹਿਮਾ ਦਾ ਅਮੁੱਲ ਭੰਡਾਰ ਹੈ, ਨਿਖੁੱਟ ਖਜ਼ਾਨਾ ਹੈ। 'ਨਾਨਕ ਕੈ ਘਰਿ ਕੇਵਲ ਨਾਮ' ਦੀ ਇਹ ਸੰਖੇਪ ਪੰਗਤੀ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਗੁਰਸਿੱਖੀ ਵਿੱਚ ਨਾਮ ਦੀ ਅਤਿਅੰਤ ਮਹੱਤਤਾ ਹੈ।"[22] ਪ੍ਰਭੂ ਦਾ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ ਸੁਖਾਂ ਦੀ ਮਣੀ ਹੈ ਅਤੇ ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿੱਚ ਹੈ।

---

[20] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 1995, ਪੰਨਾ 130

[21] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 378

[22] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ,ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2007, ਪੰਨਾ 3

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥[23]

ਗੁਰਮਤਿ ਅਨੁਸਾਰ ਪ੍ਰਭੂ ਦੇ ਨਾਮ ਦਾ ਸਿਮਰਨ ਮਨੁੱਖ ਨੂੰ ਉਸ ਦੀ ਅੰਤਿਮ ਮੰਜ਼ਿਲ ਤੇ ਪਹੁੰਚਾਉਂਦਾ ਹੈ। "ਬੰਦਗੀ ਜਾਂ ਭਗਤੀ ਦੁਆਰਾ ਸ੍ਰੇਸ਼ਟ ਪੁਰਖ ਬਣਨਾ ਹੈ, ਕਿਉਂਕਿ ਸਿੱਖ ਸਿਧਾਂਤ ਅਨੁਸਾਰ ਬੰਦਗੀ ਜਾਂ ਨਾਮ ਸਿਮਰਨ ਰਸਮੀ ਕਿਰਿਆ ਨਹੀਂ ਹੈ, ਇਸ ਅਵਸਥਾ ਜਾਂ ਪੜਾਅ 'ਤੇ ਪਹੁੰਚਣ ਤੋਂ ਪਹਿਲਾਂ ਮਨੁੱਖ ਲਈ ਨੈਤਿਕ ਕਦਰਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।"[24] ਜੋ ਮਨੁੱਖ ਉਸ ਪ੍ਰਭੂ ਦੇ ਨਾਮ ਦੀ ਭਗਤੀ ਕਰਦਾ ਹੈ ਉਸ ਨੂੰ ਭਗਤ ਕਿਹਾ ਜਾਂਦਾ ਹੈ। ਭਗਤ ਜਨਾਂ ਦੀ ਨਿੱਤ ਦੀ ਵਰਤੋਂ ਵਿੱਚ ਆਉਣ ਵਾਲ਼ੀ ਚੀਜ਼ ਨਾਮ ਹੈ। ਹਰਿ ਦਾ ਨਾਮ ਭਗਤ ਲਈ ਆਸਰਾ ਹੈ। "ਭਗਤ ਕੋਈ ਏਕਾਂਤ ਵਾਸੀ ਜੀਵ ਨਹੀਂ। ਉਹ ਸਮਾਜੀ ਜੀਵ ਹੈ, ਸੱਚਾ ਹੋਣ ਕਰਕੇ ਉਸ ਕੋਲ਼ ਲੁਕਾਉਣ ਵਾਸਤੇ ਕੁੱਝ ਨਹੀਂ। ਉਸ ਦੀ ਕੋਈ ਗੁਹਜ ਸਾਧਨਾ ਨਹੀਂ ਹੈ। ਨਾਮ ਸਿਮਰਨ ਦਾ ਸਪੱਸ਼ਟ ਅਤੇ ਪਰਤੱਖ ਮਾਰਗ ਹੈ।"[25] ਨਾਮ ਸਿਮਰਨ ਕਰਨ ਵਾਲੇ ਸਾਧਕ ਵਿੱਚ ਸਿਮਰਨ ਦੀ ਬਰਕਤਿ ਨਾਲ਼ ਇਤਨੇ ਗੁਣ ਪੈਦਾ ਹੋ ਜਾਂਦੇ ਹਨ ਕਿ ਉਹ ਇੱਕ ਆਦਰਸ਼ ਤੇ ਸਚਿਆਰ ਮਨੁੱਖ ਦੇ ਸੰਕਲਪ ਦੀ ਪ੍ਰਾਪਤੀ ਕਰ ਪਾਉਂਦੇ ਹਨ ਜੋ ਕਿ ਨੈਤਿਕਤਾ ਦੇ ਪੈਮਾਨਿਆਂ ਉੱਪਰ ਖਰ੍ਹੇ ਉੱਤਰਦੇ ਹੋਏ ਹਰ ਤਰ੍ਹਾਂ ਦੇ ਸਦਗੁਣਾਂ ਦੇ ਧਾਰਨੀ ਬਣ ਜਾਂਦੇ ਹਨ।

"ਗੁਰਬਾਣੀ ਵਿੱਚ ਸਾਧ, ਸੰਤ ਅਤੇ ਜਨ ਲੱਗਭੱਗ ਇੱਕੋ ਅਰਥ ਵਿੱਚ ਵਰਤੇ ਗਏ ਸ਼ਬਦ ਹਨ। ਸਾਧ ਦੇ ਕੋਸ਼ਗਤ ਅਰਥ ਹਨ, ਸਾਧੂ, ਮਹਾਤਮਾ, ਈਸ਼ਵਰ, ਭਗਤ, ਭਲੇ-ਲੋਕ, ਨੇਕ, ਧਰਮੀ, ਫਕੀਰ ਆਦਿ।"[26] ਜਿਸ ਮਨੁੱਖ ਨੇ ਆਪਣੇ ਮਨ ਨੂੰ ਪੰਜ ਵਿਕਾਰਾਂ ਦੀਆਂ ਬਿਰਤੀਆਂ ਤੋਂ ਸਾਧ ਲਿਆ ਹੋਵੇ ਉਸ ਨੂੰ ਸਾਧ ਕਿਹਾ ਜਾਂਦਾ ਹੈ। ਇੱਕ ਸਾਧ ਦੇ ਕਰਮ ਉੱਤਮ ਹੁੰਦੇ ਹਨ। ਉਸ ਦੇ ਮਨ ਅੰਦਰ ਪਰਮਾਤਮਾ ਦੇ ਨਾਮ ਦਾ ਵਾਸ ਹੁੰਦਾ ਹੈ। "ਸਾਧ ਉਹ ਹੈ ਜਿਸ ਨੇ ਮਨ ਨੂੰ ਸਾਧਿਆ ਹੈ ਅਤੇ ਪ੍ਰਭੂ ਦਾ ਨਾਮ ਸਿਮਰ ਕੇ ਆਪਣੀ

---

[23] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 262

[24] ਡਾ. ਪੂਰਨ ਸਿੰਘ, ਗੁਰਮਤਿ ਦਰਸ਼ਨ ਦੀ ਵਿਲੱਖਣ ਵਿਚਾਰਧਾਰਾ, ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ. ਕੈਨੇਡਾ,2004, ਪੰਨਾ 90-91

[25] ਸੁਰਜੀਤ ਸਿੰਘ, ਗੁਰਮਤਿ ਮੰਥਨ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2000, ਪੰਨਾ 127

[26] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,1995, ਪੰਨਾ 88

ਹਉਮੈਂ ਨੂੰ ਉੱਕਾ ਹੀ ਮਾਰ ਕੇ ਪ੍ਰਭੂ ਵਿੱਚ ਲੀਨ ਹੋ ਗਿਆ ਹੈ।"[27] ਸਾਧੂਆਂ ਦੀ ਸੰਗਤ ਵਿੱਚ ਸ੍ਰੇਸ਼ਟ ਤੇ ਉੱਤਮ ਗਿਆਨ ਦੇ ਪ੍ਰਗਟ ਹੋ ਜਾਣ ਨਾਲ਼ ਅਹੰਕਾਰ ਦੂਰ ਹੋ ਜਾਂਦਾ ਹੈ। ਸਾਧ ਸੰਗਤ ਵਿੱਚ ਜਿਥੇ ਪ੍ਰਭੂ ਅੰਗ-ਸੰਗ ਪ੍ਰਤੀਤ ਹੁੰਦਾ ਹੈ। ਉਥੇ ਵਿਅਕਤੀ ਗਲਤ ਪਾਸੇ ਨਹੀਂ ਜਾਂਦਾ, ਉਸ ਦਾ ਮਨ ਨਹੀਂ ਭਟਕਦਾ। ਸਾਧ-ਸੰਗਤ ਵਿੱਚ ਨਾਮ ਰੂਪੀ ਰਤਨ ਦੇ ਮਿਲ ਜਾਣ ਨਾਲ਼ ਪ੍ਰਭੂ ਨੂੰ ਮਿਲਣ ਦਾ ਯਤਨ ਕੀਤਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਫੁਰਮਾਉਂਦੇ ਹਨ ਕਿ ਸਾਧੂਆਂ ਦੀ ਵਡਿਆਈ ਕਿਹੜਾ ਮਨੁੱਖ ਕਰ ਸਕਦਾ ਹੈ। ਅਜਿਹੇ ਸਾਧੂਆਂ ਦੀ ਉਪਮਾ ਕੇਵਲ ਪਰਮਾਤਮਾ ਨਾਲ਼ ਹੀ ਹੋ ਸਕਦੀ ਹੈ।

ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥[28]

ਅਜਿਹੇ ਸਾਧੂਆਂ ਦੀ ਸੰਗਤ ਵਿੱਚ ਮਨੁੱਖ ਨੂੰ ਉਹ ਪ੍ਰਭੂ ਮਿਲ ਪੈਂਦਾ ਹੈ ਜੋ ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ। ਇਸ ਪ੍ਰਾਪਤੀ ਨਾਲ਼ ਮਨੁੱਖ ਖਿੜ੍ਹੇ ਮੱਥੇ ਰਹਿੰਦਾ ਹੈ। ਸਾਧੂਆਂ ਦੀ ਸੰਗਤ ਵਿੱਚ ਮਨੁੱਖ ਨਿਮਰਤਾ ਦਾ ਧਾਰਨੀ ਹੋ ਜਾਂਦਾ ਹੈ। ਉਸ ਦਾ ਮਨ ਇੱਧਰ-ਉੱਧਰ ਦੌੜਨਾ ਬੰਦ ਕਰਕੇ ਟਿਕਾਉ ਨੂੰ ਹਾਸਲ ਕਰ ਲੈਂਦਾ ਹੈ। "ਸਾਧ ਦੀ ਉਪਮਾ ਵੇਦ ਨਹੀਂ ਜਾਣਦੇ। ਵੇਦ ਤਾਂ ਤਿੰਨ ਗੁਣਾਂ ਤੱਕ ਹੀ ਸੀਮਤ ਹਨ। ਸਾਧ ਦੀ ਉਪਮਾ ਤਿੰਨ ਗੁਣਾਂ ਤੋਂ ਉੱਪਰ ਹੈ।"[29] ਉਸ ਨੂੰ ਕਿਸੇ ਵੀ ਮਨੁੱਖ ਵਿੱਚ ਕੋਈ ਭੈੜ ਨਜ਼ਰ ਨਹੀਂ ਆਉਂਦਾ ਕਿਉਂਕਿ ਉਸ ਨੂੰ ਹਰ ਪਾਸੇ ਕੇਵਲ ਪ੍ਰਭੂ ਹੀ ਦਿਖਾਈ ਦਿੰਦਾ ਹੈ। ਉਹ ਆਪਣੇ ਹਉਮੈਂ ਰੂਪੀ ਆਪੇ ਨੂੰ ਤਿਆਗ ਦਿੰਦਾ ਹੈ ਜਿਸ ਨਾਲ਼ ਉਸ ਦਾ ਪ੍ਰਭੂ ਨਾਲ਼ ਪਿਆਰ ਹੋਰ ਗੂੜ੍ਹਾ ਹੋ ਜਾਂਦਾ ਹੈ। ਅਜਿਹੇ ਸਾਧੂਆਂ ਦੀ ਸੰਗਤ ਵਿਚ ਉਹ ਸਦਾ ਸੁੱਖ ਮਾਣਦਾ ਹੈ। ਸਾਧੂਆਂ ਦੀ ਸੰਗਤ ਵਿੱਚ ਮਨੁੱਖ ਸਹਿਣਸ਼ੀਲਤਾ ਦਾ ਧਾਰਨੀ ਹੋ ਜਾਂਦਾ ਹੈ। ਅਜਿਹੀ ਸੰਗਤ ਵਿੱਚ ਉਹ ਉੱਚੇ (ਆਤਮਿਕ) ਟਿਕਾਣੇ 'ਤੇ ਵੱਸਦਾ ਹੈ। ਉਹ ਆਪਣੇ ਸਾਰੇ ਫਰਜ਼ਾਂ ਨੂੰ ਚੰਗੀ ਤਰ੍ਹਾਂ

---

[27] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 156

[28] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272

[29] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,1995, ਪੰਨਾ 88

ਸਮਝ ਲੈਂਦਾ ਹੈ ਅਤੇ ਉਨ੍ਹਾਂ ਨੂੰ ਪਹਿਲ ਦੇ ਅਧਾਰ ’ਤੇ ਨਿਭਾਉਂਦਾ ਹੈ। ਸਾਧੂ ਸਚਿਆਰੇ ਮਨੁੱਖ ਦੀ ਹੀ ਇੱਕ ਵੰਨਗੀ ਹੈ।

ਸਾਧ ਕੈ ਸੰਗਿ ਬਸੈ ਥਾਨਿ ਉਚੈ॥ ਸਾਧੂ ਕੈ ਸੰਗਿ ਮਹਲਿ ਪਹੂਚੈ॥

ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥[30]

ਸਾਧੂ ਰੂਪੀ ਸਚਿਆਰੇ ਮਨੁੱਖ ਦੀ ਸੰਗਤ ਮਨੁੱਖ ਨੂੰ ਵਿਕਾਰਾਂ ਤੋਂ ਬਚਾ ਕੇ ਵਿਚਾਰਾਂ ਵਾਲ਼ੇ ਰਾਸਤੇ ਵੱਲ ਤੋਰਦੀ ਹੈ। “ਸਾਧੂ ਦੀ ਸੰਗਤ ਕੀਤਿਆਂ ਮਨ ਦੀ ਦੌੜ ਭੱਜ ਹਟ ਜਾਂਦੀ ਹੈ ਅਤੇ ਟਿਕਾਉ ਅੰਦਰ ਆਇਆ ਮਨ ਚੰਗੇ ਮੰਦੇ ਦੀ ਸੂਝ ਅਤੇ ਬਿਬੇਕ ਵਾਲ਼ੀ ਬੁੱਧੀ ਵਾਲ਼ਾ ਹੋ ਜਾਂਦਾ ਹੈ। ਸਾਧੂ ਦੇ ਬਚਨਾਂ ਤੋਂ ਉਸ ਨੂੰ ਅਸਲੀਅਤ ਨਿਸ਼ਚੇ ਹੁੰਦੀ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਅਧੀਨ ਹੋ ਕੇ ਤੁਰਨ ਦੀ ਬਜਾਇ ਉਹ ਉਹਨਾਂ ਉੱਪਰ ਵਸੀਕਾਰ ਰੱਖਦਾ ਹੈ।”[31] ਸੱਚੇ ਵਿਚਾਰਾਂ ਦੇ ਮਾਰਗ ’ਤੇ ਚੱਲਦੇ ਹੋਏ ਮਨੁੱਖ ਆਪਣੇ ਸੱਜਣਾਂ, ਮਿੱਤਰਾਂ ਅਤੇ ਪਰਿਵਾਰ ਨੂੰ ਵੀ ਸੱਚ ਦਾ ਪਾਂਧੀ ਬਣਾ ਲੈਂਦਾ ਹੈ। “ਐਸੇ ਸਾਧੂ ਦੇ ਸੰਗ ਕਰਕੇ ਸੱਜਣਾਂ, ਮਿੱਤਰਾਂ ਤੇ ਕੁਟੰਬ ਨੂੰ ਭਵ ਸਾਗਰ ਤੋਂ ਤਾਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਜੀਵ ਨਾਮ ਰੂਪੀ ਧਨ ਪਾਉਂਦਾ ਹੈ। ਜਿਸ ਧਨ ਕਰਕੇ ਸਭ ਕੋਈ ਇਸ ਤੋਂ ਵਰੋਸਾਉਂਦਾ ਹੈ।”[32] ਸਾਧੂਆਂ ਦੀ ਸੰਗਤ ਵਿੱਚ ਮਨੁੱਖ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰਦਾ ਹੈ।

ਸਾਧ ਕੈ ਸੰਗਿ ਸਭ ਕੁਲ ਉਧਾਰੈ॥ ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥

ਸਾਧੂ ਕੈ ਸੰਗਿ ਸੋ ਧਨੁ ਪਾਵੈ॥ ਜਿਸੁ ਧਨ ਤੇ ਸਭੁ ਕੋ ਵਰਸਾਵੈ॥[33]

“ਬ੍ਰਹਮ ਨੂੰ ਜਾਨਣ ਵਾਲ਼ੇ ਮਨੁੱਖ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ।”[34] ਜਿਸ ਮਨੁੱਖ ਦੇ ਮਨ ਵਿੱਚ ਸਦਾ ਸਥਿਰ ਰਹਿਣ ਵਾਲਾ ਪ੍ਰਭੂ ਵੱਸਦਾ ਹੈ। ਉਹ ਮੂੰਹੋਂ ਵੀ ਉਸੇ ਪ੍ਰਭੂ ਨੂੰ ਹੀ ਜਪਦਾ ਹੈ। ਉਹ ਇੱਕ

---

30 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 271

31 ਸੂਬੇਦਾਰ ਬਘੇਲ ਸਿੰਘ, ਗੁਰੂ ਅਤੇ ਸਿੱਖ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1997, ਪੰਨਾ 6

32 ਉਹੀ, ਪੰਨਾ 6-7

33 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 271-272

34 ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1995, ਪੰਨਾ 91

ਅਕਾਲ ਪੁਰਖ ਤੋਂ ਬਿਨ੍ਹਾਂ ਕਿਤੇ ਵੀ ਕਿਸੇ ਹੋਰ ਨੂੰ ਨਹੀਂ ਵੇਖਦਾ। ਉਹ ਮਨੁੱਖ ਇਹਨਾਂ ਗੁਣਾਂ ਕਰਕੇ ਬ੍ਰਹਮ ਗਿਆਨੀ ਹੋ ਜਾਂਦਾ ਹੈ।

ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥

ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥[35]

ਅਜਿਹੇ ਮਨੁੱਖ ਜੋ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। ਉਹ ਮਨੁੱਖ ਵਿਕਾਰਾਂ ਵੱਲੋਂ ਸਦਾ ਬੇਦਾਗ ਰਹਿੰਦੇ ਹਨ ਜਿਵੇਂ ਕਮਲ ਦਾ ਫੁੱਲ ਚਿੱਕੜ ਤੋਂ ਸਾਫ਼ ਹੁੰਦਾ ਹੈ। ਇਵੇਂ ਹੀ ਬ੍ਰਹਮ ਗਿਆਨੀ ਸਾਰੇ ਪਾਪਾਂ ਤੋਂ ਬਚੇ ਰਹਿੰਦੇ ਹਨ। ਜਿਵੇਂ ਹਵਾ ਰਾਜੇ ਅਤੇ ਗਰੀਬ ਵਿਅਕਤੀ ਨੂੰ ਇਕੋ ਜਿਹੀ ਲਗਦੀ ਹੈ, ਤਿਵੇਂ ਹੀ ਬ੍ਰਹਮ ਗਿਆਨੀ ਦਾ ਨਜ਼ਰੀਆਂ ਸਭ ਲਈ ਇੱਕੋ ਤਰ੍ਹਾਂ ਦਾ ਰਹਿੰਦਾ ਹੈ। ਉਸ ਨੂੰ ਕੋਈ ਭਲਾ ਕਹੇ ਜਾਂ ਬੁਰਾ ਕਹੇ, ਉਸ ਦਾ ਧੀਰਜ ਬਣਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਜਿਵੇਂ ਅੱਗ ਦਾ ਸੁਭਾਅ ਹੈ ਹਰੇਕ ਚੀਜ਼ ਦੀ ਮੈਲ਼ ਨੂੰ ਸਾੜ ਦੇਣਾ। ਬ੍ਰਹਮ ਗਿਆਨੀ ਦਾ ਵੀ ਇਹੀ ਗੁਣ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਵੇਂ ਪਾਣੀ ਨੂੰ ਕਦੇ ਮੈਲ਼ ਨਹੀਂ ਲੱਗਦੀ। ਤਿਵੇਂ ਹੀ ਬ੍ਰਹਮ ਗਿਆਨੀ ਮਨੁੱਖ ਵਿਕਾਰਾਂ ਦੀ ਮੈਲ਼ ਤੋਂ ਬਚਿਆ ਰਹਿ ਕੇ ਸਦਾ ਨਿਰਮਲ ਰਹਿੰਦਾ ਹੈ। ਜਿਵੇਂ ਆਕਾਸ਼ ਸਾਰੀ ਧਰਤੀ ਉੱਤੇ ਹੈ। ਉਸ ਤਰ੍ਹਾਂ ਹੀ ਬ੍ਰਹਮ ਗਿਆਨੀ ਨੂੰ ਇਸ ਗੱਲ ਦਾ ਚਾਨਣ ਹੋ ਜਾਂਦਾ ਹੈ (ਗਿਆਨ ਹੋ ਜਾਂਦਾ ਹੈ) ਕਿ ਪ੍ਰਭੂ ਹਰ ਥਾਂ ਮੌਜੂਦ ਹੈ। ਉਸ ਦੇ ਅੰਦਰੋਂ ਅਹੰਕਾਰ ਖਤਮ ਹੋ ਜਾਂਦਾ ਹੈ। ਉਸ ਲਈ ਮਿੱਤਰ ਤੇ ਵੈਰੀ ਇੱਕ ਸਮਾਨ ਹਨ। ਉਸ ਨੂੰ ਕਿਸੇ ਦੇ ਚੰਗੇ ਜਾਂ ਮੰਦੇ ਸਲੂਕ ਨਾਲ਼ ਕੋਈ ਫਰਕ ਨਹੀਂ ਪੈਂਦਾ। "ਉਹ ਸਾਰੇ ਸੰਸਾਰ ਨੂੰ ਆਪਣਾ ਸਮਝਦਾ ਹੈ ਅਤੇ ਸਭ ਲੋਕਾਂ ਨੂੰ ਆਪਣਾ ਮੀਤ ਸਮਝ ਕੇ ਸਭ ਪਾਸੇ ਆਪਣਾ ਆਪ ਹੀ ਵੇਖਦਾ ਹੈ।"[36] ਬ੍ਰਹਮ ਗਿਆਨੀ ਆਤਮਿਕ ਅਵਸਥਾ ਵਿੱਚ ਸਭ ਤੋਂ ਉੱਚਾ ਹੁੰਦਾ ਹੈ। ਪ੍ਰੰਤੂ ਆਪਣੇ ਮਨ ਵਿੱਚ ਉਹ ਆਪਣੇ ਆਪ ਨੂੰ ਨੀਵਾਂ ਜਾਣਦਾ ਹੈ। ਉਹੀ ਬ੍ਰਹਮ ਗਿਆਨੀ ਬਣਦੇ ਹਨ ਜਿਨ੍ਹਾਂ 'ਤੇ ਪਰਮਾਤਮਾ ਦੀ ਨਦਰਿ ਹੁੰਦੀ ਹੈ। ਉਨ੍ਹਾਂ ਨੂੰ ਪ੍ਰਭੂ ਆਪ ਬ੍ਰਹਮ ਗਿਆਨੀ ਬਣਾਉਂਦਾ ਹੈ।

---

[35] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272

[36] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,1995, ਪੰਨਾ 92

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥ ਜੈਸੇ ਧਰ ਊਪਰਿ ਆਕਾਸੁ॥[37]

ਬ੍ਰਹਮ ਗਿਆਨੀ ਨੇ ਆਤਮਿਕ ਅਨੰਦ ਨੂੰ ਪਛਾਣ ਲਿਆ ਹੈ। ਉਸ ਵਿੱਚ ਇੰਨੀ ਜ਼ਿਆਦਾ ਨਿਮਰਤਾ ਆ ਜਾਂਦੀ ਹੈ ਕਿ ਉਹ ਸਭ ਦੇ ਪੈਰਾਂ ਦੀ ਧੂੜ ਹੋ ਕੇ ਰਹਿੰਦਾ ਹੈ। ਉਹ ਸਭ ਨੂੰ ਖਿੜੇ ਮੱਥੇ ਮਿਲਦਾ ਅਤੇ ਰਹਿੰਦਾ ਹੈ ਭਾਵ ਉਸ ਦੀ ਖੁਸ਼ੀ ਸਭ ਉਤੇ ਹੁੰਦੀ ਹੈ। ਉਹ ਕੋਈ ਬੁਰਾ ਜਾਂ ਗਲਤ ਕੰਮ ਨਹੀ ਕਰਦਾ। "ਇਹ ਉਹ ਅਵਸਥਾ ਹੈ ਜਿੱਥੇ ਗੁਰਸਿੱਖ ਨਾਮ ਬਾਣੀ ਸਿਮਰ ਕੇ ਆਪਣੀ ਹਉਮੈਂ ਨੂੰ ਉੱਕਾ ਹੀ ਮਾਰ ਕੇ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ।"[38] ਉਹ ਸਭ ਲਈ ਇੱਕੋ ਨਜ਼ਰੀਆ ਰੱਖਦਾ ਹੈ। ਉਸ ਦਾ ਜੀਵਨ ਢੰਗ ਵਿਕਾਰਾਂ ਤੋਂ ਰਹਿਤ ਹੈ। ਉਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਬ੍ਰਹਮ ਗਿਆਨੀ ਦੀ ਖੁਰਾਕ ਰੱਬੀ ਗਿਆਨ ਹੈ ਇਹੀ ਉਸ ਦੀ ਆਤਮਿਕ ਜ਼ਿੰਦਗੀ ਦਾ ਆਸਰਾ ਹੈ। ਉਸ ਦੀ ਸੁਰਤ ਹਮੇਸ਼ਾਂ ਅਕਾਲ ਪੁਰਖ ਨਾਲ ਜੁੜੀ ਰਹਿੰਦੀ ਹੈ। ਬ੍ਰਹਮ ਗਿਆਨੀ ਇੱਕ ਅਕਾਲ ਪੁਰਖ ਉੱਤੇ ਆਸ ਰੱਖਦਾ ਹੈ। ਉਸ ਦੀ ਉੱਚੀ ਆਤਮਿਕ ਅਵਸਥਾ ਦਾ ਕਦੇ ਨਾਸ਼ ਨਹੀਂ ਹੁੰਦਾ। ਉਸ ਦੇ ਹਿਰਦੇ ਵਿੱਚ ਨਿਮਰਤਾ ਬਣੀ ਰਹਿੰਦੀ ਹੈ। ਉਸ ਨੂੰ ਦੂਜਿਆਂ ਦੀ ਭਲਾਈ ਕਰਨ ਦਾ ਸਦਾ ਚਾਓ ਚੜ੍ਹਿਆ ਰਹਿੰਦਾ ਹੈ। ਉਸ ਦੇ ਮਨ ਵਿੱਚ ਮਾਇਆ ਦਾ ਜੰਜਾਲ਼ ਨਹੀਂ ਵਿਆਪਦਾ ਕਿਉਂਕਿ ਉਸ ਵਿੱਚ ਇੰਨੀ ਸਮਰੱਥਾ ਹੁੰਦੀ ਹੈ ਕਿ ਉਹ ਭਟਕਦੇ ਮਨ ਨੂੰ ਮਾਇਆ ਵੱਲੋਂ ਕਾਬੂ ਵਿੱਚ ਕਰ ਸਕਦਾ ਹੈ। ਜੋ ਕੁੱਝ ਪ੍ਰਭੂ ਕਰਦਾ ਹੈ ਉਹ ਬ੍ਰਹਮ ਗਿਆਨੀ ਨੂੰ ਆਪਣੇ ਮਨ ਵਿੱਚ ਭਲਾ ਪ੍ਰਤੀਤ ਹੁੰਦਾ ਹੈ। ਬ੍ਰਹਮ ਗਿਆਨੀ ਦੀ ਸੰਗਤ ਸਭ ਨੂੰ ਸੱਚੇ ਮਾਰਗ ਵੱਲ ਪ੍ਰੇਰਦੀ ਹੈ ਜਿੱਥੇ ਮਨੁੱਖ ਸਰਬੱਤ ਦੇ ਭਲੇ ਵਾਲ਼ੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਂਦਾ ਹੈ।

ਬ੍ਰਹਮ ਗਿਆਨੀ ਏਕ ਊਪਰਿ ਆਸ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥[39]

---

37 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272

38 ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 157

39 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272

ਬ੍ਰਹਮ ਗਿਆਨੀ ਦੇ ਹਿਰਦੇ ਵਿੱਚ ਇੱਕ ਅਕਾਲ ਪੁਰਖ ਦਾ ਪਿਆਰ ਵੱਸਦਾ ਹੈ। ਭਾਵ ਉਹ ਇੱਕ ਮਾਲਕ ਪ੍ਰਭੂ ਦੇ ਰੰਗ ਵਿੱਚ ਰੰਗਿਆ ਹੁੰਦਾ ਹੈ। ਇਸ ਲਈ ਹੀ ਪ੍ਰਭੂ ਬ੍ਰਹਮ ਗਿਆਨੀ ਦੇ ਅੰਗ-ਸੰਗ ਰਹਿੰਦਾ ਹੈ। ਉਸ ਦੇ ਮਨ ਵਿੱਚ ਪ੍ਰਭੂ ਦਾ ਨਾਮ ਹੀ ਟੇਕ ਹੈ ਅਤੇ ਨਾਮ ਹੀ ਪਰਵਾਰ ਹੈ। ਉਹ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ ਕਿਉਂਕਿ ਉਹ ਇਸ ਪ੍ਰਤੀ ਸੁਚੇਤ ਹੈ। ਉਹ ਆਪਣੀ ਅਹੰਕਾਰ ਦੀ ਮੱਤ ਨੂੰ ਤਿਆਗ ਦਿੰਦਾ ਹੈ। ਉਸ ਦੇ ਮਨ ਵਿੱਚ (ਪਰਮਾਨੰਦ ਪ੍ਰਭੂ) ਉੱਚੇ ਸੁੱਖ ਦਾ ਮਾਲਕ ਵੱਸਦਾ ਹੈ। ਉਸ ਦੇ ਹਿਰਦੇ ਰੂਪੀ ਘਰ ਵਿੱਚ ਸਦਾ ਖੁਸ਼ੀ ਤੇ ਖੇੜਾ ਰਹਿੰਦਾ ਹੈ। ਉਹ ਹਮੇਸ਼ਾ ਸੁੱਖ ਤੇ ਸ਼ਾਂਤੀ ਵਿੱਚ ਟਿਕਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਬ੍ਰਹਮ ਗਿਆਨੀ ਦੀ ਉੱਚੀ ਮਾਨਸਿਕ ਅਵਸਥਾ ਦਾ ਕਦੇ ਨਾਸ ਨਹੀਂ ਹੁੰਦਾ।

ਬ੍ਰਹਮ ਗਿਆਨੀ ਕੈ ਏਕੈ ਰੰਗ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥
ਬ੍ਰਹਮ ਗਿਆਨੀ ਕੈ ਨਾਮੁ ਆਧਾਰੁ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥[40]

ਬ੍ਰਹਮ ਗਿਆਨੀ ਉਸ ਅਕਾਲ ਪੁਰਖ ਦਾ ਮਹਰਮ ਬਣ ਜਾਂਦਾ ਹੈ। ਉਹ ਇੱਕ ਪ੍ਰਭੂ ਨੂੰ ਹੀ ਪਿਆਰ ਕਰਦਾ ਹੈ। "ਉਸ ਦੇ ਮਨ ਵਿੱਚ ਸੱਚਾ ਪ੍ਰਮੇਸ਼ਰ ਵੱਸਦਾ ਹੈ, ਉਸ ਦੇ ਮੂੰਹ ਵਿੱਚ ਵੀ ਉਸੇ ਸੱਚੇ ਦਾ ਨਾਮ ਨਿਵਾਸ ਹੁੰਦਾ ਹੈ ਤੇ ਉਹ ਉਸ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ, ਭਾਵ ਉਸ ਨੂੰ ਵਾਹਿਗੁਰੂ ਸਾਰੇ ਵਿਆਪਕ ਦਿੱਸਦਾ ਹੈ।"[41] ਪ੍ਰਭੂ ਜਿਸ ਮਨੁੱਖ 'ਤੇ ਕਿਰਪਾ ਕਰਦਾ ਹੈ ਉਹ ਬ੍ਰਹਮ ਗਿਆਨੀ ਬਣ ਜਾਂਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਬ੍ਰਹਮ ਗਿਆਨੀ ਨੂੰ ਦੇਵਤੇ ਵੀ ਭਾਲ਼ਦੇ ਫਿਰਦੇ ਹਨ। ਉਹ ਅਕਾਲ ਪੁਰਖ ਆਪ ਬ੍ਰਹਮ ਗਿਆਨੀ ਵਿੱਚ ਵਾਸ ਕਰਦਾ ਹੈ। ਬ੍ਰਹਮ ਗਿਆਨੀ ਦੇ ਗੁਣਾਂ ਦਾ ਕੋਈ ਮੁੱਲ ਨਹੀਂ ਪੈ ਸਕਦਾ। ਇਹ ਸਾਰੇ ਗੁਣ ਉਸ ਦੇ ਅੰਦਰ ਹਨ। ਬ੍ਰਹਮ ਗਿਆਨੀ ਦੀ ਜ਼ਿੰਦਗੀ ਦਾ ਕੌਣ ਭੇਦ ਪਾ ਸਕਦਾ ਹੈ? ਉਸ ਦੀ ਉੱਚੀ ਜ਼ਿੰਦਗੀ ਦਾ ਕੋਈ ਵੀ ਅੰਦਾਜ਼ਾ ਨਹੀ ਲਗਾ ਸਕਦਾ। ਉਸ ਦੀ ਹਾਲਤ ਉਸ ਵਰਗਾ ਬ੍ਰਹਮ ਗਿਆਨੀ ਹੀ ਸਮਝ ਸਕਦਾ ਹੈ। ਉਸ ਦੇ ਗੁਣਾਂ ਦਾ ਕੋਈ ਹੱਦ ਬੰਨਾ ਨਹੀਂ ਹੈ।

---

40 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272

41 ਸੂਬੇਦਾਰ ਬਘੇਲ ਸਿੰਘ, ਗੁਰੂ ਅਤੇ ਸਿੱਖ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1997, ਪੰਨਾ 7

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ॥

ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ॥[42]

ਬ੍ਰਹਮ ਗਿਆਨੀ ਸਾਰੇ ਜਗਤ ਨੂੰ ਦਿਸ਼ਾ ਦਿਖਾਉਣ ਵਾਲ਼ਾ ਹੈ। ਉਹ ਸਦਾ ਅਮਰ ਰਹਿਣ ਵਾਲ਼ਾ ਹੈ। ਉਹ ਜਨਮ ਮਰਨ ਦੇ ਗੇੜ ਵਿੱਚ ਨਹੀਂ ਆਉਂਦਾ। ਉਹ ਸਹੀ ਮਾਰਗ ਦਰਸ਼ਨ ਕਰਨ ਵਾਲ਼ਾ ਅਤੇ ਉੱਚੀ ਆਤਮਿਕ ਸੋਝੀ ਦੇਣ ਵਾਲ਼ਾ ਹੈ। ਉਹ ਸਾਰੀ ਮਨੁੱਖਤਾ ਨੂੰ ਆਪਣੀ ਸਮਝਦਾ ਹੋਇਆ ਸਭ ਦੀ ਸਹਾਇਤਾ ਕਰਦਾ ਹੈ। ਪਰਮਾਤਮਾ ਦੇ ਗੁਣਾਂ ਦਾ ਧਾਰਨੀ ਹੋਣ ਕਾਰਨ ਉਹ ਪ੍ਰਭੂ ਰੂਪ ਹੀ ਹੋ ਜਾਂਦਾ ਹੈ। ਗੁਰੂ ਸਾਹਿਬ ਬ੍ਰਹਮ ਗਿਆਨੀ ਦੇ ਗੁਣਾਂ ਬਾਰੇ ਫੁਰਮਾਉਂਦੇ ਹਨ ਕਿ ਬ੍ਰਹਮ ਗਿਆਨੀ ਦੀ ਮਹਿਮਾ ਕੋਈ ਬ੍ਰਹਮ ਗਿਆਨੀ ਹੀ ਕਰ ਸਕਦਾ ਹੈ। ਬ੍ਰਹਮ ਗਿਆਨੀ ਹੋਣਾ ਸਚਿਆਰੇ ਮਨੁੱਖ ਦੀ ਸਭ ਤੋਂ ਉੱਚੀ ਅਵਸਥਾ ਹੈ। ਇਸ ਅਵਸਥਾ 'ਤੇ ਪਹੁੰਚ ਉਸ ਨੂੰ ਚੰਗਿਆਈ ਵਾਲੇ ਸਾਰੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਪਰਮ ਸੱਤ ਦੇ ਗੁਣਾਂ ਦਾ ਧਾਰਨੀ ਹੋ ਜਾਣਾ ਹੀ ਬ੍ਰਹਮ ਗਿਆਨੀ ਹੋਣ ਦਾ ਪੈਮਾਨਾ ਹੈ। "ਬ੍ਰਹਮ ਗਿਆਨੀ ਉਹ ਹੈ ਜਿਸ ਦਾ ਇੱਕ ਪਰਮੇਸ਼ਵਰ ਨਾਲ਼ ਹਿਤ ਹੁੰਦਾ ਹੈ। ਬ੍ਰਹਮ ਗਿਆਨੀ ਉਹ ਹੈ ਜਿਸ ਦੇ ਮਨ ਵਿੱਚ ਅਚਿੰਤਤਾਈ ਹੁੰਦੀ ਹੈ। ਬ੍ਰਹਮ ਗਿਆਨੀ ਦਾ ਮੱਤ ਨਿਰਮਲ ਹੁੰਦਾ ਹੈ। ਬ੍ਰਹਮ ਗਿਆਨੀ ਉਹ ਹੈ ਜਿਸ ਨੂੰ ਵਾਹਿਗੁਰੂ ਬ੍ਰਹਮ ਗਿਆਨੀ ਬਣਾ ਲੈਂਦਾ ਹੈ। ਇਸ ਕਰਕੇ ਬ੍ਰਹਮ ਗਿਆਨੀ ਦਾ ਪ੍ਰਤਾਪ ਵੱਡਾ ਹੁੰਦਾ ਹੈ। ਬ੍ਰਹਮ ਗਿਆਨੀ ਦਾ ਦਰਸ਼ਨ ਵੱਡੇ ਭਾਗਾਂ ਕਰਕੇ ਪਾਈਦਾ ਹੈ, ਦਰਸ਼ਨ ਮਿਲੇ ਤਾਂ ਚਾਹੀਦਾ ਹੈ ਕਿ ਬ੍ਰਹਮ ਗਿਆਨੀ ਤੋਂ ਸਦਾ ਬਲਿਹਾਰ ਬਲਿਹਾਰ ਜਾਈਏ।"[43] ਕਿਸੇ ਸਚਿਆਰੇ ਮਨੁੱਖ ਦੀ ਅਜਿਹੀ ਅਵਸਥਾ ਮਾਨਵਤਾ ਦੇ ਲਈ ਉਮੀਦ ਤੇ ਆਸ ਦੀ ਰੌਸ਼ਨੀ ਹੈ ਜਿਸ ਵਿੱਚ ਮਨੁੱਖ ਆਪਣੇ ਲਈ ਸ਼ਾਂਤੀ, ਸਹਿਯੋਗ ਅਤੇ ਭਲੇ ਆਦਿ ਦੇ ਆਦਰਸ਼ਾਂ ਦੀ ਪ੍ਰਾਪਤੀ ਦੇ ਰਾਸਤੇ ਨੂੰ ਵੇਖ ਸਕਦੇ ਹਨ।

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥

ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥

---

[42] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272

[43] ਸੂਬੇਦਾਰ ਬਘੇਲ ਸਿੰਘ, ਗੁਰੂ ਅਤੇ ਸਿੱਖ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1997, ਪੰਨਾ 7-8

ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥

ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥[44]

ਸ੍ਰੀ ਗੁਰੂ ਅਰਜਨ ਦੇਵ ਜੀ ਵੈਸ਼ਨੋ ਦੇ ਗੁਣਾਂ ਬਾਰੇ ਸੁਖਮਨੀ ਸਾਹਿਬ ਵਿੱਚ ਫੁਰਮਾਉਂਦੇ ਹਨ ਜਿਸ ਮਨੁੱਖ ਉੱਤੇ ਪ੍ਰਭੂ ਦੀ ਮਾਇਆ ਦਾ ਅਸਰ ਨਹੀਂ ਹੁੰਦਾ। ਜਿਸ ਉੱਤੇ ਪ੍ਰਭੂ ਆਪ ਖੁਸ਼ ਹੁੰਦਾ ਹੈ, ਉਹ ਅਸਲੀ ਵੈਸ਼ਨੋ ਹੈ। ਉਸ ਵੈਸ਼ਨੋ ਦਾ ਧਰਮ ਪਵਿੱਤਰ ਹੈ ਜੋ ਨਿਸ਼ਕਾਮ ਭਾਵਨਾ ਨਾਲ ਧਰਮ ਦੇ ਕਰਮ ਕਰਦਾ ਹੈ। ਜਿਸ ਦੇ ਮਨ ਅਤੇ ਤਨ ਵਿੱਚ ਪ੍ਰਭੂ ਦਾ ਸਿਮਰਨ ਵੱਸ ਰਿਹਾ ਹੈ। ਜੋ ਸਭ ਜੀਵਾਂ ਉੱਤੇ ਦਇਆ ਕਰਦਾ ਹੈ। ਜੋ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿੱਚ ਟਿਕਾਉਂਦਾ ਹੈ। ਆਪਣੇ ਜੀਵਨ ਦਾ ਆਧਾਰ ਬਣਾਉਂਦਾ ਹੈ ਅਤੇ ਹੋਰਨਾਂ ਨੂੰ ਵੀ ਪ੍ਰਭੂ ਦਾ ਨਾਮ ਜਪਾਉਂਦਾ ਹੈ।

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥

ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥[45]

ਜਿਸ ਦੇ ਹਿਰਦੇ ਵਿੱਚ ਪ੍ਰਭੂ ਦੀ ਭਗਤੀ ਦਾ ਪਿਆਰ ਹੈ ਤੇ ਜੋ ਸਾਰੇ ਮੰਦੇ ਕਰਮ ਕਰਨ ਵਾਲ਼ਿਆਂ ਦੀ ਸੁਹਬਤ ਛੱਡ ਦਿੰਦਾ ਹੈ। ਉਹ ਭਗਵਾਨ ਦਾ ਅਸਲੀ ਉਪਾਸਕ ਹੈ। ਜਿਸ ਦੇ ਮਨ ਵਿੱਚੋਂ ਹਰ ਤਰ੍ਹਾਂ ਦਾ ਵਹਿਮ-ਭਰਮ ਮਿਟ ਜਾਂਦਾ ਹੈ ਜੋ ਹਰ ਥਾਂ ਪ੍ਰਭੂ ਨੂੰ ਹਾਜ਼ਰ-ਨਾਜ਼ਰ ਜਾਣਦਾ ਹੈ। ਉਸ ਭਗਉਤੀ ਦੀ ਮਤਿ ਉੱਚੀ ਹੁੰਦੀ ਹੈ। ਜੋ ਗੁਰਮੁਖਾਂ ਦੀ ਸੰਗਤ ਵਿੱਚ ਰਹਿ ਕੇ ਪਾਪਾਂ ਦੀ ਮੈਲ਼ ਨੂੰ ਆਪਣੇ ਮਨ ਤੋਂ ਦੂਰ ਕਰ ਦਿੰਦਾ ਹੈ। ਜੋ ਹਰ ਸਮੇਂ ਪ੍ਰਭੂ ਸਿਮਰਨ ਵਿੱਚ ਲੀਨ ਰਹਿੰਦਾ ਹੈ, ਪ੍ਰਭੂ ਪਿਆਰ ਵਿੱਚ ਆਪਣਾ ਤਨ-ਮਨ ਕੁਰਬਾਨ ਕਰ ਦਿੰਦਾ ਹੈ। ਵੈਸ਼ਨੋ ਦੇ ਗੁਣਾਂ ਦਾ ਸਮਾਜ ਵਿੱਚ ਸਾਕਾਰਾਤਮਕ ਪ੍ਰਭਾਵ ਪੈਂਦਾ ਹੈ। ਵੈਸ਼ਨੋ ਵਿੱਚ ਵੀ ਸਚਿਆਰੇ ਮਨੁੱਖ ਵਾਲੇ ਗੁਣ ਹੁੰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਅਜਿਹਾ ਭਗਤ ਭਗਵਾਨ ਨੂੰ ਪ੍ਰਾਪਤ ਕਰ ਲੈਂਦਾ ਹੈ।

---

44 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272

45 ਉਹੀ ਪੰਨਾ 273

ਭਗਉਤੀ ਭਗਵੰਤ ਭਗਤਿ ਕਾ ਰੰਗ॥ ਸਗਲ ਤਿਆਗੈ ਦੁਸਟ ਕਾ ਸੰਗੁ॥

ਮਨ ਤੇ ਬਿਨਸੈ ਸਗਲਾ ਭਰਮੁ॥ ਕਰਿ ਪੂਜੈ ਸਗਲ ਪਾਰਬ੍ਰਹਮ॥[46]

"ਪੰਡਿਤ ਸ਼ਬਦ ਵੀ ਬ੍ਰਾਹਮਣ ਵਾਂਗ ਇੱਕ ਆਦਰਸ਼ਕ ਮਨੁੱਖ ਲਈ ਵਰਤਿਆ ਜਾਂਦਾ ਸੀ।"[47] ਪੰਡਿਤ ਦੇ ਗੁਣਾਂ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ, ਜੋ ਆਪਣੇ ਮਨ ਨੂੰ ਸਿੱਖਿਆ ਦਿੰਦਾ ਹੈ, ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿੱਚ ਭਾਲ਼ਦਾ ਹੈ। ਉਸ ਪੰਡਿਤ ਦੇ ਉਪਦੇਸ਼ ਨਾਲ ਮਨੁੱਖ ਰੂਹਾਨੀ ਜ਼ਿੰਦਗੀ ਹਾਸਲ ਕਰਦੇ ਹਨ। ਜੋ ਅਕਾਲ ਪੁਰਖ ਦੀ ਸਿਫਤ-ਸਲਾਹ ਦੀਆਂ ਗੱਲਾਂ ਨੂੰ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ। ਉਹ ਪੰਡਿਤ ਜਨਮ-ਮਰਨ ਦੇ ਗੇੜ ਵਿੱਚ ਨਹੀਂ ਆਉਂਦਾ। ਜੋ ਸਾਰੇ ਧਰਮ ਸ਼ਾਸਤਰਾਂ ਦਾ ਮੁੱਢ ਪਰਮੇਸ਼ਰ ਨੂੰ ਸਮਝਦਾ ਹੈ। ਜੋ ਇਹ ਜਾਣਦਾ ਹੈ ਕਿ ਇਹ ਸਾਰਾ ਦਿਸਦਾ ਜਗਤ ਅਦ੍ਰਿਸ਼ਟ ਪ੍ਰਭੂ ਦੇ ਹੀ ਆਸਰੇ ਹੈ। ਜੋ ਸਾਰੀਆਂ ਜਾਤੀਆਂ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਨੂੰ ਸਿੱਖਿਆ ਦਿੰਦਾ ਹੈ।

ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥

ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥[48]

ਗੁਰੂ ਸਾਹਿਬ ਸੰਤ ਦੀ ਮਹਿਮਾ ਬਾਰੇ ਫੁਰਮਾਉਂਦੇ ਹਨ ਜੋ ਮਨੁੱਖ ਸੰਤਾਂ ਦੀ ਸ਼ਰਣ ਪੈਂਦਾ ਹੈ, ਉਹ ਮਾਇਆ ਦੇ ਬੰਧਨਾਂ ਤੋਂ ਬਚ ਕੇ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ।

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰੁ॥[49]

"ਸੰਤ ਉਹ ਹੈ ਜਿਸ ਦੀਆਂ ਮਨ ਇੰਦਰੀਆਂ ਪ੍ਰਭੂ ਦੇ ਸਿਮਰਨ ਨਾਲ਼ ਸ਼ਾਂਤ ਹੋ ਗਈਆਂ ਹਨ ਅਤੇ ਉਸ ਦੀ ਹਉਮੈਂ ਉੱਕਾ ਹੀ ਮਰ ਗਈ ਹੈ ਤੇ ਉਹ ਨਿਰੰਕਾਰ ਦੇ ਦੇਸ ਦਾ ਵਾਸੀ ਹੋ ਜਾਂਦਾ ਹੈ।"[50] ਸੰਤ ਮਨ ਦੇ

---

46 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 273

47 ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,1995, ਪੰਨਾ 63

48 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 273

49 ਉਹੀ, ਪੰਨਾ 279

50 ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 157

ਵਿਕਾਰਾਂ ਨੂੰ ਕੰਟਰੋਲ ਵਿੱਚ ਕਰਕੇ ਜ਼ਿੰਦਗੀ ਜਿਉਂਦਾ ਹੈ। ਉਸ ਉੱਤੇ ਮੋਹ-ਮਾਇਆ ਦੇ ਬੰਧਨਾਂ ਦਾ ਕੋਈ ਅਸਰ ਨਹੀਂ ਹੁੰਦਾ। ਸੰਤ ਦਾ ਕੋਈ ਵਿਸ਼ੇਸ਼ ਧਰਮ ਨਹੀਂ ਹੁੰਦਾ, ਬਲਕਿ ਉਹ ਇਨਸਾਨੀਅਤ ਦੇ ਧਰਮ ਨੂੰ ਹੀ ਨਿਭਾਉਂਦਾ ਹੈ। ਸੰਤ ਇਸ ਸੰਸਾਰ ਵਿੱਚ ਗ੍ਰਿਹਸਥ ਜੀਵਨ ਬਤੀਤ ਕਰਦਾ ਹੋਇਆ ਵੀ ਪਰਮਾਤਮਾ ਨੂੰ ਅੰਗ-ਸੰਗ ਮਹਿਸੂਸ ਕਰਦਾ ਹੋਇਆ, ਪ੍ਰਭੂ ਸਿਮਰਨ ਵਿੱਚ ਲੀਨ ਰਹਿੰਦਾ ਹੈ। ਉਹ ਆਪਣੀ ਜ਼ਿੰਦਗੀ ਦਾ ਹਰ ਪਲ ਪ੍ਰਭੂ ਨੂੰ ਸਮਰਪਿਤ ਕਰਦਾ ਹੋਇਆ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦਾ ਹੈ। ਉਹ ਪਰਮਾਤਮਾ ਦੇ ਦਰ ਤੋਂ ਬਿਨ੍ਹਾਂ ਕਿਸੇ ਹੋਰ ਦਰ ਤੇ ਨਹੀਂ ਜਾਂਦਾ। ਉਸ ਨੂੰ ਸਾਰੇ ਪਾਸੇ ਇੱਕ ਪ੍ਰਭੂ ਹੀ ਦਿਖਾਈ ਦਿੰਦਾ ਹੈ। ਸੰਤਾਂ ਨੂੰ ਕਦੇ ਵੀ ਪਰਮ ਸੱਤ ਵਿਸਰਦਾ ਨਹੀਂ ਹੈ। ਉਹ ਸਦਾ ਪ੍ਰਭੂ ਦੇ ਨਾਮ ਸਿਮਰਨ ਵਿੱਚ ਲੀਨ ਰਹਿੰਦੇ ਹਨ।

ਜਿਹਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ॥[51]

ਜੋ ਮਨੁੱਖ ਸੰਤਾਂ ਦੀ ਸੰਗਤ ਵਿੱਚ ਚਲਾ ਜਾਂਦਾ ਹੈ ਉਹ ਮਨੁੱਖ ਗਲਤ ਰਾਸਤੇ ਨੂੰ ਛੱਡ ਕੇ ਸਹੀ ਰਾਹ 'ਤੇ ਚੱਲ ਪੈਂਦਾ ਹੈ। ਸੰਤਾਂ ਦਾ ਮਾਰਗ ਧਰਮ ਦੇ ਰਾਹ 'ਤੇ ਚੱਲ ਕੇ ਨਾਮ ਸਿਮਰਨ ਰਾਹੀਂ ਪਰਮਾਤਮਾ ਨਾਲ਼ ਇੱਕਮਿੱਕਤਾ ਪ੍ਰਾਪਤ ਕਰਨੀ ਹੈ। ਸੰਤਾਂ ਦੇ ਮਾਰਗ ਦਰਸ਼ਨ ਹੇਠ ਮਨੁੱਖ ਆਪਣੇ ਅਸਲੀ ਮਕਸਦ ਨੂੰ ਪ੍ਰਾਪਤ ਕਰ ਲੈਂਦਾ ਹੈ।

ਇਹ ਨੀਸਾਣੀ ਸਾਧ ਕੀ ਜਿਸ ਭੇਟਤ ਤਰੀਐ॥
ਜਮ ਕੰਕਰ ਨੇੜ ਨ ਆਵਈ ਫਿਰਿ ਬਹੁੜਿ ਨ ਮਰੀਐ॥[52]

ਸੰਤ ਫੋਕੀਆਂ, ਅਰਥਹੀਣ ਤੇ ਸਮਝ ਤੋਂ ਦੂਰ ਦੀਆਂ ਗੱਲਾਂ ਨਹੀਂ ਕਰਦਾ ਬਲਕਿ ਆਪਣੇ ਨਿੱਜੀ ਅਨੁਭਵ ਦੇ ਆਧਾਰ 'ਤੇ ਹੀ ਵਿਚਾਰ ਕਰਦਾ ਹੈ। ਹੰਸ ਰੂਪੀ ਸੰਤ, ਗੁਰੂ ਰੂਪੀ ਸਰੋਵਰ ਵਿੱਚ ਉਹਨਾਂ ਗੁਣਾਂ ਨੂੰ

[51] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 319
[52] ਉਹੀ, ਪੰਨਾ 320

ਪ੍ਰਾਪਤ ਕਰ ਲੈਂਦਾ ਹੈ ਜੋ ਕਿ ਮਨੁੱਖ ਦੀ ਸ਼ਖ਼ਸੀਅਤ ਨੂੰ ਸਚਿਆਰ ਬਣਾ ਦਿੰਦੇ ਹਨ। ਸੋ ਸੰਤ ਪਹੁੰਚਿਆ ਹੋਇਆ ਮਹਾਂਪੁਰਖ ਹੈ ਜਿਸ ਨੇ ਸਚਿਆਰ ਬਣਕੇ ਜੀਵਨ ਦੇ ਅਸਲ ਉਦੇਸ਼ ਨੂੰ ਪ੍ਰਾਪਤ ਕਰ ਲਿਆ ਹੈ।

ਗੁਰ ਸਾਗਰੁ ਰਤਨੀ ਭਰਪੂਰੇ॥
ਅੰਮ੍ਰਿਤ ਸੰਤ ਚੁਗਹਿ ਨਹੀਂ ਦੂਰੇ।
ਹਰਿ ਰਸ ਚੋਗ ਚੁਗਹਿ ਪ੍ਰਭ ਭਾਵੈ॥
ਸਰਵਰ ਮਹਿ ਹੰਸ ਪ੍ਰਾਨ ਪਤਿ ਪਾਵੈ॥[53]

ਸੰਤ ਆਤਮਿਕ ਵਿਕਾਸ ਦੀ ਸਿਖਰ ਉੱਤੇ ਪਹੁੰਚ ਕੇ ਪਰਮਾਤਮਾ ਨਾਲ਼ ਇੱਕਮਿਕਤਾ ਪ੍ਰਾਪਤ ਕਰ ਲੈਂਦਾ ਹੈ। ਉਹ ਪਰਮਾਤਮਾ ਵਿੱਚ ਅਭੇਦ ਹੋ ਕੇ ਖੁਦ ਪਰਮਾਤਮਾ ਰੂਪ ਹੋ ਜਾਂਦਾ ਹੈ। ਉਸ ਵਿੱਚ ਅਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ। ਸੰਤ ਪਰਮਾਤਮਾ ਨਾਲ਼ ਅਭੇਦ ਹੋਇਆ ਧਰਮੀ ਜੀਵ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸੰਤ ਕੋਈ ਆਪਣੇ ਆਪ ਨਹੀਂ ਬਣ ਜਾਂਦਾ। ਜੀਵਨ ਨੂੰ ਸਹੀ ਰਸਤੇ ਵੱਲ ਤੋਰੀ ਰੱਖਣ ਦੀ ਘਾਲਣਾ ਅਤੇ ਸਿਦਕ ਤੇ ਸਿਰੜ ਦੁਆਰਾ ਹੀ ਮਨੁੱਖ ਸੰਤ ਰੂਪ ਸਚਿਆਰ ਪਦ ਨੂੰ ਪ੍ਰਾਪਤ ਕਰ ਪਾਉਂਦਾ ਹੈ।

ਰਾਮ ਸੰਤ ਮਹਿ ਭੇਦ ਕਿਛੁ ਨਾਹੀ, ਏਕ ਜਨ ਕਈ ਮਹਿ ਲਾਖ ਕਰੋਰੀ॥[54]

ਗੁਰੂ ਸਾਹਿਬ ਫੁਰਮਾਉਂਦੇ ਹਨ, ਸੰਤ ਹੋਣਾ ਕੋਈ ਆਸਾਨ ਕਾਰਜ ਨਹੀਂ ਹੈ। ਇਹ ਸੌਖਾ ਰਾਸਤਾ ਨਹੀਂ ਹੈ। ਸੰਤ ਦਾ ਮਾਰਗ ਅਤੇ ਧਰਮ ਦੀ ਪਉੜੀ ਅਤਿ ਕਠਿਨ ਹੈ। ਇਹ ਜੀਵਨ ਬਹੁਤ ਹੀ ਥੋੜ੍ਹੇ ਅਤੇ ਵੱਡੇ ਭਾਗਾਂ ਵਾਲ਼ਿਆਂ ਨੂੰ ਪ੍ਰਾਪਤ ਹੁੰਦਾ ਹੈ।

ਸੰਤ ਕਾ ਮਾਰਗ ਧਰਮ ਕੀ ਪਉੜੀ॥
ਕੋ ਵਡਭਾਗੀ ਪਾਏ॥[55]

---

[53] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 685

[54] ਉਹੀ, ਪੰਨਾ 208

[55] ਉਹੀ, ਪੰਨਾ 622

ਗੁਰੂ ਸਾਹਿਬ ਸੰਤ ਦੀ ਸ਼ੋਭਾ ਕਰਦੇ ਹੋਏ ਦੱਸਦੇ ਹਨ ਕਿ ਜੇ ਕਿਰਪਾਲੂ ਸੰਤ ਕਿਰਪਾ ਕਰੇ ਤਾਂ ਸੰਤ ਦੀ ਸੰਗਤ ਵਿੱਚ ਨਿੰਦਾ ਕਰਨ ਵਾਲ਼ਾ ਵੀ ਪਾਪਾਂ ਤੋਂ ਬਚ ਜਾਂਦਾ ਹੈ। ਸੰਤ ਦੀ ਨਿੰਦਿਆ ਕਰਨ ਵਾਲ਼ਾ ਮਨੁੱਖ ਕਿਸੇ ਕੰਮ ਵਿੱਚ ਨੇਪਰੇ ਨਹੀਂ ਚੜ੍ਹਦਾ, ਉਸ ਦੇ ਸਾਰੇ ਕਾਰਜ ਅੱਧ ਵਿਚਕਾਰ ਹੀ ਰਹਿ ਜਾਂਦੇ ਹਨ। ਅਜਿਹਾ ਮਨੁੱਖ ਜੰਗਲਾਂ ਵਿੱਚ ਖੁਆਰ ਹੁੰਦਾ ਹੈ ਅਤੇ ਆਪਣੇ ਅਸਲੀ ਰਾਹ ਤੋਂ ਭਟਕ ਜਾਂਦਾ ਹੈ। ਜਿਵੇਂ ਸਾਹਾਂ ਤੋਂ ਬਿਨਾਂ ਸਰੀਰ ਮੁਰਦਾ ਹੁੰਦਾ ਹੈ ਇਵੇਂ ਹੀ ਸੰਤ ਦਾ ਨਿੰਦਕ ਵੀ ਅੰਦਰੋਂ ਖੋਖਲਾ ਹੁੰਦਾ ਹੈ। ਅਜਿਹੇ ਮਨੁੱਖ ਨੂੰ ਕੋਈ ਵੀ ਹੋਰ ਮਨੁੱਖ ਨਿੰਦਿਆ ਦੀ ਭੈੜੀ ਆਦਤ ਤੋਂ ਨਹੀਂ ਬਚਾ ਸਕਦਾ। ਇੱਥੇ ਸੰਤ ਹੀ ਨਿੰਦਕ ਨੂੰ ਨਿੰਦਿਆ ਦੇ ਭੈੜੇ ਸੁਭਾਅ ਤੋਂ ਬਚਾਅ ਸਕਦਾ ਹੈ। "ਜਿਸ ਉਪਰ ਸੰਤ ਕਿਰਪਾ ਦੀ ਇੱਕ ਦ੍ਰਿਸ਼ਟੀ ਪਾ ਦੇਵੇ ਉਸ ਦੀ ਜਮਾਂ ਵਾਲ਼ੀ ਪੁੱਛ ਗਿੱਛ ਵੀ ਖਤਮ ਹੋ ਜਾਂਦੀ ਹੈ।"[56] ਸੰਤ ਦਿਆਲੂ ਸੁਭਾਅ ਦਾ ਮਾਲਕ ਹੁੰਦਾ ਹੈ ਜੋ ਸਾਰੇ ਮਨੁੱਖਾਂ ਨੂੰ ਇੱਕ ਪ੍ਰਭੂ ਦੀ ਸੰਤਾਨ ਸਮਝ ਕੇ ਪਿਆਰ ਕਰਦਾ ਹੈ। ਉਹ ਨਿਮਰਤਾ ਅਤੇ ਸਹਿਣਸ਼ੀਲਤਾ ਦਾ ਧਾਰਨੀ ਹੁੰਦਾ ਹੈ। ਉਹ ਆਪਣੇ ਚੰਗੇ ਸੁਭਾਅ ਕਾਰਨ ਆਪਣੀ ਚੰਗੀ ਸ਼ਖ਼ਸੀਅਤ ਦੀ ਖੁਸ਼ਬੋ ਸਾਰੇ ਪਾਸੇ ਫੈਲਾਉਂਦਾ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਰਮਾਤਮਾ ਦੀ ਪ੍ਰਾਪਤੀ (ਪਰਮਾਤਮਾ ਨਾਲ਼ ਅਭੇਦਤਾ) ਮਨੁੱਖਾ ਜੀਵਨ ਦਾ ਪਰਮ ਮਨੋਰਥ ਹੈ, ਜਿਸ ਲਈ ਉਸ ਨੇ ਸਚਿਆਰਾ ਹੋਣਾ ਹੈ। ਗੁਰਮਤਿ ਅਨੁਸਾਰ ਸਚਿਆਰ ਸ਼ਖ਼ਸੀਅਤ ਇੱਕ ਆਦਰਸ਼ ਸ਼ਖ਼ਸੀਅਤ ਹੈ। ਭਾਵੇਂ ਕਿ ਗੁਰੂ ਸਾਹਿਬਾਨ ਨੇ ਸਚਿਆਰ ਸ਼ਖ਼ਸੀਅਤ ਲਈ ਅਲੱਗ-ਅਲੱਗ ਨਾਵਾਂ ਦੀ ਵਰਤੋਂ ਕੀਤੀ ਹੈ ਪ੍ਰੰਤੂ ਸਭ ਦਾ ਮਕਸਦ, ਤਰੀਕਾ, ਆਚਰਣ, ਕਰਮ ਅਤੇ ਵਿਵਹਾਰ ਇੱਕ ਹੀ ਹੈ। "ਸਾਧ, ਸੰਤ, ਭਗਤ, ਗੁਰਮੁਖ ਅਤੇ ਬ੍ਰਹਮ ਗਿਆਨੀ ਸਭ ਨਾਮ ਸਿਮਰਨ ਦਾ ਫਲ਼ ਹਨ। ਇਨ੍ਹਾਂ ਵਿੱਚ ਅੰਤਰ ਵਿਰੋਧ ਕੋਈ ਨਹੀਂ ਹੈ। ਇਹ ਪਰਮੇਸ਼ਰ ਨਾਲ ਇਕ ਰੂਪ ਹੋਏ ਮਹਾਂਪੁਰਸ਼ਾਂ ਦੇ ਵਿਭਿੰਨ ਨਾਂ ਹਨ। ਇਹ ਪਾਰੰਪਰਿਕ ਸਾਧਾਂ, ਸੰਤਾਂ ਵਾਂਗੂੰ ਏਕਾਂਤ ਵਾਸੀ, ਆਮ ਲੋਕਾਂ ਤੋਂ ਵਿਯੋਗੇ ਹੋਏ ਸਾਧੂ ਨਹੀਂ ਸਗੋਂ ਆਮ ਗ੍ਰਿਹਸਤੀ ਵਾਲ਼ੇ ਸਾਧੂ ਹਨ। ਉਹ ਗ੍ਰਿਹਸਤ ਜੀਵਨ ਦੀਆਂ ਸਭ ਔਕੜਾਂ ਸਮੇਂ ਅਡੋਲ ਰਹਿੰਦੇ ਹਨ। ਇਨ੍ਹਾਂ ਦੀ ਕੋਈ ਵਿਸ਼ੇਸ਼ ਸੰਪ੍ਰਦਾਇਕ ਪਛਾਣ ਨਹੀਂ ਹੈ। ਇਹ ਸਦਾ ਵਿਗਾਸ ਅਵਸਥਾ ਵਿੱਚ ਰਹਿਣ ਵਾਲੇ ਪਰਉਪਕਾਰ ਉਮਾਹੇ ਜੀਵ ਆਪ ਮੁਕਤ ਹੁੰਦੇ

[56] ਸੂਬੇਦਾਰ ਬਘੇਲ ਸਿੰਘ, ਗੁਰੂ ਅਤੇ ਸਿੱਖ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1997, ਪੰਨਾ 6

ਹਨ ਤੇ ਸੰਸਾਰ ਨੂੰ ਮੁਕਤ ਕਰਨ ਲਈ ਯਤਨਸ਼ੀਲ ਰਹਿੰਦੇ ਹਨ।"[57] ਗੁਰੂ ਸਾਹਿਬ ਅਨੁਸਾਰ ਸਮਾਜ ਵਿੱਚ ਸਦਾਚਾਰਕ ਜੀਵਨ ਜਿਉਣ ਨਾਲ਼ ਮਨੁੱਖ ਸਚਿਆਰਾ ਬਣ ਸਕਦਾ ਹੈ, ਜਿਸ ਰਾਹੀਂ ਪਰਮਸਤਿ ਦੀ ਪ੍ਰਾਪਤੀ ਸੰਭਵ ਹੈ। ਪਰ ਇਸ ਸਮਾਜ ਵਿੱਚ ਮਨੁੱਖ ਨੂੰ ਬਹੁਤ ਜ਼ਿਆਦਾ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। "ਮਨੁੱਖ ਨੇ ਆਪਣੇ ਅੰਦਰਲੇ ਜੋਤ ਰੂਪ ਸੱਚ ਨੂੰ ਬਾਹਰਲੇ ਵਿਹਾਰਕ ਸੱਚ ਨਾਲ਼ ਇੱਕ-ਮਿਕ ਕਰਨਾ ਹੈ। ਪ੍ਰੰਤੂ ਕੁੱਝ ਮਾਨਸਿਕ ਬੰਧਨ ਉਸ ਦੇ ਰਸਤੇ ਵਿੱਚ ਰੁਕਾਵਟ ਬਣਦੇ ਹਨ।"[58] ਇਹ ਮਾਨਸਿਕ ਰੁਕਾਵਟਾਂ ਮਨੁੱਖ ਨੂੰ ਉਸ ਦੇ ਜੀਵਨ ਉਦੇਸ਼ ਤੋਂ ਭਟਕਾ ਦਿੰਦੀਆਂ ਹਨ ਅਤੇ ਉਹ ਇਨ੍ਹਾਂ ਵਿੱਚ ਹੀ ਉਲ਼ਝ ਕੇ ਰਹਿ ਜਾਂਦਾ ਹੈ। ਇਹ ਮਨੁੱਖੀ ਮਨ ਵਿੱਚ ਉਜਾਗਰ ਹੁੰਦੀਆਂ ਹਨ ਅਤੇ ਮਨੁੱਖੀ ਸਮਾਜ ਵਿੱਚ ਇਹ ਰੁਕਾਵਟਾਂ ਮਨੁੱਖ ਦੇ ਵਿਵਹਾਰ ਅਤੇ ਕਰਮ ਰਾਹੀਂ ਗਤੀਸ਼ੀਲ ਰਹਿੰਦੀਆਂ ਹਨ। ਜੇਕਰ ਇਨ੍ਹਾਂ ਤੇ ਨਿਯੰਤਰਣ ਨਾ ਕੀਤਾ ਜਾਵੇ ਤਾਂ ਇਹ ਮਨੁੱਖ ਨੂੰ ਉਲ਼ਝਾ ਕੇ ਕੁਰਾਹੇ ਪਾਈਂ ਰੱਖਦੀਆਂ ਹਨ। ਜਿਸ ਨਾਲ ਉਹ ਆਪਣੀ ਸਾਰੀ ਉਮਰ ਬਿਨ੍ਹਾਂ ਕਿਸੇ ਮਨੋਰਥ ਦੀ ਪ੍ਰਾਪਤੀ ਦੇ ਅਜਾਈਂ ਹੀ ਗਵਾ ਦਿੰਦਾ ਹੈ। "ਮਨ ਨੂੰ ਭਰਮਾਉਣ ਅਤੇ ਮਨੁੱਖ ਦੀਆਂ ਰੁਚੀਆਂ ਅਤੇ ਸ਼ਕਤੀਆਂ ਨੂੰ ਮਾੜੇ ਪਾਸੇ ਲੈ ਜਾਣ ਵਾਲ਼ੀਆਂ ਪੰਜ ਰੁਚੀਆਂ ਨੂੰ ਪੰਜ ਵਿਕਾਰ, ਪੰਜ ਚੋਰ, ਪੰਚ ਧਾਤੂ, ਪੰਚ ਦੂਤ ਵੀ ਕਿਹਾ ਜਾਂਦਾ ਹੈ। ਮੁੱਖ ਤੌਰ ਤੇ ਇਹ ਹਨ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ।"[59] ਮਨੁੱਖ ਇਨ੍ਹਾਂ ਵਿੱਚ ਫਸ ਕੇ ਇਸ ਤਰ੍ਹਾਂ ਗਵਾਚ ਜਾਂਦਾ ਹੈ ਕਿ ਉਸ ਨੂੰ ਛੁਟਕਾਰੇ ਦਾ ਕੋਈ ਵੀ ਰਾਹ ਦਿਖਾਈ ਨਹੀਂ ਦਿੰਦਾ। ਇਹ ਪੰਜ ਵਿਕਾਰ ਕੇਵਲ ਮਨੁੱਖ ਵਿੱਚ ਹੀ ਨਹੀਂ ਸਗੋਂ ਪੂਰੀ ਸ੍ਰਿਸ਼ਟੀ ਦਾ ਹੀ ਹਿੱਸਾ ਹਨ।

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥[60]

ਭਗਤ ਰਵੀਦਾਸ ਜੀ ਇਸ ਬਾਰੇ ਫੁਰਮਾਉਂਦੇ ਹਨ ਕਿ ਹਾਥੀ, ਭੌਰਾ, ਹਿਰਨ, ਪਤੰਗਾ ਅਤੇ ਮੱਛੀ ਇਨ੍ਹਾਂ ਵਿਕਾਰਾਂ ਕਰਕੇ ਹੀ ਤਬਾਹ ਹੋ ਜਾਂਦੇ ਹਨ। ਜਿਵੇਂ ਕਿ ਹਿਰਨ ਕੰਨਾਂ ਦੇ ਰਸ ਕਰਕੇ, ਮੱਛੀ ਪਾਣੀ ਦੇ

---

[57] ਸੁਰਜੀਤ ਸਿੰਘ, ਗੁਰਮਤਿ ਮੰਥਨ, ਵਾਰਿਸ ਸ਼ਾਹ ਫਾਉਂਡੇਸ਼ਨ, ਅਮ੍ਰਿਤਸਰ-2002, ਪੰਨਾ 7

[58] ਡਾ. ਪਰਮਿੰਦਰਜੀਤ ਕੌਰ, ਸਿੱਖ ਧਰਮ ਦੇ ਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸਨਜ਼, ਦਿੱਲੀ, 2011 ਪੰਨਾ 79

[59] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ ਲੁਧਿਆਣਾ, 2011, ਪੰਨਾ 67

[60] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600

ਸੁਆਦ ਕਰਕੇ, ਭੌਰਾ ਸੁੰਘਣ ਦੀ ਵਾਸ਼ਨਾ ਕਰਕੇ, ਪਤੰਗਾ ਦੀਵੇ ਦੀ ਲਾਟ ਦੇ ਸ਼ੌਕ ਕਰਕੇ ਅਤੇ ਹਾਥੀ ਕਾਮ ਵਾਸਨਾ ਕਰਕੇ ਦੁਖੀ ਹੁੰਦਾ ਹੋਇਆ ਖਤਮ ਹੋ ਜਾਂਦਾ ਹੈ।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥[61]

"ਕਾਮ ਮਨ ਦੀ ਉਹ ਵਾਸ਼ਨਾ ਅਤੇ ਤਰੰਗ ਹੈ ਜਿਸ ਨਾਲ਼ ਮਨੁੱਖ ਤ੍ਰਿਸ਼ਨਾਲੂ ਇੰਦਰੀਆਂ ਦੇ ਭੋਗਾਂ ਵਿੱਚ ਆਕਰਸ਼ਿਤ ਹੁੰਦਾ ਹੈ। ਇਸ ਦੀ ਭੋਗ-ਵਾਸ਼ਨਾ ਇੰਨੀ ਵਧ ਜਾਂਦੀ ਹੈ ਕਿ ਉਹ ਮਾਨਸਿਕ ਅਤੇ ਸਰੀਰਕ ਅਵਸਥਾ ਕਰਕੇ ਕਮਜ਼ੋਰ ਹੋ ਜਾਂਦਾ ਹੈ।"[62] ਕਾਮ ਨੂੰ ਇੱਕ ਪਾਸੇ ਵਾਸ਼ਨਾ ਨਾਲ਼ ਜੋੜਿਆ ਜਾਂਦਾ ਹੈ ਅਤੇ ਦੂਸਰੇ ਪਾਸੇ ਮਨੋ-ਕਾਮਨਾਵਾਂ ਜਾਂ ਇੱਛਾਵਾਂ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਕਾਮ ਨੂੰ ਮਾਰਨ ਲਈ ਵੱਡੇ-ਵੱਡੇ ਜੋਗੀਆਂ, ਸੰਨਿਆਸੀਆਂ, ਜਪੀਆਂ ਅਤੇ ਤਪੀਆਂ ਨੇ ਬਹੁਤ ਜ਼ੋਰ ਲਾਇਆ ਪਰ ਇਸ ਨੂੰ ਮਾਰ ਨਾ ਸਕੇ। "ਸਿੱਖ ਧਰਮ ਗ੍ਰੰਥ ਇਹ ਮੰਨਦੇ ਹਨ ਕਿ ਕਾਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਪਰ ਅਜਿਹੇ ਪ੍ਰਬੰਧ ਕੀਤੇ ਜਾ ਸਕਦੇ ਹਨ ਕਿ ਕਾਮ ਕਾਬੂ ਵਿੱਚ ਰਹੇ। ਕਾਮ ਵਿਅਕਤੀ ਉਤੇ ਭਾਰੂ ਨਹੀਂ ਹੋਣਾ ਚਾਹੀਦਾ ਬਲਕਿ ਵਿਅਕਤੀ ਕਾਮ ਦੀ ਦਿਸ਼ਾ ਨਿਰਧਾਰਿਤ ਕਰਨ ਲਈ ਦ੍ਰਿੜ ਹੋਣਾ ਚਾਹੀਦਾ ਹੈ।"[63] ਗੁਰਮਤਿ ਅਨੁਸਾਰ ਇਸ ਨੂੰ ਸਿਰਫ ਸੰਤਾਨ ਉਤਪਤੀ ਤੱਕ ਹੀ ਸੀਮਤ ਰੱਖਕੇ ਆਪਣੇ ਆਪ ਨੂੰ ਸਰਬੱਤ ਦੇ ਭਲੇ ਹਿੱਤ ਲਗਾਉਣਾ ਚਾਹੀਦਾ ਹੈ।

ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ॥[64]

ਕਰੋਧ ਇੱਕ ਅਜਿਹਾ ਵਿਕਾਰ ਹੈ ਜੋ ਮਨੁੱਖ ਨੂੰ ਮਨੁੱਖ ਨਾਲ਼ ਲੜਾਉਣ, ਮਨ ਵਿੱਚ ਈਰਖਾ ਅਤੇ ਦਵੈਸ਼ ਦੀ ਭਾਵਨਾ ਪੈਦਾ ਕਰਨ ਦਾ ਕਾਰਨ ਬਣਦਾ ਹੈ। ਜਦੋਂ ਮਨੁੱਖ ਨੂੰ ਕਰੋਧ ਆਉਂਦਾ ਹੈ ਤਾਂ ਉਸ ਦੀ

---

[61] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486

[62] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 114

[63] ਡਾ. ਪਰਮਵੀਰ ਸਿੰਘ, ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 42

[64] ਵਾਰਾਂ ਭਾਈ ਗੁਰਦਾਸ, ਵਾਰ 12.4

ਸਾਰੀ ਸਿਆਣਪ ਖਤਮ ਹੋ ਜਾਂਦੀ ਹੈ। ਉਹ ਅਗਿਆਨੀ ਹੋ ਜਾਂਦਾ ਹੈ। ਕਰੋਧ ਸ਼ਾਂਤੀ ਅਤੇ ਖੁਸ਼ੀ ਦਾ ਦੁਸ਼ਮਣ ਹੈ। "ਮਨੁੱਖ ਦੀਆਂ ਇੱਛਾਵਾਂ ਜਦੋਂ ਮਨ ਦੇ ਮੁਤਾਬਿਕ ਪੂਰੀਆਂ ਨਾ ਹੋਣ ਅਤੇ ਮਨ ਖਿਝਣ ਲੱਗ ਪਵੇ ਉਸ ਨੂੰ ਕ੍ਰੋਧ ਕਹਿੰਦੇ ਹਨ। ਜੇ ਕੋਈ ਮਨੁੱਖ ਉਸ ਜੀਵ ਦੀਆਂ ਇੱਛਾਵਾਂ ਪੂਰੀਆਂ ਕਰਨ ਵਿੱਚ ਸਾਥ ਨਾ ਦੇਵੇ ਜਾਂ ਰੁਕਾਵਟਾਂ ਪਾਵੇ ਤਾਂ ਉਹ ਉਸ ਨਾਲ਼ ਵੈਰ ਵਿਰੋਧ ਅਤੇ ਬਦਲਾ ਲੈਣ ਦੀ ਭਾਵਨਾ ਦਾ ਰੂਪ ਧਾਰਦਾ ਹੈ। ਕ੍ਰੋਧ ਮਾਨਸਿਕ ਤਣਾਵ ਪੈਦਾ ਕਰਕੇ ਜੀਵ ਨੂੰ ਪਾਗਲ ਬਣਾ ਦਿੰਦਾ ਹੈ।"[65] ਗੁਰੂ ਸਾਹਿਬ ਨੇ ਇਸ ਨੂੰ ਚੰਡਾਲ ਕਹਿ ਕੇ ਸਮਝਾਇਆ ਹੈ ਕਿ ਜਿਵੇਂ ਸੋਨੇ ਨੂੰ ਸੋਹਾਗਾ ਪਿੰਘਲਾ ਦਿੰਦਾ ਹੈ ਉਸੇ ਤਰ੍ਹਾਂ ਕਾਮ ਅਤੇ ਕਰੋਧ ਮਨੁੱਖੀ ਸਰੀਰ ਨੂੰ ਖਤਮ ਕਰ ਦਿੰਦੇ ਹਨ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥[66]

ਕ੍ਰੋਧੀ ਮਨੁੱਖ ਆਪਣੇ ਆਲ਼ੇ-ਦੁਆਲ਼ੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। "ਗੁਰਬਾਣੀ ਵਿੱਚ ਕ੍ਰੋਧ ਨੂੰ ਕਾਬੂ ਕਰਨ ਲਈ ਆਤਮ ਵਿਚਾਰ ਦੀ ਗੱਲ ਸਮਝਾਈ ਗਈ ਹੈ ਅਤੇ ਕਿਹਾ ਗਿਆ ਹੈ ਕਿ ਜੋ ਮਨੁੱਖ ਦੂਜਿਆਂ ਅੰਦਰ ਔਗੁਣ ਵੇਖਣ ਅਤੇ ਵਿਚਾਰਨ ਦੀ ਗੱਲ ਕਰਦਾ ਹੈ, ਉਸਨੂੰ ਅਜਿਹਾ ਕਰਨ ਤੋਂ ਪਹਿਲਾਂ ਆਪਣੇ ਮਨ ਅੰਦਰ ਝਾਤ ਮਾਰ ਕੇ ਵੇਖਣ ਦੀ ਲੋੜ ਹੈ ਕਿ ਕਿਤੇ ਜਿਹੜੇ ਔਗੁਣਾਂ ਕਰਕੇ ਉਹ ਦੂਜਿਆਂ ਨਾਲ਼ ਝਗੜ ਰਿਹਾ ਹੈ, ਉਨ੍ਹਾਂ ਨੂੰ ਬੁਰਾ ਕਹਿ ਰਿਹਾ ਹੈ, ਕਿਤੇ ਉਹ ਉਸਦੇ ਆਪਣੇ ਮਨ ਦੇ ਅੰਦਰ ਵੀ ਮੌਜੂਦ ਤਾਂ ਨਹੀਂ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਜਿਹੜਾ ਮਨੁੱਖ ਆਪਣੇ ਆਪ ਨਾਲ ਵਿਚਾਰ ਕਰਦਾ ਹੈ ਉਹ ਸਮਾਜ ਵਿੱਚ ਨਿਮਰਤਾ ਧਾਰਨ ਕਰਦਾ ਹੈ।"[67] ਉਹ ਆਪਣੇ ਔਗੁਣਾਂ ਤੇ ਵਿਚਾਰ ਕਰਕੇ ਆਪਣੇ ਆਪੇ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਅੰਦਰੋਂ ਔਗੁਣਾਂ ਦਾ ਖਾਤਮਾ ਕਰਕੇ ਉਹ ਇਸ ਸੰਸਾਰ ਵਿੱਚ ਨਿਮਰਤਾ ਦਾ ਧਾਰਨੀ ਬਣਦਾ ਹੈ ਕਿਉਂਕਿ ਅਜਿਹੇ ਮਨੁੱਖ ਅੰਦਰ ਕਿਸੇ ਪ੍ਰਤੀ ਵੀ ਵੈਰ-ਵਿਰੋਧ ਦੀ

---

[65] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 115

[66] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 932

[67] ਡਾ. ਪਰਮਵੀਰ ਸਿੰਘ, ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 43

ਭਾਵਨਾ ਨਹੀਂ ਹੁੰਦੀ। ਨਿਮਰਤਾ ਵਾਲੇ ਮਨੁੱਖ ਦਾ ਚਿਹਰਾ ਵੀ ਤਣਾਉ ਮੁਕਤ ਅਤੇ ਹਮੇਸ਼ਾ ਖਿੜਿਆ ਰਹਿੰਦਾ ਹੈ।

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥[68]

ਬਾਬਾ ਫਰੀਦ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਜੇ ਤੂੰ ਸਿਆਣਾ ਹੈਂ ਅਤੇ ਸਮਝ ਰੱਖਦਾ ਹੈਂ ਤਾਂ ਦੂਜਿਆਂ ਦਾ ਬੁਰਾ ਨਾ ਸੋਚ, ਬਲਕਿ ਦੂਜਿਆਂ ਦੀ ਭਲਾਈ ਲਈ ਕੋਸ਼ਿਸ਼ ਕਰ। ਆਪਣੇ ਅੰਦਰਲੇ ਕਰੋਧ ਨੂੰ ਬਾਹਰ ਕੱਢਦੇ ਜੋ ਤੈਨੂੰ ਇੱਕ ਰੋਗ ਵਾਂਗ ਚੰਬੜਿਆ ਹੋਇਆ ਹੈ। ਇਸ ਕਰੋਧ ਤੋਂ ਦੂਰ ਰਹਿਣ ਵਿੱਚ ਹੀ ਉਸ ਦੀ ਭਲਾਈ ਹੈ। ਇਸ ਦੇ ਖਤਮ ਹੋ ਜਾਣ ਨਾਲ਼ ਤੇਰੇ 'ਤੇ ਉਸ ਪਰਮਾਤਮਾ ਦੀ ਕਿਰਪਾ ਹੋਵੇਗੀ ਅਤੇ ਤੈਨੂੰ ਸਾਰਾ ਕੁੱਝ ਪ੍ਰਾਪਤ ਹੋ ਜਾਵੇਗਾ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥[69]

ਮਾਨਵਤਾ ਅਤੇ ਸਵੈਮਾਣ ਦੀ ਰਾਖੀ ਕ੍ਰੋਧ ਦਾ ਕਾਰਜ ਖੇਤਰ ਹੋਣਾ ਚਾਹੀਦਾ ਹੈ। ਜਿਸ ਨਾਲ਼ ਦੂਜਿਆਂ ਦੀ ਭਲਾਈ ਹੋ ਸਕੇ। ਇਸ ਤੋਂ ਅਗਲਾ ਵਿਕਾਰ ਲੋਭ ਹੈ ਜੋ ਮਨੁੱਖੀ ਸੋਚ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਜਦੋਂ ਮਨੁੱਖ ਨਿੱਜੀ ਲਾਲਸਾ ਹਿੱਤ ਕਿਸੇ ਵਸਤੂ ਨੂੰ ਪ੍ਰਾਪਤ ਕਰਨ ਲਈ ਸਮਾਜ ਦੇ ਨੈਤਿਕ ਨਿਯਮਾਂ ਨੂੰ ਛਿੱਕੇ ਤੇ ਟੰਗ ਦਿੰਦਾ ਹੈ ਉਸ ਨੂੰ ਲੋਭ ਕਿਹਾ ਜਾਂਦਾ ਹੈ। ਧਨ ਅਤੇ ਲੋੜ ਤੋਂ ਵੱਧ ਪਦਾਰਥਾਂ ਨੂੰ ਇਕੱਠਾ ਕਰਨ ਦੀ ਭਾਵਨਾ ਵਿੱਚ ਮਨੁੱਖ ਆਪਣੇ ਅਤੇ ਪਰਾਏ ਨੂੰ ਭੁੱਲ ਜਾਂਦਾ ਹੈ। ਲੋਭ ਵਿੱਚ ਇਕੱਠੇ ਕੀਤੇ ਪਦਾਰਥਾਂ ਨਾਲ਼ ਮਨੁੱਖ ਨੂੰ ਸ਼ਾਂਤੀ ਨਹੀਂ ਮਿਲਦੀ ਬਲਕਿ ਉਨ੍ਹਾਂ ਨੂੰ ਸਾਂਭਣ ਅਤੇ ਹੋਰ ਇਕੱਠਾਂ ਕਰਨ ਲਈ ਬੇਚੈਨੀ ਲੱਗੀ ਰਹਿੰਦੀ ਹੈ। "ਇਨਸਾਨ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਜੋ ਵਸਤਾਂ ਪਰਮਾਤਮਾ ਨੇ ਬਖਸ਼ੀਆਂ ਹਨ, ਜੇਕਰ ਉਹ ਉਸ ਤੋਂ ਵੱਧ ਪ੍ਰਾਪਤ ਕਰਨ ਦਾ ਲਾਲਚ ਕਰਦਾ ਹੈ ਤਾਂ ਉਸ ਦੇ ਇਸ

---

[68] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 259

[69] ਉਹੀ, ਪੰਨਾ 1382

ਲਾਲਚ ਨੂੰ ਲੋਭ ਕਹਿੰਦੇ ਹਨ। ਲੋਭੀ ਮਨੁੱਖ ਆਪਣਾ ਅਮੁੱਲਾ ਜੀਵਨ ਜੋ ਪ੍ਰਭੂ ਪ੍ਰਾਪਤੀ ਲਈ ਮਿਲਿਆ ਸੀ, ਅਜਾਈਂ ਗੁਆ ਲੈਂਦਾ ਹੈ। ਲੋਭ ਮਨੁੱਖ ਨੂੰ ਤ੍ਰਿਸ਼ਨਾ ਪੂਰਤੀ ਦੇ ਅਧੀਨ ਚੋਰ, ਡਾਕੂ, ਦੁਰਾਚਾਰੀ, ਜ਼ਾਲਮ, ਕਪਟੀ, ਬੇਸਬਰਾ, ਅਕ੍ਰਿਤਘਣ, ਈਰਖਾਲੂ ਅਤੇ ਧੋਖੇਬਾਜ ਵੀ ਬਣਾ ਦਿੰਦਾ ਹੈ।"[70] ਗੁਰਬਾਣੀ ਵਿੱਚ ਅਜਿਹੇ ਮਨੁੱਖ ਦੀ ਤੁਲਨਾ ਹਲਕਾਏ ਹੋਏ ਕੁੱਤੇ ਨਾਲ਼ ਕੀਤੀ ਗਈ ਹੈ, ਜੋ ਲੋਭ ਵਿੱਚ ਆ ਕੇ ਮਾੜੀ-ਚੰਗੀ ਹਰੇਕ ਵਸਤੂ ਨੂੰ ਖਾਣ ਵਿੱਚ ਲੱਗਾ ਰਹਿੰਦਾ ਹੈ।

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥[71]

"ਗੁਰਮਤਿ ਨੇ ਲੋਭ ਦੇ ਵਿਕਾਰ ਤੋਂ ਬਚਣ ਲਈ ਮਨੁੱਖ ਨੂੰ ਸੰਜਮ ਵਿੱਚ ਰਹਿਣ ਦਾ ਮਾਰਗ ਦਰਸਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਤਿੰਨ ਪ੍ਰਮੁੱਖ ਅਸੂਲਾਂ- ਨਾਮ-ਜਪੋ, ਕਿਰਤ-ਕਰੋ, ਵੰਡ-ਛਕੋ ਰਾਹੀਂ ਸਮਾਜ ਨੂੰ ਇੱਕ ਸੇਧ ਦਿੱਤੀ ਹੈ ਕਿ ਪਾਪਾਂ ਨਾਲ ਕੋਈ ਵਸਤੂ ਇਕੱਤਰ ਕਰਨ ਦੀ ਥਾਂ ਤੇ ਉਸਨੂੰ ਪ੍ਰਾਪਤ ਕਰਨ ਲਈ ਮਿਹਨਤ ਅਤੇ ਇਮਾਨਦਾਰੀ ਦੀ ਵਰਤੋਂ ਕਰਨੀ ਚਾਹੀਦੀ ਹੈ।"[72] ਜਦੋਂ ਕਿਸੇ ਮਨੁੱਖ ਦਾ ਕਿਸੇ ਹੋਰ ਮਨੁੱਖ, ਜੀਵ, ਵਸਤੂ ਨਾਲ਼ ਕੋਲ਼ ਰਹਿਣ ਕਰਕੇ ਕੋਈ ਰਿਸ਼ਤਾ ਬਣ ਜਾਂਦਾ ਹੈ ਤਾਂ ਉਸ ਦੇ ਵਿੱਛੜਨ ਦਾ ਮਨ ਨੂੰ ਜੋ ਦੁੱਖ ਹੁੰਦਾ ਹੈ ਉਸ ਨੂੰ ਮੋਹ ਕਿਹਾ ਜਾਂਦਾ ਹੈ। "ਮੋਹ ਇੱਕ ਦੁਨਿਆਵੀ ਲਗਾਓ ਅਤੇ ਪਕੜ ਹੈ। ਇਸ ਨੂੰ ਪਿਆਰ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਕਿਸੇ ਨਾ ਕਿਸੇ ਮੰਤਵ ਜਾਂ ਲਾਲਚ ਕਾਰਨ ਕੀਤਾ ਜਾਂਦਾ ਹੈ। ਜਦੋਂ ਜੀਵ ਕੁਦਰਤ ਦੇ ਨਿਯਮ (ਜੋ ਉਸ ਦੇ ਭਲੇ ਵਾਸਤੇ ਹੁੰਦੇ ਹਨ) ਅਨੁਸਾਰ ਆਪਣੇ ਫ਼ਰਜ਼ ਨਿਭਾਉਣੇ ਭੁੱਲ ਜਾਂਦਾ ਹੈ ਤਾਂ ਉਹ ਮੋਹ ਦਾ ਰੂਪ ਧਾਰ ਲੈਂਦੇ ਹਨ। ਇਨ੍ਹਾਂ ਵਿੱਚ ਉਹ ਇੰਨਾਂ ਖਚਿਤ ਹੋ ਜਾਂਦਾ ਹੈ ਕਿ ਉਹ ਆਪਣੇ ਜੀਵਨ ਦੇ ਦੁਨਿਆਵੀ ਅਤੇ ਅਧਿਆਤਮਿਕ ਮਨੋਰਥ ਨੂੰ ਸਫ਼ਲ ਨਹੀਂ

---

[70] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 117

[71] ਸ੍ਰੀ ਗੁਰੁ ਗ੍ਰੰਥ ਸਾਹਿਬ, ਪੰਨਾ 50

[72] ਡਾ. ਪਰਮਵੀਰ ਸਿੰਘ, ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 45

ਕਰ ਸਕਦਾ।"[73] ਜੀਵਨ ਦਾ ਅੰਗ ਹੋਣ ਕਰਕੇ ਮਨੁੱਖ ਸ੍ਰਿਸ਼ਟੀ ਦੀ ਹਰ ਵਸਤੂ ਨਾਲ਼ ਮੋਹ ਕਰਦਾ ਹੈ। ਮੋਹ ਦਾ ਲਾਲਚ ਵਿੱਚ ਬਦਲ ਜਾਣਾ ਅਤੇ ਭੌਤਿਕ ਪਦਾਰਥਾਂ ਦੀ ਖਾਤਿਰ ਮਨੁੱਖੀ ਜਜ਼ਬਾਤਾਂ ਤੋਂ ਸੱਖਣੇ ਹੋ ਜਾਣਾ ਇਨਸਾਨ ਨੂੰ ਇਖਲਾਕੀ ਕੰਗਾਲੀ ਵੱਲ ਲੈ ਜਾਂਦਾ ਹੈ ਜਿਸ ਕਾਰਨ ਇਹ ਮੋਹ ਮਨੁੱਖ ਨੂੰ ਉਸ ਦੇ ਜੀਵਨ ਮਕਸਦ ਤੋਂ ਭਟਕਾ ਦਿੰਦਾ ਹੈ।

ਏਤੁ ਮੋਹਿ ਡੂਬਾ ਸੰਸਾਰ॥ ਗੁਰਮੁਖਿ ਕੋਇ ਉਤਰੈ ਪਾਰਿ॥[74]

"ਗੁਰਬਾਣੀ ਦੁਨਿਆਵੀ ਮੋਹ ਦੀ ਥਾਂ ਸੱਚੇ ਪ੍ਰੇਮ ਤੇ ਜ਼ੋਰ ਦਿੰਦੀ ਹੈ। ਮਨੁੱਖ ਨੇ ਦੁਨਿਆਵੀ ਵਸਤਾਂ ਨੂੰ ਪੈਦਾ ਕਰਨ ਵਾਲ਼ੇ ਇਸ ਦੇ ਕਰਤਾ ਵੱਲ ਰੁਚਿਤ ਹੋਣਾ ਹੈ। ਭਾਵ ਮਨੁੱਖ ਨੇ ਦੁਨਿਆਵੀ ਮੋਹ ਤਿਆਗ ਕੇ ਸੱਚੇ ਪ੍ਰਭੂ ਨਾਲ਼ ਪ੍ਰੀਤ ਪਾ ਕੇ ਸਚਿਆਰਤਾ ਨੂੰ ਪ੍ਰਾਪਤ ਕਰਨਾ ਹੈ। ਸਿੱਖ ਧਰਮ ਵਿੱਚ ਸੇਵਾ, ਪਰਉਪਕਾਰ ਅਤੇ ਮਾਨਵਤਾ ਦੀ ਰੱਖਿਆ ਲਈ ਕੁਰਬਾਨੀ ਦੀ ਭਾਵਨਾ ਹੀ ਦੁਨਿਆਵੀ ਮੋਹ ਵਿੱਚ ਖਚਿਤ ਹੋਣ ਤੋਂ ਬਚਣ ਦਾ ਮਾਰਗ ਹੈ।"[75] ਅਹੰਕਾਰ ਨੂੰ ਸਭ ਵਿਕਾਰਾਂ ਤੋਂ ਵੱਡਾ ਮੰਨਿਆ ਗਿਆ ਹੈ ਜੋ ਮਨੁੱਖ ਦੀ ਸੋਚ ਅਤੇ ਸ਼ਖ਼ਸੀਅਤ ਦੇ ਨਿਘਾਰ ਦਾ ਕਾਰਨ ਬਣਦਾ ਹੈ। ਜਿਵੇਂ-ਜਿਵੇਂ ਮਨੁੱਖ ਦੀ ਚੇਤਨਾ ਵਧਦੀ ਹੈ ਉਵੇਂ-ਉਵੇਂ ਉਸ ਵਿੱਚ ਅਹੰਕਾਰ ਵਧਦਾ ਹੈ। ਚੇਤਨਾ ਨਾਲ਼ ਹੀ ਮਨੁੱਖ ਨੂੰ ਦੁਨਿਆਵੀ ਪਦਾਰਥਾਂ ਦੀ ਸੋਝੀ ਹੁੰਦੀ ਹੈ। ਜਿਸ ਨਾਲ਼ ਉਹ ਇਹਨਾਂ ਪਦਾਰਥਾਂ ਨੂੰ ਵੱਧ ਤੋਂ ਵੱਧ ਆਪਣੇ ਕੋਲ਼ ਜਮ੍ਹਾਂ ਕਰਨ ਲਈ ਧਨ ਇਕੱਠਾ ਕਰਨਾ ਸ਼ੁਰੂ ਕਰ ਦਿੰਦਾ ਹੈ। ਜਦੋਂ ਉਸ ਕੋਲ ਧਨ ਅਤੇ ਪਦਾਰਥ ਦੂਜਿਆਂ ਨਾਲ਼ੋਂ ਵੱਧ ਹੋ ਜਾਂਦੇ ਹਨ ਤਾਂ ਉਹ ਖੁਦ ਨੂੰ ਦੂਜਿਆਂ ਤੋਂ ਉੱਚਾ ਅਤੇ ਸ੍ਰੇਸ਼ਠ ਸਮਝਣ ਲੱਗ ਜਾਂਦਾ ਹੈ। ਮਨੁੱਖ ਵਿਚਲੀ ਇਹ ਭਾਵਨਾ ਹੀ ਹਉਮੈਂ ਹੈ। "ਇਨਸਾਨ ਆਪਣੇ ਰਾਜ-ਮਾਲ, ਧਨ-ਦੌਲਤ, ਵਿਦਵਤਾ, ਚਤੁਰਾਈ ਅਤੇ ਆਪਣੇ ਤਨ ਦੀ ਸੁੰਦਰਤਾ 'ਤੇ ਜੋ ਗਰਬ, ਘੁਮੰਡ ਅਤੇ ਅਭਿਮਾਨ ਕਰਦਾ ਹੈ, ਉਸ ਨੂੰ ਹੰਕਾਰ ਕਹਿੰਦੇ ਹਨ। ਹੰਕਾਰੀ ਮਨੁੱਖ ਚੰਗਿਆਂ ਨਾਲ ਵੈਰ-

---

73 ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 118

74 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 356

75 ਡਾ. ਪਰਮਵੀਰ ਸਿੰਘ, ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 45-46

ਵਿਰੋਧ ਕਰਦਾ ਹੈ ਅਤੇ ਮਾੜੇ ਆਦਮੀ ਜੋ ਉਸ ਦੀ ਚਾਪਲੂਸੀ ਕਰਦੇ ਹਨ, ਉਨ੍ਹਾਂ ਨੂੰ ਆਪਣਾ ਦੋਸਤ-ਮਿੱਤਰ ਸਮਝ ਲੈਂਦਾ ਹੈ। ਹੰਕਾਰੀ ਮਨੁੱਖ ਅਕ੍ਰਿਤਘਣ (ਅਹਿਸਾਨ ਫਰਾਮੋਸ਼), ਜ਼ਾਲਮ, ਨਿਰਦਈ, ਨਿੰਦਕ ਅਤੇ ਖੁਦਗਰਜ਼ ਹੁੰਦਾ ਹੈ। ਹੰਕਾਰੀ ਦਾਨ-ਪੁੰਨ ਵੀ ਆਪਣੀ ਵਡਿਆਈ ਲਈ ਕਰਦਾ ਹੈ।"[76] ਜਦੋਂ ਮਨੁੱਖ ਸਮਾਜ ਵਿੱਚ ਸੇਵਾ ਜਾਂ ਕੋਈ ਚੰਗਾ ਕੰਮ ਕਰਦਾ ਹੈ ਜਾਂ ਕਿਸੇ ਦੀ ਮੱਦਦ ਕਰਦਾ ਹੈ। ਜੇਕਰ ਉਸ ਦੇ ਮਨ ਵਿੱਚ ਇਹ ਵਿਚਾਰ ਆ ਗਿਆ ਕਿ ਉਸ ਨੇ ਕਿਸੇ ਲਈ ਕੁੱਝ ਕੀਤਾ ਹੈ ਤਾਂ ਸਮਝੋ ਉਸ ਮਨੁੱਖ ਵਿੱਚ ਅਹੰਕਾਰ ਆ ਗਿਆ। ਪ੍ਰਭੂ ਦੇ ਨਾਮ ਦਾ ਸਿਮਰਨ ਕਰਦਿਆਂ ਇਹ ਖਿਆਲ ਆ ਜਾਵੇ ਕਿ ਉਸ ਨੇ ਤਾਂ ਬਹੁਤ ਸਿਮਰਨ ਕੀਤਾ ਹੈ। ਸਿੱਖ ਧਰਮ ਅਨੁਸਾਰ ਮਨੁੱਖ ਅੰਦਰ ਜਦੋਂ ਤੱਕ ਹਉਮੈਂ ਰਹਿੰਦੀ ਹੈ ਉਦੋਂ ਤੱਕ ਸਚਿਆਰਤਾ ਦੀ ਪ੍ਰਾਪਤੀ ਅਸੰਭਵ ਹੈ।

ਹਉਮੈ ਜਾਈ ਤਾ ਕੰਤ ਸਮਾਈ॥[77]

ਮਨੁੱਖ ਇਸ ਸੰਸਾਰ ਵਿੱਚ ਵਿਚਰਦਾ ਹੋਇਆ ਜਿੰਨੇ ਮਰਜ਼ੀ ਪੁੰਨ-ਦਾਨ ਕਰੇ, ਤੀਰਥਾਂ ਤੇ ਜਾ ਕੇ ਇਸ਼ਨਾਨ ਕਰੇ ਪ੍ਰੰਤੂ ਹਉਮੈਂ ਨੂੰ ਮਨ ਵਿੱਚੋਂ ਕੱਢੇ ਤੋਂ ਬਿਨ੍ਹਾਂ ਸਭ ਵਿਅਰਥ ਹਨ। "ਵਿਅਕਤੀ ਦੂਜਿਆਂ ਤੇ ਕਬਜਾ ਕਰਨ ਦੀ ਬਿਰਤੀ ਨੂੰ ਛੱਡਦੇ ਹੋਏ ਸਵੈਮਾਨ ਦੀ ਰਾਖੀ ਤੇ ਲੋਕ-ਭਲਾਈ ਲਈ ਜੀਵਨ ਉਦੇਸ਼ ਨਿਰਧਾਰਿਤ ਕਰਕੇ ਆਪਣੀ ਹਉਮੈਂ ਨੂੰ ਨਿਮਰਤਾ ਸਹਿਤ ਸਮਾਜ ਸੁਧਾਰ ਵੱਲ ਲਾ ਕੇ ਅਧਿਆਤਮਿਕ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ।"[78] ਇਹ ਪੰਜ ਵਿਕਾਰ ਮਨੁੱਖ ਦੇ ਅਧਿਆਤਮਿਕ ਵਿਕਾਸ ਵਿੱਚ ਰੁਕਾਵਟਾਂ ਹਨ, ਜੇਕਰ ਇਨ੍ਹਾਂ ਵਿਕਾਰਾਂ ਨੂੰ ਸਹੀ ਦਿਸ਼ਾ ਦਿੱਤੀ ਜਾਵੇ ਤਾਂ ਇਹ ਮਨੁੱਖ ਦੀ ਉਸ ਦੇ ਮਕਸਦ ਦੀ ਪ੍ਰਾਪਤੀ ਵਿੱਚ ਸਹਾਇਤਾ ਕਰ ਸਕਦੇ ਹਨ। ਇਨ੍ਹਾਂ ਵਿਕਾਰਾਂ ਨੂੰ ਕਾਬੂ ਵਿੱਚ ਕਰਨ ਲਈ ਗੁਰਬਾਣੀ ਸਾਡਾ ਮਾਰਗ ਦਰਸ਼ਨ ਕਰਦੀ ਹੈ। ਮਨੁੱਖ ਨੇ ਇਨ੍ਹਾਂ ਪੰਜ ਵਿਕਾਰਾਂ ਤੋਂ ਬਚਦੇ ਹੋਏ ਆਪਣੀ ਸੋਚ ਦਾ ਆਧਾਰ

---

76 ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010, ਪੰਨਾ 119

77 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 750

78 ਡਾ. ਪਰਮਵੀਰ ਸਿੰਘ, ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 47

ਪਰਮਾਤਮਾ ਨੂੰ ਬਣਾਉਣਾ ਹੈ। ਆਪਣੀ ਸੁਰਤ ਨੂੰ ਸੱਚਾਈ ਨਾਲ਼ ਜੋੜਨਾ ਹੈ। ਗੁਰੂ ਨਾਨਕ ਦੇਵ ਜੀ ਨੇ ਸੁਰਤ ਦਾ ਕੇਂਦਰ ਆਦਿ-ਸੱਚ, ਜੁਗਾਦਿ-ਸੱਚ ਨੂੰ ਥਾਪਿਆ ਹੈ। ਸੁਰਤ ਉਹ ਕੇਂਦਰ ਬਿੰਦੂ ਹੈ ਜਿਸ ਉਤੇ ਮਨੁੱਖ ਦੇ ਵਿਅਕਤਿਤਵ ਦਾ ਵਿਕਾਸ ਨਿਰਭਰ ਕਰਦਾ ਹੈ ਕਿਉਂਕਿ ਮਨੁੱਖ ਜਿਸ ਵਿਸ਼ੇ ਵਿੱਚ ਵੀ ਆਪਣੀ ਸੁਰਤ ਜਾਂ ਧਿਆਨ ਲਗਾਉਂਦਾ ਹੈ। ਉਸ ਦੇ ਮੁਤਾਬਿਕ ਹੀ ਉਸ ਦੀ ਮਾਨਸਿਕਤਾ ਹੋ ਜਾਂਦੀ ਹੈ ਅਤੇ ਉਸ ਤਰ੍ਹਾਂ ਦੇ ਹੀ ਉਹ ਕਰਮ ਕਰਦਾ ਹੈ। ਉਸ ਦੁਆਰਾ ਕੀਤੇ ਕਰਮਾਂ ਮੁਤਾਬਿਕ ਹੀ ਉਸ ਨੂੰ ਫਲ਼ ਪ੍ਰਾਪਤ ਹੁੰਦਾ ਹੈ। ਇਹਨਾਂ ਕਰਮਾਂ ਨੂੰ ਦੁਹਰਾਉਣ ਨਾਲ਼ ਉਸ ਦੀ ਆਦਤ ਦੀ ਸਿਰਜਣਾ ਹੁੰਦੀ ਹੈ। ਆਦਤ ਨੂੰ ਹੀ ਸ਼ਖ਼ਸੀਅਤ ਦਾ ਦੂਜਾ ਨਾਮ ਦਿੱਤਾ ਜਾ ਸਕਦਾ ਹੈ।

ਜੇਹੀ ਸੁਰਤਿ ਤੇਹੈ ਰਾਹਿ ਜਾਇ॥[79]

ਜਦੋਂ ਮਨੁੱਖ ਇਸ ਰਚਨਾ ਦੀ ਸਿਰਜਣਾ ਕਰਨ ਵਾਲ਼ੇ ਨੂੰ ਆਪਣੇ ਵਿਚਾਰਾਂ ਦਾ ਆਧਾਰ ਬਣਾ ਲੈਂਦਾ ਹੈ ਤਾਂ ਉਸ ਦੇ ਅੰਦਰੋਂ ਹੌਲ਼ੀ-ਹੌਲ਼ੀ ਵਿਕਾਰਾਂ ਦਾ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਉਹ ਆਪਣੇ ਅਸਲ ਵੱਲ ਵਧ ਕੇ ਵਾਸਤਵਿਕ ਸੱਚ ਨੂੰ ਗ੍ਰਹਿਣ ਕਰਕੇ ਸਚਿਆਰਾ ਹੋ ਸਕਦਾ ਹੈ। ਇੱਥੇ ਪ੍ਰਭੂ ਦੀ ਨਦਰਿ ਮਨੁੱਖ ਲਈ ਨਿਰੰਤਰ ਇਸ ਦਿਸ਼ਾ ਵੱਲ ਚੱਲਣ ਲਈ ਪ੍ਰੇਰਨਾ ਸ੍ਰੋਤ ਬਣੀ ਰਹਿੰਦੀ ਹੈ। ਨਦਰਿ ਪ੍ਰਾਪਤ ਮਨੁੱਖ ਦਾ ਮੁੱਖ ਮਨੋਰਥ ਰੱਬ ਨੂੰ ਪਾਉਣਾ ਹੈ। ਰੱਬੀ ਨਦਰਿ ਮਨੁੱਖ ਨੂੰ ਠੀਕ ਦਿਸ਼ਾ ਵੱਲ ਲੈ ਕੇ ਜਾਂਦੀ ਹੈ। ਗੁਰਮਤਿ ਅਨੁਸਾਰ ਮਨੁੱਖ ਨੇ ਆਪਣੇ ਔਗੁਣਾਂ ਨੂੰ ਖਤਮ ਕਰਕੇ ਸੱਚ ਦੇ ਗੁਣਾਂ ਨੂੰ ਧਾਰਨ ਕਰਨਾ ਹੈ ਤਾਂ ਜੋ ਮਨੁੱਖ ਦਾ ਹਿਰਦਾ ਸ਼ੁੱਧ ਹੋ ਸਕੇ। "ਸੱਚ, ਸੱਚੇ ਪਰਮਾਤਮਾ ਦਾ ਪਵਿੱਤਰ ਨਾਂ ਹੈ ਅਤੇ ਇਹ ਸੱਚ ਹੀ ਉਸ ਦੀ ਪਛਾਣ ਹੈ। ਇਹ ਸੱਚ ਸਭ ਧਰਮਾਂ ਦਾ ਮੂਲ ਸਿਧਾਂਤ ਹੈ ਅਤੇ ਧਰਮ ਦੀ ਸਾਰੀ ਕਿਰਿਆ ਸੱਚ ਦੇ ਅਧਾਰ ਤੇ ਹੀ ਟਿਕੀ ਹੋਈ ਹੈ। ਸੱਚ ਵਾਹਿਗੁਰੂ ਆਪ ਹੈ।"[80] ਅਜਿਹੇ ਵਾਸਤਵਿਕ ਸੱਚ ਨੂੰ ਆਪਣੀ ਜ਼ਿੰਦਗੀ ਦਾ ਅਧਾਰ ਬਣਾਉਣਾ ਹੈ। ਜਿਸ ਦੀ ਸੱਤਾ ਭੂਤ, ਵਰਤਮਾਨ ਅਤੇ ਭਵਿੱਖ ਵਿੱਚ ਵਿਦਮਾਨ ਰਹੇ। ਇਸ ਸੱਚ ਦੀ ਭਾਲ਼ ਨੂੰ

---

[79] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 662

[80] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ ਲੁਧਿਆਣਾ, 2004, ਪੰਨਾ 95

ਸਾਰੇ ਧਰਮਾਂ ਦੇ ਪੈਰੋਕਾਰਾਂ, ਗਿਆਨੀਆਂ, ਮਹਾਨ ਵਿਦਵਾਨਾਂ ਨੇ ਮਨੁੱਖਾ ਜਨਮ ਦਾ ਸਭ ਤੋਂ ਉੱਚਾ ਆਦਰਸ਼ ਆਖਿਆ ਹੈ। ਹਰੇਕ ਧਰਮ ਨੇ ਅਲੱਗ-ਅਲੱਗ ਤਰੀਕਿਆਂ ਨਾਲ਼ ਇਸ ਸੱਚ ਦੀ ਵਿਆਖਿਆ ਕੀਤੀ ਹੈ ਅਤੇ ਇਸ ਤੱਕ ਪਹੁੰਚਣ ਦਾ ਅਲੱਗ-ਅਲੱਗ ਤਰੀਕਾ ਸੁਝਾਇਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸੱਚ ਨੂੰ ਪਰਮਾਤਮਾ ਦਾ ਲਖਾਇਕ ਮੰਨਿਆ ਗਿਆ ਹੈ। "ਹਰ ਧਰਮ ਵਿੱਚ ਪਰਮਾਤਮਾ ਨੂੰ ਸਰਬ ਸ਼ਕਤੀਮਾਨ ਸਮਝਿਆ ਗਿਆ ਹੈ। ਕੋਈ ਇਸਨੂੰ ਕੁਦਰਤ ਵਿੱਚ ਵੇਖਦਾ ਹੈ ਅਤੇ ਕੋਈ ਹੋਰ ਉਸ ਨੂੰ ਧਰਤੀ ਤੋਂ ਦੂਰ ਕਿਧਰੇ ਆਸਣ ਲਗਾਈ ਬੈਠਾ ਦੁਨੀਆਂ ਦੀ ਕਾਰ-ਵਿਹਾਰ ਚਲਾਉਂਦਾ ਵੇਖਦਾ ਹੈ। ਗੁਰਬਾਣੀ ਅਨੁਸਾਰ ਉਹ ਕੁਦਰਤ ਵਿੱਚ ਵਸਿਆ ਹੋਇਆ ਹੈ। ਉਹ ਉਸ ਦਾ ਰਚਣਹਾਰਾ ਵੀ ਹੈ ਤੇ ਸਮੇਟਣਹਾਰਾ ਵੀ ਹੈ। ਉਹ ਕੁਦਰਤ ਵਿੱਚ ਰਮਿਆ ਹੋ ਕੇ ਵੀ ਉਸ ਤੋਂ ਵੱਖਰਾ ਹੈ। ਉਹ ਵਧੇਰੇ ਵਿਸ਼ਾਲ ਅਤੇ ਸ਼ਕਤੀਸ਼ਾਲੀ ਹੈ।"[81] ਗੁਰੂ ਨਾਨਕ ਦੇਵ ਜੀ ਅਨੁਸਾਰ ਸਦਾ ਸਥਿਰ ਰਹਿਣ ਵਾਲ਼ਾ ਇਹ ਸੱਚ ਕੇਵਲ ਇੱਕੋ ਇੱਕ ਨਿਰੰਕਾਰ ਹੈ, ਜੋ ਆਪ ਵੀ ਸੱਚ ਸਰੂਪ ਹੈ, ਜਿਸ ਦਾ ਨਾਮ ਵੀ ਸਤਿ ਹੈ। ਜਿਸ ਦਾ ਸਿਰਮੌਰ ਲੱਛਣ 'ਸੈਭੰ' ਸਰੂਪ ਹੈ, ਭਾਵ ਜਿਸ ਦਾ ਕੋਈ ਕਾਰਨ ਨਹੀਂ ਹੈ। ਜੋ ਆਪਣੇ ਆਪ ਤੋਂ ਹੀ ਪੈਦਾ ਹੋਇਆ ਹੈ। ਜੋ ਆਪਣੀ ਹੋਂਦ ਦਾ ਕਾਰਨ ਖੁਦ ਆਪ ਹੀ ਹੈ। ਜੋ ਨਿਰਵੈਰ ਹੈ, ਕਿਸੇ ਦੇ ਡਰ ਵਿੱਚ ਨਹੀਂ ਹੈ। ਜੋ ਅਜੂਨੀ ਹੈ, ਜੋ ਜਨਮ-ਮਰਨ ਦੇ ਚੱਕਰ ਤੋਂ ਬਾਹਰ ਹੈ। ਜਿਸ ਤੋਂ ਵੱਡਾ ਜਾਂ ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਜਿਸ ਉਪਰ ਕਿਸੇ ਦਾ ਹੁਕਮ ਨਹੀਂ ਚਲਦਾ।

ਨਾਨਕ ਸਾਚੇ ਕਉ ਸਚੁ ਜਾਣੁ॥[82]

ਚਾਰੇ ਜੁਗਾਂ ਵਿੱਚ ਉਸ ਸੱਚ ਦੀ ਹੀ ਪ੍ਰਧਾਨਤਾ ਰਹੀ ਹੈ। ਗੁਰਮਤਿ ਅਨੁਸਾਰ ਇਹ ਸੱਚ ਕੇਵਲ ਇੱਕ ਹੈ, ਸਦੀਵੀ ਹੈ, ਇਹ ਸ੍ਰਿਸ਼ਟੀ ਦੀ ਸਿਰਜਣਾ ਤੋਂ ਪਹਿਲਾਂ ਵੀ ਸੀ, ਇਸ ਦੇ ਖਾਤਮੇ ਤੋਂ ਬਾਅਦ ਵੀ ਕੇਵਲ ਇਹ ਇੱਕ ਸੱਚ ਹੀ ਬਾਕੀ ਰਹਿ ਜਾਵੇਗਾ। ਸੱਚ ਦੇ ਇਸ ਸਰੂਪ ਨੂੰ ਪਰਮਸਤਿ ਦਾ ਨਾਮ ਦਿੱਤਾ

---

[81] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ,ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2007, ਪੰਨਾ 7

[82] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15

ਗਿਆ ਹੈ। ਉਸ ਪਰਮਸਤਿ ਨੂੰ ਪਰਮਾਤਮਾ ਕਿਹਾ ਜਾਂਦਾ ਹੈ। ਉਸ ਪਰਮਾਤਮਾ ਦੇ ਗੁਣ ਗੁਰੂ ਨਾਨਕ ਦੇਵ ਜੀ ਦੁਆਰਾ ਜਪੁਜੀ ਸਾਹਿਬ ਵਿੱਚ ਪੇਸ਼ ਕੀਤੇ ਗਏ ਹਨ। ਗੁਰਮਤਿ ਪ੍ਰਭੂ ਦੇ ਗੁਣਾਂ ਦਾ ਗਾਣ ਕਰਨ ਦਾ ਉਪਦੇਸ਼ ਦਿੰਦੀ ਹੈ। ਮਨੁੱਖ ਨੇ ਇਸ ਜਨਮ ਨੂੰ ਵਿਅਰਥ ਗਵਾਉਣ ਦੀ ਬਜਾਇ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੈ। "ਪਰਮਾਤਮਾ ਦੇ ਨਾਂ ਵਿੱਚ ਜੀਣਾ ਸਿਮਰਨ ਹੈ, ਉਸਦੀ ਉਪਾਸਨਾ, ਅਰਾਧਨਾ ਸਿਮਰਨ ਹੈ। ਪ੍ਰਭੂ ਨੂੰ ਯਾਦ ਕਰਨਾ ਵੀ ਸਿਮਰਨ ਹੈ, ਉਸਦੇ ਗੁਣ ਗਾਉਣਾ, ਕੀਰਤੀ ਕਰਨਾ ਸਭ ਸਿਮਰਨ ਦੇ ਘੇਰੇ ਵਿੱਚ ਆਉਂਦੇ ਹਨ।"[83] ਇਸ ਵਿੱਚ ਕੋਈ ਸੰਦੇਹ ਨਹੀਂ ਕਿ ਮਨੁੱਖ ਜਿਸ ਤਰ੍ਹਾਂ ਦੇ ਮਾਹੌਲ ਵਿੱਚ ਵਿਚਰਦਾ ਹੈ ਉਸ ਤਰ੍ਹਾਂ ਦਾ ਹੀ ਹੋ ਜਾਂਦਾ ਹੈ। ਜਿਹੋ ਜਿਹੀ ਉਸ ਦੀ ਜਗਿਆਸਾ ਜਾਂ ਮਨ ਦੀ ਇੱਛਾ ਹੁੰਦੀ ਹੈ ਉਹੋ ਜਿਹੀ ਹੀ ਪ੍ਰਾਪਤੀ ਹੋ ਜਾਂਦੀ ਹੈ।

ਜੈਸੀ ਪਿਆਸ ਹੋਇ ਮਨ ਅੰਤਰਿ॥
ਤੈਸੋ ਜਲ ਦੇਵਹਿ ਪਰਕਾਰ॥[84]

ਗੁਰੂ ਸਾਹਿਬ ਭਟਕੇ ਹੋਏ ਮਨੁੱਖ ਦਾ ਮਾਰਗ ਦਰਸ਼ਨ ਕਰਦੇ ਹੋਏ ਉਸ ਨੂੰ ਸੱਚੇ ਪ੍ਰਭੂ ਦੇ ਚਰਨਾਂ ਨਾਲ਼ ਪ੍ਰੀਤ ਪਾਉਣ ਦਾ ਉਪਦੇਸ਼ ਦਿੰਦੇ ਹਨ। ਇੱਥੇ ਪ੍ਰਭੂ ਨਾਲ਼ ਪ੍ਰੀਤ ਪਾਉਣ ਲਈ ਸਹੀ ਮਾਰਗ-ਦਰਸ਼ਨ ਕਰਨ ਵਿੱਚ ਗੁਰੂ ਸਹਾਇਤਾ ਕਰਦਾ ਹੈ। ਗੁਰਮਤਿ ਅਨੁਸਾਰ ਪਰੇਮਾ-ਭਗਤੀ ਪ੍ਰਭੂ ਪ੍ਰਾਪਤੀ ਲਈ ਮੁੱਖ ਜ਼ਰੀਆ ਹੈ। ਇਸ ਦਾ ਮੁੱਖ ਸਾਧਨ ਨਾਮ ਸਿਮਰਨ ਹੈ। ਮਨੁੱਖ ਨੇ ਨਾਮ ਸਿਮਰਨ ਰਾਹੀਂ ਆਪਣੇ ਅੰਦਰਲੇ ਔਗੁਣਾਂ ਨੂੰ ਖਤਮ ਕਰਕੇ ਹਿਰਦੇ ਨੂੰ ਸ਼ੁੱਧ ਕਰਨਾ ਹੈ। ਨਾਮ ਸਿਮਰਨ ਐਸੀ ਜੁਗਤ ਹੈ ਜਿਸ ਨਾਲ਼ ਮਨ ਦੀ ਮੈਲ਼ ਸਾਫ ਹੁੰਦੀ ਹੈ। "ਨਾਮ ਕਿਸੇ ਨੂੰ ਸੁਣਾਉਣ ਵਾਸਤੇ ਨਹੀਂ ਜਪੀ ਦਾ। ਅੰਤਰਯਾਮੀ ਤਾਂ ਅੱਗੇ ਹੀ ਸਾਰਿਆਂ ਵਿੱਚ ਬੈਠਾ ਹੈ। ਨਾਮ ਤਾਂ ਸਾਡੇ ਅੰਤਹਕਰਨ ਦੀ ਮੈਲ਼ ਲਾਹੁਣ ਵਾਸਤੇ ਸਤਿਗੁਰੂ ਸੱਚੇ ਪਾਤਿਸ਼ਾਹ ਨੇ ਸਾਨੂੰ

---

[83] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2011, ਪੰਨਾ 30

[84] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 504

ਇੱਕ ਅਰਸ਼ੀ ਸਾਬਣ ਬਖਸ਼ਿਆ ਹੈ।"[85] ਜਿਵੇਂ ਸਾਬਣ ਨਾਲ਼ ਗੰਦੇ ਅਤੇ ਮੈਲ਼ੇ ਕੱਪੜਿਆਂ ਨੂੰ ਸਾਫ਼ ਕੀਤਾ ਜਾਂਦਾ ਹੈ। ਉਵੇਂ ਹੀ ਮਨੁੱਖ ਦੀ ਆਤਮਾ ਜਦੋਂ ਅੰਦਰੂਨੀ ਮੈਲ਼ ਅਤੇ ਅਹੰਕਾਰ ਨਾਲ਼ ਭਰ ਜਾਂਦੀ ਹੈ ਤਾਂ ਇਸ ਨੂੰ ਨਾਮ ਨਾਲ਼ ਪਵਿੱਤਰ ਕੀਤਾ ਜਾ ਸਕਦਾ ਹੈ।

ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥[86]

ਗੁਰੂ ਨਾਨਕ ਦੇਵ ਜੀ ਨਾਮ ਨੂੰ ਸਰਵ-ਵਿਆਪਕ ਸ਼ਕਤੀ ਮੰਨਦੇ ਹਨ ਕਿਉਂਕਿ ਨਾਮ ਸਿਮਰਨ ਨਾਲ਼ ਉਸ ਪਰਮਾਤਮਾ ਦਾ ਵਾਸਾ ਹਿਰਦੇ ਵਿੱਚ ਹੁੰਦਾ ਹੈ ਅਤੇ ਉਸ ਮਾਲਕ ਪ੍ਰਭੂ ਦੀ ਸਰਵ-ਵਿਆਪਕ ਸ਼ਖ਼ਸੀਅਤ ਸਾਧਕ ਦੇ ਸਾਹਮਣੇ ਆ ਜਾਂਦੀ ਹੈ। "ਪ੍ਰਭੂ ਦੇ ਨਾਂ ਵਿੱਚ ਜ਼ਿੰਦਾ ਰਹਿਣਾ ਸਿਮਰਨ ਹੈ। ਸਿਮਰਨ ਦੇ ਡਿਕਸ਼ਨਰੀ ਅਰਥ ਵੀ 'ਸਮਰਣ ਕਰਨ' ਜਾਂ 'ਯਾਦ ਕਰਨ' ਦੇ ਹਨ। ਜਿਸ ਨੂੰ ਯਾਦ ਕਰੋ ਉਸ ਦਾ ਹੀ ਸਿਮਰਨ ਹੋਣ ਲੱਗ ਜਾਂਦਾ ਹੈ।"[87] ਪ੍ਰਭੂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ਼ ਸਾਧਕ ਪ੍ਰਭੂ ਦੇ ਗੁਣਾਂ ਨੂੰ ਗ੍ਰਹਿਣ ਕਰਦਾ ਹੈ। ਜਿਵੇਂ ਨਿਰਭਉ ਤੇ ਨਿਰਵੈਰ ਦਾ ਸਿਮਰਨ ਮਨੁੱਖ ਨੂੰ ਵੈਰ ਰਹਿਤ ਅਤੇ ਭੈਅ ਰਹਿਤ ਬਣਾਉਂਦਾ ਹੈ।

ਜੈਸਾ ਸੇਵੈ ਤੈਸੋ ਹੋਇ॥[88]

"ਜਿਵੇਂ ਖੂਹ ਵਿੱਚੋਂ ਪਾਣੀ ਕੱਢਣ ਲਈ ਬਾਲਟੀ ਦੀ ਲੋੜ ਪੈਂਦੀ ਹੈ। ਉਸੇ ਤਰ੍ਹਾਂ ਗੁਣਾਂ ਨੂੰ ਮਨ ਵਿੱਚ ਵਸਾਉਣ ਲਈ ਪਰਮਾਤਮਾ ਦੇ ਨਾਮ ਦੀ ਜ਼ਰੂਰਤ ਹੈ।"[89] ਨਾਮ ਸਿਮਰਨ ਰੂਪੀ ਅਮ੍ਰਿਤ ਜਲ ਦੀ ਸ਼ਕਤੀ ਨਾਲ਼ ਪੰਜ ਵਿਕਾਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੀ ਥਾਂ ਪੰਜ ਗੁਣਾਂ ਨੂੰ ਉਜਾਗਰ ਕਰਨ ਦਾ ਉਪਦੇਸ਼ ਗੁਰੂ

---

[85] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 67

[86] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 4

[87] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2007, ਪੰਨਾ 18

[88] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 225

[89] ਡਾ. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ, ਚਿੰਤਨ ਅਤੇ ਵਿਚਾਰਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 47

ਸਾਹਿਬ ਨੇ ਦਿੱਤਾ ਹੈ। ਨਾਮ ਸਿਮਰਨ ਨਾਲ਼ ਮਨੁੱਖੀ ਸੋਚ ਪਵਿੱਤਰ ਹੁੰਦੀ ਹੈ। ਸਾਧਕ ਅੰਦਰਲੇ ਵਿਕਾਰ ਖਤਮ ਹੋ ਜਾਂਦੇ ਹਨ। ਨਾਮ ਸਿਮਰਨ ਦਾ ਅੰਤਿਮ ਉਦੇਸ਼ ਸੱਚ ਨਾਲ਼ ਮਨੁੱਖ ਦੀ ਅਭੇਦਤਾ ਹੈ। ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਸਚਿਆਰ ਹੋਣਾ ਕਿਹਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਜਿਵੇਂ ਹੱਥ, ਪੈਰ ਅਤੇ ਤਨ ਨੂੰ ਪਾਣੀ ਨਾਲ਼ ਸਵੱਛ ਕੀਤਾ ਜਾਂਦਾ ਹੈ। ਗੰਦਾ ਹੋਇਆ ਕੱਪੜਾ ਸਾਬਣ ਨਾਲ਼ ਧੋ ਕੇ ਸਾਫ ਕੀਤਾ ਜਾਂਦਾ ਹੈ। ਉਸ ਤਰ੍ਹਾਂ ਹੀ ਅਪਵਿੱਤਰ ਹੋਈ ਮਤਿ ਦੀ ਪਵਿੱਤਰਤਾ ਲਈ ਨਾਮ ਦੇ ਸਿਮਰਨ ਦੀ ਜ਼ਰੂਰਤ ਹੈ। "ਰਸਨਾ ਨਾਲ ਜਿਉਂ-ਜਿਉਂ ਸਿਮਰਨ ਦਾ ਅਭਿਆਸ ਹੁੰਦਾ ਹੈ, ਤਿਉਂ-ਤਿਉਂ ਗੁਰਮੰਤ੍ਰ, ਮਨ-ਚਿਤ-ਅੰਤਿਸ਼ਕਰਨ ਵਿੱਚ ਉੱਤਰਦਾ ਜਾਂਦਾ ਹੈ।"[90] ਨਾਮ ਸਿਮਰਨ ਦੇ ਅਭਿਆਸ ਨਾਲ਼ ਮਨੁੱਖ ਆਪਣੀ ਸੰਕੀਰਣ ਸੋਚ ਨੂੰ ਤਿਆਗ ਕੇ ਵਿਸ਼ਾਲ ਸੋਚ ਦਾ ਧਾਰਨੀ ਹੋ ਜਾਂਦਾ ਹੈ, ਜਿਸ ਦਾ ਪ੍ਰਗਟਾਵਾ ਉਸ ਦੀ ਬਾਹਰੀ ਸ਼ਖ਼ਸੀਅਤ ਵਿੱਚੋਂ ਵੀ ਹੁੰਦਾ ਹੈ। "ਗੁਰਮਤਿ ਅਨੁਸਾਰ ਸਿਮਰਨ ਉਹ ਭਾਵਨਾ ਹੈ ਜੋ ਤਿਲ-ਤਿਲ ਕਰਕੇ ਸਿੰਚਿਤ ਹੁੰਦੀ ਹੈ। ਪਰ ਜੋ ਚਾਣਚੱਕ ਹੀ ਅਜਿਹੀ ਕਲਾਧਾਰੀ ਸਿਰਜਨਾ ਕਰ ਜਾਂਦੀ ਹੈ, ਜਿਸ ਦੁਆਰਾ ਮਨੁੱਖ ਤੇ ਪ੍ਰਕ੍ਰਿਤੀ ਦੋਹਾਂ ਦਾ ਹੀ ਦੈਵੀਕਰਣ ਹੋ ਜਾਂਦਾ ਹੈ।"[91] ਨਾਮ ਸਿਮਰਨ ਨਾਲ਼ ਮਨੁੱਖ ਨੂੰ ਇਹ ਸਮਝ ਹੋ ਜਾਂਦੀ ਹੈ ਇਸ ਸੰਸਾਰਕ ਪ੍ਰਬੰਧ ਨੂੰ ਚਲਾਉਣ ਵਾਲ਼ਾ ਉਹ ਪ੍ਰਭੂ ਹੀ ਹੈ। ਉਸ ਨੇ ਹੀ ਸਾਰੀਆਂ ਜਾਤੀਆਂ (ਜੀਵ-ਜੰਤੂਆਂ) ਨੂੰ ਪੈਦਾ ਕੀਤਾ ਹੈ। ਇਸ ਸਮਝ ਨਾਲ਼ ਹੋਰਾਂ ਪ੍ਰਤੀ ਵੈਰ-ਵਿਰੋਧ ਦੀ ਭਾਵਨਾਂ ਦਾ ਨਾਸ਼ ਅਤੇ ਭਰਾਤਰੀ ਭਾਵ ਦੀ ਭਾਵਨਾ ਵਿਕਸਤ ਹੁੰਦੀ ਹੈ। ਅਜਿਹੇ ਮਨੁੱਖ ਦੀ ਸੋਚ ਬਦਲਣ ਨਾਲ਼ ਉਸ ਦੇ ਬਾਹਰੀ ਕਰਮ ਵੀ ਦੂਸਰਿਆਂ ਦੀ ਭਲਾਈ ਵਾਲ਼ੇ ਹੋ ਜਾਂਦੇ ਹਨ। ਉਹ ਆਪਣੀ ਅਹੰਕਾਰ ਦੀ ਭਾਵਨਾ ਨੂੰ ਤਿਆਗ ਕੇ ਆਪਣਾ ਆਪਾ ਦੂਸਰਿਆਂ ਦੀ ਸੇਵਾ ਲਈ ਸਮਰਪਿਤ ਕਰ ਦਿੰਦਾ ਹੈ। ਇਸ ਨਾਲ਼ ਜਿੱਥੇ ਉਹ ਖੁਦ ਇੱਕ ਅੰਦਰੂਨੀ ਅਨੰਦ ਦਾ ਅਨੁਭਵ ਕਰਦਾ ਹੈ ਉਥੇ ਉਹ ਦੂਸਰੇ ਲੋਕਾਂ ਨੂੰ ਵੀ ਆਪਣੀ ਸ਼ਖ਼ਸੀਅਤ ਨਾਲ਼ ਪ੍ਰਭਾਵਿਤ ਕਰਕੇ ਸਚਿਆਰਾ ਮਨੁੱਖ ਬਣਨ ਲਈ ਪ੍ਰੇਰਨਾ ਦਾ ਕਾਰਨ ਬਣਦਾ ਹੈ। ਉਹ ਹੋਰਾਂ ਨੂੰ ਵੀ ਇਸ ਰਾਸਤੇ ਉੱਤੇ ਤੋਰਦਾ ਹੈ।

---

[90] ਖੋਜੀ, ਸਿਮਰਨ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2018, ਪੰਨਾ 13

[91] ਪ੍ਰੋ. ਪੂਰਨ ਸਿੰਘ, ਅਨੁਵਾਦਕ: ਕਿਰਪਾਲ ਸਿੰਘ ਕਸੇਲ, ਸਿੱਖੀ ਦੀ ਆਤਮਾ (ਭਾਗ-3) ਚਿੰਤਨ ਧਾਰਾ, ਪੰਜਾਬੀ ਪਬਲੀਕੇਸ਼ਨਜ਼, ਪਟਿਆਲਾ,1996, ਪੰਨਾ 68

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥[92]

ਸਿਮਰਨ ਨਾਲ਼ ਮਨੁੱਖ ਦੇ ਅੰਦਰਲੀ ਮੈਲ਼ ਖਤਮ ਹੋ ਜਾਂਦੀ ਹੈ। ਉਸ ਦਾ ਆਪਾ ਸ਼ੁੱਧ ਹੋ ਜਾਂਦਾ ਹੈ। ਉਸ ਵਿੱਚ ਸਹਿਜੇ ਹੀ ਪਰਮਾਤਮਾ ਵਾਲ਼ੇ ਗੁਣ ਆ ਜਾਂਦੇ ਹਨ ਕਿਉਂਕਿ ਉਹ ਪ੍ਰਭੂ ਨਾਲ਼ ਇੱਕਮਿਕਤਾ ਸਥਾਪਿਤ ਕਰ ਲੈਂਦਾ ਹੈ। "ਇਹ ਸਿਮਰਨ ਸਰੀਰ ਦੀ, ਮਨ ਦੀ ਤੇ ਆਤਮਾ ਦੀ ਪੂਰਨ ਸਿਹਤਯਾਬੀ ਬਖਸ਼ਦਾ ਹੈ।"[93] ਨਾਮ ਸਿਮਰਨ ਮਨੁੱਖ ਨੂੰ ਸੱਚ ਨਾਲ਼ ਜੋੜਦਾ ਹੈ ਅਤੇ ਉਸ ਦੇ ਜੀਵਨ ਮਕਸਦ ਦੀ ਪ੍ਰਾਪਤੀ ਵਿੱਚ ਸਹਾਈ ਹੁੰਦਾ ਹੈ। ਪ੍ਰੰਤੂ ਨਾਮ ਸਿਮਰਨ ਦੀ ਦਾਤ ਵੀ ਪਰਮਾਤਮਾ ਦੀ ਨਦਰਿ ਨਾਲ਼ ਹੀ ਮਿਲਦੀ ਹੈ। "ਸਾਰਿਆਂ ਦੁਨਿਆਵੀ ਤੇ ਅਧਿਆਤਮਿਕ ਸੁਖਾਂ ਦਾ ਮੂਲ ਸੋਮਾਂ ਪ੍ਰਭੂ ਜੀ ਦਾ ਨਾਮ ਹੈ। ਨਾਮ ਜਪ ਕੇ ਪਰਮਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਪਰ ਇਹ ਨਾਮ ਜਪਣਾ ਸਿਮਰਨ ਦੀ ਕਮਾਈ ਕਰਨੀ ਮਾਨਵ ਦੇ ਆਪਣੇ ਹੱਥ ਨਹੀਂ। ਜੇਕਰ ਪਰਮਾਤਮਾ ਨੇ ਨਾਮ ਸਿਮਰਨ ਭਾਗਾਂ ਵਿੱਚ ਲਿਖਿਆ ਹੋਵੇ ਤਾਂ ਹੀ ਪ੍ਰਾਣੀ ਜਪਦਾ ਹੈ। ਇਸ ਲਈ ਇਹ ਸਭ ਕੁੱਝ ਉਸ ਪ੍ਰਭੂ ਦੇ ਹੱਥ ਹੈ। ਪ੍ਰਾਣੀ ਨੂੰ ਚਾਹੀਦਾ ਹੈ ਕਿ ਸਾਧ-ਸੰਗਤ ਵਿੱਚ ਜਾ ਕੇ ਪਰਮਾਤਮਾ ਦੇ ਦਰ ਤੇ ਅਰਦਾਸ ਕਰੇ ਤਾਂ ਕਿ ਇਹ ਨਾਮ-ਧਨ ਮਿਲ ਜਾਵੇ।"[94] ਆਤਮਾ ਦਾ ਪਰਮਾਤਮਾ ਨਾਲ਼ ਮੇਲ ਗੁਰੂ ਦੀ ਕਿਰਪਾ ਸਦਕਾ ਹੀ ਸੰਭਵ ਹੋ ਸਕਦਾ ਹੈ। ਗੁਰਮਤਿ ਅਨੁਸਾਰ ਨਾਮ ਦੀ ਪ੍ਰਾਪਤੀ ਗੁਰੂ ਦੁਆਰਾ ਹੀ ਹੋ ਸਕਦੀ ਹੈ। ਗੁਰਪ੍ਰਸਾਦਿ ਤੋਂ ਭਾਵ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਭੂ ਪ੍ਰਾਪਤੀ ਸੰਭਵ ਹੋ ਸਕਦੀ ਹੈ। ਗੁਰੂ ਸਾਧਕ ਨੂੰ ਅਜਿਹੀ ਸੋਝੀ ਦਿੰਦਾ ਹੈ ਜਿਸ ਨਾਲ਼ ਪ੍ਰਭੂ ਸਾਧਕ ਦੇ ਹਿਰਦੇ ਵਿੱਚ ਵੱਸ ਜਾਂਦਾ ਹੈ। ਜਿਸ ਵਿਅਕਤੀ ਨੇ ਪਰਮਾਤਮਾ ਨੂੰ ਜਾਣ ਲਿਆ ਹੈ ਗੁਰਬਾਣੀ ਵਿੱਚ ਉਸ ਨੂੰ ਗੁਰੂ ਕਿਹਾ ਜਾਂਦਾ ਹੈ। ਗੁਰੂ ਸ਼ਬਦ ਦੇ ਅਰਥ ਹਨ: ਗੁ-ਹਨੇਰਾ ਅਤੇ ਰੂ-ਦੂਰ ਕਰਨਾ। ਅਰਥਾਤ ਅਗਿਆਨ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲ਼ਾ ਗੁਰੂ ਹੈ। "ਉਹ ਪ੍ਰਭੂ ਹੀ ਗੁਰੂ ਰੂਪ ਹੋ ਕੇ ਆਪਣੇ ਉਦੇਸ਼

---

92 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8

93 ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, (ਰਜਿ.), ਫੋਕਲ ਪੁਆਇੰਟ, ਲੁਧਿਆਣਾ, 2011, ਪੰਨਾ 30

94 ਡਾ. ਗੁਰਮੁਖ ਸਿੰਘ, ਗੁਰਬਾਣੀ ਵਿਚਾਰ, ਪੰਜਾਬੀ ਪਬਲੀਕੇਸ਼ਨ, ਪਟਿਆਲਾ, 2005, ਪੰਨਾ 21

ਨਾਲ਼ ਸਾਡੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਜਿਸ ਇਨਸਾਨ ਅੰਦਰ ਹਉਮੈਂ ਦਾ ਉੱਕਾ ਹੀ ਨਾਸ਼ ਹੋ ਜਾਂਦਾ ਹੈ ਅਤੇ ਉਸ ਦੇ ਹਰਿਮੰਦਰ ਰੂਪੀ ਸਰੀਰ ਵਿੱਚ ਕੇਵਲ ਬ੍ਰਹਮ (ਅਕਾਲ ਪੁਰਖ) ਦਾ ਹੀ ਵਾਸਾ ਹੁੰਦਾ ਹੈ ਤਾਂ ਉਹ ਗੁਰੂ ਰੂਪ ਹੋ ਕੇ ਇਨਸਾਨੀ ਜੀਵਾਂ ਨੂੰ ਅਧਿਆਤਮਿਕ ਮਾਰਗ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ।"[95] "ਗੁਰ ਜਾਂ ਗੁਰੂ ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ ਜੋ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਤੇ ਸਮਝਾਉਣਾ। ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ-ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ।"[96] ਗੁਰੂ ਇੱਕ ਅਜਿਹਾ ਮਾਰਗ ਦਰਸ਼ਕ ਹੈ ਜੋ ਮਨੁੱਖ ਨੂੰ ਉਸ ਦੇ ਮਕਸਦ ਦੀ ਪ੍ਰਾਪਤੀ ਲਈ ਸਹੀ ਰਾਸਤਾ ਦਿਖਾਉਂਦਾ ਹੈ। ਗੁਰੂ ਮਨੁੱਖ ਦੀ ਸੋਚ ਨੂੰ ਤਬਦੀਲ ਕਰਕੇ ਸਹੀ ਪਾਸੇ ਲਗਾਉਂਦਾ ਹੈ, ਜਿਸ ਨਾਲ਼ ਮਨੁੱਖ ਦੀ ਭਟਕਣਾ ਖਤਮ ਹੋ ਜਾਂਦੀ ਹੈ। "ਸਤਗੁਰੂ ਨੂੰ ਅਮ੍ਰਿਤ ਸਰੋਵਰ ਮੰਨ ਕੇ ਸਭ ਤਰ੍ਹਾਂ ਦੀ ਮੈਲ਼ ਸਾਫ਼ ਕਰਨ ਦਾ ਸਾਧਨ ਮੰਨਿਆ ਗਿਆ ਹੈ। ਸਤਗੁਰੂ ਦਾ ਉਪਦੇਸ਼ ਅਜਿਹਾ ਸਰੋਵਰ ਮੰਨਿਆ ਗਿਆ ਹੈ ਜਿੱਥੇ ਵਿਕਾਰ ਰੂਪੀ ਕਊਏ ਹੰਸ ਰੂਪੀ ਸਦਗੁਣਾਂ ਵਿੱਚ ਤਬਦੀਲ ਹੋ ਜਾਂਦੇ ਹਨ। ਗੁਰੂ ਦੀ ਕਿਰਪਾ ਨਾਲ਼ ਹੀ ਵਿਅਕਤੀ ਪਰਮਾਤਮਾ ਦੀ ਦਰਗਾਹ ਵਿੱਚ ਉਜਲਾ ਮੂੰਹ ਲੈ ਕੇ ਜਾ ਸਕਦਾ ਹੈ ਅਤੇ ਸਮੂਹ ਵਿਕਾਰਾਂ ਤੇ ਕਾਬੂ ਪਾ ਸਕਦਾ ਹੈ।"[97] ਗੁਰੂ ਦੀ ਕਿਰਪਾ ਸਦਕਾ ਮਨੁੱਖ ਦੇ ਅੰਦਰੋਂ ਅਹੰਕਾਰ ਖਤਮ ਹੋ ਜਾਂਦਾ ਹੈ, ਉਸ ਅੰਦਰ ਨੈਤਿਕ ਕਦਰਾਂ-ਕੀਮਤਾਂ ਪੈਦਾ ਹੋ ਜਾਂਦੀਆਂ ਹਨ। ਉਹ ਸਦਾਚਾਰਕ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ।

ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨ॥[98]

---

[95] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ,2005, ਪੰਨਾ 53

[96] ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2009, ਪੰਨਾ 950

[97] ਡਾ. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ, ਚਿੰਤਨ ਅਤੇ ਵਿਚਾਰਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 48

[98] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 46

ਗੁਰੂ ਮਨੁੱਖ ਦੇ ਅੰਦਰੋਂ ਪੰਜ ਵਿਕਾਰਾਂ ਦਾ ਖਾਤਮਾ ਕਰਕੇ ਉਸ ਦੀਆਂ ਸਾਰੀਆਂ ਇੱਛਾਵਾਂ ਨੂੰ ਵੀ ਪੂਰੀਆਂ ਕਰਦਾ ਹੈ। ਕਿਉਂਕਿ ਇਹ ਵਿਕਾਰ ਮਨੁੱਖ ਨੂੰ ਉਸ ਦੇ ਮਕਸਦ ਵੱਲ ਵਧਣ ਤੋਂ ਰੋਕਦੇ ਹਨ। ਜਦੋਂ ਮਨੁੱਖ ਅੰਦਰੋਂ ਵਿਕਾਰਾਂ ਦਾ ਖਾਤਮਾ ਹੋ ਜਾਂਦਾ ਹੈ, ਤਾਂ ਉਸ ਅੰਦਰ ਸਦਗੁਣ ਪੈਦਾ ਹੁੰਦੇ ਹਨ। ਇਹ ਸਦਗੁਣ ਮਨੁੱਖ ਨੂੰ ਪ੍ਰਭੂ ਮਿਲਾਪ ਦੇ ਰਾਸਤੇ 'ਤੇ ਤੋਰਦੇ ਹਨ, ਜਿੱਥੇ ਮਨੁੱਖੀ ਆਤਮਾ ਖੁਸ਼ੀ ਅਤੇ ਤਸੱਲੀ ਨੂੰ ਮਹਿਸੂਸ ਕਰਦੀ ਹੋਈ ਸੱਚ ਨੂੰ ਪ੍ਰਾਪਤ ਕਰਦੀ ਹੈ।

ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ॥[99]

ਗੁਰੂ ਇੱਕ ਅਜਿਹੀ ਸ਼ਖ਼ਸੀਅਤ ਹੈ, ਜੋ ਪਰਮਾਤਮਾ ਵਿੱਚ ਅਭੇਦ ਹੁੰਦਾ ਹੈ ਭਾਵ ਗੁਰੂ ਅਤੇ ਪਰਮਾਤਮਾ ਵਿੱਚ ਕੋਈ ਭੇਦ ਨਹੀਂ ਰਹਿ ਜਾਂਦਾ। ਗੁਰੂ ਜੋ ਵੀ ਬਚਨ ਅਥਵਾ ਬਾਣੀ ਉਚਾਰਦਾ ਹੈ ਉਹ ਨਿਰੰਕਾਰ ਦਾ ਹੀ ਫੁਰਮਾਨ ਹੈ ਅਤੇ ਸ਼ਬਦ ਗੁਰੂ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥[100]

ਭਾਵ ਗੁਰੂ ਦੀ ਬਾਣੀ ਹੀ ਸਿੱਖ ਦੀ ਗੁਰੂ ਹੈ ਅਤੇ ਗੁਰੂ, ਬਾਣੀ ਵਿੱਚ ਆਪ ਬਿਰਾਜ਼ਮਾਨ ਹੈ। ਅਰਥਾਤ ਸ਼ਬਦ ਗੁਰੂ ਹੈ ਅਤੇ ਗੁਰੂ ਹੀ ਸ਼ਬਦ ਹੈ ਅਤੇ ਉਸ ਵਿੱਚ ਸਾਰੇ ਅੰਮ੍ਰਿਤ ਰੂਪੀ ਇਲਾਹੀ ਪਦਾਰਥ ਹਨ। "ਗੁਰੂ ਹੀ ਪ੍ਰਭੂ ਨੂੰ ਸਾਕਾਰ ਕਰਦਾ ਹੈ। ਗੁਰੂ ਦੀ ਬਾਣੀ ਦਾ ਤਾਂ ਇੱਕੋ ਹੀ ਮੁੱਖ ਮਹੱਤਵ ਹੈ ਕਿ ਇਹ ਮਨੁੱਖ ਨੂੰ ਪ੍ਰਭੂ ਸਰੂਪ ਵਿੱਚ ਢਾਲਦੀ ਹੈ।"[101]

ਉਪਰੋਕਤ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਇਨਸਾਨ ਨੂੰ ਅਧਿਆਤਮਿਕ ਮਾਰਗ 'ਤੇ ਚੱਲ ਕੇ ਪ੍ਰਭੂ ਵਿੱਚ ਲੀਨ ਹੋਣ ਲਈ ਗੁਰੂ ਦੀ ਅਗਵਾਈ ਅਤੇ ਉਸ ਦਾ ਉਪਦੇਸ਼ ਕਮਾਉਣਾ ਜ਼ਰੂਰੀ ਹੈ।

---

[99] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 108

[100] ਉਹੀ, ਪੰਨਾ 982

[101] ਪ੍ਰੋ. ਪੂਰਨ ਸਿੰਘ, ਅਨੁਵਾਦਕ: ਕਸੇਲ, ਕਿਰਪਾਲ ਸਿੰਘ, ਸਿੱਖੀ ਦੀ ਆਤਮਾ (ਭਾਗ-3), ਚਿੰਤਨ ਧਾਰਾ, ਪੰਜਾਬੀ ਪਬਲੀਕੇਸ਼ਨਜ਼, ਪਟਿਆਲਾ, 1996, ਪੰਨਾ 40

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥

ਸਤਿਗੁਰ ਵਿੱਚ ਆਪ ਰਖਿਓਨੁ ਕਰਿ ਪਰਗਟ ਆਖਿ ਸੁਣਾਇਆ॥

ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥

ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥

ਜਗਜੀਵਨੁ ਦਾਤਾ ਪਾਇਆ॥[102]

ਸਿੱਖ ਧਰਮ ਅਨੁਸਾਰ ਮਨੁੱਖਾ ਜੀਵਨ ਦੇ ਮਕਸਦ ਦੀ ਪ੍ਰਾਪਤੀ ਲਈ ਗੁਰੂ ਦੀ ਬਹੁਤ ਮਹੱਤਤਾ ਹੈ। ਗੁਰੂ ਦੀ ਸ਼ਰਣ ਪਏ ਬਿਨ੍ਹਾਂ ਮਨੁੱਖ ਆਪਣੇ ਅਸਲੀ ਮਕਸਦ ਨੂੰ ਪ੍ਰਾਪਤ ਨਹੀਂ ਕਰ ਸਕਦਾ। "ਜੋਤ ਸਰੂਪ ਮਨ ਨੂੰ ਪਛਾਣਨ, ਆਪਣੇ ਮੂਲ ਨੂੰ ਜਾਣਨ, ਆਪਣੇ ਅੰਦਰ ਪ੍ਰਜਵੱਲਿਤ ਜੋਤ ਨੂੰ ਸਮਝਣ, ਮਾਇਆਵੀ ਪਦਾਰਥਾਂ ਦੀ ਵਾਸਤਵਿਕਤਾ ਦ੍ਰਿੜ ਕਰਵਾਉਣ ਅਤੇ ਸਮੁੱਚੇ ਕੂੜ ਪਸਾਰੇ ਦੀ ਸੋਝੀ ਲਈ ਸੱਚੇ ਗੁਰੂ ਦੀ ਜ਼ਰੂਰਤ ਹੈ ਜਿਸ ਬਿਨ੍ਹਾਂ ਅਧਿਆਤਮਿਕ ਮਾਰਗ ਥਿਆ ਹੀ ਨਹੀਂ ਸਕਦਾ।"[103] ਜਦੋਂ ਇਹੀ ਮਨ ਗੁਰੂ ਦੁਆਰਾ ਸੰਜਮ ਵਿੱਚ ਆ ਜਾਂਦਾ ਹੈ ਤਾਂ ਮਨੁੱਖ ਦੀ ਕਾਇਆ ਕਲਪ ਹੋ ਜਾਂਦੀ ਹੈ। ਮਨਮੁਖ ਗੁਰਮੁਖ ਬਣ ਜਾਂਦਾ ਹੈ। ਮਨ ਦਾ ਇੱਕੋ-ਇੱਕ ਸੰਜਮ ਜਾਂ ਜ਼ਬਤ ਗੁਰੂ ਦਾ ਸ਼ਬਦ ਜਾਂ ਗੁਰੂ ਦੀ ਸਿੱਖਿਆ ਹੈ।

ਗੁਰ ਬਿਨੁ ਕਿਨਿ ਸਮਝਾਈਐ ਮਨ ਰਾਜਾ ਸੁਲਤਾਨ॥[104]

ਮਨੁੱਖੀ ਮਨ ਬਹੁਤ ਚੰਚਲ ਹੈ, ਇਹ ਛੇਤੀ ਕੀਤਿਆਂ ਵੱਸ ਵਿੱਚ ਨਹੀਂ ਆਉਂਦਾ। ਇਸ ਨੂੰ ਗੁਰੂ ਦੁਆਰਾ ਹੀ ਕੰਟਰੋਲ ਵਿੱਚ ਕੀਤਾ ਜਾ ਸਕਦਾ ਹੈ। ਗੁਰੂ ਅਮਰਦਾਸ ਜੀ ਵੀ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਫੁਰਮਾਉਂਦੇ ਹਨ।

ਇਸ ਮਨੁ ਕਉ ਹੋਰੁ ਸੰਯਮੁ ਕੋ ਨਾਹੀ॥
ਵਿਣ ਸਤਿਗੁਰ ਕੀ ਸਰਣਾਇ॥[105]

---

[102] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 466

[103] ਡਾ. ਕੁਲਵੰਤ ਕੌਰ, ਗੁਰਮਤਿ ਨੂਰ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 1999, ਪੰਨਾ 180

[104] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 61

[105] ਉਹੀ, ਪੰਨਾ 558

ਗੁਰੂ ਦੇ ਸ਼ਬਦ ਦੁਆਰਾ ਨਿਯੰਤਰਿਤ ਮਨ ਦੀ ਸੇਧ ਉਥਾਨ-ਮੁਖੀ ਹੁੰਦੀ ਹੈ ਅਤੇ ਇਸ ਦੁਆਰਾ ਗੁਰਮੁਖ ਵਿਅਕਤੀ ਦਾ ਜੀਵਨ ਮਾਰਗ ਨਿਸ਼ਚਿਤ ਹੁੰਦਾ ਹੈ। ਮਨ ਦੀ ਅਜਿਹੀ ਸਾਧਨਾ ਨੂੰ ਗੁਰੂ ਨਾਨਕ ਜੀ ਮਨ ਦੀ ਜਿੱਤ ਦਾ ਨਾਂ ਦਿੰਦੇ ਹਨ।

ਗੁਰਮੁਖਿ ਮਨ ਜੀਤਾ ਹਉਮੈ ਮਾਰ॥
ਗੁਰਮੁਖਿ ਸਾਚ ਰਖਿਆ ਉਰਧਾਰਿ॥[106]

ਗੁਰਮੁਖ ਵਿਅਕਤੀ ਦਾ ਜੀਵਨ-ਮਾਰਗ ਗੁਰੂ ਦੀ ਸਿੱਖਿਆ ਅਧੀਨ ਨਿਰਧਾਰਤ ਹੁੰਦਾ ਹੈ। ਉਪਰੋਕਤ ਵਿਚਾਰ ਚਰਚਾ ਤੋਂ ਗੁਰੂ ਦੀ ਅਹਿਮੀਅਤ ਬਾਰੇ ਪਤਾ ਚਲਦਾ ਹੈ। ਗੁਰੂ ਕੌਣ ਹੈ, ਉਸ ਦੀ ਸਿੱਖਿਆ ਦੇ ਵਿਸ਼ੇਸ਼ ਲੱਛਣ ਕੀ ਹਨ? ਇਨ੍ਹਾਂ ਪ੍ਰਸ਼ਨਾ ਨੂੰ ਵਿਚਾਰਨਾ ਜ਼ਰੂਰੀ ਹੈ। ਸਿੱਖ ਧਰਮ ਅਨੁਸਾਰ ਗੁਰੂ ਪਰਮਾਤਮਾ ਦੀ ਉਹ ਸ਼ਕਤੀ ਅਤੇ ਵਿਸ਼ੇਸ਼ਣ ਹੈ ਜੋ ਮਨੁੱਖੀ ਮਨ ਦੀ ਅਗਿਆਨਤਾ ਨੂੰ ਦੂਰ ਕਰਕੇ ਉਸ ਨੂੰ ਸੱਚਾ ਦੈਵੀ ਗਿਆਨ ਪ੍ਰਦਾਨ ਕਰਦਾ ਹੈ। ਗੁਰੂ ਦੁਆਰਾ ਦਿੱਤੇ ਗਿਆਨ ਨਾਲ਼ ਮਨੁੱਖੀ ਮਨ ਦਾ ਭਰਮ (ਪਰਦਾ) ਦੂਰ ਹੋ ਜਾਂਦਾ ਹੈ। ਗੁਰੂ ਸੰਪੂਰਣਤਾ ਦਾ ਸੂਚਕ ਸ਼ਬਦ ਹੈ। ਗੁਰੂ ਇੱਕ ਅਜਿਹੀ ਵਿਲੱਖਣ ਤੇ ਸੰਪੂਰਨ ਸ਼ਖ਼ਸੀਅਤ ਹੁੰਦੀ ਹੈ ਜਿਸ ਨੂੰ ਯਥਾਰਥ ਦੀ ਪ੍ਰਤੀਤੀ ਹੋ ਚੁੱਕੀ ਹੁੰਦੀ ਹੈ। ਗੁਰੂ ਨੇ ਪਰਮਾਤਮਾ ਨੂੰ ਜਾਣ ਲਿਆ ਹੁੰਦਾ ਹੈ ਅਤੇ ਪੂਰਣਤਾ ਨਾਲ ਇੱਕ-ਮਿੱਕ ਹੋ ਕੇ ਉਹ ਆਮ ਮਨੁੱਖਾਂ ਦੀ ਅਗਵਾਈ ਕਰਨ ਦੇ ਯੋਗ ਹੁੰਦਾ ਹੈ।

ਸਤਿ ਪੁਰਖ ਜਿਨਿ ਜਾਨਿਆ ਸਤਿਗੁਰ ਤਿਸਕਾ ਨਾਉ॥
ਤਿਸਕੇ ਸੰਗਿ ਸਿੱਖ ਉਧਰੈ ਨਾਨਕ ਹਰਿ ਗੁਣ ਗਾਉ॥[107]

ਗੁਰੂ ਦੀ ਪਰਮਾਤਮਾ ਨਾਲ ਇਸ ਅਭੇਦਤਾ ਨੂੰ ਗੁਰੂ ਨਾਨਕ ਦੇਵ ਜੀ ਨੇ ਕਈਂ ਥਾਈਂ ਬਿਆਨ ਕੀਤਾ ਹੈ। ਮਾਰੂ ਰਾਗ ਵਿੱਚ ਗੁਰੂ ਜੀ ਦਾ ਫ਼ੁਰਮਾਨ ਹੈ ਕਿ ਪਰਮਾਤਮਾ ਨੇ ਆਪਣੇ ਰੂਪ ਨੂੰ ਗੁਰੂ ਵਿੱਚ ਸਥਾਪਿਤ ਕੀਤਾ ਹੈ:

---

[106] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 246

[107] ਉਹੀ, ਪੰਨਾ 256

ਗੁਰ ਮਹਿ ਆਪੁ ਰਖਿਆ ਕਰਤਾਰੇ॥[108]

ਬਡੇ ਭਾਗ ਗੁਰੁ ਸੇਵਹਿ ਅਪੁਨਾ॥

ਭੇਦ ਨਾਹੀ ਗੁਰਦੇਵ ਮੁਰਾਰਿ॥[109]

ਗੁਰੂ ਆਪਣੇ ਅੰਤਰ ਆਤਮੇ ਪਰਮਾਤਮਾ ਨਾਲ ਅਭੇਦ ਹੁੰਦਾ ਹੈ ਅਤੇ ਗੁਰੂ ਦੀ ਸਿੱਖਿਆ ਪਰਮਾਤਮਾ ਦੀ ਹੀ ਸਿੱਖਿਆ ਹੁੰਦੀ ਹੈ। "ਗੁਰਮਤਿ ਅਨੁਸਾਰ ਆਤਮ ਸੋਝੀ ਪ੍ਰਦਾਨ ਕਰਨਾ ਹੀ ਗੁਰੂ ਦਾ ਸਿਧਾਂਤ ਹੈ। ਇਹੋ ਗੁਰੂ ਦਾ ਕਰਮ ਅਤੇ ਧਰਮ ਹੈ, ਇਹੋ ਗੁਰੂ ਦਾ ਮੱਤ ਹੈ। ਇਹੋ ਗੁਰੂ ਦੇ ਜੀਵਨ ਦਾ ਉਦੇਸ਼ ਹੈ। ਗੁਰੂ ਦਾ ਸੰਕਲਪ ਉਦੋਂ ਹੀ ਸਮਾਜ ਵਿੱਚ ਪ੍ਰਵਾਨ ਮੰਨਿਆ ਜਾਂਦਾ ਹੈ, ਜਦੋਂ ਸਮਾਜ ਦੇ ਲੋਕ ਗੁਰੂ ਦੇ ਮੱਤ ਨੂੰ ਆਪਣੇ ਵਿਹਾਰਕ ਅਮਲ ਵਿੱਚ ਲੈ ਆਉਂਦੇ ਹਨ। ਗੁਰੂ ਦੀ ਜੋਤ ਦਾ ਪ੍ਰਕਾਸ਼ ਮਨੁੱਖੀ ਮਨ ਅਤੇ ਬੁੱਧੀ ਦੇ ਸਾਰੇ ਭਰਮ ਤੇ ਅੰਧਕਾਰ ਨੂੰ ਮੇਟ ਦਿੰਦਾ ਹੈ। ਇਸ ਕਰਕੇ ਗੁਰੂ ਦੀ ਲੋੜ ਮਨੁੱਖ ਨੂੰ ਸਦਾ ਰਹਿੰਦੀ ਹੈ। ਬਾਹਰ ਦੇ ਅਨੇਕਾਂ ਕਿਸਮ ਦੇ ਪ੍ਰਕਾਸ਼ ਤੋਂ ਵੀ ਵੱਧ ਗੁਰੂ ਦੀ ਜੋਤ ਦਾ ਪ੍ਰਕਾਸ਼, ਗਿਆਨ ਦਾ ਸ੍ਰੋਤ ਹੈ।"[110] ਮਨੁੱਖੀ ਮਾਨਸਿਕਤਾ ਅਗਿਆਨ ਵਸ਼ ਭਟਕਦੀ ਫਿਰਦੀ ਹੈ। ਜਿਸ ਨੂੰ ਕੋਈ ਵੀ ਰਾਸਤਾ ਦਿਖਾਈ ਨਹੀਂ ਦਿੰਦਾ। ਉਸ ਨੂੰ ਸਮਝ ਨਹੀਂ ਆਉਂਦੀ ਕੀ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ? ਗੁਰੂ ਹੀ ਮਨੁੱਖ ਨੂੰ ਸਹੀ ਰਾਹ ਦਿਖਾ ਕੇ ਭਟਕਣ ਵਿੱਚੋਂ ਕੱਢ ਸਕਦਾ ਹੈ।

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰੁ ਅੰਧਾਰ॥[111]

ਗੁਰੂ ਅਜਿਹੇ ਸੰਪੂਰਨਤਾ ਵਾਲ਼ੇ ਗਿਆਨ ਦਾ ਭੰਡਾਰ ਹੈ ਜੋ ਗਿਆਨ ਮਨੁੱਖ ਦੀ ਅਗਵਾਈ ਕਰਕੇ ਉਸ ਨੂੰ ਸੰਪੂਰਣਤਾ ਤੱਕ ਪਹੁੰਚਾ ਸਕਣ ਦੇ ਯੋਗ ਹੁੰਦਾ ਹੈ। ਮਨੁੱਖ ਦਾ ਜੋ ਆਵਾਗਵਣ ਤੋਂ ਛੁਟਕਾਰੇ ਦਾ ਅਤੇ ਸੰਪੂਰਣਤਾ ਦੀ ਪ੍ਰਾਪਤੀ ਦਾ ਆਦਰਸ਼ ਥਾਪਿਆ ਗਿਆ ਹੈ ਉਸ ਮੰਜ਼ਿਲ ਤੇ ਚੱਲਣ ਲਈ ਪਹਿਲਾ ਕਦਮ ਗੁਰੂ

---

[108] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1025

[109] ਉਹੀ, ਪੰਨਾ 504

[110] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2008, ਪੰਨਾ 78

[111] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463

ਦੀ ਸਿੱਖਿਆ ਨਾਲ ਸ਼ੁਰੂ ਹੁੰਦਾ ਹੈ। ਗੁਰੂ ਦੇ ਗਿਆਨ ਵਿੱਚ ਉਹ ਸਮਰੱਥਾ ਹੁੰਦੀ ਹੈ ਜਿਸ ਦੁਆਰਾ ਉਹ ਮਨੁੱਖਾਂ ਨੂੰ ਦੇਵਤਵ ਦੇ ਪਦ ਤੱਕ ਉੱਚਾ ਉਠਾ ਸਕਦਾ ਹੈ। ਗਿਰਾਵਟ ਵਿੱਚ ਜਾ ਰਹੇ ਮਨੁੱਖ ਨੂੰ ਫਿਰ ਤੋਂ ਪੂਰਣਤਾ ਦੀ ਸਿਖਰ ਤੇ ਪਹੁੰਚਾ ਸਕਦਾ ਹੈ। ਜੋ ਪ੍ਰਭੂ ਸਾਡੇ ਸਾਰਿਆਂ ਦੇ ਨੇੜੇ ਵਸਦਾ ਹੈ, ਉਸ ਦੀ ਸਾਨੂੰ ਸੋਝੀ ਨਹੀਂ ਹੁੰਦੀ। ਗੁਰੂ ਸਾਨੂੰ ਉਸ ਪਰਮਾਤਮਾ ਦੇ ਦਰਸ਼ਨ ਕਰਵਾ ਸਕਦਾ ਹੈ। "ਸਿੱਖ ਧਰਮ ਅਨੁਸਾਰ ਵਿਅਕਤੀ ਆਪਣੀ ਸੀਮਤ ਬੁੱਧੀ ਕਾਰਨ 'ਸਤਿ' ਨੂੰ ਨਹੀਂ ਜਾਣ ਸਕਦਾ। ਪਰ ਗੁਰੂ ਉਸਨੂੰ ਸਰੀਰ ਅਤੇ 'ਸਤਿ' ਬਾਰੇ ਗਿਆਨ ਦਾ ਅਨੁਭਵ ਕਰਵਾਉਂਦਾ ਹੈ। ਗੁਰੂ ਦਾ 'ਸ਼ਬਦ' ਵਿਅਕਤੀ ਵਿੱਚ ਇਹ ਵਿਸ਼ਵਾਸ ਦ੍ਰਿੜ ਕਰਦਾ ਹੈ ਕਿ ਇਹ ਸਰੀਰ ਨਾਸ਼ਵਾਨ ਹੈ। ਮਨੁੱਖ ਇਸ ਸਰੀਰ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਦੇ ਚੱਕਰ ਵਿੱਚ ਆਪਣੇ ਆਸ਼ੇ ਤੋਂ ਭਟਕ ਕੇ ਜਨਮ-ਮਰਨ ਦੇ ਬੰਧਨ ਵਿੱਚ ਪਿਆ ਰਹਿੰਦਾ ਹੈ। ਇੱਥੇ ਗੁਰੂ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ ਕਿ ਸਿਰਫ ਇੱਕ ਪਰਮਾਤਮਾ ਹੀ ਸੱਚ ਹੈ। ਉਸ ਦੇ ਭਾਣੇ ਅੰਦਰ ਹੀ ਪਰਮ ਅਨੰਦ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ।"[112]

ਗੁਰੂ ਮਨੁੱਖ ਅੰਦਰ ਪ੍ਰੇਮ ਪੈਦਾ ਕਰਦਾ ਹੈ ਅਤੇ ਉਸ ਨੂੰ ਪ੍ਰਭੂ ਦੇ ਭਾਣੇ ਵਿੱਚ ਰਹਿਣ ਦਾ ਉਪਦੇਸ਼ ਦਿੰਦਾ ਹੈ। ਗੁਰੂ ਆਪ ਭਾਣੇ ਅੰਦਰ ਰਹਿੰਦਾ ਹੈ। ਮਨੁੱਖ ਨੂੰ ਇਸ ਗੱਲ ਦੀ ਸੋਝੀ ਦਿੰਦਾ ਹੈ ਇਹ ਸਾਰਾ ਸੰਸਾਰਕ ਪ੍ਰਬੰਧ (ਜਨਮ-ਮਰਣ, ਦੁੱਖ-ਸੁੱਖ) ਭਾਣੇ ਵਿੱਚ ਹੀ ਹੁੰਦਾ ਹੈ। ਸੋ ਗੁਰੂ ਮਨੁੱਖ ਨੂੰ ਪ੍ਰਭੂ ਦੇ ਭਾਣੇ ਵਿੱਚ ਰਹਿਣਾ ਸਿਖਾਉਂਦਾ ਹੈ। ਗੁਰੂ ਮਨੁੱਖ ਅੰਦਰ ਨਿਸ਼ਕਾਮ ਕਰਮ ਅਤੇ ਸੇਵਾ ਕਰਨ ਦੀ ਸਮਝ ਪੈਦਾ ਕਰਦਾ ਹੈ। ਜਿਸ ਨਾਲ਼ ਮਨੁੱਖ ਵਿੱਚ ਪਿਆਰ, ਨਿਮਰਤਾ, ਭਰਾਤਰੀ-ਭਾਵ, ਸਦ-ਵਿਚਾਰ, ਸਦ-ਆਚਾਰ, ਸਬਰ, ਸੰਤੋਖ, ਗਿਆਨ ਅਤੇ ਨਿਆਂ ਆਦਿ ਸਦਗੁਣ ਆ ਜਾਂਦੇ ਹਨ। ਜਿਸ ਨਾਲ਼ ਮਨੁੱਖ ਪਰਮਾਤਮਾ ਦੀ ਨਦਰਿ ਦਾ ਭਾਗੀ ਬਣਦਾ ਹੈ। ਗੁਰੂ ਸਾਡਾ ਮਾਰਗ ਦਰਸ਼ਕ ਬਣਕੇ ਸਹੀ ਰਾਸਤਾ ਦਿਖਾਉਂਦਾ ਹੈ। ਗੁਰੂ ਮਨੁੱਖ ਦੀ ਸਮੁੱਚੀ ਘਾੜਤ ਅਧਿਆਤਮਿਕ ਗਿਆਨ (ਸ਼ਬਦ) ਰੂਪੀ ਹਥੌੜੇ ਨਾਲ ਘੜਦਾ ਹੈ।

ਸਤਿਗੁਰ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰ॥[113]

---

[112] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਪਟਿਆਲਾ, 2008, ਪੰਨਾ 78

[113] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 144

ਗੁਰਮਤਿ ਅਨੁਸਾਰ ਗੁਰੂ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਅਹਿਮੀਅਤ ਹੈ। ਗੁਰੂ ਮਨੁੱਖ ਦਾ ਸਹੀ ਮਾਰਗ-ਦਰਸ਼ਨ ਕਰਕੇ ਉਸ ਨੂੰ ਪਰਮਸਤਿ ਦੀ ਪ੍ਰਾਪਤੀ ਕਰਵਾਉਂਦਾ ਹੈ ਜੋ ਮਨੁੱਖਾ ਜੀਵਨ ਦਾ ਪਰਮ-ਮਨੋਰਥ ਹੈ। ਗੁਰੂ ਇੱਕ ਮਲਾਹ ਹੈ ਜੋ ਮਨੁੱਖ ਨੂੰ ਭਵਜਲ ਵਿਚੋਂ ਕੱਢਣ ਲਈ ਜੀਵਨ ਸੇਧ ਦਿੰਦਾ ਹੈ। "ਗੁਰੂ ਮਨੁੱਖ ਨੂੰ ਉਸ ਦੇ ਜੀਵਨ ਮਨੋਰਥ ਬਾਰੇ ਸੂਝ, ਉਸਨੂੰ ਪ੍ਰਾਪਤ ਕਰਨ ਦੀ ਵਿਧੀ ਅਤੇ ਫਿਰ ਵਿਵਹਾਰਕ ਰੂਪ ਵਿੱਚ ਉਸਤੇ ਚੱਲਣ ਲਈ ਸਹਾਇਤਾ ਕਰਦਾ ਹੈ। ਇਸੇ ਦੌਰਾਨ ਵਿਅਕਤੀ ਵਿੱਚ ਦੈਵੀ ਅਤੇ ਸਦਾਚਾਰਕ ਗੁਣ ਪੈਦਾ ਹੁੰਦੇ ਹਨ।"[114] ਜੋ ਵਿਅਕਤੀ ਗੁਰੂ ਦੁਆਰਾ ਦਿੱਤੇ ਗਿਆਨ ਨੂੰ ਅਮਲੀ ਰੂਪ ਵਿੱਚ ਆਪਣੇ ਜੀਵਨ ਵਿੱਚ ਢਾਲ਼ਦਾ ਹੈ ਉਸ ਦੇ ਅੰਦਰ ਸਦਗੁਣਾਂ ਦੀ ਆਮਦ ਆਪ ਮੁਹਾਰੇ ਹੀ ਹੋ ਜਾਂਦੀ ਹੈ। ਸਚਿਆਰਾ ਮਨੁੱਖ ਬਣਨ ਦੇ ਲਈ ਗੁਰੂ ਦੁਆਰਾ ਦੱਸੇ ਰਾਸਤੇ ਦਾ ਪਾਂਧੀ ਬਣਕੇ ਮਨੁੱਖ ਗੁਰੂ ਤੋਂ ਹਰ ਸਮੇਂ ਸੇਧ ਵੀ ਹਾਸਿਲ ਕਰਦਾ ਹੈ ਤੇ ਇਸੇ ਲਈ ਗੁਰੂ ਦੁਆਰਾ ਦਿੱਤੇ ਜਾਂਦੇ ਉਪਦੇਸ਼ ਨੂੰ ਸ਼ਰਧਾ ਤੇ ਵਿਸ਼ਵਾਸ ਨਾਲ਼ ਸੁਣਕੇ ਆਪਣੇ ਜੀਵਨ ਵਿੱਚ ਮੰਨਣ ਦਾ ਯਤਨ ਵੀ ਕਰਦਾ ਹੈ। ਗੁਰੂ ਅਤੇ ਪਰਮਾਤਮਾ ਦੀ ਨਦਰਿ ਸਦਕਾ ਪ੍ਰਾਪਤ ਕੀਤੀ ਨੇਕ ਨੀਅਤੀ ਕਾਰਨ ਸਫਲ ਵੀ ਹੁੰਦਾ ਹੈ। ਸ੍ਰਵਣ ਭਗਤੀ ਸਾਧਕ ਨੂੰ ਮਾਨਸਿਕ, ਸਦਾਚਾਰਕ ਅਤੇ ਆਤਮਿਕ ਵਿਕਾਸ ਦੀ ਸਿਖਰ ਤੱਕ ਪਹੁੰਚਾਉਂਦੀ ਹੈ। "ਸ੍ਰਵਣ ਭਗਤੀ ਦੁਆਰਾ ਵਿਕਸਤ ਹੋਈ ਸ਼ਖ਼ਸੀਅਤ ਦਾ ਸਬੂਤ ਇਹ ਹੈ ਕਿ ਉਸ ਦੇ ਹਿਰਦੇ ਵਿੱਚੋਂ ਅਤੇ ਉਸ ਦੀ ਕਰਨੀ ਵਿੱਚੋਂ ਪਾਪਾਂ ਦਾ ਅਭਾਵ ਹੁੰਦਾ ਹੈ। ਇਸ ਕਰਕੇ ਉਸ ਦੇ ਜੀਵਨ ਵਿੱਚੋਂ ਦੁੱਖਾਂ ਦਾ ਨਾਸ਼ ਹੁੰਦਾ ਹੈ।"[115] ਸ੍ਰਵਣ ਭਗਤੀ ਨਾਲ਼ ਸਾਧਕ ਦੀ ਸੰਪੂਰਨ ਸ਼ਖ਼ਸੀਅਤ ਸਤਿ, ਸਬਰ, ਸੰਤੋਖ ਅਤੇ ਗਿਆਨ ਆਦਿ ਦੇ ਗੁਣਾਂ ਨਾਲ਼ ਪ੍ਰਫੁੱਲਤ ਹੋ ਜਾਂਦੀ ਹੈ।

ਸ੍ਰਵਣ ਅਤੇ ਮਨਨ ਦੁਆਰਾ ਸੂਖਮ ਸੁਰਤ ਤੇ ਬੁੱਧ ਦੀ ਜੋਤ ਜਾਗਦੀ ਹੈ। ਮੰਨਣਾ ਆਪਣੇ ਆਪ ਨੂੰ ਚੇਤਨਤਾ ਦੇ ਵਿਸ਼ਾਲ ਸਾਗਰ ਵਿੱਚ ਸੌਂਪ ਦੇਣਾ ਹੈ। ਮਨਨ ਦੁਆਰਾ ਮਨੁੱਖ ਸ਼ਖ਼ਸੀਅਤ ਪੱਖੋਂ ਇਤਨਾ ਬਲਵਾਨ ਹੋ ਜਾਂਦਾ ਹੈ ਕਿ ਉਹ ਆਪਣੇ ਅੰਦਰਲੀ ਜੋਤ ਦਾ ਪ੍ਰਕਾਸ਼ ਹੋਰਾਂ ਨੂੰ ਵੀ ਦਿੰਦਾ ਹੈ। ਆਪ ਵੀ ਮਾਇਆ ਦੇ ਪ੍ਰਭਾਵ ਤੋਂ ਬਚਦਾ ਹੈ ਅਤੇ ਹੋਰਾਂ ਨੂੰ ਵੀ ਬਚਾਉਂਦਾ ਹੈ। ਮਨਨ ਤੋਂ ਭਾਵ ਉਸ ਦੇ ਹੁਕਮ, ਰਜ਼ਾ, ਭਾਣੇ ਨਾਲ਼ ਇਕ-

---

[114] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਪਟਿਆਲਾ,2008, ਪੰਨਾ 76

[115] ਤਾਰਨ ਸਿੰਘ, ਜਪੁ: ਦਰਸ਼ਨ ਦੀਦਾਰ, ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1969, ਪੰਨਾ 90

ਸੁਰ, ਇੱਕ-ਮਿੱਕ ਹੋ ਕੇ ਜੀਣਾ ਹੈ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦਾ ਹੁਕਮ ਜਾਂ ਰਜ਼ਾ ਪ੍ਰਭੂ ਪ੍ਰਾਪਤੀ ਲਈ ਮਹੱਤਵਪੂਰਨ ਸਥਾਨ ਰੱਖਦਾ ਹੈ। ਜਦੋਂ ਮਨੁੱਖ ਆਪਣਾ ਆਪਾ ਪ੍ਰਭੂ ਨੂੰ ਸਮਰਪਿਤ ਕਰਕੇ ਕਰਮ ਕਰਦਾ ਹੈ ਤਾਂ ਉਸ ਅੰਦਰੋਂ ਮੇਰ-ਤੇਰ ਦੀ ਭਾਵਨਾ ਖਤਮ ਹੋ ਜਾਂਦੀ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਇਸ ਸੰਸਾਰ ਦੀ ਸਿਰਜਣਾ ਕਰਨ ਵਾਲ਼ਾ ਅਤੇ ਇਸ ਨੂੰ ਚਲਾਉਣ ਵਾਲ਼ਾ ਇੱਕ ਹੀ ਪਰਮਾਤਮਾ ਹੈ। ਅਸੀਂ ਸਾਰੇ ਜੀਵ ਉਸ ਪ੍ਰਭੂ ਦੁਆਰਾ ਪੈਦਾ ਕੀਤੇ ਹੋਏ ਹਾਂ।

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ॥[116]

ਗੁਰੂ ਸਾਹਿਬ ਨੇ ਇੱਥੇ ਮਨੁੱਖ ਦਾ ਮਾਰਗ ਦਰਸ਼ਨ ਕੀਤਾ ਹੈ ਕਿ ਮਨੁੱਖ ਨੇ ਪ੍ਰਭੂ ਦੀ ਰਜ਼ਾ ਵਿੱਚ ਰਹਿ ਕੇ ਆਪਣਾ ਜੀਵਨ ਬਤੀਤ ਕਰਨਾ ਹੈ। "ਹੁਕਮ ਮੰਨਣਾ ਪਰਮਾਤਮਾ ਦੀ ਅਪਾਰ ਸ਼ਕਤੀ ਅੱਗੇ ਆਪੇ ਨੂੰ ਸਮਰਪਤ ਕਰਨ ਦੀ ਕਿਰਿਆ ਹੈ ਜਿਸ ਨੂੰ ਕਮਾਉਣਾ ਕਠਨ ਹੈ ਕਿਉਂਕਿ ਮਨੁੱਖੀ ਹਉਮੈਂ ਜਾਂ ਅਕਲ ਮਨੁੱਖ ਨੂੰ ਹੁਕਮ ਮੰਨਣ ਤੋਂ ਬਾਗੀ ਕਰੀ ਰੱਖਣ ਲਈ ਉਕਸਾਂਦੀ ਰਹਿੰਦੀ ਹੈ।"[117] ਪਰਮਾਤਮਾ ਦਾ ਅਸਲੀ ਸਰੂਪ ਹੁਕਮੀ ਹੋਣਾ ਹੈ। ਉਹ ਸਾਰੇ ਸੰਸਾਰਕ ਪਸਾਰੇ ਨੂੰ ਆਪਣੇ ਹੁਕਮ ਦੁਆਰਾ ਚਲਾ ਰਿਹਾ ਹੈ। ਮਨੁੱਖ ਅਤੇ ਪ੍ਰਭੂ ਵਿਚਕਾਰ ਹਉਮੈਂ ਦੀ ਦੀਵਾਰ ਹੈ। ਹੁਕਮ ਅਤੇ ਰਜ਼ਾ ਵਿੱਚ ਚੱਲਣ ਨਾਲ਼ ਇਹ 'ਕੂੜ ਦੀ ਪਾਲ' (ਹਉਮੈਂ ਦੀ ਦੀਵਾਰ) ਢਹਿ ਜਾਂਦੀ ਹੈ ਅਤੇ ਪਰਮਾਤਮਾ ਦੀ ਸਦੀਵੀ ਨਿਕਟਤਾ ਮਿਲ ਜਾਂਦੀ ਹੈ। ਪ੍ਰਭੂ ਦੇ ਹੁਕਮ ਵਿੱਚ ਰਹਿਣ ਵਾਲ਼ਾ ਮਨੁੱਖ ਸਦਾ ਸੁਚੇਤ ਰਹਿ ਕੇ ਆਪਣੇ ਕਰਮ ਕਰਦਾ ਹੈ। ਦਲੇਰੀ, ਦਇਆ, ਸਬਰ, ਸੰਤੋਖ, ਨਿਮਰਤਾ, ਮਿਠਾਸ, ਪਿਆਰ, ਭਰਾਤਰੀਭਾਵ ਅਤੇ ਪਰਉਪਕਾਰ ਆਦਿ ਗੁਣਾਂ ਨਾਲ਼ ਉਸ ਦਾ ਆਚਰਣ ਸੱਚ ਦਾ ਧਾਰਨੀ ਹੋ ਜਾਂਦਾ ਹੈ। ਭਾਵੇਂ ਕਿ ਪ੍ਰਭੂ ਦੀ ਸਿਫਤ ਸਲਾਹ, ਨਾਮ ਸਿਮਰਨ, ਸੁਣਨ, ਮੰਨਣ, ਸਦਾਚਾਰਕ ਗੁਣ, ਹੁਕਮ ਅਤੇ ਰਜ਼ਾ ਦਾ ਜੀਵਨ ਜਗਿਆਸੂ ਨੂੰ ਸਚਿਆਰ ਬਣਾਉਣ ਦੇ ਨਿੱਗਰ ਆਧਾਰ ਹਨ। ਪ੍ਰੰਤੂ ਇਹ ਸਭ ਪ੍ਰਭੂ ਦੀ ਨਦਰਿ ਸਦਕਾ ਹੀ ਸੰਭਵ ਹੋ ਸਕਦਾ ਹੈ।

---

[116] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 611

[117] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2011, ਪੰਨਾ 33

ਜਿਨ ਕਉ ਨਦਰਿ ਕਰਮੁ ਤਿਨ ਕਾਰ॥

ਨਾਨਕ ਨਦਰੀ ਨਦਰਿ ਨਿਹਾਲ॥[118]

ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਸਾਨੂੰ ਸਾਰਿਆਂ ਨੂੰ ਇਕ ਪ੍ਰਭੂ ਪਰਮਾਤਮਾ ਨੇ ਹੀ ਪੈਦਾ ਕੀਤਾ ਹੈ ਤਾਂ ਅਸੀਂ ਸਾਰੇ ਉਸ ਦੀ ਹੀ ਸੰਤਾਨ ਹਾਂ, ਸਾਡੇ ਵਿੱਚ ਕੋਈ ਫਰਕ ਨਹੀਂ ਹੈ। ਇਸ ਸਮਝ ਦੇ ਆ ਜਾਣ ਨਾਲ਼ ਸਮਾਜ ਵਿੱਚ ਭਰਾਤਰੀਭਾਵ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਮਨੁੱਖ ਅੰਦਰੋਂ ਆਪਣੀ ਜਾਤੀ ਅਤੇ ਰੁਤਬੇ ਦਾ ਗੁਮਾਨ ਖਤਮ ਹੋ ਜਾਂਦਾ ਹੈ। ਇਹ ਸਭ ਕੁੱਝ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਮਨੁੱਖ ਪ੍ਰਭੂ ਦੀ ਰਜ਼ਾ ਮੁਤਾਬਿਕ ਅਪਣਾ ਜੀਵਨ ਬਤੀਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਇਹ ਇਕਾਗਰ ਸ਼ਖ਼ਸੀਅਤ ਹੁਕਮ ਤੇ ਰਜ਼ਾ ਵਿੱਚ ਰਹਿ ਕੇ ਹੀ ਉਸਾਰੀ ਜਾ ਸਕਦੀ ਹੈ। ਹੁਕਮ ਅਤੇ ਰਜ਼ਾ ਵਿੱਚ ਵਿਚਰਣ ਨਾਲ ਮਨੁੱਖ ਵਿੱਚ ਏਕਤਾ ਵਿੱਚੋਂ ਅਨੇਕਤਾ ਅਤੇ ਅਨੇਕਤਾ ਵਿਚੋਂ ਏਕਤਾ ਦੇ ਦਰਸ਼ਨ ਕਰਨ ਦੀ ਸਮਰੱਥਾ ਵੀ ਆ ਜਾਂਦੀ ਹੈ। ਮਨੁੱਖ ਆਪਣੇ ਅੰਦਰਲਾ ਅਹੰਕਾਰ ਤਿਆਗ ਕੇ ਪ੍ਰਭੂ ਦੀ ਰਜ਼ਾ ਵਿੱਚ ਚਲਦਾ ਹੈ ਕਿਉਂਕਿ ਹੁਕਮ ਅਤੇ ਹਉਮੈਂ ਦਾ ਆਪਸ ਵਿੱਚ ਵਿਰੋਧ ਹੈ। ਦੋਵੇਂ ਇੱਕ ਥਾਂ ਇਕੱਠੇ ਨਹੀਂ ਰਹਿ ਸਕਦੇ। ਭਾਵ ਜਿੱਥੇ ਹਉਮੈਂ ਜਾਂ ਅਹੰਕਾਰ ਹੈ ਉਥੇ ਮਨੁੱਖ ਪ੍ਰਭੂ ਦੀ ਰਜ਼ਾ ਵਿੱਚ ਨਹੀਂ ਰਹਿੰਦਾ। ਜਿਹੜਾ ਮਨੁੱਖ ਪ੍ਰਭੂ ਦੇ ਹੁਕਮ ਵਿੱਚ ਚਲਦਾ ਹੈ, ਉਸ ਅੰਦਰੋਂ ਅਹੰਕਾਰ ਖੁਦ ਹੀ ਖਤਮ ਹੋ ਜਾਂਦਾ ਹੈ।

ਹਉਮੈ ਨਾਵੈ ਨਾਲਿ ਵਿਰੋਧ ਹੈ ਦੁਇ ਨ ਵਸਹਿ ਇਕ ਠਾਇ॥[119]

ਰਜ਼ਾ ਪ੍ਰਭੂ ਨਾਲ਼ ਇਕਸੁਰਤਾ ਦਾ ਕੇਂਦਰ ਬਿੰਦੂ ਹੈ। ਰਜ਼ਾ ਉਹ ਜੀਵਨ ਹੈ ਜਿਸ ਵਿੱਚ ਕਾਰ-ਵਿਹਾਰ ਪ੍ਰਭੂ ਦੇ ਭਾਣੇ ਅੰਦਰ ਚਲਦਾ ਹੈ। ਰਜ਼ਾ ਵਿੱਚ ਚੱਲਦੇ ਸਾਧਕ ਦੀ ਅਤਮਾ ਇੱਕ ਪਾਸੇ ਪਰਮਾਤਮਾ ਨਾਲ ਇੱਕਮਿੱਕ ਹੁੰਦੀ ਹੈ ਦੂਜੇ ਪਾਸੇ ਕੁਦਰਤੀ ਤੌਰ ਤੇ ਸਹਿਜ ਹੀ ਪਰਮਾਤਮਾ ਦੇ ਗੁਣ ਸਾਧਕ ਵਿੱਚ ਆਉਣੇ ਸ਼ੁਰੂ ਹੋ ਜਾਂਦੇ ਹਨ। ਪ੍ਰਭੂ ਦੀ ਰਜ਼ਾ ਵਿੱਚ ਰਹਿਣ ਵਾਲ਼ੇ ਮਨੁੱਖ ਦੇ ਅੰਦਰੋਂ ਸਾਰੇ ਤਰ੍ਹਾਂ ਦੇ ਵਹਿਮ-ਭਰਮ, ਸ਼ੰਕਾਵਾਂ ਸਹਿਜੇ ਹੀ ਖਤਮ ਹੋ ਜਾਂਦੀਆਂ ਹਨ। "ਰਜ਼ਾ ਤੋਂ ਭਾਵ ਹੈ ਵਾਹਿਗੁਰੂ ਦੀ ਪ੍ਰਸੰਨਤਾ ਭਾਵ ਜੋ ਉਸ ਦੀ ਮਰਜ਼ੀ

118 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8

119 ਉਹੀ, ਪੰਨਾ 560

ਹੈ। ਉਸ ਨਾਲ ਹੀ ਸਾਰਾ ਕੁੱਝ ਹੁੰਦਾ ਹੈ ਅਥਵਾ ਸਾਰੇ ਸੰਸਾਰ ਦਾ ਜੋ ਕਾਰਜ ਹੈ, ਉਹ ਉਸ ਦੀ ਰਜ਼ਾ ਵਿੱਚ ਹੀ ਹੈ। ਪੂਰਨ ਰਜ਼ਾ ਦੀ ਸਮਝ ਗੁਰਮੁਖ ਨੂੰ ਹੀ ਪੈਂਦੀ ਹੈ।"[120] ਉਹ ਆਪਣੇ ਸਾਰੇ ਕਰਮ ਪ੍ਰਭੂ ਨੂੰ ਹਾਜ਼ਰ-ਨਾਜ਼ਰ ਮੰਨ ਕੇ, ਸੁਚੇਤ ਰਹਿ ਕੇ ਕਰਦਾ ਹੈ। ਜਿਸ ਨਾਲ਼ ਉਸ ਦੇ ਕਰਮ ਲੋਕ ਹਿੱਤ ਨੂੰ ਪਹਿਲ ਦੇਣ ਵਾਲ਼ੇ ਹੁੰਦੇ ਹਨ। ਰਜ਼ਾ ਵਿੱਚ ਚੱਲਣ ਵਾਲ਼ੇ ਮਨੁੱਖ ਨੂੰ ਇੱਕ ਅਲੌਕਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਭ ਮਿਲਣੈ ਕੀ ਏਹ ਨਿਸਾਣੀ, ਮਨ ਇਕੋ ਸਚਾ ਹੁਕਮ ਪਛਾਣੀ॥
ਸਹਿਜ ਸੰਤੋਖ ਸਦਾ ਤ੍ਰਿਪਤਾਸੇ, ਅਨਦ ਖਸਮ ਕੈ ਭਾਣੈ ਜੀਉ॥[121]

ਪ੍ਰਭੂ ਦੀ ਰਜ਼ਾ ਵਿੱਚ ਰਹਿਣ ਵਾਲ਼ਾ ਮਨੁੱਖ ਸਹਿਜ ਦੀ ਅਵਸਥਾ ਵਿੱਚ ਆ ਜਾਂਦਾ ਹੈ ਤਾਂ ਉਸ ਨੂੰ ਪਰਮਾਤਮਾ ਦੇ ਭਾਣੇ ਵਿੱਚ ਅਨੰਦ ਆਉਣਾ ਸ਼ੁਰੂ ਹੋ ਜਾਂਦਾ ਹੈ, ਕਿਉਂਕਿ ਉਸ ਦੀਆਂ ਸਾਰੀਆਂ ਲਾਲਸਾਵਾਂ ਖਤਮ ਹੋ ਜਾਂਦੀਆਂ ਹਨ। "ਏਸ 'ਰਵਾਨਗੀ' ਜਾਂ 'ਹੁਕਮ' ਵਿੱਚ ਜੀਵ ਨੂੰ ਸਿਆਣਪਾਂ, ਉਕਤੀਆਂ, ਜੁਗਤੀਆਂ, ਏਹੜ-ਤੇਹੜ, ਸੰਕਲਪ-ਵਿਕਲਪ, ਆਸਾ-ਮਨਸਾ, ਸਕੀਮਾਂ, ਫਿਕਰ-ਚਿੰਤਾ ਕਰਨ ਦੀ ਲੋੜ ਨਹੀਂ ਪੈਂਦੀ, ਕਿਉਂਕਿ ਰੱਬੀ 'ਹੁਕਮ' ਦੀ 'ਜੀਵਨ-ਰੌਂ' ਆਪ ਹੀ ਸਾਡੇ ਜੀਵਨ ਦੇ ਜਹਾਜ਼, ਬੋਹਿਥ (glider) ਨੂੰ ਆਪਣੀ 'ਸਹਿਜ-ਚਾਲ' ਜਾਂ 'ਭਾਣੇ' ਵਿੱਚ ਅਣਜਾਣੇ, ਅਭੋਲ, ਸਹਿਜ-ਸੁਭਾਇ ਹੀ ਚਲਾ ਰਹੀ ਹੈ।"[122] ਇੱਥੇ ਇਹ ਗੱਲ ਵੀ ਸਪੱਸ਼ਟ ਹੋ ਜਾਦੀ ਹੈ ਕਿ ਜਿਤਨਾ ਚਿਰ ਮਨੁੱਖੀ ਮਨ ਉੱਪਰ ਹਉਮੈਂ ਦਾ ਪਰਦਾ ਹੈ, ਉਸ ਸਮੇਂ ਤੱਕ ਉਹ ਪ੍ਰਭੂ ਪ੍ਰਾਪਤੀ ਦੇ ਮਾਰਗ ਤੇ ਨਹੀਂ ਚੱਲ ਸਕਦਾ। ਮਨੁੱਖ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਇਸ ਸੰਸਾਰ ਦਾ ਪ੍ਰਬੰਧ ਉਸ ਦੀ ਸੋਚ ਅਨੁਸਾਰ ਚੱਲ ਰਿਹਾ ਹੈ। ਇਹ ਮਨੁੱਖੀ ਅਹੰਕਾਰ ਦੀ ਪੱਧਰ ਹੈ, ਜਿੱਥੇ ਉਹ ਇਕ ਝੂਠੇ ਭਰਮ ਵਿੱਚ ਆਪਣੀ ਜ਼ਿੰਦਗੀ ਜਿਉਂਦਾ ਹੈ। ਜਦੋਂ ਮਨੁੱਖ ਪ੍ਰਭੂ ਦੇ ਹੁਕਮ ਅਨੁਸਾਰ ਆਪਣੀ ਜ਼ਿੰਦਗੀ ਜਿਉਂਦਾ ਹੈ ਤਾਂ ਉਸ ਨੂੰ ਆਪਣੀ ਬੁੱਧੀ ਦੀ ਸੀਮਤਤਾ ਦਾ ਅਹਿਸਾਸ ਹੁੰਦਾ ਹੈ। "ਸਾਨੂੰ ਆਪਣੀ ਨਿੱਕੀ ਜਿਹੀ ਸੀਮਤ ਬੁੱਧੀ ਦੀਆਂ ਸਿਆਣਪਾਂ, ਸਕੀਮਾਂ ਘੋਟਣੀਆਂ ਨਹੀਂ ਪੈਂਦੀਆਂ, ਕਿਉਂਕਿ ਸਾਡਾ ਮਨ, ਚਿੱਤ ਅਤੇ ਬੁੱਧੀ ਅਕਾਲ-

---

[120] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 122

[121] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 106

[122] ਖੋਜੀ, ਹੁਕਮੁ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017, ਪੰਨਾ 25

ਪੁਰਖ ਦੀ ਅਨੰਤ ਅਤੇ ਅਭੁੱਲ ਸਿਆਣਪ ਅਥਵਾ 'ਨਾਲ ਲਿਖੇ' ਹੁਕਮ ਦੇ ਅਧੀਨ ਹੋ ਕੇ, 'ਸੁਰ' ਵਿੱਚ, 'ਭਾਣੇ' ਵਿੱਚ ਕੰਮ ਕਰਦੇ ਹਨ।"[123] ਮਨੁੱਖ ਨੇ ਆਪਣੇ ਅੰਦਰੋਂ ਜਾਤੀ, ਧਨ, ਸੁੰਦਰਤਾ, ਰੁਤਬੇ ਜਾਂ ਕਿਸੇ ਵੀ ਤਰ੍ਹਾਂ ਦੀ ਹਉਮੈਂ ਨੂੰ ਖਤਮ ਕਰਕੇ ਪ੍ਰਭੂ ਦੀ ਰਜ਼ਾ ਅਨੁਸਾਰ ਜੀਵਨ ਜਿਉਣਾ ਹੈ। ਉਸ ਨੂੰ ਪ੍ਰਭੂ ਦੀ ਰਜ਼ਾ ਜਾਂ ਹੁਕਮ ਵਿੱਚ ਲੀਨ ਹੋ ਕੇ ਇਹ ਅਨੁਭਵ ਨਹੀਂ ਹੁੰਦਾ ਕਿ ਇਥੇ ਉਸ ਦਾ ਕੁੱਝ ਹੈ, ਬਲਕਿ ਉਸ ਨੂੰ ਸਾਰਾ ਕੁੱਝ ਪ੍ਰਭੂ ਦਾ ਹੀ ਲਗਦਾ ਹੈ।

ਰਹੈ ਅਤੀਤੁ ਜਾਣੈ ਸਭ ਤਿਸੁ ਕਾ॥

ਤਨੁ ਮਨੁ ਅਰਪੈ ਹੈ ਇਹੁ ਜਿਸ ਕਾ॥[124]

ਅਜਿਹੀ ਸ਼ਖ਼ਸੀਅਤ ਵਾਲ਼ਾ ਵਿਅਕਤੀ ਸਚਿਆਰਾ ਮਨੁੱਖ ਬਣਦਾ ਹੈ। ਉਸ ਅੰਦਰ ਉਹ ਸਾਰੇ ਗੁਣ ਆ ਜਾਂਦੇ ਹਨ ਜਿਨ੍ਹਾਂ ਦੇ ਕਾਰਨ ਉਸ ਦਾ ਜੀਵਨ ਸੰਸਾਰਕ ਪੱਧਰ 'ਤੇ ਇਮਾਨਦਾਰ ਅਤੇ ਆਤਮਿਕ ਪੱਧਰ 'ਤੇ ਪਰਮਾਤਮਾ ਦੀ ਨਦਰਿ ਸਦਕਾ ਉੱਚਾ ਤੇ ਸੁੱਚਾ ਹੁੰਦਾ ਹੈ। ਅਧਿਆਤਮਿਕਤਾ ਦੀਆਂ ਸਿਖਰਾਂ ਤੱਕ ਪਹੁੰਚ ਕੇ ਉਹ ਮਾਨਵਤਾ ਲਈ ਇੱਕ ਚਾਨਣ-ਮੁਨਾਰੇ ਵਜੋਂ ਸਮਾਜ ਦੇ ਲਈ ਰਾਹ ਦਸੇਰਾ ਵੀ ਬਣਦਾ ਹੈ। "ਗੁਰੂ ਸਾਹਿਬਾਨ ਨੇ ਅਧਿਆਤਮਿਕ ਰਾਸਤੇ 'ਤੇ ਤੁਰਨ ਦੇ ਨਾਲ਼ ਮਨੁੱਖ ਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ ਹੈ। ਇਸ ਤਰ੍ਹਾਂ ਦੇ ਮਨੁੱਖ ਦਾ ਮੁੱਖ ਮਕਸਦ ਕਿਰਤ ਕਰਕੇ ਮੁਨਾਫਾ ਕਮਾਉਣਾ ਜਾਂ ਵੱਧ ਤੋਂ ਵੱਧ ਧਨ ਜੋੜਨਾ ਨਹੀਂ ਹੁੰਦਾ ਸਗੋਂ ਉਸ ਦਾ ਮਕਸਦ ਇਹ ਹੁੰਦਾ ਹੈ ਕਿ ਉਹ ਦੂਜਿਆਂ ਉੱਪਰ ਬੋਝ ਨਾ ਬਣ ਸਕੇ ਤੇ ਲੋੜਵੰਦਾਂ ਦੀ ਸਹਾਇਤਾ ਕਰ ਸਕੇ। ਉਹ ਆਪਣੇ ਜੀਵਨ ਦਾ ਅਨੰਦ ਮਾਣਦਾ ਹੋਇਆ ਆਪਣੀ ਆਤਮਾ ਦੇ ਵਿਕਾਸ ਲਈ ਵੀ ਯਤਨ ਕਰਦਾ ਹੈ। ਕਿਰਤ ਕਰਨ ਨਾਲ਼ ਮਨੁੱਖ ਦਾ ਸਵੈ-ਮਾਨ ਤੇ ਸਤਿਕਾਰ ਵਧਦਾ ਹੈ। ਕਿਰਤੀ ਮਨੁੱਖ ਦੀ ਸਾਰੇ ਸਮਾਜ 'ਚ ਇੱਜ਼ਤ ਤੇ ਮਾਨ ਸਨਮਾਨ ਹੁੰਦਾ ਹੈ।"[125] ਗੁਰੂ ਸਾਹਿਬਾਨ ਨੇ ਘਰ-ਬਾਰ ਛੱਡ ਕੇ ਜੰਗਲ਼ਾਂ ਵਿੱਚ ਤਪ ਕਰਨ ਅਤੇ ਸੰਨਿਆਸ ਧਾਰਨ ਨੂੰ ਪਖੰਡ ਦੱਸਦੇ ਹੋਏ ਗ੍ਰਹਿਸਥ ਜੀਵਨ ਜਿਉਣ ਅਤੇ

---

123 ਖੋਜੀ, ਹੁਕਮੁ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017, ਪੰਨਾ 25

124 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 432

125 ਕਿਰਪਾਲ ਸਿੰਘ ਬਡੂੰਗਰ, ਗੁਰਮਤਿ ਵਿਚਾਰ ਤੇ ਸਿੱਖੀ ਜੀਵਨ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2006, ਪੰਨਾ 120

ਹੱਕ-ਸੱਚ ਦੀ ਕਮਾਈ ਨੂੰ ਉੱਤਮ ਕਿਹਾ ਹੈ। ਮਨੁੱਖ ਨੂੰ ਆਪਣਾ ਜੀਵਨ ਬਸਰ ਕਰਨ ਲਈ ਸੱਚੇ ਪ੍ਰਭੂ ਦਾ ਨਾਮ ਸਿਮਰਨ ਕਰਨ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਲਈ ਪ੍ਰੇਰਿਆ ਹੈ। ਬਿਨ੍ਹਾਂ ਕੋਈ ਕੰਮ ਕੀਤੇ ਦੂਜਿਆਂ ਦੇ ਸਿਰ ਤੇ ਜੀਵਨ ਬਸਰ ਕਰਨ, ਮੰਗ ਕੇ ਖਾਣ ਦਾ ਜ਼ੋਰਦਾਰ ਸ਼ਬਦਾਂ ਵਿੱਚ ਵਿਰੋਧ ਕੀਤਾ ਹੈ।

ਗੁਰਮਤਿ ਅਨੁਸਾਰ ਇੱਕ ਉੱਦਮੀ ਵਿਅਕਤੀ ਹੀ ਆਪਣੇ ਅਸਲ ਮਕਸਦ ਨੂੰ ਪ੍ਰਾਪਤ ਕਰ ਸਕਦਾ ਹੈ ਅਤੇ ਸਮਾਜ ਨੂੰ ਸੋਹਣਾ, ਸੁਚੱਜਾ, ਵਿਕਾਰਾਂ ਤੋਂ ਰਹਿਤ, ਮਨੁੱਖਤਾ ਦੇ ਰਹਿਣ ਯੋਗ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾ ਸਕਦਾ ਹੈ। ਇਸ ਲਈ ਸਿੱਖ ਧਰਮ ਵਿੱਚ ਸ਼ਰਧਾ ਭਾਵਨਾ ਅਤੇ ਵਿਸ਼ਵਾਸ ਨਾਲ਼ ਉਸ ਪਰਮਾਤਮਾ ਨੂੰ ਯਾਦ ਕਰਦੇ ਹੋਏ ਕੀਤੀ ਦਸਾਂ ਨਹੁੰਆਂ ਦੀ ਕਿਰਤ ਹੀ ਅਸਲੀ ਕਿਰਤ ਹੈ। ਜਿਸ ਬਾਰੇ ਭਗਤ ਕਬੀਰ ਜੀ ਨੇ ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਦੇ ਇੱਕ ਸੰਵਾਦ ਨੂੰ ਪੇਸ਼ ਕੀਤਾ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥[126]

ਹਾਥ ਪਾਉ ਕਰਿ ਕਾਮੁ ਸਭ ਚੀਤੁ ਨਿਰੰਜਨ ਨਾਲ॥[127]

ਸਿੱਖ ਧਰਮ ਵਿੱਚ ਕਰਮਸ਼ੀਲਤਾ ਤੇ ਜ਼ੋਰ ਦਿੰਦੇ ਹੋਏ ਸੱਚੀ-ਸੁੱਚੀ ਅਤੇ ਹੱਕੀ ਕਮਾਈ ਕਰਨ ਲਈ ਪ੍ਰੇਰਿਆ ਗਿਆ ਹੈ। "ਕਿਰਤ ਨੂੰ ਮਹੱਤਵ ਦੇਣ ਤੇ ਕਿਰਤ ਨੂੰ ਸੱਚੀ ਸੁੱਚੀ ਭਗਤੀ ਜਾਂ ਕਰਮ ਮੰਨਣ ਕਾਰਨ ਵਰਣ-ਵੰਡ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਆਇਆ।"[128] ਗੁਰੂ ਨਾਨਕ ਦੇਵ ਜੀ ਨੇ ਆਪ ਕਰਤਾਰਪੁਰ ਖੇਤੀ ਕੀਤੀ ਅਤੇ ਸੰਗਤ ਨੂੰ ਵੀ ਆਪ ਆਪਣੇ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿੱਤਾ।

ਉੱਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥[129]

ਗੁਰਮਤਿ ਅਨੁਸਾਰ ਕਿਰਤ ਕਰਨ ਨਾਲ਼ ਮਨੁੱਖ ਅੰਦਰੋਂ ਅਹੰਕਾਰ ਖਤਮ ਹੋ ਜਾਂਦਾ ਹੈ। ਉਸ ਦੀ ਮਿਹਨਤ ਨੂੰ ਫਲ਼ ਮਿਲਦਾ ਹੈ। ਮਿਹਨਤ ਮੁਸ਼ੱਕਤ ਕਰਨ ਵਾਲ਼ੇ ਮਨੁੱਖ ਦਾ ਸਰੀਰ ਤੰਦਰੁਸਤ ਅਤੇ ਨਿਰੋਗ ਰਹਿੰਦਾ ਹੈ। ਉਹ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਕਿਰਤੀ ਮਨੁੱਖ ਵਿੱਚ ਸਬਰ, ਸੰਤੋਖ, ਧੀਰਜ ਅਤੇ

---

[126] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1375

[127] ਉਹੀ, ਪੰਨਾ 1376

[128] ਡਾ. ਗੁਰਮੁਖ ਸਿੰਘ, ਗੁਰਬਾਣੀ ਵਿਚਾਰ, ਪੰਜਾਬੀ ਪਬਲੀਕੇਸ਼ਨਜ਼, ਜੱਟਾਂ ਵਾਲਾ ਚੌਂਤਰਾ, ਪਟਿਆਲਾ, 2005, ਪੰਨਾ 132

[129] ਸ੍ਰੀ  ਗੁਰੂ ਗ੍ਰੰਥ ਸਾਹਿਬ, ਪੰਨਾ 522

ਸਹਿਣਸ਼ੀਲਤਾ ਵਰਗੇ ਗੁਣ ਕੁਦਰਤੀ ਤੌਰ ਤੇ ਆ ਜਾਂਦੇ ਹਨ। ਗੁਰਮਤਿ ਮਨੁੱਖ ਨੂੰ ਹੱਕ-ਸੱਚ ਦੀ ਕਮਾਈ ਕਰਨ ਅਤੇ ਉਸ ਵਿੱਚ ਹੀ ਸਬਰ-ਸੰਤੋਖ ਰੱਖਣ ਲਈ ਪ੍ਰੇਰਦੀ ਹੈ। ਦੂਜਿਆਂ ਦੇ ਹੱਕ ਖਾਣ ਨੂੰ ਹਿੰਦੂ ਲਈ ਗਾਂ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਬਰਾਬਰ ਪਾਪ ਮੰਨਿਆ ਗਿਆ ਹੈ। ਸਿੱਖ ਧਰਮ ਵਿੱਚ ਹੱਥੀਂ ਕਿਰਤ ਕਰਨ ਨੂੰ ਆਪਣਾ ਅਤੇ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਕਰਨ ਲਈ ਪ੍ਰੇਰਿਆ ਗਿਆ ਹੈ। ਮਿਹਨਤ ਦੀ ਕਮਾਈ ਅਤੇ ਦਸਾਂ ਨਹੁੰਆਂ ਦੀ ਕਿਰਤ ਸਿੱਖ ਮਰਿਆਦਾ ਦਾ ਜ਼ਰੂਰੀ ਅੰਗ ਹੈ। "ਗੁਰਬਾਣੀ ਵਿੱਚ ਨੇਕ ਅਤੇ ਸੁੱਚੀ ਕਿਰਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਕੀਤੀ ਗਈ ਕਿਰਤ ਵਿੱਚੋਂ ਹੋਣ ਵਾਲ਼ੀ ਕਮਾਈ ਨੂੰ ਵੀ ਦੂਜਿਆਂ ਵਿੱਚ ਵੰਡ ਕੇ ਛਕਣ ਦਾ ਉਪਦੇਸ਼ ਹੈ।"[130]

ਇਸ ਦੇ ਨਾਲ਼ ਹੀ ਸਿੱਖ ਧਰਮ ਦਸਾਂ ਨਹੁੰਆਂ ਦੀ ਕਮਾਈ ਨੂੰ ਵੰਡ ਕੇ ਛਕਣ ਦਾ ਉਪਦੇਸ਼ ਦਿੰਦਾ ਹੈ। ਵੰਡ ਛਕਣ ਦੇ ਸੰਕਲਪ ਅਨੁਸਾਰ ਆਪਣੀ ਕਿਰਤ ਕਮਾਈ ਵਿੱਚੋਂ ਗਰੀਬਾਂ, ਭੁੱਖਿਆਂ ਅਤੇ ਲੋੜਵੰਦ ਵਿਅਕਤੀਆਂ ਦੀ ਸਹਾਇਤਾ ਕੀਤੀ ਜਾਦੀ ਹੈ। "ਵੰਡ ਛਕਣ ਦਾ ਗੁਰਮਤਿ ਵਿੱਚ ਭਾਵ ਆਰਥਿਕ ਤੌਰ ਤੇ ਕਮਜ਼ੋਰ ਲੋਕਾਂ ਦਾ ਉਥਾਨ ਕਰਨਾ ਹੈ। ਉਨ੍ਹਾਂ ਵਿੱਚ ਸਮਾਜਿਕ ਬਰਾਬਰੀ ਲਿਆਉਣਾ ਹੈ ਜਾਂ ਕਿਸੇ ਕੁਦਰਤੀ ਕਰੋਪੀ ਵੇਲ਼ੇ ਲੋਕਾਂ ਨੂੰ ਸਹਾਰਾ ਦੇਣਾ ਹੈ। ਇਹ ਸਾਰਾ ਕੁੱਝ ਬਿਨ੍ਹਾਂ ਕਿਸੇ ਭੇਦ-ਭਾਵ ਤੇ ਵਿਤਕਰੇ ਤੋਂ ਕੀਤਾ ਜਾਂਦਾ ਹੈ। ਇਸ ਵੰਡ ਛਕਣ ਦੀ ਭਾਵਨਾ ਪਿੱਛੇ ਕੋਈ ਨਿੱਜੀ ਸੁਆਰਥ ਨਹੀਂ ਜਾਂ ਮਰਨ ਉਪਰੰਤ ਹੋਣ ਵਾਲ਼ੇ ਫਾਇਦੇ ਦਾ ਲਾਲਚ ਨਹੀਂ।"[131] ਗੁਰਮਤਿ ਅਨੁਸਾਰ ਅਜਿਹੇ ਵਿਅਕਤੀ ਹੀ ਵਾਸਤਵਿਕ ਮਾਰਗ ਦੀ ਪਛਾਣ ਕਰਕੇ ਪ੍ਰਭੂ ਦੇ ਦਰ ਤੇ ਪ੍ਰਤਿਸ਼ਠਾ ਪ੍ਰਾਪਤ ਕਰਦੇ ਹਨ ਜੋ ਆਪਣੀ ਮਿਹਨਤ ਦੀ ਕਮਾਈ ਵਿਚੋਂ ਵੰਡ ਕੇ ਖਾਂਦੇ ਹਨ।

ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕ ਰਾਹੁ ਪਛਾਣਹਿ ਸੇਇ॥[132]

---

[130] ਡਾ. ਸਰੂਪ ਸਿੰਘ ਅਲੱਗ, ਅਲੱਗ,ਗੁਰਬਾਣੀ ਸੰਕਲਪ,ਅਲੱਗ ਸ਼ਬਦ ਯੱਗ,ਇੰਟਰਨੈਸ਼ਨਲ ਚੈਰੀਟੇਬਲ, ਫੋਕਲ ਪੁਆਇੰਟ, ਲੁਧਿਆਣਾ,2007, ਪੰਨਾ 77

[131] ਸੁਰਜੀਤ ਸਿੰਘ, ਸਿੱਖ ਰਹਿਤ ਤੇ ਸਿੱਖ ਆਚਰਣ, ਤੇਜਿੰਦਰਬੀਰ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1999, ਪੰਨਾ 79

[132] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245

ਵੰਡ ਛਕਣ ਦੇ ਇਸ ਸਿਧਾਂਤ ਨਾਲ਼ ਇੱਕ ਪਾਸੇ ਸੰਗ੍ਰਹਿ ਕਰਨ ਦੀ ਰੁਚੀ ਖਤਮ ਹੁੰਦੀ ਹੈ ਦੂਜੇ ਪਾਸੇ ਜੋੜਨ ਦੀ ਬਿਰਤੀ ਨੂੰ ਠੱਲ੍ਹ ਪੈਂਦੀ ਹੈ। ਵੰਡ ਕੇ ਛਕਣ ਨਾਲ਼ ਧਨ ਪ੍ਰਤੀ ਲੋਭ ਤੋਂ ਉਪਰ ਮੋਹ, ਮੋਹ ਤੋਂ ਪੈਦਾ ਹੋਏ ਹੰਕਾਰ, ਹੰਕਾਰ ਤੋਂ ਪ੍ਰਫੁੱਲਤ ਹੋਏ ਕ੍ਰੋਧ ਅਤੇ ਖੁਸ਼ਹਾਲੀ ਤੋਂ ਪੈਦਾ ਹੋਈ ਵਿਨਾਸ਼ਤਾ ਦੀਆਂ ਭਾਵਨਾਵਾਂ ਨਸ਼ਟ ਹੋ ਜਾਂਦੀਆਂ ਹਨ। ਇਸ ਨਾਲ਼ ਇੱਕ ਮਨੁੱਖ ਦਾ ਦੂਜਿਆਂ ਪ੍ਰਤੀ ਪਿਆਰ ਵਧਦਾ ਹੈ। ਗਰੀਬਾਂ ਅਤੇ ਕਮਜ਼ੋਰ ਵਿਅਕਤੀਆਂ ਪ੍ਰਤੀ ਘਿਰਣਾ ਦੀ ਭਾਵਨਾ ਦਾ ਖਾਤਮਾ ਹੁੰਦਾ ਹੈ। ਇਨਸਾਨੀਅਤ ਪੈਦਾ ਹੁੰਦੀ ਹੈ ਅਤੇ ਸਮਾਜ ਵਿੱਚੋਂ ਊਚ-ਨੀਚ ਦੀ ਭਾਵਨਾ ਖਤਮ ਹੋ ਕੇ ਸਮਾਜਿਕ ਬਰਾਬਰੀ ਦਾ ਸੰਕਲਪ ਸਾਹਮਣੇ ਆਉਂਦਾ ਹੈ। "ਜੇਕਰ ਉਹ ਆਪਣੀ ਕਿਰਤ ਵਿੱਚੋਂ ਕੁੱਝ ਦੂਜੇ ਨੂੰ ਦੇਣ ਦਾ ਸੁਭਾਅ ਬਣਾ ਲਏਗਾ ਤਾਂ ਉਸ ਨੂੰ ਇੱਕ ਖਾਸ ਪ੍ਰਕਾਰ ਦੀ ਸੰਤੁਸ਼ਟਤਾ ਮਿਲੇਗੀ, ਮਨੁੱਖੀ ਭਾਈਚਾਰੇ ਲਈ ਉਸ ਦੀ ਸਦਭਾਵਨਾ ਵਿਕਸਤ ਹੋਵੇਗੀ ਅਤੇ ਇਵੇਂ ਇੱਕ ਸਿਹਤਮੰਦ ਸਮਾਜ ਦੀ ਉਸਾਰੀ ਹੋਵੇਗੀ। ਨਵਾਂ ਵਿਕਾਸ ਤੇ ਵਿਗਾਸ ਹੋਵੇਗਾ ਅਤੇ ਆਤਮਿਕ ਜੀਵਨ ਨੂੰ ਪ੍ਰਫੁੱਲਤ ਹੋਣ ਦੇ ਅਵਸਰ ਪ੍ਰਦਾਨ ਹੋਣਗੇ।"[133]

ਗੁਰਮਤਿ ਅਨੁਸਾਰ ਮਨੁੱਖੀ ਸਰੀਰ ਪਰਮੇਸ਼ਵਰ ਦੇ ਪ੍ਰਕਾਸ਼ ਦਾ ਸਥਾਨ ਹੈ। ਮਨੁੱਖ ਸਰੀਰਕਤਾ ਅਤੇ ਜੋਤ ਸਰੂਪੀ ਅੰਸ਼ ਆਤਮਾ ਦੋਹਾਂ ਦਾ ਮੇਲ ਹੈ। ਸਿੱਖ ਧਰਮ ਅਨੁਸਾਰ ਸਤਿਸੰਗਤ ਮਨੁੱਖ ਦਾ ਪਰਮਾਤਮਾ ਨਾਲ਼ ਮੇਲ ਕਰਵਾਉਣ ਵਿੱਚ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। "ਸੰਗਤ ਪ੍ਰਭੂ ਪਿਆਰਿਆਂ ਦਾ ਮੇਲ ਮਿਲਾਪ ਹੈ, ਜਿੱਥੇ ਹਰੀ ਦੀ ਸਿਫਤ ਸਲਾਹ ਕਰਕੇ ਉਸ ਵਿੱਚ ਲੀਨ ਹੋਣ ਦਾ ਉਪਦੇਸ਼ ਮਿਲਦਾ ਹੈ। ਸੰਗਤ ਦੇ ਵਿੱਚ ਹੀ ਨਿਤਾ-ਪ੍ਰਤੀ ਗੁਰਬਾਣੀ ਪੜ੍ਹਨ, ਇਸ ਦੀ ਵਿਚਾਰ ਕਰਨ, ਕੀਰਤਨ ਕਰਨ ਅਤੇ ਨਾਮ ਸਿਮਰਨ ਨਾਲ਼ ਵਿਸ਼ੇ-ਵਿਕਾਰਾਂ ਤੇ ਕਾਬੂ ਪਾਉਣ ਅਤੇ ਅਧਿਆਤਮਿਕ ਮਾਰਗ ਤੇ ਚੱਲ ਕੇ ਪ੍ਰਭੂ ਪ੍ਰਾਪਤੀ ਲਈ ਉਤਸ਼ਾਹ ਮਿਲਦਾ ਹੈ।"[134] ਸਤਿਸੰਗਤ ਅਜਿਹਾ ਸਥਾਨ ਹੈ ਜਿੱਥੇ ਮਨੁੱਖ ਨੇ ਔਗੁਣਾਂ ਨੂੰ ਮਨ ਵਿੱਚੋਂ ਬਾਹਰ ਕੱਢਣਾ ਅਤੇ ਗੁਣਾਂ ਨੂੰ ਧਾਰਨ ਕਰਨਾ ਹੈ। ਸਤਿਸੰਗਤ ਮਨੁੱਖ ਦੇ ਸੰਸਾਰਕ ਅਤੇ ਅਧਿਆਤਮਿਕ ਗਿਆਨ

---

[133] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ,ਅਲੱਗ ਸ਼ਬਦ ਯੱਗ,ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2007, ਪੰਨਾ 77

[134] ਬਾਬਾ ਇਕਬਾਲ ਸਿੰਘ,  ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 124

ਹਾਸਲ ਕਰਨ ਦਾ ਸਥਾਨ ਹੈ। ਸੰਸਾਰਕ ਗਿਆਨ ਹਾਸਲ ਕਰਨ ਲਈ ਸੁਣਨ, ਮੰਨਣ ਅਤੇ ਵਿਚਾਰ ਦੀ ਜ਼ਰੂਰਤ ਪੈਂਦੀ ਹੈ।

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਨੇ ਮਨੁੱਖ ਨੂੰ ਸੁਣਨ ਲਈ ਕੰਨ ਦਿੱਤੇ ਹਨ। ਇਨ੍ਹਾਂ ਰਾਹੀਂ ਸੱਚ ਦੇ ਗਿਆਨ ਵਾਲ਼ੀ ਬਾਣੀ ਸੁਣਨੀ ਚਾਹੀਦੀ ਹੈ। ਜਿਸ ਨਾਲ਼ ਤਨ ਅਤੇ ਮਨ ਵਿੱਚ ਅਨੰਦ ਅਤੇ ਖੇੜਾ ਪੈਦਾ ਹੁੰਦਾ ਹੈ। ਬੁੱਧੀ ਵਿੱਚ ਰਤਨ ਜਵਾਹਰ ਮਾਣਿਕ ਰੂਪੀ ਗੁਣ ਪ੍ਰਗਟ ਹੁੰਦੇ ਹਨ। ਭਾਵ ਕਿ ਸਮਾਜ ਦੇ ਉਚ ਇਖਲਾਕੀ ਗੁਣਾਂ ਦਾ ਸੰਚਾਰ ਹੁੰਦਾ ਹੈ। ਇਸ ਤਰ੍ਹਾਂ ਮੰਨਣ ਸਬੰਧੀ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਗੁਰੂ ਦੀ ਸਿੱਖਿਆ ਤੇ ਅਮਲ ਕਰਨ ਨਾਲ਼ ਮਨੁੱਖ ਦਾ ਆਪਣਾ ਮਨ ਅਤੇ ਉਸ ਦਾ ਆਲ਼ਾ-ਦੁਆਲ਼ਾ ਪ੍ਰਭਾਵਿਤ ਹੁੰਦਾ ਹੈ। ਮਨੁੱਖ ਦੇ ਮਨ ਵਿੱਚ ਨੈਤਿਕ ਗੁਣਾਂ ਦਾ ਸੰਚਾਰ ਹੁੰਦਾ ਹੈ। ਸਤਿਸੰਗਤ ਵਿੱਚ ਆ ਕੇ ਸੁਣਨ ਅਤੇ ਮੰਨਣ ਦੇ ਨਾਲ਼-ਨਾਲ਼ ਵਿਚਾਰ ਦੀ ਵੀ ਸਿੱਖਿਆ ਦਿੱਤੀ ਗਈ ਹੈ। ਵਿਚਾਰ ਨਾਲ਼ ਗੁਰੂ ਦੀਆਂ ਕਹੀਆਂ ਹੋਈਆਂ ਗੁੱਝੀਆਂ ਗੱਲਾਂ ਦੇ ਭੇਤ ਖੋਲ੍ਹਣ ਅਤੇ ਸਮਝਣ ਵਿੱਚ ਸਹਾਇਤਾ ਮਿਲਦੀ ਹੈ।

ਸਤਿਸੰਗਤ ਵਿੱਚ ਮਨੁੱਖ ਨੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੈ। ਇੱਥੇ ਸੰਸਾਰਕ ਵਿਸ਼ਿਆਂ, ਪਦਾਰਥਾਂ ਅਤੇ ਧਨ ਦੀ ਪ੍ਰਾਪਤੀ ਨਾਲ਼ ਸੰਬੰਧਿਤ ਵਿਚਾਰ ਚਰਚਾ ਨਹੀਂ ਹੁੰਦੀ ਬਲਕਿ ਮਨੁੱਖਾ ਜਨਮ ਦੇ ਮਕਸਦ ਤੱਕ ਪਹੁੰਚ ਕਰਨ ਲਈ ਸਚਿਆਰਤਾ ਦੀ ਪ੍ਰਾਪਤੀ ਲਈ ਪ੍ਰੇਰਿਆ ਜਾਂਦਾ ਹੈ। ਇੱਥੇ ਇੱਕ ਅਕਾਲ ਪੁਰਖ ਦੇ ਗੁਣਾਂ ਦਾ ਗਾਣ ਹੁੰਦਾ ਹੈ। "ਸੰਗਤ ਦਾ ਪਹਿਲਾ ਅਤੇ ਪ੍ਰਮੁੱਖ ਲੱਛਣ ਇਹ ਹੈ ਕਿ ਉਸ ਵਿੱਚ ਕਿਸੇ ਦੇਵੀ-ਦੇਵਤੇ, ਪੀਰ, ਫਕੀਰ ਜਾਂ ਅਵਤਾਰ ਦਾ ਨਹੀਂ ਸਗੋਂ ਇੱਕ ਅਕਾਲ-ਪੁਰਖ ਦਾ ਨਾਮ ਜਪਿਆ ਜਾਂਦਾ ਹੈ। 'ਏਕੋ ਨਾਮ' ਇੱਕ ਸੂਤ੍ਰ ਹੈ ਜਿਸ ਦੇ ਦੁਆਲ਼ੇ ਸਾਧ ਸੰਗਤ ਮਾਲ਼ਾ ਵਾਂਗ ਪਰੋਈ ਜਾਂਦੀ ਹੈ। ਇੱਕ 'ਏਕੋ ਨਾਮ' ਜਪਣ ਦਾ ਕਾਰਜ ਸਾਧ ਸੰਗਤ ਨੂੰ ਪਿਛਲੇ ਸਭ ਪ੍ਰਕਾਰ ਦੇ ਅਧਿਆਤਮਿਕ ਸਮੂਹਾਂ ਤੋਂ ਵਖਰਿਆਉਂਦਾ ਹੈ।"[135] ਇਹ ਉਨ੍ਹਾਂ ਸੱਚੇ ਲੋਕਾਂ ਦੀ ਸੰਗਤ ਹੁੰਦੀ ਹੈ ਜੋ ਇੱਕ ਸੱਚੇ ਅਕਾਲ ਪੁਰਖ ਦੇ ਗੁਣਾਂ ਦਾ ਗਾਣ ਕਰਦੇ ਹਨ।

---

[135] ਸੁਰਜੀਤ ਸਿੰਘ, ਗੁਰਮਤਿ ਮੰਥਨ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2002, ਪੰਨਾ 73

ਸਤਿ ਸੰਗਤਿ ਕੈਸੀ ਜਾਣੀਐ॥

ਜਿਥੈ ਏਕੋ ਨਾਮ ਵਖਾਣੀਐ॥

ਏਕੋ ਨਾਮੁ ਹੁਕਮ ਹੈ॥

ਨਾਨਕ ਸਤਿਗੁਰ ਦੀਆ ਬੁਝਾਇ ਜੀਉ॥[136]

ਇੱਕ ਥਾਂ 'ਤੇ ਇੱਕਤਰ ਹੋਈ ਸੰਗਤ ਯੋਗ ਗੁਰੂ ਦੀ ਰਹਿਨੁਮਾਈ ਹੇਠ ਉਸ ਅਕਾਲ ਪੁਰਖ ਦਾ ਨਾਮ ਜਪਦੀ ਹੈ। ਸਤਿਸੰਗਤ ਵਿੱਚ ਗੁਰੂ ਦਾ ਸਰੀਰਕ ਜਾਂ ਸ਼ਬਦ ਰੂਪ ਵਿੱਚ ਉਪਸਥਿਤ ਹੋਣਾ ਵੀ ਜ਼ਰੂਰੀ ਹੈ। ਗੁਰੂ ਤੋਂ ਬਿਨ੍ਹਾਂ ਮਨੁੱਖ ਆਪਣੇ ਅਸਲ ਨੂੰ ਪ੍ਰਾਪਤ ਨਹੀਂ ਕਰ ਸਕਦਾ।

ਸਤਿਗੁਰ ਬਾਝਹੁ ਸੰਗਤਿ ਨ ਹੋਈ॥

ਬਿਨੁ ਸਬਦੇ ਪਾਰ ਨਾ ਪਾਏ ਕੋਈ॥[137]

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸੰਗਤ ਰੂਪ ਵਿੱਚ ਅਰਾਧਨਾ ਦਾ ਸੰਕਲਪ ਨਹੀਂ ਸੀ। ਗੁਰੂ ਸਾਹਿਬਾਨ ਨੇ ਇਸ ਤੱਥ ਨੂੰ ਭਲੀ ਭਾਂਤ ਅਨੁਭਵ ਕਰ ਲਿਆ ਸੀ ਕਿ ਭਾਰਤੀ ਅਧਿਆਤਮਿਕ ਪਰੰਪਰਾ ਵਿੱਚ ਪ੍ਰਚੱਲਿਤ ਵਿਅਕਤੀਗਤ ਸਾਧਨਾ, ਚਾਹੇ ਉਹ ਕਰਮ, ਧਰਮ ਦੇ ਰੂਪ ਵਿੱਚ ਹੋਵੇ, ਤਪ ਅਤੇ ਸਮਾਧੀਆਂ ਦੇ ਰੂਪ ਵਿੱਚ ਹੋਵੇ ਜਾਂ ਭਗਤੀ ਭਾਵ ਲਈ ਜਪ ਜਾਂ ਸਿਮਰਨ ਦੇ ਰੂਪ ਵਿੱਚ ਹੋਵੇ, ਹਉਮੈਂ ਦਾ ਕਾਰਨ ਬਣਦੀ ਹੈ। ਇਸ ਲਈ ਗੁਰਮਤਿ ਵਿੱਚ ਸਮੂਹਿਕ ਸਾਧਨਾ ਉਤੇ ਜ਼ੋਰ ਦਿੱਤਾ ਗਿਆ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ॥

ਕਿਛੁ ਸੁਣੀਐ ਕਿਛੁ ਕਹੀਐ॥[138]

ਮਨੁੱਖ ਦੇ ਸਚਿਆਰ ਬਣਨ ਅਤੇ ਪਰਮਾਤਮਾ ਦੀ ਨਦਰਿ ਪ੍ਰਾਪਤੀ ਲਈ ਅਧਿਆਤਮਿਕ ਵਿਚਾਰ ਇੱਕ ਸੰਗਤ ਵਿੱਚ ਹੀ ਹੋ ਸਕਦੀ ਹੈ। ਇਹ ਸਾਥ ਇੱਕ ਚੰਗੀ ਅਤੇ ਅਧਿਆਤਮਿਕ ਵਿਚਾਰਧਾਰਾ ਦੇ ਮਾਲਕ

---

[136] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 72

[137] ਉਹੀ, ਪੰਨਾ 1068

[138] ਉਹੀ, ਪੰਨਾ 661

ਲੋਕਾਂ (ਸੰਤ) ਦਾ ਹੁੰਦਾ ਹੈ। ਜਿੱਥੇ ਪਦਾਰਥਵਾਦੀ ਅਤੇ ਸਵਾਰਥੀ ਲੋਕਾਂ ਦਾ ਸਾਥ ਛੱਡਣ ਦੀ ਪ੍ਰੇਰਨਾ ਮਿਲਦੀ ਹੈ।

ਸਚੀ ਬੈਠਕ ਤਿਨਾ ਸੰਗਿ ਜਿਨ ਸੰਗਿ ਜਪੀਐ ਨਾਉ॥

ਤਿਨੁ ਸੰਗਿ ਸੰਗੁ ਨ ਕੀਚਈ ਜਿਨ੍ਹਾਂ ਆਪਣਾ ਸੁਆਉ॥[139]

ਸਤਿਸੰਗਤ ਵਿੱਚ ਬੈਠਣ ਨਾਲ ਮਨੁੱਖ ਦੀ ਬਾਹਰਲੀ ਅਤੇ ਅੰਦਰਲੀ ਸ਼ਖ਼ਸੀਅਤ ਵਿੱਚ ਇਕ ਬਦਲਾਅ ਆਉਂਦਾ ਹੈ। ਉਸ ਦੀ ਸੋਚ, ਵਿਚਾਰ, ਕਰਮ ਅਤੇ ਦੂਸਰਿਆਂ ਪ੍ਰਤੀ ਨਜ਼ਰੀਆ ਬਦਲ ਜਾਂਦਾ ਹੈ। "ਸਾਧ ਸੰਗਤ ਰੂਪੀ ਸੱਚੀ ਟਕਸਾਲ ਵਿੱਚ ਨਾਮ ਬਾਣੀ ਸਿਮਰਨ ਕਰਨ ਨਾਲ਼ ਮਨੁੱਖ ਦੀ ਬਾਹਰਮੁਖੀ ਬਿਰਤੀ, ਅੰਤਰਮੁਖੀ ਹੋ ਆਪਣੇ ਹਿਰਦੇ ਵਿੱਚ ਅਕਾਲ ਪੁਰਖ ਦੀ ਜੋਤ ਨੂੰ ਅਨੁਭਵ ਕਰਦੀ ਹੈ। ਮਨੁੱਖ ਦੇ ਮਨ 'ਚੋਂ ਵਿਕਾਰੀ ਅਤੇ ਮਾਇਕੀ ਫੁਰਨੇ ਅਥਵਾ ਵਲਵਲੇ ਆਪ-ਮੁਹਾਰੇ ਸ਼ਾਂਤ ਹੋਣ ਲੱਗ ਪੈਂਦੇ ਹਨ। ਮਨੁੱਖ ਦਾ ਹਿਰਦਾ ਹਉਮੈਂ ਦੀ ਮੈਲ਼ ਤੋਂ ਸ਼ੁੱਧ ਹੋ ਜਾਂਦਾ ਹੈ। ਦੂਜਿਆਂ ਨੂੰ ਸੁਖੀ ਵੇਖ ਕੇ ਈਰਖਾ ਕਰਨ ਦੀ ਆਦਤ ਖਤਮ ਹੋ ਜਾਂਦੀ ਹੈ। ਦੂਜਿਆਂ ਪ੍ਰਤੀ ਵੈਰ-ਵਿਰੋਧ, ਓਪਰਾ ਭਾਵ ਖਤਮ ਹੋ ਜਾਂਦਾ ਹੈ। ਉਹ ਸਭ ਨਾਲ਼ ਪ੍ਰੇਮ-ਭਾਵਨਾ ਵਾਲ਼ਾ ਵਰਤਾਓ ਕਰਨ ਲੱਗ ਪੈਂਦਾ ਹੈ।"[140] ਸਾਧ ਸੰਗਤ ਵਿੱਚ ਜਾਤ-ਪਾਤ, ਮਜ਼ਬ, ਊਚ-ਨੀਚ, ਗਰੀਬ-ਅਮੀਰ ਅਤੇ ਇਸਤਰੀ-ਪੁਰਸ਼ ਦੇ ਵਿਤਕਰੇ ਤੋਂ ਬਿਨ੍ਹਾਂ ਇਕੱਠੇ ਬੈਠ ਕੇ ਮਨੁੱਖ ਲਈ ਜ਼ਰੂਰੀ ਨੈਤਿਕ ਮੁੱਲਾਂ ਅਤੇ ਸਦਗੁਣਾਂ ਦੀ ਪ੍ਰਾਪਤੀ ਅਤੇ ਪਰਮਾਤਮਾ ਦੀ ਨਦਰਿ ਹਾਸਿਲ ਕਰਨ ਲਈ ਯਤਨ ਕੀਤੇ ਜਾਂਦੇ ਹਨ। "ਸਾਧ ਸੰਗਤ ਦਾ ਸਾਰਾ ਧਿਆਨ ਬ੍ਰਹਮ ਦੇ ਏਕਤਵ ਤੇ ਕੇਂਦਰਿਤ ਹੁੰਦਾ ਹੈ। ਇਸ ਲਈ ਸੰਗਤ ਵਿੱਚ ਦਵੈਤ, ਦੂਈ ਤੇ ਵਖਰੇਵਾਂ ਨਹੀਂ ਹੈ। ਜਦੋਂ ਸਿੱਖ ਸੰਗਤ ਵਿੱਚ ਬ੍ਰਹਮ ਦੇ ਏਕਤਵ ਤੇ ਉਸ ਦੇ ਨਾਮ ਦੀ ਵਿਚਾਰ ਸੁਣਦਾ ਹੈ ਤਾਂ ਉਹ ਆਪਣੇ ਮਨ ਨੂੰ ਅਕਾਲ ਪੁਰਖ ਦੇ ਏਕਤਵ ਨਾਲ ਜੋੜਦਾ ਹੈ ਜਿਸ ਨਾਲ਼ ਮਨ ਅੰਦਰੋਂ ਦਵੈਖ ਭਾਵਨਾ ਖਤਮ ਹੋ ਜਾਂਦੀ ਹੈ ਤੇ ਇੱਕ ਪਰਮਾਤਮਾ ਦਾ ਵਾਸਾ ਹੀ ਰਹਿ ਜਾਂਦਾ ਹੈ।"[141] ਸੰਗਤ

---

139 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 520

140 ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 125

141 ਡਾ. ਗੁਰਮੁਖ ਸਿੰਘ, ਗੁਰਬਾਣੀ ਵਿਚਾਰ, ਪੰਜਾਬੀ ਪਬਲੀਕੇਸ਼ਨਜ਼, ਪਟਿਆਲਾ, 2005, ਪੰਨਾ 89

ਵਿੱਚ ਸਾਰੇ ਹੀ ਆਪਣੇ ਲੱਗਦੇ ਹਨ, ਕੋਈ ਵੀ ਪਰਾਇਆ ਨਹੀਂ ਲੱਗਦਾ। ਇੱਕ ਮਨੁੱਖ ਦੇ ਅੰਦਰ ਦੂਸਰੇ ਮਨੁੱਖ ਪ੍ਰਤੀ ਪਿਆਰ, ਸਤਿਕਾਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਜਿੱਥੇ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਵੰਡੀਆਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੀ ਗੱਲ ਕੀਤੀ ਜਾਂਦੀ ਹੈ।

ਬਿਸਰਿ ਗਈ ਸਭ ਤਾਤਿ ਪਰਾਈ॥

ਜਬ ਤੇ ਸਾਧ ਸੰਗਤਿ ਮੋਹਿ ਪਾਈ॥[142]

ਉਪਰੋਕਤ ਵਿਚਾਰ ਚਰਚਾ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਤਿਸੰਗਤ ਵਿੱਚ ਬੈਠ ਕੇ ਮਨੁੱਖ ਆਪਣੇ ਅੰਤਿਮ ਲਕਸ਼ ਨੂੰ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ। ਸਤਿਸੰਗਤ ਮਨੁੱਖ ਦੀ ਬਾਹਰਲੀ ਅਤੇ ਅੰਦਰਲੀ ਸ਼ਖ਼ਸੀਅਤ ਨੂੰ ਬਦਲ ਕੇ ਰੱਖ ਦਿੰਦੀ ਹੈ। "ਸਾਧ ਸੰਗਤ ਪਾਰਸ ਰੂਪ ਹੈ। ਉਹ ਲੋਹੇ ਨੂੰ ਸੋਨਾ ਕਰਨ ਦੇ ਸਮਰੱਥ ਹੈ। ਭਾਵ ਜਦੋਂ ਸਾਧਾਰਣ ਵਿਅਕਤੀ ਸਾਧ ਸੰਗਤ ਦੀ ਛੂਹ ਪ੍ਰਾਪਤ ਕਰਦਾ ਹੈ ਤਾਂ ਉਸ ਦਾ ਜੀਵਨ ਬਦਲ ਜਾਂਦਾ ਹੈ ਕਿਉਂਕਿ ਸਾਧ ਸੰਗਤ ਵਿੱਚ ਸਤਿਗੁਰੂ ਵੱਸਦਾ ਹੈ, ਪਰਮਾਤਮਾ ਵੱਸਦਾ ਹੈ। ਉਹ ਸਾਧੂ ਸੁਰਤਿ ਦਾ ਸੁਆਮੀ ਬਣ ਕੇ ਜੀਵਨ ਬਸਰ ਕਰਦਾ ਹੈ।"[143] ਸਤਿਸੰਗਤ ਵਿੱਚ ਮਨੁੱਖ ਸਭ ਤੋਂ ਉੱਚਾ ਆਤਮਿਕ ਦਰਜਾ ਪ੍ਰਾਪਤ ਕਰ ਲੈਂਦਾ ਹੈ।

ਮਿਲਿ ਸਤਿਸੰਗਤ ਪਰਮ ਪਦੁ ਪਾਇਆ॥[144]

ਸਤਿਸੰਗਤ ਮਨੁੱਖ ਨੂੰ ਸੱਜਣ ਪੁਰਸ਼ ਬਣਨ ਦੇ ਨਾਲ਼ ਸੇਵਾ ਕਰਨ ਲਈ ਵੀ ਪ੍ਰੇਰਿਤ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਨਿਰਾ ਅੰਤਰਮੁਖੀ ਹੀ ਨਹੀਂ ਬਣਾਇਆ ਸਗੋਂ ਉਨ੍ਹਾਂ ਦੇ ਸਾਮ੍ਹਣੇ ਮਨੁੱਖ ਨੂੰ ਪੂਰਣਤਾ ਦੀ ਪ੍ਰਾਪਤੀ ਲਈ ਪ੍ਰੇਰਨਾ ਦੇਣ ਦਾ ਆਦਰਸ਼ ਸੀ। ਕਿਉਂਕਿ ਗੁਰੂ ਸਾਹਿਬ ਹਰੇਕ ਮਨੁੱਖ ਦੀ ਆਤਮਾ ਵਿੱਚ ਬਲ ਭਰਨਾ ਚਾਹੁੰਦੇ ਸਨ। ਉਨ੍ਹਾਂ ਅਨੁਸਾਰ ਕੇਵਲ ਕਰਮਸ਼ੀਲ ਵਿਅਕਤੀ ਹੀ ਇਸ ਰਾਸਤੇ ਉੱਤੇ ਚੱਲ ਕੇ ਕਾਮਯਾਬ ਹੋ ਸਕਦਾ ਹੈ। ਗੁਰੂ ਸਾਹਿਬ ਅਨੁਸਾਰ ਕੇਵਲ ਉਹ ਵਿਅਕਤੀ ਹੀ ਅਸਲ ਵਿੱਚ

142 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1299

143 ਡਾ. ਗੁਰਮੁਖ ਸਿੰਘ, ਗੁਰਬਾਣੀ ਵਿਚਾਰ, ਪੰਜਾਬੀ ਪਬਲੀਕੇਸ਼ਨਜ਼, ਪਟਿਆਲਾ, 2005, ਪੰਨਾ 90

144 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 834

ਸੱਚਾ ਮਾਨਵ ਹੈ ਜੋ ਆਪਣੇ ਜੀਵਨ ਪ੍ਰਤੀ ਸੁਚੇਤ ਹੋ ਸੇਵਾ ਦੇ ਮੈਦਾਨ ਵਿੱਚ ਨਿੱਤਰ ਕੇ ਸਾਮ੍ਹਣੇ ਆਉਂਦਾ ਹੈ। "ਗੁਰਮਤਿ ਵਿੱਚ ਮਨੁੱਖਤਾ ਦੀ ਸੇਵਾ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਮੰਨਿਆ ਗਿਆ ਹੈ। ਇਸ ਸੇਵਾ ਸਿਧਾਂਤ ਨੂੰ ਦ੍ਰਿੜ ਕਰਵਾਉਣ ਲਈ ਗੁਰੂ ਸਾਹਿਬਾਨ ਨੇ ਆਪ ਵੀ ਸੇਵਾ ਕਰਨ ਦੇ ਨਮੂਨੇ ਪੇਸ਼ ਕੀਤੇ ਤਾਂ ਜੁ ਸਿੱਖ ਜਗਤ ਅੰਦਰ ਸੇਵਾ ਦੇ ਮਹੱਤਵ ਨੂੰ ਸਵੀਕਾਰਿਆ ਜਾਵੇ। ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂ ਲੋਕਾਂ ਨੂੰ ਆਪਣੇ ਹੱਥੀਂ ਲੰਗਰ ਛਕਾਇਆ। ਜਦੋਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਲਾਹੌਰ ਵਿੱਚ ਹੈਜੇ ਦੀ ਭਿਅੰਕਰ ਬਿਮਾਰੀ ਕਾਰਨ ਲੋਕ ਮਰਨ ਲੱਗੇ ਤੇ ਨਾਲ਼ ਹੀ ਕਾਲ਼ ਪੈਣ ਨਾਲ ਲੋਕ ਭੁੱਖੇ ਮਰਨ ਲੱਗੇ ਤਾਂ ਗੁਰੂ ਅਰਜਨ ਦੇਵ ਜੀ ਨੇ ਵਿਸ਼ੇਸ਼ ਤੌਰ 'ਤੇ ਮਰੇ ਹੋਏ ਪ੍ਰਾਣੀਆਂ ਦੇ ਅੰਤਮ ਸੰਸਕਾਰ ਕਰਨ ਤੇ ਖਾਣ-ਪੀਣ ਦੀਆਂ ਵਸਤੂਆਂ ਪਹੁੰਚਾਉਣ ਵਿੱਚ ਕੋਈ ਕਸਰ ਨਾ ਛੱਡੀ। ਸਿੱਖ ਧਰਮ ਅੰਦਰ ਲੰਗਰ ਪ੍ਰਥਾ ਅਨੁਸਾਰ ਜਿੱਥੇ ਜਾਤ-ਅਭਿਮਾਨ ਨੂੰ ਖ਼ਤਮ ਕਰਨਾ ਸੀ, ਉੱਥੇ ਸੇਵਾ ਕਰਨ ਲਈ ਚੰਗਾ ਮੌਕਾ ਮੰਨਿਆ ਜਾਂਦਾ।"[145] ਸੇਵਾ ਮਨੁੱਖ ਅੰਦਰੋਂ ਜਾਤੀ ਅਭਿਮਾਨ ਅਤੇ ਮੈਂ ਦੀ ਭਾਵਨਾ ਨੂੰ ਖਤਮ ਕਰਦੀ ਹੈ। ਜਿਸ ਨਾਲ਼ ਮਨੁੱਖੀ ਵਿਵਹਾਰ ਵਿੱਚ ਸਾਕਾਰਾਤਮਕ ਤਬਦੀਲੀ ਆਉਂਦੀ ਹੈ। ਗੁਰਮਤਿ ਅਨੁਸਾਰ ਸੇਵਾ ਕਾਰਜ ਪਵਿੱਤਰ ਹੀ ਨਹੀਂ ਸਗੋਂ ਅਧਿਆਤਮਿਕ ਕਰਮ ਹੈ। "ਮਾਨਵਵਾਦ ਦਾ ਇੱਕ ਜ਼ਰੂਰੀ ਪੱਖ ਇੱਕ ਦੂਜੇ ਦੇ ਕੰਮ ਆਉਣਾ ਹੈ। ਸਵਾਰਥੀ ਮਨੁੱਖ ਕੇਵਲ ਆਪਣੇ ਲਈ ਜਿਊਂਦਾ ਹੈ। ਆਪਣੇ ਸੁੱਖ ਪ੍ਰਾਪਤੀ ਦੇ ਉਦੇਸ਼ ਦੀ ਪ੍ਰਾਪਤੀ ਲਈ ਉਹ ਨਿਆਂ ਅਤੇ ਅਨਿਆਂ ਵਿੱਚ ਅੰਤਰ ਨਹੀਂ ਕਰ ਸਕਦਾ। ਗੁਰਸਿੱਖੀ ਇੱਕ ਮਾਰਗ ਹੈ, ਇੱਕ ਪੰਥ ਹੈ, ਮਾਨਵਤਾ ਦਾ ਪੰਥ, ਜੀਵਨ ਤੋਂ ਭਾਂਜ ਦਾ ਮਾਰਗ ਨਹੀਂ, ਸਗੋਂ ਜੀਵਨ ਦੀਆਂ ਤਲਖੀਆਂ ਨਾਲ਼ ਜੂਝਣ ਦਾ ਮਾਰਗ ਹੈ। ਗੁਰਸਿੱਖ ਲਈ ਆਦੇਸ਼ ਹੈ ਕਿ ਉਹ ਆਪਣੇ ਹਿੱਤ ਦੂਜਿਆਂ ਦੇ ਹਿੱਤਾਂ ਅਧੀਨ ਕਰ ਦੇਵੇ। ਆਪਾ ਵੰਡ ਦੇਵੇ। ਇਹ ਸੇਵਾ ਦਾ ਮਾਰਗ ਹੈ।"[146] ਗੁਰਮਤਿ ਵਿੱਚ ਸੇਵਾ ਦਾ ਅਹਿਮ ਸਥਾਨ ਹੈ। ਗੁਰਸਿੱਖੀ ਦਾ ਪਾਠ ਤਾਂ ਪੜ੍ਹਿਆ ਹੀ ਸਾਧ ਸੰਗਤ ਦੀ ਸੇਵਾ ਤੋਂ ਜਾਂਦਾ ਹੈ। ਮਾਨਵ ਜੀਵਨ ਵਿੱਚ ਸੇਵਾ ਨੂੰ ਸਾਰੀਆਂ ਕਰਨੀਆਂ ਤੋਂ ਉੱਤਮ ਕਿਹਾ ਗਿਆ ਹੈ।

---

[145] ਡਾ. ਪੂਰਨ ਸਿੰਘ ਗੁਰਮਤਿ ਦਰਸ਼ਨ ਦੀ ਵਿਲੱਖਣਤਾ, ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ. ਕੈਨੇਡਾ,2004, ਪੰਨਾ 107

[146] ਸੁਰਜੀਤ ਸਿੰਘ, ਗੁਰਮਤਿ ਮੰਥਨ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ,2002, ਪੰਨਾ 43

ਗੁਰਮਤਿ ਵਿੱਚ ਸੇਵਾ ਤੇ ਭਗਤੀ ਨੂੰ ਅੰਤਰ-ਸੰਬੰਧਤ ਕਿਹਾ ਗਿਆ ਹੈ। "ਸੇਵਾ ਤੇ ਭਗਤੀ ਇੱਕ ਪ੍ਰੇਮ ਦੀ ਖੇਡ ਹੈ। ਸੀਸ ਵਾਰਨ ਦਾ ਮਾਰਗ ਹੈ। ਸੀਸ ਵਾਰਨ ਲਈ ਤਤਪਰ ਰਹਿਣਾ ਸੇਵਾ ਦਾ ਮੂਲ ਹੈ। ਇਸ ਦੇ ਵਿੱਚ ਪ੍ਰੇਮ ਵੀ ਹੈ, ਕੁਰਬਾਨੀ ਵੀ ਹੈ, ਆਪਾ ਤਿਆਗ ਵੀ ਹੈ। ਇਹ ਪ੍ਰੇਮ ਕੋਈ ਵਕਤੀ ਨਹੀਂ ਹੈ, ਕੋਈ ਮਨ ਦਾ ਉਬਾਲ਼ ਨਹੀਂ ਹੈ, ਇਹ ਤਾਂ ਇੱਕ ਸਦੀਵੀ ਖਿੱਚ ਹੈ, ਜਿਹੜੀ ਸੇਵਾ ਲਈ ਪਰਮ ਉਤਸ਼ਾਹ ਦਾ ਚਿੰਨ੍ਹ ਹੈ।"[147] ਸੇਵਾ ਭਾਵਨਾ ਸਚਿਆਰਤਾ ਵੱਲ ਵਧਣ ਦਾ ਇੱਕ ਨਿੱਗਰ ਕਦਮ ਹੈ। ਜਿਵੇਂ ਪ੍ਰੇਮ ਦਾ ਬੰਧਨ ਸਦੀਵੀ ਹੁੰਦਾ ਹੈ। ਇਹ ਲਗਾਤਾਰ ਰਹਿੰਦਾ ਹੈ, ਇਹ ਕਦੇ ਵੀ ਘਟਦਾ ਨਹੀਂ। ਇਵੇਂ ਹੀ ਸੇਵਾ ਦਾ ਕਾਰਜ ਵੀ ਸਦੀਵੀ ਹੈ। ਜਦ ਇਹ ਮਨੁੱਖ ਦੇ ਸੁਭਾਅ ਦਾ ਹਿੱਸਾ ਬਣ ਜਾਂਦੀ ਹੈ ਤਾਂ ਮਨੁੱਖ ਨੂੰ ਇਸ ਵਿੱਚੋਂ ਸਦੀਵੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਜਿਸ ਨਾਲ਼ ਉਹ ਮਹਿਸੂਸ ਕਰਦਾ ਹੈ ਕਿ ਉਹ ਮਾਨਵਤਾ ਦੀ ਸੇਵਾ ਦੁਆਰਾ ਉਸ ਪ੍ਰਭੂ ਦੀ ਹੀ ਸੇਵਾ ਕਰ ਰਿਹਾ ਹੈ, ਜਿਸ ਦੀ ਨਦਰਿ ਸਦਕਾ ਉਹ ਸਚਿਆਰਤਾ ਦੇ ਮਾਰਗ ਉੱਪਰ ਚੱਲਣ ਯੋਗ ਬਣਿਆ ਹੈ। ਸੇਵਾ ਤੋਂ ਬਿਨ੍ਹਾਂ ਉਸ ਨੂੰ ਆਪਣੇ ਰੋਜ਼ਾਨਾ ਦੇ ਕਰਮ ਵਿੱਚ ਘਾਟ ਮਹਿਸੂਸ ਹੁੰਦੀ ਹੈ।

ਜੈਸੇ ਹੰਸੁ ਸਰਵਰੁ ਬਿਨੁ ਰਹਿ ਨ ਸਕੈ॥
ਤੈਸੇ ਹਰਿ ਜਨੁ ਕਿਵੁ ਰਹੈ ਹਰਿ ਸੇਵਾ ਬਿਨੁ॥[148]

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਿਸ਼ਕਾਮ ਭਾਵਨਾ ਨਾਲ਼ ਸਮਰਪਿਤ ਹੋ ਕੇ ਕੀਤੀ ਗਈ ਸੇਵਾ ਹੀ ਸਫਲ ਹੈ। "ਸੇਵਾ ਇਸ ਪਸਰੇ ਵਿਆਪਕ ਸੰਸਾਰ ਵਿੱਚ ਮਾਨਵ ਦੁਆਰਾ ਦੂਜੇ ਮਾਨਵ ਲਈ ਸੁਆਰਥ ਰਹਿਤ ਹੋ ਕੇ ਕੀਤਾ ਗਿਆ ਸ਼ੁਭ ਕਰਮ ਹੈ, ਜਿਸ ਦੀਆਂ ਸੀਮਾਵਾਂ ਪਦਾਰਥਕ ਸੰਸਾਰ ਤੋਂ ਸ਼ੁਰੂ ਹੋ ਕੇ ਇਖਲਾਕੀ, ਸਦਾਚਾਰਕ ਅਤੇ ਅਧਿਆਤਮਿਕ ਸੰਸਾਰ ਤੱਕ ਫੈਲੀਆਂ ਹੋਈਆਂ ਹਨ। ਤਨ, ਮਨ, ਧਨ ਅਤੇ ਸੁਰਤਿ ਇਸੇ ਸੇਵਾ ਦੇ ਆਧਾਰ ਥੰਮਲੇ ਹਨ ਅਤੇ ਸੇਵਾ ਵਿੱਚ ਗ਼ਲਤਾਨ ਨਿਸ਼ਕਾਮ ਸੇਵਕ, ਕੀਤੀ ਜਾਣ ਵਾਲੀ ਕਿਸੇ ਵੀ ਸੇਵਾ ਦੇ ਬਦਲੇ ਵਿੱਚ ਕਿਸੇ ਵੀ ਫਲ਼ ਦੀ ਕਾਮਨਾ ਨਹੀਂ ਰੱਖਦਾ, ਸਗੋਂ ਮਾਨਵ ਪ੍ਰੇਮ ਦੇ ਵੇਗ ਵਿੱਚ

---

[147] ਸੁਰਜੀਤ ਸਿੰਘ, ਗੁਰਮਤਿ ਮੰਥਨ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅਮ੍ਰਿਤੰਸਰ,2002, ਪੰਨਾ 50

[148] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 369

ਆ ਕੇ ਇਸ ਨੂੰ ਚਾਈਂ-ਚਾਈਂ ਕਰਕੇ ਆਪਣੇ ਗੁਰੂ ਦੀਆਂ ਖੁਸ਼ੀਆਂ ਸੁੱਤੇ-ਸਿੱਧ ਹੀ ਪ੍ਰਾਪਤ ਕਰਦਾ ਹੈ।"[149] ਨਿਸ਼ਕਾਮ ਭਾਵਨਾ ਨਾਲ਼ ਕੀਤੀ ਗਈ ਸੇਵਾ ਮਨੁੱਖ ਦੇ ਜੀਵਨ ਮਕਸਦ ਦੀ ਪ੍ਰਾਪਤੀ ਵਿੱਚ ਸਹਾਇਕ ਹੁੰਦੀ ਹੈ। ਉਹ ਆਪਣੇ ਵੱਲੋਂ ਕੁੱਝ ਨਹੀਂ ਕਰ ਰਿਹਾ ਹੁੰਦਾ ਬਲਕਿ ਉਹ ਤਾਂ ਆਪਣਾ ਫਰਜ਼ ਨਿਭਾ ਰਿਹਾ ਹੁੰਦਾ ਹੈ।

ਗੁਰਮਤਿ ਅਨੁਸਾਰ ਸੇਵਾ ਕਰਨ ਵਾਲ਼ੇ ਸੇਵਕ ਦੀ ਟੇਕ ਆਪਣੇ ਪ੍ਰਭੂ ਤੇ ਹੁੰਦੀ ਹੈ। ਉਹ ਆਪਣਾ ਆਪਾ ਵਿਸਾਰ ਕੇ ਸਮਰਪਣ ਦੀ ਭਾਵਨਾ ਨਾਲ਼ ਸੇਵਾ ਕਰਦਾ ਹੈ। ਉਸ ਦੀਆਂ ਮਾਨਸਿਕ ਬਿਰਤੀਆ ਉਸ ਦੇ ਕੰਟਰੋਲ ਵਿੱਚ ਰਹਿੰਦੀਆਂ ਹਨ। ਉਸ ਦਾ ਮਨ ਇੱਧਰ ਉੱਧਰ ਨਹੀਂ ਭਟਕਦਾ। ਨਾਮ ਸਿਮਰਨ ਅਤੇ ਸੇਵਾ ਮਨੁੱਖੀ ਮਕਸਦ ਨੂੰ ਪ੍ਰਾਪਤ ਕਰਨ ਲਈ ਅਹਿਮ ਕਦਮ ਹਨ। "ਸਿਮਰਨ ਤੇ ਸੇਵਾ ਸਿੱਖੀ ਸਿਧਾਂਤ ਦੇ ਦੋ ਵੱਡੇ ਥੰਮ ਹਨ, ਇਨ੍ਹਾਂ ਆਸਰੇ ਹੀ ਗੁਰਮਤਿ ਨਗਰੀ ਦਾ ਮਹੱਲ ਖਲੋਤਾ ਹੈ। ਗੁਰੂਆਂ ਖੁਦ ਇਹ ਪਿਰਤ ਪਾਈ, ਜੋ ਵੀ ਕੋਈ ਅੱਗੇ ਗੁਰਗੱਦੀ ਦਾ ਵਾਰਸ ਬਣਿਆ, ਉਹ ਪਹਿਲੇ ਸੇਵਾ ਘਾਲ ਤੇ ਟਹਿਲ ਕਮਾਈ ਦਾ ਭਾਈਵਾਲ ਬਣਿਆ। ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੀ ਨਿਸ਼ਕਾਮ ਸੇਵਾ ਕਿਸ ਨੂੰ ਭੁੱਲੀ ਹੋਈ ਹੈ। ਸਾਰੇ ਗੁਰੂ ਸਾਹਿਬਾਨ ਪਹਿਲੇ ਸੇਵਕ ਬਣੇ ਤੇ ਫਿਰ ਗੁਰਗੱਦੀ ਦੇ ਅਧਿਕਾਰੀ ਹੋਏ।"[150] ਧਰਮ ਸਾਧਨਾ ਦਾ ਇਹ ਲਕਸ਼ ਮੰਨਿਆ ਜਾਂਦਾ ਹੈ ਕਿ ਚਿੱਤ ਦੀਆਂ ਬਿਰਤੀਆਂ ਨੂੰ ਕੰਟਰੋਲ ਵਿੱਚ ਕਰਕੇ ਆਪਣੇ ਆਚਰਣ ਨੂੰ ਅਨੁਸ਼ਾਸਨ ਵਿੱਚ ਰੱਖ ਕੇ ਅਜਿਹਾ ਸੰਤੁਲਨ ਬਣਾਉਣਾ ਹੈ ਕਿ ਮਨੁੱਖ ਪੂਰਣਤਾ ਦੇ ਵੱਧ ਤੋਂ ਵੱਧ ਗੁਣਾਂ ਨੂੰ ਧਾਰਨ ਕਰ ਸਕੇ। ਕਿਉਂਕਿ ਮਨੁੱਖੀ ਜੀਵਨ ਦਾ ਮਕਸਦ ਹੀ ਪੂਰਣਤਾ ਦੀ ਪ੍ਰਾਪਤੀ ਹੈ ਜੋ ਕਿ ਸਚਿਆਰੇ ਮਨੁੱਖ ਦੇ ਰੂਪ ਵਿੱਚ ਜੀਵਨ ਬਤੀਤ ਕਰਕੇ ਹਾਸਲ ਕੀਤੀ ਜਾ ਸਕਦੀ ਹੈ। ਸਿੱਖ ਧਰਮ ਵਿੱਚ ਪੂਰਨਤਾ ਦੀ ਪ੍ਰਾਪਤੀ ਲਈ ਅਰਦਾਸ ਦਾ ਬਹੁਤ ਮਹੱਤਵ ਹੈ। "ਅਰਦਾਸ ਸ਼ਬਦ ਦਾ ਅਰਥ, ਅਰਜ਼ਦਾਸਤ. ਸੰਗਯਾ- ਪ੍ਰਾਰਥਨਾ, ਬੇਨਤੀ, ਵਿਨਯ, Prayer. ਹੈ।"[151] ਇਸ ਲਈ ਬੇਨਤੀ, ਬਿਨੈ, ਪ੍ਰਾਰਥਨਾ, ਅਰਜ਼, ਦੁਆ, ਗੁਜਾਰਿਸ਼ ਆਦਿ ਸ਼ਬਦ ਵੀ ਵਰਤੇ ਜਾਂਦੇ ਹਨ। ਗੁਰਬਾਣੀ ਅੰਦਰ ਪ੍ਰਾਰਥਨਾ ਲਈ ਵਧੇਰੇ ਅਰਦਾਸ ਸ਼ਬਦ

---

[149] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ,ਅਲੱਗ ਸ਼ਬਦ ਯੱਗ,ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2007, ਪੰਨਾ 123

[150] ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1997, ਪੰਨਾ 99-100

[151] ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਜਿਲਦ ਪਹਿਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2009, ਪੰਨਾ 187

ਹੀ ਵਰਤਿਆ ਗਿਆ ਹੈ। ਅਰਦਾਸ ਜੀਵ ਵੱਲੋਂ ਪਰਮਾਤਮਾ ਅੱਗੇ ਕੀਤੀ ਗਈ ਬੇਨਤੀ ਹੈ। ਸਿੱਖ ਧਰਮ ਵਿੱਚ ਹਰੇਕ ਕਾਰਜ ਦੀ ਨਿਰਵਿਘਨ ਪੂਰਤੀ ਲਈ ਕੇਵਲ ਇੱਕ ਅਕਾਲ ਪੁਰਖ ਅੱਗੇ ਅਰਦਾਸ ਕਰਨ ਦਾ ਵਿਧਾਨ ਹੈ।

ਦੁਇ ਕਰ ਜੋੜਿ ਕਰਉ ਅਰਦਾਸਿ॥
ਤੁਧੁ ਭਾਵੈ ਤਾ ਆਣਹਿ ਰਾਸਿ॥[152]

ਜਦੋਂ ਮਨੁੱਖ ਸਰੀਰਕ ਜਾਂ ਮਾਨਸਿਕ ਤੌਰ ਤੇ ਦੁਖੀ ਹੁੰਦਾ ਹੈ, ਉਸ ਦਾ ਕੋਈ ਨੁਕਸਾਨ ਹੋ ਜਾਂਦਾ ਹੈ। ਉਸ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਘੇਰ ਲੈਂਦੀ ਹੈ ਤਾਂ ਉਹ ਕਿਸੇ ਵੀ ਧਾਰਮਿਕ ਸਥਾਨ ਤੇ ਜਾ ਕੇ ਪ੍ਰਭੂ ਅੱਗੇ ਅਰਦਾਸ ਕਰਦਾ ਹੈ। ਇਹ ਅਰਦਾਸ ਉਸ ਨੂੰ ਜਿੱਥੇ ਹੌਸਲਾ ਦਿੰਦੀ ਹੈ, ਉਥੇ ਨਾਲ਼ ਹੀ ਉਸ ਨੂੰ ਪ੍ਰੇਰਨਾ ਵੀ ਦਿੰਦੀ ਹੈ। ਅਰਦਾਸ ਲਈ ਸ਼ਬਦਾਂ ਦੀ ਥਾਂ ਭਾਵਨਾ ਦਾ ਹੋਣਾ ਜ਼ਰੂਰੀ ਹੈ। ਗੁਰਮਤਿ ਸਾਡਾ ਮਾਰਗ ਦਰਸ਼ਨ ਕਰਦੀ ਹੈ ਕਿ ਜਦੋਂ ਪ੍ਰਭੂ ਅੱਗੇ ਅਰਦਾਸ ਕਰਨੀ ਹੈ ਤਾਂ ਮਨ ਪ੍ਰਭੂ ਨਾਲ਼ ਜਾਂ ਸਤਿਗੁਰ ਦੇ ਬਚਨਾਂ ਨਾਲ਼ ਜੁੜਿਆ ਹੋਣਾ ਚਾਹੀਦਾ ਹੈ। 'ਅਰਦਾਸ' ਅਸਲ ਵਿੱਚ ਚਿੱਤ ਦੀ ਬਿਰਤੀ ਦਾ ਆਪਣੇ ਦਿਲ ਦੇ ਕੇਂਦਰ ਉੱਪਰ ਇਕਾਗਰ ਤੇ ਕਾਇਮ ਕਰਕੇ ਤਰਲੇ ਦਾ ਨਾਮ ਹੈ। ਜਦੋਂ ਮਨ ਆਪਣੇ ਆਪ ਨੂੰ ਸਰਬ-ਸ਼ਕਤੀਮਾਨ ਅਕਾਲ ਪੁਰਖ ਅੱਗੇ ਸਮਰਪਿਤ ਕਰਕੇ ਉਸ ਦੀ ਬਖਸ਼ਿਸ਼ ਤੇ ਨਿਰਭਰ ਹੋ ਜਾਂਦਾ ਹੈ, ਤਾਂ ਕੀਤੀ ਹੋਈ ਅਰਦਾਸ ਸਫਲ ਹੋ ਜਾਂਦੀ ਹੈ। ਅਰਦਾਸ ਕਰਨ ਸਮੇਂ ਵਿਸ਼ਵਾਸ, ਸ਼ਰਧਾ ਭਾਵਨਾ, ਇੱਛਾ, ਨਿਮਰਤਾ ਦਾ ਹੋਣਾ ਜ਼ਰੂਰੀ ਹੈ। "ਅਰਦਾਸ ਬੋਲਾਂ ਦੀ ਨਹੀਂ, ਆਤਮਾ ਦੀ ਬਿਹਬਲਤਾ ਹੈ। ਇਸ ਦੀ ਆਵਾਜ਼ ਮਨ ਦੀਆਂ ਗਹਿਰਾਈਆਂ 'ਚੋਂ ਉੱਠਦੀ ਹੈ। ਆਕਾਸ਼ ਤੱਕ ਇਸ ਦੀ ਰਸਾਈ ਹੈ। ਜਿਹੜੀ ਪੁਕਾਰ ਕੇਵਲ ਕੰਠ ਵਿਚੋਂ ਉੱਠੇ, ਉਹ ਤਾਂ ਛੱਤ ਤੀਕਰ ਵੀ ਨਹੀਂ ਅੱਪੜ ਸਕਦੀ। ਆਕਾਸ਼ ਤੀਕਰ ਤਾਂ ਆਤਮਾ ਦੀ ਬਿਹਬਲਤਾ ਹੀ ਪਹੁੰਚਦੀ ਹੈ। ਅਰਦਾਸ ਤਾਂ ਰੂਹ ਦਾ ਗੀਤ ਹੈ। ਜੋ ਗੀਤ ਵਾਂਗ ਹੀ ਸ਼ਬਦਾਂ ਦੀ ਮੁਥਾਜੀ ਤੋਂ ਮੁਕਤ ਹੈ। ਇਹ ਤਾਂ ਧੁਰ ਅੰਦਰੋਂ ਉੱਠੀ ਦੁਹਾਈ ਹੈ ਜੋ ਬਿਰਹੇ ਵਾਂਗ ਜਾਗਦੀ ਤੇ ਦਾਤਾਰ ਮਾਲਕ ਦੀਆਂ ਮੇਹਰ-ਆਂਦਰਾਂ ਨੂੰ

[152] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 736

ਧੂਹ ਜਾ ਪਾਂਦੀ ਹੈ। ਇਹ ਕਾਇਆ ਦੀ ਡੰਡੌਤ ਨਹੀਂ, ਆਤਮਾ ਦਾ ਸਿਜ਼ਦਾ ਹੈ।"[153] ਜਦੋਂ ਕੋਈ ਮਨੁੱਖ ਕਿਸੇ ਕੰਮ ਨੂੰ ਸ਼ੁਰੂ ਕਰਨ ਲੱਗਿਆਂ ਉਸ ਨੂੰ ਨਿਰਵਿਘਨ ਸਿਰੇ ਚੜ੍ਹਾਉਣ ਲਈ ਸੱਚੇ ਮਨ ਨਾਲ਼ ਪ੍ਰਭੂ ਅੱਗੇ ਅਰਦਾਸ ਕਰਦਾ ਹੈ ਤਾਂ ਪਰਮਾਤਮਾ ਉਸ ਦੀ ਅੰਗ-ਸੰਗ ਹੋ ਕੇ ਸਹਾਇਤਾ ਕਰਦਾ ਹੈ। ਅਰਦਾਸ ਮਨੁੱਖ ਨੂੰ ਹੌਸਲਾ ਅਤੇ ਤਾਕਤ ਬਖਸ਼ਦੀ ਹੈ। "ਅਰਦਾਸ ਰੂਹਾਨੀਅਤ ਦਾ ਅਤਰ ਹੈ ਜੋ ਕਿ ਸਰੀਰ, ਮਨ ਅਤੇ ਆਤਮਾ ਨੂੰ ਅਦਭੁਤ ਅਨੰਦ ਬਖਸ਼ਦਾ ਹੈ। ਇਹ ਪੂਰਨਤਾ ਕਿਸੇ ਹੋਰ ਯਤਨ ਨਾਲ਼ ਸੰਭਵ ਨਹੀਂ। ਅਰਦਾਸ ਇੱਕ ਮਹਾਨ ਸ਼ਕਤੀ ਹੈ, ਜੋ ਇਨਸਾਨ ਨੂੰ ਜ਼ਿੰਦਗੀ ਦੀ ਕਸ਼ਮਕਸ਼ ਦਾ ਨਿਡਰਤਾ ਨਾਲ਼ ਮੁਕਾਬਲਾ ਕਰਨ ਦੇ ਯੋਗ ਬਣਾਉਂਦੀ ਹੈ।"[154] ਅਰਦਾਸ ਸਾਨੂੰ ਅਕਾਲ-ਪੁਰਖ ਨਾਲ਼ ਜੋੜ ਕੇ ਉਸ ਵਿੱਚ ਵਿਸ਼ਵਾਸ ਜਗਾਉਂਦੀ ਹੈ। ਅਰਦਾਸ ਸਾਡੇ ਅੰਦਰ ਇਨਸਾਨੀਅਤ ਦੀ ਭਾਵਨਾ, ਮਨੁੱਖਤਾ ਲਈ ਪਿਆਰ ਪੈਦਾ ਕਰਦੀ ਹੈ। "ਅਰਦਾਸ ਸਾਡੇ ਅੰਦਰੋਂ ਅਨੰਤ ਹਮਦਰਦੀਆਂ ਜਗਾਉਂਦੀ ਹੈ। ਜਿੱਥੇ ਕਿਤੇ ਵੀ ਕੋਈ ਉਪੱਦਰ ਵਰਤੇ, ਅਰਦਾਸੀਆ ਮਨ, ਦੁਖੀਆਂ ਦਾ ਦਰਦਵੰਦ ਹੁੰਦਾ ਤੇ ਅਰਦਾਸ ਰਾਹੀਂ ਉਨ੍ਹਾਂ ਦੀ ਕੁਸ਼ਲਤਾ ਤੇ ਰੱਛਿਆ ਦਾ ਪ੍ਰਾਰਥਕ ਬਣਦਾ ਹੈ। ਅਰਦਾਸ ਸਾਨੂੰ ਦੇਸ ਤੇ ਕਾਲ ਦੇ ਬੰਧਨਾਂ ਤੋਂ ਮੁਕਤ ਕਰ, ਸਰਬੱਤ ਦੇ ਭਲੇ ਲਈ ਪ੍ਰੇਰਦੀ ਹੈ।"[155] ਸੱਚੇ ਦਿਲੋਂ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਮੰਨ ਕੇ ਕੀਤੀ ਗਈ ਅਰਦਾਸ ਸਫ਼ਲ ਹੁੰਦੀ ਹੈ। ਅਰਦਾਸ ਕਰਨ ਨਾਲ਼ ਜਿੱਥੇ ਰੂਹ ਨੂੰ ਤਸੱਲੀ ਮਿਲਦੀ ਹੈ, ਉੱਥੇ ਇਸ ਮਨੁੱਖੀ ਸੋਚ ਨੂੰ ਵੀ ਸਾਕਾਰਾਤਮਕ ਕਰਦੀ ਹੈ। ਅਰਦਾਸ ਕਰਨ ਵਾਲ਼ਾ ਮਨੁੱਖ ਸਰਬੱਤ ਦੇ ਭਲੇ ਲਈ ਪਰਮਾਤਮਾ ਅੱਗੇ ਨਤ-ਮਸਤਕ ਹੋ ਕੇ ਅਰਦਾਸ ਕਰਦਾ ਹੈ।

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥[156]

---

[153] ਡਾ. ਜਸਵੰਤ ਸਿੰਘ ਨੇਕੀ, ਅਰਦਾਸ, ਦਰਸ਼ਨ ਰੂਪ ਅਭਿਆਸ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1996, ਪੰਨਾ 14

[154] ਡਾ.ਬਲਕਾਰ ਸਿੰਘ, ਅਰਦਾਸ ਦਾ ਸਿੱਖ ਪ੍ਰਸੰਗ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998, ਪੰਨਾ 95

[155] ਡਾ. ਜਸਵੰਤ ਸਿੰਘ ਨੇਕੀ, ਵਿਸ਼ਵ ਅਰਦਾਸ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1997,. ਪੰਨਾ 17

[156] ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਸਾਰੰਗ ਮ.4, ਪੰਨਾ 1251: 8

ਸਿੱਖ ਧਰਮ ਅਨੁਸਾਰ ਅਰਦਾਸ ਕਰਨ ਵਾਸਤੇ ਪ੍ਰਭੂ ਦੀ ਨਦਰਿ ਦਾ ਹੋਣਾ ਵੀ ਜ਼ਰੂਰੀ ਹੈ। ਅਰਦਾਸ ਸ਼ੁਕਰਾਨੇ ਦੀ ਭਾਵਨਾ ਨਾਲ਼ ਹੋ ਸਕਦੀ ਹੈ ਜਿਸ ਨੇ ਇਸ ਬ੍ਰਹਿਮੰਡ ਦੀ ਰਚਨਾ ਕੀਤੀ ਹੈ। ਜਿਸ ਨੇ ਕਿਰਪਾ ਕਰਕੇ ਇਸ ਦੇਹੀ ਦੀ ਬਖਸ਼ਿਸ਼ ਕੀਤੀ ਹੈ। ਆਪ ਕਿਰਪਾ ਕਰਕੇ ਮੇਰੇ ਤੋਂ ਸਭ ਕਰਾ ਰਿਹਾ ਹੈ। ਮਨੁੱਖ ਆਪਣੇ ਮਕਸਦ ਦੀ ਪ੍ਰਾਪਤੀ ਲਈ ਉੱਦਮ ਕਰਦਾ ਹੈ। ਪ੍ਰੰਤੂ ਫਲ਼ ਦੀ ਪ੍ਰਾਪਤੀ ਪ੍ਰਭੂ ਦੀ ਕਿਰਪਾ ਸਦਕਾ ਹੀ ਹੋਣੀ ਹੈ। ਸੱਚੇ ਦਿਲੋਂ ਕੀਤੀ ਅਰਦਾਸ ਮਨੁੱਖ ਨੂੰ ਪ੍ਰਭੂ ਦੀ ਕਿਰਪਾ ਦਾ ਪਾਤਰ ਬਣਾਉਂਦੀ ਹੈ। ਜਦੋਂ ਮਨੁੱਖ ਆਪਣਾ ਆਪਾ ਉਸ ਅਕਾਲ ਪੁਰਖ ਨੂੰ ਸਮਰਪਿਤ ਕਰਕੇ ਸ਼ਰਧਾ, ਵਿਸ਼ਵਾਸ, ਨਿਮਰਤਾ ਦੀ ਭਾਵਨਾ ਨਾਲ਼ ਅਰਦਾਸ ਬੇਨਤੀ ਕਰਦਾ ਹੈ। ਪ੍ਰਭੂ ਪਰਮਾਤਮਾ ਮਿਹਰ ਕਰਕੇ ਉਸ ਨੂੰ ਆਪਣੇ ਨਾਲ਼ ਜੋੜ ਲੈਂਦਾ ਹੈ।

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥[157]

ਅਰਦਾਸ ਦੇ ਮਾਧਿਅਮ ਰਾਹੀਂ ਜਦੋਂ ਮਨੁੱਖ ਆਪਣੇ ਦੁਆਰਾ ਕੀਤੇ ਗਲਤ ਕੰਮਾਂ ਦਾ ਪਸ਼ਚਾਤਾਪ ਕਰਦਾ ਹੈ ਤਾਂ ਉਸ ਅੰਦਰੋਂ ਬੁਰਾਈਆਂ ਦਾ ਖਾਤਮਾ ਹੋ ਜਾਂਦਾ ਹੈ। ਜਦੋਂ ਮਨੁੱਖ ਅਕਾਲ ਪੁਰਖ ਅੱਗੇ ਅਰਦਾਸ ਕਰ ਰਿਹਾ ਹੁੰਦਾ ਹੈ ਤਾਂ ਉਹ ਛੁਪੇ ਹੋਏ ਰੂਪ ਵਿੱਚ ਉਸ ਅਕਾਲ ਪੁਰਖ ਅੱਗੇ ਆਤਮ ਸਮਰਪਣ ਕਰਕੇ ਉਸ ਦੇ ਗੁਣਾਂ ਨੂੰ ਧਾਰਨ ਕਰਨ ਦਾ ਪ੍ਰਣ ਕਰ ਰਿਹਾ ਹੁੰਦਾ ਹੈ। "ਅਰਦਾਸ ਨਾਲ ਸਿੱਖ ਦੇ ਮਨ ਵਿੱਚ ਨਿਮਰਤਾ ਆਉਂਦੀ ਹੈ ਅਤੇ ਹਉਮੈਂ ਦਾ ਪਰਦਾ ਦੂਰ ਹੁੰਦਾ ਹੈ। ਹਰ ਜੀਵ ਨੂੰ ਆਪਣੀਆਂ ਸਾਰੀਆਂ ਸਿਆਣਪਾਂ ਛੱਡ ਕੇ, ਤਨ, ਮਨ ਪ੍ਰਭੂ ਦਰ 'ਤੇ ਅਰਪਣ ਕਰਕੇ ਨਾਮ ਦੀ ਦਾਤ ਮੰਗਣੀ ਚਾਹੀਦੀ ਹੈ।"[158] ਭਉ ਭਗਤੀ ਸਾਧਨਾ ਦੇ ਇਸ ਸਮੁੱਚੇ ਅਮਲ ਵਿਚੋਂ ਗੁਜਰਦਿਆਂ ਸਾਧਕ ਦੀ ਸ਼ਖ਼ਸੀਅਤ ਦਾ ਸਰਬ-ਪੱਖੀ ਵਿਕਾਸ ਹੁੰਦਾ ਹੈ। ਇਹ ਵਿਕਾਸ ਆਮ ਮਨੁੱਖ ਨੂੰ ਅਰਦਾਸ ਦੇ ਮਾਧਿਅਮ ਰਾਹੀਂ ਉਸ ਵਿੱਚ ਨਿਮਰ ਭਾਵ ਤੇ ਆਪਣੀਆਂ ਸੀਮਾਵਾਂ ਨੂੰ

---

[157] ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਸਾਰੰਗ ਮ.4, ਪੰਨਾ 1251: 8

[158] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 236

ਸਮਝਣ ਦੇ ਕਾਬਿਲ ਬਣਾ ਦਿੰਦਾ ਹੈ। ਆਪਣੇ ਅਸਲ ਨੂੰ ਪਹਿਚਾਨਣ ਦੀ ਕੋਸ਼ਿਸ਼ ਵਿੱਚ ਇਨਸਾਨ ਬੁਰਾਈ ਦਾ ਤਿਆਗ ਕਰਦਾ ਹੈ ਤੇ ਚੰਗਿਆਈ ਨੂੰ ਧਾਰਨ ਕਰਨ ਦਾ ਯਤਨ ਕਰਦਾ ਹੈ। ਜਿਸ ਵਿੱਚ ਅਰਦਾਸ ਉਸ ਨੂੰ ਬਲ ਪ੍ਰਦਾਨ ਕਰਨ ਦਾ ਕੰਮ ਕਰਦੀ ਹੈ। ਇਸ ਅਵਸਥਾ ਵਿੱਚ ਇਨਸਾਨ ਸਚਿਆਰ ਪਦ ਦੀ ਪ੍ਰਾਪਤੀ ਵੱਲ ਆਪਣੇ ਕਦਮ ਵਧਾ ਰਿਹਾ ਹੁੰਦਾ ਹੈ ਤੇ ਪਰਮਾਤਮਾ ਦੀ ਨਦਰਿ ਦੀ ਲੋਚਾ ਵੀ ਅਰਦਾਸ ਦੇ ਰਾਹੀਂ ਕਰਦਾ ਹੈ।

ਗੁਰੂ ਨਾਨਕ ਸਾਹਿਬ ਦੁਆਰਾ ਜਪੁਜੀ ਸਾਹਿਬ ਵਿੱਚ ਪੇਸ਼ ਸਚਿਆਰਤਾ ਆਤਮਿਕ ਉੱਨਤੀ ਦੀ ਇੱਕ ਸੂਖਮ ਅਤੇ ਉੱਚੀ ਅਵਸਥਾ ਦਾ ਨਾਮ ਹੈ। ਸਿੱਖ ਮੱਤ ਅਨੁਸਾਰ ਸਚਿਆਰਤਾ ਇੱਕ ਅਜਿਹੀ ਮੰਜ਼ਿਲ ਹੈ ਜਿੱਥੇ ਸਾਧਕ ਨੇ ਹਰ ਹਾਲਤ ਵਿੱਚ ਪਹੁੰਚਣਾ ਹੈ। ਧਰਮ ਅਤੇ ਅਧਿਆਤਮਿਕਤਾ ਦੇ ਖੇਤਰ ਵਿੱਚ ਜਿਸ ਆਤਮਿਕ ਉੱਨਤੀ ਜਾਂ ਪੂਰਣਤਾ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਦੇ ਹੋਏ ਅੱਗੇ ਵਧਦਾ ਹੈ। ਇਸ ਨੂੰ ਕਿਸੇ ਇੱਕ ਥਾਂ ਤੋਂ ਦੂਜੀ ਥਾਂ ਤੇ ਜਾਣਾ ਨਹੀਂ ਕਿਹਾ ਜਾਂਦਾ ਬਲਕਿ ਇਹ ਤਾਂ ਇੱਕ ਪੱਧਰ ਤੋਂ ਦੂਜੇ ਪੱਧਰ ਤੱਕ ਵਿਕਾਸ ਹੈ। ਜਿਵੇਂ-ਜਿਵੇਂ ਸਾਧਕ ਆਪਣੀ ਆਂਤਰਿਕ ਸਾਧਨਾ ਰਾਹੀਂ ਦ੍ਰਿੜ ਨਿਸ਼ਚੇ ਦੇ ਆਧਾਰ ਤੇ ਵਿਕਾਸ ਕਰਦਾ ਹੈ। ਉਵੇਂ ਹੀ ਉਸ ਦੀ ਸ਼ਖ਼ਸੀਅਤ ਵਿੱਚ ਤਬਦੀਲੀ ਆਉਂਦੀ ਹੈ। ਜਿਸ ਨਾਲ਼ ਉਸ ਦੀ ਚੇਤਨਾ ਦਾ ਘੇਰਾ ਵਿਸ਼ਾਲ ਹੁੰਦਾ ਹੈ। ਉਸ ਦੀ ਇਸ ਸਾਰੇ ਕੁਦਰਤੀ ਸਿਸ਼ਟਮ ਪ੍ਰਤੀ ਸਮਝ ਵਧਦੀ ਹੈ। ਜਿਵੇਂ ਕਿ ਆਮ ਸੂਝ ਅਨੁਸਾਰ ਮਨੁੱਖ ਆਪਣੇ ਆਲ਼ੇ-ਦੁਆਲ਼ੇ ਦੇ ਪਦਾਰਥਕ ਸੰਬੰਧਾਂ ਨੂੰ ਸਮਝਦਾ ਹੈ। ਪ੍ਰੰਤੂ ਜਦੋਂ ਮਨੁੱਖ ਅਧਿਆਤਮਿਕ ਤੌਰ ਤੇ ਚੇਤੰਨ ਹੋ ਜਾਂਦਾ ਹੈ ਤਾਂ ਉਸ ਵਿੱਚ ਹਕੀਕਤ ਨੂੰ ਆਂਸ਼ਿਕ ਤੌਰ ਤੇ ਸਮਝਣ ਦੀ ਥਾਂ ਪੂਰਨ ਰੂਪ ਵਿੱਚ ਸਮਝਣ ਦੀ ਸਮਰੱਥਾ ਆ ਜਾਂਦੀ ਹੈ। ਉਸ ਨੂੰ ਇਸ ਗੱਲ ਦਾ ਭਲੀ-ਭਾਂਤ ਅਹਿਸਾਸ ਹੋ ਜਾਂਦਾ ਹੈ ਕਿ ਇਸ ਸਾਰੇ ਵਰਤਾਰੇ ਪਿੱਛੇ ਪਰਮਾਤਮਾ ਦੀ ਸ਼ਕਤੀ ਕੰਮ ਕਰ ਰਹੀ ਹੈ, ਜਿਸ ਨੇ ਇਸ ਪੂਰੇ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਸਿੱਖ ਧਰਮ ਅਨੁਸਾਰ 84 ਲੱਖ ਜੂਨੀਆਂ ਪਰਮਾਤਮਾ ਨੇ ਪੈਦਾ ਕੀਤੀਆਂ ਹਨ ਅਤੇ ਇਹਨਾਂ ਵਿੱਚ ਮਨੁੱਖ ਨੂੰ ਇਹ ਜਨਮ ਉਸ ਪਰਮਾਤਮਾ ਦੀ ਕਿਰਪਾ ਸਦਕਾ ਪ੍ਰਾਪਤ ਹੋਇਆ ਹੈ। ਜਿਸ ਦਾ ਮਨੋਰਥ ਪਰਮਾਤਮਾ ਦੀ ਨਦਰਿ ਪ੍ਰਾਪਤ ਕਰਨਾ ਅਤੇ ਸਚਿਆਰਤਾ ਦੇ ਸੰਕਲਪ ਨੂੰ ਆਪਣੀ ਜੀਵਨ ਜਾਂਚ ਬਣਾ ਲੈਣਾ ਹੈ। "ਜਦੋਂ ਮਨੁੱਖ ਸੱਚ ਦਾ ਹੀ ਸੇਵਕ ਬਣ ਜਾਂਦਾ ਹੈ ਤਾਂ ਉਹ ਸਚਿਆਰ ਪਦ ਦੀ

ਪ੍ਰਾਪਤੀ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ।"[159] ਪਰਮਾਤਮਾ ਦੀ ਨਦਰਿ ਸਦਕਾ ਹੀ ਇਨਸਾਨ ਸਚਿਆਰਾ ਮਨੁੱਖ ਬਣਨ ਦੇ ਕਾਬਿਲ ਹੋ ਪਾਉਂਦਾ ਹੈ। ਇਸ ਲਈ ਉਸ ਪਰਮਾਤਮਾ ਨੂੰ ਵਿਸਾਰਿਆ ਨਹੀਂ ਜਾ ਸਕਦਾ ਸਗੋਂ ਉਸ ਦੀ ਯਾਦ ਨੂੰ ਆਪਣੇ ਮਨ ਵਿੱਚ ਵਸਾ ਕੇ ਰੱਖਣ ਦੀ ਲੋੜ ਸਾਧਕ ਨੂੰ ਹਰ ਵਕਤ ਰਹਿੰਦੀ ਹੈ। ਜਿਸ ਨਾਲ਼ ਉਸ ਨੂੰ ਪਰਮਾਤਮਾ ਦੀ ਅਡੋਲਤਾ ਅਤੇ ਆਪਣੀ ਨਾਸ਼ਵਾਨਤਾ ਦੀ ਸੱਚਾਈ ਦਾ ਗਿਆਨ ਹਰ ਪਲ ਰਹਿੰਦਾ ਹੈ। ਜਿਸ ਨਾਲ਼ ਉਸ ਦੇ ਵਿਵਹਾਰ ਵਿੱਚ ਨਿਮਰਤਾ, ਹਲੀਮੀ, ਦਇਆ ਅਤੇ ਭਰਾਤਰੀਭਾਵ ਪੈਦਾ ਹੁੰਦਾ ਹੈ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ॥
ਤਾ ਤੂ ਜਗ ਮਹਿ ਅਇਆ॥
ਜਿਨੁ ਹਰਿ ਤੇਰਾ ਰਚਨ ਰਚਿਆ॥
ਸੋ ਹਰਿ ਮਨੁ ਨ ਵਸਾਇਆ॥[160]

"ਪਰਮ ਸੱਚ ਦੀ ਖੋਜ ਅਤੇ ਸਾਖਿਆਤਕਾਰ ਲਈ ਹਰ ਧਰਮ ਵਿੱਚ ਧਰਮ ਦੇ ਮੋਢੀਆਂ ਨੇ ਕੁੱਝ ਵਿਸ਼ੇਸ਼ ਕਿਸਮ ਦੀਆਂ ਅੜਚਨਾ ਮਹਿਸੂਸ ਕੀਤੀਆਂ ਹੁੰਦੀਆਂ ਹਨ। ਪਰਮ ਸੱਚ ਦੀ ਅਨੁਭੂਤੀ ਲਈ ਬੁੱਧ ਧਰਮ ਦਸ ਭੂਮੀਆਂ ਅਤੇ ਯੋਗ ਅੱਠ ਵੱਖ-ਵੱਖ ਪਰ ਅੰਦਰੋਂ ਇੱਕ ਦੂਜੇ ਨੂੰ ਅੱਗੇ ਵਧਾਉਣ ਲਈ ਜੁੜੇ ਹੋਏ ਕਦਮਾਂ ਦਾ ਜ਼ਿਕਰ ਕਰਦਾ ਹੈ। ਇਸਲਾਮ ਵਿੱਚ ਵੀ ਏਸੇ ਤਰ੍ਹਾਂ ਤਰੀਕਤ, ਹਕੀਕਤ, ਮਾਰਫ਼ਿਤ ਆਦਿ ਅਵਸਥਾਵਾਂ ਦਾ ਵੇਰਵਾ ਹੈ। ਜਿਨ੍ਹਾਂ ਨੂੰ ਪਾਰ ਕਰਦਾ ਹੋਇਆ ਸਾਧਕ ਪਰਮ ਸੱਚ ਦਾ ਸਾਖਿਆਤਕਾਰ ਕਰਦਾ ਹੈ।"[161] ਹਰੇਕ ਧਰਮ ਨੇ ਅਧਿਆਤਮਿਕ ਸਾਧਨਾ ਅਤੇ ਲਕਸ਼ ਦੀ ਪ੍ਰਾਪਤੀ ਲਈ ਅਲੱਗ-ਅਲੱਗ ਰਾਸਤੇ ਵਿਖਾਏ ਹਨ। "ਗੁਰੂ ਨਾਨਕ ਦੇਵ ਨੇ ਜਪੁਜੀ ਵਿੱਚ ਪੰਜ ਖੰਡਾਂ ਦੇ ਰੂਪ ਵਿੱਚ ਅਧਿਆਤਮਿਕ ਸਾਧਨਾ ਦੇ ਮਾਰਗ ਦਾ ਜੋ ਵਰਣਨ ਕੀਤਾ ਹੈ। ਉਹ ਸਿਧਾਂਤਕ ਅਤੇ ਵਿਵਹਾਰਕ ਪੱਖ ਤੋਂ ਬਹੁਤ ਹੀ ਮਹੱਤਵਪੂਰਨ

---

159 ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1995, ਪੰਨਾ 77

160 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921

161 ਡਾ. ਜੋਧ ਸਿੰਘ, ਸਿੱਖ ਸਿਧਾਂਤ ਸਰੂਪ ਤੇ ਸਮਰੱਥਾ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1991, ਪੰਨਾ 188

ਹੈ।"[162] ਇਹ ਪੰਜ ਪੜਾਅ ਹਨ ਜਿਨ੍ਹਾਂ ਵਿਚੋਂ ਦੀ ਗੁਜਰਦਾ ਹੋਇਆ ਸਾਧਕ ਅਧਿਆਤਮਿਕ ਸਫਰ ਤੈਅ ਕਰਕੇ ਆਪਣੇ ਲਕਸ਼ ਨੂੰ ਪ੍ਰਾਪਤ ਕਰਦਾ ਹੈ। ਪਹਿਲਾ ਪੜਾਅ ਧਰਮ-ਖੰਡ ਦਾ ਹੈ।

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥
ਧਰਮ ਖੰਡ ਕਾ ਏਹੋ ਧਰਮੁ॥[163]

ਇਸ ਖੰਡ ਵਿੱਚ ਅਨੇਕਾਂ ਕੁਦਰਤੀ ਸ਼ਕਤੀਆਂ ਜਿਵੇਂ ਕਿ ਰਾਤਾਂ, ਰੁੱਤਾਂ, ਥਿਤੀ, ਵਾਰ, ਪਵਨ, ਪਾਣੀ, ਅਗਨੀ, ਪਾਤਾਲ, ਆਦਿ ਦਾ ਵਰਣਨ ਕਰਕੇ ਦੱਸਿਆ ਗਿਆ ਹੈ ਕਿ ਇਹ ਸਾਰੀਆਂ ਸ਼ਕਤੀਆਂ ਕੁਦਰਤੀ ਨਿਯਮਾਂ ਅਨੁਸਾਰ ਕੰਮ ਕਰ ਰਹੀਆਂ ਹਨ। ਪਰਮਾਤਮਾ ਦੁਆਰਾ ਸਿਰਜੀ ਧਰਤੀ ਰੂਪੀ ਧਰਮਸਾਲ ਵਿੱਚ ਅਨੇਕਾਂ ਪ੍ਰਕਾਰ ਦੇ ਜੀਵ-ਜੰਤੂ ਹਨ ਜੋ ਕੁਦਰਤੀ ਨਿਯਮਾਂ ਅਧੀਨ ਹਨ। "ਪਰਮਾਤਮਾ ਨੇ ਸਾਰੀ ਕੁਦਰਤ (ਸੂਰਜ, ਚੰਨ, ਤਾਰੇ, ਦਰਿਆ, ਬੂਟੇ, ਰੁੱਤਾਂ) ਨੂੰ ਨਿਯਮਾਂ ਵਿੱਚ ਬੱਧਾ ਹੋਇਆ ਹੈ। ਧਰਮ ਸਾਨੂੰ ਕਹਿੰਦਾ ਹੈ ਅਸੀਂ ਵੀ ਨਿਯਮਾਂ ਵਿੱਚ ਬੱਝ ਕੇ ਰਹੀਏ। ਜਿਵੇਂ ਅਸੀਂ ਅੰਮ੍ਰਿਤ ਵੇਲ਼ੇ ਉਠੀਏ, ਰੋਜ਼ ਨਹਾਈਏ, ਸਾਫ-ਸੁਥਰੇ ਰਹੀਏ, ਵਕਤ ਸਿਰ ਕੰਮ ਕਰੀਏ। ਇਉਂ ਮਨੁੱਖ ਦਾ ਧਰਮ ਹੈ ਚੰਗੇ ਕੰਮਾਂ ਦੇ ਨਿਯਮਾਂ ਵਿੱਚ ਬੱਝਣਾ ਜਾਂ ਉਨ੍ਹਾਂ

[162] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2008, ਪੰਨਾ 119

[163] ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ ਸਾਹਿਬ, ਪਉੜੀ 34

ਨਿਯਮਾਂ ਨੂੰ ਧਾਰਨ ਕਰ ਲੈਣਾ।"[164] ਇਸ ਪੜਾਅ ਵਿੱਚ ਕਾਰਨ-ਕਾਰਜ ਦੇ ਨਿਯਮ ਨੂੰ ਵੀ ਪੇਸ਼ ਕੀਤਾ ਗਿਆ ਹੈ ਜਿਸ ਅਨੁਸਾਰ ਸੰਸਾਰ ਵਿੱਚ ਹੋ ਰਹੇ ਹਰੇਕ ਕਾਰਜ ਦਾ ਕੋਈ ਨਾ ਕੋਈ ਕਾਰਨ ਹੈ ਅਤੇ ਉਸ ਕਾਰਜ ਜਾਂ ਕੰਮ ਦੇ ਅੱਗੇ ਫਲ਼ ਵੀ ਮਿਲਦੇ ਹਨ। "ਧਰਤੀ ਤੋਂ ਬਾਹਰ ਅਤੇ ਧਰਤੀ ਦੀਆਂ ਸਾਰੀਆਂ ਨਿਰਜੀਵ ਅਤੇ ਜੀਵਤ ਵਸਤਾਂ, ਜੀਵ ਜੰਤੂ, ਮਨੁੱਖ ਸਾਰੇ ਪਰਮਾਤਮਾ ਦੇ ਬਣਾਏ ਇਸ ਨਿਯਮ ਦੇ ਅਧੀਨ ਹਨ। ਇਹ ਕਾਰਨ-ਕਾਰਜ ਦਾ ਨਿਯਮ ਹੀ ਕਰਮ-ਫਲ਼ ਅਤੇ ਕਰਮ-ਪ੍ਰਤੀਕਰਮ ਦੇ ਨਿਯਮ ਦਾ ਅਧਾਰ ਹੈ। ਕਾਰਨ-ਕਾਰਜ ਦੇ ਨਿਯਮ ਅਨੁਸਾਰ ਹਰ ਘਟਨਾ ਦਾ ਕੋਈ ਵਿਸ਼ੇਸ਼ ਕਾਰਨ ਹੁੰਦਾ ਹੈ ਅਤੇ ਸਮਾਨ ਪਰਸਥਿਤੀਆਂ ਵਿੱਚ ਖਾਸ ਪ੍ਰਕਾਰ ਦੀ ਕਿਰਿਆ ਦਾ ਕੋਈ ਖਾਸ ਨਤੀਜਾ ਹੁੰਦਾ ਹੈ।"[165] ਮਨੁੱਖ ਆਪਣੇ ਜੀਵਨ ਕਾਲ ਦੌਰਾਨ ਜੋ ਵੀ ਕਰਮ ਕਰਦਾ ਹੈ, ਉਸ ਦੇ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ ਅਤੇ ਉਸ ਦੁਆਰਾ ਕੀਤੇ ਜਾ ਰਹੇ ਕਰਮਾਂ ਦਾ ਫਲ਼ ਵੀ ਉਸ ਨੂੰ ਜ਼ਰੂਰ ਮਿਲਦਾ ਹੈ।

ਜੈਸਾ ਕਰੇ ਸੁ ਤੈਸਾ ਪਾਵੈ॥
ਆਪਿ ਬੀਜਿ ਆਪੇ ਹੀ ਖਾਵੈ॥[166]

ਗੁਰੂ ਸਾਹਿਬ ਨੇ ਇਸ ਖੰਡ ਵਿੱਚ ਮਨੁੱਖ ਨੂੰ ਨੈਤਿਕ ਮਰਿਯਾਦਾ ਦੇ ਆਧਾਰ ਤੇ ਕਰਤੱਵ ਕਰਨ ਦਾ ਉਪਦੇਸ਼ ਦਿੱਤਾ। "ਗੁਰੂ ਨਾਨਕ ਅਕਾਲ ਪੁਰਖ ਦੇ ਨਿਰਣਾਇਕ ਗੁਣ ਉੱਤੇ ਜ਼ੋਰ ਦੇ ਕੇ ਆਪਣੇ ਪਾਠਕਾਂ ਨੂੰ ਚੇਤੰਨ ਕਰਨਾ ਚਾਹੁੰਦੇ ਹਨ ਕਿ ਹਰ ਜੀਵ ਦਾ ਹਰ ਕਰਮ ਦੈਵੀ ਕਸਵੱਟੀ ਉੱਤੇ ਪਰਖਿਆ ਜਾਂਦਾ ਹੈ। ਕਰਮਾਂ ਦੀ ਪਰਖ ਦੀ ਆਵੱਸ਼ਕਤਾ ਦਾ ਪ੍ਰਭਾਵ ਪਾਉਣਾ ਧਰਮ ਖੰਡ ਦੀ ਵਿਉਂਤ ਦਾ ਇੱਕ ਵੱਡਾ ਉਦੇਸ਼ ਹੈ। ਕਰਮਾਂ ਦੀ ਪਰਖ ਦੀ ਆਵੱਸ਼ਕਤਾ ਦਾ ਵਿਚਾਰ ਦ੍ਰਿੜ ਕਰਵਾ ਕੇ ਗੁਰੂ ਨਾਨਕ ਨੇਕ ਕਰਮਾਂ ਨੂੰ ਅਪਣਾਉਣ ਤੇ ਬੁਰੇ ਕਰਮਾਂ ਤੋਂ ਬਚਣ ਦੀ ਪ੍ਰੇਰਨਾ ਭੀ ਦੇਣੀ ਚਾਹੁੰਦੇ ਹਨ।"[167] ਇਸ ਪੜਾਅ ਤੇ ਮਨੁੱਖ ਮਰਿਆਦਾ ਵਿੱਚ ਰਹਿਣਾ ਸਿੱਖਦਾ ਹੈ ਅਤੇ ਗਲਤ ਸਹੀ ਦੀ ਸਮਝ ਨੂੰ ਸਾਹਮਣੇ ਰੱਖ ਕੇ ਕਰਮ ਕਰਦਾ ਹੈ। "ਇਹ ਨਿਯਮਾਂ

[164] ਡਾ. ਪਰਮਿੰਦਰਜੀਤ ਕੌਰ, ਸਿੱਖ ਧਰਮ ਦੇ ਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸਨਜ਼, ਦਿੱਲੀ, 2011 ਪੰਨਾ 9-10

[165] ਉਹੀ, ਪੰਨ 121

[166] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 662

[167] ਡਾ. ਰਾਮ ਸਿੰਘ, ਜਪੁਜੀ ਦੇ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 4

ਦੀ ਸੂਝ ਦਾ ਮੰਡਲ ਹੈ। ਇੱਥੇ ਪੁੰਨ-ਪਾਪ ਦੀ ਤਮੀਜ਼ ਜ਼ਰੂਰੀ ਹੈ। ਇਸ ਤਮੀਜ਼ ਅਨੁਸਾਰ ਚੰਗਿਆਂ ਮੰਦਿਆਂ ਨੂੰ ਆਪਣੇ ਕਰਮਾਂ ਦੇ ਫਲ ਭੁਗਤਣੇ ਪੈਂਦੇ ਹਨ। ਸ੍ਰਿਸ਼ਟੀ ਨੂੰ ਤੱਕਣ ਦਾ ਤੇ ਸਮਝਣ ਦਾ ਇਹ ਸਾਧਾਰਣ ਪਰ ਜ਼ਰੂਰੀ ਨਜ਼ਰੀਆ ਹੈ।"[168] ਇਸ ਸੰਸਾਰ ਵਿੱਚ ਮਨੁੱਖ ਜੋ ਵੀ ਕਰਮ ਕਰਦਾ ਹੈ ਉਸ ਨੂੰ ਉਸ ਦਾ ਫਲ਼ ਜ਼ਰੂਰ ਮਿਲਦਾ ਹੈ। ਮਨੁੱਖ ਨੇ ਚੇਤਨ ਤੌਰ ਤੇ ਚੰਗੇ ਅਤੇ ਮਾੜੇ, ਨੈਤਿਕਤਾ ਅਤੇ ਅਨੈਤਿਕਤਾ ਤੇ ਵਿਚਾਰ ਕਰਕੇ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਆਪਣੇ ਕਰਤੱਵਾਂ ਦਾ ਪਾਲਣ ਕਰਨਾ ਹੈ। ਉਸ ਦੁਆਰਾ ਕੀਤੇ ਕਰਮਾਂ ਦੇ ਆਧਾਰ ਤੇ ਉਸ ਦਾ ਆਚਰਣ ਅਤੇ ਉਸ ਦੀ ਸ਼ਖ਼ਸੀਅਤ ਬਣਦੀ ਹੈ। ਇਸ ਖੰਡ ਵਿੱਚ ਕਰਮਾਂ ਦੀ ਮਹੱਤਤਾ ਦੱਸੀ ਗਈ ਹੈ ਅਤੇ ਮਨੁੱਖ ਨੂੰ ਚੰਗੇ ਕਰਮ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। "ਸਿੱਖ ਧਰਮ ਵਿੱਚ ਸ਼ੁਭ ਕਰਮ ਕਮਾਉਣ ਅਤੇ ਭੈੜੇ ਕਰਮ ਤਿਆਗਣ ਵੱਲ ਬਹੁਤ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਸ਼ੁਭ ਕਰਮਾਂ ਰਾਹੀਂ ਹੀ ਇਨਸਾਨ ਉੱਚੀ ਅਧਿਆਤਮਿਕ ਅਵਸਥਾ ਵਿੱਚ ਪਹੁੰਚ ਕੇ ਇਲਾਹੀ ਅਨੰਦ ਮਾਣ ਸਕਦਾ ਹੈ। ਇਨਸਾਨ ਇਸ ਧਰਤੀ 'ਤੇ ਕਰਮ ਕਮਾਉਣ ਲਈ ਹੀ ਆਇਆ ਹੈ ਜਿਸ ਦੇ ਕੀਤਿਆਂ ਉਹ ਆਪਣੇ ਅਸਲ ਮਨੋਰਥ (ਪ੍ਰਭੂ ਪ੍ਰਾਪਤੀ) ਨੂੰ ਪੂਰਾ ਕਰ ਸਕੇ। ਇਸੇ ਕਾਰਨ ਗੁਰਬਾਣੀ ਨੇ ਧਰਤੀ ਨੂੰ ਧਰਮਸਾਲ਼ ਵੀ ਆਖਿਆ ਹੈ।"[169] ਗੁਰਮਤਿ ਅਨੁਸਾਰ ਇਹ ਧਰਤੀ ਮਨੁੱਖ ਲਈ 'ਧਰਮ' ਕਮਾਉਣ ਦਾ ਸਥਾਨ ਹੈ। ਇਸ ਧਰਤੀ ਉੱਤੇ ਕਈ ਜੁਗਤੀਆਂ ਅਤੇ ਰੰਗਾਂ ਦੇ ਜੀਵ ਵਸਦੇ ਹਨ। ਜਿਨ੍ਹਾਂ ਦੇ ਅਨੇਕਾਂ ਤੇ ਅਣਗਿਣਤ ਹੀ ਨਾਮ ਹਨ। ਇਸ ਧਰਮਸ਼ਾਲ ਰੂਪੀ ਧਰਤੀ ਉੱਤੇ ਮਨੁੱਖੀ ਕਰਮਾਂ ਨੂੰ ਫਲ਼ ਦਾ ਅਧਾਰ ਬਣਾਇਆ ਹੈ। ਇਸ ਧਰਤੀ ਨੂੰ ਧਰਮਸਾਲ ਕਹਿ ਕੇ ਗੁਰੂ ਸਾਹਿਬ ਨੇ ਕਰਮਾਂ ਦੀ ਮਹੱਤਤਾ ਨੂੰ ਦ੍ਰਿੜ ਕਰਵਾਇਆ ਹੈ, ਜਿਸ ਅਨੁਸਾਰ ਮਨੁੱਖੀ ਕਰਮਾਂ ਦੇ ਆਧਾਰ ਤੇ ਹੀ ਉਸ ਨੂੰ ਫਲ਼ ਮਿਲਣਾ ਹੈ। "ਗੁਰਬਾਣੀ ਵਿੱਚ ਵਾਸਨਾਵਾਂ ਤੋਂ ਹਟ ਕੇ ਸ਼ੁਭ ਕਰਮਾਂ ਉੱਤੇ ਬਾਰ ਬਾਰ ਬਲ ਦਿੱਤਾ ਗਿਆ ਹੈ। ਇਨ੍ਹਾਂ ਨੂੰ ਅਧਿਆਤਮਿਕ ਕਰਮ ਦਾ ਨਾਂ ਵੀ ਦਿੱਤਾ ਗਿਆ ਹੈ। ਅਜਿਹੇ ਕਰਮ ਕਰਨ ਲਈ ਜਿਸ ਖੇਤਰ ਦੀ ਲੋੜ ਹੈ, ਉਹ ਇਹ ਜਗਤ ਹੀ ਹੈ। ਇਹ ਮਨੁੱਖ ਦੇ

---

[168] ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 443

[169] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 36-37

ਅਧਿਆਤਮਿਕ ਸੁਧਾਰ ਲਈ ਕਰਮ-ਭੂਮੀ ਹੈ।"[170] ਮਨੁੱਖੀ ਵਾਸ਼ਨਾਵਾਂ ਉਸ ਨੂੰ ਪਦਾਰਥਕ ਪ੍ਰਾਪਤੀ ਵੱਲ ਤੋਰਦੀਆਂ ਹੋਈਆਂ ਅਲੱਗ-ਅਲੱਗ ਤਰ੍ਹਾਂ ਦੇ ਕਰਮ ਕਰਨ ਲਈ ਉਕਸਾਉਂਦੀਆਂ ਹਨ, ਜਿਨ੍ਹਾਂ ਨੂੰ ਕਰਨ ਸਮੇਂ ਮਨੁੱਖ ਦੀ ਸੋਚ ਸਿਰਫ਼ ਤੇ ਸਿਰਫ਼ ਆਪਣੀਆਂ ਲਾਲਸਾਵਾਂ ਦੀ ਪੂਰਤੀ ਨਾਲ਼ ਹੀ ਜੁੜੀ ਹੁੰਦੀ ਹੈ। ਉਸ ਸਮੇਂ ਉਹ ਕਰਮਾਂ ਦੇ ਚੰਗੇ ਜਾਂ ਮਾੜੇ ਹੋਣ ਵੱਲ ਧਿਆਨ ਨਹੀਂ ਦਿੰਦਾ। ਇਸ ਲਈ ਗੁਰਮਤਿ ਮਨੁੱਖ ਨੂੰ ਵਾਸ਼ਨਾਵਾਂ ਨੂੰ ਕਾਬੂ ਵਿੱਚ ਕਰਕੇ ਚੰਗੇ ਕਰਮ ਕਰਨ ਲਈ ਪ੍ਰੇਰਦੀ ਹੈ। "ਕਰਮ ਦਾ ਅਰਥ ਹੈ ਕੋਈ ਕੰਮ ਕਰਨਾ। ਕਰਮ ਦੇ ਸਿਧਾਂਤ ਨੂੰ ਕਿਸੇ ਕੰਮ ਅਤੇ ਉਸ ਕੰਮ ਦੇ ਫ਼ਲ ਦੇ ਨਾਲ਼ ਜੋੜ ਕੇ ਦੇਖਿਆ ਗਿਆ ਹੈ।"[171] ਇਸ ਲਈ ਮਨੁੱਖ ਨੂੰ ਉਹ ਕਰਮ ਕਰਨੇ ਚਾਹੀਦੇ ਹਨ ਜਿਹੜੇ ਸਦਾਚਾਰ ਅਤੇ ਨੈਤਿਕਤਾ ਦੇ ਮਾਰਗ ਤੇ ਲੈ ਕੇ ਜਾਂਦੇ ਹਨ ਅਤੇ ਸਚਿਆਰੇਪਣ ਅਤੇ ਪ੍ਰਭੂ ਦੀ ਨਦਰਿ ਪ੍ਰਾਪਤੀ ਵਿੱਚ ਸਹਾਈ ਹੁੰਦੇ ਹਨ।

ਮਨੁੱਖ ਦੁਆਰਾ ਕੀਤੇ ਜਾਂਦੇ ਕਰਮ ਦੋ ਤਰ੍ਹਾਂ ਦੇ ਹੋ ਸਕਦੇ ਹਨ ਅੰਦਰੂਨੀ ਅਤੇ ਬਾਹਰੀ ਕਰਮ। ਬਾਹਰੀ ਕਰਮ ਸਰੀਰ ਦੁਆਰਾ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਲਈ ਕੀਤੀਆਂ ਗਈਆਂ ਕਿਰਿਆਵਾਂ ਹੁੰਦੀਆਂ ਹਨ। ਜਦਕਿ ਅੰਦਰੂਨੀ ਕਰਮਾਂ ਦਾ ਸੰਬੰਧ ਮਨੁੱਖੀ ਸੋਚ ਅਤੇ ਆਤਮਿਕ ਸਥਿਤੀਆਂ ਨਾਲ਼ ਹੁੰਦਾ ਹੈ। ਸਬਰ, ਸੰਤੋਖ, ਦਇਆ, ਧੀਰਜ, ਸਹਿਜਤਾ, ਨਿਮਰਤਾ, ਧਿਆਨ, ਪ੍ਰੇਮ ਅਤੇ ਦਿਆਲਤਾ, ਆਦਿ ਅੰਦਰੂਨੀ ਕਰਮਾਂ ਦੀ ਸ੍ਰੇਣੀ ਵਿੱਚ ਆਉਂਦੇ ਹਨ। ਇਨ੍ਹਾਂ ਅੰਦਰੂਨੀ ਕਰਮਾਂ ਦੀ ਨੁਮਾਇਸ਼ ਨਹੀਂ ਕੀਤੀ ਜਾ ਸਕਦੀ, ਪ੍ਰੰਤੂ ਇਨ੍ਹਾਂ ਦਾ ਪ੍ਰਭਾਵ ਮਨੁੱਖੀ ਸ਼ਖ਼ਸੀਅਤ ਵਿੱਚ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਸਮਾਜ ਵਿਚਲੀਆਂ ਮੁਸ਼ਕਿਲਾਂ ਦੇ ਆਧਾਰ ਤੇ ਇਹੀ ਸਿੱਟਾ ਕੱਢਿਆ ਹੈ ਕਿ ਸਮਾਜ ਵਿੱਚ ਰਹਿੰਦੇ ਹੋਏ ਮਨੁੱਖ ਦੇ ਕਰਮ ਹੀ ਉਸ ਲਈ ਚੰਗੇ ਅਤੇ ਬੁਰੇ ਮਾਰਗ ਦਾ ਰਾਸਤਾ ਖੋਲ੍ਹਦੇ ਹਨ। ਮਨੁੱਖ ਦੇ ਕਰਮ ਹੀ ਉਸ ਲਈ ਦੁੱਖ ਅਤੇ ਸੁੱਖ ਦਾ ਕਾਰਨ ਬਣਦੇ ਹਨ, ਅਜਿਹੇ ਕਰਮ ਮਨੁੱਖ ਲਈ ਨਿਰਾਰਥਕ ਹਨ ਜੋ ਉਸ ਨੂੰ ਵਾਸਤਵਿਕਤਾ ਤੋਂ ਦੂਰ ਲੈ ਕੇ ਜਾਂਦੇ ਹਨ। ਉਹ ਦੁਨੀਆਂ ਵਿੱਚ ਬੇਈਮਾਨੀ, ਝੂਠ, ਭ੍ਰਿਸ਼ਟਾਚਾਰ, ਅਨੈਤਿਕ ਢੰਗ ਨਾਲ਼ ਧਨ-ਦੌਲਤ, ਸ਼ਾਨੋ-ਸ਼ੌਹਰਤ, ਪਦਾਰਥਕ ਸੁੱਖ-ਸਹੂਲਤਾਂ ਤਾਂ ਪ੍ਰਾਪਤ ਕਰ ਲੈਂਦਾ ਹੈ। ਲੇਕਿਨ ਉਹ ਆਪਣੇ ਜੀਵਨ ਦੇ ਮਕਸਦ

[170] ਡਾ. ਗੁਰਸ਼ਰਨ ਕੌਰ, ਜੱਗੀ, ਗੁਰਮਤਿ ਵਿਚਾਰਧਾਰਾ, ਗੁਰਮਤਿ ਪ੍ਰਕਾਸ਼ਨ, ਪਟਿਆਲ਼ਾ, 2007, ਪੰਨਾ 19

[171] ਹਰਦੇਵ ਸਿੰਘ, ਸਿੱਖੀ ਦਾ ਦਰਸ਼ਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ 97

ਤੋਂ ਦੂਰ ਚਲਾ ਜਾਂਦਾ ਹੈ। "ਹਰ ਮਨੁੱਖ ਨੂੰ ਆਪਣੀ ਹਉਮੈਂ ਅਧੀਨ ਕੀਤੇ ਹੋਏ ਕਰਮਾਂ ਦਾ ਲੇਖਾ ਅੰਤ ਅਕਾਲ-ਪੁਰਖ ਦੇ ਹੁਕਮ ਵਿੱਚ ਭੁਗਤਣਾ ਹੀ ਪੈਂਦਾ ਹੈ।"[172] ਇਸ ਕਰਕੇ ਅਜਿਹੇ ਦੁਨਿਆਵੀ ਕਰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਜੋ ਮਨੁੱਖ ਲਈ ਸਕਾਰਥੇ ਹਨ ਅਤੇ ਉਸ ਨੂੰ ਪਰਮਸਤਿ ਦੇ ਮਾਰਗ ਤੇ ਲੈ ਕੇ ਜਾਂਦੇ ਹਨ। ਗੁਰਮਤਿ ਅਨੁਸਾਰ ਇੱਥੇ ਨਬੇੜਾ ਸੱਚ ਅਤੇ ਸਦਾਚਾਰਕ ਗੁਣਾਂ ਦੇ ਆਧਾਰ ਤੇ ਹੀ ਹੋਣਾ ਹੈ।

ਉਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥

ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥[173]

ਸਮਾਜ ਵਿੱਚ ਮਨੁੱਖ ਦੁਆਰਾ ਕੀਤੇ ਚੰਗੇ ਜਾਂ ਬੁਰੇ ਕਾਰਜ ਦੂਜਿਆਂ ਨੂੰ ਵੀ ਅਜਿਹੇ ਰਾਹ ਤੇ ਚੱਲਣ ਲਈ ਉਕਸਾਉਂਦੇ ਹਨ। ਮਨੁੱਖ ਜੇਕਰ ਗਲਤ ਕਰਮ ਕਰਦਾ ਹੈ ਜਾਂ ਸਿਰਫ ਆਪਣੇ ਫਾਇਦੇ ਨੂੰ ਧਿਆਨ ਵਿੱਚ ਰੱਖ ਕੇ ਬੇਈਮਾਨੇ ਦੇ ਰਾਸਤੇ ਉਤੇ ਚੱਲਦਾ ਹੈ ਤਾਂ ਕਈ ਹੋਰ ਵਿਅਕਤੀ ਉਸ ਦੀ ਦੇਖਾ-ਦੇਖੀ ਗਲਤ ਰਾਹ ਅਖ਼ਤਿਆਰ ਕਰ ਲੈਂਦੇ ਹਨ। ਇਸ ਦੇ ਉਲਟ ਜੇਕਰ ਮਨੁੱਖ ਸੱਚਾਈ ਦੇ ਜਾਂ ਧਰਮ ਦੇ ਰਾਸਤੇ ਉਤੇ ਚੱਲ ਕੇ ਚੰਗੇ ਕਰਮ ਕਰਦਾ ਹੈ ਤਾਂ ਬਹੁਤ ਸਾਰੇ ਮਨੁੱਖ ਉਸ ਤੋਂ ਪ੍ਰੇਰਿਤ ਹੋ ਕੇ ਚੰਗਾ ਰਾਸਤਾ ਵੀ ਫੜ ਲੈਂਦੇ ਹਨ। "ਅਸਲ ਵਿੱਚ ਗੁਰੂ ਸਾਹਿਬ ਦੁਆਰਾ ਦੱਸਿਆ ਕਰਮ ਸਿਧਾਂਤ ਸਮਾਜਿਕ ਤੇ ਨੈਤਿਕ ਮਹੱਤਵ ਵਾਲ਼ਾ ਸਿਧਾਂਤ ਹੈ। ਗੁਰੂ ਸਾਹਿਬ ਦਾ ਸੰਤ, ਗਿਆਨੀ ਜਾਂ ਗੁਰਮੁਖ ਜੋਗੀਆਂ ਵਾਂਗ ਕੇਵਲ ਸਵੈ-ਸੀਮਿਤ ਘੇਰੇ ਵਿੱਚ ਰਹਿਣ ਵਾਲ਼ਾ ਵਿਅਕਤੀ ਨਹੀਂ ਸਗੋਂ ਅਜਿਹਾ ਕਰਮ-ਸ਼ੀਲ ਵਿਅਕਤੀ ਹੈ ਜੋ ਆਪ ਵੀ ਚੰਗੇ ਕਰਮਾਂ ਦਾ ਰਚਣਹਾਰਾ ਹੈ ਤੇ ਹੋਰਾਂ ਨੂੰ ਵੀ ਇਸ ਪਾਸੇ ਪ੍ਰੇਰਦਾ ਹੈ।"[174] ਪ੍ਰਭੂ ਦੀ ਨਦਰਿ ਸਦਕਾ ਇਨਸਾਨ ਚੰਗੇ ਕਰਮ ਕਰਦਾ ਹੋਇਆ ਸੱਚੇ ਮਾਰਗ ਦਾ ਰਾਹੀ ਬਣਕੇ ਦੂਜਿਆਂ ਲਈ ਵੀ ਰਾਹ ਦਸੇਰਾ ਬਣ ਜਾਂਦਾ ਹੈ। ਇਸ ਸੰਦਰਭ ਵਿੱਚ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਅਸੀਂ ਤਾਂ 'ਬੋਲ ਵਿਗਾੜ' ਹੁੰਦੇ ਹੋਏ ਕੁਸੈਲੇ ਬੋਲ

---

[172] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 37

[173] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463

[174] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 63

ਬੋਲਦੇ ਹਾਂ। ਮੰਦੇ ਚੰਗੇ ਕਰਮ ਕਰਦੇ ਹਾਂ ਪਰ ਉਹ ਪ੍ਰਭੂ ਜਦੋਂ ਸਾਡੇ ਕਰਮਾਂ ਦੀ ਪਰਖ ਕਰਨ ਲੱਗਦਾ ਹੈ ਤਾਂ ਉਹ ਬਖਸ਼ਿਸ਼ ਦੇ ਸਰੂਪ ਵਿੱਚ ਹੁੰਦਾ ਹੈ। ਕਿਉਂਕਿ ਅਸੀਂ ਉਸ ਦੀ ਕਿਰਤ ਹਾਂ, ਉਸ ਦੇ ਆਪਣੇ ਹਾਂ। ਉਸ ਦੇ ਹੁਕਮ ਅਨੁਸਾਰ ਵਿਚਰਨ ਵਾਲ਼ੇ ਹਾਂ। ਜੇਕਰ ਉਹ ਗੁੱਸੇ ਹੋਵੇਗਾ ਵੀ ਤਾਂ ਕਿਸ ਉਤੇ?

ਤੇਰੇ ਜੀਅ ਜੀਆ ਕਾ ਤੋਹਿ॥

ਕਿਸ ਕਉ ਸਾਹਿਬ ਆਵਹਿ ਰੋਹਿ॥

ਜੇ ਤੂ ਸਾਹਿਬ ਆਵਹਿ ਰੋਹਿ॥

ਤੂ ਉਨਾ ਕਾ ਤੇਰੇ ਓਹਿ॥

ਅਸੀ ਬੋਲ ਵਿਗਾੜ ਵਿਗਾੜਹ ਬੋਲ॥

ਤੂ ਨਦਰੀ ਅੰਦਰਿ ਤੋਲਹਿ ਤੋਲ॥[175]

ਜਦੋਂ ਮਨੁੱਖ ਸਮਾਜ ਵਿੱਚ ਰਹਿੰਦਾ ਹੋਇਆ ਹਰ ਸਮੇਂ ਪ੍ਰਭੂ ਭਉ ਤੇ ਭਾਉ ਵਿੱਚ ਰਹਿ ਕੇ ਉਸ ਪਰਮਾਤਮਾ ਨੂੰ ਆਪਣੇ ਅੰਗ-ਸੰਗ ਮਹਿਸੂਸ ਕਰਕੇ ਇਮਾਨਦਾਰੀ ਦੇ ਆਧਾਰ ਤੇ ਸੱਚੀ ਤੇ ਸੁੱਚੀ ਮਿਹਨਤ ਨਾਲ਼ ਲੋਕ ਭਲਾਈ ਨੂੰ ਸਾਮ੍ਹਣੇ ਰੱਖ ਕੇ ਕਰਮ ਕਰਦਾ ਹੈ ਤਾਂ ਉਸ ਪਰਮਾਤਮਾ ਦੀ 'ਨਦਰਿ' ਅਜਿਹੇ ਮਨੁੱਖ' ਤੇ ਸੁਭਾਵਿਕ ਹੀ ਬਣੀ ਰਹਿੰਦੀ ਹੈ। ਸੋ ਪ੍ਰਭੂ-ਪਰਮਾਤਮਾ ਦੇ ਦਰਬਾਰ ਵਿੱਚ ਮਨੁੱਖ ਦੁਆਰਾ ਕੀਤੇ ਕਰਮਾਂ ਦਾ ਲੇਖਾ-ਜੋਖਾ ਹੁੰਦਾ ਹੈ। ਮਨੁੱਖ ਨੂੰ ਉਸ ਦੁਆਰਾ ਕੀਤੇ ਕਰਮਾਂ ਦੇ ਆਧਾਰ ਤੇ ਫਲ਼ ਮਿਲਦਾ ਹੈ। ਸੋ ਮਨੁੱਖ ਨੂੰ ਉਸ ਦੁਆਰਾ ਕੀਤੇ ਕਰਮਾਂ ਦਾ ਫਲ਼ ਭੋਗਣਾ ਪੈਂਦਾ ਹੈ। ਕਰਮਾਂ ਅਨੁਸਾਰ ਹੀ ਇਹ ਸਰੀਰ ਮਿਲਦਾ ਹੈ ਤੇ ਉਸ ਪ੍ਰਭੂ ਦੀ ਨਦਰਿ ਨਾਲ਼ ਮਨੁੱਖ ਨੂੰ ਮੋਕਸ਼ ਦਾ ਰਾਸਤਾ ਮਿਲਦਾ ਹੈ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥[176]

ਜਿਸ ਮਨੁੱਖ ਉੱਤੇ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ ਉਸ ਨੂੰ ਪਹਿਲਾਂ ਇਹ ਸਮਝ ਪੈਂਦੀ ਹੈ ਕਿ ਮਨੁੱਖ ਇਸ ਧਰਤੀ ਤੇ ਆਪਣਾ ਫਰਜ਼ ਨਿਭਾਉਣ ਆਇਆ ਹੈ। ਜਿਹੜੇ ਮਨੁੱਖ ਪ੍ਰਭੂ ਦੀ ਮਿਹਰ ਸਦਕਾ ਆਪਣੇ

---

[175] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25

[176] ਉਹੀ, ਪੰਨਾ 2

ਮਕਸਦ ਨੂੰ ਪ੍ਰਾਪਤ ਕਰਦੇ ਹਨ ਉਹ ਪ੍ਰਭੂ ਦੀ ਹਜੂਰੀ ਵਿੱਚ ਆਦਰ ਪਾਉਂਦੇ ਹਨ। "ਮਨੁੱਖ ਦੀ ਅਧਿਆਤਮਿਕ ਪ੍ਰਗਤੀ ਵਿੱਚ ਇਹ ਪਹਿਲੀ ਅਵਸਥਾ ਹੈ ਜਿੱਥੇ ਉਹ ਆਪਣੇ ਫਰਜ਼ ਨੂੰ ਪਛਾਣਦਾ ਹੈ। ਇਸ ਪੜਾਅ ਵਿੱਚ ਮਨੁੱਖ ਆਪਣੇ ਧਰਮ ਨੂੰ ਸਮਝਦਾ ਹੈ। ਧਰਮ ਦੀ ਸੂਝ ਆਉਣ ਤੋਂ ਬਾਅਦ ਅਸਲੀ ਗਿਆਨ ਦੇ ਸਰੂਪ ਦੀ ਜਾਣਕਾਰੀ ਮਿਲਣ ਦੀ ਸੰਭਾਵਨਾ ਬਣ ਜਾਂਦੀ ਹੈ।"[177] ਇਸ ਅਵਸਥਾ ਵਿੱਚ ਮਨੁੱਖ ਨੂੰ ਉਸ ਦੇ ਫ਼ਰਜ਼ਾਂ ਦੀ ਸਮਝ ਹੋ ਜਾਣ ਨਾਲ਼ ਉਸ ਦੀ ਮਾਨਸਿਕਤਾ ਵਿਸ਼ਾਲ ਹੋ ਜਾਂਦੀ ਹੈ ਅਤੇ ਉਹ ਆਪਣੀ ਸੌੜੀ ਸੋਚ ਦੀ ਵਲੱਗਣ ਵਿੱਚੋਂ ਨਿੱਕਲ਼ ਕੇ ਵਿਸ਼ਾਲਤਾ ਦੇ ਸਾਗਰ ਵਿੱਚ ਤਾਰੀਆਂ ਲਾਉਂਦਾ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਦੀ ਪੈਂਤੀਵੀਂ ਪਉੜੀ ਵਿੱਚ ਫੁਰਮਾਉਂਦੇ ਹਨ:

ਗਿਆਨ ਖੰਡ ਕਾ ਆਖਹੁ ਕਰਮੁ॥

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥

ਤਿਥੈ ਨਾਦ ਬਿਨੋਦ ਕੋਡ ਅਨੰਦੁ॥[178]

---

[177] ਡਾ. ਜੋਧ ਸਿੰਘ, ਸਿੱਖ ਸਿਧਾਂਤ ਸਰੂਪ ਤੇ ਸਮਰੱਥਾ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1991, ਪੰਨਾ 193

[178] ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ ਸਾਹਿਬ, ਪਉੜੀ-35

ਅਧਿਆਤਮਿਕ ਸਾਧਨਾ ਦਾ ਅਗਲਾ ਪੜਾਅ ਗਿਆਨ ਖੰਡ ਦਾ ਹੈ। ਇਸ ਖੰਡ ਵਿੱਚ ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਪ੍ਰਭੂ ਰਚਨਾ ਦੀਆਂ ਅਨੇਕਾਂ ਡੂੰਘੀਆਂ ਪਰਤਾਂ ਵੱਲ ਮਨੁੱਖ ਦਾ ਧਿਆਨ ਦਿਵਾਇਆ ਗਿਆ ਹੈ। ਇਸ ਖੰਡ ਦੀ ਵਿਸ਼ੇਸ਼ਤਾ ਉੱਤਮ ਗਿਆਨ ਹੈ। "ਜਿਵੇਂ ਕਿ 1. ਉਚੇਰੀ ਜਾਣਕਾਰੀ 2. ਅੰਤਹਕਰਨ, ਜ਼ਮੀਰ 3. ਕੋਈ ਚੇਤਨ ਵਸਤੂ 4. ਬੁੱਧੀ ਤੱਤ ਦਾ ਇੱਕ ਵਿਕਾਸ-ਫਲ਼ 5. ਬੁੱਧੀ ਤੋਂ ਉਪਰਲੀ ਇੱਕ ਅਵਸਥਾ 6. ਚੇਤਨਾ ਦੀ ਇੱਕ ਉਚੇਰੀ ਅਵਸਥਾ 7. ਬਾਹਰਲੇ ਜੀਵਨ ਤੋਂ ਪੂਰਨ ਸੁਤੰਤਰਤਾ 8. ਮੋਖਸ਼ 9. ਬੁੱਧੀ, ਮਨ ਤੇ ਇੰਦ੍ਰੀਆਂ ਦੀ ਏਕਤਾ ਦਾ ਨਾਂ ਗਿਆਨ ਹੈ 10. ਜਾਣਨਾ, ਬੋਧ, ਸਮਝ, ਇਲਮ 11. ਵਿਦਿਆ, ਬ੍ਰਹਮ ਵਿਦਿਆ।"[179] ਇਸ ਗਿਆਨ ਤੋਂ ਭਾਵ ਇੰਦਰੀਆਂ ਦੁਆਰਾ ਪ੍ਰਾਪਤ ਹੋਇਆ ਪਦਾਰਥਕ ਜਾਂ ਸ੍ਰਿਸ਼ਟੀ ਦਾ ਗਿਆਨ ਨਹੀਂ ਹੈ ਬਲਕਿ ਇਹ ਤਾਂ ਅੰਤਰ ਮਨ ਵਿਚੋਂ ਪ੍ਰਾਪਤ ਹੋਇਆ ਗਿਆਨ ਹੈ। "ਇੰਦ੍ਰਿਆਵੀ ਗਿਆਨ ਅਤੇ ਤਰਕ ਨਾਲ਼ ਮਨ ਸਾਰੇ ਜਗਤ ਨੂੰ ਅਨੁਭਵ ਨਹੀਂ ਕਰ ਸਕਦਾ। ਅਸਲ ਗਿਆਨ ਅਨੁਭਵ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਅੰਤ੍ਰੀਵ ਮਨ ਵਿੱਚ ਗਿਆਨ ਖੰਡ ਦੇ ਪੱਧਰ ਤੇ ਕਈ ਤਰ੍ਹਾਂ ਦੇ ਨਾਦ ਤੇ ਸ਼ਬਦ, ਕਰੋੜਾਂ ਖੁਸ਼ੀਆਂ ਅਤੇ ਕਰੋੜਾਂ ਅਨੰਦ ਹਨ। ਇਹ ਸਭ ਇੰਦ੍ਰੀਆਂ ਦਾ ਵਿਸ਼ਾ ਨਾ ਹੋ ਕੇ ਅਨੁਭਵ ਦਾ ਵਿਸ਼ਾ ਹਨ ਜੋ ਪਰਮਾਤਮਾ ਦੀ ਅਨੰਤਤਾ ਨੂੰ ਦੇਖਣ ਨਾਲ਼ ਪ੍ਰਾਪਤ ਹੁੰਦਾ ਹੈ। ਪਰਮਾਤਮਾ ਦੀ ਅਨੰਤਤਾ ਦੀ ਤਰ੍ਹਾਂ ਇਸ ਨੂੰ ਜਾਣਨ ਵਾਲੇ ਮਨ ਦੇ ਅਨੰਦ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ।"[180] ਇਸ ਖੰਡ ਵਿੱਚ ਗੁਰੂ ਸਾਹਿਬ ਨੇ ਪਰਮਾਤਮਾ ਦੁਆਰਾ ਸਿਰਜੀ ਪੂਰੀ ਕਾਇਨਾਤ, ਪ੍ਰਕਿਰਤੀ ਦੀ ਅਨੰਤਤਾ ਦਾ ਅਦਭੁਤ ਦ੍ਰਿਸ਼ ਪੇਸ਼ ਕੀਤਾ ਹੈ। ਜਿੱਥੇ ਕਿੰਨੇ ਹੀ ਪਉਣ, ਪਾਣੀ, ਕਾਨ, ਮਹੇਸ਼, ਸੂਰਜ, ਚੰਦਰਮਾ, ਸਿੱਧ, ਬੁੱਧ, ਨਾਥ ਅਤੇ ਕਿੰਨੇ ਹੀ ਰਤਨਾਂ ਨਾਲ ਭਰੇ ਹੋਏ ਸਮੁੰਦਰ ਹਨ, ਜਿਨ੍ਹਾਂ ਦੀ ਵਿਸ਼ਾਲਤਾ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। "ਬੌਧਿਕ ਕੀਮਤਾਂ ਦਾ ਵਰਗ, ਜਿਸ ਵਿੱਚ ਗਿਆਨ ਸੰਬੰਧੀ ਕੀਮਤਾਂ ਸੰਮਿਲਤ ਸਮਝੀਆਂ ਜਾ ਸਕਦੀਆਂ ਹਨ ਜਿਨ੍ਹਾਂ ਰਾਹੀਂ ਮਨੁੱਖ ਪਸ਼ੂ-ਵਰਗ ਤੋਂ ਉਚੇਰਾ ਉੱਠਦਾ ਹੈ, ਕਿਉਂਕਿ ਉਸ ਨੂੰ ਮਨੁੱਖੀ ਜੀਵਨ, ਸ੍ਰਿਸ਼ਟੀ ਅਤੇ ਰਚਨਹਾਰ ਦੇ ਵਿਡਾਣ ਦੀ ਸੋਝੀ ਪ੍ਰਾਪਤ ਹੁੰਦੀ ਹੈ।"[181] ਪਰਮਾਤਮਾ ਦੇ ਇੰਨੇ ਵੱਡੇ ਪਸਾਰੇ ਨੂੰ ਵੇਖ ਕੇ ਮਨੁੱਖ

---

179 ਡਾ. ਰਾਮ ਸਿੰਘ, ਜਪੁਜੀ ਦੇ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 15

180 ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਪਟਿਆਲ਼ਾ, 2008, ਪੰਨਾ 123

181 ਜਸਵਿੰਦਰ ਕੌਰ ਢਿੱਲੋਂ, ਗੁਰੂ ਨਾਨਕ ਦੀ ਕੀਮਤ-ਮੀਮਾਂਸਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982, ਪੰਨਾ 12

ਵਿਸਮਾਦ ਵਿੱਚ ਆ ਕੇ ਉਸ ਦੇ ਗੁਣਾਂ ਦਾ ਗਾਣ ਕਰਦਾ ਹੈ। ਪਰਮਾਤਮਾ ਦੇ ਰਾਸਤੇ ਉੱਤੇ ਚੱਲਣ ਵਾਲੇ ਅਨੇਕਾਂ ਮਹਾਨ ਵਿਅਕਤੀਆਂ ਦੀਆਂ ਪ੍ਰਾਪਤੀਆਂ ਨੂੰ ਵੇਖ ਕੇ ਮਨੁੱਖ ਆਪਣੇ ਔਗੁਣਾਂ ਅਤੇ ਆਪਣੇ ਅੰਦਰਲੀਆਂ ਕਮੀਆਂ ਨੂੰ ਮਹਿਸੂਸ ਕਰਦਾ ਹੈ। "ਰੱਬ ਦੀ ਬੇਅੰਤਤਾ ਦੀ ਤੇ ਆਪਣੇ ਅਗਿਆਨ ਦੀ ਸੂਝ, ਬੰਦੇ ਨੂੰ ਏਸ ਸੂਰਤ ਦੀ ਉਡਾਰੀ ਨਾਲ ਏਸੇ ਗਿਆਨ ਖੰਡ ਵਿੱਚ ਆਉਂਦੀ ਹੈ। ਵਿਗਿਆਨਕ ਪਾਠਕ੍ਰਮ ਉੱਤੇ ਤਾਂ ਮਨ ਕਾਰਣ ਕਾਰਜ ਦੀ ਨਿਯਮਾਵਲੀ ਵਿੱਚ ਹੀ ਉਲਝਿਆ ਰਹਿੰਦਾ ਹੈ। ਇਸੇ ਦੂਜੇ ਖੰਡ ਵਿੱਚ ਉਹ ਉਤਾਂਹ ਉੱਠ ਕੇ ਬੇਅੰਤਤਾ ਨੂੰ ਮਹਿਸੂਸ ਕਰਦਾ ਹੈ ਤੇ ਵਿਸਮਾਦ ਵਿੱਚ ਆ ਕੇ ਹਉਮੈਂ ਨੂੰ ਤਿਆਗਦਾ ਤੇ ਨਾਮ ਵਾਲ਼ੇ ਪਾਸੇ ਕਦਮ ਚੁੱਕਦਾ ਹੈ।" [182]

ਜਦੋਂ ਮਨੁੱਖ ਪ੍ਰਭੂ ਦੁਆਰਾ ਸਿਰਜੀ ਇੰਨੀ ਵੱਡੀ ਕਾਇਨਾਤ ਅਤੇ ਉਸ ਦੀ ਸ਼ਕਤੀ ਬਾਰੇ ਗੰਭੀਰਤਾ ਨਾਲ਼ ਸੋਚਦਾ ਹੈ ਤਦ ਉਸ ਦੀ ਦ੍ਰਿਸ਼ਟੀ ਬਦਲਦੀ ਹੈ ਅਤੇ ਮਾਨਸਿਕਤਾ ਦਾ ਘੇਰਾ ਵਿਸ਼ਾਲ ਹੁੰਦਾ ਹੈ। "ਇੱਥੇ ਪਰਮਾਤਮਾ ਦੀ ਅਨੰਤਤਾ ਵੇਖ ਕੇ ਪਰਮਾਰਥੀ ਵਿਸਮਾਦ ਦਾ ਅਨੁਭਵ ਹੁੰਦਾ ਹੈ। ਪਰਮਾਤਮਾ ਦੀ ਵਿਸ਼ਾਲਤਾ ਅਤੇ ਉਸਦੇ ਰਾਹ ਤੇ ਚੱਲਣ ਵਾਲ਼ਿਆਂ ਦੀ ਮਹਾਨਤਾ ਅਤੇ ਗਿਣਤੀ ਦੇਖ ਕੇ ਵਿਅਕਤੀ ਦੇ ਆਪਣੇ ਮਨ ਦੀ ਸੰਕੀਰਨਤਾ, ਤੰਗ ਖਿਆਲੀ ਅਤੇ ਆਪਣੇ ਗੁਣਾਂ ਦੀ ਕਮੀ ਦਾ ਅਹਿਸਾਸ ਹੁੰਦਾ ਹੈ। ਇਸ ਨਾਲ਼ ਕੁਦਰਤੀ ਤੌਰ ਤੇ ਵਿਅਕਤੀ ਦੀ ਮਾਨਸਿਕਤਾ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ।"[183] ਜਿੱਥੇ ਉਹ ਆਪਣੇ ਆਪ ਵਿੱਚ ਅੰਦਰੂਨੀ ਬਦਲਾਅ ਮਹਿਸੂਸ ਕਰਦਾ ਹੈ, ਇਸ ਦੇ ਨਾਲ਼ ਹੀ ਉਸ ਦੇ ਆਚਰਣ ਅਤੇ ਵਿਵਹਾਰ ਵਿੱਚ ਵੀ ਤਬਦੀਲੀ ਆਉਂਦੀ ਹੈ। ਮਨੁੱਖ ਦੀ ਬਦਲੀ ਹੋਈ ਅੰਦਰਲੀ ਅਵਸਥਾ ਦਾ ਉਸ ਦੀ ਬਾਹਰੀ ਸ਼ਖ਼ਸੀਅਤ ਤੇ ਵੀ ਅਸਰ ਹੁੰਦਾ ਹੈ। ਗਿਆਨ ਖੰਡ ਦੀ ਅਧਿਆਤਮਿਕ ਸਾਧਨਾ ਨਾਲ਼ ਮਨੁੱਖ ਅੰਦਰ ਗਿਆਨ ਪ੍ਰਤੱਖ ਅਤੇ ਪ੍ਰਚੰਡ ਹੋ ਜਾਂਦਾ ਹੈ। "ਇਸ ਅਵਸਥਾ ਵਾਲਾ ਵਿਅਕਤੀ ਜਿੱਥੇ ਉਚੇਰੇ ਗਿਆਨ ਜਾਂ ਪਰਾ ਵਿਦਿਆ ਨਾਲ਼ ਭਰਪੂਰ ਹੁੰਦਾ ਹੈ, ਉੱਥੇ ਨਾਲ਼ ਹੀ ਨਾਲ਼ ਉਸ ਨੂੰ ਤੰਗ-ਦਿਲੀ ਅਤੇ ਹੰਕਾਰ ਦੇ ਥੋਥੇਪਣ ਦਾ ਵੀ ਪਤਾ ਲੱਗ ਚੁੱਕਿਆ ਹੁੰਦਾ ਹੈ। ਅਜਿਹੀ ਸੂਝ ਦੀ ਪ੍ਰਾਪਤੀ ਦੇ ਨਾਲ਼ ਹੀ ਕੂੜ ਦੀ ਕੰਧ ਢਹਿ ਜਾਂਦੀ ਹੈ।

---

[182] ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 444-445

[183] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਪਟਿਆਲ਼ਾ, 2008, ਪੰਨਾ 123

ਅਜਿਹਾ ਸੂਝਵਾਨ ਵਿਅਕਤੀ ਵਿਗਿਆਨਕ, ਸੱਭਿਆਚਾਰਕ ਅਤੇ ਅਧਿਆਤਮਿਕ ਪੱਖਾਂ ਵਿੱਚ ਇੱਕ ਸੁਖਾਵਾਂ ਸੁਮੇਲ ਕਰਨ ਵਿੱਚ ਸਫ਼ਲ ਹੁੰਦਾ ਹੈ। ਪਰਸਪਰ ਸਹਿਯੋਗ ਦੇ ਉਮਾਹ ਕਾਰਨ ਉਸ ਦੀ ਸ਼ਖ਼ਸੀਅਤ ਸਹਿਨਸ਼ੀਲ ਬਣਦੀ ਜਾਂਦੀ ਹੈ ਅਤੇ ਉਸ ਦਾ ਹਿਰਦਾ ਇੱਕ ਦੈਵੀ ਸੁੰਦਰਤਾ ਓਤੇ ਅਨੰਦਮਈ ਖੇੜੇ ਨਾਲ਼ ਭਰਪੂਰ ਹੋ ਜਾਂਦਾ ਹੈ।"[184] ਗਿਆਨ ਖੰਡ ਵਿੱਚ ਪ੍ਰਭੂ ਦੇ ਅਨੰਤ ਪਸਾਰੇ ਨੂੰ ਵੇਖ ਕੇ ਜਿੱਥੇ ਸਾਧਕ ਨੂੰ ਆਪਣੀ ਸੰਕੀਰਣ ਸੋਚ ਦਾ ਅਹਿਸਾਸ ਹੁੰਦਾ ਹੈ, ਉੱਥੇ ਉਸ ਦੇ ਦਿਲ ਅੰਦਰ ਪਰਮਾਤਮਾ ਦੀ ਵਿਸ਼ਾਲਤਾ ਪ੍ਰਤੀ ਪਿਆਰ ਦੀ ਚਿਣਗ ਜਾਗਦੀ ਹੈ। "ਜਿਨ੍ਹਾਂ ਨੂੰ ਕੁਦਰਤ ਵਿੱਚ ਵਿਆਪਕ ਕਰਤਾਰ ਦਾ ਅਨੁਭਵ ਹੁੰਦਾ ਹੈ।, ਉਨ੍ਹਾਂ ਦੇ ਅੰਦਰ ਇੱਕ ਹੋਰ ਪ੍ਰਤਿਕਰਮ ਪ੍ਰੇਮਾ-ਭਗਤੀ ਦਾ ਭੀ ਜਾਗਦਾ ਹੈ। ਸਾਧਾਰਨ ਪ੍ਰੇਮੀ ਪ੍ਰੀਤਮ ਦੀ ਸੁੰਦਰਤਾ ਦੀ ਖਿੱਚ ਪਾ ਕੇ ਉਸ ਨਾਲ ਪ੍ਰੇਮ ਦੇ ਰਿਸ਼ਤੇ ਵਿੱਚ ਪ੍ਰੋਤਾ ਜਾਂਦਾ ਹੈ। ਜਦ ਸਾਧਕ ਲਈ ਨਿਰੰਕਾਰ ਦੀ ਬੇਅੰਤਤਾ ਦਾ ਗੁਣ ਉਸ ਦੀ ਸੁੰਦਰਤਾ ਬਣ ਜਾਂਦਾ ਹੈ ਤਾਂ ਇਹ ਉਸ ਅੰਦਰ ਪਿਆਰ ਦੀਆਂ ਕਾਂਗਾਂ ਉਛਾਲਦਾ ਹੈ। ਗਿਆਨ-ਖੰਡ ਭਗਤੀ ਦੀ ਵਧੇਰੇ ਪੱਕਣ ਦੀ ਭੀ ਅਵਸਥਾ ਹੈ।"[185] ਅਧਿਆਤਮਿਕ ਸਾਧਨਾ ਦਾ ਇਸ ਤੋਂ ਅਗਲਾ ਪੜਾਅ ਸਰਮ-ਖੰਡ ਦਾ ਹੈ।

ਸਰਮ ਖੰਡ ਕੀ ਬਾਣੀ ਰੂਪੁ॥

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥

ਤਾ ਕੀਆ ਗਲਾ ਕਥੀਆ ਨਾ ਜਾਹਿ॥

ਜੇ ਕੋ ਕਹੈ ਪਿਛੈ ਪਛੁਤਾਇ॥

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥[186]

ਇਸ ਖੰਡ ਦੀ ਲੀਲਾ ਤਾਂ ਹੋਰ ਵੀ ਨਿਆਰੀ ਹੈ ਕਿਉਂਕਿ ਇਸ ਖੰਡ ਨੂੰ ਸੁੰਦਰਤਾ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਜਿੱਥੇ ਬੇਮਿਸਾਲ ਤਰੀਕੇ ਨਾਲ ਅਨੁਪਮ ਘਾੜਤਾਂ ਘੜੀਆਂ ਜਾਂਦੀਆਂ ਹਨ।

---

[184] ਡਾ. ਜੋਧ ਸਿੰਘ, ਸਿੱਖ ਸਿਧਾਂਤ ਸਰੂਪ ਤੇ ਸਮਰੱਥਾ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1991, ਪੰਨਾ 195

[185] ਡਾ. ਰਾਮ ਸਿੰਘ, ਜਪੁਜੀ ਦੇ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 24

[186] ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ ਸਾਹਿਬ, ਪਉੜੀ 36

"ਸਰਮ-ਖੰਡ ਵਿੱਚ ਉੱਨਤੀ ਸਿਖਰ ਤੇ ਪਹੁੰਚਦੀ ਹੈ ਪਰ ਹਉਮੈਂ ਨੂੰ ਮਾਰ ਮੁਕਾਉਣਾ ਬੜਾ ਕਠਿਨ ਸੰਗ੍ਰਾਮ ਹੈ। ਇਸੇ ਲਈ ਖੰਡ ਨੂੰ ਕਠਿਨ ਘਾਲ ਜਾਂ ਸ੍ਰਮ ਦਾ ਖੰਡ ਕਿਹਾ ਹੈ। ਸਾਧਕ ਦੇ ਅੰਤਰੀਵ ਵਿਅਕਤਿਤਵ ਦੀ ਨਵੀਨ ਘਾੜਤ ਇਸ ਮੰਡਲ ਵਿੱਚ ਹੁੰਦੀ ਹੈ।"[187] ਇਸ ਅਵਸਥਾ ਨੂੰ ਉੱਦਮ, ਮਿਹਨਤ, ਅਭਿਆਸ ਅਤੇ ਪਰਿਸ਼੍ਰਮ ਦਾ ਪੜਾਅ ਵੀ ਕਿਹਾ ਜਾਂਦਾ ਹੈ। "ਤੀਜਾ ਦਰਜਾ ਸਰਮ ਭਾਵ ਉੱਦਮ, ਮਿਹਨਤ ਦਾ ਹੈ ਜਿਸ ਵਿੱਚ ਘਾਲ ਤੇ ਸੁੰਦਰਤਾ ਦੀ ਪਰਧਾਨਤਾ ਹੈ ਅਤੇ ਮਨੁੱਖ ਦੀ ਸੁਰਤ ਘੜੀ ਜਾਂਦੀ ਹੈ ਤੇ ਉਹਨੂੰ ਨਵੀਂ ਜਾਗਰਤੀ ਆ ਜਾਂਦੀ ਹੈ।"[188] ਇਸ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ ਕਿ ਇੱਥੇ ਕੀ-ਕੀ ਹੁੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਅਵਸਥਾ ਨੂੰ ਬਿਆਨ ਕਰਨਾ ਅਸੰਭਵ ਹੈ। ਜੇ ਕੋਈ ਕਰਦਾ ਵੀ ਹੈ ਤਾਂ ਉਹ ਬਾਅਦ ਵਿੱਚ ਪਛਤਾਉਂਦਾ ਹੈ। ਇੱਥੇ ਸੁਰਤ, ਮਤ, ਮਨ, ਬੁੱਧ ਘੜੀ ਜਾਂਦੀ ਹੈ। "ਇਹ ਸੁੰਦਰਤਾ ਦੇ ਰੂਪ ਦਾ ਮੰਡਲ ਹੈ। ਅਫਲਾਤੂਨ ਦੇ ਕਹਿਣ ਵਾਂਗ (ਸਿੰਪੋਜ਼ੀਅਮ) ਅੰਤ ਨੂੰ ਮਨੁੱਖ ਨੂੰ ਅਜੇਹੀ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਜਿਸ ਦੁਆਰਾ ਉਹ ਹਰ ਇੱਕ ਵਸਤੂ ਦੀ ਲੁਕੀ ਹੋਈ ਸੁੰਦਰਤਾ ਨੂੰ ਤੱਕਦਾ ਹੈ ਤੇ ਇਹ ਸੁੰਦਰਤਾ ਦਾ ਗਿਆਨ ਹੀ ਸਾਰੇ ਗਿਆਨਾਂ ਦਾ ਸ਼ਿਰੋਮਣੀ ਗਿਆਨ ਹੈ, ਕਿਉਂਕਿ ਇਹ ਗਿਆਨ ਨਿਰਾ ਅੱਖਰੀ ਗਿਆਨ ਨਹੀਂ, ਇਹ ਅਮਲੀ ਗਿਆਨ ਵੀ ਹੈ। ਇਸ ਦੇ ਬਲ ਨਾਲ਼ ਬਹੁਤ ਅਨੂਪ ਘਾੜਤਾਂ ਘੜੀਆਂ ਜਾਂਦੀਆਂ ਹਨ। ਅਜਿਹੀਆਂ ਘਾੜਤਾਂ ਕਿ ਉਹ ਕਥਨੀ-ਬਦਨੀ ਤੋਂ ਬਾਹਰ ਹਨ।"[189] ਇੱਥੇ ਹੀ ਸਿੱਧਾਂ ਅਤੇ ਦੇਵਤਿਆਂ ਦੀਆਂ ਸਿੱਧੀਆਂ ਅਤੇ ਹੁਨਰ ਦਾ ਨਿਰਮਾਣ ਹੁੰਦਾ ਹੈ। ਇਸ ਖੰਡ ਵਿੱਚ ਸਾਧਕ ਵਿਸਮਾਦ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਜਦੋਂ ਮਨੁੱਖ ਪ੍ਰਭੂ ਦੁਆਰਾ ਪੈਦਾ ਕੀਤੀ ਕੁਦਰਤ ਦੀ ਅਨੰਤਤਾ ਨੂੰ ਵੇਖਦਾ ਹੈ ਤਾਂ ਉਹ ਵਿਸਮਾਦ ਵਿੱਚ ਆ ਜਾਂਦਾ ਹੈ। ਮਨੁੱਖ ਦਾ ਇਹ ਵਿਸਮਾਦਕ ਅਨੁਭਵ ਉਸ ਲਈ ਪ੍ਰਕਾਸ਼ ਦਾ ਕਾਰਨ ਬਣ ਜਾਂਦਾ ਹੈ। "ਇਸ ਪੜਾਅ ਤੇ ਪੁੱਜੇ ਵਿਅਕਤੀ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਮਤਿ, ਮਨ ਅਤੇ ਬੁੱਧੀ ਦੀ ਸਫਾਈ ਰਗੜਾਈ ਕਰਕੇ ਉਹ ਆਪਣੀ ਸੁਰਤਿ ਨੂੰ ਬਲਵਾਨ ਅਤੇ ਪਵਿੱਤਰ ਬਣਾਵੇ। ਅਜੋਕੇ ਸਮੇਂ ਦੇ ਮਹਾਨ ਗੁਰਸਿੱਖ ਭਾਈ ਵੀਰ ਸਿੰਘ ਸਿੱਖੀ ਦੀ ਭਾਵਨਾ ਨੂੰ ਸਾਹਮਣੇ ਰੱਖਦੇ ਹੋਇਆਂ ਇਹ ਕਹਿੰਦੇ ਹਨ: 'ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ, ਚੜ੍ਹਦੀ ਕਲਾ ਨਿਵਾਸ ਸਦ ਹੀ ਰਖਣਾ।' ਸਰਮ ਖੰਡ ਵਿੱਚ ਅੰਤਹਕਰਣ ਦੀ

[187] ਗੁਰਨਾਮ ਕੌਰ ਬੇਦੀ ਗੁਰਮਤਿ ਸੰਕਲਪ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1999, ਪੰਨਾ 67

[188] ਪ੍ਰੋ. ਹਰਨਾਮ ਸਿੰਘ, ਸ਼ਾਨ, ਗੁਰੂ ਨਾਨਕ ਦਾ ਸ਼ਾਹਕਾਰ, ਜਪੁਜੀ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1990, ਪੰਨਾ 109

[189] ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 445

ਘਾੜਤ ਵਿਅਕਤੀ ਦੁਆਰਾ ਪਰੋਪਕਾਰੀ ਕੰਮ ਕਰਕੇ ਕੀਤੀ ਜਾਂਦੀ ਹੈ। ਵਿਅਕਤੀ ਇਸ ਪੱਧਰ ਤੇ ਪੁੱਜ ਕੇ ਉਹ ਬਿਬੇਕ ਬੁੱਧ ਪ੍ਰਾਪਤ ਕਰਦਾ ਹੈ। ਜਿਸ ਦੀ ਸਹਾਇਤਾ ਨਾਲ਼ ਧਰਤੀ ਉੱਪਰ ਦੈਵੀ ਸਮਾਜ ਦੀ ਰਚਨਾ ਹੁੰਦੀ ਹੈ। ਹਿਰਦੇ ਅਤੇ ਬੌਧਿਕਤਾ ਨੂੰ ਸਮਾਨ ਦਰਜਾ ਦਿੰਦਿਆਂ ਹੋਇਆਂ ਵਿਅਕਤੀ ਦੀ ਸੁਰਤਿ ਸਾਰੀਆਂ ਸ਼ਕਤੀਆਂ ਦੇ ਸੁਮੇਲ ਦਾ ਇੱਕ ਸੁੰਦਰ ਮੁਜੱਸਮਾ ਬਣ ਜਾਂਦੀ ਹੈ।"[190] ਇਸ ਖੰਡ ਵਿੱਚ ਸਾਧਕ ਅੰਦਰ ਰਚਨਾਤਮਕ ਸਮਝ ਅਤੇ ਕਲਪਨਾ ਸ਼ਕਤੀ ਪੈਦਾ ਹੁੰਦੀ ਹੈ। ਜਿਸ ਨਾਲ਼ ਉਸ ਦਾ ਝੁਕਾਅ ਆਪਣੀ ਸੋਚ ਨੂੰ ਸ਼ਾਬਦਿਕ ਰੂਪ ਵਿੱਚ ਪੇਸ਼ ਕਰਨ ਹਿੱਤ ਸਾਹਿਤ ਵੱਲ ਹੋ ਜਾਂਦਾ ਹੈ। "ਇਸ ਅਵਸਥਾ ਵਿੱਚ ਮਨੁੱਖ ਅੰਦਰ ਰਚਨਾਤਮਕ ਕਲਪਨਾ ਦਾ ਉਦੈ ਹੁੰਦਾ ਹੈ। ਕਿਉਂਕਿ ਇੱਥੇ ਪਹੁੰਚ ਕੇ ਵਿਅਕਤੀ ਅੰਦਰ ਰਚਨਾਤਮਕ ਕਲਪਨਾ ਜਾਗਦੀ ਹੈ, ਜਿਸ ਕਰਕੇ ਉਸ ਵਿਸਮਾਦ ਵਿੱਚ ਆਉਂਦਾ ਹੈ ਅਤੇ ਸੁਹਜ ਮਾਣਦਾ ਹੈ। ਇਸ ਲਈ ਨਿਸ਼ਚੇ ਹੀ ਇਹੀ ਮਾਨਸਿਕ ਅਵਸਥਾ ਕਲਾ, ਸਾਹਿਤ ਆਦਿ ਨੂੰ ਜਨਮ ਦਿੰਦੀ ਹੈ। ਕੋਈ ਵੀ ਵਿਅਕਤੀ ਕੇਵਲ ਅਜਿਹੀ ਮਾਨਸਿਕ ਅਵਸਥਾ 'ਤੇ ਪਹੁੰਚ ਕੇ ਹੀ ਕਲਾ ਜਾਂ ਸਾਹਿਤ ਦਾ ਸਿਰਜਣਹਾਰਾ ਬਣ ਸਕਦਾ ਹੈ।"[191]

ਸਰਮ ਖੰਡ ਵਿੱਚ ਮਨੁੱਖ ਅੰਦਰ ਦਇਆ ਆਉਂਦੀ ਹੈ। ਮਨੁੱਖ ਦਇਆ ਦੇ ਭਾਵ ਨਾਲ ਸੰਸਾਰ ਵਿੱਚ ਵਿਚਰਦਾ ਹੈ। ਦਇਆ ਦੇ ਵਿਹਾਰ ਨਾਲ ਮਨੁੱਖ ਅੰਦਰ ਪ੍ਰੇਮਾ-ਭਗਤੀ ਦਾ ਭਾਵ ਪੈਦਾ ਹੁੰਦਾ ਹੈ। ਦਇਆ ਦੀ ਭਾਵਨਾ ਨਾਲ ਹੀ ਉਸ ਅੰਦਰ ਸੇਵਾ ਦੀ ਭਾਵਨਾ ਪੈਦਾ ਹੁੰਦੀ ਹੈ। ਸੇਵਾ ਵੀ ਇੱਕ ਸਾਧਨਾ ਹੈ ਜੋ ਮਨੁੱਖ ਦੀ ਉਸ ਦੇ ਮਕਸਦ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੀ ਹੈ ਅਤੇ ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਵਿੱਚ ਅਹਿਮ ਰੋਲ ਅਦਾ ਕਰਦੀ ਹੈ। "ਸਰਮ ਖੰਡ ਵਿੱਚ ਸਾਧਕ ਦਾ ਆਪਾ ਗਿਆਨ ਖੰਡ ਦੀ ਅਨੰਤਤਾ ਤੋਂ ਪਿਛਾਂਹ ਮੁੜ ਕੇ ਆਪਣੇ ਸੀਮਤ ਆਪੇ ਦੀ ਅੰਤਤਾ ਮਹਿਸੂਸ ਕਰਦਾ ਹੈ। ਗਿਆਨ ਖੰਡ ਦੇ ਸੁੰਦਰ ਦਰਸ਼ਨ ਹੁਣ ਗੁੰਮ ਹੋ ਜਾਂਦੇ ਹਨ। ਉਸ ਖੰਡ ਦਾ ਦੈਵੀ ਸੰਜੋਗ ਸਥਾਈ ਸਾਬਤ ਨਹੀਂ ਹੁੰਦਾ, ਉਹ ਅਸਥਾਈ ਹੈ, ਪਰ ਸਾਧਕ ਦਾ ਸੁੰਦਰ ਪ੍ਰੀਤਮ ਨਾਲ ਡੂੰਘਾ ਪਿਆਰ ਪੈ ਚੁੱਕਾ ਹੈ। ਉਸ ਦੇ ਦਰਸ਼ਨ ਤੋਂ ਵਾਂਝਾ ਹੋ ਕੇ ਉਹ ਵਿਜੋਗ

---

[190] ਡਾ. ਜੋਧ ਸਿੰਘ, ਸਿੱਖ ਸਿਧਾਂਤ ਸਰੂਪ ਤੇ ਸਮਰੱਥਾ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1991, ਪੰਨਾ 195

[191] ਡਾ. ਜਸਬੀਰ ਕੇਸਰ, ਸਿੱਖ ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 51

ਦੀਆਂ ਪੀੜਾਂ ਦੇ ਮੂੰਹ ਆਉਂਦਾ ਹੈ। ਪਿਆਰ ਦੇ ਨਿੱਘ ਦੀ ਥਾਂ ਇਕਲਾਪੇ ਦੀ ਸੁੰਞ ਵਰਤਦੀ ਹੈ। ਮਿੱਠੜਾ ਸੱਜਨ ਰੁੱਸ ਗਿਆ ਹੈ। ਸਾਧਕ ਦੇ ਅੰਦਰ ਜਿਉਂ-ਜਿਉਂ ਸੁੰਞ ਵਧਦੀ ਹੈ, ਉਹ ਤੜਫਦਾ ਹੈ, ਕੁਰਲਾਉਂਦਾ ਹੈ ਤੇ ਸੱਜਣ ਨੂੰ ਪੁਕਾਰਦਾ ਹੈ। ਪ੍ਰੀਤਮ ਦੀ ਸਿੱਕ ਹੋਰ ਡੂੰਘੀ ਹੁੰਦੀ ਹੈ, ਉਸ ਦੇ ਦਰਸ਼ਨਾਂ ਦੀ ਲਾਲਸਾ ਅਸਾਧਾਰਨ ਤੌਰ ਤੇ ਤੀਬਰ ਹੋ ਜਾਂਦੀ ਹੈ।"[192] ਸਰਮ ਖੰਡ ਵਿੱਚ ਮਨੁੱਖ ਨੂੰ ਆਪਣੀਆਂ ਕਮੀਆਂ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਇਨ੍ਹਾਂ ਨੂੰ ਪੂਰਾ ਕਰਨ ਲਈ ਅੱਗੇ ਵਧਦਾ ਹੈ। ਇਸ ਦੌਰਾਨ ਸਾਧਕ ਦੇ ਅੰਦਰੋਂ ਮਾੜੀ ਸੋਚ ਦਾ ਖਾਤਮਾ ਹੋ ਰਿਹਾ ਹੁੰਦਾ ਹੈ। "ਸਰਮ-ਖੰਡ ਸਾਧਕ ਦੀ ਆਪੇ ਦੀ ਪਛਾਣ ਦਾ ਖੰਡ ਹੈ। ਆਪਣੀ ਅਪੂਰਨਤਾ ਦੀ ਸੋਝੀ ਪੂਰਨਤਾ ਦੀ ਤਾਂਘ ਪ੍ਰਬਲ ਕਰਦੀ ਹੈ। ਰੂਹ ਦੀ ਰਾਤ ਅੰਤ ਵਿੱਚ ਆਤਮਿਕ ਸ਼ਕਤੀਆਂ ਨੂੰ ਪ੍ਰਜਵੱਲਿਤ ਕਰਨ ਦਾ ਕਾਰਨ ਬਣਦੀ ਹੈ। ਜਿਵੇਂ-ਜਿਵੇਂ ਮਨੁੱਖ ਨੂੰ ਆਪਣੀ ਅਸ਼ੁੱਧਤਾ ਦਾ ਪਤਾ ਲੱਗਦਾ ਹੈ ਤਿਵੇਂ-ਤਿਵੇਂ ਉਸ ਦਾ ਦੈਵੀ ਪਵਿੱਤਰਤਾ ਦਾ ਅਨੁਭਵ ਡੂੰਘੇਰਾ ਹੁੰਦਾ ਜਾਂਦਾ ਹੈ। ਸਰਮ-ਖੰਡੀ ਨਿਰਮਲਤਾ ਮੁਕੰਮਲ ਸ਼ਖ਼ਸੀਅਤ ਦੀ ਉਸਾਰੀ ਲਈ ਹੋ ਰਹੀ ਸੁਧਾਈ ਹੈ। ਸਰਮ-ਖੰਡ ਵਿੱਚ ਇਹ ਬਹੁ-ਪੱਖੀ ਹੁੰਦੀ ਹੈ। ਹੁਣ ਆਪੇ ਦੇ ਡੂੰਘੇ ਤੇ ਅਚੇਤ ਤਲ ਵੀ ਛੋਹੇ ਜਾਂਦੇ ਹਨ, ਉਨ੍ਹਾਂ ਦੀ ਮੈਲ ਲਾਹੀ ਜਾਂਦੀ ਹੈ। ਸਰਮ-ਖੰਡ ਦੀ ਕੁਠਾਲੀ ਮਨ ਨੂੰ ਆਪਣੇ ਵਿੱਚੋਂ ਪੂਰਨ ਕੁੰਦਨ ਬਣਾ ਕੇ ਕੱਢਦੀ ਹੈ।"[193] ਇਸ ਤੋਂ ਅਗਲਾ ਪੜਾਅ ਕਰਮ-ਖੰਡ ਦਾ ਹੈ।

ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥

ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥

ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥

ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥

ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥[194]

---

192 ਡਾ. ਰਾਮ ਸਿੰਘ, ਜਪੁਜੀ ਦੇ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 32

193 ਉਹੀ, ਪੰਨਾ 35

194 ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ ਸਾਹਿਬ, ਪਉੜੀ 37

ਕਰਮ ਖੰਡ ਨੂੰ ਕਈ ਵਿਦਵਾਨ ਕਰਮ ਦਾ ਖੰਡ ਅਤੇ ਕਈ ਨਦਰਿ ਦਾ ਖੰਡ ਕਹਿੰਦੇ ਹਨ। "ਕਰਮ-ਖੰਡ ਦਾ ਧਰਮ (Grace) ਬਖਸ਼ਿਸ਼ ਦਾ ਧਰਮ ਹੈ।"[195] ਕਰਮ ਅਤੇ ਨਦਰਿ ਅੰਤਰ-ਸੰਬੰਧਿਤ ਹਨ। ਕਿਉਂਕਿ ਕੋਈ ਵੀ ਕਰਮ ਪਰਮਾਤਮਾ ਦੀ ਨਦਰਿ ਤੋਂ ਬਿਨ੍ਹਾਂ ਪੂਰਾ ਨਹੀਂ ਹੁੰਦਾ। ਜਿਵੇਂ ਸਰਮ-ਖੰਡ ਵਿੱਚ ਸੁਰਤ, ਮਤ, ਮਨ ਅਤੇ ਬੁੱਧ ਦੀ ਘਾੜਤ ਹੁੰਦੀ ਹੈ। ਇਹ ਉਸ ਤੋਂ ਅਗਲਾ ਪੜਾਅ ਹੈ ਜਿੱਥੇ ਸਾਧਕ ਨੂੰ ਪਰਮਾਤਮਾ ਦੀ ਨਦਰਿ ਨਾਲ ਗਿਆਨ, ਸ਼ਕਤੀ ਅਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। "ਜਦੋਂ ਆਦਮੀ ਦੀ ਸੁਰਤ ਤਰੱਕੀ ਕਰਦੀ-ਕਰਦੀ ਧਰਮ, ਗਿਆਨ ਤੇ ਸਰਮ ਦੀਆਂ ਮੰਜ਼ਿਲਾਂ ਤਹਿ ਕਰਕੇ ਚੌਥੀ ਅਵਸਥਾ ਵਿੱਚ ਆਉਂਦੀ ਹੈ ਤਾਂ ਫੇਰ ਮਨੁੱਖ ਸਾਰੇ ਪਾਸੇ ਹੁਕਮ ਦੀ ਬਖਸ਼ਿਸ਼ ਹੀ ਵੇਖਦਾ ਹੈ। ਉਸੇ ਦਾ ਪਸਾਰਾ ਸਾਰੇ ਦਿਸਦਾ ਹੈ। ਦ੍ਰਿਸ਼ਟ-ਅਦ੍ਰਿਸ਼ਟ ਸੰਸਾਰ ਦੀ ਸੁੰਦਰਤਾ ਏਸ ਹੁਕਮ ਦੀ ਮਿਹਰ ਕਰਕੇ ਸਤ ਸਰੂਪ ਦਾ ਝਲਕਾਰਾ ਦੇਂਦੀ ਹੈ।"[196] ਇਹ ਅਵਸਥਾ ਪ੍ਰਭੂ ਨਦਰਿ ਦੀ ਅਵਸਥਾ ਹੈ ਇਸ ਲਈ ਇੱਥੇ ਸ਼ਕਤੀ/ਬਲ ਦੀ ਹੀ ਪੂਜਾ ਹੁੰਦੀ ਹੈ। ਇਸ ਖੰਡ ਵਿੱਚ ਮਹਾਂਬਲੀ ਯੋਧਿਆਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ ਪੰਜ ਵਿਕਾਰਾਂ ਨੂੰ ਮਾਰ ਲਿਆ ਹੈ। ਇੱਥੇ ਸਾਧਕ ਪ੍ਰਭੂ ਦੀ ਮਿਹਰ ਨਾਲ਼ ਕਰਮ ਦੀ ਸ਼ਕਤੀ ਨਾਲ਼ ਭਰਪੂਰ ਹੁੰਦਾ ਹੈ। ਇਹ ਸ਼ਕਤੀ ਪਰਮਾਤਮਾ ਦੇ ਨਿਵਾਸ ਤੋਂ ਪ੍ਰਾਪਤ ਹੁੰਦੀ ਹੈ। ਇਸ ਖੰਡ ਵਿੱਚ ਸਾਧਕ ਇਕਾਗਰ ਮਨ ਨਾਲ਼ ਅਨੰਦਮਈ ਅਵਸਥਾ ਨੂੰ ਪ੍ਰਾਪਤ ਕਰਦਾ ਹੈ। "ਕਰਮ ਖੰਡ ਵਿੱਚ ਸਾਧਕ ਦੀ ਸ਼ੁਧ ਚੇਤਨਾ ਵਿੱਚ ਰਾਮ ਦੇ ਦੈਵੀ ਗੁਣ ਪ੍ਰਵੇਸ਼ ਕਰਦੇ ਹਨ ਅਤੇ ਉਸ ਦੀ ਬਿਰਤੀ ਪੂਰਨ ਰੂਪ ਵਿੱਚ ਪਰਮਾਤਮਾ ਵਿੱਚ ਜੁੜ ਜਾਂਦੀ ਹੈ। ਉਸ ਵਿੱਚ ਉਸ ਦੇ ਆਪੇ ਦਾ ਕੋਈ ਅੰਸ਼ ਬਾਕੀ ਨਹੀਂ ਰਹਿੰਦਾ। ਇਸ ਅਵਸਥਾ ਵਿਚ ਪਰਮਾਤਮਾ ਅਤੇ ਪਰਮਾਰਥੀ ਦੀਆਂ ਬਿਰਤੀਆਂ ਇੱਕ ਹੋ ਜਾਂਦੀਆਂ ਹਨ। ਇਨ੍ਹਾਂ ਦੀ ਘਾੜਤ ਬਾਰੇ ਕੁੱਝ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਪਰਮਾਤਮਾ ਦੇ ਅਨੰਦਮਈ ਸਰੂਪ ਕਾਰਨ ਇਹ ਵੀ ਅਨੰਦਮਈ ਅਵਸਥਾ ਵਿੱਚ ਰਹਿੰਦੇ ਹਨ।"[197]

---

[195] ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 446

[196] ਉਹੀ, ਪੰਨਾ 446

[197] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁਕਸ, ਪਟਿਆਲਾ, 2008, ਪੰਨਾ 126-127

ਇਸ ਪੜਾਅ ਵਿੱਚ ਸਾਧਕ ਪਰਮਾਤਮਾ ਨੂੰ ਸ੍ਰਿਸ਼ਟੀ ਦੇ ਕਣ-ਕਣ ਵਿੱਚ ਮਹਿਸੂਸ ਕਰਦਾ ਹੈ। ਜਿਸ ਨਾਲ਼ ਉਸ ਵਿੱਚੋਂ ਆਪਣੇ-ਪਰਾਏ ਦਾ ਭਾਵ ਖਤਮ ਹੋ ਜਾਂਦਾ ਹੈ। ਉਸ ਦੇ ਕਰਮਾਂ ਵਿੱਚੋਂ ਵੀ ਲੋਕ-ਕਲਿਆਣ ਦੀ ਝਲਕ ਦਿਖਾਈ ਦਿੰਦੀ ਹੈ। ਇਸ ਖੰਡ ਵਿੱਚ ਜ਼ੋਰ ਦੀ ਪ੍ਰਧਾਨਤਾ ਰਹਿੰਦੀ ਹੈ। ਸਾਧਕ ਪਰਮਾਤਮਾ ਦੀ ਨਦਰਿ ਸਦਕਾ ਕਰਮ ਕਰਨ ਦੀ ਸ਼ਕਤੀ ਨਾਲ ਭਰਿਆ ਹੁੰਦਾ ਹੈ। ਉਹ ਪ੍ਰਭੂ ਦੀ ਕਿਰਪਾ ਨਾਲ਼ ਚੰਗਿਆਈ ਦੇ ਰਾਸਤੇ ਉੱਤੇ ਚੱਲਦਾ ਹੈ। ਅਜਿਹਾ ਸਾਧਕ ਪ੍ਰਭੂ ਦੇ ਹੁਕਮ ਅਨੁਸਾਰ ਸਹਿਜ ਸੁਭਾਅ ਕਰਮ ਕਰਦਾ ਹੈ। ਅਜਿਹੇ ਮਨੁੱਖਾਂ ਨੂੰ ਨਾ ਤਾਂ ਕੋਈ ਠੱਗ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਮਾਰ ਸਕਦਾ ਹੈ, ਕਿਉਂਕਿ ਉਨ੍ਹਾਂ ਵਿੱਚ ਤਾਂ ਪਰਮਾਤਮਾ ਆਪ ਵਸਿਆ ਹੁੰਦਾ ਹੈ। "ਕਰਮ ਖੰਡ ਦੀ ਸਾਧਨਾ ਮਨੁੱਖ ਦੇ ਅੰਦਰ ਅਥਾਹ ਬਲ ਅਤੇ ਜੋਸ਼ ਪੈਦਾ ਕਰਦੀ ਹੈ। ਕਰਮ ਖੰਡ ਦਾ ਅਧਿਕਾਰੀ ਮਨੁੱਖ ਸੰਸਾਰ ਵਿੱਚ ਕੇਵਲ ਉਹ ਕਰਮ ਹੀ ਕਰਦਾ ਹੈ ਜੋ ਪਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਉਸ ਦੇ ਨਿਰਮਲ ਮਨ ਵਿੱਚ ਪ੍ਰਗਟ ਹੁੰਦੇ ਹਨ। ਇਹ ਕਰਮ ਉਸ ਦੀ ਸਾਧਨਾ ਦੇ ਵਿਕਾਸ ਵਿੱਚ ਸਹਾਈ ਹੁੰਦੇ ਹਨ। ਅਜਿਹਾ ਮਨੁੱਖ ਭਾਣੇ ਅਤੇ ਹੁਕਮ ਵਿੱਚ ਵਿਚਰਦਾ ਹੈ। ਪਰਮਾਤਮਾ ਦੀ ਸ਼ਰਨ ਵਿੱਚ, ਸੰਸਾਰ ਵਿੱਚ 'ਹੁਕਮ' ਅਨੁਸਾਰ ਕੋਈ ਵੀ ਕਰਮ ਕਰਦਾ ਹੋਇਆ, ਸੁਰੱਖਿਅਤ ਤੇ ਸੁਖੀ ਰਹਿੰਦਾ ਹੈ। ਗੀਤਾ ਵਿੱਚ ਅਰਜਨ ਕ੍ਰਿਸ਼ਨ ਭਗਵਾਨ ਦੀ ਸ਼ਰਨ ਵਿੱਚ ਆਪਣਾ ਯੁੱਧ ਦਾ ਕਾਰਜ ਪੂਰਾ ਕਰਦੇ ਹਨ। ਭਾਈ ਕਨ੍ਹਈਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਸ਼ਰਨ ਪ੍ਰਾਪਤ ਕਰਕੇ ਧਰਮ ਯੁੱਧ ਵਿੱਚ ਕਾਰਜਸ਼ੀਲ ਹੁੰਦੇ ਹਨ। ਕਰਮ ਖੰਡ ਦੇ ਅਧਿਕਾਰੀ ਅਜਿਹੇ ਵਿਰਲੇ ਮਨੁੱਖਾਂ ਦਾ ਰਾਖਾ ਪਰਮੇਸ਼ਰ ਆਪ ਹੁੰਦਾ ਹੈ।"[198] ਮਨੁੱਖ ਦੇ ਇਸ ਅਧਿਆਤਮਿਕ ਵਿਕਾਸ ਵਿੱਚ ਪੰਜਵਾਂ ਪੜਾਅ ਸੱਚਖੰਡ ਹੈ।

ਸਚ ਖੰਡਿ ਵਸਹਿ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥[199]

---

[198] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁਕਸ, ਪਟਿਆਲਾ,2008, ਪੰਨਾ 127-128

[199] ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ ਸਾਹਿਬ, ਪਉੜੀ 37

ਸੱਚਖੰਡ ਵਿੱਚ ਆਕਾਰ ਰਹਿਤ ਪ੍ਰਭੂ (ਅਕਾਲ ਪੁਰਖ)ਆਪ ਵੱਸਦਾ ਹੈ। ਜੋ ਆਪਣੀ ਰਚਨਾ ਨੂੰ ਵੇਖਦਾ ਸੰਭਾਲਦਾ ਹੈ ਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ਼ ਨਿਹਾਲ ਕਰਦਾ ਹੈ। "ਇੱਥੇ ਉਸ ਦੀ ਨਦਰਿ ਤੱਕ ਕੇ ਆਦਮੀ ਸਦਾ ਨਿਹਾਲ ਰਹਿੰਦਾ ਹੈ। ਉਹ ਕਰਤਾ ਪੁਰਖ ਆਪ ਨਦਰਿ ਨਿਹਾਲ ਕਰਨ ਵਾਲ਼ਾ ਹੈ। ਇਹ ਹਾਲਤ ਮਨੁੱਖ ਦਾ ਆਤਮਿਕ ਅਨੁਭਵ ਜਾਗਣ ਨਾਲ਼ ਪੈਦਾ ਹੁੰਦੀ ਹੈ। ਇਸ ਆਤਮਿਕ ਅਨੁਭਵ ਦੇ ਜਾਗਣ ਨਾਲ਼ ਮਨੁੱਖ ਸੱਚਖੰਡ ਮੰਡਲ ਵਿੱਚ ਚਲਾ ਜਾਂਦਾ ਹੈ ਤੇ ਉੱਥੇ ਸਦਾ ਸਲਾਮਤਿ ਨਿਰੰਕਾਰ ਦੇ ਨਾਲ਼ ਜੁੜਿਆ ਰਹਿੰਦਾ ਹੈ।"[200] ਸੱਚਖੰਡ ਵਿੱਚ ਖੰਡ, ਮੰਡਲ ਤੇ ਬ੍ਰਹਿਮੰਡ ਹਨ ਸਾਰੇ ਸੱਚਖੰਡ ਦੇ ਵਿੱਚ ਹਨ। ਇਸ ਖੰਡ ਵਿੱਚ ਲੋਕਾਂ ਦੇ ਲੋਕ ਤੇ ਆਕਾਰਾਂ ਦੇ ਆਕਾਰ ਪਏ ਹਨ। ਸੱਚਖੰਡ ਵਿੱਚ ਆਕਾਰਾਂ ਦੇ ਨਾਲ਼ ਨਿਰੰਕਾਰ ਵੀ ਹੈ। ਇੱਥੇ ਨਿਰੰਕਾਰ ਤੇ ਆਕਾਰਾਂ ਦਾ ਰਿਸ਼ਤਾ ਕਰਤਾਰ ਤੇ ਕਿਰਤ ਦਾ ਹੈ। ਜਿਸ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ। ਜਿਵੇਂ ਉਸ ਨਿਰੰਕਾਰ ਦਾ ਹੁਕਮ ਹੈ ਉਵੇਂ-ਉਵੇਂ ਕਾਰ (ਕੰਮ) ਹੋ ਰਹੀ ਹੈ। ਉਹ ਵਾਹਿਗੁਰੂ ਆਪਣੀ ਕਿਰਤ ਨੂੰ ਵੇਖ-ਵੇਖ ਕੇ ਖੁਸ਼ ਹੋ ਰਿਹਾ ਹੈ। ਇਸ ਪੜਾਅ ਤੇ ਪਹੁੰਚ ਕੇ ਮਨੁੱਖ ਆਪਣੇ ਆਤਮਿਕ ਅਨੁਭਵ ਵਿੱਚ ਪੂਰਾ ਹੋ ਜਾਂਦਾ ਹੈ। "ਪੰਜਵੇਂ, ਭਾਵ 'ਸੱਚਖੰਡ', ਵਿੱਚ ਰੱਬ ਦਾ ਆਪਣਾ ਨਿਵਾਸ ਹੈ। ਇਹ ਪੜਾ ਉੱਚਤਮ ਪਰਾਪਤੀ ਤੇ ਸੰਪੂਰਨ ਅਭੇਦਤਾ ਦਾ ਲਖਾਇਕ ਹੈ, ਰੱਬ ਨਾਲ਼ ਇੱਕ-ਮਿੱਕ ਹੋਣ ਭਾਵ ਉਸ ਸੱਚ-ਸਰੂਪ ਦਾ 'ਸਚਿਆਰਾ' ਬਣ ਜਾਣ ਦੀ ਅਵਸਥਾ ਹੈ ਜਿਸ ਵਿੱਚ ਜਗਿਆਸੂ ਨੂੰ ਹਰ ਥਾਂ ਪ੍ਰਭੂ ਦੀ ਰਜ਼ਾ ਹੀ ਵਰਤ ਰਹੀ ਦਿਸਦੀ ਹੈ।"[201]

ਇਸ ਅਵਸਥਾ 'ਤੇ ਪਹੁੰਚ ਕੇ ਸਾਧਕ ਦੀ ਸ਼ਖ਼ਸੀਅਤ ਸੱਚਾਈ ਭਰਪੂਰ ਹੋ ਜਾਂਦੀ ਹੈ। ਉਸ ਦੀ ਸੋਚ, ਵਿਚਾਰ, ਕਰਮ, ਫੈਸਲੇ ਅਤੇ ਵਿਵਹਾਰ ਵਿੱਚੋਂ ਸੱਚੇ ਪ੍ਰਭੂ ਦੇ ਗੁਣਾਂ ਦੀ ਝਲਕ ਪੈਂਦੀ ਹੈ। "ਇਸ ਅਵਸਥਾ ਵਿੱਚ ਵਿਅਕਤੀ ਆਪ ਸੱਚ ਰੂਪ ਹੋ ਜਾਂਦਾ ਹੈ। ਇਸ ਅਵਸਥਾ ਨੂੰ 'ਅਨੰਦ-ਮੰਡਲ' ਵੀ ਕਿਹਾ ਜਾਂਦਾ ਹੈ। ਜਿੱਥੇ ਪਹੁੰਚ ਕੇ ਵਿਅਕਤੀ ਸਵੈ-ਵਿਕਸਤ ਸੱਚ ਤੇ ਸਵੈ-ਅਨੰਦਿਤ ਅਵਸਥਾ ਤੇ ਪਹੁੰਚ ਜਾਂਦਾ

---

[200] ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 447

[201] ਪ੍ਰੋ. ਹਰਨਾਮ ਸਿੰਘ ਸ਼ਾਨ, ਗੁਰੂ ਨਾਨਕ ਦਾ ਸ਼ਾਹਕਾਰ, ਜਪੁਜੀ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1990, ਪੰਨਾ 109

ਹੈ।"[202] ਇਸ ਖੰਡ ਵਿੱਚ ਪਰਮਾਤਮਾ ਨਾਲ਼ ਪੂਰਨ ਏਕਤਾ ਸਥਾਪਿਤ ਹੋ ਜਾਂਦੀ ਹੈ। ਅਜਿਹੇ ਮਨੁੱਖ ਵਿੱਚੋਂ ਦੂਸਰੇ ਲੋਕਾਂ ਪ੍ਰਤੀ ਪ੍ਰੇਮ ਦੀ ਭਾਵਨਾ ਫੁੱਟ-ਫੁੱਟ ਪੈਂਦੀ ਹੈ। ਇਸ ਕਰਕੇ ਅਜਿਹੇ ਮਨੁੱਖ ਦੇ ਸੰਪਰਕ ਵਿੱਚ ਆਉਣ ਵਾਲ਼ਾ ਕੋਈ ਵੀ ਵਿਅਕਤੀ ਉਸ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਕਬੂਲੇ ਬਿਨ੍ਹਾਂ ਨਹੀਂ ਰਹਿੰਦਾ। ਅਜਿਹੇ ਅਲੌਕਿਕ ਕਾਰਜ ਵਿੱਚ ਉਹੀ ਮਨੁੱਖ ਲੱਗਦਾ ਹੈ ਜਿਸ 'ਤੇ ਪ੍ਰਭੂ ਦੀ ਨਦਰਿ ਹੁੰਦੀ ਹੈ। ਪ੍ਰਭੂ ਦੀ ਨਦਰਿ ਨਾਲ਼ ਹੀ ਮਨੁੱਖ ਇਸ ਅਵਸਥਾ ਨੂੰ ਪ੍ਰਾਪਤ ਕਰਦਾ ਹੈ। "ਸੱਚਖੰਡ ਮਨ ਦੀ ਇੱਕ ਅਵਸਥਾ ਹੈ, ਜਿਹੜੀ ਕਾਲੇ ਸਿਆਹ ਮਨ ਦੀ ਜੋਤੀ ਸਰੂਪ ਮਨ ਵਿੱਚ ਤਬਦੀਲੀ ਤੋਂ ਬਾਅਦ ਪ੍ਰਾਪਤ ਹੁੰਦੀ ਹੈ। ਸੱਚਖੰਡ ਸਥਾਨਾਤੀਤ ਹੈ ਅਤੇ ਇਸੇ ਤਰ੍ਹਾਂ ਹੀ ਨਿਰੰਕਾਰ ਵੀ ਇੱਕ ਅਜਿਹੀ ਸ਼ਕਤੀ ਹੈ, ਜਿਹੜੀ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਪਰ੍ਹਾਂ ਹੈ। ਇਸ ਪ੍ਰਕਾਰ ਨਿਰੰਕਾਰ ਅਤੇ ਸੱਚਖੰਡ ਅਜਿਹੇ ਸ਼ਬਦ ਹਨ, ਜਿਹੜੇ ਇੱਕ ਹੀ ਅਰਥ ਵੱਲ ਸੰਕੇਤ ਦਿੰਦੇ ਹਨ। ਇਸ ਤਰ੍ਹਾਂ ਸੱਚਖੰਡ ਨੂੰ ਨਿਰੰਕਾਰ ਅਤੇ ਨਿਰੰਕਾਰ ਨੂੰ ਸੱਚਖੰਡ ਕਿਹਾ ਜਾ ਸਕਦਾ ਹੈ। ਕਾਲਾਤੀਤ ਨਿਰੰਕਾਰ ਜਗਤ ਦੇ ਸਾਰੇ ਪਦਾਰਥਾਂ, ਜੀਵਾਂ ਵਿੱਚ ਵਰਤ ਰਹੀ ਸੂਤ੍ਰਾਤਮਕ ਸ਼ਕਤੀ ਹੈ, ਜਿਸ ਦਾ ਜੀਵ ਇਸ ਆਖਰੀ ਆਤਮਕ ਸਿਖਰ ਤੇ ਪੁੱਜ ਕੇ ਆਪਣੇ ਘਟ ਵਿੱਚ ਹੀ ਸਾਖਿਆਤਕਾਰ ਕਰਦਾ ਹੈ।"[203]

ਉਪਰੋਕਤ ਵਿਚਾਰ ਚਰਚਾ ਤੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਰਚਨਾ 'ਜਪੁਜੀ ਸਾਹਿਬ' ਵਿੱਚ ਸਚਿਆਰਤਾ ਦਾ ਸੰਕਲਪ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਮਨੁੱਖਤਾ ਨੂੰ ਇਹ ਉਪਦੇਸ਼ ਦਿੱਤਾ ਹੈ ਕਿ ਮਨੁੱਖ ਦੇ ਜੀਵਨ ਦਾ ਮਕਸਦ ਨੇਕ ਜੀਵਨ ਗੁਜਾਰਨਾ ਅਤੇ ਪਰਮਾਤਮਾ ਦੀ ਨਦਰਿ ਦਾ ਪਾਤਰ ਬਣਨਾ ਹੈ। ਮਨੁੱਖ ਨੇ ਆਪਣੇ ਇਸ ਜੀਵਨ ਮਕਸਦ ਦੀ ਪ੍ਰਾਪਤੀ ਲਈ ਸਚਿਆਰਾ ਹੋਣਾ ਹੈ। ਗੁਰਬਾਣੀ ਵਿੱਚ ਸਚਿਆਰ ਮਨੁੱਖ ਲਈ ਗੁਰਮੁਖ, ਸਾਧ, ਸੰਤ, ਗਿਆਨੀ, ਬ੍ਰਹਮ-ਗਿਆਨੀ, ਆਦਿ ਨਾਵਾਂ ਦੀ ਵਰਤੋਂ ਕੀਤੀ ਗਈ ਹੈ। ਸਚਿਆਰਤਾ ਲਈ ਮਨੁੱਖ ਨੇ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਹੋਣਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਦਾਚਾਰਕ ਜੀਵਨ ਜਿਉਣ ਨਾਲ਼ ਸਚਿਆਰਤਾ ਦੀ ਪ੍ਰਾਪਤੀ ਸੰਭਵ ਹੈ। ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਲਈ ਮਨੁੱਖ ਨੇ ਆਪਣੇ ਅੰਦਰਲੇ ਔਗੁਣਾਂ ਕਾਮ,

[202] ਡਾ. ਜਸਬੀਰ ਕੇਸਰ, ਸਿੱਖ ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 62

[203] ਡਾ. ਜੋਧ ਸਿੰਘ, ਸਿੱਖ ਸਿਧਾਂਤ ਸਰੂਪ ਤੇ ਸਮਰੱਥਾ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1991, ਪੰਨਾ 195

ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਖਤਮ ਕਰਨਾ ਹੈ। ਜਿਉਂ-ਜਿਉਂ ਮਨੁੱਖ ਦੇ ਅੰਦਰੋਂ ਇਹ ਔਗੁਣ/ਵਿਕਾਰ ਬਾਹਰ ਨਿਕਲਣਗੇ, ਤਿਉਂ-ਤਿਉਂ ਉਸ ਦੇ ਅੰਦਰ ਸਦਾਚਾਰਕ ਗੁਣ ਆਉਣਗੇ। ਜਿਸ ਨਾਲ਼ ਉਸ ਦੀ ਸੋਚ, ਵਿਚਾਰ, ਕਰਮ, ਵਿਵਹਾਰ ਅਤੇ ਆਚਾਰ ਵਿੱਚ ਸਾਕਾਰਾਤਮਕ ਤਬਦੀਲੀ ਆਵੇਗੀ। ਇਸ ਲਈ ਗੁਰਮਤਿ ਮਨੁੱਖ ਨੂੰ ਸਾਧ-ਸੰਗਤ ਵਿੱਚ ਬੈਠ ਕੇ ਚੰਗੇ ਗੁਣਾਂ ਨੂੰ ਧਾਰਨ ਕਰਨ ਦੀ ਜੁਗਤ ਦੱਸਦੀ ਹੈ। ਸਤ-ਸੰਗਤ ਅਜਿਹੇ ਲੋਕਾਂ ਦਾ ਸਮੂਹ ਹੈ ਜਿੱਥੇ ਬੈਠ ਕੇ ਪ੍ਰਭੂ ਦੀ ਸਿਫ਼ਤ ਸਲਾਹ ਕੀਤੀ ਜਾਂਦੀ ਹੈ। ਜਿਸ ਤੋਂ ਮਨੁੱਖ ਨੂੰ ਸਦਾਚਾਰਕ ਅਮਲਾਂ ਦਾ ਧਾਰਨੀ ਹੋਣ ਦੀ ਸੋਝੀ ਮਿਲਦੀ ਹੈ। ਜਿਹੜੇ ਮਨੁੱਖ ਇਸ ਸੰਸਾਰ ਅੰਦਰ ਸਤਸੰਗਤ ਵਿੱਚ ਬੈਠ ਕੇ ਗੁਣਾਂ-ਔਗੁਣਾਂ, ਚੰਗਿਆਈਆਂ-ਬੁਰਾਈਆਂ ਉੱਪਰ ਚਿੰਤਨ ਕਰਨ ਤੋਂ ਖੁੰਝ ਜਾਂਦੇ ਹਨ ਉਨ੍ਹਾਂ ਅੰਦਰ ਦੁਨਿਆਵੀ ਵਿਸ਼ੇ-ਵਿਕਾਰਾਂ ਦੀ ਮੈਲ਼ ਭਰੀ ਰਹਿੰਦੀ ਹੈ।

> ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥[204]

ਸਤਸੰਗਤ ਮਨੁੱਖ ਦੇ ਅੰਦਰੋਂ ਹਉਮੈਂ ਨੂੰ ਖਤਮ ਕਰਕੇ ਉਸ ਅੰਦਰੋਂ ਗਰੀਬ-ਅਮੀਰ, ਊਚ-ਨੀਚ, ਵੱਡੇ-ਛੋਟੇ ਅਤੇ ਜਾਤ-ਪਾਤ ਆਦਿ ਦੇ ਵਿਤਕਰਿਆਂ ਨੂੰ ਖਤਮ ਕਰਕੇ ਆਪਸ ਵਿੱਚ ਭਰਾਤਰੀਭਾਵ ਪੈਦਾ ਕਰਕੇ ਮਨੁੱਖੀ ਮਨ ਨੂੰ ਨਿਰਮਲ ਕਰਕੇ ਸਚਿਆਰਤਾ ਦਾ ਸਹੀ ਰਾਸਤਾ ਦਿਖਾਉਂਦੀ ਹੈ। ਮਨੁੱਖ ਅੰਦਰੋਂ ਜਦੋਂ ਅਹੰਕਾਰ ਦਾ ਖਾਤਮਾ ਹੋ ਜਾਂਦਾ ਹੈ ਉਸ ਨੂੰ ਸਤਸੰਗਤ ਵਿੱਚ ਬੈਠ ਕੇ ਅਨੰਦ ਆਉਣਾ ਸ਼ੁਰੂ ਹੋ ਜਾਂਦਾ ਹੈ। ਉਸ ਅੰਦਰ ਗੁਰਮੁਖਾਂ ਵਾਲ਼ੇ ਗੁਣ ਆਉਣ ਲੱਗ ਜਾਂਦੇ ਹਨ ਅਤੇ ਉਸ ਨੂੰ ਪਾਰਬ੍ਰਹਮ ਦੀ ਹਸਤੀ ਦੀ ਪਛਾਣ ਹੋਣ ਲਗਦੀ ਹੈ।

> ਸਤ ਸੰਗਤ ਮਿਲਿ ਹਰਿ ਸਾਦੁ ਆਇਆ ਗੁਰਮੁਖਿ ਬ੍ਰਹਮ ਪਛਾਤਾ॥[205]

ਮਨੁੱਖ ਨੂੰ ਨੇਕ-ਨੀਅਤ ਅਤੇ ਸਤਸੰਗਤ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਅਤੇ ਮਾਰਗ-ਦਰਸ਼ਨ ਸਦਕਾ ਹੁੰਦੀ ਹੈ। "ਇਨਸਾਨ ਨੂੰ ਅਧਿਆਤਮਿਕ ਮਾਰਗ 'ਤੇ ਚੱਲ ਕੇ ਪ੍ਰਭੂ ਵਿੱਚ ਲੀਨ ਹੋਣ ਲਈ ਗੁਰੂ ਦੀ

---

[204] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 95

[205] ਉਹੀ, ਪੰਨਾ 984

ਅਗਵਾਈ ਅਤੇ ਉਸ ਦਾ ਉਪਦੇਸ਼ ਕਮਾਉਣਾ ਜ਼ਰੂਰੀ ਹੈ।"[206] ਗੁਰੂ ਮਨੁੱਖ ਨੂੰ ਗਲਤ ਅਤੇ ਸਹੀ, ਸੱਚ ਅਤੇ ਝੂਠ ਵਿੱਚ ਫਰਕ ਦੱਸ ਕੇ ਸਹੀ ਰਾਸਤਾ ਚੁਣਨ ਵਿੱਚ ਮੱਦਦ ਕਰਦਾ ਹੈ। ਗੁਰੂ ਦੇ ਮਾਰਗ ਦਰਸ਼ਨ ਹੇਠ ਸਾਧਕ ਮਾਨਸਿਕ ਭਟਕਣਾਂ ਨੂੰ ਛੱਡਦੇ ਹੋਏ, ਸਹੀ ਰਾਸਤੇ ਉਤੇ ਚੱਲ ਕੇ ਆਪਣੇ ਜੀਵਨ ਮਕਸਦ ਨੂੰ ਪ੍ਰਾਪਤ ਕਰਦਾ ਹੈ। ਗੁਰੂ ਸਾਧਕ ਦੀ ਦੁਬਿਧਾ ਨੂੰ ਦੂਰ ਕਰਕੇ ਉਸ ਨੂੰ ਆਪਣੇ ਅਸਲ ਮਕਸਦ ਤੇ ਇਕਾਗਰ ਹੋਣ ਲਈ ਪ੍ਰੇਰਦਾ ਹੈ। "ਉਹ ਪ੍ਰਭੂ ਹੀ ਗੁਰੂ ਰੂਪ ਹੋ ਕੇ ਆਪਣੇ ਉਪਦੇਸ਼ ਨਾਲ਼ ਸਾਡੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਜਿਸ ਇਨਸਾਨ ਅੰਦਰ ਹਉਮੈਂ ਦਾ ਉੱਕਾ ਹੀ ਨਾਸ ਹੋ ਜਾਂਦਾ ਹੈ ਅਤੇ ਉਸ ਦੇ ਹਰਿਮੰਦਰ ਰੂਪੀ ਸਰੀਰ ਵਿੱਚ ਕੇਵਲ ਬ੍ਰਹਮ (ਅਕਾਲ ਪੁਰਖ) ਦਾ ਹੀ ਵਾਸਾ ਹੁੰਦਾ ਹੈ ਤਾਂ ਉਹ ਗੁਰੂ ਰੂਪ ਹੋ ਕੇ ਇਨਸਾਨੀ ਜੀਵਾਂ ਨੂੰ ਅਧਿਆਤਮਿਕ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ। ਵਾਸਤਵ ਵਿੱਚ ਇਹੋ ਹੀ ਗੁਰੂ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਹੁਣ ਗੁਰੂ ਗ੍ਰੰਥ ਸਾਹਿਬ ਵਿੱਚ ਉਹ ਹੀ ਸ਼ਬਦ ਗੁਰੂ ਵੱਸ ਰਿਹਾ ਹੈ ਜਿਸ ਦਾ ਅਸੀਂ ਪ੍ਰਭੂ ਮਿਲਾਪ ਲਈ ਉਪਦੇਸ਼ ਕਮਾਉਣਾ ਹੈ। ਗੁਰੂ ਜੋ ਵੀ ਬਚਨ ਅਥਵਾ ਬਾਣੀ ਉਚਾਰਦਾ ਹੈ ਉਹ ਨਿਰੰਕਾਰ ਦਾ ਹੀ ਫੁਰਮਾਨ ਹੈ।"[207] ਗੁਰਮਤਿ ਸਾਡਾ ਮਾਰਗ ਦਰਸ਼ਨ ਕਰਦੀ ਹੈ ਕਿ ਇਨਸਾਨ ਨੂੰ ਅਧਿਆਤਮਿਕ ਮਾਰਗ ਤੇ ਚੱਲ ਕੇ ਮਾਨਵਤਾ ਪੱਖੀ ਜੀਵਨ ਜਿਉਣ ਲਈ ਗੁਰੂ ਦੀ ਅਗਵਾਈ ਲੈਣੀ ਚਾਹੀਦੀ ਹੈ ਅਤੇ ਗੁਰੂ ਦੇ ਦੱਸੇ ਰਾਸਤੇ 'ਤੇ ਚੱਲ ਕੇ ਜੀਵਨ ਮਕਸਦ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ।

ਗੁਰੂ ਦੀ ਰਹਿਨੁਮਾਈ ਵਿੱਚ ਇਨਸਾਨ ਕਿਰਤ ਕਰਨ, ਚੜ੍ਹਦੀਕਲਾ ਵਿੱਚ ਰਹਿਣ ਅਤੇ ਉੱਦਮੀ ਹੋਣ ਦੇ ਗੁਣਾਂ ਨੂੰ ਗ੍ਰਹਿਣ ਕਰਦਾ ਹੈ। "ਚੰਗੇ ਉੱਦਮਾਂ ਨਾਲ਼ ਮਨ ਨੂੰ ਸੰਤੋਖ ਮਿਲਦਾ ਹੈ ਅਤੇ ਇੱਕ ਖਾਸ ਪ੍ਰਕਾਰ ਦੀ ਸੰਤੁਸ਼ਟਤਾ ਦੀ ਭਾਵਨਾ ਜਾਗਦੀ ਹੈ। ਧਾਰਮਿਕ ਖੇਤਰ ਵਿੱਚ ਕੀਤੇ ਜਾਣ ਵਾਲ਼ੇ ਸੁਕ੍ਰਿਤ ਉੱਦਮ,

[206] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 53

[207] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 53

ਅਨੰਦ ਨੂੰ ਜਨਮ ਦਿੰਦੇ ਹਨ।"[208] ਮਨੁੱਖ ਨੇ ਸਚਿਆਰ ਬਣਨ ਲਈ ਆਲਸਪੁਣੇ ਨੂੰ ਤਿਆਗ ਕੇ ਉੱਦਮੀ ਬਣ ਕੇ ਨੇਕ ਕਿਰਤ ਕਮਾਈ ਦੁਆਰਾ ਆਪਣਾ ਜੀਵਨ ਬਸਰ ਕਰਨਾ ਹੈ। ਉੱਦਮੀ ਮਨੁੱਖ ਨੇ ਗ੍ਰਹਿਸਤ ਜੀਵਨ ਬਤੀਤ ਕਰਦੇ ਹੋਏ ਦਸਾਂ ਨਹੁੰਆਂ ਦੀ ਕਿਰਤ ਕਰਕੇ ਜਿੱਥੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨਾ ਹੈ ਉੱਥੇ ਉਸ ਨੇ ਆਪਣੀ ਨੇਕ ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਦੂਜਿਆਂ ਦੀ ਮੱਦਦ ਕਰਕੇ ਸਮਾਜ ਸੇਵਾ ਵਿੱਚ ਵੀ ਆਪਣਾ ਯੋਗਦਾਨ ਪਾਉਣਾ ਹੈ। ਇਸ ਦੀ ਉਦਾਹਰਣ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਮਿਲਦੀ ਹੈ। ਜਦੋਂ ਗੁਰੂ ਸਾਹਿਬ ਨੇ ਆਪਣੇ ਪਿਤਾ ਵੱਲੋਂ ਕੋਈ ਕਾਰ-ਵਿਹਾਰ ਕਰਨ ਲਈ ਮਿਲੀ ਹੋਈ ਰਕਮ ਨਾਲ਼ ਭੁੱਖੇ ਸਾਧੂਆਂ ਨੂੰ ਭੋਜਨ ਖੁਆਇਆ ਸੀ। ਗੁਰੂ ਸਾਹਿਬ ਦੁਆਰਾ ਵੰਡ ਕੇ ਛਕਣ ਦੀ ਪਿਰਤ ਅੱਜ ਵੀ ਸੰਗਤ, ਪੰਗਤ ਅਤੇ ਲੰਗਰ ਦੇ ਰੂਪ ਵਿੱਚ ਚੱਲ ਰਹੀ ਹੈ। ਵੰਡ ਕੇ ਛਕਣ ਦੀ ਭਾਵਨਾ ਨਾਲ਼ ਮਨੁੱਖ ਅੰਦਰੋਂ ਅਹੰਕਾਰ, ਪਰਾਏ ਭਾਵ ਦਾ ਖਾਤਮਾ ਹੋ ਜਾਂਦਾ ਹੈ। ਉਸ ਵਿੱਚ ਮਿਲਵਰਤਨ, ਸਹਿਯੋਗ, ਪਿਆਰ ਅਤੇ ਦਇਆ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। "ਵੰਡ ਛਕਣਾ ਸਿੱਖ ਸੱਭਿਆਚਾਰ ਦਾ ਇੱਕ ਮਾਣਜਨਕ ਸਿਧਾਂਤ ਹੈ ਅਤੇ ਹਰ ਸਿੱਖ ਨੂੰ ਹੁਕਮ ਹੈ ਕਿ ਉਸਨੇ ਆਪਣੀ ਨੇਕ ਕਮਾਈ ਵਿੱਚੋਂ ਧਰਮ ਕਰਜਾਂ ਲਈ ਦਸਵੰਧ ਕੱਢਣਾ ਹੈ ਤਾਂ ਕਿ ਇਸ ਨਾਲ਼ ਗਰਜ਼ਮੰਦ ਦੀ ਗਰਜ਼ ਪੂਰੀ ਕੀਤੀ ਜਾ ਸਕੇ ਸਕੇ। ਵੰਡ ਛਕਣ ਦੀ ਇਸ ਭਾਵਨਾ ਨਾਲ਼ ਵਿਹਾਰ ਦੀ ਸੁਹਿਰਦਤਾ ਅਤੇ ਸਦਾਚਾਰ ਦੀ ਸੁੰਦਰਤਾ ਵਿਕਸਤ ਹੁੰਦੀ ਹੈ ਜੋ ਧਰਮ ਦੀ ਵਿਸ਼ੇਸ਼ਤਾ ਹੈ।"[209] ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਸੇਵਾ ਦਾ ਬਹੁਤ ਵੱਡਾ ਰੋਲ ਹੈ। ਮਨੁੱਖੀ ਅਸਤਿਤਵ ਨੂੰ ਚਮਕਾਉਣ ਵਿੱਚ ਸੇਵਾ ਭਾਵਨਾ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੇਵਾ ਇੱਕ ਅਜਿਹੀ ਸਾਧਨਾ ਹੈ ਜਿਸ ਨਾਲ਼ ਮਨੁੱਖ ਅੰਦਰੋਂ ਦੂਜਿਆਂ ਨਾਲ਼ੋਂ ਉੱਚਾ ਹੋਣ ਦੀ ਭਾਵਨਾ ਖਤਮ ਹੋ ਜਾਂਦੀ ਹੈ। ਉਸ ਅੰਦਰ ਦੂਜਿਆਂ ਦੀ ਭਲਾਈ ਕਰਨ ਤੜਪ ਵਧਦੀ ਹੈ ਅਤੇ ਉਹ ਹਮੇਸ਼ਾਂ ਲੋੜਵੰਦਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਲਈ ਤੱਤਪਰ ਰਹਿੰਦਾ ਹੈ। ਸੇਵਾ ਕਰਨ ਨਾਲ਼ ਸਾਧਕ ਅੰਦਰ ਸਬਰ, ਸੰਤੋਖ, ਪਿਆਰ, ਭਰਾਤਰੀਭਾਵ, ਹਮਦਰਦੀ ਅਤੇ ਸਦਭਾਵਨਾ ਪੈਦਾ ਹੁੰਦੀ ਹੈ। ਮਨੁੱਖ ਅੰਦਰ ਇਨ੍ਹਾਂ ਸਦਗੁਣਾਂ ਦੇ ਪੈਦਾ ਹੋਣ ਨਾਲ਼ ਉਹ

---

[208] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2011 ਪੰਨਾ 3

[209] ਉਹੀ, ਪੰਨਾ 92

ਸਚਿਆਰਤਾ ਨੂੰ ਪ੍ਰਾਪਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਜਪੁਜੀ ਦੇ ਪੰਜ ਖੰਡ ਇੱਕ ਅਧਿਆਤਮਿਕ ਯਾਤਰਾ ਹੈ, ਜਿਸ ਰਾਹੀਂ ਮਨੁੱਖ ਆਪਣੀ ਆਤਮਾ ਦੀ ਅਧਿਆਤਮਿਕ ਉੱਨਤੀ ਕਰਕੇ ਆਪਣੇ ਲਕਸ਼ (ਸਚਿਆਰ) ਦੀ ਪ੍ਰਾਪਤੀ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਇਹ ਧਰਤੀ ਧਰਮਸ਼ਾਲ ਭਾਵ ਧਰਮ ਕਮਾਉਣ ਦੀ ਥਾਂ ਹੈ। ਜਿੱਥੇ ਮਨੁੱਖ ਨੇ ਆਪਣੇ ਕਰਤੱਵਾਂ ਦੀ ਪਾਲਣਾ ਕਰਨੀ ਹੈ ਅਤੇ ਚੰਗੇ ਕਰਮ ਕਰਨੇ ਹਨ। ਕਰਮ ਦੇ ਸਿਧਾਂਤ ਅਨੁਸਾਰ ਮਨੁੱਖ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ ਉਸ ਨੂੰ ਉਸ ਦੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਫਲ਼ ਦੀ ਪ੍ਰਾਪਤੀ ਹੁੰਦੀ ਹੈ।

ਅਗਲੇ ਪੜਾਅ ਵਿੱਚ ਮਨੁੱਖ ਪਰਮਾਤਮਾ ਦੇ ਇੰਨੇ ਵੱਡੇ ਪਸਾਰੇ (ਰਚਨਾ) ਨੂੰ ਵੇਖ ਕੇ ਪ੍ਰਭਾਵਿਤ ਹੁੰਦਾ ਹੈ ਤੇ ਆਪਣੀ ਸੰਕੀਰਣ ਮਾਨਸਿਕਤਾ ਨੂੰ ਵਿਸ਼ਾਲ ਕਰਦਾ ਹੈ। ਇੱਥੇ ਮਨੁੱਖ ਨੂੰ ਇੱਕ ਪ੍ਰਭੂ ਦੀ ਹਸਤੀ, ਉਸ ਦੇ ਹੁਕਮ ਵਿੱਚ ਚਲ ਰਹੀ ਪ੍ਰਕਿਰਤੀ, ਉਸ ਦੀ ਸ਼ਕਤੀ ਦਾ ਗਿਆਨ ਹੁੰਦਾ ਹੈ। ਸਰਮ ਖੰਡ ਸੌਂਦਰਯ ਦਾ ਖੰਡ ਹੈ ਜਿੱਥੇ ਮਤ, ਮਨ, ਅਤੇ ਬੁੱਧੀ ਘੜੀ ਜਾਂਦੀ ਹੈ। ਕਰਮ ਖੰਡ ਪ੍ਰਭੂ ਦੀ ਨਦਰਿ ਦਾ ਖੰਡ ਹੈ। ਇੱਥੇ ਸਾਧਕ ਪਰਮਾਤਮਾ ਦੀ ਨਦਰਿ ਕਾਰਨ ਕਰਮ ਕਰਨ ਦੀ ਸ਼ਕਤੀ ਨਾਲ ਭਰਪੂਰ ਹੁੰਦਾ ਹੈ। ਸੱਚਖੰਡ ਵਿੱਚ ਨਿਰੰਕਾਰ ਵਸਦਾ ਹੈ। "ਸੱਚ ਸ੍ਰਿਸ਼ਟੀ ਦਾ ਮੂਲ ਹੈ, ਨਿਰੰਕਾਰ ਉਸ ਮੂਲ ਨੂੰ ਅਵਿਅਕਤ ਦਸ਼ਾ ਤੋਂ ਵਿਅਕਤ ਕਰਨ ਵਾਲ਼ਾ ਕਰਤਾ ਹੈ। ਤੇ ਸ੍ਰਿਸ਼ਟੀ ਨਿਰੰਕਾਰ ਦੁਆਰਾ ਵਿਅਕਤ ਹੋਏ ਤੇ ਨਿਯੰਤਰਣ ਹੇਠ ਰੱਖੇ ਗਏ ਆਕਾਰਾਂ ਦਾ ਸਮੱਗਰ ਹੈ।"[210] ਇੱਥੇ ਪਹੁੰਚ ਕੇ ਮਨੁੱਖ ਆਪਣੇ ਆਤਮਿਕ ਅਨੁਭਵ ਵਿੱਚ ਪੂਰਾ ਹੋ ਜਾਂਦਾ ਹੈ। ਇਸ ਅਵਸਥਾ ਨੂੰ ਮਨੁੱਖ ਪਰਮਾਤਮਾ ਦੀ ਨਦਰਿ ਨਾਲ ਹੀ ਪ੍ਰਾਪਤ ਕਰਦਾ ਹੈ। ਧਰਮ ਖੰਡ ਤੋਂ ਸੱਚਖੰਡ ਤੱਕ ਦਾ ਸਫਰ ਅਤੇ ਸੱਚਖੰਡ ਦੀ ਪ੍ਰਾਪਤੀ ਸਾਧਕ ਨੂੰ ਪ੍ਰਭੂ ਦੀ ਨਦਰਿ ਦੁਆਰਾ ਹੀ ਹੁੰਦੀ ਹੈ। ਸਦਗੁਣੀ ਜੀਵਨ ਜਿਉਂਦਾ ਸਾਧਕ ਪ੍ਰਭੂ ਦੀ ਨਦਰਿ ਸਦਕਾ ਆਦਰਸ਼ ਮਾਨਵ ਦਾ ਲਖਾਇਕ ਸਿੱਧ, ਮੁਕਤ, ਗੁਰਮੁਖ, ਸੱਚਾ ਅਤੇ ਸਚਿਆਰ ਬਣ ਜਾਂਦਾ ਹੈ। ਪਰ ਨਦਰਿ ਪ੍ਰਾਪਤ ਕਰਕੇ ਉਹ ਚੁੱਪ ਕਰਕੇ ਨਹੀਂ ਬੈਠ ਜਾਂਦਾ, ਸਗੋਂ ਸੰਸਾਰ ਲਈ ਜੂਝਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਮਾਨਵ ਵਿਅਕਤਿਤਵ ਦੀ ਆਦਰਸ਼ ਉੱਨਤੀ ਦਾ ਮਹੱਤਵ ਇਹ ਹੈ ਕਿ ਉਹ ਸਿਰਜਣਾਮਿਕ ਪ੍ਰੇਰਣਾ ਦਾ ਸੋਮਾ ਬਣ ਜਾਵੇ। ਅਜਿਹਾ ਸਚਿਆਰ ਮਨੁੱਖ ਸਫ਼ਲਤਾ ਪ੍ਰਾਪਤੀ ਲਈ ਦੂਜਿਆਂ ਦੀ ਸਹਾਇਤਾ ਕਰਦਾ ਹੈ। ਜੋ ਆਪ ਇਸ ਭਵ ਸਾਗਰ ਵਿੱਚੋਂ ਪਾਰ ਲੰਘਦਾ ਹੈ ਅਤੇ ਹੋਰਾਂ ਨੂੰ ਵੀ ਪਾਰ ਲੰਘਾਉਂਦਾ ਹੈ। "ਸੱਚ ਧਾਰਮਿਕ ਅਸਲੀਅਤ ਦਾ ਗੂੜ੍ਹਾ ਸਿਧਾਂਤ ਹੋਣ ਨਾਲ਼-ਨਾਲ਼ ਮਨੁੱਖੀ

---

[210] ਡਾ. ਰਾਮ ਸਿੰਘ, ਜਪੁਜੀ ਦੇ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1989, ਪੰਨਾ 69

ਸਮਾਜ ਦਾ ਵਿਵਹਾਰਕ ਸਿਧਾਂਤ ਵੀ ਹੈ। ਮਨੁੱਖੀ ਜੀਵਨ ਦਾ ਮਨੋਰਥ ਪਰਮ ਹੋਂਦ ਅਤੇ ਪਰਮ ਚੰਗਿਆਈ ਨੂੰ ਅਨੁਭਵ ਕਰਨਾ ਹੈ ਜੋ ਨਿੱਜੀ ਅਤੇ ਸਨਾਜਿਕ ਜੀਵਨ ਵਿੱਚ ਨੇਪਰੇ ਚਾੜ੍ਹਦਾ ਹੈ। ਸੋ ਸਿੱਖ ਧਰਮ ਸਚਿਆਰ ਭਾਵ ਸੱਚ ਦਾ ਆਦਰਸ਼ ਸਾਹਮਣੇ ਰੱਖਦਾ ਹੈ। ਜਪੁਜੀ ਦੇ ਸ਼ੁਰੂ ਵਿੱਚ ਹੀ ਗੁਰੂ ਨਾਨਕ ਦੇਵ ਜੀ ਇਹ ਪ੍ਰਸ਼ਨ ਕਰਦੇ ਹਨ ਕਿ ਸਚਿਆਰ ਕਿਸ ਤਰ੍ਹਾਂ ਬਣਨਾ ਹੈ ਅਤੇ ਕੂੜ ਕਿਸ ਤਰ੍ਹਾਂ ਛੱਡਣਾ ਹੈ। ਸਿਰਫ ਸੱਚ ਨਾਲ਼ ਪ੍ਰੇਮ ਅਤੇ ਸਚਿਆਰਾ ਬਣਨ ਨਾਲ਼ ਹੀ ਪਰਮ ਹੋਂਦ ਵਿੱਚ ਮਿਲਿਆ ਜਾ ਸਕਦਾ ਹੈ।"[211] ਸੱਚ ਨੂੰ ਸਮਝ ਲੈਣ, ਉਸ ਵਰਗਾ ਬਣਨ ਦੀ ਇੱਛਾ ਰੱਖਣ ਅਤੇ ਸੱਚਾਈ ਵਾਲ਼ੇ ਕਰਮ ਕਰਨ ਨਾਲ਼ ਮਨੁੱਖ ਆਪਣੇ ਅੰਦਰ ਵਸਦੇ ਸੱਚ ਨਾਲ਼ ਇੱਕਮਿਕਤਾ ਸਥਾਪਿਤ ਕਰ ਲੈਂਦਾ ਹੈ। "ਅੰਦਰ ਅਤੇ ਬਾਹਰ ਵਸਦੇ ਸੱਚ ਨਾਲ਼ ਇੱਕ ਸੁਰ ਹੋਣ ਵਾਲ਼ਾ ਮਨੁੱਖ ਸਚਿਆਰ ਹੈ। ਮਨੁੱਖ ਨੂੰ ਸਚਿਆਰ ਬਣਨ ਦੀ ਹੀ ਲੋੜ ਹੈ। ਸਚਿਆਰ ਕਿਸੇ ਪਖੰਡ, ਵਿਖਾਵੇ ਜਾਂ ਦੰਭ ਦਾ ਨਾਮ ਨਹੀਂ, ਇਹ ਤਾਂ ਉੱਨਤ ਵਿਅਕਤਿਤਵ ਦਾ ਸੁੰਦਰ ਵਿਵਹਾਰ ਪ੍ਰਗਟਾਵਾ ਹੈ। ਇਹ ਆਪਣੇ ਅੰਦਰ ਅਤੇ ਬਾਹਰ ਵਸਦੇ ਸੱਚ ਨਾਲ਼ ਇਕਸੁਰ ਹੋ ਕੇ ਪਰਉਪਕਾਰੀ ਬਣਨ ਦੀ ਭਾਵਨਾ ਅਤੇ ਸਰਬੱਤ ਦੇ ਭਲੇ ਦੀ ਚਾਹਤ ਦਾ ਹੀ ਦੂਸਰਾ ਰੂਪ ਹੈ।"[212]

ਗੁਰਮਤਿ ਅਨੁਸਾਰ ਪਰਮਾਤਮਾ ਦੀ ਨਦਰਿ ਸਦਕਾ ਮਨੁੱਖ ਸਚਿਆਰਤਾ ਨੂੰ ਪ੍ਰਾਪਤ ਕਰ ਸਕਦਾ ਹੈ। ਪ੍ਰਭੂ ਦੀ ਨਦਰਿ ਕੇਵਲ ਇੱਕ ਮਨੁੱਖ ਉੱਤੇ ਹੀ ਨਹੀਂ ਬਲਕਿ ਸਾਰੇ ਬ੍ਰਹਿਮੰਡ ਨੂੰ ਵਿਆਪਕ ਰੂਪ ਵਿੱਚ ਆਪਣੇ ਘੇਰੇ ਵਿੱਚ ਲਿਆਉਂਦੀ ਹੈ।

ਸਭਨਾ ਉਪਰਿ ਨਦਰਿ ਪ੍ਰਭ ਤੇਰੀ॥[213]

"ਗੁਰਮਤਿ ਅੰਦਰ ਸਚਿਆਰ ਸ਼ਬਦ ਆਤਮ ਬੋਧ ਵਾਲ਼ੇ ਵਿਅਕਤੀ ਲਈ ਵਰਤਿਆ ਗਿਆ ਹੈ। ਸਚਿਆਰ ਵਿਅਕਤੀ ਨੂੰ ਪਰਮ ਸ਼ਿਵੰ ਦੇ ਪ੍ਰਤੱਖ ਗਿਆਨ ਦਾ ਅਨੁਭਵ ਹੋਇਆ ਮੰਨਿਆ ਜਾਂਦਾ ਹੈ।"[214] ਗੁਰਮਤਿ ਸਾਨੂੰ ਸਚਿਆਰ ਸ਼ਖ਼ਸੀਅਤ ਦੀ ਪ੍ਰਾਪਤੀ ਲਈ ਆਪਣੇ ਅੰਦਰੋਂ ਔਗੁਣਾਂ ਨੂੰ ਕੱਢ ਕੇ ਸਦਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੰਦੀ ਹੈ, ਅੰਦਰੋਂ ਔਗੁਣਾਂ ਨੂੰ ਕੱਢਣ ਨਾਲ਼ ਹੀ ਮਨੁੱਖ ਅੰਦਰ ਸਦਗੁਣਾਂ ਦਾ ਵਿਕਾਸ ਹੋ ਸਕਦਾ ਹੈ। "ਗੁਰੂ ਗ੍ਰੰਥ ਸਾਹਿਬ ਵਿੱਚ ਨੈਤਿਕ ਗੁਣਾਂ ਨੂੰ ਬੜਾ ਮਹੱਤਵ ਦਿੱਤਾ ਗਿਆ ਹੈ। ਜਿਤਨਾ ਜ਼ੋਰ ਨੈਤਿਕ ਗੁਣਾਂ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤਾ ਗਿਆ ਹੈ। ਇਤਨਾ ਸ਼ਾਇਦ ਹੀ ਕਿਸੇ ਹੋਰ ਧਰਮ

---

211 ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2008, ਪੰਨਾ 22

212 ਗੁਰਨਾਮ ਕੌਰ ਬੇਦੀ ਗੁਰਮਤਿ ਸੰਕਲਪ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1999, ਪੰਨਾ 79

213 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 119

214 ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ, ਭਾਸ਼ਾ ਵਿਭਾਗ ਪੰਜਾਬ, 1973

ਗ੍ਰੰਥ ਵਿੱਚ ਹੋਵੇ। ਮਨੁੱਖ ਦੀ ਅੰਦਰਲੀ ਪਵਿੱਤਰਤਾ ਨੂੰ ਬਾਹਰਲੀ ਪਵਿੱਤਰਤਾ ਨਾਲੋਂ ਜ਼ਰੂਰੀ ਤੇ ਮਹੱਤਵਪੂਰਨ ਦੱਸਿਆ ਗਿਆ ਹੈ। ਮਨੁੱਖ ਦਾ ਸੱਚਾ ਹਿਰਦਾ ਅਤੇ ਸੱਚਾ ਵਿਵਹਾਰ ਦੂਸਰੇ ਲੋਕਾਂ ਨੂੰ ਵੀ ਸੱਚ ਦੇ ਮਾਰਗ ਤੇ ਚੱਲਣ ਲਈ ਪ੍ਰਭਾਵਿਤ ਕਰਦਾ ਹੈ।"[215] ਮਨੁੱਖ ਨੇ ਸਚਿਆਰ ਬਣਨ ਲਈ ਸੱਚ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਉਣਾ ਹੈ। ਜਿਸ ਨਾਲ਼ ਉਸ ਦੀ ਅੰਦਰਲੀ ਤੇ ਬਾਹਰਲੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ। ਮਨੁੱਖ ਨੇ ਆਪਣੇ ਰੋਜਾਨਾ ਦੇ ਹਰ ਕਰਮ ਵਿੱਚ ਸੱਚਾਈ ਦੇ ਆਧਾਰ ਤੇ ਆਪਣੇ ਲਕਸ਼ ਦੀ ਪ੍ਰਾਪਤੀ ਵੱਲ ਨੂੰ ਵਧਣਾ ਹੈ। "ਜਦੋਂ ਮਨੁੱਖ ਸੱਚ ਦਾ ਹੀ ਸੇਵਕ ਬਣ ਜਾਂਦਾ ਹੈ ਤਾਂ ਉਹ ਸਚਿਆਰ ਪਦ ਦੀ ਪ੍ਰਾਪਤੀ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ। ਜੀਵਨ ਦੇ ਹਰ ਖੇਤਰ ਵਿੱਚ ਸੱਚ ਨੂੰ ਅਪਨਾਉਣ ਵਾਲ਼ਾ ਸਾਧਕ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।"[216] ਸਚਿਆਰ ਮਨੁੱਖ ਨੇ ਆਪਣੇ ਇਸ ਕੀਮਤੀ ਜਨਮ ਵਿੱਚ ਇਸ ਜਗਤ ਨੂੰ ਕਰਮ ਭੂਮੀ ਮੰਨਦੇ ਹੋਏ ਚੰਗੇ ਕਰਮਾਂ ਨੂੰ ਅਪਣਾਉਂਦੇ ਹੋਏ ਗੁਰੂ ਸਾਹਿਬਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਦਾਚਾਰਕ ਜੀਵਨ ਬਤੀਤ ਕਰਨਾ ਹੈ, ਤਾਂ ਜੋ ਉਹ ਆਪਣੇ ਚੰਗੇ ਗੁਣਾਂ ਦੀ ਮਹਿਕ ਨਾਲ਼ ਸਮਾਜ ਨੂੰ ਰੁਸ਼ਨਾ ਸਕੇ ਅਤੇ ਭਟਕੀ ਮਨੁੱਖਤਾ ਦਾ ਸਹੀ ਮਾਰਗ-ਦਰਸ਼ਨ ਕਰ ਸਕੇ। "ਗੁਰੂ ਸਾਹਿਬਾਨ ਦਾ ਜਗਤ ਨੂੰ ਵਿਵਹਾਰਿਕ ਸਤਿ ਮੰਨਣ ਦਾ ਕਾਰਣ ਸ਼ੁੱਧ ਅਤੇ ਸਾਤਵਿਕ ਜੀਵਨ ਬਤੀਤ ਕਰਨਾ ਸੀ। ਕਿਉਂਕਿ ਗੁਰਮਤਿ ਅਨੁਸਾਰ ਸਾਤਵਿਕ ਜੀਵਨ ਦਾ ਆਦਰਸ਼ ਰੂਪ ਹੈ ਚਿੱਤ-ਵ੍ਰਿਤੀਆਂ ਨੂੰ ਮਾਇਆਵੀ ਪ੍ਰਲੋਭਨਾ ਤੋਂ ਵਰਜ ਕੇ ਆਤਮ-ਸਰੂਪ ਅੰਤਰ ਗ੍ਰਿਹ ਵਿੱਚ ਟਿਕਾਇਆ ਜਾਏ। ਇਹ ਅੰਤਰ-ਗ੍ਰਿਹ ਹੀ ਸੱਚਖੰਡ ਹੈ ਜਿੱਥੇ ਨਿਰੰਕਾਰ ਦਾ ਵਾਸਾ ਹੈ। ਅਰਥਾਤ ਜੀਵ ਜਾਂ ਵਿਅਕਤੀ ਦਾ ਮਾਇਆ ਮੁਕਤ ਸ਼ੁੱਧ ਹਿਰਦਾ ਹੀ ਸੱਚਖੰਡ ਹੈ, ਜਿਸ ਵਿੱਚ ਵਿਰਾਜਮਾਨ ਪਰਮਾਤਮਾ ਮਾਇਆ ਦੀ ਮੈਲ਼ ਕਰਕੇ ਦਿਸਦਾ ਨਹੀਂ, ਪਰ ਅਧਿਆਤਮਿਕ ਕਰਮਾਂ ਦੇ ਫਲਸਰੂਪ ਜਦੋਂ ਚਿੱਤ ਸ਼ੁੱਧ ਹੋ ਜਾਂਦਾ ਹੈ ਤਾਂ ਅੰਦਰ ਵੱਸਦਾ ਪਰਮਾਤਮਾ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਅਧਿਆਤਮਿਕ ਕਰਮਾਂ ਲਈ ਜਗਤ ਰੂਪੀ ਕਰਮ-ਭੂਮੀ ਦੀ ਸੱਤਾ ਨੂੰ ਇਸੇ ਲਈ ਗੁਰਬਾਣੀ ਵਿੱਚ ਸਵੀਕਾਰ ਕੀਤਾ ਗਿਆ ਹੈ, ਪਰ ਇਹ ਪਰਮ ਸਤਿ ਨਹੀਂ, ਵਿਵਹਾਰਕ ਸਤਿ ਹੈ।"[217] ਸੱਚਾਈ ਅਤੇ ਦੂਜਿਆਂ ਦੀ ਭਲਾਈ ਨਾਲ਼ ਭਰੇ ਕਰਮ ਹੀ ਮਨੁੱਖ ਦੀ ਸੋਚ ਨੂੰ ਸਾਕਾਰਾਤਮਕ ਕਰਦੇ ਹਨ। ਅਜਿਹੇ ਕਰਮ ਕਰਨ ਨਾਲ਼ ਮਨੁੱਖ ਬਿਨ੍ਹਾਂ ਕਿਸੇ ਨਾਂਹ-ਪੱਖੀ ਵਿਚਾਰ ਦੇ ਆਪਣੇ ਲਕਸ਼ ਵੱਲ ਵਧਦਾ ਹੈ। ਜਿੱਥੇ ਉਹ ਵੱਖ-ਵੱਖ ਸਥਿਤੀਆਂ

---

215 ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1995, ਪੰਨਾ 82

216 ਉਹੀ, ਪੰਨਾ 77

217 ਡਾ. ਗੁਰਸ਼ਰਨ ਕੌਰ ਜੱਗੀ, ਗੁਰਮਤਿ ਵਿਚਾਰਧਾਰਾ, ਗੁਰਮਤਿ ਪ੍ਰਕਾਸ਼ਨ, ਪਟਿਆਲ਼ਾ, 2007, ਪੰਨਾ 19

ਵਿੱਚ ਸੰਦਰਭ ਅਨੁਸਾਰ ਨਿੱਜੀ ਲਾਲਸਾ ਅਤੇ ਬਿਨ੍ਹਾਂ ਕਿਸੇ ਵੀ ਫ਼ਲ਼ ਦੀ ਇੱਛਾ ਦੇ ਕਰਮ ਨੂੰ ਜ਼ਿੰਮੇਵਾਰੀ ਦੀ ਭਾਵਨਾ ਨਾਲ਼ ਕਰਦਾ ਹੈ। ਉਹ ਇਸ ਦੁਨੀਆਂ ਨੂੰ ਕਰਮ-ਭੂਮੀ ਮੰਨਦਾ ਹੋਇਆ ਇਨਸਾਨੀਅਤ ਦੇ ਧਰਮ, ਮਨੁੱਖੀ ਫਰਜ਼ਾਂ, ਸਮਾਜਿਕ ਸੰਦਰਭ ਵਿੱਚ ਚੰਗੇ ਕਰਮਾਂ ਦੀ ਕਾਰ ਕਮਾਉਂਦਾ ਹੈ। ਉਸ ਦੀ ਸ਼ਖ਼ਸੀਅਤ ਆਪਣੇ ਚੰਗੇਰੇ ਗੁਣਾਂ ਨਾਲ਼ ਆਪਣੇ ਆਲ਼ੇ-ਦੁਆਲ਼ੇ ਨੂੰ ਰੁਸ਼ਨਾਉਂਦੀ ਹੋਈ ਹੋਰਨਾਂ ਨੂੰ ਵੀ ਆਪਣੇ ਨਾਲ਼ ਜੋੜਦੀ ਹੈ। ਮਨੁੱਖੀ ਸ਼ਖ਼ਸੀਅਤ ਦੇ ਸੱਚਾਈ ਅਤੇ ਚੰਗਿਆਈ ਨਾਲ਼ ਭਰੇ ਗੁਣ ਉਸ ਨੂੰ ਪੂਰਨਤਾ ਵੱਲ ਲੈ ਕੇ ਜਾਂਦੇ ਹਨ। "ਜਦੋਂ ਕੋਈ ਮਨੁੱਖ ਆਤਮਿਕ ਤੌਰ ਤੇ ਪਰਿਪੂਰਨ ਹੋ ਜਾਂਦਾ ਹੈ ਤਾਂ ਇਹ ਪੂਰਨਤਾ ਦੀ ਮਹਿਕ ਉਸ ਦੇ ਆਲ਼ੇ-ਦੁਆਲ਼ੇ ਪਸਰ ਜਾਂਦੀ ਹੈ, ਜੋ ਸ੍ਰਿਸ਼ਟੀ ਦੇ ਸਭ ਜੀਆਂ ਲਈ ਗੁਣਕਾਰੀ ਹੈ।"[218] ਮਨੁੱਖ ਦੀ ਆਤਮਿਕ ਪੂਰਨਤਾ ਹੀ ਉਸ ਦੇ ਜੀਵਨ ਆਦਰਸ਼ ਦੀ ਪ੍ਰਾਪਤੀ ਹੈ, ਜੋ ਆਪਣੀ ਸਚਿਆਰਤਾ ਦੀ ਛੋਹ ਨਾਲ਼ ਦੂਜਿਆਂ ਦੀ ਸੋਚ ਅਤੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੀ ਹੋਈ ਉਨ੍ਹਾਂ ਦੇ ਜੀਵਨ ਨੂੰ ਰੁਸ਼ਨਾਉਂਦੀ ਹੈ। ਸਚਿਆਰ ਗੁਣਾਂ ਨਾਲ਼ ਭਰਪੂਰ ਸ਼ਖ਼ਸੀਅਤ ਦਾ ਮਾਲਕ ਮਨੁੱਖ ਸਾਕਾਰਾਤਮਕ ਸੋਚ ਦੇ ਆਧਾਰ 'ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸਾਹਮਣੇ ਰੱਖ ਕੇ ਦੂਜੇ ਮਨੁੱਖਾਂ ਦਾ ਚਾਨਣ ਮੁਨਾਰਾ ਬਣਦਾ ਹੈ। "ਕੁੱਝ ਸੱਚੇ ਮਹਾਂ ਪੁਰਸ਼ਾਂ ਵਿੱਚ ਸਾਨੂੰ ਪਰਕਾਸ਼ਤ ਕਰਨ, ਸਾਡੀ ਕਾਇਆ ਕਲਪ ਕਰਨ, ਸਾਨੂੰ ਨਿਗੂਣੇ ਅਤੇ ਤੁੱਛ ਜਿਹੇ ਅਸਥਾਈ ਸਮੇਂ ਤੋਂ ਮੁਕਤ ਕਰਨ ਦੀ ਸ਼ਕਤੀ ਹੁੰਦੀ ਹੈ। ਉਹ ਕੇਵਲ ਸਾਡੀਆਂ ਗਿਆਨ ਇੰਦਰੀਆਂ ਨੂੰ ਜਾਂ ਸਾਡੇ ਮਨ ਦੇ ਸਵਾਰਥਾਂ ਅਤੇ ਰੁਚੀਆਂ ਨੂੰ ਹੀ ਤ੍ਰਿਪਤ ਨਹੀਂ ਕਰਦੇ, ਸਗੋਂ ਉਹ ਸਾਡੀਆਂ ਆਤਮਾਵਾਂ ਨੂੰ ਛੂੰਹਦੇ ਹਨ ਅਤੇ ਸਾਡੇ ਸਮੁੱਚੇ ਜੀਵਨ ਨੂੰ ਬਦਲ ਦਿੰਦੇ ਹਨ। ਉਨ੍ਹਾਂ ਦੀ ਸਹਾਇਤਾ ਨਾਲ਼ ਸਾਨੂੰ ਜੀਵਨ ਦਿਆਂ ਅਰਥਾਂ ਵੱਲ ਵਧੇਰੇ ਸਚੇਤਨ ਪ੍ਰਤੀਤੀ ਹੁੰਦੀ ਹੈ।"[219]

---

[218] ਪ੍ਰੋ. ਪੂਰਨ ਸਿੰਘ, ਅਨੁਵਾਦਕ: ਕਿਰਪਾਲ ਸਿੰਘ ਕਸੇਲ, ਸਿੱਖੀ ਦੀ ਆਤਮਾ (ਭਾਗ-1) ਜੁਗਾਂ ਜੁਗਾਂਤਰਾਂ ਦੀ ਸਾਂਝ, ਪੰਜਾਬੀ ਪਬਲੀਕੇਸ਼ਨ, ਪਟਿਆਲ਼ਾ, 1995, ਪੰਨਾ 111

[219] ਡਾ. ਐਸ. ਰਾਧਾ ਕ੍ਰਿਸ਼ਨਨ, ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 183

# ਅਧਿਆਇ ਤੀਜਾ

## ਸ਼ਖ਼ਸੀਅਤ ਦੇ ਵਿਕਾਸ ਵਿੱਚ ਧਰਮ ਦਾ ਯੋਗਦਾਨ

ਗੁਰਮਤਿ ਅਨੁਸਾਰ ਮਨੁੱਖ ਇਸ ਸ੍ਰਿਸ਼ਟੀ ਦਾ ਸਿਰਤਾਜ ਹੈ ਅਤੇ ਇਹ ਮਾਨਵੀ ਜੀਵਨ ਉਸ ਅਕਾਲ-ਪੁਰਖ ਦੀ ਬਖਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਜੀਵ-ਆਤਮਾ ਬੜੇ ਕਸ਼ਟ ਸਹਾਰਦੀ ਹੋਈ ਇਸ ਮਾਣਸ ਜਨਮ ਨੂੰ ਪ੍ਰਾਪਤ ਕਰਦੀ ਹੈ। ਗੁਰਮਤਿ ਵਿੱਚ ਮਾਣਸ ਦੇਹੀ ਨੂੰ ਇੱਥੋਂ ਤੱਕ ਉੱਤਮ ਕਿਹਾ ਗਿਆ ਹੈ ਕਿ ਇਸ ਦੇਹੀ ਨੂੰ ਦੇਵਤੇ ਵੀ ਤਰਸਦੇ ਹਨ।

ਇਸ ਦੇਹੀ ਕਉ ਸਿਮਰਹਿ ਦੇਵ ॥[1]

ਮਨੁੱਖ ਨੂੰ ਇਹ ਜਨਮ 84 ਲੱਖ ਜੂਨੀਆਂ ਤੋਂ ਬਾਅਦ ਇੱਕ ਖਾਸ ਮਕਸਦ ਦੀ ਪ੍ਰਾਪਤੀ ਲਈ ਮਿਲਿਆ ਹੈ। ਮਨੁੱਖ ਨੇ ਆਪਣੇ ਇਸ ਕੀਮਤੀ ਜਨਮ ਵਿੱਚ ਪਰਮਾਤਮਾ ਨੂੰ ਮਿਲਣਾ ਹੈ।

ਭਈ ਪਰਾਪਤ ਮਾਨੁਖ ਦੇਹੁਰੀਆ ਗੋਬਿੰਦ ਮਿਲਣ ਕੀ ਏਹੁ ਤੇਰੀ ਬਰੀਆ ॥[2]

ਇਸ ਵਿੱਚ ਵੀ ਕੋਈ ਸੰਦੇਹ ਨਹੀ ਕੀਤਾ ਜਾ ਸਕਦਾ ਕਿ ਮਨੁੱਖ ਨੂੰ ਇਹ ਜਨਮ ਪਰਮਾਤਮਾ ਦੀ ਕਿਰਪਾ ਸਦਕਾ ਹੀ ਪ੍ਰਾਪਤ ਹੋਇਆ ਹੈ। ਸੰਸਾਰ ਦੇ ਹੋਰ ਸਾਰੇ ਜੀਵ-ਜੰਤੂਆਂ ਨਾਲੋਂ ਮਨੁੱਖ ਵਿੱਚ ਆਤਮਿਕ ਵਿਕਾਸ ਕਰਨ ਦੀਆਂ ਅਥਾਹ ਸੰਭਾਵਨਾਵਾਂ ਹਨ। ਮਨੁੱਖ ਨੇ ਇਨ੍ਹਾਂ ਸੰਭਾਵਨਾਵਾਂ ਦਾ ਲਾਹਾ ਲੈਂਦੇ ਹੋਏ ਪਰਮਾਤਮਾ ਨੂੰ ਇਸ ਮਨੁੱਖੀ ਜਨਮ ਵਿੱਚ ਹੀ ਪ੍ਰਾਪਤ ਕਰਨਾ ਹੈ। ਮਨੁੱਖ ਵਿੱਚ ਅਧਿਆਤਮਿਕਤਾ ਦਾ ਪੱਖ ਹੋਣ ਕਾਰਨ ਉਹ ਪਰਮਾਤਮਾ ਦੀ ਸਭ ਤੋਂ ਉੱਤਮ ਰਚਨਾ ਹੈ। ਇਸ ਅਧਿਆਤਮਿਕਤਾ ਦੇ ਆਧਾਰ ’ਤੇ ਹੀ ਉਸ ਨੇ ਆਪਣੇ ਜੀਵਨ ਮਕਸਦ ਤੱਕ ਪਹੁੰਚਣ ਲਈ ਸਚਿਆਰਤਾ ਨੂੰ ਪ੍ਰਾਪਤ ਕਰਨਾ ਹੈ। ਸਚਿਆਰ ਸ਼ਖ਼ਸੀਅਤ ਦੀ ਪ੍ਰਾਪਤੀ ਵਿੱਚ ਧਰਮ ਮਨੁੱਖ ਦੀ ਸਹਾਇਤਾ ਕਰਦਾ ਹੈ। ਇਸ ਲਈ ਧਰਮ ਦਾ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਵ ਹੈ। “ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲ਼ੀਆਂ ਸ਼ਕਤੀਆਂ ਵਿੱਚ ਧਰਮ

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1159

2 ਉਹੀ, ਪੰਨਾ 12

ਦਾ ਅਤਿ ਵਿਸ਼ੇਸ਼ ਸਥਾਨ ਹੈ। ਵਿਅਕਤੀ ਦੇ ਜਨਮ ਤੋਂ ਹੀ ਧਰਮ ਨਾਲ਼ ਉਸ ਦੀ ਸਾਂਝ ਸ਼ੁਰੂ ਹੋ ਜਾਂਦੀ ਹੈ।"[3] ਮਨੁੱਖ ਆਪਣੀ ਨਿੱਜੀ ਸੋਚ ਨੂੰ ਸਾਹਮਣੇ ਰੱਖਕੇ ਸਹੀ ਰਾਸਤੇ ਨੂੰ ਅਪਨਾਉਣ ਵਿੱਚ ਅਸਮਰੱਥ ਹੁੰਦਾ ਹੈ, ਇਸ ਲਈ ਧਰਮ ਮਨੁੱਖੀ ਸੋਚ ਨੂੰ ਪ੍ਰਭਾਵਿਤ ਕਰਦਾ ਹੋਇਆ ਉਸ ਨੂੰ ਸਹੀ ਰਾਸਤੇ 'ਤੇ ਚੱਲਣ ਲਈ ਪ੍ਰੇਰਦਾ ਹੈ। "ਮਨੁੱਖੀ ਜ਼ਿੰਦਗੀ ਵਿੱਚ ਸ਼ਾਇਦ ਹੀ ਕੋਈ ਅਜਿਹੀ ਸ਼ਕਤੀ ਹੋਵੇ ਜਿਸ ਨੇ ਕਿ ਉਸ ਦੇ ਜੀਵਨ ਨੂੰ ਇੰਨਾ ਜ਼ਿਆਦਾ ਪ੍ਰਭਾਵਿਤ ਕੀਤਾ ਹੋਵੇ ਜਿੰਨਾ ਕਿ ਧਰਮ ਨੇ। ਮਨੁੱਖੀ ਜੀਵਨ ਦੀ ਸ਼ੁਰੂਆਤ ਯਾਨੀ ਕਿ ਜਨਮ ਤੋਂ ਹੀ ਧਰਮ ਮਨੁੱਖ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਅੰਤ ਸਮੇਂ ਤੱਕ ਪ੍ਰਭਾਵਿਤ ਕਰਦਾ ਰਹਿੰਦਾ ਹੈ।"[4] ਧਰਮ ਮਨੁੱਖ ਦੇ ਜਨਮ ਤੋਂ ਲੈ ਕੇ ਅੰਤ ਤੱਕ ਉਸ ਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਮਨੁੱਖ ਨੂੰ ਉਸ ਦੇ ਅਸਲ ਦੀ ਪਹਿਚਾਣ ਕਰਵਾਕੇ ਚੰਗੇ ਕਰਮ ਕਰਨ, ਦੂਜਿਆਂ ਦੀ ਸਹਾਇਤਾ ਕਰਨ ਅਤੇ ਸਮਾਜ ਨੂੰ ਚੰਗਾ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਸੁਚੇਤ ਕਰਦਾ ਹੈ।

"ਧਰਮ ਮਨੁੱਖੀ ਅਨੁਭਵ ਅਤੇ ਗਿਆਨ ਨਾਲ਼ ਸੰਬੰਧਿਤ ਇੱਕ ਪ੍ਰਾਚੀਨ ਭਾਰਤੀ ਸ਼ਬਦ ਹੈ। ਇਸ ਦੀ ਵਰਤੋਂ ਇੱਥੋਂ ਦੀ ਦਾਰਸ਼ਨਿਕ ਤੇ ਧਾਰਮਿਕ ਪਰੰਪਰਾ ਵਿੱਚ ਹਜ਼ਾਰਾਂ ਵਰ੍ਹਿਆਂ ਤੋਂ ਰਿਸ਼ੀਆਂ-ਮੁਨੀਆਂ, ਆਚਾਰੀਆਂ, ਤੱਤ ਵੇਤਾਵਾਂ ਅਤੇ ਧਾਰਮਿਕ ਆਗੂਆਂ ਦੁਆਰਾ ਕੀਤੀ ਜਾ ਰਹੀ ਹੈ।"[5] ਧਰਮ ਦਾ ਸੰਕਲਪ ਨਵਾਂ ਨਹੀਂ ਹੈ, ਇਹ ਉਦੋਂ ਤੋਂ ਹੈ ਜਦ ਤੋਂ ਮਨੁੱਖ ਇਸ ਸੰਸਾਰ ਵਿੱਚ ਆਪਣੀ ਹੋਂਦ ਰੱਖਦਾ ਹੈ। ਧਰਮ ਅਤੇ ਮਨੁੱਖ ਅੰਤਰ-ਸੰਬੰਧਤ ਹਨ, ਇਨ੍ਹਾਂ ਨੂੰ ਇੱਕ-ਦੂਜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ ਜਿਸ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਧਰਮ ਉਦੋਂ ਤੋਂ ਹੈ ਜਦੋਂ ਤੋਂ ਮਨੁੱਖ ਦਾ ਜਨਮ ਹੋਇਆ ਹੈ। "ਧਰਮ ਦਾ ਇਤਿਹਾਸ ਉਂਨਾਂ ਹੀ ਪੁਰਾਣਾ ਹੈ ਜਿੰਨਾ ਕਿ ਮਨੁੱਖੀ ਇਤਿਹਾਸ। ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਹੋਂਦ ਨਾਲ਼ ਹੀ ਧਰਮ ਦੀ ਉਤਪਤੀ ਹੋਈ। ਅਰਥਾਤ ਧਾਰਮਿਕ ਭਾਵ ਮਨੁੱਖ ਜਿੰਨਾ ਹੀ ਪੁਰਾਣਾ ਹੈ।"[6] ਇਹ ਇੱਕ ਮਹੱਤਵਪੂਰਨ ਸੰਕਲਪ ਹੈ ਜੋ ਵਿਸ਼ਾਲ ਅਰਥਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਧਰਮ ਦੇ ਇਤਿਹਾਸ ਨੂੰ ਵੇਖਿਆਂ ਪਤਾ ਲਗਦਾ ਹੈ ਕਿ ਮਨੁੱਖ ਆਦਿ ਕਾਲ ਤੋਂ ਹੀ ਇੱਕ ਅਜਿਹੀ ਅਲੌਕਿਕ ਸ਼ਕਤੀ ਦੀ ਲੋੜ

[3] ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1999, ਪੰਨਾ 1

[4] ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 1

[5] ਡਾ. ਪਰਮਿੰਦਰਜੀਤ ਕੌਰ, ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸੰਸ, ਦਿੱਲੀ, 2011, ਪੰਨਾ 14

[6] ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 11

ਮਹਿਸੂਸ ਕਰਦਾ ਰਿਹਾ ਹੈ ਜੋ ਉਸ ਦੇ ਸਾਰੇ ਦੁੱਖਾਂ, ਕਲੇਸ਼ਾਂ ਅਤੇ ਦੁਨਿਆਵੀ ਝਗੜਿਆਂ ਦਾ ਖਾਤਮਾ ਕਰ ਸਕੇ। ਕੁਦਰਤੀ ਸ਼ਕਤੀਆਂ ਤੋਂ ਡਰ ਕੇ ਉਨ੍ਹਾਂ ਦੀ ਪੂਜਾ ਕਰਨੀ, ਇਨ੍ਹਾਂ ਕੁਦਰਤੀ ਸ਼ਕਤੀਆਂ ਨੂੰ ਦੇਵੀ-ਦੇਵਤਿਆਂ ਦੇ ਰੂਪ ਮੰਨ ਕੇ ਇਨ੍ਹਾਂ ਦੀ ਅਰਾਧਨਾ ਕਰਨੀ, ਪ੍ਰੇਤ-ਆਤਮਾਵਾਂ ਅਤੇ ਜਾਦੂ-ਟੂਣਿਆਂ ਵਿੱਚ ਵਿਸ਼ਵਾਸ ਧਰਮ ਦੇ ਮੁੱਢਲੇ ਰੂਪ ਹਨ, ਜਿਨ੍ਹਾਂ ਦਾ ਸੰਬੰਧ ਕੇਵਲ ਮਨੁੱਖ ਜਾਤੀ ਨਾਲ਼ ਹੀ ਵੇਖਣ ਨੂੰ ਮਿਲਦਾ ਹੈ। ਮਨੁੱਖ ਨੂੰ ਦੂਜੇ ਜੀਵ-ਜੰਤੂਆਂ ਤੋਂ ਵਖਰਿਆਉਣ ਲਈ, ਉਸ ਵਿੱਚ ਚੰਗਿਆਈ ਪੈਦਾ ਕਰਨ ਲਈ ਔਗੁਣਾਂ ਦਾ ਖਾਤਮਾ ਕਰਨ ਲਈ ਧਰਮ ਨੇ ਮਨੁੱਖ ਦੀ ਸਹਾਇਤਾ ਕੀਤੀ ਹੈ। "ਮਨੁੱਖ ਨੂੰ ਜੰਗਲੀ, ਨਿਰਦਈ, ਬੇਕਿਰਕ, ਬੇਤਰਸ ਅਤੇ ਹਿੰਸਕ ਰੁਚੀਆਂ 'ਚੋਂ ਕੱਢ ਕੇ, ਇੱਕ ਸੋਹਣੀ, ਸਚਿਆਰੀ ਤੇ ਕੋਮਲ ਮਰਿਆਦਾ ਵਿੱਚ ਢਾਲ਼ ਕੇ ਤਰਸਵਾਨ, ਦਇਆਵਾਨ, ਹਮਦਰਦ ਅਤੇ ਨਿੱਘੀ ਸੂਝ-ਬੂਝ, ਸਚਿਆਰੀ ਤੇ ਸੁਹਿਰਦ ਜੀਵਨ-ਜਾਂਚ ਲਈ ਅਤੇ ਉਸ ਨੂੰ ਦੈਂਤ ਤੋਂ ਦੇਵਤਾ ਬਣਾਉਣ ਲਈ, ਉਸ ਵਿੱਚ ਪਰਉਪਕਾਰੀ ਤੇ ਕਰਤਾਰੀ ਭਾਵਨਾ ਉਜਾਗਰ ਕਰਨ ਲਈ ਪ੍ਰਿਥਵੀ 'ਤੇ ਧਰਮ ਦੀ ਲੋੜ ਪਈ ਹੈ।"[7] ਮਨੁੱਖੀ ਸੋਚ ਨੂੰ ਉਸ ਦੇ ਵਜੂਦ ਦੀ ਸਮਝ ਅਤੇ ਉਸ ਦੇ ਅਸਲ ਨੂੰ ਪਛਾਨਣ ਵਿੱਚ ਧਰਮ ਨੇ ਮਨੁੱਖ ਨੂੰ ਸਹੀ ਰਾਹ ਦਿਖਾਇਆ। ਧਰਮ ਬਾਰੇ ਸ਼ੁਰੂਆਤੀ ਸਮਝ ਵਿੱਚ ਅਤੇ ਸਮੇਂ ਦੇ ਬਦਲਣ ਨਾਲ਼ ਇਸ ਸੰਬੰਧੀ ਮਨੁੱਖੀ ਸੋਚ ਅਤੇ ਸਮਝ ਵਿੱਚ ਫਰਕ ਪਿਆ ਹੈ। ਧਰਮ ਦੇ ਮੁੱਢਲੇ ਰੂਪ ਅਤੇ ਮੌਜੂਦਾ ਰੂਪ ਵਿੱਚ ਜ਼ਮੀਨ ਅਸਮਾਨ ਦਾ ਫਰਕ ਦਿਖਾਈ ਦਿੰਦਾ ਹੈ। "ਜਿਥੋਂ ਤੀਕ 'ਧਰਮ' ਦਾ ਸੰਬੰਧ ਹੈ, ਨਿਰਸੰਦੇਹ ਇਸ ਦੀ ਪਰਿਭਾਸ਼ਾ ਦੇ ਸਕਣਾ ਬੜਾ ਹੀ ਕਠਿਨ ਹੈ। ਹਜ਼ਾਰਾਂ ਵਰ੍ਹੇ ਹੋਏ, ਧਰਮ ਸ਼ਬਦ ਉੱਭਰ ਕੇ ਵਰਤੋਂ ਵਿੱਚ ਆਇਆ। ਸ਼ਬਦ ਇਸ ਤਰ੍ਹਾਂ ਕਾਇਮ ਰਿਹਾ, ਪਰ ਇਸ ਦੇ ਅਰਥ ਅਤੇ ਭਾਵ ਹਰ ਸਦੀ ਮਗਰੋਂ ਬਦਲਦੇ ਗਏ, ਅਤੇ ਹੁਣ ਆਮ ਕਰਕੇ ਇਸ ਦੀ ਵਰਤੋਂ ਐਸੀ ਦਸ਼ਾ ਲਈ ਕੀਤੀ ਜਾਂਦੀ ਹੈ, ਜੋ ਇਸ ਦੇ ਪਹਿਲੇ ਅਰੰਭਕ ਅਰਥਾਂ ਤੋਂ ਬਿਲਕੁਲ ਬਿਪਰੀਤ ਹੈ।"[8] ਸਮੇਂ ਦੇ ਬਦਲਣ ਨਾਲ਼ 'ਧਰਮ' ਦੇ ਅਰਥ ਬਦਲਦੇ ਰਹੇ ਤੇ ਅੱਜ-ਕੱਲ੍ਹ ਧਰਮ ਸ਼ਬਦ ਦੀ ਵਰਤੋਂ ਅਰਬੀ ਭਾਸ਼ਾ ਦੇ ਸ਼ਬਦ 'ਮਜ਼ਬ' ਅਤੇ ਅੰਗਰੇਜ਼ੀ ਦੇ ਰਲੀਜ਼ਨ ਦੇ ਸਮਾਨ ਅਰਥਾਂ ਵਿੱਚ ਕੀਤੀ ਜਾਣ ਲੱਗੀ ਹੈ।

---

7 ਪੂਰਨ ਸਿੰਘ ਪਾਂਧੀ, ਸਿਰੁ ਨੀਵਾਂ ਕਰਿ ਦੇਖੁ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ 91

8 ਔਫ ਮੈਕਸਮੂਲਰ, ਅਨੁ: ਤਾਰਨ ਸਿੰਘ, ਧਰਮ ਦੀ ਉਤਪਤੀ ਅਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2002, ਪੰਨਾ 8

"ਧਰਮ ਦੇ ਸੰਬੰਧ ਵਿੱਚ ਵਿਸ਼ਵ-ਵਿਆਪੀ ਚਿੰਤਕਾਂ ਦੇ ਵਿਚਾਰਾਂ ਵਿੱਚ ਮੱਤਭੇਦ ਪਾਇਆ ਜਾਂਦਾ ਹੈ। ਇੱਕ ਪਾਸੇ ਧਰਮ ਨੂੰ ਮਨੁੱਖੀ ਜੀਵਨ ਦੀ ਸਰਬ-ਉੱਚ ਸਾਰਥਕਤਾ ਮੰਨਣ ਵਾਲ਼ੇ ਹਨ ਅਤੇ ਦੂਜੇ ਪਾਸੇ ਇਸ ਨੂੰ ਜੀਵਨ ਦੇ ਦੁਖਦਾਈ ਯਥਾਰਥ ਵੱਲੋਂ ਭਾਂਜ ਦਾ ਮਾਰਗ ਆਖ ਕੇ ਨਿੰਦਿਆ ਜਾਂਦਾ ਹੈ। ਇਕਨਾਂ ਦੀ ਦ੍ਰਿਸ਼ਟੀ ਵਿੱਚ ਧਰਮ ਹੀ ਮਨੁੱਖੀ ਕਲਿਆਣ ਦਾ ਮਾਰਗ ਹੈ ਪਰ ਦੂਜੇ ਇਸ ਨੂੰ ਅੰਧ-ਵਿਸ਼ਵਾਸ ਅਤੇ ਭੁਲੇਖਾ ਸਮਝਦੇ ਹਨ।"[9] ਉਦਾਹਰਨ ਦੇ ਤੌਰ ਤੇ ਜਦੋਂ ਕੋਈ ਕਿਸੇ ਨੂੰ ਪ੍ਰਸ਼ਨ ਕਰਦਾ ਹੈ ਕਿ ਉਸ ਦਾ ਧਰਮ ਕਿਹੜਾ ਹੈ ਤਾਂ ਉਸ ਦੇ ਪੁੱਛਣ ਦਾ ਇਹ ਭਾਵ ਹੁੰਦਾ ਹੈ ਕਿ ਉਹ ਹਿੰਦੂ, ਸਿੱਖ, ਬੁੱਧ, ਜੈਨ, ਈਸਾਈ ਅਤੇ ਇਸਲਾਮ ਆਦਿ ਵਿੱਚੋਂ ਕਿਸ ਧਰਮ ਨਾਲ ਸੰਬੰਧ ਰੱਖਦਾ ਹੈ ਅਰਥਾਤ ਉਸ ਦਾ ਮਜ਼ਬ ਜਾਂ ਰਲੀਜ਼ਨ ਕਿਹੜਾ ਹੈ। ਵੱਖ-ਵੱਖ ਵਿਦਵਾਨਾਂ ਨੇ ਇਸ ਦੇ ਵੱਖ-ਵੱਖ ਅਰਥ ਕੀਤੇ ਹਨ। ਧਰਮ ਸ਼ਬਦ ਦੇ ਅਰਥ ਹਨ ਅਕੀਦਾ, ਧਰਮਗਤਾ, ਅੰਤਿਮ ਸੱਚਾਈ ਬਾਰੇ ਮਨੁੱਖ ਦੀ ਰੁਚੀ, ਪਰਮਾਤਮਾ ਦੀ ਹੋਂਦ ਬਾਰੇ ਆਪਣਾ ਨਿੱਜੀ ਤਜ਼ਰਬਾ ਅਤੇ ਅਧਿਆਤਮਿਕ ਅਸਲੀਅਤ ਵਿੱਚ ਵਿਸ਼ਵਾਸ ਇਤਿਆਦਿ। ਧਰਮ ਨੂੰ ਵੱਖ-ਵੱਖ ਚਿੰਤਕਾਂ ਨੇ ਵੱਖ-ਵੱਖ ਨਜ਼ਰੀਏ ਤੋਂ ਵੇਖਿਆ ਹੈ। ਹਰੇਕ ਵਿਦਵਾਨ ਨੇ ਆਪਣੀ-ਆਪਣੀ ਸਮਝ ਅਤੇ ਤਜ਼ਰਬੇ ਅਨੁਸਾਰ ਧਰਮ ਬਾਰੇ ਆਪਣੇ ਵਿਚਾਰ ਦਿੱਤੇ ਹਨ। ਧਰਮ ਦੇ ਸੰਕਲਪ ਅਤੇ ਵਿਚਾਰ ਕਰਨ ਤੋਂ ਪਹਿਲਾਂ ਇਸ ਦੇ ਸ਼ਬਦੀ ਅਰਥਾਂ ਬਾਰੇ ਜਾਣ ਲੈਣਾ ਅਤਿ ਜ਼ਰੂਰੀ ਹੋ ਜਾਂਦਾ ਹੈ। "ਧਰਮ ਤੋਂ ਭਾਵ, ਇਤਬਾਰ ਕਰਨਾ, ਯਕੀਨ, ਭਰੋਸਾ, ਅਕੀਦਾ, ਈਮਾਨ, ਮਜ਼ਹਬ, ਜ਼ਿੰਮੇਵਾਰੀ, ਇਕਰਾਰ, ਕੌਲ-ਇਕਰਾਰ, ਏਕ-ਨਾ-ਦੀਦਾਰ ਹਸਤੀ ਪਰ ਈਮਾਨ, ਰੂਹਾਨੀਅਤ, ਮਜ਼ਹਬੀ ਰਸਮ ਕੀ ਅਦਾਇਗੀ, ਪੱਕਾ ਹੁਕਮ ਜਾਂ ਕਾਨੂੰਨ, ਰਸਮੋ-ਰਿਵਾਜ਼, ਮਜ਼ਹਬੋ-ਮਿਲਤ, ਦਸਤੂਰ, ਕਾਇਦਾ, ਹੱਕੋ-ਇਨਸਾਫ, ਨੇਕੀ ਜਾਂ ਨੇਕ ਕਾਮ। ਨਿਸ਼ਾਨਿ ਖ਼ਸੂਸੀਯੱਤ, ਮੰਨਣ ਕਰਨਾ ਆਦਿ ਧਰਮ ਹੈ।"[10] ਧਰਮ ਨੇ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ। ਸੰਸਾਰ ਦੇ ਸਾਰੇ ਜੀਵ-ਜੰਤੂਆਂ ਵਿੱਚੋਂ ਸਾਰੀ ਮਨੁੱਖ ਜਾਤੀ ਨੂੰ ਧਰਮ ਨਾਲ਼ ਜੋੜ ਕੇ ਵੇਖਿਆ ਜਾ ਸਕਦਾ ਹੈ। ਕਿਸੇ ਵੀ ਮੁਲਕ, ਕਿਸੇ ਵੀ ਜਾਤੀ ਦੇ ਮਨੁੱਖ ਦਾ ਕਿਸੇ ਨਾ ਕਿਸੇ ਪੱਖ ਤੋਂ ਧਰਮ ਨਾਲ਼ ਸੰਬੰਧ ਹੈ। ਧਰਮ ਇੱਕ ਜੀਵਨ-

---

9 ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 1973, ਪੰਨਾ 20

10 ਸੰਤਾ ਸਿੰਘ ਤਾਤਲੇ, ਪ੍ਰਕਿਰਤੀ ਅਤੇ ਧਰਮ, ਐਬਟਸਫੋਰਡ, ਬੀ.ਸੀ. (ਕੈਨੇਡਾ), 2003, ਪੰਨਾ 206

ਜਾਂਚ ਅਤੇ ਨੈਤਿਕ ਮਰਿਆਦਾ ਹੈ ਜਿਸ ਦਾ ਮਨੁੱਖ ਅਤੇ ਉਸ ਨਾਲ਼ ਜੁੜੀਆਂ ਹੋਈਆਂ ਕਦਰਾਂ-ਕੀਮਤਾਂ ਨਾਲ਼ ਸੰਬੰਧ ਹੈ। "ਧਰਮ ਤੋਂ ਭਾਵ ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦਾ ਆਧਾਰ ਵਿਸ਼ਵ ਹੈ। ਉਹ ਪਵਿੱਤਰ ਨਿਯਮ, ਸ਼ੁਭ ਕਰਮ, ਮਜ਼ਹਬ, ਦੀਨ, ਪੁਨਯ ਰੂਪ, ਰਿਵਾਜ਼, ਰਸਮ, ਕੁਲ ਅਰਥਾਤ ਦੇਸ਼ ਦੀ ਰੀਤਿ, ਫਰਜ਼, ਇਨਸਾਫ਼, ਪ੍ਰਕਿਤਿ, ਸੁਭਾਅ, ਧਰਮਰਾਜ, ਧਨੁਸ਼, ਤੱਤਾਂ ਦੇ ਸ਼ਬਦ, ਸਪਰਸ਼ ਗੁਣ ਆਦਿ।"[11] ਧਰਮ ਦੇ ਮਨੁੱਖੀ ਜੀਵਨ ਵਿੱਚ ਮਹੱਤਵਪੂਰਨ ਰੋਲ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਧਰਮ ਹੀ ਮਨੁੱਖੀ ਵਿਹਾਰ, ਸਮਾਜ ਅਤੇ ਜੀਵਨ ਨੂੰ ਧਾਰਨ ਕਰਨ ਵਾਲ਼ਾ ਹੈ। ਸੋ ਧਰਮ ਨੂੰ ਧਾਰਕ ਸ਼ਕਤੀ ਮੰਨ ਲੈਣ ਤੇ ਧਰਮ ਨੂੰ ਸੰਪੂਰਣ ਵਿਸ਼ਵ ਦਾ ਪ੍ਰਾਣ ਅਤੇ ਇਸ ਨੂੰ ਚਲਾਉਣ ਵਾਲ਼ਾ ਸਿਧਾਂਤ ਸਮਝਿਆ ਜਾ ਸਕਦਾ ਹੈ। "ਸਾਰੀ ਦੁਨੀਆਂ ਨੂੰ ਕਿਸ ਨੇ ਧਾਰਨ ਕੀਤਾ ਹੋਇਆ ਜਾਂ ਕਿਸ ਨੇ ਸਥਿਰ ਰੱਖਿਆ ਹੋਇਆ ਹੈ। ਇਹ ਇੱਕ ਵਿਸ਼ਵ-ਨੇਮ (Cosmic Law) ਹੀ ਹੈ ਜਿਸ ਨੇ ਇਸ ਨਿਜ਼ਾਮ ਨੂੰ ਇੱਕ ਸੂਤਰ ਵਿੱਚ ਪ੍ਰੋ ਕੇ ਸਥਾਪਨ ਕੀਤਾ ਹੋਇਆ ਹੈ।"[12]

ਧਰਮ ਦਾ ਸੰਬੰਧ ਮਨੁੱਖੀ ਸੋਚ ਅਤੇ ਵਿਸ਼ਵਾਸ ਦੇ ਆਧਾਰ 'ਤੇ ਬਤੀਤ ਕੀਤੀ ਜਾ ਰਹੀ ਜ਼ਿੰਦਗੀ ਨਾਲ਼ ਹੈ। ਧਰਮ ਮਨੁੱਖ ਦੀ ਸੋਚ ਨੂੰ ਪ੍ਰਭਾਵਿਤ ਕਰਕੇ ਉਸ ਨੂੰ ਸਾਕਾਰਾਤਮਕ ਨਜ਼ਰੀਆ ਦੇ ਕੇ ਇੱਕ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ, ਜਿਸ ਨਾਲ਼ ਉਹ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਲੈਂਦਾ ਹੈ। "ਧਰਮ ਇੱਕ ਅਮਲੀ (ਪ੍ਰੈਕਟੀਕਲ) ਜੀਵਨ-ਜਾਂਚ ਹੈ ਇੱਕ ਨਮੂਨੇ ਦੀ ਜ਼ਿੰਦਗੀ ਜਿਊਣ ਦਾ ਢੰਗ ਹੈ। ਆਪੇ ਦੀ ਸੋਝੀ ਹੈ। ਮਨੁੱਖੀ (ਜੋਤ) ਸੱਚ ਤੋਂ ਪੈਦਾ ਹੋਈ ਹੋਣ ਕਰਕੇ (ਧਰਮ) ਸੱਚ ਦੀ ਭਾਲ ਕਰਦੀ ਹੈ ਅਤੇ ਅੰਤ ਨੂੰ ਸੱਚ ਵਿੱਚ ਹੀ ਅਭੇਦ ਹੋ ਜਾਂਦੀ ਹੈ।"[13] ਧਰਮ ਮਨੁੱਖ ਨੂੰ ਆਪਣੀ ਵਿਵਹਾਰਿਕ ਜ਼ਿੰਦਗੀ ਨੂੰ ਸਹੀ ਢੰਗ ਨਾਲ਼ ਜਿਉਣ ਲਈ ਪ੍ਰੇਰਦਾ ਹੈ। ਇਸ ਲਈ ਧਰਮ ਹਮੇਸ਼ਾਂ ਮਨੁੱਖ ਦੇ ਨਾਲ਼-ਨਾਲ਼ ਚੱਲਦਾ ਹੈ। ਧਰਮ ਕੋਈ ਅਸਥਾਈ ਵਸਤੂ ਨਹੀਂ ਹੈ ਸਗੋਂ ਹਮੇਸ਼ਾਂ ਰਹਿਣ ਵਾਲ਼ਾ ਸਿਧਾਂਤ ਹੈ ਜੋ ਵਿਸ਼ਵ ਵਿੱਚ ਉਦੋਂ ਤੱਕ ਮੌਜੂਦ ਰਹੇਗਾ ਜਦੋਂ ਤੱਕ

---

[11] ਭਾਈ, ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1999, ਪੰਨਾ 662

[12] ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1997, ਪੰਨਾ 50

[13] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1995, ਪੰਨਾ 29

ਵਿਸ਼ਵ ਕਾਇਮ ਹੈ। ਦੂਜੇ ਸ਼ਬਦਾਂ ਵਿੱਚ, ਜੋ ਮੌਲਿਕ ਸਿਧਾਂਤਾਂ ਅਤੇ ਮਾਨਵ ਜੀਵਨ ਦਾ ਆਧਾਰ ਹਨ, ਉਨ੍ਹਾਂ ਦਾ ਨਾਮ ਧਰਮ ਹੈ। ਧਰਮ ਜਿੱਥੇ ਮਨੁੱਖ ਦੀ ਸੋਹਣੀ ਅਤੇ ਚੰਗੀ ਜ਼ਿੰਦਗੀ ਲਈ ਉਸ ਦਾ ਮਾਰਗ-ਦਰਸ਼ਕ ਹੈ, ਉੱਥੇ ਧਰਮ ਮਨੁੱਖ ਨੂੰ ਖੁਦ ਨਾਲ਼ ਜੋੜਦਾ ਹੈ ਜਿਸ ਦੇ ਆਧਾਰ 'ਤੇ ਮਨੁੱਖ ਅੰਤਰ-ਝਾਤ ਮਾਰਦਾ ਹੋਇਆ ਸਹੀ ਅਤੇ ਸੱਚ ਦਾ ਮਾਰਗ ਚੁਣਦਾ ਹੈ। ਵਿਸ਼ਵ ਦੇ ਸਾਰੇ ਧਰਮ ਮਨੁੱਖ ਦੇ ਸਵੈ-ਵਿਕਾਸ ਅਤੇ ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਨੂੰ ਸਾਹਮਣੇ ਰੱਖਕੇ ਆਪਣੇ-ਆਪਣੇ ਵਿਚਾਰ ਦਿੰਦੇ ਹਨ। ਇਨ੍ਹਾਂ ਵਿਚਾਰਾਂ ਵਿੱਚੋਂ ਇੱਕ ਗੱਲ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ, ਕਿ ਧਰਮ ਦਾ ਸੰਬੰਧ ਮਨੁੱਖ ਦੇ ਸਵੈ (ਆਪਣੇ-ਆਪ) ਨਾਲ਼ ਹੈ ਕਿਉਂਕਿ ਧਰਮ ਦੇ ਸੰਬੰਧ ਵਿੱਚ ਮਨੁੱਖ ਅਧਿਆਤਮਿਕਤਾ ਦੇ ਰਾਸਤੇ 'ਤੇ ਚੱਲਦਾ ਹੋਇਆ ਨਿੱਜੀ ਤੌਰ ਤੇ ਪ੍ਰਭਾਵਿਤ ਹੋ ਕੇ ਆਪਣੀ ਸੋਚ ਦੀ ਮੁਹਾਰ ਨੂੰ ਮੋੜਦਾ ਹੈ। ਅਧਿਆਤਮਿਕਤਾ ਅਤੇ ਮਨੁੱਖੀ ਸਵੈ (ਆਪੇ) ਨੂੰ ਇੱਕ-ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਅਧਿਆਤਮਿਕਤਾ ਸਵੈ ਵਿੱਚ ਵਸਦੀ ਹੈ ਅਤੇ ਸਵੈ ਅਧਿਆਤਮਿਕਤਾ ਵਿੱਚ ਵਸਦਾ ਹੈ। ਮਨੁੱਖ ਨੂੰ ਅਧਿਆਤਮਿਕਤਾ ਦੀ ਸਮਝ ਉਸ ਦੇ ਸਵੈ ਅਤੈ ਨਿੱਜੀ ਤਜ਼ਰਬਿਆਂ ਰਾਹੀਂ ਹੁੰਦੀ ਹੈ। "ਹਿੰਦੂ ਧਰਮ ਦੀ ਸ਼ਰੁਤੀ ਪਰੰਪਰਾ ਅਨੁਸਾਰ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਲਈ ਮਨੁੱਖ ਕੋਲ਼ ਸਵੈ ਦਾ ਗਿਆਨ ਅਤੇ ਤਜ਼ਰਬੇ ਦਾ ਹੋਣਾ ਬਹੁਤ ਜ਼ਰੂਰੀ ਹੈ। ਮਨੁੱਖ ਦਾ ਵਿਸ਼ਾਲ ਨਜ਼ਰੀਆ ਉਸ ਦੇ ਖੁਦ ਵਿੱਚ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ। ਮਨੁੱਖੀ ਸ਼ਖ਼ਸੀਅਤ ਦੇ ਗੁਣ ਅਤੇ ਕਰਮ ਦਾ ਪ੍ਰਗਟਾਵਾ ਪਰਮਾਤਮਾ ਦੇ ਗਿਆਨ ਦਾ ਮੁੱਢਲਾ ਸ੍ਰੋਤ ਹੈ।"[14] ਜੇਕਰ ਮਨੁੱਖ ਸਵੈ ਹੋਂਦ ਨਹੀਂ ਰੱਖਦਾ ਤਾਂ ਧਰਮ ਦਾ ਵਿਚਾਰ ਨਿਰਮੂਲ ਜਾਪਦਾ ਹੈ। ਮਨੁੱਖ ਦੇ ਸਾਰੇ ਦੁੱਖਾਂ ਅਤੇ ਤਕਲੀਫਾਂ ਦੇ ਹੋਣ ਦਾ ਕਾਰਨ ਉਸ ਦਾ ਆਪਣੇ ਸਵੈ ਪ੍ਰਤੀ ਸੁਚੇਤ ਨਾ ਹੋਣਾ ਹੈ। ਇੱਥੇ ਇਹ ਗੱਲ ਬੜੀ ਮਹੱਤਵਪੂਰਨ ਜਾਪਦੀ ਹੈ ਕਿ ਜੇਕਰ ਮਨੁੱਖ ਦਾ ਆਪਾ (ਸਵੈ) ਅਧਿਆਤਮਿਕ ਅਤੇ ਪ੍ਰਪੱਕ ਹੈ ਤਾਂ ਉਸ ਦੇ ਸਾਰੇ ਦੁੱਖ ਅਤੇ ਤਕਲੀਫਾਂ ਖਤਮ ਹੋ ਜਾਂਦੀਆਂ ਹਨ। ਇੱਥੋਂ ਮਨੁੱਖੀ ਜ਼ਿੰਦਗੀ ਵਿੱਚ ਧਰਮ ਦੀ ਅਹਿਮੀਅਤ ਦਾ ਪਤਾ ਲੱਗਦਾ ਹੈ। ਮਨੁੱਖੀ ਸਵੈ ਦਾ ਸਿਧਾਂਤ ਅਧਿਆਤਮਿਕ ਸਿਧਾਂਤ ਹੈ ਜੋ ਕਿ ਮਨੁੱਖ ਵਿੱਚ ਜਿਉਂਦਾ ਹੈ। ਇਸ ਦਾ ਦਿਮਾਗ਼ ਅਤੇ ਸਰੀਰ ਨਾਲ਼ ਕੋਈ ਸੰਬੰਧ ਨਹੀਂ ਹੈ। ਇਸ ਦਾ ਪ੍ਰਗਟਾਵਾ ਉਸ ਦੇ ਤਜ਼ਰਬੇ ਜਿਵੇਂ ਕਿ

---

14 A. Ramamurty Indian Philosophy of Religion, Decent Books, New Delhi, 2002, P, 84

ਅਨੰਦ ਮਾਨਣਾ, ਖੁਸ਼ ਹੋਣਾ, ਦੁਖੀ ਹੋਣਾ ਅਤੇ ਮਹਿਸੂਸ ਕਰਨਾ ਆਦਿ ਵਿੱਚ ਆਉਂਦਾ ਹੈ। ਸਵੈ ਮਨੁੱਖੀ ਸ਼ਖ਼ਸੀਅਤ ਦੇ ਗਿਆਨ ਦਾ ਕੇਂਦਰ ਬਿੰਦੂ ਹੈ, ਇਹ ਸਾਰਾ ਗਿਆਨ ਇੰਦਰੀਆਂ ਅਤੇ ਮਨ ਦੀ ਅਵਸਥਾ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। "ਧਰਮ ਇੱਕ ਆਤਮਿਕ ਖੋਜ ਹੈ ਜਿਸ ਨਾਲ਼ ਸੱਚ ਦੀ ਪ੍ਰਾਪਤੀ ਹੁੰਦੀ ਹੈ।"[15] ਧਰਮ ਅਤੇ ਮਨੁੱਖ ਦਾ ਡੂੰਘਾ ਰਿਸ਼ਤਾ ਹੈ ਦੋਵਾਂ ਨੂੰ ਇੱਕ-ਦੂਜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਧਰਮ ਦਾ ਇਤਿਹਾਸ ਮਨੁੱਖੀ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਧਰਮ ਦੀ ਉਤਪਤੀ ਮਨੁੱਖੀ ਜਨਮ ਨਾਲ਼ ਹੀ ਹੋਈ ਮੰਨੀ ਜਾਂਦੀ ਹੈ। ਇਸ ਦੇ ਆਧਾਰ 'ਤੇ ਜੇਕਰ ਧਾਰਮਿਕ ਭਾਵਨਾ ਦੀ ਗੱਲ ਕੀਤੀ ਜਾਵੇ ਤਾਂ ਉਹ ਮਨੁੱਖੀ ਹੋਂਦ ਜਿੰਨੀ ਹੀ ਪੁਰਾਣੀ ਹੈ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਮਨੁੱਖ ਅੰਦਰ ਧਰਮ ਦਾ ਭਾਵ ਸਥਿਰ ਰਿਹਾ। ਭਾਵੇਂ ਕਿ ਪ੍ਰਾਚੀਨ ਮਨੁੱਖ ਅਤੇ ਅੱਜ ਦੇ ਮਨੁੱਖ ਦੀ ਸੋਚ ਵਿੱਚ ਜ਼ਮੀਨ-ਆਸਮਾਨ ਦਾ ਫ਼ਰਕ ਦਿਖਾਈ ਦਿੰਦਾ ਹੈ ਪ੍ਰੰਤੂ ਧਰਮ ਦੇ ਮਸਲੇ ਵਿੱਚ ਅੱਜ ਦਾ ਮਨੁੱਖ ਪਹਿਲਾਂ ਦੇ ਮਨੁੱਖ ਨਾਲ਼ੋਂ ਕਿਤੇ ਵੱਧ ਧਰਮੀ ਹੋਇਆ ਹੈ। ਵੱਧ ਤੋਂ ਵੱਧ ਇੱਛਾਵਾਂ ਦੀ ਪੂਰਤੀ ਲਈ ਮਨੁੱਖ ਧਰਮ ਨੂੰ ਇਸ ਦਾ ਆਧਾਰ ਬਣਾਉਂਦਾ ਹੈ। ਇਸ ਲਈ ਮਨੁੱਖ ਦੀ ਸੋਚ ਵਿੱਚ ਧਰਮ ਕਿਸੇ ਨਾ ਕਿਸੇ ਰੂਪ ਵਿੱਚ ਪਿਆ ਹੈ। ਮਨੁੱਖ ਦਾ ਅਧਿਐਨ ਧਰਮ ਦੇ ਅਧਿਐਨ ਤੋਂ ਬਿਨ੍ਹਾਂ ਅਸੰਭਵ ਹੈ। ਧਰਮ ਪ੍ਰਤੀ ਹਰੇਕ ਦੀ ਵਿਅਕਤੀਗਤ ਧਾਰਨਾ ਅਲੱਗ-ਅਲੱਗ ਹੋ ਸਕਦੀ ਹੈ ਪ੍ਰੰਤੂ ਇਸ ਗੱਲ 'ਤੇ ਸਾਰੇ ਹੀ ਸਹਿਮਤ ਹਨ ਕਿ ਮਾਨਵਤਾ ਦੇ ਇਤਿਹਾਸ ਵਿੱਚ ਧਰਮ ਬਲਵਾਨ ਹੋ ਨਿਬੜਿਆ ਹੈ। ਦੋਵੇਂ ਇੱਕ-ਦੂਜੇ ਦੇ ਪੂਰਕ ਹਨ, ਦੋਵਾਂ ਨੂੰ ਇੱਕ-ਦੂਜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਰਮ ਕਰਕੇ ਹੀ ਮਨੁੱਖ ਇਸ ਸੰਸਾਰ ਵਿੱਚ ਸਾਰੇ ਜੀਵਾਂ ਤੋਂ ਉੱਤਮ ਹੈ। ਜਦੋਂ ਮਨੁੱਖ ਵਿੱਚ ਧਰਮ ਦਾ ਅਭਾਵ ਹੁੰਦਾ ਹੈ ਤਾਂ ਉਸ ਵਿੱਚੋਂ ਇਨਸਾਨੀਅਤ ਇਸ ਹੱਦ ਤੱਕ ਖਤਮ ਹੋ ਜਾਂਦੀ ਹੈ ਕਿ ਉਸ ਦੀਆਂ ਬਿਰਤੀਆਂ ਅਤੇ ਕਰਮ ਪਸ਼ੂ ਸਮਾਨ ਹੋ ਜਾਂਦੇ ਹਨ। ਮਨੁੱਖ ਅਤੇ ਪਸ਼ੂ ਵਿੱਚ ਅਨੇਕਾਂ ਸਮਾਨਤਾਵਾਂ ਹੋਣ ਦੇ ਬਾਵਜੂਦ ਬੁਨਿਆਦੀ ਭੇਦ ਇਹੀ ਹੈ ਕਿ ਮਨੁੱਖ ਧਾਰਮਿਕ ਅਨੁਭਵ ਰੱਖਦਾ ਹੈ ਜਿਸ ਦਾ ਪ੍ਰਗਟਾਵਾ ਉਸ ਦੇ ਵਿਹਾਰ ਅਤੇ ਕੰਮਾਂ-ਕਾਰਾਂ ਤੋਂ ਹੁੰਦਾ ਹੈ। ਧਰਮ ਮਨੁੱਖ ਨੂੰ ਅਸਲ

---

[15] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 40

ਵਿੱਚ ਮਨੁੱਖ ਬਣਾਉਂਦਾ ਹੈ, ਉਸ ਨੂੰ ਦੂਜੇ ਜੀਵ-ਜੰਤੂਆਂ ਤੋਂ ਵਖਰਿਆਉਂਦਾ ਹੈ। ਮਨੁੱਖ ਨੂੰ ਉਸ ਦੇ ਮਕਸਦ ਪ੍ਰਤੀ ਸੁਚੇਤ ਕਰਕੇ ਮਾਰਗ-ਦਰਸ਼ਨ ਕਰਦਾ ਹੈ। "ਮਨੁੱਖੀ ਸੱਭਿਆਚਾਰ ਦੇ ਵਿਕਾਸ ਵਿੱਚ ਧਰਮ ਦਾ ਯੋਗਦਾਨ ਬਹੁਤ ਮਹੱਤਵ-ਪੂਰਨ ਹੈ। ਭਾਵੇਂ ਮਨੁੱਖ ਦਾ ਦਿਮਾਗ ਹੋਰ ਪ੍ਰਾਣੀਆਂ ਨਾਲ਼ੋਂ ਵਡੇਰਾ ਹੈ, ਇਸ ਦੇ ਦੋ ਹੱਥ ਕਰਾਮਾਤ ਕਰਨ ਵਾਲ਼ੇ ਤੇ ਇਸ ਪਾਸ ਬੋਲੀ ਤੇ ਲਿੱਪੀ ਦੇ ਹਥਿਆਰ ਅਦਭੁਤ ਕਿਸਮ ਦੇ ਹਨ ਪਰ ਅਜੇਹੀਆਂ ਵਿਸ਼ੇਸ਼ਤਾਵਾਂ ਤੋਂ ਇਲਾਵਾ ਧਾਰਮਿਕਤਾ ਨੇ ਉਸ ਨੂੰ ਸੰਪੂਰਨ ਸਭਯ ਬਣਾਉਣ ਵਿੱਚ ਵੱਧ ਹਿੱਸਾ ਪਾਇਆ ਹੈ।"[16]

ਧਰਮ ਵਿੱਚ ਆਸਥਾ ਮਨੁੱਖ ਦੀ ਨਿੱਜੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ। ਇਸ ਦਾ ਸੰਬੰਧ ਅਧਿਆਤਮਿਕਤਾ ਨਾਲ਼ ਹੈ ਜਿਸ ਕਰਕੇ ਧਰਮ ਵਿੱਚ ਤਰਕ ਨਾਲ਼ੋਂ ਸ਼ਰਧਾ-ਭਾਵਨਾ ਅਤੇ ਵਿਸ਼ਵਾਸ 'ਤੇ ਜ਼ਿਆਦਾ ਜੋਰ ਦਿੱਤਾ ਜਾਂਦਾ ਹੈ। ਇਹ ਸ਼ਰਧਾ ਅਤੇ ਵਿਸ਼ਵਾਸ ਅੰਤਿਮ ਸੱਚਾਈ ਨਾਲ ਸਬੰਧਿਤ ਹੈ ਜਿਸ ਨੂੰ ਅਧਾਰ ਬਣਾ ਕੇ ਧਰਮ ਮਨੁੱਖ ਨੂੰ ਆਪਣੇ ਮਕਸਦ ਵੱਲ ਵਧਣ ਲਈ ਪ੍ਰੇਰਿਤ ਕਰਦਾ ਹੈ। ਜਦੋਂ ਤੱਕ ਮਨੁੱਖ ਧਰਮ ਵਿੱਚ ਸ਼ਰਧਾ ਨਹੀਂ ਰੱਖਦਾ ਉਦੋਂ ਤੱਕ ਉਹ ਧਰਮ ਦੀਆਂ ਸਿੱਖਿਆਵਾਂ ਨੂੰ ਨਹੀਂ ਮੰਨੇਗਾ ਅਤੇ ਨਾ ਹੀ ਇਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰੇਗਾ। ਇਸ ਲਈ ਸ਼ਰਧਾ ਧਰਮ ਨੂੰ ਮੰਨਣ ਵਾਲ਼ੀ ਪਹਿਲੀ ਸ਼ਰਤ ਹੈ। ਜਦੋਂ ਮਨੁੱਖ ਵਿਸ਼ਵਾਸ ਕਰਕੇ ਧਰਮ ਦੇ ਨਿਯਮਾਂ, ਸਿੱਖਿਆਵਾਂ ਨੂੰ ਆਪਣੀ ਜ਼ਿੰਦਗੀ ਵਿੱਚ ਢਾਲਦਾ ਹੈ, ਤਾਂ ਉਸ ਨੂੰ ਸਾਕਾਰਾਤਮਕ ਸੋਚ ਸਦਕਾ ਚੰਗੇ ਨਤੀਜੇ ਮਿਲਦੇ ਹਨ। ਧਰਮ ਕਦੇ ਵੀ ਮਨੁੱਖ ਨੂੰ ਅੰਧ-ਵਿਸ਼ਵਾਸੀ ਨਹੀਂ ਬਣਾਉਂਦਾ ਬਲਕਿ ਇਹ ਤਾਂ ਧਰਮ ਦੇ ਨਿਸ਼ਾਨੇ (ਜੀਵਨ ਮਕਸਦ) ਪ੍ਰਤੀ ਦ੍ਰਿੜ ਵਿਸ਼ਵਾਸ ਦਾ ਧਾਰਨੀ ਹੋਣ ਦੀ ਉਮੀਦ ਕਰਦਾ ਹੈ। "ਧਰਮ ਮਨੁੱਖੀ ਜੀਵਨ ਨੂੰ ਸਾਰਥਕ ਉਦੇਸ਼ਾਂ ਵਾਲ਼ਾ ਇੱਕ ਜੀਵਨ ਨਿਸ਼ਾਨਾ ਦਿੰਦਾ ਹੈ। ਇਸ ਦਾ ਕੇਂਦਰੀ ਧੁਰਾ ਇੱਕ ਦ੍ਰਿੜ ਵਿਸ਼ਵਾਸ ਹੁੰਦਾ ਹੈ, ਅੰਧ ਵਿਸ਼ਵਾਸ ਨਹੀਂ। ਇਸ ਵਿੱਚ ਬਿਬੇਕ ਨਾਲ਼ ਭਰਪੂਰ ਗਿਆਨ, ਨਿਸ਼ਕਾਮ ਕਰਮ, ਸ਼ਰਧਾ ਅਤੇ ਪ੍ਰੇਮ ਯੁਕਤ ਭਗਤੀ ਦਾ ਸੁਮੇਲ ਹੁੰਦਾ ਹੈ। ਇਹ ਵਿਸ਼ਵਾਸ ਜੋ ਰੂਪ ਅਤੇ ਕਿਰਿਆਵਾਂ ਰਾਹੀਂ ਪ੍ਰਗਟ ਹੁੰਦਾ ਹੈ ਮਨੁੱਖੀ ਜੀਵਨ ਲਈ ਉਸਾਰੂ ਤੇ ਅਧਾਰ-ਭੂਤ ਹੁੰਦਾ ਹੈ। ਇਨ੍ਹਾਂ ਕਿਰਿਆਵਾਂ ਨੂੰ ਜੀਵਨ ਵਿੱਚ ਅਪਣਾ ਕੇ ਮਨੁੱਖ ਨੂੰ ਸਾਹਿਬ (ਪ੍ਰਭੂ) ਨਿੱਤ ਨਵਾਂ

[16] ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1997, ਪੰਨਾ 49

ਦਿਖਾਈ ਦਿੰਦਾ ਹੈ।"[17] ਧਰਮ ਦਾ ਉਦੇਸ਼ ਮਨੁੱਖ ਦਾ ਇਸ ਜਨਮ ਵਿੱਚ ਮਾਰਗ-ਦਰਸ਼ਨ ਕਰਨਾ ਹੈ ਤਾਂ ਜੋ ਉਸ ਦਾ ਅੱਗਾ ਸੰਵਰ ਸਕੇ। ਧਾਰਮਿਕ ਭਾਵਨਾ ਤੋਂ ਪ੍ਰੇਰਿਤ ਹੋ ਕੇ ਹੀ ਮਨੁੱਖ ਆਪਣੇ ਜੀਵਨ ਦੀਆਂ ਕਿਰਿਆਵਾਂ ਨੂੰ ਆਪਣਾ ਧਰਮ ਸਮਝ ਕੇ ਕਰਦਾ ਹੈ ਜਿਸ ਨਾਲ਼ ਸੁਭਾਵਿਕ ਹੀ ਉਸ ਵਿੱਚ ਸ਼ੁਭ ਅਤੇ ਚੰਗੇ ਕਰਮ ਕਰਨ ਦੀ ਰੁਚੀ ਪੈਦਾ ਹੁੰਦੀ ਹੈ। ਜੇਕਰ ਅੱਜ ਦੇ ਸੰਦਰਭ ਵਿੱਚ ਵੇਖਿਆ ਜਾਵੇ ਤਾਂ ਅੱਜ ਦੇ ਯੁੱਗ ਨੂੰ ਪਦਾਰਥਵਾਦੀ ਯੁੱਗ ਕਿਹਾ ਜਾ ਸਕਦਾ ਹੈ ਜਿਸ ਕਾਰਨ ਅੱਜ ਮਨੁੱਖ ਦੀ ਸੋਚ, ਵਿਚਾਰ ਅਤੇ ਕਰਮ ਪਦਾਰਥਕ ਸੁੱਖ ਨਾਲ਼ ਜੁੜ ਕੇ ਰਹਿ ਗਏ ਹਨ। ਇੱਥੋ ਤੱਕ ਕਿ ਮਨੁੱਖ ਭਾਵਨਾਵਾਂ ਨੂੰ ਵੀ ਪਦਾਰਥਕ ਪ੍ਰਾਪਤੀਆਂ ਦੇ ਸੰਦਰਭ ਵਿੱਚ ਰੱਖ ਕੇ ਵੇਖਦਾ ਹੈ। "ਪਦਾਰਥਵਾਦੀ ਫਲਸਫਾ ਸੰਖੇਪ ਵਿੱਚ ਇਸ ਧਾਰਨਾ ਤੇ ਟਿਕਿਆ ਹੋਇਆ ਹੈ ਕਿ ਪਦਾਰਥ ਹੀ ਇੱਕੋ ਇੱਕ ਅਸਲੀਅਤ ਹੈ ਅਤੇ ਦੁਨੀਆਂ ਵਿੱਚ ਵਿਚਾਰ, ਇੱਛਾਵਾਂ, ਭਾਵਨਾਵਾਂ ਸਹਿਤ ਸਭ ਕੁੱਝ ਦੀ ਪਦਾਰਥ ਦੇ ਸੰਦਰਭ ਵਿੱਚ ਵਿਆਖਿਆ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਇਹ ਸਿਧਾਂਤ ਪਦਾਰਥਕ ਸੁੱਖਾਂ ਦੀ ਬਹੁਲਤਾ, ਸੁੱਖ, ਖੁਸ਼ੀ, ਧਨ-ਦੌਲਤ ਨੂੰ ਜੀਵਨ ਦਾ ਸਰਵ ਉੱਚ ਮਨੋਰਥ ਪ੍ਰਵਾਨ ਕਰਦਾ ਹੈ।"[18] ਸੋ ਪਦਾਰਥਵਾਦੀ ਯੁੱਗ ਵਿੱਚ ਜਦ ਮਨੁੱਖ ਦਾ ਧਿਆਨ ਪਦਾਰਥਕ ਲੋੜਾਂ ਦੀ ਪ੍ਰਾਪਤੀ ਵੱਲ ਚਲਾ ਜਾਂਦਾ ਹੈ ਤਾਂ ਉਸ ਲਈ ਕਿਸੇ ਵੀ ਮਨੁੱਖ ਦੀਆਂ ਭਾਵਨਾਵਾਂ, ਸਮਾਜਿਕ ਕਦਰਾਂ-ਕੀਮਤਾਂ ਅਤੇ ਰਿਸ਼ਤੇ-ਨਾਤਿਆਂ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ। ਉਸ ਦੀ ਸੋਚ ਭੌਤਿਕ ਪਦਾਰਥਾਂ ਦੇ ਸੁੱਖ ਨੂੰ ਮਾਨਣ ਦੀ ਲਾਲਸਾ ਅਤੇ ਨਿੱਜੀ ਸੁੱਖ ਤੱਕ ਹੀ ਸੀਮਤ ਹੋ ਰਹਿ ਜਾਂਦੀ ਹੈ। ਉਸ ਦਾ ਸਦਾਚਾਰਕ ਪੱਖ ਕਮਜ਼ੋਰ ਹੋ ਜਾਂਦਾ ਹੈ ਜਿਸ ਕਾਰਨ ਉਸ ਦੀ ਸ਼ਖ਼ਸੀਅਤ ਵਿੱਚੋਂ ਸਦਾਚਾਰਕ ਗੁਣ ਅਲੋਪ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਧਰਮ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਧਰਮ ਮਨੁੱਖ ਅੰਦਰ ਸਦਾਚਾਰਕ ਕੀਮਤਾਂ ਉਜਾਗਰ ਕਰਦਾ ਹੈ। ਧਰਮ ਨੂੰ ਮਨੁੱਖੀ ਅਨੁਭਵ ਨਾਲ਼ ਜੋੜ ਕੇ ਵੀ ਵੇਖਿਆ ਜਾ ਸਕਦਾ ਹੈ। ਕਿਉਂਕਿ ਇਹ ਹੈ ਹੀ ਅਨੁਭਵ ਦਾ ਵਿਸ਼ਾ। ਮਨੁੱਖ ਨਿੱਜੀ ਅਨੁਭਵ ਨਾਲ਼ ਹੀ ਧਰਮ ਦੇ ਸੰਕਲਪ

[17] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1995, ਪੰਨਾ 32

[18] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2000, ਪੰਨਾ 47

ਨੂੰ ਸਮਝਦਾ ਹੋਇਆ ਇਸ ਦੀਆਂ ਸਿੱਖਿਆਵਾਂ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਦਾ ਹੈ। "ਜੇਕਰ ਅਨੁਭਵ ਧਰਮ ਦੀ ਆਤਮਾ ਹੈ, ਤਾਂ ਪ੍ਰਗਟਾਵਾ ਉਹਦਾ ਸਰੀਰ ਹੈ, ਜਿਸ ਰਾਹੀਂ ਉਹ ਆਪਣੇ ਉਦੇਸ਼ ਨੂੰ ਪੂਰਾ ਕਰਦਾ ਹੈ।"[19] ਮਨੁੱਖ ਦਾ ਧਾਰਮਿਕ ਅਨੁਭਵ ਉਸ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦਾ ਹੈ। ਉਸ ਦੇ ਅਨੁਭਵ ਦਾ ਪ੍ਰਗਟਾਵਾ ਉਸ ਦੀ ਸ਼ਖ਼ਸੀਅਤ ਦੇ ਗੁਣਾਂ ਰਾਹੀਂ, ਦੂਜਿਆਂ ਨਾਲ਼ ਵਿਵਹਾਰ ਅਤੇ ਕੀਤੇ ਜਾਂਦੇ ਕਰਮਾਂ ਦੇ ਆਧਾਰ 'ਤੇ ਹੁੰਦਾ ਹੈ। ਧਾਰਮਿਕ ਅਨੁਭਵ ਮਨੁੱਖ ਨੂੰ ਸਦਾਚਾਰਕ ਗੁਣਾਂ ਦਾ ਧਾਰਨੀ ਬਣਾਉਂਦਾ ਹੈ। ਧਰਮ ਅਤੇ ਸਦਾਚਾਰ ਦਾ ਆਪਸ ਵਿੱਚ ਬਹੁਤ ਡੂੰਘਾ ਰਿਸ਼ਤਾ ਹੈ। ਧਰਮ ਦੇ ਪ੍ਰਭਾਵ ਨਾਲ਼ ਹੀ ਉਸ ਵਿੱਚ ਸਦਾਚਾਰਕ ਗੁਣ ਉਤਪੰਨ ਹੁੰਦੇ ਹਨ ਜਿਨ੍ਹਾਂ ਦਾ ਮਨੁੱਖੀ ਸ਼ਖ਼ਸੀਅਤ ਦੇ ਬਾਹਰੀ ਅਤੇ ਅੰਦਰੂਨੀ ਪੱਖ ਨਾਲ਼ ਡੂੰਘਾ ਸੰਬੰਧ ਹੈ। ਧਰਮ ਤੋਂ ਬਿਨ੍ਹਾਂ ਸਦਾਚਾਰ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ। "ਸਦਾਚਾਰ ਸੰਗਯਾ - ਉਤਮ ਕ੍ਰਿਆ, ਨੇਕਚਲਣ, ਭਲਾ ਬਿਉਹਾਰ। ਇਸਦਾ ਵਿਸ਼ੇਸ਼ਣ ਰੂਪ ਹੈ 'ਸਦਾਚਾਰੀ' ਸਦਾਚਾਰਵੰਤ-ਚੰਗੇ ਆਚਾਰ ਵਾਲ਼ਾ, ਨੇਕ ਚਲਨ।"[20] ਸਦਾਚਾਰ ਸ਼ਬਦ ਦੋ ਸ਼ਬਦਾਂ ਸਦ ਅਤੇ ਆਚਾਰ ਦੇ ਮੇਲ ਤੋਂ ਬਣਿਆ ਹੈ। ਅਰਥਾਤ ਚੰਗਾ ਆਚਾਰ, ਚੰਗਾ ਚਲਣ ਅਤੇ ਚੰਗਾ ਵਿਹਾਰ ਆਦਿ। ਆਚਾਰ ਦਾ ਅਰਥ ਹੈ, ਚਾਲ ਚਲਣ ਅਤੇ ਰਹਿਣੀ-ਬਹਿਣੀ। ਧਰਮ ਹੀ ਸਦਾਚਾਰ ਨੂੰ ਜਨਮ ਦਿੰਦਾ ਹੈ। ਧਰਮ ਅਨੁਸਾਰ ਮਨੁੱਖ ਨੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਧਾਰਨ ਕਰਕੇ ਆਪਣੇ-ਆਪ ਨੂੰ ਆਤਮਿਕ ਤੌਰ 'ਤੇ ਉੱਚਾ ਚੁੱਕਣਾ ਹੈ। "ਧਰਮ ਕਦਰਾਂ-ਕੀਮਤਾਂ ਦਾ ਬਹੁਤ ਮਹੱਤਵਪੂਰਨ ਸੋਮਾ ਹੈ ਕਿਉਂਕਿ ਹਰੇਕ ਧਰਮ ਦੀ ਆਪਣੀ ਵਿਸ਼ੇਸ਼ ਫਿਲਾਸਫ਼ੀ ਹੁੰਦੀ ਹੈ ਅਤੇ ਹਰੇਕ ਧਰਮ, ਜੀਵਨ ਪ੍ਰਤੀ ਵਿਸ਼ੇਸ਼ ਪਹੁੰਚ ਅਪਣਾਉਂਦਾ ਹੈ।"[21] ਮਨੁੱਖ ਦਾ ਸਦਾਚਾਰਕ ਜੀਵਨ ਧਰਮ ਅਧਾਰਿਤ ਹੁੰਦਾ ਹੈ ਜਿਸ ਨੂੰ ਸੇਧ ਦੇਣ ਵਾਲ਼ੀਆਂ ਅੰਦਰੂਨੀ ਪ੍ਰੇਰਣਾਵਾਂ ਜਾਂ ਕਦਰਾਂ-ਕੀਮਤਾਂ ਵਿਅਕਤੀ ਦੀ ਕਿਰਿਆਤਮਿਕ (ਪ੍ਰੈਕਟੀਕਲ) ਜ਼ਿੰਦਗੀ ਵਿੱਚੋਂ ਝਲਕਦੀਆਂ ਹਨ। ਸਦਾਚਾਰ ਚੰਗੇ ਗੁਣਾਂ ਨੂੰ ਜਨਮ ਦਿੰਦਾ ਹੈ

---

[19] ਡਾ.ਐਸ. ਰਾਧਾ ਕ੍ਰਿਸ਼ਨਨ, ਪ੍ਰਭਜੋਤ ਕੌਰ, (ਅਨੁ.), ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 75

[20] ਭਾਈ, ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2009, ਪੰਨਾ 347

[21] ਡਾ. ਪਰਮਜੀਤ ਕੌਰ, ਸੰਧੂ, ਕਦਰਾਂ-ਕੀਮਤਾਂ ਦੀ ਸਿੱਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 22

ਜਿਨ੍ਹਾਂ ਦਾ ਪ੍ਰਗਟਾਅ ਉਸ ਦੇ ਵਿਵਹਾਰ ਵਿੱਚੋਂ ਹੁੰਦਾ ਹੈ। ਇਨ੍ਹਾਂ ਗੁਣਾਂ ਨਾਲ਼ ਮਨੁੱਖੀ ਸ਼ਖ਼ਸੀਅਤ ਵਿੱਚ ਨਿਖਾਰ ਆਉਂਦਾ ਹੈ। ਨੈਤਿਕਤਾ ਅਤੇ ਸਦਾਚਾਰ ਦੋਵੇਂ ਸ਼ਬਦ ਇੱਕੋ ਹੀ ਅਰਥ ਦੇ ਧਾਰਨੀ ਹਨ। ਧਰਮ ਮਨੁੱਖ ਨੂੰ ਦੂਜਿਆਂ ਲਈ ਪਿਆਰ, ਸਦਭਾਵਨਾ, ਸਤਿਕਾਰ ਅਤੇ ਪਰਉਪਕਾਰ ਆਦਿ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਿਤ ਕਰਦਾ ਹੈ। ਇਨ੍ਹਾਂ ਗੁਣਾਂ ਨਾਲ਼ ਮਨੁੱਖ ਅੰਦਰ ਨਿਮਰਤਾ ਅਤੇ ਸਹਿਣਸ਼ੀਲਤਾ ਪੈਦਾ ਹੁੰਦੀ ਹੈ ਜਿਸ ਨਾਲ਼ ਉਸ ਦਾ ਦੂਜਿਆਂ ਨਾਲ਼ ਪਿਆਰ ਭਰਿਆ ਕਦੇ ਨਾ ਖਤਮ ਹੋਣ ਵਾਲ਼ਾ ਰਿਸ਼ਤਾ ਸਥਾਪਿਤ ਹੋ ਜਾਂਦਾ ਹੈ। ਨੈਤਿਕਤਾ ਮਨੁੱਖ ਅੰਦਰੋਂ ਸਾਰੀਆਂ ਭੈੜੀਆਂ ਸੋਚਾਂ, ਵਿਚਾਰਾਂ ਅਤੇ ਅਹੰਕਾਰ ਦਾ ਖਾਤਮਾ ਕਰਦੀ ਹੈ। ਮਨੁੱਖ ਅੰਦਰਲੇ ਵਿਕਾਰ ਜਦੋਂ ਉਸ ਦੀ ਸੋਚ ਵਿੱਚੋਂ ਖਤਮ ਹੋ ਜਾਂਦੇ ਹਨ ਤਾਂ ਉਸ ਦੀ ਆਤਮਾ ਨਿਰਮਲ ਹੋ ਜਾਂਦੀ ਹੈ ਅਤੇ ਅਜਿਹੀ ਸ਼ਖ਼ਸੀਅਤ ਆਪਣੇ ਅੰਦਰੂਨੀ ਗੁਣਾਂ ਦੀ ਮਹਿਕ ਨਾਲ਼ ਦੂਜਿਆਂ ਨੂੰ ਇੱਕ ਖੇੜਾ ਅਤੇ ਉਤਸ਼ਾਹ ਬਖਸ਼ਦੀ ਹੈ। "ਕਾਂਟ ਨੇ ਧਰਮ ਨੂੰ ਆਪਣੇ ਨੈਤਿਕ ਫ਼ਲਸਫ਼ੇ ਦੇ ਘੇਰੇ ਵਿੱਚ ਲਿਆਉਣ ਦਾ ਜਤਨ ਕੀਤਾ ਅਤੇ ਨੈਤਿਕਤਾ ਦੀ ਉੱਤਮਤਾ ਨੂੰ ਸਿੱਧ ਕਰਨਾ ਚਾਹਿਆ। ਉਸ ਦਾ ਵਿਸ਼ਵਾਸ ਸੀ ਕਿ ਮਨੁੱਖ ਦੀ ਬੁੱਧੀ-ਵਿਵੇਕ ਅਜਿਹੀ 'ਸਦਭਵਾਨਾ' ਉਤਪੰਨ ਕਰਨ ਦੇ ਸਮਰੱਥ ਹੈ, ਜੋ ਵਿਅਕਤੀ ਨੂੰ ਆਪਣਾ ਸਦਾਚਾਰਕ ਕਰਤੱਵ ਪਾਲਣ ਦੇ ਯੋਗ ਬਣਾਉਂਦੀ ਹੈ। ਜੋ ਵਿਅਕਤੀ ਕਰਤੱਵ ਨੂੰ ਕਰਤੱਵ ਸਮਝ ਕੇ ਪਾਲ਼ਦਾ ਹੈ ਅਤੇ ਭਾਵੁਕਤਾ-ਵੱਸ ਹੋ ਕੇ ਕਰਮ ਨਹੀਂ ਕਰਦਾ, ਉਹ ਸਦਾਚਾਰੀ ਹੈ।"[22] ਮਨੁੱਖੀ ਭਾਵਨਾਵਾਂ ਉਸ ਦੇ ਅੰਦਰਲੇ ਸੱਚ ਦੀ ਤਰਜ਼ਮਾਨੀ ਕਰਦੀਆਂ ਹਨ, ਜਿਸ ਨਾਲ਼ ਉਸ ਦੇ ਸੰਦਰਭ ਅਨੁਸਾਰ ਚੱਲ ਰਹੇ ਵਿਚਾਰਾਂ ਅਤੇ ਪ੍ਰਤੀਕਿਰਿਆਵਾਂ ਬਾਰੇ ਪਤਾ ਚੱਲਦਾ ਹੈ। ਨੈਤਿਕਤਾ ਅਤੇ ਭਾਵਨਾਵਾਂ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦੀਆਂ ਹਨ। ਭਾਵੁਕ ਪ੍ਰਾਣੀ ਹਮੇਸ਼ਾਂ ਅਜਿਹੀਆਂ ਕੋਸ਼ਿਸ਼ਾਂ ਕਰਦਾ ਹੈ ਜਿਸ ਨਾਲ਼ ਉਹ ਖੁਦ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਆਪਣੇ ਵਿਵਹਾਰ ਵਿੱਚ ਨੈਤਿਕਤਾ ਦੇ ਆਧਾਰ 'ਤੇ ਸਾਕਾਰਾਤਮਕ ਤਬਦੀਲੀ ਲੈ ਕੇ ਆਵੇ। ਇਹ ਵਿਵਹਾਰਕ ਤਬਦੀਲੀ ਹੀ ਸਮਾਜਿਕ ਸਮਾਯੋਜਨ ਅਤੇ ਆਪਸੀ ਸੰਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਮਨੁੱਖ ਦੀ ਸਹਾਇਤਾ ਕਰਦੀ ਹੈ। ਇਸ ਦੇ ਨਾਲ਼ ਹੀ ਮਨੁੱਖ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਪ੍ਰਤੀ ਵੀ ਸੁਹਿਰਦ ਹੁੰਦਾ ਹੈ।

---

[22] ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1999, ਪੰਨਾ 61

ਮਨੁੱਖ ਵਿੱਚ ਨੈਤਿਕਤਾ ਦਾ ਹੋਣਾ ਹੀ ਉਸ ਨੂੰ ਹੋਰ ਜੀਵ-ਜੰਤੂਆਂ ਤੋਂ ਵੱਖਰਾ ਕਰਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਨੈਤਿਕਤਾ ਮਨੁੱਖ ਨੂੰ ਮਨੁੱਖ ਬਣਾਉਂਦੀ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਮਨੁੱਖ ਅੰਦਰਲੇ ਮਨੁੱਖਤਾ ਵਾਲ਼ੇ ਗੁਣ ਨੂੰ ਜਗਾ ਕੇ ਉਸ ਦੇ ਮਨੁੱਖਾ ਧਰਮ ਪ੍ਰਤੀ ਸੁਚੇਤ ਕਰਦੀ ਹੈ। ਇਸ ਦਾ ਮਨੁੱਖ ਦੇ ਆਚਰਣ ਨਾਲ਼ ਬਹੁਤ ਡੂੰਘਾ ਸੰਬੰਧ ਹੈ। ਮਨੁੱਖ ਦਾ ਆਚਰਣ ਹੀ ਸਮਾਜ ਵਿੱਚ ਦੂਜਿਆਂ ਦੇ ਦਿਲਾਂ ਵਿੱਚ ਉਸ ਦੀ ਸਹੀ ਹੋਂਦ ਦੀ ਤਰਜ਼ਮਾਨੀ ਕਰਦਾ ਹੈ। ਨੈਤਿਕ ਕਦਰਾਂ-ਕੀਮਤਾਂ ਮਨੁੱਖ ਦੇ ਆਚਰਣ ਨੂੰ ਸਾਫ਼-ਸੁਥਰਾ ਅਤੇ ਪਵਿੱਤਰ ਕਰਦੀਆਂ ਹਨ ਜਿਸ ਨਾਲ਼ ਉਸ ਵਿੱਚ ਅੰਦਰੂਨੀ ਗੁਣਾਂ ਦਾ ਵਿਕਾਸ ਹੁੰਦਾ ਹੈ। ਸੱਚਾਈ ਭਰਪੂਰ ਅੰਦਰੂਨੀ ਗੁਣ ਮਨੁੱਖੀ ਸੋਚ ਨੂੰ ਪਾਕ ਕਰਦੇ ਹੋਏ ਵਿਚਾਰਾਂ ਨੂੰ ਸਾਕਾਰਾਤਮਕ ਕਰਦੇ ਹਨ ਜਿਸ ਨਾਲ਼ ਉਸ ਦਾ ਕਰਮ ਵੀ ਸੱਚਾਈ ਭਰਪੂਰ ਹੋ ਜਾਂਦਾ ਹੈ। ਨੈਤਿਕ ਕਦਰਾਂ-ਕੀਮਤਾਂ ਦਾ ਹੋਣਾ ਜਾਂ ਨਾ ਹੋਣਾ ਮਨੁੱਖੀ ਸ਼ਖ਼ਸੀਅਤ ਨੂੰ ਅਲੱਗ-ਅਲੱਗ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਕਰਦਾ ਹੈ। ਜਦੋਂ ਮਨੁੱਖੀ ਮਨ ਵਿੱਚ ਅਧਿਆਤਮਿਕਤਾ ਦੀ ਰੌਸ਼ਨੀ ਹੁੰਦੀ ਹੈ ਤਾਂ ਇਹ ਨੈਤਿਕਤਾ ਦੀ ਸਭ ਤੋਂ ਉੱਚੀ ਸਥਿਤੀ ਹੁੰਦੀ ਹੈ। "ਨੈਤਿਕਤਾ ਆਚਾਰ ਸੰਬੰਧੀ ਵਿਚਾਰਾਂ ਅਤੇ ਕਦਰਾਂ ਦੇ ਕਿਸੇ ਸਾਰਥਕ ਸੰਗਠਨ ਵੱਲ ਸੰਕੇਤ ਕਰਦੀ ਹੈ। ਇਸਦੇ ਦੋ ਪ੍ਰਮੁੱਖ ਤੱਤ ਦ੍ਰਿਸ਼ਟੀਗੋਚਰ ਹੁੰਦੇ ਹਨ। ਮਨੁੱਖੀ ਆਚਾਰ ਅਤੇ ਉਸਦਾ ਮੁਲਾਂਕਣ।"[23] ਨੈਤਿਕਤਾ ਚੰਗਾ ਜੀਵਨ ਜਿਉਣ ਲਈ ਮਨੁੱਖੀ ਸੋਚ ਦੀ ਖੜੋਤ ਨੂੰ ਤੋੜਨ ਵਿੱਚ ਵੱਡਾ ਰੋਲ ਅਦਾ ਕਰਦੀ ਹੈ। ਨੈਤਿਕਤਾ ਜਾਂ ਸਦਾਚਾਰ ਨੂੰ ਸੁਚੱਜੀ ਜੀਵਨ-ਜਾਂਚ ਵੀ ਕਿਹਾ ਜਾ ਸਕਦਾ ਹੈ, ਜਿਸ ਦੇ ਆਧਾਰ ਤੇ ਚੰਗੀ ਮਨੁੱਖੀ ਸ਼ਖ਼ਸੀਅਤ ਆਪਣੇ ਗੁਣਾਂ ਨਾਲ਼ ਦੂਜਿਆਂ ਤੇ ਸਾਕਾਰਾਤਮਕ ਪ੍ਰਭਾਵ ਪਾਉਂਦੀ ਹੈ। "ਧਰਮ ਦੇ ਪਵਿੱਤਰ ਅਸੂਲ ਜੀਵਨ ਬਣਾਉਣ ਵਿੱਚ ਸਹਾਇਕ ਹੁੰਦੇ ਹਨ। ਇਸ ਉਦੇਸ਼ ਦੀ ਪੂਰਤੀ ਲਈ ਧਰਮ ਮਨੁੱਖ ਨੂੰ ਸਦਾਚਾਰੀ ਜੀਵਨ ਦੀ ਟਕਸਾਲ ਵਿੱਚ ਪ੍ਰਵੇਸ਼ ਹੋਣ ਲਈ ਪ੍ਰੇਰਣਾ ਦਿੰਦਾ ਹੈ। ਧਰਮ ਮਨੁੱਖ ਵਿੱਚ ਸਵੈ-ਮਾਨ ਤੇ ਸਵੈ-ਸਤਿਕਾਰ ਵਰਗੇ ਉੱਤਮ ਗੁਣ ਪੈਦਾ ਕਰਦਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ, ਧਰਮ ਤੋਂ ਬਿਨਾਂ ਸਦਾਚਾਰ ਦੀ ਮਹੱਤਤਾ ਖਤਮ ਹੋ ਜਾਂਦੀ ਹੈ। ਧਰਮ ਹੀ ਸਦਾਚਾਰਕ ਜੀਵਨ ਨੂੰ ਜਨਮ ਦਿੰਦਾ ਹੈ। ਮਨੁੱਖ ਦੇ ਉੱਚੇ ਜਾਂ ਨੀਵੇਂ ਹੋਣ ਦੀ ਕਸਵੱਟੀ ਧਾਰਮਿਕ ਰਹੁ-ਰੀਤਾਂ ਜਾਂ ਪੂਜਾ-ਪਾਠ ਕਰਨ ਤੋਂ ਨਹੀਂ ਲਾਈ ਜਾਂਦੀ ਸਗੋਂ ਇੱਕ ਮਨੁੱਖ ਦਾ ਰੱਬ ਦੇ ਪੈਦਾ ਕੀਤੇ ਹੋਏ ਦੂਜੇ ਮਨੁੱਖਾਂ ਨੂੰ ਪਿਆਰ ਜਾਂ ਸੁਖਾਵੇਂ

[23] ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 1973, ਪੰਨਾ 9

ਵਤੀਰੇ ਤੋਂ ਲਾਈ ਜਾਂਦੀ ਹੈ।"[24] ਧਰਮ ਮਨੁੱਖ ਦੇ ਆਦਰਸ਼ਵਾਦੀ ਜੀਵਨ ਲਈ ਨੈਤਿਕਤਾ ਨੂੰ ਪ੍ਰਮੁੱਖਤਾ ਦਿੰਦਾ ਹੈ। ਇਹ ਮਨੁੱਖ ਵਿੱਚੋਂ ਅਹੰਕਾਰ ਅਤੇ ਉਸ ਦੀ ਸੋਚ ਵਿੱਚ ਪਏ ਵਾਧੂ ਵਿਚਾਰਾਂ ਨੂੰ ਬਾਹਰ ਕੱਢ ਕੇ ਸਾਫ਼-ਸੁਥਰੀ ਜ਼ਿੰਦਗੀ ਪ੍ਰਦਾਨ ਕਰਦਾ ਹੈ। ਮਨੁੱਖ ਦੀ ਸੋਚ ਅੰਦਰਲੇ ਦੁਬਿਧਾ ਭਰੇ ਵਿਚਾਰ ਉਸ ਨੂੰ ਕਦੇ ਵੀ ਸਹੀ ਫੈਸਲਾ ਨਹੀਂ ਲੈਣ ਦਿੰਦੇ। "ਉਹ ਮਨੁੱਖੀ ਜੀਵਨ ਦੀਆਂ ਆਦਰਸ਼ ਸੰਭਾਵਨਾਵਾਂ ਦੀ ਭਾਲ ਦਾ ਇੱਕ ਪ੍ਰਯਤਨ ਹੈ, ਨਿਰਾਰਥਕ ਹੰਕਾਰ ਪੂਰਨ ਅਤੇ ਨਿਗੁਣੀਆਂ ਮਨੋ-ਭਾਵਨਾਵਾਂ ਦੇ ਦਬਾਉ ਤੋਂ ਮੁਕਤੀ ਲਈ ਇੱਕ ਸਾਧਨਾ ਹੈ।"[25] ਜਿਹੜਾ ਮਨੁੱਖ ਆਪਣੇ ਅੰਦਰਲੇ ਅਹੰਕਾਰ ਨੂੰ ਤਿਆਗ ਦਿੰਦਾ ਹੈ, ਉਸ ਦੀ ਆਤਮਾ ਅਤੇ ਮਨ ਨਿਰਮਲ 'ਤੇ ਪਵਿੱਤਰ ਹੋ ਜਾਂਦਾ ਹੈ। ਪਵਿੱਤਰ ਆਤਮਾ ਵਾਲ਼ੇ ਮਨੁੱਖ ਦਾ ਵਿਵਹਾਰ ਦੂਜਿਆਂ ਨਾਲ਼ ਭਰਾਤਰੀਭਾਵ ਅਤੇ ਨਿਮਰਤਾ ਵਾਲ਼ਾ ਹੁੰਦਾ ਹੈ। ਉਸ ਦੀ ਬੋਲ-ਬਾਣੀ ਵਿੱਚ ਦੂਜਿਆਂ ਲਈ ਸਤਿਕਾਰ ਅਤੇ ਪਿਆਰ ਹੁੰਦਾ ਹੈ। ਧਰਮ ਮਨੁੱਖ ਨੂੰ ਸ਼ਖ਼ਸੀਅਤ ਦੀ ਉੱਨਤੀ ਲਈ ਦੂਜਿਆਂ ਨਾਲ਼ ਪਿਆਰ ਭਰੀ ਬੋਲੀ ਅਤੇ ਗੱਲਬਾਤ ਦੀ ਤਾਕੀਦ ਕਰਦਾ ਹੈ। ਕਿਉਂਕਿ ਸਾਰੇ ਹੀ ਮਨੁੱਖ ਆਪਸ ਵਿੱਚ ਇਸਾਨੀਅਤ ਦੇ ਰਿਸ਼ਤੇ ਵਿੱਚ ਬੰਨ੍ਹੇ ਹੋਏ ਹਨ, ਇਸ ਲਈ ਇੱਕ-ਦੂਜੇ ਦਾ ਸਤਿਕਾਰ ਕਰਨਾ ਅਤੇ ਮਿੱਠੀ ਬੋਲੀ ਵਿੱਚ ਪ੍ਰੇਮ ਭਰੇ ਸ਼ਬਦਾਂ ਨਾਲ਼ ਵਿਵਹਾਰ ਕਰਨਾ ਮਨੁੱਖ ਦਾ ਧਰਮ ਬਣ ਜਾਂਦਾ ਹੈ। ਮਨੁੱਖ ਦੀ ਬੋਲੀ ਜਿਸ ਨਾਲ਼ ਉਹ ਦੂਜਿਆਂ ਦੇ ਨਾਲ਼ ਰਾਬਤਾ ਬਣਾਉਂਦਾ ਹੈ। ਆਪਣੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਦਾ ਹੈ। ਇਸ ਲਈ ਬੋਲੀ ਜਾਂ ਮਨੁੱਖ ਦਾ ਦੂਜਿਆਂ ਨਾਲ਼ ਗੱਲਬਾਤ ਕਰਨ ਦਾ ਢੰਗ ਮਨੁੱਖੀ ਰਿਸ਼ਤਿਆਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। "ਮਹਾਨ ਮਨੁੱਖ ਕਦੇ ਆਪਣੇ ਮਿਆਰ ਤੋਂ ਥੱਲੇ ਨਹੀਂ ਡਿਗਦੇ, ਨਾਂ ਡੋਲਦੇ ਤੇ ਨਾਂ ਹੀ ਥਿੜਕਦੇ ਹਨ। ਆਪਣੀ ਧੁਨ ਤੇ ਲਗਨ ਦੇ ਪੱਕੇ; ਧੀਰਜ, ਹਲੀਮੀ ਅਤੇ ਸਹਿਣਸ਼ੀਲਤਾ ਨਾਲ਼ ਆਪਣੇ ਨਿਸ਼ਾਨੇ ਅਤੇ ਆਪਣੇ ਆਦਰਸ਼ 'ਤੇ ਤੁਰਦੇ ਹਨ। ਅਜਿਹੇ ਮਨੁੱਖ ਅਸਲ ਮਨੁੱਖਤਾ ਦੇ ਸਿਰਤਾਜ ਹੁੰਦੇ ਹਨ; ਅਜਿਹੇ ਮਨੁੱਖਾਂ ਦੇ ਬੋਲ ਹੀ ਸਮੁੱਚੀ ਲੋਕਾਈ ਲਈ ਪ੍ਰੇਮ ਪਿਆਰ ਤੇ ਮੁਹੱਬਤ ਦਾ ਪੈਗ਼ਾਮ ਹੁੰਦੇ ਹਨ।"[26] ਧਰਮ ਮਨੁੱਖ ਦਾ ਵਿਅਕਤੀਗਤ ਅਨੁਭਵ ਹੈ ਜਿਸ ਸੰਬੰਧੀ ਹਰੇਕ ਮਨੁੱਖ ਧਰਮ ਦੇ ਸੰਕਲਪ ਨੂੰ ਨਿੱਜੀ ਤੌਰ ਤੇ ਆਪਣੇ ਜੀਵਨ ਵਿੱਚ ਲਾਗੂ

---

[24] ਡਾ. ਪਰਮਿੰਦਰਜੀਤ ਕੌਰ, ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸੰਸ, ਦਿੱਲੀ, 2011, ਪੰਨਾ 19

[25] ਡਾ. ਐਸ.ਰਾਧਾ ਕ੍ਰਿਸ਼ਨਨ, ਪ੍ਰਭਜੋਤ ਕੌਰ, (ਅਨੁ.), ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 74

[26] ਪੂਰਨ ਸਿੰਘ ਪਾਂਧੀ, ਸਿਰ ਨੀਵਾਂ ਕਰਿ ਦੇਖੁ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ 149-150

ਕਰਦਾ ਹੈ। ਇਸ ਵਿਚਾਰ ਦੇ ਅੰਤਰਗਤ ਇਸ ਨੂੰ ਮਨੁੱਖੀ ਮਨ ਦੀ ਸੁਤੰਤਰ ਅਤੇ ਅਸਾਧਾਰਨ ਪ੍ਰਕਿਰਿਆ ਕਿਹਾ ਜਾ ਸਕਦਾ ਹੈ। ਮਨੁੱਖੀ ਮਾਨਸਿਕਤਾ ਧਰਮ ਦੇ ਵਿਚਾਰ ਅਤੇ ਗਤੀਵਿਧੀਆਂ ਨੂੰ ਵਿਅਕਤੀਗਤ ਪੱਧਰ ’ਤੇ ਅਨੁਭਵ ਕਰਦੇ ਹੋਏ ਆਪਣੇ ਜੀਵਨ ਉਦੇਸ਼ ਲਈ ਇਸ ਨੂੰ ਆਪਣਾਉਂਦੀ ਹੈ। ਜਿਸ ਦੌਰਾਨ ਇੱਕ ਸੱਚਾਈ ਦੀ ਪ੍ਰਾਪਤੀ ਲਈ ਮਨੁੱਖ ਧਰਮ ਦੀ ਪ੍ਰੇਰਨਾ ਤਹਿਤ ਸੱਚਾਈ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਂਦਾ ਹੋਇਆ ਆਪਣੀ ਸ਼ਖ਼ਸੀਅਤ ਵਿੱਚ ਸੱਚਾਈ ਦੇ ਗੁਣਾਂ ਨੂੰ ਲੈ ਕੇ ਆਉਂਦਾ ਹੈ। ਜਿਸ ਨਾਲ਼ ਉਸ ਦੀ ਸੋਚ, ਵਿਚਾਰ, ਕਰਮ, ਵਿਵਹਾਰ ਵਿੱਚ ਸਦਾਚਾਰਕ ਕੀਮਤਾਂ ਦੇ ਆਧਾਰ ’ਤੇ ਅਨੋਖੀ ’ਤੇ ਸਾਕਾਰਾਤਮਕ ਤਬਦੀਲੀ ਆਉਂਦੀ ਹੈ। ਸਦਾਚਾਰ ਮਨੁੱਖੀ ਜੀਵਨ ਦੀ ਸੁਚੱਜੀ ਅਗਵਾਈ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਸਦਾਚਾਰੀ ਹੋਣ ਦਾ ਫਾਇਦਾ ਕੇਵਲ ਇੱਕ ਮਨੁੱਖ ਨੂੰ ਹੀ ਨਹੀਂ ਹੁੰਦਾ ਬਲਕਿ ਸਮਾਜ ਵਿੱਚ ਵੀ ਇਸ ਦਾ ਚੰਗਾ ਅਸਰ ਹੁੰਦਾ ਹੈ ਕਿਉਂਕਿ ਚੰਗੇ ਅਤੇ ਸਦਾਚਾਰੀ ਮਨੁੱਖ ਹੀ ਚੰਗਾ ਸਮਾਜ ਸਿਰਜਦੇ ਹਨ ਜਿਸ ਨੂੰ ਆਦਰਸ਼ ਸਮਾਜ ਕਿਹਾ ਜਾ ਸਕਦਾ ਹੈ। ਆਦਰਸ਼ ਸਮਾਜ ਵਿੱਚ ਹਰੇਕ ਵਿਅਕਤੀ ਸਰੀਰਕ, ਮਾਨਸਿਕ, ਆਤਮਿਕ, ਬੌਧਿਕ ਅਤੇ ਭਾਵਾਤਮਕ ਪੱਖੋਂ ਵਿਕਸਤ ਸ਼ਖ਼ਸੀਅਤ ਦਾ ਮਾਲਕ ਹੁੰਦਾ ਹੈ। ਧਰਮ ਮਨੁੱਖ ਵਿੱਚ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ। ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਇਨ੍ਹਾਂ ਵਿਚਾਰਾਂ ਦਾ ਮਨੁੱਖੀ ਆਚਰਣ ਨਾਲ਼ ਸੰਬੰਧ ਹੈ। “ਸੋ ਵਿਅਕਤੀ ਇੱਕ ‘ਕਾਰਿੰਦਾ’ ਹੈ, ਜੋ ਕਰਮ ਕਰਦਾ ਹੈ, ਅਤੇ ਜਿਸ ਦੇ ਕਰਮ ਦੇ ਚੰਗੇ ਜਾਂ ਮੰਦੇ ਹੋਣ ਬਾਰੇ ਨੈਤਿਕ ਵਿਚਾਰ ਸੰਭਵ ਹੈ। ਪਰ ਵਿਅਕਤੀ ‘ਨਿਰਣਾਇਕ’ ਵੀ ਹੈ, ਜੋ ਨੈਤਿਕ ਦ੍ਰਿਸ਼ਟੀ ਤੋਂ ਕਿਸੇ ਕਰਮ ਦੀ ਚੰਗਿਆਈ ਜਾਂ ਬੁਰਾਈ ਦਾ ਨਿਰਣਾ ਕਰਦਾ ਹੈ। ਉਸ ਦੇ ਅਨੁਭਵ ਵਿੱਚ ਆਉਂਦਾ ਹੈ ਕਿ ਫ਼ਲਾਣੇ ਬੰਦੇ ਦਾ ਫ਼ਲਾਣਾ ਕਰਮ ‘ਠੀਕ’ ਨਹੀਂ ਸੀ, ਉਸ ਨੇ ਇਹ ਕੰਮ ਕਰਕੇ ‘ਚੰਗਾ’ ਨਹੀਂ ਕੀਤਾ। ਮਨੁੱਖ ਦਾ ਇਹ ਅਨੁਭਵ ਸਦਾਚਾਰਕ ਅਨੁਭਵ ਹੈ।”[27] ਧਰਮ ਮਨੁੱਖ ਨੂੰ ਇਸ ਸਮਝ ਦੇ ਯੋਗ ਬਣਾਉਂਦਾ ਹੈ ਕਿ ਕਿਹੜਾ ਕਰਮ ਉਸ ਲਈ ਨੈਤਿਕ ਹੈ ਅਤੇ ਕਿਹੜਾ ਕਰਮ ਅਨੈਤਿਕ ਹੈ ਜਿਸ ਦੇ ਆਧਾਰ ’ਤੇ ਮਨੁੱਖ ਆਪਣੀ ਸਮਝ ਦੀ ਵਰਤੋਂ ਕਰਦਾ ਹੋਇਆ ਚੰਗੇ ਅਤੇ ਮੰਦੇ ਵਿੱਚ ਫਰਕ ਕਰਕੇ ਸਹੀ ਫੈਸਲਾ ਲੈਂਦਾ ਹੈ। ਧਰਮ ਦੇ ਆਦਰਸ਼ ਦੀ ਰੌਸ਼ਨੀ ਵਿੱਚ ਮਨੁੱਖ ਆਪਣੇ ਕੰਮਾਂ ਦੇ ਚੰਗੇ ਜਾਂ ਬੁਰੇ ਹੋਣ ਦਾ ਨਿਰਣਾ ਕਰਦਾ ਹੈ। “ਸਦਗੁਣ ਤੋਂ ਭਾਵ ਚਰਿੱਤਰ ਦਾ

---

[27] ਵਜ਼ੀਰ ਸਿੰਘ, ਨੈਤਿਕ ਨਿਯਮ, ਪਬਲੀਕੇਸ਼ਨ ਬਿਉਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975, ਪੰਨਾ 3

ਉਹ ਪੱਖ ਹੈ, ਜਿਸ ਅਨੁਸਾਰ ਵਿਅਕਤੀ ਸ਼ੁਭ ਕਰਮਾਂ ਦੀ ਚੋਣ ਕਰਦਾ ਹੈ। ਪਰ 'ਚੋਣ' ਕੇਵਲ ਕਰਮ ਦੀ ਹੀ ਨਹੀਂ, ਨੈਤਿਕ ਕੀਮਤ ਦੀ ਜਾਂ ਆਦਰਸ਼-ਪ੍ਰਾਪਤੀ ਦੇ ਸਾਧਨ ਦੀ ਵੀ ਸੰਭਵ ਹੈ। ਹਰੇਕ ਨੈਤਿਕ ਚੋਣ ਵਿੱਚ ਸਦਗੁਣ ਵਿਅਕਤੀ ਦੇ ਚਰਿੱਤਰ ਨੂੰ ਉਜਾਗਰ ਕਰਦਾ ਹੈ।"[28] ਧਰਮ ਸਦਾਚਾਰ ਰੂਪੀ ਕਸਵੱਟੀ ਨਾਲ਼ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਤ ਕਰਦਾ ਹੈ ਜਿਵੇਂ ਕਿ ਹਰੇਕ ਧਰਮ ਮਨੁੱਖ ਨੂੰ ਵਿਕਾਰਾਂ ਦਾ ਖਾਤਮਾ ਕਰਕੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਕੇ ਚੰਗਾ ਮਨੁੱਖ ਬਣਨ ਲਈ ਪ੍ਰੇਰਦਾ ਹੈ। ਇੱਥੇ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਜਿਨ੍ਹਾਂ ਅਸੂਲਾਂ ਅਤੇ ਨਿਯਮਾਂ ਅਨੁਸਾਰ ਮਨੁੱਖੀ ਸ਼ਖ਼ਸੀਅਤ ਦਾ ਸਰਬ-ਪੱਖੀ ਵਿਕਾਸ ਸੰਭਵ ਹੋਵੇ ਇਸ ਦਾ ਨਾਂ ਸਦਾਚਾਰ ਹੈ। "ਧਾਰਮਿਕ ਵਿਅਕਤੀ ਨੇਕੀ ਦੇ ਜੀਵਨ ਵਾਲ਼ਾ ਵਿਅਕਤੀ ਹੈ, ਉਸ ਨੇ ਆਪਣੇ ਵਿਅਕਤਿੱਤਵ ਵਿੱਚ ਸਦਗੁਣਾਂ ਦਾ ਸੰਚਾਰ ਕਰ ਲਿਆ ਹੈ। ਜੇਕਰ ਨੇਕੀ ਅਤੇ ਸਦਾਚਾਰਕ ਗੁਣਾਂ ਨੂੰ ਮਨੁੱਖੀ ਜੀਵਨ ਵਿੱਚੋਂ ਕੱਢ ਦੇਈਏ, ਤਾਂ ਧਰਮ ਦੀ ਦ੍ਰਿਸ਼ਟੀ ਤੋਂ ਇਹ ਸੱਖਣਾ, ਧਰਮ-ਹੀਣ ਜੀਵਨ ਹੋਵੇਗਾ।"[29] ਨੈਤਿਕਤਾ ਮਨੁੱਖ ਨੂੰ ਦੂਜਿਆਂ ਨਾਲ਼ ਪਿਆਰ ਕਰਨ ਦਾ ਸੁਨੇਹਾ ਦਿੰਦੀ ਹੈ ਜਿਸ ਤਹਿਤ ਮਨੁੱਖਤਾ ਦੀ ਭਾਵਨਾ ਦਾ ਵਿਕਾਸ ਹੋ ਸਕੇ, ਅਤੇ ਸਾਰੇ ਮਨੁੱਖ ਆਪਸ ਵਿੱਚ ਇੱਕ-ਦੂਜੇ ਨਾਲ਼ ਭਰਾਤਰੀਭਾਵ ਦੀ ਭਾਵਨਾ ਨਾਲ਼ ਵਿਚਰਦੇ ਹੋਏ ਮਨੁੱਖਤਾ ਦੇ ਧਰਮ ਨੂੰ ਨਿਭਾਉਣ। "ਧਰਮ ਮਨੁੱਖ ਨੂੰ ਆਪਸੀ ਮਿਲ-ਜੁਲ ਕੇ ਰਹਿਣ, ਹਮਦਰਦੀ ਕਰਨ, ਭਰਾਤਰੀ ਭਾਵ ਪੈਦਾ ਕਰਨ ਅਤੇ ਇੱਕ-ਦੂਜੇ 'ਚ ਇਤਬਾਰ, ਸਤਿਕਾਰ ਅਤੇ ਪਿਆਰ ਦੀਆਂ ਸਾਂਝਾਂ ਸਥਾਪਤ ਕਰਨ ਅਤੇ ਮੁਹੱਬਤੀ ਮਾਹੌਲ ਦੀ ਉਸਾਰੀ ਕਰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਇਸ ਤਰ੍ਹਾਂ ਦੁਨੀਆਂ ਦਾ ਹਰ ਧਰਮ ਮਨੁੱਖ ਨੂੰ ਸੁਹਿਰਦ, ਸਿਆਣਾ, ਕੋਮਲ, ਸਚਿਆਰ, ਹਮਦਰਦ ਤੇ ਸੇਵਾਦਾਰ ਬਣਨ ਦਾ ਉਪਦੇਸ਼ ਦਿੰਦਾ ਦਿਖਾਈ ਦਿੰਦਾ ਹੈ।"[30]

ਧਰਮਾਂ ਦੇ ਇਤਿਹਾਸ ਨੂੰ ਵਿਚਾਰਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਧਰਮ ਦੇ ਨਾਲ਼ ਹੀ ਸਦਾਚਾਰ ਦਾ ਜਨਮ ਹੋਇਆ ਹੈ। ਇਹ ਦੋਵੇਂ ਹੀ ਮਨੁੱਖ ਦੀ ਅਧਿਆਤਮਿਕ ਉੱਨਤੀ ਅਤੇ ਸ਼ਖ਼ਸੀਅਤ ਦੇ ਸਰਬ-ਪੱਖੀ ਵਿਕਾਸ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਨੈਤਿਕਤਾ ਅਤੇ ਧਰਮ ਇੱਕ-ਦੂਜੇ ਨਾਲ਼

---

[28] ਵਜ਼ੀਰ ਸਿੰਘ, ਨੈਤਿਕ ਨਿਯਮ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1975, ਪੰਨਾ 82

[29] ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1999, ਪੰਨਾ 55-56

[30] ਪੂਰਨ ਸਿੰਘ ਪਾਂਧੀ, ਸਿਰੁ ਨੀਵਾਂ ਕਰਿ ਦੇਖੁ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ 91

ਇੰਨੇ ਡੂੰਘੇ ਜੁੜੇ ਹੋਏ ਹਨ ਕਿ ਇਨ੍ਹਾਂ ਨੂੰ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਮਨੁੱਖ ਇਸ ਦੁਨੀਆਂ ਵਿੱਚ ਜਿਹੜੇ ਵੀ ਚੰਗੇ ਅਤੇ ਨੈਤਿਕ ਕਰਮ ਕਰਦਾ ਹੈ, ਇਹ ਧਰਮ ਨਾਲ਼ ਸਿੱਧੇ ਤੌਰ ਤੇ ਜੁੜੇ ਹੁੰਦੇ ਹਨ, ਕਿਉਂਕਿ ਧਰਮ ਮਨੁੱਖ ਨੂੰ ਨੈਤਿਕਤਾ ਨਾਲ਼ ਜੋੜਦਾ ਹੋਇਆ ਚੰਗੇ ਕਰਮਾਂ ਲਈ ਪ੍ਰੇਰਦਾ ਹੈ। "ਕਾਂਟ ਅਨੁਸਾਰ ਧਰਮ ਨੈਤਿਕਤਾ ਹੈ। ਆਪਣੇ ਸਾਰੇ ਨੈਤਿਕ ਫ਼ਰਜ਼ਾਂ ਨੂੰ ਰੱਬੀ ਹੁਕਮ ਮੰਨਣਾ' ਧਰਮ ਅਖਵਾਉਂਦਾ ਹੈ।"[31] ਨੈਤਿਕਤਾ ਦਾ ਅਧਿਆਤਮਿਕਤਾ ਨਾਲ਼ ਸੰਬੰਧ ਮੰਨਿਆਂ ਜਾਂਦਾ ਹੈ ਕਿਉਂਕਿ ਨੈਤਿਕਤਾ ਮਨੁੱਖ ਨੂੰ ਚੰਗੇ ਗੁਣਾਂ ਦਾ ਧਾਰਨੀ ਹੋਣ ਲਈ ਪ੍ਰੇਰਦੀ ਹੈ ਜਿਸ ਨਾਲ਼ ਉਸ ਅੰਦਰ ਸਦਗੁਣਾਂ ਦਾ ਵਿਕਾਸ ਹੁੰਦਾ ਹੈ। ਮਨੁੱਖ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਲੋਕ ਭਲਾਈ ਵੱਲ ਨੂੰ ਵਧਦਾ ਹੈ। ਸੋ ਧਰਮ ਮਨੁੱਖ ਨੂੰ ਦੂਜਿਆਂ ਦੀ ਸਹਾਇਤਾ ਕਰਨ, ਲੋਕ-ਭਲਾਈ ਅਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਪ੍ਰੇਰਦਾ ਹੈ ਜੋ ਇੱਕ ਨੈਤਿਕ ਕਿਰਿਆ ਹੈ ਜਿਸ ਨਾਲ਼ ਮਨੁੱਖੀ ਸ਼ਖ਼ਸੀਅਤ ਵਿੱਚ ਸਾਕਾਰਾਤਮਕ ਤਬਦੀਲੀ ਆਉਂਦੀ ਹੈ। "ਨੈਤਿਕਤਾ ਨੂੰ ਧਰਮ ਦੀ ਇੱਕ ਹੋਰ ਦੇਣ ਹੈ ਕਿ ਧਰਮ ਆਪਣੇ ਉਦੇਸ਼ਾਂ ਤੇ ਮਨੋਰਥਾਂ ਨੂੰ ਅੰਤਮ, ਅਨੰਤ ਅਤੇ ਪਰਮ ਦੇ ਸੰਕੇਤਾਂ ਰਾਹੀਂ ਵਰਣਨ ਕਰਦਾ ਹੈ। ਨੈਤਿਕਤਾ ਵਿੱਚ ਜਦੋਂ ਕੋਈ ਕੀਮਤ 'ਅੰਤਮ' ਆਦਰਸ਼ ਦਾ ਸਰੂਪ ਧਾਰਦੀ ਹੈ, ਤਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ ਨੇ ਧਰਮ ਦਾ ਪ੍ਰਭਾਵ ਕਬੂਲਿਆ ਹੁੰਦਾ ਹੈ। ਨੈਤਿਕ ਜੀਵਨ ਵਿੱਚ ਨਿਰੋਲ 'ਨਿਸ਼ਕਾਮ' ਕਰਮ ਅਜੇਹਾ ਅੰਤਮ ਉਦੇਸ਼ ਹੈ, ਜਿਸ ਦੀ ਘਾੜਤ ਧਾਰਮਿਕ ਤੇ ਈਸ਼ਵਰਵਾਦੀ ਭਾਵਨਾ ਅਧੀਨ ਹੋਈ ਹੈ।"[32] ਮਨੁੱਖ ਆਪਣੇ ਜੀਵਨ ਵਿੱਚ ਦੂਜਿਆਂ ਤੋਂ ਅਲੱਗ ਸੋਚ ਅਤੇ ਵਿਚਾਰ ਰੱਖਦਾ ਹੈ। ਉਸ ਦੀ ਸੋਚ ਅਤੇ ਵਿਚਾਰਾਂ ਦੇ ਆਧਾਰ 'ਤੇ ਉਸ ਦਾ ਕੰਮ ਕਰਨ ਦਾ, ਦੂਜਿਆਂ ਨਾਲ਼ ਵਿਵਹਾਰ ਕਰਨ ਦਾ ਅਲੱਗ ਵਤੀਰਾ ਹੁੰਦਾ ਹੈ। ਉਸ ਦੀ ਸੋਚ ਉਸ ਉੱਤੇ ਹਾਵੀ ਹੋ ਕੇ ਲਗਾਤਾਰ ਇੱਕੋ ਤਰੀਕੇ ਨਾਲ਼ ਕੰਮ ਕਰਵਾਉਂਦੀ ਹੈ। ਜਿਸ ਨਾਲ਼ ਉਸ ਦੀ ਦੂਜਿਆਂ ਤੋਂ ਅਲੱਗ ਤਰ੍ਹਾਂ ਦੀ ਆਦਤ ਪੱਕ ਜਾਂਦੀ ਹੈ। ਇਸ ਦਾ ਉਸ ਦੇ ਬਾਹਰਲੇ ਕਰਮਾਂ ਨਾਲ਼ ਸੰਬੰਧ ਹੁੰਦਾ ਹੈ। ਜੇਕਰ ਮਨੁੱਖ ਸਾਕਾਰਾਤਮਕ ਤੇ ਚੰਗੀ ਸੋਚ ਰੱਖਦਾ ਹੈ ਤਾਂ ਉਸ ਦੀਆਂ ਆਦਤਾਂ ਵੀ

---

[31] ਐੱਫ ਮੈਕਸਮੂਲਰ ਅਨੁ. ਤਾਰਨ ਸਿੰਘ, ਧਰਮ ਦੀ ਉਤਪਤੀ ਅਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2002, ਪੰਨਾ 9-10

[32] ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1999, ਪੰਨਾ 60-61

ਚੰਗੀਆਂ ਹੋਣਗੀਆਂ। ਉਸ ਦੀ ਸੋਚ ਅਤੇ ਆਚਰਣ ਦਾ ਪਤਾ ਉਸ ਦੀਆਂ ਆਦਤਾਂ ਤੋਂ ਲੱਗਦਾ ਹੈ। ਮਨੁੱਖੀ ਆਦਤਾਂ ਉਸ ਨੂੰ ਸਦਾਚਾਰੀ ਬਣਾਉਣ ਵਿੱਚ ਭੂਮਿਕਾ ਨਿਭਾਉਂਦੀਆਂ ਹਨ। ਇਸ ਲਈ ਧਰਮ ਉਸ ਦੀ ਸਹਾਇਤਾ ਕਰਦਾ ਹੈ। "ਆਦਤ ਨੂੰ ਅਰਸਤੂ ਨੇ ਸਦਾਚਾਰਕ ਜੀਵਨ ਲਈ ਅਤਿਅੰਤ ਮਹੱਤਵ-ਪੂਰਨ ਮੰਨਿਆ ਹੈ। ਉਸ ਨੇ ਸਦਗੁਣ ਦੀ ਵਿਆਖਿਆ 'ਆਦਤ' ਦੇ ਅੱਖਰਾਂ ਵਿੱਚ ਕੀਤੀ ਸੀ। ਆਦਤ ਤੋਂ ਉਸ ਦਾ ਭਾਵ ਵਿਅਕਤੀ ਦੀਆਂ ਉਹ ਦਿਲਚਸਪੀਆਂ ਸਨ, ਜੋ ਬਾਰ ਬਾਰ ਉਸ ਦੇ ਕਰਮਾਂ ਦੁਆਰਾ ਪਰਗਟ ਹੁੰਦੀਆਂ ਹਨ, ਅਤੇ ਜਿਨ੍ਹਾਂ ਨੂੰ ਨਿਭਾ ਕੇ ਉਹ ਖ਼ੁਸ਼ੀ ਮਹਿਸੂਸ ਕਰਦਾ ਹੈ।"[33] ਮਨੁੱਖੀ ਆਦਤਾਂ ਉਸ ਦੀ ਸ਼ਖ਼ਸੀਅਤ ਦੇ ਅਹਿਮ ਪੱਖ ਦੀ ਤਰਜ਼ਮਾਨੀ ਕਰਦੀਆਂ ਹਨ। ਉਪਰੋਕਤ ਵਿਚਾਰਾਂ ਦੇ ਆਧਾਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਜੋ ਮਨੁੱਖ ਧਰਮ ਦਾ ਧਾਰਨੀ ਹੈ, ਉਹ ਆਪਣਾ ਜੀਵਨ ਧਾਰਮਿਕ ਮਰਿਆਦਾ ਵਿੱਚ ਰਹਿ ਕੇ ਬਤੀਤ ਕਰਦਾ ਹੈ ਅਤੇ ਸੁੱਤੇ-ਸਿੱਧ ਹੀ ਸਦਾਚਾਰੀ ਬਣ ਜਾਂਦਾ ਹੈ ਕਿਉਂਕਿ ਇੱਕ ਸਦਾਚਾਰੀ ਵਿਅਕਤੀ ਹੀ ਧਰਮੀ ਹੋ ਸਕਦਾ ਹੈ। ਸਿੱਖ ਧਰਮ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਵਿਕਾਸ ਲਈ ਨੈਤਿਕ ਗੁਣਾਂ ਨੂੰ ਜ਼ਰੂਰੀ ਮੰਨਿਆ ਹੈ ਜਿਨ੍ਹਾਂ ਗੁਣਾਂ ਨਾਲ਼ ਮਨੁੱਖੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ।

ਧਰਮ ਦੇ ਮਾਰਗ ਨੂੰ ਗੁਰੂ ਦੁਆਰਾ ਦਿਖਾਇਆ ਹੋਣ ਕਰਕੇ ਗੁਰਮਤਿ ਦਾ ਮਾਰਗ ਵੀ ਕਿਹਾ ਜਾਂਦਾ ਹੈ। ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਧਰਮ ਦੁਆਰਾ ਮਨੁੱਖ ਦੇ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਸਹਾਇਤਾ ਦਾ ਕਾਰਜ ਮਾਨਵ ਜੀਵਨ ਵਿੱਚ ਹੀ ਸੰਭਵ ਹੈ। ਇਸ ਜੀਵਨ ਦੌਰਾਨ ਹੀ ਮਨੁੱਖ ਨੇ ਜੀਵਨ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਣਾ ਹੈ। ਇਸ ਉਦੇਸ਼ ਪ੍ਰਾਪਤੀ ਦੇ ਰਾਸਤੇ ਵਿੱਚ ਆਉਣ ਵਾਲ਼ੀਆਂ ਔਕੜਾਂ ਨੂੰ ਦੂਰ ਕਰਨ ਹਿੱਤ ਧਰਮ ਮਨੁੱਖ ਦੀ ਸਹਾਇਤਾ ਕਰਦਾ ਹੈ। ਸਭ ਤੋਂ ਪਹਿਲਾਂ ਧਰਮ ਮਨੁੱਖ ਨੂੰ ਉਸ ਦੇ ਜੀਵਨ ਮਨੋਰਥ ਦੀ ਸੋਝੀ ਦਿੰਦਾ ਹੈ। ਧਰਮ ਦੇ ਸਹਾਰੇ ਮਨੁੱਖ ਨੂੰ ਇਹ ਗਿਆਨ ਪ੍ਰਾਪਤ ਹੁੰਦਾ ਹੈ ਕਿ ਮਨੁੱਖੀ ਜੀਵਨ ਦਾ ਪ੍ਰਯੋਜਨ ਅਰਥਾਤ ਲਕਸ਼ ਕੀ ਹੈ? ਜੀਵਨ ਦੀ ਅੰਤਿਮ ਮੰਜ਼ਿਲ ਕਿਹੜੀ ਹੈ? ਮੰਜ਼ਿਲ ਤੱਕ ਪਹੁੰਚਣ ਦਾ ਢੰਗ ਅਤੇ ਸਾਧਨ ਕੀ ਹੈ, ਮੰਜ਼ਿਲ ਪ੍ਰਾਪਤੀ ਦੇ ਰਾਹ ਵਿੱਚ ਕਿਹੜੀਆਂ-ਕਿਹੜੀਆਂ ਰੁਕਾਵਟਾਂ ਹਨ, ਉਨ੍ਹਾਂ ਰੁਕਾਵਟਾਂ ਨੂੰ ਸਰ ਕਰਨ ਦੀ ਵਿਧੀ ਕੀ ਹੈ। ਧਰਮ ਮਨੁੱਖ ਨੂੰ ਇਸ

---

[33] ਵਜ਼ੀਰ ਸਿੰਘ, ਨੈਤਿਕ ਨਿਯਮ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1975, ਪੰਨਾ 34

ਦੁਨੀਆਂ ’ਤੇ ਉਸ ਦੇ ਜਨਮ ਲੈਣ ਦਾ ਕਾਰਨ ਦੱਸਦਾ ਹੋਇਆ ਉਸ ਦਾ ਮਾਰਗ ਦਰਸ਼ਨ ਕਰਦਾ ਹੈ। ਉਸ ਦੇ ਆਦਰਸ਼ ਪ੍ਰਾਪਤੀ ਦੇ ਰਾਹ ਵਿੱਚ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ ਵਿੱਚ ਮਨੁੱਖ ਦੀ ਸਹਾਇਤਾ ਕਰਦਾ ਹੈ। “ਧਰਮ ਉਹ ਵਸਤੂ ਹੈ ਜਿਸ ਉੱਤੇ ਕੋਈ ਚੀਜ਼ ਟਿਕੇ। ਵਿਚਾਰ ਇਹ ਹੈ ਕਿ ਸਰਵਵਰਤੀ ਮਰਿਆਦਾ ‘ਧਰਮ’ ਉੱਤੇ ਨਿਰਭਰ ਹੈ। ਇਹ ਉਸ ਪੱਖ ਨੂੰ ਪ੍ਰਗਟਾਉਂਦਾ ਹੈ, ਜਿਹੜਾ ਕਿ ਮਨੁੱਖ ਨੂੰ ਪਰਮਾਤਮਾ ਨਾਲ਼ ਜੋੜਦਾ ਹੈ, ਜਾਂ ਉੱਚਤਮ ਅਸਲੀਅਤ ਨਾਲ਼ ਜਿਹੜੀ ਕਿ ਸਾਰੀ ਹੋਂਦ ਦਾ ਮਹੱਤਵ ਪ੍ਰਗਟਾਉਂਦੀ ਹੈ।”[34] ਧਰਮ ਦਾ ਸੰਬੰਧ ਪਰਮਾਤਮਾ ਨਾਲ਼ ਮੰਨਿਆ ਜਾਂਦਾ ਹੈ। ਇਹ ਮਨੁੱਖ ਦੀ ਸੋਚ ਨੂੰ ਸੰਸਾਰਕ ਪਦਾਰਥਾਂ ਅਤੇ ਲਾਲਸਾਵਾਂ ਦੀ ਛਿਣ-ਭੰਗਰਤਾ ਬਾਰੇ ਸੁਚੇਤ ਕਰਦਾ ਹੋਇਆ ਸੱਚਾਈ ਵੱਲ ਵਧਣ ਲਈ ਪ੍ਰੇਰਦਾ ਹੈ। ਇਹ ਮਨੁੱਖ ਦੀ ਸੋਚ ਨੂੰ ਵਿਸ਼ਾਲ ਕਰਦਾ ਹੋਇਆ ਉਸ ਨੂੰ ਆਪਣੇ ਅੰਦਰਲੀ ਜੋਤ ਨੂੰ ਪਛਾਨਣ ਲਈ ਸਮਝ ਪ੍ਰਦਾਨ ਕਰਦਾ ਹੈ। ਇਸ ਦਾ ਮਕਸਦ ਮਨੁੱਖ ਦਾ ਅਧਿਆਤਮਿਕ ਮਾਰਗ-ਦਰਸ਼ਨ ਕਰਦੇ ਹੋਏ ਆਤਮਾ ਦਾ ਪਰਮਾਤਮਾ ਨਾਲ਼ ਮੇਲ ਹੈ। “ਰਿਲੀਜਨ ਆਸਨਾ ਉਪਾਸਨਾ ਦੀ ਸੰਸਥਾ ਹੈ। ਇਸਦੀ ਆਸਨਾ ਵਿੱਚ ਕਿਸੇ ਰੱਬੀ ਸ਼ਕਲ ਦੇ ਦੇਵੀ ਦੇਵਤੇ ਜਾਂ ਰੱਬ ਸੰਬੰਧੀ ਨਿਸ਼ਚਾ ਹੁੰਦਾ ਹੈ ਤੇ ਉਸ ਨਿਸ਼ਚੇ ਅਨੁਸਾਰ ਮਨੁੱਖ ਦਾ ਜੀਵਨ ਢਲ਼ਦਾ ਹੈ, ਜਿਸਦਾ ਸਾਧਨ ਉਪਾਸਨਾ ਹੁੰਦੀ ਹੈ।”[35] ਸਿੱਖ ਧਰਮ ਅਨੁਸਾਰ ਮਨੁੱਖ ਦੇ ਜੀਵਨ ਦਾ ਮਕਸਦ ਪਰਮਾਤਮਾ ਨਾਲ਼ ਮੇਲ ਹੈ। ਜਿਸ ਲਈ ਉਸ ਨੇ ਉਸ ਅਕਾਲ-ਪੁਰਖ ਦੇ ਗੁਣਾਂ ਦਾ ਗਾਣ ਕਰਨਾ ਹੈ। ਇਸ ਬਾਰੇ ਮਨੁੱਖ ਦਾ ਮਾਰਗ-ਦਰਸ਼ਨ ਗੁਰੂ ਨੇ ਕਰਨਾ ਹੈ। ਸਿੱਖ ਧਰਮ ਮਨੁੱਖ ਨੂੰ ਗੁਰੂ ਦੇ ਦੱਸੇ ਰਾਹ ’ਤੇ ਤੁਰਨ ਲਈ ਪ੍ਰੇਰਦਾ ਹੈ ਜਿਹੜਾ ਮਨੁੱਖ ਗੁਰੂ ਦੇ ਲੜ ਲੱਗ ਕੇ, ਗੁਰੂ ਦੀ ਦਿੱਤੀ ਮੱਤ ਅਨੁਸਾਰ ਆਪਣੇ ਜੀਵਨ ਨੂੰ ਢਾਲ਼ ਲੈਂਦਾ ਹੈ। ਉਹ ਆਤਮਿਕ ਉੱਨਤੀ ਦੀ ਉੱਚੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਉਹ ਗੁਰੂ ਵਰਗੇ ਆਤਮਿਕ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ ਕਿਉਂਕਿ ਉਹ ਅਤੇ ਗੁਰੂ ਇੱਕ-ਮਿੱਕ ਹੋ ਜਾਂਦੇ ਹਨ, ਦੋਵਾਂ ਵਿੱਚ ਕੋਈ ਭੇਦ ਨਹੀਂ ਰਹਿ ਜਾਂਦਾ। ਗੁਰੂ ਦਾ ਮਨੁੱਖ ਦੇ ਜੀਵਨ ਮਕਸਦ ਦੀ ਪ੍ਰਾਪਤੀ ਵਿੱਚ ਅਹਿਮ ਰੋਲ ਹੁੰਦਾ ਹੈ। ਧਰਮ ਅਨੁਸਾਰ ਜ਼ਿੰਦਗੀ ਬਿਤਾਉਣ ਵਾਲ਼ਾ ਮਨੁੱਖ ਆਪਣੇ ਵਿਚਾਰਾਂ ਵਿੱਚ ਪਰਪੱਕ ਅਤੇ ਸਦਾਚਾਰਕ ਗੁਣਾਂ ਦਾ ਧਾਰਨੀ ਹੋਣ ਕਾਰਨ ਦ੍ਰਿੜ ਇਰਾਦੇ ਵਾਲ਼ਾ ਹੁੰਦਾ ਹੈ। “ਵਾਲਟੇਅਰ

---

[34] ਗੁਰਬਚਨ ਸਿੰਘ ਤਾਲਿਬ, ਪ੍ਰੋ. ਜਨਕ ਸਿੰਘ (ਅਨੁ:), “ਨੀਤੀ ਸਦਾਚਾਰ ਤੇ ਧਰਮ”, ਧਰਮ ਦੀ ਉਤਪਤੀ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991, ਪੰਨਾ 62

[35] ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1986, ਪੰਨਾ 98

ਕਹਿੰਦਾ ਹੈ ਕਿ ਇੱਕ ਧਾਰਮਿਕ ਆਦਮੀ ਜਜ਼ਬੇ ਤੋਂ ਰਹਿਤ ਹੋਣਾ ਚਾਹੀਦਾ ਹੈ। ਸਰਬ ਸੰਪੂਰਨ ਰੂਹਾਨੀਅਤ ਦਾ ਪ੍ਰਚਾਰਕ ਉਹ ਹੈ ਜਿਸ ਨੂੰ ਰੱਬ ਨੇ ਪਿੱਤਲ ਦਾ ਸਿਰ ਅਤੇ ਫੌਲਾਦ ਦਾ ਦਿਲ ਦਿੱਤੇ ਹਨ।"[36] ਧਰਮ ਦਾ ਸੰਬੰਧ ਕੇਵਲ ਬਾਹਰੀ ਦੁਨੀਆਂ ਨਾਲ਼ ਨਹੀਂ ਹੈ ਬਲਕਿ ਇਹ ਮਨੁੱਖ ਨੂੰ ਉਸ ਦੇ ਨਿੱਜ ਨੂੰ ਸਮਝਣ ਲਈ ਪ੍ਰੇਰਿਤ ਕਰਦਾ ਹੈ। ਮਨੁੱਖੀ ਸਮਝ ਦੇ ਆਪਣੇ ਜੀਵਨ ਮਕਸਦ ਲਈ ਸਾਕਾਰਾਤਮਕ ਹੋਣ ਵਿੱਚ ਪ੍ਰਭੂ ਦੀ ਨਦਰਿ ਦਾ ਮਹੱਤਵਪੂਰਨ ਰੋਲ ਹੈ। ਇਸ ਸਰਿਸ਼ਟੀ ਦੀ ਸੰਚਾਲਕ ਸ਼ਕਤੀ ਅਰਥਾਤ ਪਰਮਾਤਮਾ ਵਿੱਚ ਵਿਸ਼ਵਾਸ ਨੂੰ ਦਰਿੜ ਕਰਵਾਉਣਾ ਹਰ ਇੱਕ ਧਰਮ ਦਾ ਮੁੱਖ ਕਾਰਜ ਹੈ। ਕਿਉਂਕਿ ਹਰੇਕ ਧਰਮ ਉਸ ਸੰਚਾਲਕ ਸ਼ਕਤੀ ਨੂੰ ਆਧਾਰ ਬਣਾ ਕੇ ਹੀ ਮਨੁੱਖ ਲਈ ਨਿਯਮ ਬਣਾਉਂਦਾ ਹੈ ਜਾਂ ਉਸ ਦਾ ਮਾਰਗ ਦਰਸ਼ਨ ਕਰਦਾ ਹੈ ਜਿਨ੍ਹਾਂ 'ਤੇ ਵਿਸ਼ਵਾਸ ਕਰਕੇ ਮਨੁੱਖ ਉਨਾਂ ਨਿਯਮਾਂ 'ਤੇ ਚੱਲਣ ਦੀ ਕੋਸ਼ਿਸ਼ ਕਰਦਾ ਹੈ। ਉਹ ਸੰਚਾਲਕ ਸਕਤੀ ਅਦ੍ਰਿਸ਼ਟ ਜਾਂ ਅਗੋਚਰ ਹੈ। ਉਸ ਸ਼ਕਤੀ ਨਾਲ ਭਾਵਾਤਮਕ ਸਾਂਝ ਜਾਂ ਏਕਤਾ ਕੇਵਲ ਮਨੁੱਖੀ ਅਨੁਭਵ ਰਾਹੀਂ ਹੀ ਸਥਾਪਿਤ ਹੋ ਸਕਦੀ ਹੈ। ਮਨੁੱਖ ਦਾ ਮਨ ਹਮੇਸ਼ਾਂ ਹੀ ਉਸ ਪਰਮਸ਼ਕਤੀ 'ਤੇ ਦਰਿੜ ਨਿਸ਼ਠਾ ਜਾਂ ਵਿਸ਼ਵਾਸ ਰੱਖਦਾ ਹੈ ਜਿਹੜਾ ਮਨੁੱਖ ਕਿਸੇ ਵੀ ਧਰਮ 'ਤੇ ਵਿਸ਼ਵਾਸ ਰੱਖਦਾ ਹੈ ਉਹ ਸਮਝਦਾ ਹੈ ਕਿ ਉਸ ਦੇ ਹਰੇਕ ਕਾਰਜ ਵਿੱਚ ਪਰਮਾਤਮਾ ਦੀ ਨਦਰਿ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਭਾਵ ਜੇਕਰ ਉਹ ਪਰਮ ਸ਼ਕਤੀ ਸਾਰੇ ਸੰਸਾਰ ਦੀ ਸੰਚਾਲਕ ਸ਼ਕਤੀ ਹੈ ਤਾਂ ਕੋਈ ਵੀ ਕਾਰਜ ਉਸ ਦੀ ਨਦਰਿ ਤੋਂ ਬਾਹਰ ਸੰਭਵ ਨਹੀਂ ਹੋ ਸਕਦਾ। ਨਦਰਿ ਦਾ ਸੰਕਲਪ ਬੜਾ ਰਹੱਸਮਈ ਅਤੇ ਡੂੰਘਾ ਹੈ। "ਨਦਰ, ਮਿਹਰ, ਕਿਰਪਾ, ਬਖਸ਼ਿਸ਼ ਐਸੀਆਂ ਭਾਵਨਾਵਾਂ ਹਨ ਜਿਹੜੀਆਂ ਹਰ ਮਨੁੱਖ ਦੇ ਮਨ ਨੂੰ ਇਨ੍ਹਾਂ ਦੀ ਪ੍ਰਾਪਤੀ ਲਈ ਪ੍ਰੇਰਤ ਕਰਦੀਆਂ ਰਹਿੰਦੀਆਂ ਹਨ। ਨਦਰ ਦੀ ਕਰਾਮਾਤ ਵੀ ਤਾਂ ਬਹੁਤ ਵੱਡੀ ਹੈ। ਗੁਰਬਾਣੀ ਵਿੱਚ ਅੰਕਤ ਹੈ ਕਿ ਜੇ ਪਰਮਾਤਮਾ ਦੀ ਨਦਰ ਸਵੱਲੀ ਹੋ ਜਾਵੇ ਤਾਂ ਫਿਰ ਕੰਗਲੇ, ਪਿੰਗਲੇ ਵੀ ਸਰਬ ਕਲਾ ਸੰਪੂਰਣ ਹੋ ਸਕਦੇ ਹਨ।"[37] ਪਰਮਾਤਮਾ ਦੀ ਨਦਰਿ ਪ੍ਰਾਪਤ ਮਨੁੱਖ ਆਪਣੇ ਜੀਵਨ ਲਕਸ਼ ਨੂੰ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ। ਧਰਮ ਮਨੁੱਖ ਦੀ ਜ਼ਿੰਦਗੀ ਵਿੱਚ ਪ੍ਰਭੂ ਨਦਰਿ ਦੀ ਅਹਿਮੀਅਤ ਬਾਰੇ ਦੱਸਦਾ ਹੈ ਕਿ ਜਿਸ ਮਨੁੱਖ ਉੱਤੇ ਪ੍ਰਭੂ ਬਖਸ਼ਿਸ਼ ਕਰਦਾ ਹੈ, ਉਸ ਦੀ ਜ਼ਿੰਦਗੀ ਦੀਆਂ ਸਾਰੀਆਂ ਔਕੜਾਂ, ਸਾਰੇ ਦੁੱਖ ਆਪਣੇ

---

[36] ਗੁਰਨੇਕ ਸਿੰਘ ਨੇਕੀ, ਜਿਨ ਪ੍ਰੇਮ ਕੀਓ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1991, ਪੰਨਾ 29

[37] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ, ਟਰੱਸਟ, ਲੁਧਿਆਣਾ, 2011, ਪੰਨਾ 63

ਆਪ ਖਤਮ ਹੋ ਜਾਂਦੇ ਹਨ। ਅਪੰਗ ਅਤੇ ਕਮਜ਼ੋਰ ਵਿਅਕਤੀ ਨੂੰ ਵੀ ਪ੍ਰਭੂ ਦੀ ਨਦਰਿ ਸਦਕਾ ਬਲ ਮਿਲਦਾ ਹੈ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥

ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸ ਕਰੇਇ॥[38]

ਪਰਮਾਤਮਾ ਦੀ ਨਦਰਿ ਉਸ ਮਨੁੱਖ 'ਤੇ ਹੁੰਦੀ ਹੈ ਜੋ ਉਸ ਦੀ ਰਜ਼ਾ ਵਿੱਚ ਰਹਿੰਦਾ ਹੈ। ਪਰਮਾਤਮਾ ਨੂੰ ਆਪਾ ਸਮਰਪਿਤ ਕਰਕੇ ਅਤੇ ਦੁਬਿਧਾ ਰਹਿਤ ਹੋ ਕੇ ਚੰਗੇ ਕਰਮਾਂ ਦੇ ਆਧਾਰ 'ਤੇ ਜੀਵਨ ਜਿਉਣ ਵਾਲ਼ੇ ਮਨੁੱਖ ਪ੍ਰਭੂ ਦੀ ਨਦਰਿ ਪ੍ਰਾਪਤ ਕਰਦੇ ਹਨ। ਪ੍ਰਭੂ ਦੀ ਨਦਰਿ ਜਿਸ ਮਨੁੱਖ 'ਤੇ ਹੋ ਜਾਂਦੀ ਹੈ, ਉਹ ਆਪਣੇ ਅੰਦਰਲੇ ਸੱਚ ਨੂੰ ਪਛਾਣ ਕੇ ਉਸ ਨਾਲ਼ ਇੱਕਮਿਕਤਾ ਪ੍ਰਾਪਤ ਕਰ ਲੈਂਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮਨੁੱਖੀ ਹਸਤੀ ਉਸ ਸਾਗਰ ਦਾ ਹੀ ਜਲ-ਤਰੰਗ 'ਤੇ ਉਸੇ ਮਹਾਨ ਜੋਤਿ ਦੀ ਕਿਰਣ ਮਾਤਰ ਹੈ। ਧਰਮ ਦਾ ਮੂਲ ਆਧਾਰ ਆਪੇ ਨੂੰ ਸਮਝਣਾ ਹੈ।

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥[39]

ਮਨੁੱਖ ਨੇ ਆਪਣੇ ਅੰਦਰਲੀ ਸੱਚ ਦੀ ਜੋਤ ਨੂੰ ਵੀ ਪਛਾਨਣਾ ਹੈ। ਆਪਣੇ ਇਸ ਅਨਮੋਲ ਜਨਮ ਦੇ ਮਨੋਰਥ ਨੂੰ ਸਮਝਣਾ ਹੈ। ਇਸ ਗੱਲ ਤੋਂ ਕਦੇ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਰਮ ਮਨੁੱਖ ਦੀ ਆਤਮਿਕ ਉੱਨਤੀ ਦਾ ਸਾਧਨ ਹੈ। ਇਹ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ, ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ, ਉਸ ਨੂੰ ਅਧਿਆਤਮਿਕ ਰਾਸਤੇ ਰਾਹੀਂ ਲਕਸ਼ ਦੀ ਪ੍ਰਾਪਤੀ ਕਰਵਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਧਰਮ ਮਨੁੱਖ ਨੂੰ ਉਸ ਦੇ ਉਦੇਸ਼ ਦੀ ਪ੍ਰਾਪਤੀ ਲਈ ਪਵਿੱਤਰ ਜੀਵਨ ਜਿਉਣ ਲਈ ਪ੍ਰੇਰਦਾ ਹੈ। ਪਵਿੱਤਰਤਾ ਦਾ ਸਾਡੇ ਮਨ ਅਤੇ ਸਰੀਰ ਨਾਲ਼ ਸੰਬੰਧ ਹੈ। ਬਾਹਰਲੀ ਪਵਿੱਤਰਤਾ ਦਾ ਸੰਬੰਧ ਸਰੀਰਕ ਅਤੇ ਆਲ਼ੇ-ਦੁਆਲ਼ੇ ਦੀ ਸਫ਼ਾਈ ਨਾਲ਼ ਹੈ ਜਿਸ ਤਹਿਤ ਆਪਣੇ ਕੱਪੜੇ, ਘਰ, ਬੈਠਣ ਅਤੇ ਕੰਮ

---

[38] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 91

[39] ਉਹੀ, ਪੰਨਾ 441

ਕਰਨ ਵਾਲ਼ੀ ਥਾਂ ਦੀ ਸਾਫ਼-ਸਫ਼ਾਈ ਰੱਖੀ ਜਾਂਦੀ ਹੈ। ਬਾਹਰਲੀ ਸਫ਼ਾਈ ਨਾਲ਼ ਅੰਦਰੂਨੀ ਪਵਿੱਤਰਤਾ ਦਾ ਮਨੁੱਖੀ ਸ਼ਖ਼ਸੀਅਤ 'ਤੇ ਬਹੁਤ ਡੂੰਘਾ ਅਸਰ ਹੁੰਦਾ ਹੈ। ਅਧਿਆਤਮਿਕਤਾ ਦੇ ਖੇਤਰ ਵਿੱਚ ਅੰਦਰੂਨੀ ਪਵਿੱਤਰਤਾ ਮਹੱਤਤਾ ਦੀ ਧਾਰਨੀ ਹੈ। ਪਵਿੱਤਰਤਾ ਨੂੰ ਸੱਚਾਈ ਨਾਲ਼ ਵੀ ਜੋੜ ਕੇ ਵੇਖਿਆ ਜਾਂਦਾ ਹੈ। ਜਿਸ ਮਨੁੱਖ ਦੀ ਸੋਚ ਅਤੇ ਕਰਮ ਵਿੱਚ ਸੱਚਾਈ ਹੁੰਦੀ ਹੈ, ਉਹ ਪਵਿੱਤਰਤਾ ਦਾ ਧਾਰਨੀ ਹੁੰਦਾ ਹੈ। "ਜਿਸ ਹਿਰਦੇ ਜਾਂ ਮਨ ਵਿੱਚ ਸਚਾਈ ਹੋਵੇ ਉਹ ਪਵਿੱਤ੍ਰ ਹੈ। ਕਿਸੇ ਦੇ ਦੁੱਖ ਨੂੰ ਵੇਖ ਕੇ ਜਿਸ ਦੇ ਮਨ ਅੰਦਰ ਤਰਸ ਆਉਂਦਾ ਹੈ ਤੇ ਉਸ ਦੀ ਸਹਾਇਤਾ ਕਰਨ ਨੂੰ ਜਿਸ ਦਾ ਚਿੱਤ ਕਰ ਆਉਂਦਾ ਹੈ, ਜੋ ਉਹੀ ਕੁੱਝ ਕਹਿੰਦਾ ਹੈ ਜੋ ਉਸ ਦੇ ਮਨ ਵਿੱਚ ਹੈ ਉਹ ਸ਼ੁੱਧ ਜਾਂ ਪਵਿੱਤ੍ਰ ਮਨ ਵਾਲ਼ਾ ਹੈ। ਮਨ ਵਿੱਚ ਪਵਿੱਤ੍ਰਤਾ ਤਾਂ ਹੋਵੇ ਸਾਡੇ ਕਰਮ ਤੇ ਬੋਲ ਵੀ ਪਵਿੱਤ੍ਰ ਹੋਣਗੇ।"[40] ਸਾਰੇ ਧਰਮ ਮਨੁੱਖ ਨੂੰ ਪਵਿੱਤਰਤਾ ਦੇ ਸੰਕਲਪ ਬਾਰੇ ਦੱਸਦੇ ਹਨ। ਸਿੱਖ ਧਰਮ ਮਨੁੱਖ ਨੂੰ ਪਵਿੱਤਰ ਸੋਚ, ਪਵਿੱਤਰ ਵਿਚਾਰ, ਪਵਿੱਤਰ ਕਰਮ, ਪਵਿੱਤਰ ਵਿਵਹਾਰ ਕਰਨ ਲਈ ਦਿਸ਼ਾ-ਨਿਰਦੇਸ਼ ਦਿੰਦਾ ਹੈ। ਮਨੁੱਖ ਨਾਲ਼ ਜੁੜੀ ਹੋਈ ਸਾਰੀ ਪਵਿੱਤਰਤਾ ਦਾ ਸੰਬੰਧ ਮਨ ਦੀ ਪਵਿੱਤਰਤਾ ਨਾਲ਼ ਹੈ। ਮਨ ਦੀ ਪਵਿੱਤਰਤਾ ਦਾ ਸੱਚਾਈ ਅਤੇ ਸੱਚੇ-ਸੁੱਚੇ ਵਿਹਾਰ ਨਾਲ਼ ਸੰਬੰਧ ਹੈ। ਜੇਕਰ ਮਨ ਪਵਿੱਤਰਤਾ ਦਾ ਧਾਰਨੀ ਹੈ ਤਾਂ ਉਸ ਵਿੱਚ ਸਾਰੀਆਂ ਪਵਿੱਤ੍ਰਤਾਵਾਂ ਖੁਦ ਹੀ ਆ ਜਾਂਦੀਆਂ ਹਨ। ਮਨੁੱਖ ਅੰਦਰਲੀ ਪਵਿੱਤਰਤਾ ਉਸ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦੀ ਹੈ ਜਿਸ ਨਾਲ਼ ਉਸ ਅੰਦਰ ਚੰਗੇ ਗੁਣਾਂ ਦਾ ਸਮਾਵੇਸ਼ ਹੁੰਦਾ ਹੈ। ਚੰਗੇ ਗੁਣ ਮਨੁੱਖ ਨੂੰ ਆਦਰਸ਼ ਮਨੁੱਖ ਬਣਾਉਂਦੇ ਹਨ। ਧਰਮ ਦਾ ਉਦੇਸ਼ ਮਨੁੱਖ ਨੂੰ ਪ੍ਰਭੂ ਪਰਮਾਤਮਾ ਵਿੱਚ ਅਭੇਦ ਕਰਨਾ ਹੈ। ਉਸ ਅੰਦਰਲੀਆਂ ਬੁਰਾਈਆਂ ਦਾ ਖਾਤਮਾ ਕਰਕੇ ਇੱਕ ਆਦਰਸ਼ ਮਨੁੱਖ ਬਣਾਉਣਾ ਹੈ। ਜੇਕਰ ਮਨੁੱਖ ਨੂੰ ਉਚੇਰਾ ਗਿਆਨ ਪ੍ਰਾਪਤ ਹੋ ਜਾਵੇ ਕਿ ਮਨੁੱਖ ਕੇਵਲ ਸਰੀਰ ਮਾਤਰ ਨਹੀਂ ਹੈ ਬਲਕਿ ਇਸ ਵਿੱਚ ਪ੍ਰਭੂ ਦੀ ਜੋਤ ਵੀ ਬਿਰਾਜਮਾਨ ਹੈ। ਇਸ ਕਰਕੇ ਉਸ ਜੋਤਿ ਦੇ ਗੁਣਾਂ ਨੂੰ ਆਪਣੇ ਅੰਦਰ ਪ੍ਰਫੁੱਲਤ ਕਰਨਾ ਅਤੇ ਖੁਦ ਉਸ ਦਾ ਰੂਪ ਹੋਣਾ, ਜ਼ਿੰਦਗੀ ਦਾ ਅਸਲੀ ਮਨੋਰਥ ਬਣ ਜਾਂਦਾ ਹੈ।

---

[40] ਐੱਸ.ਐੱਸ, ਅਮੋਲ, ਧਰਮਾਂ ਦੀ ਮੁੱਢਲੀ ਜਾਣਕਾਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 97

ਭਈ ਪਰਾਪਤ ਮਾਨੁਖ ਦੇਹੁਰੀਆ॥

ਗੋਬਿੰਦ ਮਿਲਣ ਕੀ ਏਹ ਤੇਰੀ ਬਰੀਆ॥

ਅਵਰਿ ਕਾਜ ਤੇਰੇ ਕਿਤੈ ਨ ਕਾਮੁ॥

ਮਿਲ ਸਾਧ ਸੰਗਤ ਭਜੁ ਕੇਵਲ ਨਾਮੁ॥[41]

ਸਿੱਖ ਧਰਮ ਅਨੁਸਾਰ ਮਨੁੱਖ ਨੇ ਇਸ ਅਨਮੋਲ ਜੀਵਨ ਵਿੱਚ ਪਰਮਾਤਮਾ ਨੂੰ ਪ੍ਰਾਪਤ ਕਰਨਾ ਹੈ। ਮਨੁੱਖੀ ਮਕਸਦ ਦੀ ਪ੍ਰਾਪਤੀ ਦੇ ਰਾਹ ਵਿੱਚ ਪੰਜ ਵਿਕਾਰ ਵਿਘਨ ਪਾਉਂਦੇ ਹਨ। ਮਨੁੱਖ ਨੇ ਪਰਿਪੂਰਣਤਾ ਲਈ ਧਰਮ ਦੀ ਮਦਦ ਨਾਲ਼ ਚੇਤਨਾ, ਸੁਰਤ ਅਤੇ ਆਤਮਾ ਨੂੰ ਉੱਨਤ ਕਰਨਾ ਹੈ ਜਿਸ ਵਿੱਚ ਪੰਜ ਵਿਕਾਰਾਂ ਵਿੱਚ ਗ੍ਰਸਤ ਬਿਰਤੀਆਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦਾ ਅਭਾਵ ਹੋਵੇ ਅਤੇ ਮਾਨਸਿਕ ਸੰਤੁਲਨ ਹੋਵੇ। "ਧਰਮੀ ਪੁਰਸ਼ ਦਾ ਸਾਧਨਾ ਮਾਰਗ ਪ੍ਰੇਮਾ-ਭਗਤੀ ਤਾਂ ਹੈ ਹੀ ਪਰ ਨਾਲ਼ ਔਗੁਣਾਂ ਦਾ ਤਿਆਗ ਤੇ ਗੁਣਾਂ ਦਾ ਸੰਗ੍ਰਹਿ ਜ਼ਰੂਰੀ ਸ਼ਰਤ ਹੈ। ਭਾਰਤੀ ਪਰੰਪਰਾ ਨੇ ਪੰਜ ਮੁੱਖ ਵਿਕਾਰ ਗਿਣੇ ਹਨ, ਉਹ ਇਨ੍ਹਾਂ ਵਿਕਾਰਾਂ ਨੂੰ ਗੁਣਾਂ ਦੀ ਸ਼ਕਤੀ ਨਾਲ਼ ਸੰਘਾਰਦਾ ਤੇ ਆਪਣਾ ਆਪ ਸੰਵਾਰਦਾ ਹੈ। ਕਾਮ ਨੂੰ ਜਤ ਸਤ ਸੰਜਮ ਨਾਲ਼, ਕ੍ਰੋਧ ਨੂੰ ਸ਼ਾਂਤੀ ਖਿਮਾ ਨਾਲ਼, ਲੋਭ ਨੂੰ ਸਬਰ ਸੰਤੋਖ ਨਾਲ਼, ਮੋਹ ਨੂੰ ਵੈਰਾਗ ਤਿਆਗ ਨਾਲ਼ ਤੇ ਅਹੰਕਾਰ ਨੂੰ ਨਿਮਰਤਾ ਅਤੇ ਗਰੀਬੀ ਨਾਲ਼ ਦੂਰ ਕਰਨ ਦਾ ਜਤਨ ਕਰਦਾ ਹੈ। ਗੁਰੂ ਸਾਹਿਬ ਨੇ ਸਿਮਰਨ ਤੇ ਸੇਵਾ ਦੀ ਸਿੱਖਿਆ ਦੇ ਨਾਲ਼-ਨਾਲ਼ ਸਦਾਚਾਰਕ ਵਿਕਾਸ ਉੱਤੇ ਜ਼ੋਰ ਦਿੱਤਾ ਹੈ।"[42] ਮਨੁੱਖ ਅੰਦਰਲੇ ਔਗੁਣ ਉਸ ਨੂੰ ਸੱਚ ਦੇ ਰਾਹ ਤੋਂ ਭਟਕਾ ਕੇ ਗਲਤ ਪਾਸੇ ਵੱਲ ਤੋਰਦੇ ਹਨ ਜਿਸ ਨਾਲ਼ ਉਹ ਦੁਬਿਧਾ ਦਾ ਸ਼ਿਕਾਰ ਹੋ ਕੇ ਨਿੱਜੀ ਕਸ਼ਮਕਸ਼ ਵਿੱਚ ਹੀ ਉਲ਼ਝਿਆ ਰਹਿੰਦਾ ਹੈ। ਉਸ ਨੂੰ ਸਹੀ ਅਤੇ ਗਲਤ ਵਿੱਚ ਵੀ ਫਰਕ ਦਿਖਾਈ ਨਹੀਂ ਦਿੰਦਾ ਜਦ ਤੱਕ ਉਸ ਵਿੱਚ ਇਨ੍ਹਾਂ ਔਗੁਣਾਂ (ਪੰਜ ਵਿਕਾਰਾਂ) ਦਾ ਵਾਸ ਰਹਿੰਦਾ ਹੈ। ਮਨੁੱਖ ਨੇ ਇਹਨਾਂ ਵਿਕਾਰਾਂ ਤੋਂ ਬਚਣ ਲਈ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੈ। ਪ੍ਰਭੂ ਦਾ ਨਾਮ ਸਿਮਰਨ ਉਸ ਦੀ ਸੋਚ, ਬਿਰਤੀਆਂ ਨੂੰ ਸ਼ੁੱਧ ਕਰਦਾ ਹੋਇਆ ਉਸ ਅੰਦਰਲੇ ਔਗੁਣਾਂ ਦਾ ਨਾਸ਼ ਕਰਦਾ ਹੈ। ਧਰਮ ਦੇ ਮਾਰਗ ਦਰਸ਼ਨ

[41] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 378

[42] ਪ੍ਰੋ. ਪਿਆਰਾ ਸਿੰਘ, ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1997, ਪੰਨਾ 54

’ਤੇ ਚੱਲਣ ਵਾਲਾ ਸਾਧਕ ਪਰਮਾਤਮਾ ਉੱਤੇ ਸ਼ਰਧਾ ਅਤੇ ਵਿਸ਼ਵਾਸ ਰੱਖਦਾ ਹੋਇਆ ਪੂਰਨਤਾ ਦੀ ਪ੍ਰਾਪਤੀ ਵੱਲ ਨੂੰ ਵਧਦਾ ਹੈ। “ਧਰਮ ਆਤਮਾ ਦਾ ਪਰਮਾਤਮਾ ਨਾਲ਼, ਸੀਮਤ ਦਾ ਅਸੀਮਿਤ ਨਾਲ਼ ਮੇਲ ਹੈ।”[43] ਪਰਮਾਤਮਾ ’ਤੇ ਵਿਸ਼ਵਾਸ ਕਰਕੇ ਉਸ ਦੇ ਨਾਮ ਦਾ ਸਿਮਰਨ ਕੀਤਾ ਜਾਦਾ ਹੈ। ਨਾਮ ਸਿਮਰਨ ਨਾਲ਼ ਮਨੁੱਖ ਇੱਕ ਸੱਚ ’ਤੇ ਆਪਣੇ-ਆਪ ਨੂੰ ਇਕਾਗਰ ਕਰਦਾ ਹੈ। ਇਹ ਇਕਾਗਰਤਾ ਅਤੇ ਵਿਸ਼ਵਾਸ ਮਨੁੱਖ ਦੀ ਉਸ ਦੇ ਮਕਸਦ ਦੀ ਪ੍ਰਾਪਤੀ ਵਿੱਚ ਮੱਦਦ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਨਾਮ ਸਿਮਰਨ ਅਤੇ ਚੰਗੇ ਕਰਮ ਕਰਕੇ ਆਪਣੇ ਜੀਵਨ ਮਕਸਦ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਾਵਨ ਗੁਰਬਾਣੀ ਅਨੁਸਾਰ ਸਾਰੇ ਧਰਮਾਂ ’ਚੋਂ ਉੱਤਮ ਧਰਮ ਹਰੀ ਦਾ ਨਾਮ ਜਪਣਾ ਅਤੇ ਚੰਗੇ ਕਰਮ ਕਰਨਾ ਹੈ, ਇਹੋ ਹੀ ਜੀਵ ਦਾ ਸਰਬ-ਸ੍ਰੇਸ਼ਟ ਨਿਰਮਲ ਕਰਮ ਹੈ।

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥[44]

ਮਨੁੱਖ ਨੇ ਇਸ ਜਨਮ ਵਿੱਚ ਆਤਮਿਕ ਉੱਨਤੀ ਕਰਦੇ ਹੋਏ ਸ਼ਖ਼ਸੀਅਤ ਨੂੰ ਵਿਕਸਤ ਕਰਨਾ ਹੈ। ਨਿਰਸੰਦੇਹ, ਧਰਮ ਮਨੁੱਖ ਲਈ ਆਦਰਸ਼ ਵੀ ਹੈ ਅਤੇ ਮਨੁੱਖੀ ਜੀਵਨ ਦੇ ਲਕਸ਼ ਦੀ ਪ੍ਰਾਪਤੀ ਲਈ ਅਤਿ ਲੋੜੀਂਦਾ ਜ਼ਰੀਆ ਵੀ ਹੈ। ਮਾਨਵ ਜੀਵਨ ਦਾ ਆਦਰਸ਼ ਪੂਰਣਤਾ ਦੀ ਪ੍ਰਾਪਤੀ ਅਰਥਾਤ ਅਧਿਆਤਮਿਕ ਸਾਧਨਾਂ ਵਿੱਚ ਵੱਧ ਤੋਂ ਵੱਧ ਪਰਿਪੂਰਣ ਹੋਣਾ ਹੈ। ਧਰਮ ਇਹ ਮੰਨਦਾ ਹੈ ਕਿ ਦੇਸ਼ ਕਾਲ ਸਾਪੇਖ ਦ੍ਰਿਸ਼ਟਮਾਨ ਪਸਾਰੇ ਤੋਂ ਅਤੀਤ ਪਰਮ ਹਕੀਕਤ ਅਜਿਹੀ ਹੈ ਜੋ ਨਿਰਪੇਖ ਅਤੇ ਪਰਮ ਸੰਪੂਰਣ ਹੈ। “ਧਰਮ ਇੱਕ ਅਲੋਕਿਕ ਸੱਤਾ ਜਾਂ ਅੰਤਿਮ ਸੱਚਾਈ ਵਿੱਚ ਵਿਸ਼ਵਾਸ ਦਾ ਨਾਮ ਹੈ। ਇਸ ਅਲੋਕਿਕ ਸੱਤਾ ਨੂੰ ਰੱਬ, ਈਸ਼ਵਰ ਅਤੇ ਅੱਲਾਹ ਆਦਿ ਦੇ ਨਾਮ ਦਿੱਤੇ ਜਾਂਦੇ ਹਨ। ਇਸ ਅੰਤਿਮ ਸੱਤਾ ਨਾਲ਼ ਅਸੀਂ ਪ੍ਰੇਮ ਕਰਦੇ ਹਾਂ ਅਤੇ ਇਸ ਦੇ ਹਰ ਆਦੇਸ਼ ਤੇ ਫੁੱਲ ਚੜ੍ਹਾਉਂਦੇ ਹਾਂ। ਇਸ ਅਲੋਕਿਕ ਸ਼ਕਤੀ ਨਾਲ਼ ਸੰਬੰਧ ਜੋੜਨ ਜਾਂ ਇਸ ਦੀ ਪੂਜਾ ਕਰਨ ਦੀ ਇੱਕ ਵਿਸ਼ੇਸ਼ ਪ੍ਰਣਾਲ਼ੀ ਜਾਂ ਢੰਗ ਹੁੰਦਾ ਹੈ। ਇਹ ਢੰਗ ਵੱਖੋ-ਵੱਖਰੇ ਧਰਮਾਂ ਵਿੱਚ ਵੱਖੋ-ਵੱਖਰਾ ਹੁੰਦਾ

---

43 ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 1

44 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 266

ਹੈ। ਧਰਮ ਆਪਣੀਆਂ ਕਦਰਾਂ-ਕੀਮਤਾਂ ਨੂੰ ਨਿਰਧਾਰਿਤ ਕਰਦਾ ਹੈ ਅਤੇ ਆਪਣੇ ਅਨੁਯਾਈਆਂ ਨੂੰ ਉਹਨਾਂ ਕਦਰਾਂ-ਕੀਮਤਾਂ ਵਿੱਚ ਨਾ ਸਿਰਫ ਵਿਸ਼ਵਾਸ ਕਰਨ ਲਈ ਹੀ ਕਹਿੰਦਾ ਹੈ ਬਲਕਿ ਉਹਨਾਂ ਮੁਤਾਬਿਕ ਆਪਣਾ ਜੀਵਨ ਬਤੀਤ ਕਰਨ ਤੇ ਵੀ ਜ਼ੋਰ ਦਿੰਦਾ ਹੈ। ਧਰਮ ਜੀਵਨ-ਦਰਸ਼ਨ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਧਰਮ ਮਨੁੱਖ ਨੂੰ ਦੁਨੀਆਂ ਬਾਰੇ ਇੱਕ ਦ੍ਰਿਸ਼ਟੀਕੋਣ ਦਿੰਦਾ ਹੈ ਜਿਸ ਦੇ ਅਨੁਸਾਰ ਮਨੁੱਖ ਆਪਣਾ ਜੀਵਨ ਢਾਲ਼ਦਾ ਹੈ।"[45] ਧਰਮ ਮਨੁੱਖੀ ਸਮਝ ਨੂੰ ਇਹ ਗਿਆਨ ਪ੍ਰਦਾਨ ਕਰਦਾ ਹੈ ਕਿ ਸਾਰੇ ਬ੍ਰਹਿਮੰਡ ਨੂੰ ਚਲਾਉਣ ਵਾਲ਼ੀ ਕੋਈ ਅਦਿੱਖ ਸ਼ਕਤੀ ਹੈ ਜਿਸ ਦੁਆਰਾ ਸਥਾਪਿਤ ਕੀਤੇ ਨਿਯਮਾਂ ਵਿੱਚ ਰਹਿ ਕੇ ਕੁਦਰਤੀ ਪ੍ਰਬੰਧ ਚੱਲ ਰਿਹਾ ਹੈ। ਇਹ ਸੱਤਾ ਜਿਸ ਨੂੰ ਪਰਮਾਤਮਾ ਕਿਹਾ ਜਾਂਦਾ ਹੈ। ਇਹ ਹੀ ਸਾਰੇ ਜਗਤ ਪਸਾਰੇ ਦਾ ਕਾਰਨ ਹੈ। ਮਨੁੱਖ ਨੇ ਪਰਮਾਤਮਾ 'ਤੇ ਵਿਸ਼ਵਾਸ ਕਰਦੇ ਹੋਏ ਅਤੇ ਪਰਮਾਤਮਾ ਦੇ ਹੁਕਮ ਨੂੰ ਮੰਨਦੇ ਹੋਏ ਆਪਣੇ ਮਨੁੱਖੀ ਜੀਵਨ ਨੂੰ ਪਰਮਾਤਮਾ ਦੇ ਅਰਪਣ ਕਰਦੇ ਹੋਏ ਸੱਚਾਈ ਅਤੇ ਚੰਗਿਆਈ ਵਾਲ਼ਾ ਜੀਵਨ ਬਤੀਤ ਕਰਨਾ ਹੈ। "ਧਰਮ ਦ੍ਰਿਸ਼ਟਮਾਨ ਜਗਤ ਪਿੱਛੇ ਇੱਕ ਅਦ੍ਰਿਸ਼ਟ ਸੱਤਾ ਵਿੱਚ ਵਿਸ਼ਵਾਸ ਦ੍ਰਿੜ ਕਰਾਉਂਦਾ ਹੈ। ਜਿਨ੍ਹਾਂ ਕਿਤੇ ਰੱਬੀ ਹਸਤੀ ਦਾ ਅਹਿਸਾਸ ਨਹੀਂ ਕੀਤਾ ਜਾਂ ਇਸ ਵਿਸ਼ਵਾਸ ਨੂੰ ਪਰਵਾਣ ਨਹੀਂ ਕੀਤਾ, ਉਹ ਵੀ ਕਿਸੇ ਦੇਵਤਾ, ਅਵਤਾਰ ਜਾਂ ਮਹਾਂਪੁਰਸ਼ ਦਾ ਧਿਆਨ ਧਰ ਕੇ ਆਪਣਾ ਬੁੱਤਾ ਸਾਰਦੇ ਵੇਖੇ ਹਨ। ਉਨ੍ਹਾਂ ਲਈ ਉਹੋ ਮਹਾਂਨਾਇਕ ਜ਼ਿੰਦਗੀ ਦਾ ਮਾਡਲ ਬਣ ਕੇ ਪ੍ਰੇਰਨਾ-ਦਾਇਕ ਹੋ ਜਾਂਦਾ ਹੈ। ਪਰ ਸਰਬ ਵਿਆਪਕ ਪ੍ਰੇਮ-ਸਰੂਪ ਪਰਮੇਸ਼ਰ ਦਾ ਅਨੁਭਵ ਇਤਨਾ ਅਸੀਮ ਤੇ ਅਨੰਤ ਹੈ ਜਿਸ ਦੇ ਕਲਾਵੇ ਵਿੱਚ ਸਾਰਾ ਬ੍ਰਹਿਮੰਡ ਸਮਾ ਜਾਂਦਾ ਹੈ ਤੇ ਜਗਿਆਸੂ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦਾ ਅਹਿਸਾਸ ਕਰਦਾ ਸਰਬ-ਸਨੇਹੀ ਹੋ ਜਾਂਦਾ ਹੈ। ਉਹ ਦ੍ਰਿਸ਼ਟਮਾਨ ਕਿਰਤ ਵਿੱਚ ਵੀ ਕਰਤੇ ਦਾ ਸਾਮਰੱਤਖ ਦਰਸ਼ਨ ਕਰਦਾ ਹੈ।"[46] ਧਰਮ ਮਨੁੱਖ ਨੂੰ ਸਾਰੇ ਮਨੁੱਖਾਂ ਅੰਦਰ ਇੱਕ ਜੋਤ ਦੇ ਦਰਸ਼ਨ ਕਰਨ ਲਈ ਪ੍ਰੇਰਦਾ ਹੈ ਜਿਸ ਨਾਲ਼ ਇੱਕ ਮਨੁੱਖ ਦੀ ਦੂਜੇ ਮਨੁੱਖ ਨਾਲ਼ ਭਰਾਤਰੀਭਾਵ ਦੀ ਸਾਂਝ ਪੈਦਾ ਹੁੰਦੀ ਹੈ। ਇਸ ਤਰ੍ਹਾਂ ਮਨੁੱਖੀ ਸ਼ਖ਼ਸੀਅਤ ਚੰਗੇ ਗੁਣਾਂ ਨਾਲ਼ ਪ੍ਰਫੁੱਲਤ ਹੁੰਦੀ ਹੈ ਅਤੇ ਉਸ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਹੋਰ ਮਨੁੱਖ ਵੀ ਚੰਗਿਆਈ ਵਾਲ਼ਾ ਜੀਵਨ ਜਿਉਣਾ ਸ਼ੁਰੂ ਕਰ

---

[45] ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 23

[46] ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1997, ਪੰਨਾ 53-54

ਦਿੰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਜਿਸ ਪ੍ਰਭੂ ਨੇ ਸਾਨੂੰ ਇਹ ਅਨਮੋਲ ਜੀਵਨ ਦਿੱਤਾ ਹੈ ਸਾਨੂੰ ਉਸ ਦੇ ਸ਼ੁਕਰ-ਗੁਜ਼ਾਰ ਹੋਣਾ ਚਾਹੀਦਾ ਹੈ। ਪ੍ਰਭੂ ਨਾਮ ਦੇ ਚਿੰਤਨ ਵਿੱਚ ਧਿਆਨ ਕੇਂਦਰਿਤ ਕਰਨ ਲਈ ਰਸਨਾ ਦੁਆਰਾ ਸਿਮਰਨ ਕਰਦਿਆਂ ਧਿਆਨ ਉਸ ਦੀਆਂ ਸਿਫ਼ਤਾਂ ਵਿੱਚ ਜੋੜਨਾ ਜ਼ਰੂਰੀ ਹੈ ਜਿਸ ਦਾ ਲਗਾਤਾਰ ਨਾਮ ਲੈਂਦੇ ਰਹੀਏ ਹੌਲ਼ੀ-ਹੌਲ਼ੀ ਉਸ ਨਾਲ਼ ਪਿਆਰ ਪੈ ਜਾਂਦਾ ਹੈ। ਜਿਸ ਨਾਲ਼ ਪਿਆਰ ਹੋਵੇ ਉਸ ਨੂੰ ਵਾਰ-ਵਾਰ ਯਾਦ ਕਰਨ ਨੂੰ ਦਿਲ ਕਰਦਾ ਹੈ। ਫਿਰ ਬਿਨ੍ਹਾਂ ਕੋਸ਼ਿਸ਼ ਕੀਤਿਆਂ ਹੀ ਧਿਆਨ ਪਰਮਾਤਮਾ ਦੀ ਯਾਦ ਵਿੱਚ ਟਿਕ ਜਾਂਦਾ ਹੈ ਅਤੇ ਅਜਪਾ ਜਪ ਹੋਣ ਲੱਗਦਾ ਹੈ। ਅਖੀਰ ਇਹੀ ਜਪ ਲਿਵ ਬਣ ਜਾਂਦਾ ਹੈ। ਇਸ ਲਿਵ ਦੀ ਅਵਸਥਾ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ਼ ਹੀ ਹੋ ਸਕਦੀ ਹੈ।

ਗੁਰਪਰਸਾਦਿ ਰਹੈ ਲਿਵਲਾਇ॥[47]

ਨਾਮ ਸਿਮਰਨ ਮਨੁੱਖ ਦਾ ਅਧਿਆਤਮਿਕ ਫਰਜ਼ ਹੈ ਜਿਸ ਨੂੰ ਉਸ ਨੇ ਇਸ ਮਨੁੱਖਾ ਜਨਮ ਵਿੱਚ ਨਿਭਾਉਣਾ ਹੈ। "ਨਾਮ-ਸਾਧਨਾ ਉਹ ਉਪਾਸਨਾ ਵਿਧੀ ਹੈ ਜਿਸ ਵਿੱਚ ਨਾਮ ਦੀ ਅਰਾਧਨਾ ਰਾਹੀਂ ਅਧਿਆਤਮਿਕ ਕਰਤੱਵ ਦੀ ਪਾਲਣਾ ਕੀਤੀ ਜਾਂਦੀ ਹੈ।"[48] ਇਸ ਅਧਿਆਤਮਿਕ ਫ਼ਰਜ਼ ਤਹਿਤ ਜਦੋਂ ਮਨੁੱਖ ਲਗਾਤਾਰ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ ਤਾਂ ਸੁਭਾਵਿਕ ਹੀ ਉਸ ਵਿੱਚ ਪ੍ਰਭੂ ਦੇ ਗੁਣ ਆਉਣੇ ਸ਼ੁਰੂ ਹੋ ਜਾਂਦੇ ਹਨ। ਮਨੁੱਖ ਪ੍ਰਭੂ ਨਾਮ ਦਾ ਸਿਮਰਨ ਕਰਦਾ ਹੋਇਆ ਪ੍ਰਭੂ ਰੂਪ ਹੋ ਜਾਂਦਾ ਹੈ। ਪਰਮਾਤਮਾ ਇੱਕ ਹੈ ਉਸ ਤੋਂ ਬਿਨ੍ਹਾਂ ਕੋਈ ਹੋਰ ਸ਼ਕਤੀ ਇਸ ਬ੍ਰਹਿਮੰਡ ਵਿੱਚ ਨਹੀਂ ਹੈ। ਉਹ ਪਰਮਾਤਮਾ ਸਰਵ-ਵਿਆਪੀ ਹੈ ਉਸ ਦੀ ਜੋਤ ਹੀ ਸਾਰਿਆਂ ਵਿੱਚ ਵਿਰਾਜਮਾਨ ਹੈ। ਜਿਸ ਕਰਕੇ ਸਾਰਿਆਂ ਵਿੱਚ ਚੇਤਨਾ ਅਤੇ ਸੁਰਤ ਦਾ ਚਾਨਣ ਹੋ ਰਿਹਾ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣ ਹੋਇ॥[49]

---

47 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 352

48 ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਧਨਾ ਦਾ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2012, ਪੰਨਾ 76

49 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 663

ਪਰਮਾਤਮਾ ਨੇ ਹੀ ਸਾਰੀ ਦੁਨੀਆਂ ਨੂੰ ਪੈਦਾ ਕੀਤਾ ਹੈ, ਉਸ ਦੇ ਹੁਕਮ ਨਾਲ਼ ਹੀ ਸਭ ਕੁੱਝ ਹੋਂਦ ਵਿੱਚ ਆਇਆ ਹੈ। ਪਰਮਾਤਮਾ ਇਸ ਜਗਤ ਦਾ ਕਾਰਨ ਹੈ, ਜਿਸ ਨੇ ਇਸ ਧਰਤੀ 'ਤੇ ਭਾਂਤ-ਭਾਂਤ ਦੇ ਜੀਵ ਪੈਦਾ ਕੀਤੇ ਹਨ। "ਸਾਰੀ ਸ੍ਰਿਸ਼ਟੀ ਪ੍ਰਭੂ ਜੀ ਦੇ ਆਪਣੇ ਆਪ ਤੋਂ ਪ੍ਰਗਟ ਹੋਣ ਕਰਕੇ ਉਸ ਦਾ ਹੀ ਸਰੂਪ ਹੈ। ਯਾਨੀ ਕਿ ਇੱਕ ਨਿਯਮ ਤਹਿਤ ਹੀ ਸਾਰੀ ਸ੍ਰਿਸ਼ਟੀ ਹੋਂਦ ਵਿੱਚ ਆਈ ਹੈ।"[50] ਮਨੁੱਖ ਨੂੰ ਜਦ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਤਦ ਉਸ ਦੇ ਸਾਰੇ ਭੁਲੇਖੇ ਅਤੇ ਭਰਮ ਖਤਮ ਹੋ ਜਾਂਦੇ ਹਨ। ਉਸ ਵਿੱਚ ਹੋਰ ਜੀਵਾਂ ਪ੍ਰਤੀ ਪਿਆਰ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਪਰਾਇਆ ਭਾਵ ਖਤਮ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਮੰਗਲਾਚਰਣ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਅਕਾਲ ਪੁਰਖ ਵਾਹਿਗੁਰੂ ਹੀ ਸਭ-ਕੁੱਝ ਕਰਨ ਕਰਾਉਣ ਵਾਲਾ ਹੈ। ਉਸ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨ੍ਹਾਂ ਕੁੱਝ ਵੀ ਸੰਭਵ ਨਹੀਂ ਹੈ। ਭਾਵ ਇਸ ਸੰਸਾਰ ਵਿੱਚ ਜੋ ਵੀ ਹੁੰਦਾ ਹੈ ਉਹ ਉਸ ਮਾਲਕ ਦੀ ਰਜ਼ਾ ਨਾਲ ਹੀ ਹੁੰਦਾ ਹੈ। ਮਨੁੱਖ ਦੇ ਹੱਥ ਵੱਸ ਕੁੱਝ ਵੀ ਨਹੀਂ ਹੈ। ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਆ ਜਾਂਦੀ ਹੈ ਤਦ ਉਸ ਦੇ ਅੰਦਰੋਂ ਅਹੰਕਾਰ ਖਤਮ ਹੋ ਜਾਂਦਾ ਹੈ। ਉਸ ਨਿਰਭਓ ਤੇ ਨਿਰਵੈਰ ਪ੍ਰਭੂ ਨੂੰ ਸਿਮਰ ਕੇ ਮਨੁੱਖ ਵੀ ਨਿਰਭਓ ਤੇ ਨਿਰਵੈਰ ਹੋ ਜਾਂਦਾ ਹੈ।

ਨਾਮ ਸਿਮਰਨ ਨਾਲ਼ ਉਸ ਨੂੰ ਅਲੌਕਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਜਦੋਂ ਵਾਹਿਗੁਰੂ ਜੀ ਨੂੰ ਸਮਰਪਿਤ ਅਤੇ ਇਕਾਗਰਚਿਤ ਹੋ ਕੇ ਉਸਦੇ ਨਾਮ ਦਾ ਸਿਮਰਨ ਕਰਦਾ ਹੈ ਤਾਂ ਉਸ ਨੂੰ ਸਾਰੀ ਕਾਇਨਾਤ ਵਿੱਚ ਵਾਹਿਗੁਰੂ ਹੀ ਦਿਖਾਈ ਦਿੰਦਾ ਹੈ। ਇਸ ਨਾਲ ਮਨੁੱਖ ਵਿੱਚ ਸਹਿਜ ਸੁਭਾਅ ਹੀ ਸਦਾਚਾਰਕ ਗੁਣ ਆਉਣੇ ਸ਼ੁਰੂ ਹੋ ਜਾਦੇ ਹਨ। ਮਨੁੱਖ ਇਹ ਸੋਚਦਾ ਹੈ ਕਿ ਉਸ ਨੇ ਸੱਚ ਬੋਲਣਾ ਹੈ, ਕਿਸੇ ਦਾ ਬੁਰਾ ਨਹੀਂ ਕਰਨਾ, ਚੋਰੀ ਨਹੀਂ ਕਰਨੀ, ਦੂਸਰਿਆਂ ਦੀ ਮਦਦ ਕਰਨੀ ਹੈ, ਆਪਣਾ ਕੰਮ ਇਮਾਨਦਾਰੀ ਨਾਲ ਕਰਨਾ ਹੈ, ਰਿਸ਼ਵਤਖੋਰੀ ਨਹੀਂ ਕਰਨੀਂ ਅਤੇ ਨਾਂ ਹੀ ਕਿਸੇ ਨੂੰ ਧੋਖਾ ਦੇਣਾ ਆਦਿ। ਇਨ੍ਹਾਂ ਸਦਗੁਣਾਂ ਨਾਲ ਹੀ ਉਸ ਦੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ ਅਤੇ ਔਗੁਣਾਂ ਦਾ ਨਾਸ਼ ਹੁੰਦਾ ਹੈ। ਨਾਮ ਅਭਿਆਸ ਨਾਲ਼ ਮਨੁੱਖੀ ਆਚਰਣ ਵਿੱਚ ਬਹੁਤ ਵੱਡੀ ਤਬਦੀਲੀ ਆਉਂਦੀ ਹੈ। ਸਾਧਕ ਅੰਦਰੂਨੀ ਬਦਲਾਅ ਮਹਿਸੂਸ ਕਰਦਾ ਹੈ, ਇਸ ਦੇ ਨਾਲ਼ ਹੀ ਉਸ ਦੇ ਆਚਰਣ ਅਤੇ ਵਿਵਹਾਰ ਵਿੱਚ ਵੀ ਤਬਦੀਲੀ ਆਉਂਦੀ ਹੈ। ਪ੍ਰਭੂ ਦਾ ਨਾਮ

---

[50] ਪ੍ਰਿੰ. ਗੁਰਬਚਨ ਸਿੰਘ, ਅਕਾਲ ਪੁਰਖ ਦਾ ਸੰਕਲਪ, ਸਾਤਵਿਕ ਬੁੱਕਸ, ਅੰਮ੍ਰਿਤਸਰ, 2015, ਪੰਨਾ 64

ਮਨੁੱਖ ਦੇ ਅੰਦਰ ਨੂੰ ਸ਼ੁੱਧ ਕਰਦਾ ਹੋਇਆ ਉਸ ਨੂੰ ਅਜਿਹੀ ਤ੍ਰਿਪਤੀ ਦਿੰਦਾ ਹੈ ਜੋ ਕਿ ਮਨੁੱਖ ਨੂੰ ਬਾਹਰੀ ਤੌਰ ’ਤੇ ਕਿਤੇ ਵੀ ਪ੍ਰਾਪਤ ਨਹੀਂ ਹੋ ਸਕਦੀ। ਮਨੁੱਖ ਦੀ ਬਦਲੀ ਹੋਈ ਅੰਦਰਲੀ ਅਵਸਥਾ ਦਾ ਉਸ ਦੀ ਬਾਹਰੀ ਸ਼ਖ਼ਸੀਅਤ ’ਤੇ ਵੀ ਅਸਰ ਹੁੰਦਾ ਹੈ। “ਧਰਮ ਵਿੱਚ ਵਿਚਰਦੇ ਹੋਏ ਜੀਵਨ ਬਤੀਤ ਕਰਨਾ ਇੱਕ ਬਹੁਤ ਹੀ ਅੱਛੀ ਆਦਤ ਹੈ, ਪ੍ਰੰਤੂ ਧਰਮ ਉਸ ਇਨਸਾਨ ਵਾਸਤੇ ਅਤਿ ਫਲਦਾਇਕ ਹੋਵੇਗਾ, ਜੋ ਆਗਿਆਕਾਰੀ ਦੇ ਖੇਤਰ ਵਿੱਚ ਵਿਚਰਦਾ ਹੋਇਆ, ਦ੍ਰਿੜ ਵਿਸ਼ਵਾਸ ਅਤੇ ਅੰਤ੍ਰੀਵੀ ਸ਼ਰਧਾ ਦਾ ਧਾਰਨੀ ਹੋਵੇ। ਜਿਵੇਂ, ਜੋ ਆਗਿਆਕਾਰ ਹੈ ਉਹ ਵਿਸ਼ਵਾਸ ਰੱਖਦਾ ਹੈ ਇਸ ਦੇ ਪ੍ਰਤੀਕੂਲ, ਜੋ ਵਿਸ਼ਵਾਸ ਰੱਖਦਾ ਹੈ ਉਹੀ ਆਗਿਆਕਾਰ ਹੋ ਸਕਦਾ ਹੈ।”[51] ਸਿਮਰਨ ਕਰਨ ਨਾਲ਼ ਮਨੁੱਖ ਦੀ ਆਤਮਾ ਪਵਿੱਤਰ ਹੁੰਦੀ ਹੈ। ਉਸ ਅੰਦਰੋਂ ਪੰਜ ਵਿਕਾਰਾਂ ਦਾ ਖਾਤਮਾ ਹੋ ਜਾਂਦਾ ਹੈ। ਦੂਜਿਆ ਲਈ ਪੈਦਾ ਹੋਏ ਵੈਰ ਅਤੇ ਵਿਰੋਧ ਦੇ ਭਾਵ ਖਤਮ ਹੋ ਜਾਂਦੇ ਹਨ। ਉਸ ਦੀ ਸ਼ਖ਼ਸੀਅਤ ਵਿੱਚ ਸਦਗੁਣਾਂ ਦਾ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸ ਅੰਦਰ ਦੂਜਿਆਂ ਪ੍ਰਤੀ ਸਤਿਕਾਰ, ਪਿਆਰ, ਨਿਮਰਤਾ, ਸਦਭਾਵਨਾ, ਭਰਾਤਰੀਭਾਵ ਦਾ ਵਿਕਾਸ ਹੁੰਦਾ ਹੈ। ਉਸ ਦੇ ਸਾਰੇ ਸਰੀਰਕ ਦੁੱਖ ਅਤੇ ਆਤਮਿਕ ਕਲੇਸ਼ ਖਤਮ ਹੋ ਜਾਂਦੇ ਹਨ।

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥[52]

ਸਿਮਰਨ ਮਨੁੱਖ ਦੀਆਂ ਦੁਬਿਧਾਵਾਂ ਨੂੰ ਦੂਰ ਕਰਨ ਅਤੇ ਉਸ ਦੀ ਮਾਨਸਿਕ ਤ੍ਰਿਪਤੀ ਲਈ ਬਹੁਤ ਅਹਿਮੀਅਤ ਰੱਖਦਾ ਹੈ। ਮਨੁੱਖ ਦੀ ਮਾਨਸਿਕਤਾ ਅੰਦਰ ਚੱਲ ਰਹੇ ਵੱਖ-ਵੱਖ ਤਰ੍ਹਾਂ ਦੇ ਸੰਘਰਸ਼ ਦਾ ਖਾਤਮਾ ਸਿਮਰਨ ਨਾਲ਼ ਹੁੰਦਾ ਹੈ। ਉਹ ਇਕਾਗਰਚਿੱਤ ਹੋ ਕੇ ਆਪਣੇ ਜੀਵਨ ਨੂੰ ਸਾਕਾਰਾਤਮਕ ਰੂਪ ਨਾਲ਼ ਜਿਉਂਦਾ ਹੋਇਆ ਅਤੇ ਸੰਸਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਸਚਿਆਰ ਸ਼ਖ਼ਸੀਅਤ ਦਾ ਮਾਲਕ ਬਣਦਾ ਹੈ। “ਸਿਮਰਨ ਵਾਲਾ ਸਿੱਖ ਸੰਤ-ਪੁਰਸ਼ ਇਸ ਤਰ੍ਹਾਂ ਅਨੁਭਵ ਕਰਦਾ ਹੈ ਜਿਵੇਂ ਉਹ ਗੰਦ ਅਤੇ ਧੂੜ ਲਿਬੜੀਆਂ ਮਨੋਕਾਮਨਾਵਾਂ ਤੇ ਹਉਮੈਂ ਦੇ ਸਥੂਲ ਸੰਸਾਰ ਤੋਂ ਉੱਪਰ ਉੱਠ ਗਿਆ ਹੈ ਅਤੇ ਉਹ ਇੰਝ ਹੌਲ਼ਾ-ਫੁੱਲ ਪ੍ਰਤੀਤ

---

[51] ਸੰਤਾ ਸਿੰਘ ਤਾਤਲੇ, ਪ੍ਰਕਿਰਤੀ ਅਤੇ ਧਰਮ, ਸਾਲਟਨ ਰੋਡ, ਐਬਟਸਫੋਰਡ, ਬੀ.ਸੀ. (ਕੈਨੇਡਾ),2003, ਪੰਨਾ 17

[52] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 262

ਕਰਦਾ ਹੈ ਜਿਵੇਂ ਉਹ ਸਰੀਰ-ਰਹਿਤ ਹੋ ਗਿਆ ਹੋਵੇ। ਮਨ ਦੀ ਇਸ ਦਸ਼ਾ ਦੇ ਸਰੀਰਕ ਯਤਨ ਬੜੇ ਅਦਭੁਤ ਹੁੰਦੇ ਹਨ।"[53] ਧਰਮ ਸਾਨੂੰ ਚੰਗੇ ਲੋਕਾਂ ਦੀ ਸੰਗਤ ਵਿੱਚ ਨਾਮ ਸਿਮਰਨ ਕਰਨ ਦੀ ਪ੍ਰੇਰਨਾ ਦਿੰਦਾ ਹੈ। ਚੰਗੇ ਲੋਕਾਂ ਦੀ ਸੰਗਤ ਸਾਨੂੰ ਚੰਗਾ ਮਾਹੌਲ ਅਤੇ ਚੰਗੇ ਵਿਚਾਰ ਦਿੰਦੀ ਹੈ, ਜਿੱਥੇ ਮਨੁੱਖ ਅੰਦਰੋਂ ਮਾੜੇ ਵਿਚਾਰ ਆਪਣੇ-ਆਪ ਖਤਮ ਹੋ ਜਾਂਦੇ ਹਨ ਅਤੇ ਉਸ ਅੰਦਰ ਸੱਚ ਦਾ ਵਾਸ ਹੋ ਜਾਂਦਾ ਹੈ। "ਜਿਸ ਦੇ ਅਸੀਂ ਗੁਣ ਗਾਉਂਦੇ ਹਾਂ, ਉਸ ਦੇ ਉਹ ਗੁਣ ਸਾਡੇ ਅੰਦਰ ਵੀ ਆ ਜਾਂਦੇ ਹਨ। ਜਿਸ ਨੂੰ ਅਸੀਂ ਚੰਗਾ ਮੰਨੀਏ ਤੇ ਕਹੀਏ ਉਸ ਦੇ ਗੁਣ ਅਸੀਂ ਸੌਖ ਨਾਲ਼ ਹੀ ਸਿੱਖ ਲੈਂਦੇ ਹਾਂ। ਇਸੇ ਤਰ੍ਹਾਂ ਸਾਨੂੰ ਸਿੱਖਿਆ ਦਿੱਤੀ ਜਾਂਦੀ ਹੈ, ਜਿਸ ਨੂੰ ਪਿਆਰ ਕਰੋ ਉਹੋ ਜਿਹੇ ਬਣ ਜਾਈਦਾ ਹੈ। ਸੋ ਰੱਬ ਨੂੰ ਪਿਆਰ ਕਰਨ ਨਾਲ਼, ਉਸ ਦੇ ਗੁਣ ਗਾਉਣ ਨਾਲ਼ ਸਾਡੇ ਅੰਦਰ ਉਹ ਗੁਣ ਆ ਜਾਣਗੇ ਜੋ ਰੱਬ ਵਿੱਚ ਹਨ।"[54] ਆਦਰਸ਼ ਪ੍ਰਾਪਤੀ ਲਈ ਪ੍ਰਭੂ ਦਾ ਨਾਮ ਇੱਕ ਅਜਿਹਾ ਸਾਧਨ ਹੈ ਜਿਸ ਦੀ ਪ੍ਰਾਪਤੀ ਉਪਰੰਤ ਫਿਰ ਕਿਸੇ ਵੀ ਹੋਰ ਸਾਧਨ ਦੀ ਲੋੜ ਨਹੀਂ ਰਹਿੰਦੀ। ਨਾਮ ਅੰਦਰ ਹੀ ਭਗਤੀ, ਗਿਆਨ, ਕਰਮ ਅਤੇ ਯੋਗ ਮਾਰਗ ਆ ਜਾਂਦੇ ਹਨ। ਨਾਮ ਹੀ ਜੀਵਨ ਆਦਰਸ਼ ਦਾ ਆਧਾਰ ਅਤੇ ਅੰਤਿਮ ਲਕਸ਼ ਹੈ। ਸਾਰੇ ਉੱਦਮਾਂ ਵਿੱਚੋਂ ਭਲਾ ਉੱਦਮ ਨਾਮ ਜਪਣਾ ਹੈ ਜੋ ਮਨੁੱਖ ਨੂੰ ਉਸ ਦੇ ਅਸਲ ਨਾਲ਼ ਜੋੜਦਾ ਹੈ। ਜਦੋਂ ਮਨੁੱਖ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ ਤਾਂ ਉਸ ਦਾ ਮਨ ਟਿਕਾਓ ਵਿੱਚ ਆ ਜਾਂਦਾ ਹੈ ਉਸ ਦੀ ਭਟਕਣਾ ਖਤਮ ਹੋ ਜਾਂਦੀ ਹੈ। ਉਸ ਦੇ ਮਨ ਦੀ ਦੁਬਿਧਾ ਖਤਮ ਹੋ ਜਾਂਦੀ ਹੈ ਅਤੇ ਉਸ ਦੀ ਆਤਮਾ ਤ੍ਰਿਪਤ ਹੋ ਜਾਂਦੀ ਹੈ। ਉਸ ਦਾ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ ਅਤੇ ਉਸ ਦੀਆਂ ਸਾਰੀਆਂ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ।

ਸਿੱਖ ਧਰਮ ਅਨੁਸਾਰ ਨਾਮ ਮਨੁੱਖ ਨੂੰ ਚੰਗੇ ਅਤੇ ਮਾੜੇ ਦੋਹਾਂ ਤੱਤਾਂ ਦੀ ਪਛਾਣ ਕਰਾਉਂਦਾ ਰਹਿੰਦਾ ਹੈ ਅਤੇ ਸਾਧਕ ਨੂੰ ਚੰਗੇ ਪਾਸੇ ਵੱਲ ਜਾਣ ਲਈ ਪ੍ਰੇਰਿਤ ਕਰਦਾ ਰਹਿੰਦਾ ਹੈ। ਪ੍ਰਭੂ ਨਾਮ ਵਿੱਚ ਐਨੀ ਸ਼ਕਤੀ ਹੈ ਕਿ ਸਾਧਕ ਦਾ ਖਾਣਾ-ਪੀਣਾ, ਰਹਿਣਾ ਅਤੇ ਪਹਿਨਣਾ ਸਭ ਪਵਿੱਤਰ ਹੋ ਜਾਂਦਾ ਹੈ। ਪ੍ਰਭੂ ਦਾ ਨਾਮ

---

[53] ਪ੍ਰੋ. ਪੂਰਨ ਸਿੰਘ, ਕਿਰਪਾਲ ਸਿੰਘ ਕਸੇਲ, ( ਅਨੁ:) ਸਿੱਖੀ ਦੀ ਆਤਮਾ (ਭਾਗ-3), ਚਿੰਤਨ-ਧਾਰਾ, ਪੰਜਾਬੀ ਪਬਲੀਕੇਸ਼ਨ ਪਟਿਆਲ਼ਾ, 1996, ਪੰਨਾ 65

[54] ਐੱਸ.ਐੱਸ, ਅਮੋਲ, ਧਰਮਾਂ ਦੀ ਮੁੱਢਲੀ ਜਾਣਕਾਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 3

ਅਜਿਹਾ ਵਸਤਰ ਹੈ ਜਿਸ ਨਾਲ਼ ਮਨੁੱਖ ਦੇ ਸਾਰੇ ਪਰਦੇ ਢਕੇ ਜਾਂਦੇ ਹਨ। ਪ੍ਰਭੂ ਆਪ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ ਅਤੇ ਹਰ ਕਰਮ ਵਿੱਚ ਸਹਾਈ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿੱਚ ਇਹ ਦ੍ਰਿੜ ਕਰਵਾਇਆ ਹੈ ਕਿ ਅਕਾਲ-ਪੁਰਖ ਦਾ ਨਾਮ ਸਿਮਰਨਾ ਅਤੇ ਚੰਗੇ ਕਰਮਾਂ ਦੁਆਰਾ ਪਵਿੱਤਰ ਆਚਰਣ ਬਣਾਉਣਾ ਹੀ ਸਾਰੇ ਧਰਮਾਂ ਨਾਲੋਂ ਸ੍ਰੇਸ਼ਠ ਧਰਮ ਹੈ। ਨਾਮ ਸਿਮਰਨ ਨਾਲ਼ ਮਨੁੱਖ ਦੀ ਸੋਚ ਸਾਕਾਰਾਤਮਕ ਅਤੇ ਇੱਕ ਪ੍ਰਭੂ 'ਤੇ ਵਿਸ਼ਵਾਸ ਵਾਲ਼ੀ ਹੋ ਜਾਂਦੀ ਹੈ ਜਿਸ ਕਾਰਨ ਉਹ ਵਹਿਮ-ਭਰਮ, ਕਰਮ-ਕਾਂਢ, ਅਡੰਬਰ ਅਤੇ ਪਾਖੰਡਾਂ ਦਾ ਨਿਖੇਧ ਕਰਦਾ ਹੈ। ਨਾਮ ਕੇਵਲ ਮਨੁੱਖ ਨੂੰ ਆਤਮਿਕ ਤੌਰ 'ਤੇ ਹੀ ਪਵਿੱਤਰ ਅਤੇ ਤਕੜਾ ਨਹੀਂ ਕਰਦਾ ਬਲਕਿ ਇਸ ਦਾ ਸੰਬੰਧ ਮਨੁੱਖ ਦੇ ਸਰੀਰ ਅਤੇ ਆਤਮਾ ਦੋਹਾਂ ਨਾਲ ਹੈ। ਪਰਮਾਤਮਾ ਦੇ ਨਾਮ ਨੂੰ ਇਕਾਗਰਤਾ ਨਾਲ਼ ਧਿਆਉਣ ਨਾਲ਼ ਹੀ ਉਸ ਦਾ ਫਲ਼ ਪ੍ਰਾਪਤ ਹੋ ਸਕਦਾ ਹੈ। ਇਸ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਵੀ ਕਿਸਮ ਦੇ ਗਿਆਨ ਨੂੰ ਪ੍ਰਾਪਤ ਕਰਨ ਵਿੱਚ ਇਕਾਗਰਤਾ ਦਾ ਵੱਡਾ ਰੋਲ ਹੁੰਦਾ ਹੈ। ਇਕਾਗਰਤਾ ਨਾਲ਼ ਜਿੱਥੇ ਉਸ ਵਿਸ਼ੇ ਅਤੇ ਗਿਆਨ ਪ੍ਰਤੀ ਸਮਝ ਵਿਕਸਤ ਹੁੰਦੀ ਹੈ, ਉੱਥੇ ਉਸ ਦੇ ਨਤੀਜ਼ੇ ਵੀ ਸਾਕਾਰਾਤਮਕ ਮਿਲਦੇ ਹਨ।

ਜੇਕਰ ਮਨੁੱਖ ਇਕਾਗਰ ਮਨ ਨਾਲ਼ ਪ੍ਰਭੂ ਨੂੰ ਧਿਆਉਂਦਾ ਹੈ, ਤਾਂ ਉਸ ਵਿੱਚ ਉਸ ਪ੍ਰਭੂ ਦੇ ਗੁਣ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸ ਦਾ ਸੋਚਣ ਦਾ, ਕਰਮ ਕਰਨ ਦਾ, ਦੂਜਿਆਂ ਪ੍ਰਤੀ ਵਿਵਹਾਰ ਕਰਨ ਦਾ ਤਰੀਕਾ ਵੀ ਬਦਲ ਜਾਂਦਾ ਹੈ। ਸੰਸਾਰ ਦੇ ਸਾਰੇ ਗਿਆਨਾਂ ਦਾ ਮੁੱਖ ਸਰੋਤ ਪਰਮਾਤਮਾ ਹੈ ਮਨੁੱਖ ਨੇ ਆਪਣੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਲਈ ਪਰਮਾਤਮਾ ਨਾਲ਼ ਲਿਵ ਲਾਉਣੀ ਹੈ। ਨਾਮ ਤੋਂ ਬਿਨ੍ਹਾਂ ਕੀਤੇ ਹੋਏ ਸਾਰੇ ਕਰਮ ਕੇਵਲ ਸਰੀਰ ਤੱਕ ਹੀ ਸੀਮਤ ਹੋਣ ਕਾਰਨ ਉਸ ਦਾ ਸਾਥ ਨਹੀਂ ਦੇ ਸਕਦੇ। "ਜੇ ਮਨੁੱਖ ਨੇ ਪ੍ਰਭੂ ਦਾ ਨਾਮ ਸਿਮਰਨ ਨਹੀਂ ਕੀਤਾ ਤਾਂ ਸਭ ਮੰਦਰ ਵਿਅਰਥ ਹਨ। ਨਾਮ ਹੀ ਸੁੰਦਰ ਹੈ, ਨਾਮ ਹੀ ਰੂਪ ਹੈ, ਨਾਮ ਹੀ ਪ੍ਰਭੂ ਹੈ। ਇਸ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੈ। ਅਨੰਤ ਦੇ ਇਸ ਆਤਮਾ ਦੇ ਸੰਗੀਤ ਵਿੱਚ ਹੀ ਸਾਰੀ ਸੁਤੰਤਰਤਾ ਵਿਦਮਾਨ ਹੈ। ਗੁਰੂ ਜੀ ਅਨੁਸਾਰ ਤਾਂ ਸਾਰੀ ਸ੍ਰਿਸ਼ਟੀ ਤੇ ਸਾਰੇ ਬ੍ਰਹਿਮੰਡ ਵਿੱਚ ਉਹ ਗਾਇਕ ਆਪ ਵਿਆਪਕ ਹੈ ਜੋ ਹਰ ਜੀਵ ਦੇ ਹਿਰਦੇ ਦੀ ਧੜਕਣ ਨਾਲ ਗਾਇਨ ਕਰ ਰਿਹਾ ਹੈ। ਉਸ ਦੀ ਆਤਮਾ ਵਿੱਚ ਤਾਂ ਉਹ ਅਨੂਠੀਆਂ ਧੜਕਣਾਂ ਸੁਣਾਈ ਦਿੰਦੀਆਂ ਹਨ, ਜੋ ਸਭ ਨੂੰ ਪ੍ਰੇਮ ਕਰਨ ਵਾਲੇ ਅਨੁਭਵ ਦੇ

ਸੰਗੀਤ ਤੋਂ ਉਤਪੰਨ ਹੁੰਦੀਆਂ ਹਨ।"[55] ਨਾਮ ਸਿਮਰਨ ਨਾਲ ਜਿੱਥੇ ਸਾਧਕ ਪ੍ਰਭੂ ਨਾਲ ਇੱਕ-ਮਿੱਕ ਹੋ ਕੇ ਭਵ-ਸਾਗਰ ਨੂੰ ਤਰ ਜਾਂਦਾ ਹੈ ਉੱਥੇ ਉਹ ਆਪਣੀਆਂ ਕੁਲਾਂ ਨੂੰ ਵੀ ਤਾਰ ਜਾਂਦਾ ਹੈ। ਉਸ ਦੇ ਸੰਪਰਕ ਵਿੱਚ ਆਉਣ ਵਾਲ਼ੇ ਹੋਰ ਲੋਕ ਵੀ ਉਸ ਦੀ ਸੰਗਤ ਵਿੱਚ ਪੈ ਕੇ ਪ੍ਰਭੂ ਨਾਮ ਦਾ ਸਿਮਰਨ ਕਰਨ ਲਗਦੇ ਹਨ ਅਤੇ ਇਸ ਦੁਨੀਆਂ ਦੇ ਭਵ-ਸਾਗਰ ਤੋਂ ਪਾਰ ਹੋ ਜਾਂਦੇ ਹਨ। ਪ੍ਰਭੂ ਦੇ ਨਾਮ ਸਿਮਰਨ ਨਾਲ਼ ਕੇਵਲ ਇੱਕ ਵਿਅਕਤੀ ਨੂੰ ਲਾਭ ਨਹੀਂ ਮਿਲਦਾ ਬਲਕਿ ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ।

ਨਾਮ ਸਿਮਰਨ ਦੇ ਨਾਲ਼ ਹੀ ਧਰਮ ਮਨੁੱਖ ਨੂੰ ਸੇਵਾ ਕਰਨ ਲਈ ਪ੍ਰੇਰਦਾ ਹੈ। "ਨਾਮ ਸਿਮਰਨ ਅਤੇ ਸੰਗਤ ਦੀ ਤਰ੍ਹਾਂ ਸੇਵਾ ਵੀ ਇਸੇ ਲੜੀ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹੈ ਜਿਸ ਨਾਲ਼ ਸਾਧਕ ਆਪਣਾ ਜੀਵਨ-ਆਦਰਸ਼ ਪ੍ਰਾਪਤ ਕਰਨ ਦੇ ਸਮਰੱਥ ਹੁੰਦਾ ਹੈ। ਸੇਵਾ ਨਾਲ਼ ਜਿੱਥੇ ਹੱਥ-ਪੈਰ ਸਫਲ ਹੁੰਦੇ ਹਨ ਉੱਥੇ ਨਾਲ਼ ਹੀ ਮਨ ਵੀ ਪਵਿੱਤਰ ਹੁੰਦਾ ਹੈ।"[56] ਸਿੱਖ ਧਰਮ ਦੇ ਦੋ ਬੁਨਿਆਦੀ ਅਸੂਲ ਮੰਨੇ ਗਏ ਹਨ, ਨਾਮ ਸਿਮਰਨ ਅਤੇ ਸੇਵਾ। ਇਹ ਸਿੱਖੀ ਦੇ ਦੋ ਥੰਮ੍ਹ ਹਨ ਜਿਨ੍ਹਾਂ 'ਤੇ ਸਿੱਖ ਧਰਮ ਚਿੰਤਨ ਦੀ ਉਸਾਰੀ ਹੋਈ ਹੈ। ਜਿਸ ਵਿਅਕਤੀ ਦੇ ਹਿਰਦੇ ਵਿੱਚ ਅਕਾਲ ਪੁਰਖ ਦੇ ਨਾਮ ਦਾ ਨਿਵਾਸ ਹੋ ਜਾਂਦਾ ਹੈ, ਉਸ ਦੀ ਇਸ ਅਵਸਥਾ ਦਾ ਪ੍ਰਗਟਾਵਾ ਉਸ ਦੁਆਰਾ ਕੀਤੇ ਕਰਮਾਂ ਰਾਹੀਂ ਹੁੰਦਾ ਹੈ। ਉਹ ਸ਼ੁਭ ਕਰਮਾਂ ਦੁਆਰਾ ਮਨੁੱਖ ਮਾਤਰ ਦੀ ਸੇਵਾ ਵਿੱਚ ਜੁੱਟ ਜਾਂਦਾ ਹੈ। ਜਿਵੇਂ ਮਨੁੱਖ ਆਪਣੇ ਦੁਨਿਆਵੀ ਕਰਮਾਂ ਨੂੰ ਜ਼ਿੰਮੇਵਾਰੀ ਸਮਝ ਕੇ ਕਰਦਾ ਹੈ, ਉਸ ਤਰ੍ਹਾਂ ਹੀ ਸੇਵਾ ਨੂੰ ਵੀ ਮਨੁੱਖ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾ ਲੈਂਦਾ ਹੈ। ਸਿੱਖ ਧਰਮ ਵਿੱਚ ਸੇਵਾ ਨੂੰ ਅਮਲੀ ਰੂਪ ਵਿੱਚ ਗੁਰੂ ਸਾਹਿਬਾਨ ਦੁਆਰਾ ਆਪਣੇ ਜੀਵਨ ਦਾ ਹਿੱਸਾ ਬਣਾਇਆ ਗਿਆ। "ਗੁਰੂ ਅਮਰਦਾਸ ਦਾ ਆਪਣਾ ਜੀਵਨ, ਜਿਸ ਵਿੱਚ ਸਿਮਰਨ ਤੇ ਸੇਵਾ ਦਾ ਆਦਰਸ਼ ਮਿਸ਼ਰਨ ਪ੍ਰਾਪਤ ਸੀ, ਇਨ੍ਹਾਂ ਦੋਹਾਂ ਪੱਖਾਂ ਦੀ ਸਾਰਥਕਤਾ ਦਾ ਸਾਖੀ ਹੈ। ਸਿਮਰਨ ਦਾ ਪੱਖ ਵਿਸਮਾਦ-ਪ੍ਰਾਪਤੀ ਦਾ ਵਿਅਕਤੀਗਤ ਤੇ ਅਧਿਆਤਮਿਕ ਪੱਖ ਹੈ, ਸੇਵਾ ਦਾ ਪੱਖ ਮਨੁੱਖੀ ਜੀਵਨ ਨੂੰ ਸੁਖਾਵਾਂ ਤੇ ਸਹਿਜਪੂਰਨ ਬਣਾਉਣ ਦਾ ਸਮਾਜਿਕ

---

[55] ਪ੍ਰੋ. ਪੂਰਨ ਸਿੰਘ, ਕਿਰਪਾਲ ਸਿੰਘ ਕਸੇਲ, (ਅਨੁ:) ਸਿੱਖੀ ਦੀ ਆਤਮਾ (ਭਾਗ-3) ਚਿੰਤਨ ਧਾਰਾ, ਪੰਜਾਬੀ ਪਬਲੀਕੇਸ਼ਨਜ਼, ਪਟਿਆਲ਼ਾ, 1996, ਪੰਨਾ 15

[56] ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1995, ਪੰਨਾ 116-117

ਤੇ ਨੈਤਿਕ ਪੱਖ ਹੈ।"[57] ਸੇਵਾ ਵੀ ਇੱਕ ਸਾਧਨਾ ਹੈ ਜੋ ਮਨੁੱਖ ਦੀ ਉਸ ਦੇ ਮਕਸਦ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੀ ਹੈ ਅਤੇ ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਦੀ ਹੈ। ਸੇਵਾ ਮਨੁੱਖ ਵਿੱਚ ਫ਼ਰਜ਼, ਪਿਆਰ, ਤਰਸ, ਨਿਮਰਤਾ, ਪਰਉਪਕਾਰ, ਸਹਿਣਸ਼ੀਲਤਾ ਅਤੇ ਸਮਰਪਣ ਪੈਦਾ ਕਰਦੀ ਹੈ।

ਸੇਵਾ ਕਰਨ ਦਾ ਸੁਭਾਗ ਹਰੇਕ ਪ੍ਰਾਣੀ ਨੂੰ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਇਹ ਇੰਨੀ ਆਸਾਨ ਹੈ ਕਿਉਂਕਿ ਹਰੇਕ ਮਨੁੱਖ ਸਿਰਫ ਨਿੱਜ ਦੀ ਭਲਾਈ ਨੂੰ ਸਾਹਮਣੇ ਰੱਖ ਕੇ ਹੀ ਸਾਰੇ ਕਾਰਜ ਕਰਦਾ ਹੈ ਜਿਸ ਨਾਲ਼ ਉਸ ਵਿੱਚ ਹਉਮੈਂ ਦੀ ਭਾਵਨਾ ਮੌਜੂਦ ਰਹਿੰਦੀ ਹੈ। ਹਉਮੈਂ ਅਗਿਆਨਤਾ ਨੂੰ ਪੈਦਾ ਕਰਦੀ ਹੈ। ਮਨੁੱਖ ਨੂੰ ਚੰਗੇ ਅਤੇ ਬੁਰੇ ਕਰਮ ਵਿੱਚ ਫਰਕ ਦਿਖਾਈ ਨਹੀਂ ਦਿੰਦਾ। "ਹਉਮੈਂ ਦੀ ਅਵਸਥਾ ਵਿੱਚ ਮਨੁੱਖ ਨੇ ਆਪਣੇ ਆਪ ਲਈ ਜਿਉਣਾ ਹੁੰਦਾ ਹੈ, ਸੇਵਾ ਵਿੱਚ ਹੋਰਨਾਂ ਲਈ ਜੀਵਿਆ ਜਾਂਦਾ ਹੈ।"[58] ਜਦਕਿ ਸੇਵਾ ਕਰਨ ਵਾਲਾ ਸੇਵਕ ਪਰਮਾਤਮਾ ਦੀ ਹੋਂਦ ਵਿੱਚ ਅਟੁੱਟ ਵਿਸ਼ਵਾਸ, ਸ਼ਰਧਾ, ਸਬਰ-ਸੰਤੋਖ, ਰੱਖਦਾ ਹੈ। ਸਿੱਖ ਧਰਮ ਜਾਤ-ਪਾਤ, ਊਚ-ਨੀਚ ਦੀ ਭਾਵਨਾ ਤੋਂ ਉੱਪਰ ਉੱਠ ਕੇ ਮਾਨਵਤਾ ਦੀ ਸੇਵਾ ਕਰਨ ਦਾ ਸੰਦੇਸ਼ ਦਿੰਦਾ ਹੈ ਜਿਸ ਨਾਲ਼ ਸਮਾਜਿਕ ਬਰਾਬਰੀ, ਸਮਾਨਤਾ, ਭਾਈਚਾਰਕ ਸਾਂਝ ਪੈਦਾ ਹੁੰਦੀ ਹੈ। "ਸੇਵਾ ਕਰਨ ਨਾਲ਼ ਮਨ ਵਿੱਚ ਹਲੀਮੀ ਅਤੇ ਗਰੀਬੀ ਆਉਂਦੀ ਹੈ ਅਤੇ ਮਨ ਨਿਰਮਲ ਹੋ ਕੇ ਨਾਮ ਨਾਲ ਜੁੜਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸ਼ਰਧਾ ਭਾਵ ਨਾਲ ਕੀਤੀ ਸੇਵਾ ਹੀ ਪ੍ਰਭੂ ਦਰ 'ਤੇ ਪਰਵਾਨ ਹੁੰਦੀ ਹੈ। ਇਸ ਤਰ੍ਹਾਂ ਦੀ ਨਿਰਮਾਣ ਸੇਵਾ ਕਰਨ ਨਾਲ ਜੀਵ ਨੂੰ ਮਨ ਬਾਂਛਤ ਫਲ਼ ਦੀ ਪ੍ਰਾਪਤੀ ਹੁੰਦੀ ਹੈ।"[59] ਸੇਵਾ ਕਰਨ ਵਾਲ਼ਾ ਮਨੁੱਖ ਪਰਮਾਤਮਾ ਨੂੰ ਕਣ-ਕਣ ਵਿੱਚ ਮਹਿਸੂਸ ਕਰਦਾ ਹੈ ਅਤੇ ਉਹ ਪਰਮਾਤਮਾ ਦੁਆਰਾ ਪੈਦਾ ਕੀਤੇ ਸਾਰੇ ਜੀਵਾਂ ਦੀ ਸੇਵਾ ਕਰਨੀ ਆਪਣਾ ਧਰਮ ਸਮਝਦਾ ਹੈ। ਉਸ ਪ੍ਰਭੂ ਦੀ ਪ੍ਰਾਪਤੀ ਲਈ ਸੇਵਾ ਦਾ ਮਾਰਗ ਅਪਣਾਉਂਦਾ ਹੈ।

---

[57] ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਖੋਜ ਪੱਤ੍ਰਿਕਾ, ਗੁਰੂ ਅਮਰਦਾਸ ਵਿਸ਼ੇਸ਼ ਅੰਕ, ਸਤੰਬਰ, 1979 ਅੰਕ-14, 2005, ਪੰਨਾ 73-74

[58] ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਧਨਾ ਦਾ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2012, ਪੰਨਾ 110

[59] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2009, ਪੰਨਾ 138

ਸਿੱਖ ਧਰਮ ਮਨੁੱਖ ਨੂੰ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਨ ਦੀ ਪ੍ਰੇਰਨਾ ਦਿੰਦਾ ਹੈ ਜਿਸ ਨਾਲ਼ ਮਨੁੱਖੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ। ਦਿਖਾਵੇ ਲਈ ਜਾਂ ਹੋਰਾਂ ਨੂੰ ਦਿਖਾਉਣ ਲਈ ਕੀਤੀ ਗਈ ਸੇਵਾ ਦਾ ਮਨੁੱਖ ਨੂੰ ਕੋਈ ਲਾਭ ਨਹੀਂ ਹੁੰਦਾ ਬਲਕਿ ਅਜਿਹੀ ਸੇਵਾ ਤਾਂ ਦੰਭੀ ਅਤੇ ਪਖੰਡੀ ਲੋਕ ਕਰਦੇ ਹਨ। ਸਿੱਖ ਧਰਮ ਦਿਖਾਵੇ ਨੂੰ ਨਕਾਰਦਾ ਹੈ, ਸ਼ਰਧਾ ਅਤੇ ਸਮਰਪਣ ਦੀ ਭਾਵਨਾ ਨਾਲ ਸੇਵਾ ਕਰਨ ਲਈ ਮਨੁੱਖ ਨੂੰ ਪ੍ਰੇਰਿਤ ਕਰਦਾ ਹੈ। ਗੁਰਮਤਿ ਅਨੁਸਾਰ ਆਪਣੀ ਹਉਮੈਂ ਦਾ ਤਿਆਗ ਕਰਕੇ ਸਰਬੱਤ ਦੇ ਭਲੇ ਲਈ ਕੀਤੀ ਗਈ ਸੇਵਾ ਦਰਗਾਹ ਵਿੱਚ ਪਰਵਾਨ ਹੁੰਦੀ ਹੈ। ਜਿਸ ਦੌਰਾਨ ਸੇਵਕ ਨੂੰ ਆਪਣਾ ਆਪਾ ਵਿਸਰ ਜਾਂਦਾ ਹੈ, ਉਸ ਵਿੱਚ ਸਿਰਫ ਸੇਵਾ ਦੀ ਹੀ ਲਗਨ ਹੁੰਦੀ ਹੈ ਜਿਸ ਦੇ ਕਰਨ ਨਾਲ਼ ਜਿੱਥੇ ਸੇਵਕ ਨੂੰ ਅਲੌਕਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉੱਥੇ ਉਸ ਨੂੰ ਆਤਮਿਕ ਸੰਤੁਸ਼ਟੀ ਵੀ ਮਿਲਦੀ ਹੈ। ਸੇਵਕ ਵਿੱਚ ਨਿਮਰਤਾ, ਸਹਿਜਤਾ, ਸਬਰ-ਸੰਤੋਖ, ਸੰਜਮ, ਸਦਾਚਾਰ ਅਤੇ ਤਿਆਗ ਦੀ ਭਾਵਨਾ ਦਾ ਹੋਣਾ ਜ਼ਰੂਰੀ ਹੈ। "ਸੇਵਾ ਹੀ ਇੱਕ ਸਾਧਨਾ, ਸ਼ਕਤੀ ਹੈ ਜੋ ਖਾਲਕ ਅਤੇ ਖਲਕਤ ਦੀ ਦੂਰੀ ਨੂੰ ਮਿਟਾ ਕੇ ਇੱਕ ਤਲ ਤੇ ਲੈ ਆਉਂਦੀ ਹੈ। ਸੇਵਾ ਸਫ਼ਲ ਉਹ ਹੈ ਜਿਸ ਵਿੱਚ ਸੇਵਕ ਦਿਖਾਈ ਨਾ ਦੇਵੇ। ਸੇਵਾ 'ਚੋਂ ਨਿੱਜਤਵ ਤੇ ਹੰਕਾਰ ਮਨਫ਼ੀ ਹੈ। ਆਪਣੀ ਹੋਂਦ-ਹਸਤੀ ਤੇ ਪਹਿਚਾਣ ਨੂੰ ਮਿਟਾ ਕੇ ਕੀਤੀ ਸੇਵਾ ਸਫ਼ਲ ਤੇ ਸੰਪੂਰਨ ਹੁੰਦੀ ਹੈ।"[60] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਇਸ ਦੁਨੀਆਂ ਵਿੱਚ ਮਾਨਵਤਾ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ ਹੈ। ਅਜਿਹੇ ਸੇਵਕ ਨੂੰ ਦੁਨੀਆਂ ਵਿੱਚ ਵੀ ਮਾਣ-ਸਤਿਕਾਰ ਮਿਲਦਾ ਹੈ। "ਮਨੁੱਖੀ ਸੇਵਾ ਦਾ ਉਜਲਾ ਨਮੂਨਾ ਭਾਈ ਕਨੑਈਆ ਦੇ ਚਰਿਤ੍ਰ ਵਿੱਚ ਵੇਖਿਆ ਜਾ ਸਕਦਾ ਹੈ ਜਿਸ ਨੂੰ ਯੁੱਧ-ਭੂਮੀ ਵਿੱਚ ਵੈਰੀ ਦਲ ਦੇ ਘਾਇਲਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ ਅਤੇ ਉਹ ਨਿਰਸੰਕੋਚ ਭਾਵ ਨਾਲ਼ ਉਨ੍ਹਾਂ ਨੂੰ ਜਲ ਪਿਲਾਉਂਦਾ ਸੀ ਅਤੇ ਮਰ੍ਹਮ-ਪੱਟੀ ਵੀ ਕਰਦਾ ਸੀ। ਇਹ ਸੇਵਾ ਬਿਰਤੀ ਸਿੱਖ ਧਰਮ ਵਿੱਚ ਇਤਨੀ ਵਿਕਸਤ ਹੋਈ ਕਿ ਇੱਕ ਸੇਵਾ-ਪੰਥੀ ਸੰਪ੍ਰਦਾਇ ਹੀ ਹੋਂਦ ਵਿੱਚ ਆ ਗਿਆ, ਜਿਸ ਵਿੱਚ ਸੇਵਾ ਸਿਰੜ ਵਜੋਂ ਨਿਭਾਈ ਜਾਂਦੀ ਹੈ।"[61] ਜਿੱਥੇ ਸੇਵਕ ਆਪਣੇ ਇਸ ਜਨਮ ਨੂੰ ਸੰਵਾਰਦਾ ਹੈ ਉੱਥੇ ਉਸ ਦਾ ਅੱਗਾ ਵੀ ਸੰਵਰਦਾ ਹੈ। ਉਸ ਦੀ ਸੇਵਾ ਵਾਹਿਗੁਰੂ ਜੀ ਦੇ ਦਰਬਾਰ ਵਿੱਚ ਵੀ ਸਫਲ ਹੋ ਜਾਂਦੀ ਹੈ।

---

[60] ਰੂਪ ਸਿੰਘ, ਸਿੱਖ ਸਰੋਕਾਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2012, ਪੰਨਾ 12

[61] ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਧਨਾ ਦਾ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2012, ਪੰਨਾ 112

ਵਿਚਿ ਦੁਨੀਆ ਸੇਵ ਕਮਾਈਐ ॥

ਤਾ ਦਰਗਹ ਬੈਸਣੁ ਪਾਈਐ ॥[62]

ਜਦੋਂ ਮਨੁੱਖ ਸੇਵਾ ਭਾਵਨਾ ਵਿੱਚ ਇਸ ਹੱਦ ਤੱਕ ਪਹੁੰਚ ਜਾਂਦਾ ਹੈ ਤਦ ਉਸ ਵਿਚ ਅਤੇ ਗੁਰੂ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ। ਅਜਿਹਾ ਸਾਧਕ ਉਸ ਪ੍ਰਭੂ ਨਾਲ ਇੱਕਮਿਕਤਾ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਸੇਵਾ ਕਰਤ ਹੋਇ ਨਿਹਕਾਮੀ॥

ਤਿਸੁ ਕਉ ਹੋਤਿ ਪਰਾਪਤਿ ਸੁਆਮੀ॥[63]

ਸਿੱਖ ਧਰਮ ਅਨੁਸਾਰ ਸੇਵਾ ਅਤੇ ਸਿਮਰਨ ਨਾਲ ਮਨੁੱਖੀ ਸ਼ਖ਼ਸੀਅਤ ਆਪਣੇ ਅਸਲ ਨੂੰ ਪ੍ਰਾਪਤ ਕਰਦੀ ਹੈ, ਭਾਵ ਅੰਸ਼ ਆਪਣੇ ਪਰਮਅੰਸ਼ ਵਿੱਚ ਸਮਾ ਜਾਂਦਾ ਹੈ। ਸਾਧਕ ਮਾਨਸਿਕ ਅਤੇ ਸਰੀਰਕ ਤੌਰ 'ਤੇ ਪਵਿੱਤਰ ਹੋ ਜਾਂਦਾ ਹੈ। ਉਸ ਦੀ ਆਪਣੇ ਮਾਲਕ ਨਾਲ ਅਜਿਹੀ ਲਿਵ ਲਗਦੀ ਹੈ ਕਿ ਮਾਲਕ ਪ੍ਰਭੂ ਉਸ ਨੂੰ ਸ੍ਰਿਸ਼ਟੀ ਦੇ ਕਣ-ਕਣ ਵਿੱਚ ਦਿਖਾਈ ਦਿੰਦਾ ਹੈ। ਉਸ ਨੂੰ ਪ੍ਰਭੂ ਦੁਆਰਾ ਸਿਰਜੀ ਸਾਰੀ ਕਾਇਨਾਤ ਚੰਗੀ ਲਗਦੀ ਹੈ। ਉਸ ਵਿੱਚ ਕੁਦਰਤ ਦੇ ਜੀਵਾਂ ਪ੍ਰਤੀ ਪਿਆਰ ਦੀ ਭਾਵਨਾ ਪੈਦਾ ਹੁੰਦੀ ਹੈ। ਉਹ ਆਪਣੇ ਅਸਲੀ ਮਕਸਦ ਨੂੰ ਪ੍ਰਾਪਤ ਕਰ ਲੈਂਦਾ ਹੈ। "ਇਉਂ ਸਾਡੇ ਕੰਮ, ਜੋ ਸਾਨੂੰ ਪਰਮਾਤਮਾ ਵਰਗਾ ਬਣਨ ਲਈ ਪ੍ਰੇਰਨ, ਉਹ ਧਰਮ ਹਨ, ਜਿਵੇਂ ਸੱਚ ਬੋਲਣਾ, ਸੇਵਾ ਕਰਨੀ, ਵੰਡ ਕੇ ਖਾਣਾ, ਪਾਠ ਪੂਜਾ ਕਰਨੀ, ਧਰਮ ਅਸਥਾਨਾਂ ਤੇ ਜਾਣਾ, ਰੱਬ ਦਾ ਧੰਨਵਾਦ ਕਰਨਾ ਅਤੇ ਭਲੇ ਬੰਦਿਆਂ ਦੀ ਸੰਗਤ ਕਰਨੀ।"[64] ਸਿਮਰਨ ਅਤੇ ਸੇਵਾ ਦੋਵੇਂ ਹੀ ਮਨੁੱਖ ਦੀ ਉਸ ਦੇ ਮਕਸਦ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦੇ ਹਨ। "ਧਾਰਮਿਕ ਮੰਡਲ ਦੀ ਇਹ ਇੱਕ ਪ੍ਰਮਾਣਿਤ ਸਚਾਈ ਹੈ ਕਿ ਨਾਮ ਸਿਮਰਨ ਨਾਲ ਸਾਡਾ ਆਪਾ ਨਿਰੰਕਾਰ ਨਾਲ ਜੁੜਦਾ ਹੈ ਅਤੇ ਸੇਵਾ ਦੁਆਰਾ ਸੰਸਾਰ ਨਾਲ ਸੁਹਾਵਣਾ ਜੋੜ-ਮੇਲ ਬਣਦਾ ਹੈ। ਇਹ ਦੋਵੇਂ ਜੀਵਨ ਦੀ ਸਾਰਥਿਕਤਾ ਲਈ ਜ਼ਰੂਰੀ ਹਨ ਤੇ ਦੋਹਾਂ ਦਾ ਸੁਮੇਲ ਅਤਿਅੰਤ ਲੋੜੀਂਦਾ ਹੈ।"[65] ਅਧਿਆਤਮਿਕ ਸਾਧਨਾ ਦੇ ਖੇਤਰ ਵਿੱਚ ਮਨੁੱਖ ਜਿਹੜੀ

---

[62] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 26

[63] ਉਹੀ, ਪੰਨਾ 286

[64] ਐੱਸ.ਐੱਸ. ਅਮੋਲ, ਧਰਮਾਂ ਦੀ ਮੁੱਢਲੀ ਜਾਣਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1985, ਪੰਨਾ 5

[65] ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨਾ 98

ਆਤਮਿਕ ਉੱਨਤੀ ਕਰਦਾ ਹੈ ਉਹ ਇੱਕ ਨੀਵੀਂ ਅਵਸਥਾ ਤੋਂ ਉਚੇਰੀ ਅਵਸਥਾ ਦੀ ਪ੍ਰਾਪਤੀ ਹੈ। ਜਿਵੇਂ-ਜਿਵੇਂ ਸਾਧਕ ਦ੍ਰਿੜਤਾ ਨਾਲ਼ ਵਿਕਾਸ ਕਰਦਾ ਹੈ, ਉਸਦੀ ਚੇਤਨਾ ਵੀ ਵਿਕਸਤ ਹੁੰਦੀ ਹੈ। ਅੰਤ ਵਿੱਚ ਸਭ ਤੋਂ ਉੱਚੀ ਅਵਸਥਾ 'ਤੇ ਪਹੁੰਚ ਕੇ ਮਨੁੱਖ ਸੰਪੂਰਣ ਹੋ ਕੇ ਪਰਮ ਸੰਪੂਰਣ ਨਾਲ਼ ਇੱਕ-ਮਿੱਕ ਹੋ ਜਾਂਦਾ ਹੈ। ਸੋ ਧਰਮ ਦਾ ਉਦੇਸ਼ ਮਨੁੱਖ ਨੂੰ ਉਸ ਪਰਮ ਹਕੀਕਤ ਨਾਲ਼ ਅਭੇਦ ਕਰਨਾ ਹੈ।

"'ਧਰਮ' ਉਹ ਵਸਤੂ ਹੈ, ਜੋ ਆਤਮਾ ਨੂੰ ਸਹਿਜ ਅਵਸਥਾ ਵਿੱਚ ਪਹੁੰਚਾਉਂਦੀ ਹੈ। ਅਰਥਾਤ ਜਿਸ ਕਰਕੇ ਜੀਵ ਭ੍ਰਾਂਤੀ ਵਿੱਚੋਂ ਨਿੱਕਲ ਕੇ ਆਪਣੇ ਅਸਲ ਸਰੂਪ ਨੂੰ ਪਹਿਚਾਣਦਾ ਹੈ। ਫਿਰ ਆਪਣੇ ਸਿਰਜਣਹਾਰ ਨੂੰ ਪਹਿਚਾਣਦਾ ਹੈ। ਔਰ ਉਸ ਵਿੱਚ ਪ੍ਰੇਮ ਦੁਆਰਾ ਲਿਵਲੀਨ ਹੋ ਕੇ ਪਰਮਾਨੰਦ ਅਵਸਥਾ, ਜਿਸ ਨੂੰ ਸਹਿਜ ਪਦ ਕਹਿੰਦੇ ਹਨ, ਮਾਣਦਾ ਹੈ। ਇਸ ਦਸ਼ਾ ਤੱਕ ਅਪੜਾਉਣ ਵਾਲੇ ਦਾ ਨਾਮ ਧਰਮ ਹੈ।"[66] ਸਿੱਖ ਧਰਮ ਜਿੱਥੇ ਮਨੁੱਖ ਨੂੰ ਅਧਿਆਤਮਿਕ ਉੱਨਤੀ ਲਈ ਗੁਰੂ ਦੀ ਸ਼ਰਣ ਵਿੱਚ ਜਾਣ ਲਈ ਮਾਰਗ ਦਰਸ਼ਨ ਕਰਦਾ ਹੈ। ਉੱਥੇ ਮਨੁੱਖ ਨੂੰ ਸੰਸਾਰ ਤਿਆਗਣ ਤੋਂ ਵਰਜਕੇ ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਸਿੱਖ ਧਰਮ ਅਜਿਹਾ ਮਾਰਗ ਦਿਖਾਉਂਦਾ ਹੈ ਜਿਸ 'ਤੇ ਚੱਲ ਕੇ ਜਗਿਆਸੂ ਨੇ ਇਸ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਪ੍ਰਭੂ ਪਰਮਾਤਮਾ ਨਾਲ਼ ਅਭੇਦਤਾ ਪ੍ਰਾਪਤ ਕਰਨੀ ਹੈ। ਸਿੱਖ ਧਰਮ ਚਿੰਤਨ ਨੇ ਮਨੁੱਖ ਸਾਹਮਣੇ ਜੋ ਅਦਰਸ਼ ਰੱਖਿਆ ਹੈ। ਉਹ 'ਸਚਿਆਰ' ਪਦ ਦੀ ਪ੍ਰਾਪਤੀ ਹੈ। ਸਚਿਆਰ ਪਦ ਉਸ ਪਰਮਸਤਿ ਦਾ ਅਨੁਭਵ ਹੈ ਜਿਸ ਨੂੰ ਗੁਰਬਾਣੀ ਵਿੱਚ ਬ੍ਰਹਮ ਗਿਆਨੀ ਜਾਂ ਗੁਰਮੁਖ ਵੀ ਕਿਹਾ ਜਾਂਦਾ ਹੈ। ਇਸ ਸਤਿ ਦੇ ਅਨੁਭਵ ਦਾ ਮਨੁੱਖ ਦੇ ਅਮਲੀ ਜੀਵਨ ਵਿੱਚ ਪ੍ਰਗਟ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬਾਨ ਨੇ ਸਿੱਖੀ ਦੇ ਸਿਧਾਂਤਾਂ ਨੂੰ ਪ੍ਰੈਕਟੀਕਲ ਜ਼ਿੰਦਗੀ ਵਿੱਚ ਲਾਗੂ ਕਰਨ ਦਾ ਉਪਦੇਸ਼ ਮਨੁੱਖਤਾ ਨੂੰ ਦਿੱਤਾ ਹੈ। ਇਹ ਸਪੱਸ਼ਟ ਹੋ ਜਾਂਦਾ ਹੈ ਕਿ ਧਰਮ ਮਨੁੱਖ ਨੂੰ ਜੀਵਨ ਮਕਸਦ ਦੀ ਪ੍ਰਾਪਤੀ ਲਈ ਪ੍ਰੇਰਨਾ ਦਿੰਦਾ ਹੈ। ਉਸਨੂੰ ਵਿਵਹਾਰਿਕ ਰੂਪ ਵਿੱਚ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ 'ਧਰਮ' ਦਾ ਦਇਆ ਅਤੇ ਸੰਤੋਖ ਨਾਲ਼ ਸੰਬੰਧ ਸਥਾਪਿਤ ਕੀਤਾ ਹੈ ਜੋ ਕਿ ਸਦਾਚਾਰ ਦੇ ਗੁਣ ਹਨ ਜਿਸ ਦੇ ਆਧਾਰ 'ਤੇ ਧਰਮ ਨੂੰ ਅਜਿਹਾ ਨਿਯਮ

---

[66] ਭਾਈ ਵੀਰ ਸਿੰਘ, ਅਮਰ ਲੇਖ, ਖਾਲਸਾ ਸਮਾਚਾਰ, ਅੰਮ੍ਰਿਤਸਰ, 1967, ਪੰਨਾ 139

ਮੰਨਿਆ ਗਿਆ ਹੈ ਜੋ ਇਸ ਸੰਸਾਰਕ ਪ੍ਰਬੰਧ ਨੂੰ ਕਾਇਮ ਰੱਖ ਰਿਹਾ ਹੈ। ਜਿਸ ਨਾਲ਼ ਮਨੁੱਖੀ ਸਮਾਜ ਵਿੱਚ ਸੰਤੁਲਨ ਬਣਿਆ ਹੋਇਆ ਹੈ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਧਰਮ ਨਾ ਹੋਵੇ ਤਾਂ ਸਮਾਜ ਵਿੱਚ ਸੰਤੁਲਨ ਰੱਖਣਾ ਬਹੁਤ ਔਖਾ ਹੈ। "ਸ਼ਾਇਦ ਹੀ ਮਨੁੱਖੀ ਜ਼ਿੰਦਗੀ ਦਾ ਕੋਈ ਸਮਾਂ ਅਜਿਹਾ ਹੋਵੇ ਜਦੋਂ ਕਿ ਧਰਮ ਮਨੁੱਖ ਨੂੰ ਪ੍ਰਭਾਵਿਤ ਨਾ ਕਰਦਾ ਹੋਵੇ। ਜੇਕਰ ਮਨੁੱਖੀ ਜੀਵਨ ਨੂੰ ਧਰਮ-ਨਿਰਧਾਰਿਤ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।"[67] ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਦਇਆ ਦਾ ਪੁੱਤਰ ਆਖਿਆ ਹੈ।

ਧੌਲੁ ਧਰਮੁ ਦਇਆ ਕਾ ਪੂਤੁ, ਸੰਤੋਖੁ ਥਾਪਿ ਰਖਿਆ ਜਿਨਿ ਸੂਤੁ॥[68]

ਧਰਮ ਅਤੇ ਦਇਆ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ। ਕਿਉਂਕਿ ਲੋਕਾਂ ਦੁਆਰਾ ਧਰਮ ਦਾ ਪਾਲਣ ਹੁੰਦਾ ਹੈ ਜਦੋਂ ਉਨ੍ਹਾਂ ਦੇ ਦਿਲ ਵਿੱਚ ਦਇਆ ਹੁੰਦੀ ਹੈ। "ਧਰਮ ਸਾਨੂੰ ਚੰਗੇ ਕੰਮ ਕਰਨ ਲਈ ਪ੍ਰੇਰਦਾ ਹੈ। ਧਰਮ ਦੱਸਦਾ ਹੈ ਕਿ ਪਰਮਾਤਮਾ ਹੀ ਪ੍ਰੇਮ ਹੈ। ਧਰਮ ਸਾਨੂੰ ਸਿਖਾਉਂਦਾ ਹੈ-ਸਭ ਨੂੰ ਪਿਆਰ ਕਰੋ। ਹਰੀ ਦਇਆ ਕਰਦਾ ਹੈ। ਅਸੀਂ ਵੀ ਜੀਵਾਂ ਉੱਤੇ, ਭੈਣਾਂ-ਭਰਾਵਾਂ ਉੱਤੇ, ਲੋੜਵੰਦਾਂ ਅਤੇ ਅਪਾਹਜਾਂ ਉੱਤੇ ਦਇਆ ਕਰੀਏ।"[69] ਜਿਹੜਾ ਵਿਅਕਤੀ ਦਇਆਵਾਨ ਹੋ ਕੇ ਦੂਸਰਿਆਂ ਦੇ ਪੂਰੇ ਹੱਕ ਉਨ੍ਹਾਂ ਨੂੰ ਦਿੰਦਾ ਹੈ ਉਸਦਾ ਸੰਤੋਖੀ ਹੋਣਾ ਲਾਜ਼ਮੀ ਹੈ। ਆਸਾ ਦੀ ਵਾਰ ਵਿੱਚ ਸੰਤੋਖੀ ਵਿਅਕਤੀ ਹੀ ਸੁਕ੍ਰਿਤ ਧਰਮ ਕਮਾਉਂਦੇ ਕਹੇ ਗਏ ਹਨ।

ਸੇਵਾ ਕੀਤੀ ਸੰਤੋਖੀਈ ਜਿਨੀ ਸਚੋ ਸਚ ਧਿਆਇਆ॥

ਓਨੀ ਮੰਦੇ ਪੈਰੁ ਨ ਰਖਿਓ ਕਰਿ ਸੁਕ੍ਰਿਤ ਧਰਮੁ ਕਮਾਇਆ॥[70]

ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ ਧਰਮ ਕਮਾਉਣ ਦੀ ਥਾਂ (ਧਰਮਸਾਲ) ਕਿਹਾ ਹੈ ਜਿੱਥੇ ਮਨੁੱਖ ਨੇ ਆਪਣੇ ਫਰਜ਼ ਭਾਵ ਧਰਮ ਦਾ ਪਾਲਣ ਇਮਾਨਦਾਰੀ ਨਾਲ਼ ਕਰਨਾ ਹੈ। ਸਿੱਖ ਧਰਮ ਅਨੁਸਾਰ ਹਰੇਕ ਮਨੁੱਖ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਫਰਜ਼ਾਂ ਪ੍ਰਤੀ ਸੁਚੇਤ ਹੋਵੇ ਅਤੇ ਉਨ੍ਹਾਂ ਨੂੰ

---

[67] ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 1

[68] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 3

[69] ਡਾ. ਪਰਮਿੰਦਰਜੀਤ ਕੌਰ, ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸੰਸ, ਦਿੱਲੀ, 2011, ਪੰਨਾ 9

[70] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 467

ਨਿਭਾਏ।ਭਗਵਦ ਗੀਤਾ ਧਰਮ ਨੂੰ ਕਰਤੱਵ ਦਾ ਖੇਤਰ ਮੰਨਦੀ ਹੈ। ਇਸ ਅਨੁਸਾਰ ਮਨੁੱਖ ਦਾ ਫਰਜ਼ ਹੀ ਉਸ ਦਾ ਧਰਮ ਹੈ। ਮਨੁੱਖ ਨੂੰ ਹਰ ਖੇਤਰ ਵਿੱਚ ਆਪਣੇ ਫਰਜ਼ ਨੂੰ ਨਿਭਾਉਣਾ ਚਾਹੀਦਾ ਹੈ ਜੇਕਰ ਖੱਤਰੀ ਦਾ ਕੰਮ ਯੁੱਧ ਵਿੱਚ ਲੜਨਾ ਹੈ ਤਾਂ ਇਹੀ ਉਸ ਦਾ ਧਰਮ ਹੈ ਜੇਕਰ ਉਹ ਆਪਣੇ ਕਰਤੱਵ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਧਰਮੀ ਪੁਰਸ਼ ਨਹੀਂ ਹੈ। ਜਿਹੜਾ ਮਨੁੱਖ ਇਸ ਸੰਸਾਰ ਵਿੱਚ ਆਪਣੇ ਜੀਵਨ ਦੇ ਫਰਜ਼ਾਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ਼ ਨਿਭਾਉਂਦਾ ਹੈ, ਉਹ ਹੀ ਧਰਮੀ ਵਿਅਕਤੀ ਹੈ। ਆਪਣੇ ਫਰਜ਼ਾਂ ਨੂੰ ਨਿਭਾਉਣ ਵਾਲ਼ੇ ਵਿਅਕਤੀ ਦੀ ਸ਼ਖ਼ਸੀਅਤ ਦੂਜਿਆਂ ਦੇ ਮੁਕਾਬਲੇ ਭਿੰਨਤਾ ਰੱਖਦੀ ਹੈ, ਜਿਸ ਦੇ ਆਧਾਰ ਤੇ ਉਹ ਸਮਾਜ ਵਿੱਚ ਆਪਣੀ ਚੰਗੀ ਸ਼ਖ਼ਸੀਅਤ ਦੀ ਛਾਪ ਛੱਡਦਾ ਹੈ। ਉਸ ਦੀ ਸ਼ਖ਼ਸੀਅਤ ਦੇ ਸਦਾਚਾਰਕ ਅਤੇ ਫਰਜ਼ ਨਿਭਾਉਣ ਵਾਲ਼ੇ ਗੁਣਾਂ ਕਾਰਨ ਉਹ ਸਮਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।

ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਨੇ ਧਰਮ ਖੰਡ ਨੂੰ ਅਧਿਆਤਮਿਕ ਉੱਨਤੀ ਦਾ ਪਹਿਲਾ ਪੜਾਅ ਕਿਹਾ ਹੈ। ਧਰਮ ਖੰਡ ਦੇ ਇਸ ਪੜਾਅ ’ਤੇ ਮਨੁੱਖ ਆਪਣੇ ਫਰਜ਼ ਨੂੰ ਪਛਾਣਦਾ ਹੈ ਜਿੱਥੇ ਉਸਦੀ ਧਾਰਮਿਕ ਬਿਰਤੀ ਜਾਗਦੀ ਹੈ। ਇੱਥੇ ਮਨੁੱਖ ਨੂੰ ਅਨੁਭਵ ਹੁੰਦਾ ਹੈ ਕਿ ਕੁਦਰਤੀ ਵਰਤਾਰੇ ਕੁਦਰਤੀ ਨਿਯਮਾਂ ਵਿੱਚ ਰਹਿ ਕੇ ਆਪਣਾ ਫਰਜ਼ ਨਿਭਾ ਰਹੇ ਹਨ। ਇਸੇ ਤਰ੍ਹਾਂ ਹੀ ਧਰਤੀ ਵੀ ਮਨੁੱਖ ਦੇ ਫਰਜ਼ (ਧਰਮ) ਨਿਭਾਉਣ ਦਾ ਸਥਾਨ ਹੈ। “ਜਪੁਜੀ ਸਾਹਿਬ ਵਿਚਲਾ ਧਰਮ (ਧਰਮ ਖੰਡ) ਵੀ ਕਰਤੱਵ ਦੇ ਇਹਨਾਂ ਅਰਥਾਂ ਨਾਲ਼ ਮੇਲ ਖਾਂਦਾ ਹੈ। ਜਪੁਜੀ ਸਾਹਿਬ ਦੀ ਪੈਂਤੀਵੀਂ ਪਉੜੀ ਵਿੱਚ ਲਿਖਿਆ ਹੈ ਕਿ ‘ਧਰਮ ਖੰਡ ਕਾ ਏਹੋ ਧਰਮੁ’ ਅਰਥਾਤ ਧਰਮ ਖੰਡ ਵਿੱਚ ਸਾਧਕ ਨੂੰ ਬਿਲਕੁਲ ਉਸੇ ਤਰ੍ਹਾਂ ਪ੍ਰਭੂ ਦੇ ਨਿਯਮ (ਧਰਮ) ਅਧੀਨ ਗੁਜਾਰਨਾ ਪੈਂਦਾ ਹੈ ਜਿਸ ਤਰ੍ਹਾਂ ਕਿ ਹਵਾ, ਪਾਣੀ, ਅਗਨੀ, ਪਾਤਾਲ, ਰੁੱਤਾਂ, ਥਿੱਤਾਂ ਅਤੇ ਵਾਰ ਆਪੋ ਆਪਣੀ ਥਾਂ ਤੇ ਆਪਣੇ ਕਰਮ (ਕਰਤੱਵ) ਕਰ ਰਹੇ ਹਨ। ਇਸ ਤਰ੍ਹਾਂ ਧਰਮ ਖੰਡ ਦਾ ਅਰਥ ਕਰਮ ਖੇਤਰ ਹੈ ਅਰਥਾਤ ਕਰਮ ਜਾਂ ਕਰਤੱਵ ਕਰਨ ਦੀ ਥਾਂ।”[71] ਧਰਮ ਮਨੁੱਖ ਨੂੰ ਉਸ ਦੇ ਫਰਜ਼ਾਂ ਪ੍ਰਤੀ ਸੁਚੇਤ ਕਰਕੇ ਚੰਗੇ ਕਰਮ ਕਮਾਉਣ ਲਈ ਪ੍ਰੇਰਦਾ ਹੈ। ਮਨੁੱਖ ਦੇ ਫਰਜ਼ ਨਿਭਾਉਣ ਨਾਲ਼ ਜਿੱਥੇ ਉਸ ਦੀ ਸ਼ਖ਼ਸੀਅਤ ਦਾ ਪ੍ਰਭਾਵ ਬਾਹਰੀ ਤੌਰ ’ਤੇ ਦੂਜਿਆਂ ਤੇ ਪੈਂਦਾ ਹੈ, ਇਸ ਨਾਲ਼ ਉਸ ਦੇ ਅੰਦਰਲੀ ਅਵਸਥਾ ਵਿੱਚ ਵੀ ਤਬਦੀਲੀ ਹੁੰਦੀ

[71] ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007, ਪੰਨਾ 2

ਹੈ। ਮਨੁੱਖ ਲਈ ਇਸ ਸੰਸਾਰ ਦੇ ਨਿਯਮਾਂ ਵਿੱਚ ਰਹਿੰਦੇ ਹੋਏ ਆਪਣੇ ਬਣਦੇ ਫਰਜ਼ਾਂ ਨੂੰ ਨਿਭਾਉਣਾ ਬਹੁਤ ਜ਼ਰੂਰੀ ਹੈ। ਜਦੋਂ ਮਨੁੱਖੀ ਸਮਾਜ ਵਿੱਚ ਇੱਕ ਮਨੁੱਖ ਦੁਆਰਾ ਚੰਗੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ ਜੋ ਮਨੁੱਖੀ ਹਿੱਤ ਵਿੱਚ ਹੁੰਦੇ ਹਨ, ਇਸ ਨਾਲ ਦੂਜੇ ਮਨੁੱਖਾਂ 'ਤੇ ਵੀ ਚੰਗਾ ਅਸਰ ਹੁੰਦਾ ਹੈ। "ਧਰਮ ਸਾਨੂੰ ਕਹਿੰਦਾ ਹੈ ਕਿ ਅਸੀਂ ਵੀ ਨਿਯਮ ਵਿੱਚ ਬੱਝ ਕੇ ਰਹੀਏ। ਜਿਵੇਂ ਅਸੀਂ ਅੰਮ੍ਰਿਤ ਵੇਲੇ ਉਠੀਏ, ਰੋਜ਼ ਨਹਾਈਏ, ਸਾਫ਼-ਸੁਥਰੇ ਰਹੀਏ, ਵਕਤ ਸਿਰ ਕੰਮ ਕਰੀਏ। ਇਉਂ ਮਨੁੱਖ ਦਾ ਧਰਮ ਹੈ, ਚੰਗੇ ਕੰਮਾਂ ਦੇ ਨਿਯਮਾਂ ਵਿੱਚ ਬੱਝਣਾ ਜਾਂ ਉਨ੍ਹਾਂ ਨਿਯਮਾਂ ਨੂੰ ਧਾਰਨ ਕਰ ਲੈਣਾ।"[72]

ਧਰਮ ਦੇ ਤਿੰਨ ਪੱਖਾਂ ਗਿਆਨ, ਕਰਮ ਅਤੇ ਭਗਤੀ ਦਾ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਅਤੇ ਮਨੁੱਖੀ ਜੀਵਨ ਮਕਸਦ ਦੀ ਪ੍ਰਾਪਤੀ ਵਿੱਚ ਬਹੁਤ ਅਹਿਮ ਭੂਮਿਕਾ ਹੈ। ਧਰਮ ਦੇ ਗਿਆਨ ਪੱਖ ਦੀ ਅਭਿਵਿਅਕਤੀ ਗਿਆਨ ਮਾਰਗ ਰਾਹੀਂ ਹੋਈ ਹੈ। ਗਿਆਨ ਦਾ ਸੰਬੰਧ ਬੁੱਧੀ ਨਾਲ਼ ਹੈ। ਜਿਉਂ-ਜਿਉਂ ਬੁੱਧੀ ਸੂਖਮ ਹੁੰਦੀ ਜਾਂਦੀ ਹੈ ਤਿਉਂ-ਤਿਉਂ ਸੂਖਮ ਤੱਤ ਨੂੰ ਗ੍ਰਹਿਣ ਕਰਨ ਦੇ ਯੋਗ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਗਿਆਨ ਸ਼ਬਦ ਦੀ ਵਰਤੋਂ ਇੰਦ੍ਰੀਆਂ ਦੁਆਰਾ ਪ੍ਰਾਪਤ ਗਿਆਨ ਅਤੇ ਤਾਰਕਿਕ ਗਿਆਨ ਦੋਹਾਂ ਲਈ ਕੀਤੀ ਹੈ। ਗੁਰੂ ਸਾਹਿਬ ਨੇ ਗਿਆਨ ਦੇ ਤਿੰਨ ਪਹਿਲੂਆਂ 'ਸੁਣੀਐ', 'ਮੰਨੀਐ' ਅਤੇ 'ਏਕ ਧਿਆਨ' ਦਾ ਵਰਣਨ ਕੀਤਾ ਹੈ। ਗੁਰੂ ਸਾਹਿਬ ਨੇ ਮਨੁੱਖ ਦੀ ਕਾਇਆ ਕਲਪ ਕਰਨ ਲਈ ਸ਼ਬਦ ਨੂੰ ਆਪਣੇ ਕੰਨਾਂ ਨਾਲ਼ ਸੁਣਕੇ ਨਾਲ਼ ਗਾਉਣ ਅਤੇ ਮਨ ਵਿੱਚ ਵਸਾਉਣ ਦਾ ਉਪਦੇਸ਼ ਦਿੱਤਾ ਹੈ। ਗੁਰੂ ਸ਼ਬਦ ਨੂੰ ਸੁਣਨ ਅਤੇ ਗਾਉਣ ਨਾਲ਼ ਮਨੁੱਖ ਦਾ ਪਰਮਾਤਮਾ ਨਾਲ਼ ਪਿਆਰ ਪੈਦਾ ਹੁੰਦਾ ਹੈ ਜਿਸ ਨਾਲ ਉਸ ਦੇ ਦੁਖਾਂ-ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਮਨ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਗਾਵੀਐ ਸੁਣੀਐ ਮਨ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥[73]

ਇਹ ਇੰਦ੍ਰੀਆਵੀ ਗਿਆਨ ਸਾਧਕ ਨੂੰ ਉੱਚੀਆਂ ਕਦਰਾਂ-ਕੀਮਤਾਂ ਦੇ ਗਿਆਨ ਦੀ ਪ੍ਰਾਪਤੀ ਦੀ ਪੱਧਰ ਤੱਕ ਪਹੁੰਚਾਉਣ ਵਿੱਚ ਸਹਾਇਕ ਹੁੰਦਾ ਹੈ। ਸਿੱਖ ਧਰਮ ਅਨੁਸਾਰ ਗਿਆਨ ਪ੍ਰਾਪਤੀ ਦਾ ਦੂਜਾ ਪੜਾਅ

---

[72] ਡਾ. ਪਰਮਿੰਦਰਜੀਤ ਕੌਰ, ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸੰਸ, ਦਿੱਲੀ, 2011, ਪੰਨਾ 10

[73] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2

'ਮੰਨੈ' ਕਿਹਾ ਗਿਆ ਹੈ। ਮੰਨੈ ਤੋਂ ਭਾਵ ਹੈ ਵਿਚਾਰ ਕਰਨਾ। ਗੁਰੂ ਸ਼ਬਦ ਦੀ ਵਿਚਾਰ ਨਾਲ਼ ਮਨੁੱਖ ਦੀ ਉੱਚੀ ਬਿਰਤੀ ਜਾਗ ਉੱਠਦੀ ਹੈ। ਜਿਸ ਨਾਲ਼ ਉਸ ਨੂੰ ਧਰਮ ਦੇ ਰਾਹ ਵਿੱਚ ਆਉਣ ਵਾਲ਼ੀਆਂ ਸਮੱਸਿਆਵਾਂ ਦਾ ਗਿਆਨ ਹੋ ਜਾਂਦਾ ਹੈ। ਅਸਲ ਧਰਮ ਨਾਲ਼ ਆਪਣੇ-ਆਪ ਨੂੰ ਜੋੜ ਕੇ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਇਸ ਤੋਂ ਅਗਲਾ ਪੜਾਅ 'ਏਕ ਧਿਆਨ' ਦਾ ਹੈ। ਇਸ ਅਵਸਥਾ 'ਤੇ ਪਹੁੰਚੇ ਹੋਏ ਮਨੁੱਖ ਨੂੰ ਗੁਰੂ ਸਾਹਿਬ ਨੇ 'ਪੰਚ' ਕਿਹਾ ਹੈ। ਇਹ ਗਿਆਨ ਪ੍ਰਾਪਤੀ ਦੀ ਪ੍ਰਕਿਰਿਆ ਦਾ ਸਿਖਰ ਹੈ, ਇਸ ਪੜਾਅ 'ਤੇ ਹਾਸਲ ਕੀਤਾ ਗਿਆਨ ਸਾਧਕ ਦੀ ਪਰਮ-ਸਤਿ ਨਾਲ਼ ਇੱਕਸੁਰ ਹੋਣ ਵਿੱਚ ਸਹਾਇਤਾ ਕਰਦਾ ਹੈ। ਜਿੱਥੇ ਪ੍ਰਭੂ ਦੀ ਕਿਰਪਾ ਨਾਲ਼ ਮਨੁੱਖ ਦੇ ਅੰਦਰਲੀ ਦੁਰਮਤਿ ਚਲੀ ਜਾਂਦੀ ਹੈ। ਗੁਰੂ ਸਾਹਿਬ ਨੇ ਇਸ ਅੰਤਰ ਗਿਆਨ ਨੂੰ 'ਗਿਆਨ ਰਤਨ' ਕਿਹਾ ਹੈ।

ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ॥ ਗਿਆਨ ਰਤਨੁ ਮਨਿ ਵਸੈ ਆਇ॥[74]

ਜਪੁਜੀ ਸਾਹਿਬ ਵਿੱਚ 'ਧਰਮ ਖੰਡ' ਨੂੰ ਇੰਦ੍ਰੀਆਵੀ ਗਿਆਨ ਦਾ ਖੇਤਰ ਮੰਨਿਆ ਗਿਆ ਹੈ ਜਿੱਥੇ ਮਨੁੱਖੀ ਚੇਤਨਾ ਵਿਕਾਸ ਕਰਦੀ ਹੋਈ ਸੂਖਮ ਹੁੰਦੀ ਜਾਂਦੀ ਹੈ ਅਤੇ ਅੰਤ ਸੂਖਮ ਤੱਤ ਤੱਕ ਪਹੁੰਚਣ ਦੇ ਸਮਰੱਥ ਹੋ ਜਾਂਦੀ ਹੈ। ਪਰਮਾਤਮਾ ਦੁਆਰਾ ਸਿਰਜੀ ਸ੍ਰਿਸ਼ਟੀ ਰਚਨਾ ਦੀ ਵਿਸ਼ਾਲਤਾ ਨੂੰ ਵੇਖ ਕੇ ਪਰਮਾਤਮਾ ਦੀ ਵਿਸ਼ਾਲਤਾ ਦਾ ਅਨੁਭਵ ਹੋਣ ਨਾਲ਼ ਮਨੁੱਖ ਅੰਦਰੋਂ ਹਉਮੈਂ ਖਤਮ ਹੋ ਜਾਂਦੀ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਪਰਮਾਤਮਾ ਦੁਆਰਾ ਸਿਰਜੀ ਇਹ ਭੌਤਿਕ ਰਚਨਾ ਕਿਸੇ ਨਿਯਮ ਅਧੀਨ ਆਪਣਾ ਫਰਜ਼ ਨਿਭਾ ਰਹੀ ਹੈ। ਗਿਆਨਖੰਡ ਵਿੱਚ ਉਸ ਨੂੰ ਇਸ ਵਿਸ਼ਾਲ ਜਗਤ ਦੀ ਭੂਗੋਲਿਕ, ਸਮਾਜਿਕ, ਮਿਥਿਹਾਸਕ ਅਤੇ ਇਤਿਹਾਸਕ ਖੇਤਰ ਦਾ ਗਿਆਨ ਹੋ ਜਾਂਦਾ ਹੈ। ਇਹ ਗਿਆਨ ਉਸ ਨੂੰ ਅਨੁਭਵ ਦੀ ਐਸੀ ਉਚੇਰੀ ਅਵਸਥਾ 'ਤੇ ਪਹੁੰਚਾ ਦਿੰਦਾ ਹੈ ਜਿੱਥੇ ਇੰਦ੍ਰੀਆਂ ਦੇ ਜ਼ਰੀਏ ਬਿਨ੍ਹਾਂ ਉਚੇਰੇ ਸੂਖਮ ਅਨੁਭਵ ਦਾ ਅਹਿਸਾਸ ਹੁੰਦਾ ਹੈ। ਇਹ ਗਿਆਨ-ਚੇਤਨਾ ਮਨੁੱਖ ਨੂੰ ਸੀਮਤ ਤੋਂ ਅਸੀਮ ਅਤੇ ਸੰਕੀਰਣਤਾ ਵਿਚੋਂ ਕੱਢ ਕੇ ਵਿਸ਼ਾਲਤਾ ਤੱਕ ਪਹੁੰਚਾ ਦਿੰਦੀ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਅੰਤਹ-ਕਰਣ ਵਿਚੋਂ ਅਨੰਦ ਦੇ ਸੋਮੇਂ ਫੁੱਟਦੇ ਕਹੇ ਗਏ ਹਨ। ਇਸ ਅਵਸਥਾ ਨੂੰ 'ਗਿਆਨ ਪ੍ਰਚੰਡ' ਆਖਿਆ ਹੈ।

---

[74] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 354

ਗਿਆਨ ਖੰਡ ਮਹਿ ਗਿਆਨ ਪ੍ਰਚੰਡ॥ ਤਿਥੈ ਨਾਦ ਬਿਨੋਦ ਕੋਡ ਆਨੰਦ॥[75]

ਧਰਮ ਅਨੁਸਾਰ ਗਿਆਨ ਪ੍ਰਾਪਤ ਮਨੁੱਖ ਜਿੱਥੇ ਖੁਦ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਲਈ ਸਹੀ ਰਾਸਤਾ ਚੁਣਦਾ ਹੈ, ਉੱਥੇ ਉਹ ਦੂਜਿਆਂ ਲਈ ਇੱਕ ਚੰਗੇ ਮਾਰਗ-ਦਰਸ਼ਕ ਦਾ ਕੰਮ ਵੀ ਕਰਦਾ ਹੈ। ਸਿੱਖ ਧਰਮ ਚਿੰਤਨ ਅਨੁਸਾਰ 'ਧਰਮ' ਦਾ ਸੰਕਲਪ 'ਸੱਚ' ਦਾ ਗਿਆਨ ਹੈ ਜਿਹੜਾ ਮਨੁੱਖ ਨੂੰ ਆਪਣੇ ਮੂਲ ਬਾਰੇ ਸੁਚੇਤ ਕਰਦਾ ਹੈ। ਧਰਮ ਦੇ ਕਰਮ ਪੱਖ ਦੀ ਅਭਿਵਿਅਕਤੀ ਕਰਮ-ਮਾਰਗ ਦੁਆਰਾ ਹੁੰਦੀ ਹੈ ਜਿਵੇਂ ਕਿ ਪਹਿਲਾਂ ਵੀ ਵਿਚਾਰ ਕੀਤੀ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਤਿਆਗ ਕੇ ਜੰਗਲਾਂ ਵਿੱਚ ਬੈਠ ਕੇ ਘੋਰ ਤਪ ਕਰਨ ਆਦਿ ਦਾ ਖੰਡਨ ਕੀਤਾ ਹੈ। ਇਸ ਦੇ ਉਲਟ ਮਨੁੱਖ ਨੂੰ ਗ੍ਰਹਿਸਥ ਜੀਵਨ ਦੇ ਫਰਜ਼ਾਂ ਨੂੰ ਨਿਭਾਉਂਦੇ ਹੋਏ ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਕਰਮ ਕਰਨ ਨੂੰ ਧਰਮ ਦਾ ਜ਼ਰੂਰੀ ਅੰਗ ਮੰਨਿਆ ਗਿਆ ਹੈ। ਕਰਮਾਂ ਦਾ ਮਨੁੱਖ ਨਾਲ਼ ਡੂੰਘਾ ਸੰਬੰਧ ਹੈ ਕਿਉਂਕਿ ਜੀਵ ਆਪਣੇ ਕੀਤੇ ਹੋਏ ਕਰਮਾਂ ਦੇ ਆਧਾਰ 'ਤੇ ਹੀ ਵੱਖ-ਵੱਖ ਜੂਨੀਆਂ ਵਿੱਚ ਜਨਮ ਲੈਂਦਾ ਹੈ।

ਕਰਮੀ ਆਵੈ ਕਪੜਾ॥ ਨਦਰੀ ਮੋਖੁ ਦੁਆਰੁ॥[76]

ਮਨੁੱਖ ਆਪਣੇ ਜੀਵਨ ਦੌਰਾਨ ਜੋ ਵੀ ਕਰਮ ਕਰਦਾ ਹੈ। ਉਸ ਨੂੰ ਉਨ੍ਹਾਂ ਦਾ ਫਲ਼ ਭੁਗਤਣਾ ਪੈਂਦਾ ਹੈ। ਉਸ ਦੁਆਰਾ ਕੀਤੇ ਚੰਗੇ ਮਾੜੇ ਕਰਮਾਂ ਦੇ ਅਨੁਸਾਰ ਹੀ ਉਸ ਦਾ ਅਗਲਾ ਜਨਮ ਨਿਰਧਾਰਤ ਹੁੰਦਾ ਹੈ। ਗੁਰਮਤਿ ਮਨੁੱਖ ਦੇ ਸਾਹਮਣੇ ਇਹ ਸਪੱਸ਼ਟ ਕਰਦੀ ਹੈ ਕਿ ਮਨੁੱਖ ਨੇ ਜੋ ਪਿਛਲੇ ਜਨਮ ਵਿੱਚ ਕਰਮ ਕੀਤੇ ਹਨ, ਉਨ੍ਹਾਂ ਦੇ ਆਧਾਰ 'ਤੇ ਹੁਣ ਦੁੱਖ-ਸੁੱਖ ਭੋਗ ਰਿਹਾ ਹੈ। ਪਿਛਲੇ ਕਰਮ ਸਾਡੀ ਅਗਲੀ ਜ਼ਿੰਦਗੀ 'ਤੇ ਅਸਰ ਪਾਉਂਦੇ ਹਨ ਅਤੇ ਇਨ੍ਹਾਂ ਦੇ ਜਾਲ਼ ਵਿੱਚੋਂ ਮਨੁੱਖ ਦਾ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਚੰਗੇ ਜਾਂ ਬੁਰੇ ਕਰਮਾਂ ਦਾ ਮਨੁੱਖੀ ਮਨ ਉੱਤੇ ਪ੍ਰਭਾਵ ਸੁਚੇਤ ਜਾਂ ਅਚੇਤ ਤੌਰ ਤੇ ਜ਼ਰੂਰ ਪੈਂਦਾ ਹੈ। ਸਰੀਰ ਦੇ ਕਰਮ ਮਨ ਦੇ ਸੰਕਲਪਾਂ ਦਾ ਸਿੱਟਾ ਹਨ। ਸਿੱਟਾ ਇਹ ਹੈ ਕਿ ਉਸ ਕਰਮ ਦੀ ਸਾਡੇ ਵਿੱਚ ਆਦਤ ਹੋ ਜਾਂਦੀ ਹੈ ਅਤੇ ਇਹ ਆਦਤਾਂ ਹੀ ਹੌਲ਼ੀ-ਹੌਲ਼ੀ ਸਾਡੇ ਸੁਭਾਅ ਦਾ ਰੂਪ ਧਾਰਨ ਕਰਦੀਆਂ ਹਨ ਅਤੇ ਸਾਡਾ ਸੁਭਾਅ ਹੀ ਦੁੱਖ-ਸੁੱਖ

---

75 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7

76 ਉਹੀ, ਪੰਨਾ 2

ਦਾ ਕਾਰਨ ਬਣਦਾ ਹੈ। ਮਨੁੱਖ ਕਰਮ ਕਰਦਾ ਹੈ, ਉਸ ਦੇ ਕਰਮਾਂ ਦਾ ਲੇਖਾ-ਜੋਖਾ ਕਰਕੇ ਪਰਮਾਤਮਾ ਉਸ ਨੂੰ ਫਲ਼ ਦਿੰਦਾ ਹੈ। ਆਪਣੇ ਕਰਮਾਂ ਕਰਕੇ ਹੀ ਕੋਈ ਮਨੁੱਖ ਪਰਮਾਤਮਾ ਦੇ ਨੇੜੇ ਹੋ ਜਾਂਦਾ ਹੈ ਅਤੇ ਕੋਈ ਦੂਰ ਹੋ ਜਾਂਦਾ ਹੈ।

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰ॥[77]

ਸਿੱਖ ਧਰਮ ਮਨੁੱਖ ਨੂੰ ਚੰਗੇ, ਲੋਕ ਭਲਾਈ ਵਾਲ਼ੇ, ਸਕਾਰਥੇ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ, ਜਿਨ੍ਹਾਂ ਨੂੰ ਕਰਨ ਨਾਲ਼ ਪਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਹੋ ਸਕੇ। ਮਨੁੱਖ ਦੇ ਕਰਮ ਕੇਵਲ ਆਪਣੇ ਲਾਭ ਨੂੰ ਸਾਹਮਣੇ ਰੱਖ ਕੇ ਬੇਈਮਾਨੇ ਵਾਲ਼ੇ ਨਹੀਂ ਹੋਣੇ ਚਾਹੀਦੇ। ਬਲਕਿ ਸੱਚਾਈ ਅਧਾਰਿਤ ਇਮਾਨਦਾਰੀ ਦੀ ਭਾਵਨਾ ਨਾਲ਼ ਆਪਣੇ ਫਰਜ਼ਾਂ ਨੂੰ ਨਿਭਾਇਆ ਜਾਣਾ ਚਾਹੀਦਾ ਹੈ। "ਕਿਸੇ ਵਿਅਕਤੀ ਦੀ ਪੂਰਨਤਾ ਜਾਂ ਅਪੂਰਨਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸਦੇ ਕਰਮਾਚਾਰ ਵਿੱਚ ਕਿਸ ਹੱਦ ਤੱਕ ਨਿਰਮਲਤਾ ਅਤੇ ਸੰਤੁਲਨ ਹੈ। ਇਸ ਤਰ੍ਹਾਂ ਕਰਮ ਜਾਂ ਚੰਗੇ ਹੁੰਦੇ ਹਨ ਜਾਂ ਮੰਦੇ ਅਤੇ ਇਸੇ ਕਰਮ ਵਿੱਚ ਫਲਦਾਇਕ ਹੁੰਦੇ ਹਨ।"[78] ਗੁਰੂ ਨਾਨਕ ਦੇਵ ਜੀ ਨੇ ਉਦਾਹਰਣ ਪੇਸ਼ ਕੀਤੀ ਹੈ ਕਿ ਜੇਕਰ ਪਰਮਾਤਮਾ ਨੂੰ ਚੰਗਾ ਲੱਗੇ ਤਦ ਹੀ ਤੀਰਥ ਇਸ਼ਨਾਨ ਕਰਨ ਦਾ ਲਾਭ ਹੋ ਸਕਦਾ ਹੈ, ਨਹੀਂ ਤਾਂ ਇਹ ਲੋਕ ਦਿਖਾਵੇ ਅਤੇ ਵਹਿਮ-ਭਰਮ ਤੋਂ ਵੱਧ ਕੁੱਝ ਵੀ ਨਹੀਂ ਹੈ।

ਤੀਰਥ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥[79]

ਗੁਰੂ ਨਾਨਕ ਦੇਵ ਜੀ ਦੇ ਸਮੇਂ ਧਾਰਮਿਕ ਆਗੂ ਵਹਿਮਾਂ-ਭਰਮਾਂ ਅਤੇ ਪਖੰਡਵਾਦ ਦੇ ਸ਼ਿਕਾਰ ਸਨ ਜੋ ਕਿ ਪਖੰਡੀ ਭੇਖ ਧਾਰਕੇ ਆਮ ਲੋਕਾਈ ਨੂੰ ਖਟਕਰਮ-ਸੰਧਯਾ, ਤੀਰਥ ਇਸ਼ਨਾਨ, ਯੱਗ, ਹਵਨ ਅਤੇ ਪਾਠ-ਪੂਜਾ ਮੰਤਰਾਂ ਦਾ ਰਟਨ, ਦੇਵ-ਪੂਜਾ ਆਦਿ ਗਲਤ ਪਾਸੇ ਉਲ਼ਝਾਈ ਫਿਰਦੇ ਸਨ। ਇਹਨਾਂ ਵਿਹਲੜ ਕਿਸਮ ਦੇ ਟਿੱਕਾ, ਜਨੇਊ ਧਾਰਨ ਕਰਨ ਵਾਲ਼ੇ ਭੇਖੀ, ਪਖੰਡੀ (ਦੂਜਿਆਂ ਤੋਂ ਮੰਗ ਕੇ ਖਾਣ ਵਾਲ਼ੇ) ਧਾਰਮਿਕ

---

77 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8

78 ਡਾ. ਦਰਸ਼ਨ ਸਿੰਘ, ਦੇਹੀ ਦਾ ਸੰਕਲਪ, ਸੰਤ ਗਿਆਨੀ ਅਮਰ ਸਿੰਘ, ਮੁਖੀ ਜਵੱਦੀ ਟਕਸਾਲ, ਲੁਧਿਆਣਾ, ਪੰਨਾ 181

79 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2

ਆਗੂਆਂ ਕਾਰਨ ਸਮਾਜ ਦੀ ਹਾਲਤ ਬਦਤਰ ਹੋ ਗਈ ਸੀ। ਗੁਰੂ ਸਾਹਿਬ ਨੇ ਇਨ੍ਹਾਂ ਭੇਖੀ ਬ੍ਰਾਹਮਣਾਂ ਦੁਆਰਾ ਫੈਲਾਏ ਗਏ ਵਹਿਮਾਂ-ਭਰਮਾਂ ਅਤੇ ਪਖੰਡਾਂ ਦਾ ਖੰਡਨ ਕੀਤਾ। "ਦਰਸ਼ਨ ਦਾ ਇੱਕ ਪੱਖ ਇਹ ਵੀ ਹੈ ਕਿ ਮਨੁੱਖ ਨੂੰ ਵਿਖਾਵੇ ਦਾ ਸ਼ਿਕਾਰ ਹੋਣ ਤੋਂ ਬਚਣਾ ਚਾਹੀਦਾ ਹੈ, ਵਿਖਾਵਾ ਹੌਲ਼ੀ-ਹੌਲ਼ੀ ਪਖੰਡ ਬਣ ਜਾਂਦਾ ਹੈ ਅਤੇ ਪਖੰਡ ਧਰਮ ਦੇ ਰਾਸਤੇ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ।"[80] ਧਰਮ ਨੂੰ ਸਿਰਫ ਵਿਚਾਰਧਾਰਾ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ ਬਲਕਿ ਇਹ ਅਮਲੀ ਰੂਪ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ।ਇਹ ਮਨੁੱਖੀ ਸ਼ਖ਼ਸੀਅਤ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ। ਜਿਸ ਨਾਲ਼ ਮਨੁੱਖ ਦਾ ਇੱਕ ਜੀਵਨ ਦ੍ਰਿਸ਼ਟੀਕੋਣ ਬਣਦਾ ਹੈ। ਧਰਮ ਮਨੁੱਖ ਦਾ ਵਧੀਆ ਜ਼ਿੰਦਗੀ ਜਿਉਣ ਲਈ ਮਾਰਗ ਦਰਸ਼ਨ ਕਰਦਾ ਹੈ। ਇਹ ਮਨੁੱਖ ਨੂੰ ਸਹੀ ਅਤੇ ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। "ਜ਼ਿੰਦਗੀ ਦਾ ਐਸਾ ਨਿਯਮ ਜਿਸ ਦੇ ਆਧਾਰ ਤੇ ਜੀਵ ਨਿੱਜੀ ਮੂਲ ਵਿੱਚ ਪ੍ਰਵੇਸ਼ ਕਰਦਾ ਹੈ। ਜਿਸ ਕਰਮ ਦੇ ਕੀਤਿਆਂ ਇਨਸਾਨ ਦਾ ਜੀਵਨ ਸਫ਼ਲ ਹੋਵੇ, ਐਸਾ ਕਰਮ ਕਰਨਾ ਹੀ ਧਰਮ ਹੈ, ਜਿਸ ਕਰਮ ਦੇ ਕੀਤਿਆਂ ਲੋਕ-ਪ੍ਰਲੋਕ ਸਫ਼ਲਾ ਹੋਵੇ, ਉਹੀ ਧਰਮ ਹੈ।"[81] ਧਰਮ ਦਾ ਮਨੁੱਖ ਦੀ ਰੋਜ਼-ਮਰ੍ਹਾ ਜ਼ਿੰਦਗੀ ਅਤੇ ਕਾਰ-ਵਿਹਾਰ ਨਾਲ਼ ਸਿੱਧਾ ਸੰਬੰਧ ਹੈ। ਜਿਸ ਦੀ ਝਲਕ ਉਸ ਦੇ ਕੰਮਾਂ-ਕਾਰਾਂ ਅਤੇ ਸਮਾਜਿਕ ਵਿਵਹਾਰ ਵਿੱਚੋਂ ਵੇਖੀ ਜਾ ਸਕਦੀ ਹੈ।

"ਧਰਮ ਇੱਕ ਜੀਵਨ-ਜਾਂਚ ਹੈ ਜੋ ਮਨੁੱਖ ਦੀ ਅੰਦਰਲੀ ਬਾਹਰਲੀ ਸਾਰੀ ਜ਼ਿੰਦਗੀ ਅਤੇ ਉਸਦੇ ਸਾਰੇ ਖਿਆਲਾਂ, ਜਜ਼ਬਿਆਂ ਤੇ ਅਮਲਾਂ ਨੂੰ ਬਣਾਉਂਦੀ, ਢਾਲਦੀ ਤੇ ਉਚੇ ਤੋਂ ਉਚੇ ਸਿਖਰ ਤੇ ਪਹੁੰਚਾਉਂਦੀ ਹੈ। ਇਸਦਾ ਸੰਬੰਧ ਨਾ ਕੇਵਲ ਉਸਦੀ ਸਖਸ਼ੀ ਜ਼ਿੰਦਗੀ ਨਾਲ਼ ਹੁੰਦਾ ਹੈ, ਸਗੋਂ ਉਸਦੀ ਸਮਾਜਿਕ, ਪੰਥਕ ਤੇ ਸਿਆਸੀ ਰਹਿਣੀ ਨਾਲ਼ ਵੀ ਹੁੰਦਾ ਹੈ।"[82] ਧਰਮ ਮਨੁੱਖ ਨੂੰ ਸਹੀ ਮਾਇਨਿਆਂ ਵਿੱਚ ਜ਼ਿੰਦਗੀ ਜਿਉਣ ਦਾ ਢੰਗ ਦੱਸਦਾ ਹੈ। ਮਨੁੱਖ ਆਪਣੇ ਜੀਵਨ ਦੌਰਾਨ ਬਹੁਤ ਸਾਰੇ ਫੈਸਲੇ ਲੈਣ ਲੱਗਿਆਂ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ। ਜਾਂ ਕਈ ਵਾਰ ਕੋਈ ਕਰਮ ਕਰਦਿਆਂ ਉਸ ਨੂੰ ਸਹੀ ਅਤੇ ਗਲਤ ਦਾ ਪਤਾ ਨਹੀਂ ਲੱਗਦਾ। ਧਰਮ ਦੁਆਰਾ ਦਿੱਤੀ ਸੇਧ ਨਾਲ਼ ਮਨੁੱਖ ਦੁਬਿਧਾਵਾਂ ਵਿੱਚੋਂ ਨਿੱਕਲ ਕੇ ਸਹੀ ਰਾਸਤੇ 'ਤੇ ਚੱਲਦਾ ਹੋਇਆ ਆਪਣੇ

---

[80] ਬਲਕਾਰ ਸਿੰਘ, ਗੁਰਮਤਿ ਵਿਵੇਚਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1982, ਪੰਨਾ 124

[81] ਸੰਤਾ ਸਿੰਘ ਤਾਤਲੇ, ਪ੍ਰਕਿਰਤੀ ਅਤੇ ਧਰਮ, ਸਾਲਟਨ ਰੋਡ, ਐਬਟਸਫੋਰਡ, ਬੀ.ਸੀ. (ਕੈਨੇਡਾ),2003, ਪੰਨਾ 206

[82] ਤੇਜਾ ਸਿੰਘ, ਸਿੱਖ ਧਰਮ, ਪ੍ਰਕਾਸ਼ ਪੁਸਤਕਾਲਾ, ਪਟਿਆਲ਼ਾ, 1952, ਪੰਨਾ 134-35

ਜੀਵਨ ਮਕਸਦ ਵੱਲ ਨੂੰ ਵੱਧਦਾ ਹੈ। ਸਿੱਖ ਚਿੰਤਨ ਅਨੁਸਾਰ "ਧਰਮ ਨੂੰ ਕ੍ਰਿਆਤਮਕ ਜੀਵਨ ਦੇ ਨਿੱਤਨੇਮ ਨਾਲ਼ੋਂ ਵੱਖਰੇ ਕਿਸੇ ਹਵਾਬੰਦ ਕਮਰੇ ਵਿੱਚ ਕੈਦ ਕਰਕੇ ਨਹੀਂ ਰੱਖਿਆ ਜਾਣਾ ਚਾਹੀਦਾ, ਧਰਮ ਨੂੰ ਅਸਲ ਵਿੱਚ ਜੀਵਨ ਦਾ ਵਿਸ਼ਾਲ ਅਧਾਰ ਬਣਾਇਆ ਜਾਣਾ ਚਾਹੀਦਾ ਹੈ।"[83] ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਦੀ ਧਾਰਮਿਕ ਭਾਂਜਵਾਦੀ ਵਿਚਾਰਧਾਰਾ ਤੋਂ ਉਲਟ ਆਪਣੇ ਨਵੇਂ ਜੀਵਨ ਦ੍ਰਿਸ਼ਟੀਕੋਣ ਅਨੁਸਾਰ ਇਹ ਉਪਦੇਸ਼ ਦਿੱਤਾ  ਕਿ ਮਨੁੱਖ ਨੇ ਇਸ ਸੰਸਾਰ ਵਿੱਚ ਆਪਣੀਆਂ ਪਰਿਵਾਰਕ, ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੇ ਅਤੇ ਚੰਗੇ ਕਰਮ ਕਰਦੇ ਹੋਏ ਜੀਵਨ ਬਤੀਤ ਕਰਨਾ ਹੈ। ਸਿੱਖ ਧਰਮ ਅਗਲੀ ਦੁਨੀਆਂ ਦੀ ਬਜਾਇ ਵਰਤਮਾਨ ਸਮੇਂ ਨੂੰ ਪ੍ਰਮੁੱਖਤਾ ਦਿੰਦਾ ਹੈ। ਸਿੱਖ ਧਰਮ ਜੀਵਨ ਵਿੱਚੋਂ ਪੈਦਾ ਹੋਇਆ, ਜੀਵਨ ਵਿੱਚ ਵਿਚਰਦਾ ਹੋਇਆ, ਇਸ ਵਰਤਮਾਨ ਜੀਵਨ ਵਿੱਚ ਹੀ ਸੰਪੂਰਣਤਾ (ਜੀਵਨ ਮਕਸਦ) ਦੀ ਪ੍ਰਾਪਤੀ ਉਪਰੰਤ ਅਨੰਦ ਮਾਣਦਾ ਹੈ। ਧਰਮ ਮਨੁੱਖ ਦੇ ਵਰਤਮਾਨ ਸਮੇਂ ਨਾਲ ਸਬੰਧਤ ਹੁੰਦਾ ਹੈ। ਧਰਮ ਮਨੁੱਖ ਦਾ ਆਪਣੀ ਇਸ ਜ਼ਿੰਦਗੀ ਨੂੰ ਸਹੀ ਅਤੇ ਸੁਚੱਜੇ ਢੰਗ ਨਾਲ਼ ਜਿਉਣ ਲਈ ਮਾਰਗ ਦਰਸ਼ਨ ਕਰਦਾ ਹੈ। "ਇਹ ਮਨੁੱਖ ਦੀ ਆਤਮਿਕ ਉੱਨਤੀ ਦਾ ਸਾਧਨ ਹੈ। ਧਰਮ ਦਾ ਆਦਰਸ਼ ਸਾਰੀ ਸ੍ਰਿਸ਼ਟੀ ਨੂੰ ਪਿਆਰ ਕਰਨਾ ਹੈ। ਧਰਮ ਕੇਵਲ ਪ੍ਰਲੋਕੀ ਸੁੱਖ ਦਾ ਸਾਧਨ ਨਹੀਂ, ਸਗੋਂ ਰੋਜ਼ ਦੇ ਜੀਵਨ ਨੂੰ ਸੁਖੀ ਅਤੇ ਸਫਲ ਬਣਾਉਣ ਵਿੱਚ ਸਹਾਇਕ ਹੁੰਦਾ ਹੈ।"[84] ਸਿੱਖ ਧਰਮ ਮਨੁੱਖੀ ਉਦੇਸ਼ ਦੀ ਪੂਰਤੀ ਲਈ ਅਮਲੀ ਮਾਰਗ ਦਰਸਾਉਂਦਾ ਹੈ। ਮਨੁੱਖ ਨੇ ਇਸ ਜੀਵਨ ਵਿੱਚ ਆਪਣੇ ਅਸਲੇ ਨੂੰ ਪਛਾਣ ਕੇ ਪਰਮ ਅੰਸ਼ ਦੀ ਪ੍ਰਾਪਤੀ ਲਈ ਪ੍ਰਯਤਨਸ਼ੀਲ ਹੋਣਾ ਹੈ। "ਧਰਮ ਪਵਿੱਤਰ ਅਤੇ ਅਪਵਿੱਤਰ ਵਿੱਚ ਫਰਕ ਕਰਦਾ ਹੈ। ਧਰਮ ਦੱਸਦਾ ਹੈ ਕਿ ਕਿਹੜੇ ਕਰਮ ਮਨੁੱਖ ਲਈ ਪਵਿੱਤਰ ਹਨ ਅਤੇ ਕਿਹੜੇ ਅਪਵਿੱਤਰ। ਇਹ ਪਵਿੱਤਰ ਕੰਮ ਕਰਨ ਲਈ ਮਨੁੱਖ ਨੂੰ ਪ੍ਰੇਰਿਤ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਧਰਮ ਮਨੁੱਖ ਨੂੰ ਇਹ ਦੱਸਦਾ ਹੈ ਕਿ ਉਸ ਨੂੰ ਕਿਹੜੇ ਕੰਮ ਕਰਨੇ ਚਾਹੀਦੇ ਹਨ ਅਤੇ ਕਿਹੜੇ ਨਹੀਂ ਕਰਨੇ ਚਾਹੀਦੇ।"[85]

---

[83] ਜੋਧ ਸਿੰਘ, "ਸਿੱਧ ਗੋਸ਼ਟ ਦੇ ਸੰਦਰਭ ਵਿੱਚ ਗੁਰੂ ਨਾਨਕ ਦਾ ਚਿੰਤਨ", ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ 1987, ਪੰਨਾ 117

[84] ਡਾ. ਪਰਮਿੰਦਰਜੀਤ ਕੌਰ,  ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸੰਸ, ਦਿੱਲੀ, 2011, ਪੰਨਾ 10

[85] ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 5

ਗੁਰੂ ਨਾਨਕ ਦੇਵ ਜੀ ਨੇ ਕਰਮ-ਕਾਂਢ ਵਾਲ਼ੇ ਅਤੇ ਜੋਗੀਆਂ ਦੇ ਤਿਆਗ ਜਾਂ ਅਕਰਮਤਾ ਵਾਲ਼ੇ ਮਾਰਗ ਨੂੰ ਪ੍ਰਵਾਨ ਨਹੀਂ ਕੀਤਾ ਬਲਕਿ ਮਨੁੱਖ ਨੂੰ ਨਿਸ਼ਕਾਮ ਕਰਮ ਕਰਨ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਨਿਸ਼ਕਾਮ ਭਾਵਨਾ ਨਾਲ਼ ਕਰਮ ਕਰਨ ਵਾਲ਼ਾ ਮਨੁੱਖ ਹੀ ਲੋਕ-ਭਲਾਈ ਦੇ ਖੇਤਰ ਵਿੱਚ ਡਟ ਕੇ ਆਪਣਾ ਫਰਜ਼ ਨਿਭਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸੇਵਾ ਅਤੇ ਪਰਉਪਕਾਰ ਦੀ ਭਾਵਨਾ ਨਾਲ਼ ਉਤਪੋਤ ਸਰਬੱਤ ਦੇ ਭਲੇ ਲਈ ਕਰਮ ਕਰਦਾ ਹੋਇਆ ਮਨੁੱਖ ਆਪਣੇ ਜੀਵਨ ਮਨੋਰਥ ਨੂੰ ਪ੍ਰਾਪਤ ਕਰ ਲੈਂਦਾ ਹੈ। ਨਿਸ਼ਕਾਮ ਭਾਵਨਾ ਨਾਲ਼ ਕਰਮ ਕਰਨ ਵਾਲ਼ਾ ਮਨੁੱਖ ਬਿਨ੍ਹਾਂ ਕਿਸੇ ਲਾਲਚ ਦੇ, ਸਮਾਜਿਕ ਭਲਾਈ ਲਈ ਤੱਤਪਰ ਰਹਿੰਦਾ ਹੈ। ਉਹ ਹੀ ਸੱਚਾ ਕਰਮ-ਯੋਗੀ ਹੈ। ਸਿੱਖ ਧਰਮ ਮਨੁੱਖ ਨੂੰ ਨਿਰਸੁਆਰਥ ਹੋਣ ਦੀ ਜੀਵਨ-ਜਾਂਚ ਸਿਖਾਉਂਦਾ ਹੈ ਜਿਸ ਤੋਂ ਪ੍ਰੇਰਿਤ ਹੋ ਕੇ ਸਾਧਕ ਲੋਕ-ਭਲਾਈ ਵਿੱਚ ਆਪਣਾ ਆਪਾ ਸਮਰਪਿਤ ਕਰ ਦਿੰਦਾ ਹੈ। ਨਿਸ਼ਕਾਮਤਾ ਨਾਲ਼ ਕਰਮ ਕਰਨ ਨਾਲ਼ ਮਨੁੱਖ ਅੰਦਰੋਂ ਅਹੰਕਾਰ ਖਤਮ ਹੋ ਜਾਂਦਾ ਹੈ। ਉਸ ਦੇ ਦਿਲ ਵਿੱਚ ਕੰਮ ਨੂੰ ਸਹੀ ਢੰਗ ਨਾਲ਼ ਕਰਨ ਦਾ ਉਤਸ਼ਾਹ ਹੁੰਦਾ ਹੈ ਜਿਸ ਦੌਰਾਨ ਉਸ ਦੇ ਮਨ ਵਿੱਚ ਨਿੱਜੀ ਲਾਭ ਪ੍ਰਾਪਤੀ ਦੀ ਕੋਈ ਲਾਲਸਾ ਨਹੀਂ ਹੁੰਦੀ ਬਲਕਿ ਦੂਜਿਆਂ ਦੀ ਖੁਸ਼ੀ ਲਈ ਨਿਸ਼ਕਾਮ ਭਾਵਨਾ ਨਾਲ਼ ਕਰਮ ਕਰਦਾ ਹੈ। "ਸਿੱਖ ਮਤਿ ਅਤੇ ਗੁਰੂ ਪੰਥ ਦੀ ਇਹ ਭਾਰੀ ਵਿਸ਼ੇਸ਼ਤਾ ਹੈ ਕਿ ਉਸਨੇ ਨਾ ਕੇਵਲ ਭਗਤੀ ਨੂੰ ਬਲਕਿ ਗਿਆਨ ਅਤੇ ਕਰਮ ਮਾਰਗ ਨੂੰ ਇੰਨਾ ਵਿਸ਼ਾਲ ਅਤੇ ਸਰਵਜਨਿਕ ਬਣਾ ਕੇ ਦਰਸਾਇਆ ਹੈ ਕਿ ਗਿਆਨ ਦਾ ਪਾਤਰ ਹਰ ਇੱਕ ਵਿਅਕਤੀ ਹੋ ਗਿਆ ਹੈ ਭਾਵੇਂ ਉਹ ਕਿਸੇ ਵੀ ਜਾਤੀ ਜਾਂ ਵਰਗ ਦਾ ਹੋਵੇ। ਇਸ ਤਰ੍ਹਾਂ ਕਰਮ ਦੀ ਪਰਿਭਾਸ਼ਾ ਇਹ ਹੋ ਗਈ ਹੈ ਕਿ ਉਤਮ ਤੇ ਸ਼ੁਭ ਕਾਰਜ, ਕਰਮ ਮਾਰਗ ਹੈ ਭਾਵੇਂ ਉਹ ਪਰੰਪਰਾਵਾਦੀ ਕਰਮ-ਕਾਂਢ ਨਾਲ਼ ਸੰਬੰਧਿਤ ਨਾ ਵੀ ਹੋਵੇ। ਆਪ ਨੇ ਇਹ ਵੀ ਮੰਨਿਆ ਹੈ ਕਿ ਸਿੱਖ ਵਿਚਾਰਧਾਰਾ ਨੇ ਕੁਝ ਇਸ ਤਰ੍ਹਾਂ ਪਲਟਾ ਖਾਧਾ ਕਿ ਕਰਮ-ਕਾਂਢ ਨੂੰ ਖੰਡਿਤ ਕਰਕੇ 'ਕਰਮ' ਦਾ ਅਰਥ ਪਰਉਪਕਾਰ, ਸੇਵਾ ਤੇ ਨਿਸ਼ਕਾਮ ਕਰਮ ਮੰਨਿਆ ਗਿਆ।"[86] ਭਾਰਤੀ ਧਰਮ ਪਰੰਪਰਾ ਵਿੱਚ ਧਰਮ ਦੇ ਭਾਵਕ ਪੱਖ ਨੂੰ ਭਗਤੀ-ਮਾਰਗ ਕਿਹਾ ਜਾਂਦਾ ਹੈ। ਜਿਸ ਵਿੱਚ ਅਕਾਲ ਪੁਰਖ ਦੀ ਪ੍ਰਾਪਤੀ ਲਈ ਭਾਵਨਾਤਮਕ ਇਕਾਗਰਤਾ ਉੱਪਰ ਜ਼ੋਰ ਦਿੱਤਾ ਜਾਂਦਾ ਹੈ। ਪਰਮਾਤਮਾ ਨਾਲ਼ ਭਾਵੁਕ ਪੱਧਰ ਤੇ ਜੁੜਨ ਦਾ

---

[86] ਗੁਰਬਚਨ ਸਿੰਘ ਤਾਲਿਬ, ਗੁਰੂ ਨਾਨਕ ਮਤਿ ਵਿੱਚ ਬ੍ਰਹਮ ਗਿਆਨ ਦਾ ਸਰੂਪ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1971, ਪੰਨਾ 6

ਨਾਂ ਭਗਤੀ ਹੈ। "'ਭਗਤੀ' ਸ਼ਬਦ 'ਭਜ' ਧਾਤੂ ਤੋਂ ਬਣਿਆ ਹੈ। ਜਿਸਦਾ ਅਰਥ ਹੈ 'ਭਜਣਾ', ਮਹਾਨ ਕੋਸ਼ ਵਿੱਚ ਇਸਦੇ ਅਰਥ ਸੇਵਾ, ਉਪਾਸਨਾ, ਸ਼ਰਧਾ, ਆਦਿ ਕੀਤੇ ਗਏ ਹਨ।"[87] ਭਗਤੀ ਮਾਰਗ ਵਿੱਚ ਪ੍ਰੇਮ ਤੱਤ 'ਤੇ ਬਹੁਤ ਬਲ ਦਿੱਤਾ ਗਿਆ ਹੈ ਕਿਉਂਕਿ ਪ੍ਰੇਮਾ ਭਗਤੀ ਹੀ ਮਨੁੱਖ ਨੂੰ ਭਾਵੁਕ ਤੌਰ ਤੇ ਪਰਮ-ਸਤਿ ਨਾਲ਼ ਜੋੜਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਭਗਤੀ ਨੂੰ ਪਰਮਾਤਮਾ ਨਾਲ਼ ਪਿਆਰ ਕਰਨ ਦਾ ਸਾਧਨ ਪ੍ਰਵਾਨ ਕੀਤਾ ਹੈ। ਭਗਤੀ ਤੋਂ ਭਾਵ ਹੈ, ਸਵੇਰੇ ਅੰਮ੍ਰਿਤ ਵੇਲ਼ੇ ਸੱਚੇ ਨਾਮ ਅਤੇ ਵਾਹਿਗੁਰੂ ਦੇ ਗੁਣਾ ਦੀ ਵਿਚਾਰ ਕਰਨੀ ਜਿਸ ਨਾਲ਼ ਮਨੁੱਖ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣ ਕੇ ਜਨਮ-ਮਰਨ ਦੇ ਸੰਸਾਰਕ ਚੱਕਰ ਤੋਂ ਮੁਕਤ ਹੋ ਜਾਂਦਾ ਹੈ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ॥[88]

ਭਗਤੀ ਭਾਵਨਾ ਵਿੱਚ ਰੱਤੇ ਹੋਏ ਸਾਧਕ ਪ੍ਰਭੂ ਦੇ ਨਾਮ ਨੂੰ ਸੁਣਕੇ ਸਦਾ ਖੇੜੇ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਸਾਰੇ ਦੁੱਖਾਂ ਅਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਭਗਤਾਂ ਦੇ ਹਿਰਦੇ ਵਿੱਚ ਪਰਮਾਤਮਾ ਦਾ ਵਾਸਾ ਹੋਣ ਕਾਰਨ ਅਡੋਲ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। ਸਿੱਖ ਧਰਮ ਅਨੁਸਾਰ ਮਨੁੱਖੀ ਜੀਵਨ ਦਾ ਮਨੋਰਥ ਅਕਾਲ ਪੁਰਖ ਦੀ ਭਗਤੀ ਹੈ। ਭਗਤੀ ਦਾ ਸੰਬੰਧ ਮਨੁੱਖੀ ਭਾਵਨਾ ਨਾਲ਼ ਹੈ। ਮਨੁੱਖ ਨੇ ਆਪਣਾ ਭਾਵੁਕ ਰਿਸ਼ਤਾ ਪਰਮਾਤਮਾ ਨਾਲ਼ ਸਥਾਪਿਤ ਕਰਨਾ ਹੈ। ਧਰਮ ਮਨੁੱਖ ਨੂੰ ਪ੍ਰੇਮਾ ਭਗਤੀ ਲਈ ਪ੍ਰੇਰਦਾ ਹੈ। ਸੋ ਭਗਤੀ ਇੱਕ ਜ਼ਰੀਆ ਬਣ ਕੇ ਮਨੁੱਖ ਨੂੰ ਉਸਦੇ ਮਕਸਦ ਦੀ ਪ੍ਰਾਪਤੀ ਕਰਵਾਉਂਦੀ ਹੈ। ਭਗਤੀ ਅਤੇ ਪ੍ਰੇਮ ਅੰਤਰ-ਸੰਬੰਧਿਤ ਹਨ ਕਿਉਂਕਿ ਬਿਨ੍ਹਾਂ ਪ੍ਰੇਮ ਦੇ ਭਗਤੀ ਸੰਭਵ ਨਹੀਂ ਹੈ। ਸਿੱਖ ਗੁਰੂ ਸਾਹਿਬਾਨ ਨੇ ਮਨੁੱਖ ਲਈ ਪ੍ਰਭੂ ਪ੍ਰੇਮ ਵਿੱਚ ਲੀਨ ਹੋਣਾ ਜ਼ਰੂਰੀ ਮੰਨਿਆ ਹੈ। ਦੂਜੇ ਪਾਸੇ ਜਿਹੜਾ ਮਨੁੱਖ ਪ੍ਰਭੁ ਪ੍ਰੇਮ ਤੋਂ ਹੀਣਾ ਹੈ, ਭਾਵ ਉਸ ਦੇ ਦਿਲ ਵਿੱਚ ਪਰਮਾਤਮਾ ਲਈ ਪ੍ਰੇਮ ਨਹੀਂ ਹੈ। ਉਹ ਜਿਉਂਦਾ ਹੀ ਇੱਕ ਮੁਰਦਾ ਸਰੀਰ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ, ਮਨੁੱਖ ਜਿੰਨਾ ਮਰਜੀ ਸੁੰਦਰ, ਕੁਲੀਨ, ਚਤੁਰ, ਗਿਆਨੀ ਅਤੇ ਬਲਵਾਨ ਕਿਉਂ

[87] ਭਾਈ, ਕਾਨ੍ਹ ਸਿੰਘ ਨਾਭਾ, ਸ਼ਬਦ ਰਤਨਾਕਰ ਮਹਾਨ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, ਪੰਨਾ 902

[88] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2

ਨਾ ਹੋਵੇ, ਜੇਕਰ ਉਸ ਦੇ ਹਿਰਦੇ ਵਿੱਚ ਪਰਮਾਤਮਾ ਲਈ ਪਿਆਰ ਨਹੀਂ ਹੈ ਤਾਂ ਉਸ ਨੂੰ ਮਿਰਤਕ ਹੀ ਸਮਝਣਾ ਚਾਹੀਦਾ ਹੈ।

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤ ਨਹੀ ਭਗਵੰਤ॥[89]

ਸਿੱਖ ਧਰਮ ਚਿੰਤਨ ਭਗਤੀ ਦੇ ਬਾਹਰੀ ਰੂਪ ਨੂੰ ਮਾਨਤਾ ਨਹੀਂ ਦਿੰਦਾ, ਜਿਸ ਵਿੱਚ ਪਖੰਡ ਜਾਂ ਲੋਕ-ਦਿਖਾਵਾ ਹੋਵੇ ਬਲਕਿ ਪ੍ਰਭੂ ਪ੍ਰੇਮ ਵਿੱਚ ਲੀਨ ਹੋ ਕੇ ਅੰਦਰੂਨੀ ਹਿਰਦੇ ਤੋਂ ਕੀਤੀ ਉਪਾਸਨਾ ਹੀ ਅਸਲੀ ਭਗਤੀ ਹੈ। "ਗੁਰੂ ਸਾਹਿਬਾਨ ਨੇ ਭਗਤੀ ਦਾ ਉਹ ਸਰੂਪ ਦਿੱਤਾ ਜਿਹੜਾ ਭਾਰਤੀਆਂ ਦੀ ਅਨੇਕਤਾ ਨੂੰ ਏਕਤਾ ਵਿੱਚ ਪਰੋਂਦਾ ਹੈ, ਸਤਿਹੀਣ ਹੋਈ ਜ਼ਿੰਦਗੀ ਨੂੰ ਸਤਿ-ਸ਼ਕਤੀ ਪ੍ਰਦਾਨ ਕਰਦਾ ਹੈ, ਪ੍ਰੇਮਹੀਣ ਹੋਈ ਖੁਸ਼ਕ ਜ਼ਿੰਦਗੀ ਨੂੰ ਸਾਂਝੀ ਪੱਧਰ ਤੇ ਆਦਰਸ਼ਕ ਜ਼ਿੰਦਗੀ ਜਿਉਣ ਦਾ ਬਲ ਬਖਸ਼ਦਾ ਹੈ। ਅਣਖਹੀਨ ਹੋਈ ਮਨੁੱਖਤਾ ਨੂੰ ਇੱਜ਼ਤ ਤੇ ਗੈਰਤ ਦੀ ਜ਼ਿੰਦਗੀ ਜਿਉਣ ਦੀ ਵਿਧੀ ਵਿਧਾਨ ਸਿਖਾਉਂਦਾ ਹੈ। ਪਰ ਅਧੀਨਤਾ ਵਿਚੋਂ ਨਿੱਕਲਕੇ ਸੁਤੰਤਰ ਰਹਿਣ ਦਾ ਅਹਿਸਾਸ ਜਗਾਉਂਦਾ ਹੈ।"[90] ਮਨੁੱਖੀ ਸ਼ਖ਼ਸੀਅਤ ਦੀ ਘਾੜਤ ਘੜਨ ਅਤੇ ਜੀਵਨ ਮਕਸਦ ਦੀ ਪ੍ਰਾਪਤੀ ਵਿੱਚ ਗਿਆਨ ਮਾਰਗ, ਕਰਮ ਮਾਰਗ ਅਤੇ ਭਗਤੀ ਮਾਰਗ ਆਪਣਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ ਜਿਵੇਂ ਕਿ ਇਸ ਗੱਲ ਵਿੱਚ ਕੋਈ ਦੋ-ਰਾਇ ਨਹੀਂ ਹੈ ਕਿ ਹਰੇਕ ਧਰਮ ਆਪਣੇ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਕਿਸੇ ਇੱਕ ਮਾਰਗ 'ਤੇ ਜ਼ੋਰ ਦਿੰਦਾ ਹੈ। ਪ੍ਰੰਤੂ ਸਿੱਖ ਧਰਮ ਇਹ ਤਿੰਨੇ ਮਾਰਗ ਹੀ ਬਰਾਬਰ ਦੀ ਮਹੱਤਤਾ ਦੇ ਧਾਰਨੀ ਹਨ। ਜਿਵੇਂ ਕਿ ਪਰਮਾਤਮਾ ਦੀ ਪ੍ਰਾਪਤੀ ਲਈ ਭਗਤੀ ਨੂੰ ਸਰਵ-ਉੱਚ ਸਾਧਨ ਮੰਨਿਆ ਗਿਆ ਹੈ। ਇਸ ਦੇ ਨਾਲ਼ ਹੀ ਭਗਤੀ ਭਾਵਨਾ ਵਾਲ਼ੀ ਬਿਰਤੀ ਲਈ ਮਨੁੱਖ ਦੁਆਰਾ ਜੀਵਨ ਵਿੱਚ ਸ਼ੁਭ ਕਰਮਾਂ ਦਾ ਕੀਤੇ ਜਾਣਾ ਵੀ ਲਾਜ਼ਮੀ ਹੈ ਜਿਸ ਦੀ ਸੋਝੀ ਲਈ ਗਿਆਨ ਮਨੁੱਖ ਦੀ ਸਹਾਇਤਾ ਕਰਦਾ ਹੈ। ਸਿੱਖ ਧਰਮ ਨੇ ਆਦਰਸ਼ ਮਨੁੱਖੀ ਸ਼ਖ਼ਸੀਅਤ ਦੀ ਪ੍ਰਾਪਤੀ ਲਈ ਧਰਮ ਦੇ ਤਿੰਨ ਅੰਗਾਂ (ਗਿਆਨ, ਕਰਮ ਤੇ ਭਾਵ) ਨੂੰ ਅਨਿੱਖੜਵੇਂ ਅਤੇ ਜ਼ਰੂਰੀ ਅੰਗ ਸਵੀਕਾਰ ਕੀਤਾ ਹੈ। "ਭਗਤੀ 'ਪਰਮਾਤਮਾ ਪ੍ਰਤੀ ਨਿਸ਼ਕਾਮ ਸੇਵਾ' ਹੈ ਅਤੇ ਇਹ ਕਰਮ ਦਾ ਹੀ ਰੂਪ ਹੈ, ਜਿਸਦੀ ਪ੍ਰਾਪਤੀ ਗਿਆਨ ਬਿਨ੍ਹਾਂ

---

[89] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 253

[90] ਜੋਗਿੰਦਰ ਸਿੰਘ, ਸ੍ਰੀ ਗੁਰੂ ਗ੍ਰੰਥ ਦਰਪਣ, ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ, 1966, ਪੰਨਾ 58

ਸੰਭਵ ਨਹੀਂ ਹੈ। ਜਦੋਂ ਭਗਤੀ ਸੰਪੂਰਨ ਹੁੰਦੀ ਹੈ ਤਾਂ ਜੀਵ ਪਰਮਾਤਮਾ ਨਾਲ਼ ਆਤਮਿਕ ਤੌਰ ਤੇ ਇੱਕਮਿਕਤਾ ਪ੍ਰਾਪਤ ਕਰ ਲੈਂਦਾ ਹੈ।"[91]

ਸਿੱਖ ਧਰਮ ਅਨੁਸਾਰ ਮਨੁੱਖ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਅਤੇ ਸਚਿਆਰ ਹੋਣ ਲਈ ਆਪਣੀ ਸ਼ਖ਼ਸੀਅਤ ਦਾ ਸਰਵ-ਪੱਖੀ ਵਿਕਾਸ ਕਰਕੇ ਬੌਧਿਕ, ਭਾਵਕ ਅਤੇ ਕ੍ਰਿਆਤਮਕ ਕੰਮਾਂ ਰਾਹੀਂ ਆਪਣੇ ਆਦਰਸ਼ (ਸਚਿਆਰਾ ਅਤੇ ਸੱਚਾ ਜੀਵਨ) ਵੱਲ ਵਧਣਾ ਹੈ। ਗਿਆਨ ਦੁਆਰਾ ਪ੍ਰਦਾਨ ਕੀਤੀ ਗਈ ਆਤਮ-ਸੂਝ ਰਾਹੀਂ ਸਚਿਆਰਾ ਮਨੁੱਖ ਪਰਮਾਤਮਾ ਨਾਲ਼ ਇੱਕਮਿਕਤਾ ਪ੍ਰਾਪਤ ਕਰਨ ਦੇ ਯੋਗ ਹੋ ਜਾਂਦਾ ਹੈ। ਅਜਿਹੇ ਮਨੁੱਖ ਦੀ ਸਿਰਜਣਾ ਹੀ ਧਰਮ ਦਾ ਮੁੱਖ ਮਕਸਦ ਹੈ। ਇਸ ਤੋਂ ਇਲਾਵਾ ਸਿੱਖ ਧਰਮ ਵਿੱਚ ਗੁਰੂ ਸਾਹਿਬ ਨੇ ਵੰਡ ਛਕਣ ਦੇ ਸਿਧਾਂਤ ਉੱਤੇ ਵੀ ਜ਼ੋਰ ਦਿੱਤਾ ਹੈ। ਜਿਸ ਅਨੁਸਾਰ ਮਨੁੱਖ ਨੂੰ ਕੇਵਲ ਖ਼ੁਦ ਦਾ ਪੇਟ ਭਰਨ ਲਈ ਹੀ ਕੰਮ ਨਹੀਂ ਕਰਨਾ ਚਾਹੀਦਾ ਬਲਕਿ ਦੂਸਰਿਆਂ ਦੀ ਮੱਦਦ ਲਈ ਆਪਣੀ ਕਮਾਈ ਵਿੱਚੋਂ ਦਸਵੰਧ ਕੱਢਣਾ ਚਾਹੀਦਾ ਹੈ। ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਦੂਸਰਿਆਂ ਦੀ ਸਹਾਇਤਾ ਕਰੇ। ਜਿੱਥੇ ਵੰਡ ਛਕਣ ਨਾਲ ਮਨੁੱਖ ਦੀ ਕਮਾਈ ਵਿੱਚ ਬਰਕਤ ਹੁੰਦੀ ਹੈ, ਉੱਥੇ ਸਮਾਜ ਵਿੱਚ ਦੂਸਰਿਆਂ ਦਾ ਭਲਾ ਕਰਕੇ ਆਪਣਾ ਯੋਗਦਾਨ ਪਾਉਂਦਾ ਹੈ। "ਗੁਰਬਾਣੀ ਵਿੱਚ ਵੀ ਨੇਕ ਤੇ ਸੁੱਚੀ ਕਿਰਤ ਕਰਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਕੀਤੀ ਗਈ ਕਿਰਤ ਵਿੱਚੋਂ ਹੋਣ ਵਾਲ਼ੀ ਕਮਾਈ ਨੂੰ ਵੀ ਦੂਜਿਆਂ ਵਿੱਚ ਵੰਡ ਕੇ ਛਕਣ ਦਾ ਉਪਦੇਸ਼ ਹੈ ਤਾਕਿ ਕੋਈ ਭੁੱਖਾ ਨਾ ਰਹੇ ਅਤੇ ਮਨੁੱਖ ਮਾਇਆ ਦੀ ਬੇਲੋੜੀ ਦੌੜ ਵਿੱਚ ਪੈ ਕੇ ਦੂਜਿਆਂ ਨਾਲ਼ ਬੇਇਨਸਾਫ਼ੀ ਤੇ ਲੁੱਟ ਖਸੁੱਟ ਕਰਨ ਦੀ ਰੁਚੀ ਨੂੰ ਪਾਲਣ ਨਾ ਲਗ ਜਾਵੇ। ਜੇਕਰ ਉਹ ਆਪਣੀ ਕਿਰਤ ਵਿੱਚੋਂ ਕੁੱਝ ਦੂਜੇ ਨੂੰ ਦੇਣ ਦਾ ਸੁਭਾਅ ਬਣਾ ਲਏਗਾ ਤਾਂ ਉਸਨੂੰ ਇੱਕ ਖਾਸ ਪਰਕਾਰ ਦੀ ਸੰਤੁਸ਼ਟਤਾ ਮਿਲੇਗੀ, ਮਨੁੱਖੀ ਭਾਈਚਾਰੇ ਲਈ ਉਸਦੀ ਸਦ ਭਾਵਨਾ ਵਿਕਸਤ ਹੋਵੇਗੀ ਅਤੇ ਇਵੇਂ ਇੱਕ ਸਿਹਤਮੰਦ ਸਮਾਜ ਦੀ ਉਸਾਰੀ ਹੋਵੇਗੀ, ਨਵਾਂ ਵਿਕਾਸ ਤੇ ਵਿਗਾਸ ਹੋਵੇਗਾ ਅਤੇ ਆਤਮਿਕ ਜੀਵਨ ਨੂੰ ਵੀ ਪ੍ਰਫੁੱਲਤ ਹੋਣ ਦੇ ਅਵਸਰ ਪਰਦਾਨ ਹੋਣਗੇ।"[92] ਆਪਣੀ ਨੇਕ ਕਮਾਈ ਵਿੱਚੋਂ ਦੂਜਿਆਂ ਦੀ ਸਹਾਇਤਾ ਕਰਨ ਵਾਲ਼ਾ ਮਨੁੱਖ

---

91 Chander Dhar Sharma, A Critical Survey of Indian Philosophy, Rider and co, London, 1960, P, 36.

92 ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.) ਲੁਧਿਆਣਾ, 2007, 77

ਸਦਾ ਚੜ੍ਹਦੀਕਲਾ ਵਿੱਚ ਰਹਿੰਦਾ ਹੈ। ਉਸ ਦੇ ਦਿਲ ਵਿੱਚ ਦੂਜਿਆਂ ਪ੍ਰਤੀ ਸਨੇਹ, ਪਿਆਰ, ਤਰਸ, ਭਰਾਤਰੀਭਾਵ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ਜਿਸ ਨਾਲ਼ ਉਸ ਦੀ ਸ਼ਖ਼ਸੀਅਤ ਚੰਗੇ ਗੁਣਾਂ ਨਾਲ਼ ਭਰਪੂਰ ਹੋ ਕੇ ਦੂਜਿਆਂ ਨੂੰ ਵੀ ਭਲੇ ਕਰਮ ਲਈ ਪ੍ਰੇਰਦੀ ਹੈ। "ਕਿਰਤ ਕਰਕੇ ਫਿਰ ਵੰਡ ਛਕਣ ਨਾਲ਼ ਜਿੱਥੇ ਮਨ ਨੂੰ ਸ਼ਾਂਤੀ ਮਿਲਦੀ ਹੈ, ਭਰਾਤਰੀ ਭਾਵ ਵਿਕਸਤ ਹੁੰਦਾ ਹੈ, ਸੱਭਿਆਚਾਰਕ ਜੀਵਨ ਵਿੱਚ ਨੇਕ ਕੀਮਤਾਂ ਕਦਰਾਂ ਨੂੰ ਬਲ ਪਰਦਾਨ ਹੁੰਦਾ ਹੈ ਉੱਥੇ ਅਜਿਹੇ ਵੰਡ ਛਕਣ ਵਾਲ਼ੇ ਕਿਰਤੀ ਦਾ ਅੱਗਾ ਵੀ ਸੰਵਰਦਾ ਹੈ।"[93] ਮਨੁੱਖ ਨੂੰ ਆਪਣੇ ਆਪ ਅਤੇ ਪਰਿਵਾਰ ਦੀ ਪਾਲਣਾ ਕਰਨ ਲਈ ਕੋਈ ਨਾ ਕੋਈ ਕੰਮ ਕਰਨਾ ਪੈਂਦਾ ਹੈ। ਇਸ ਲਈ ਉਸ ਨੂੰ ਹੱਕ ਸੱਚ ਦੀ ਕਮਾਈ (ਦਸਾਂ ਨਹੁੰਆਂ ਦੀ ਕਿਰਤ) ਕਰਨੀ ਚਾਹੀਦੀ ਹੈ ਜਿਸ ਨੂੰ ਖ਼ੂਨ-ਪਸੀਨੇ ਦੀ ਕਮਾਈ ਵੀ ਕਿਹਾ ਜਾਂਦਾ ਹੈ।

ਜੋ ਵਿਅਕਤੀ ਮਿਹਨਤ ਕਰਕੇ ਇਮਾਨਦਾਰੀ ਨਾਲ ਆਪਣੀ ਜ਼ਿੰਦਗੀ ਬਤੀਤ ਕਰਦਾ ਹੈ ਉਹ ਕਦੇ ਵੀ ਪੈਸਾ ਜਾਂ ਧਨ ਇਕੱਠਾ ਕਰਨ ਲਈ ਗਲਤ ਕੰਮਾਂ ਦਾ ਸਹਾਰਾ ਨਹੀਂ ਲੈਂਦਾ। ਅਜਿਹਾ ਵਿਅਕਤੀ ਪ੍ਰਭੂ ਦੀ ਰਜ਼ਾ ਵਿੱਚ ਰਹਿੰਦਾ ਹੋਇਆ ਆਪਣਾ ਜੀਵਨ ਬਸਰ ਕਰਦਾ ਹੈ। ਜਿਸ ਵਿੱਚੋਂ ਉਸ ਨੂੰ ਆਤਮਿਕ ਸੰਤੁਸ਼ਟੀ ਮਿਲਦੀ ਹੈ। ਸਿੱਖ ਧਰਮ ਮਨੁੱਖ ਨੂੰ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਮਨੁੱਖ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੇ ਚੰਗੇ ਅਤੇ ਮਾੜੇ ਕਰਮ ਕਰਦਾ ਹੈ ਜਿਨ੍ਹਾਂ ਵਿੱਚੋਂ ਉਸ ਦੀ ਸ਼ਖ਼ਸੀਅਤ ਦੀ ਝਲਕ ਮਿਲਦੀ ਹੈ। ਸਿੱਖ ਧਰਮ ਅਨੁਸਾਰ ਜਿਹੜਾ ਵਿਅਕਤੀ ਆਪਣੇ ਨਿਤਾਪ੍ਰਤੀ ਦੇ ਕਰਮ ਇਮਾਨਦਾਰੀ ਨਾਲ ਬਿਨ੍ਹਾਂ ਕਿਸੇ ਦਾ ਨੁਕਸਾਨ ਕੀਤੇ ਕਰਦਾ ਹੈ ਜਿੱਥੇ ਉਸਨੇ ਮਾਨਸਿਕ ਤਸੱਲੀ ਮਿਲਦੀ ਹੈ ਉੱਥੇ ਸਮਾਜ ਵਿੱਚ ਵੀ ਮਾਣ ਸਤਿਕਾਰ ਮਿਲਦਾ ਹੈ। ਜਿੱਥੇ ਆਪਣੇ ਕਰਮ ਨੂੰ ਮਿਹਨਤ  ਨਾਲ਼ ਕਰਨ ਵਾਲਾ ਮਨੁੱਖ ਸਰੀਰਕ ਤੌਰ ਤੇ ਵੀ ਰਿਸ਼ਟ-ਪੁਸ਼ਟ ਰਹਿੰਦਾ ਹੈ, ਉਥੇ ਅਜਿਹੇ ਮਨੁੱਖ ਨੂੰ ਮਾਨਸਿਕ ਤ੍ਰਿਪਤੀ ਵੀ ਪ੍ਰਾਪਤ ਹੁੰਦੀ ਹੈ। ਜਿਸ ਵਿਅਕਤੀ ਦਾ ਸਰੀਰ ਅਤੇ ਮਨ ਦੋਵੇਂ ਤੰਦਰੁਸਤ ਹਨ ਉਹ ਜਿਸ ਵੀ ਰਾਸਤੇ 'ਤੇ ਤੁਰਦਾ ਹੈ ਸਫਲਤਾ ਉਸ ਦੇ ਪੈਰ ਚੁੰਮਦੀ ਹੈ।

---

[93] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.) ਲੁਧਿਆਣਾ, 2007, ਪੰਨਾ 77

ਗੁਰੂ ਸਾਹਿਬ ਪਹਿਲੇ ਅਧਿਆਤਮਿਕ ਆਗੂ ਸਨ ਜਿਨ੍ਹਾਂ ਨੇ ਸਮਾਜਿਕ ਬਰਾਬਰੀ ਦੀ ਗੱਲ ਕੀਤੀ। ਊਚ-ਨੀਚ ਅਤੇ ਜਾਤ-ਪਾਤ ਦਾ ਖੰਡਨ ਕਰਕੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਸਾਰੇ ਮਨੁੱਖ ਉਸ ਪਰਮਾਤਮਾ ਤੋਂ ਪੈਦਾ ਹੋਏ ਹਨ। ਸਾਰਿਆਂ ਵਿੱਚ ਉਸ ਪ੍ਰਭੂ ਦੀ ਜੋਤ ਹੀ ਜਗ ਰਹੀ ਹੈ। ਇਸ ਤਰ੍ਹਾਂ ਕੋਈ ਵੀ ਮਨੁੱਖ ਵੱਡਾ ਜਾਂ ਛੋਟਾ ਨਹੀ ਹੈ। ਮਨੁੱਖ ਆਪਣੇ ਕਰਮਾਂ ਨਾਲ਼ ਵੱਡਾ ਜਾਂ ਛੋਟਾ ਬਣਦਾ ਹੈ। ਪ੍ਰਭੂ ਦੀ ਦਰਗਾਹ ਵਿੱਚ ਮਨੁੱਖ ਦੇ ਕਰਮਾਂ ਨਾਲ਼ ਉਸ ਦਾ ਨਿਬੇੜਾ ਹੋਣਾ ਹੈ। ਇਸ ਲਈ ਕੋਈ ਜਾਤ ਵੱਡੀ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਇੱਕ ਚੰਗੇ ਸਮਾਜ ਦੇ ਨਿਰਮਾਣ ਲਈ ਮਨੁੱਖ ਨੂੰ ਮਨੁੱਖ ਨਾਲ਼ ਇਨਸਾਨੀਅਤ ਦੇ ਰਿਸ਼ਤੇ ਲਈ ਪ੍ਰੇਰਿਆ। ਜਾਤ-ਪਾਤ, ਊਚ-ਨੀਚ ਅਤੇ ਗਰੀਬ-ਅਮੀਰ ਦੇ ਸੰਕਲਪ ਦਾ ਖੰਡਨ ਕੀਤਾ। "ਉਹ ਨਿਰਭਉ ਤੇ ਨਿਰਵੈਰ ਮਨੁੱਖੀ ਬਰਾਬਰੀ ਤੇ ਭਰੱਪਣ ਵਾਲ਼ਾ ਐਸਾ ਸਮਾਜ ਉਸਾਰਣਾ ਚਾਹੁੰਦੇ ਸਨ, ਜਿਸ ਵਿੱਚ ਊਚ-ਨੀਚ, ਹਾਕਮ ਤੇ ਮਹਿਕੂਮ, ਜ਼ਾਲਮ ਤੇ ਮਜ਼ਲੂਮ, ਅਮੀਰ ਤੇ ਗਰੀਬ, ਹਿੰਦੂ ਤੇ ਮੁਸਲਮਾਨ ਦੇ ਫਰਕ ਤੇ ਵਿਤਕਰੇ ਮਿਟ ਜਾਣ ਤੇ ਇਨ੍ਹਾਂ ਤ੍ਰੇੜਾਂ ਨਾਲ਼ ਤਿੜਕੇ ਹੋਏ ਸਮਾਜ ਦੀਆਂ ਤ੍ਰੇੜਾਂ ਮੇਲ ਇਕ ਅਜਿਹਾ ਸਾਂਝਾ ਭਾਈਚਾਰਾ ਉਸਾਰਿਆ ਜਾਵੇ, ਜਿਸ ਵਿੱਚੋਂ ਮਨੁੱਖੀ ਲੁੱਟ-ਖਸੁੱਟ ਖਤਮ ਹੋ ਜਾਵੇ ਅਤੇ ਸਮਾਜ ਨਿਰਭਉ ਤੇ ਨਿਰਵੈਰ ਦੀ ਧਾਰਨਾ ਵਿੱਚ ਢਲ ਜਾਵੇ ਤਾਂ ਜੁ ਇੱਕ ਦੂਸਰੇ ਦਾ ਸਤਿਕਾਰ ਆਪਣੇ ਆਪ ਪੈਦਾ ਹੋਵੇ। ਐਸੇ ਸਮਾਜ ਦਾ ਧੁਰਾ ਕੇਵਲ ਧਰਮ ਹੀ ਹੋਵੇ ਅਤੇ ਇਸ ਦਾ ਆਧਾਰ ਮਿਹਨਤ ਤੇ ਕਿਰਤ ਦੁਆਰਾ ਉਸਾਰਿਆ ਆਰਥਿਕ ਪਸਾਰਾ ਹੋਵੇ।"[94] ਸਿੱਖ ਧਰਮ ਅਨੁਸਾਰ ਪ੍ਰਭੂ 'ਤੇ ਵਿਸ਼ਵਾਸ ਕਰਨ ਵਾਲਾ ਮਨੁੱਖ ਆਪਣੇ ਕਰਮਾਂ ਨੂੰ ਫਰਜ਼ ਦੇ ਆਧਾਰ ਤੇ ਕਰਦਾ ਹੈ। ਜਿਸ ਨਾਲ ਉਸ ਦੇ ਮਨ ਵਿੱਚ ਆਪਣਾ ਕੰਮ ਇਮਾਨਦਾਰੀ ਅਤੇ ਖੁਸ਼ੀ ਨਾਲ ਕਰਨ ਦਾ ਚਾਉ ਹੁੰਦਾ ਹੈ। ਅਜਿਹਾ ਮਨੁੱਖ ਕਦੇ ਵੀ ਅਣਮੰਨੇ ਮਨ ਨਾਲ ਆਪਣਾ ਕੰਮ ਨਹੀਂ ਕਰਦਾ ਬਲਕਿ ਉਸ ਵਿੱਚ ਉਤਸੁਕਤਾ ਅਤੇ ਖੁਸ਼ੀ ਹੁੰਦੀ ਹੈ। ਜਦ ਮਨੁੱਖ ਬਿਨ੍ਹਾਂ ਕਿਸੇ ਲਾਲਚ ਤੋਂ ਦਿਲ ਲਗਾ ਕੇ ਕੰਮ ਕਰਦਾ ਹੈ ਤਾਂ ਉਸ ਦੇ ਨਤੀਜ਼ੇ ਵੀ ਬਹੁਤ ਚੰਗੇ ਮਿਲਦੇ ਹਨ। ਦੂਸਰੇ ਪਾਸੇ ਬੇਈਮਾਨੇ ਦੀ ਕਮਾਈ ਕਦੇ ਫ਼ਲਦੀ ਨਹੀਂ ਅਤੇ ਨਾ ਹੀ ਅਜਿਹਾ ਵਿਅਕਤੀ ਕਦੇ ਚੈਨ ਦੀ ਜ਼ਿੰਦਗੀ ਬਤੀਤ ਕਰ ਸਕਦਾ ਹੈ।। ਮਨੁੱਖ ਦੀ ਇਹ ਫਿਤਰਤ ਹੈ ਕਿ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੁਆਰਾ ਕੁੱਝ

---

[94] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫਾਉਂਡੇਸ਼ਨ ਨਵੀਂ ਦਿੱਲੀ, ਪੰਨਾ 17

ਗਲਤ ਹੋਇਆ ਹੈ ਅਤੇ ਜਿਸ ਦਾ ਨਤੀਜ਼ਾ ਵੀ ਬੁਰਾ ਹੋਵੇਗਾ। ਤਦ ਉਹ ਆਪਣੇ ਕਰਮਾਂ ਵਿੱਚ ਸੁਧਾਰ ਕਰਕੇ ਪਿਛਲੇ ਕੀਤੇ ਦਾ ਪਛਤਾਵਾ ਕਰਦਾ ਹੈ ਅਤੇ ਚੰਗਿਆਈ ਵੱਲ ਜਾਣ ਵਾਲੇ ਰਸਤੇ ਵੱਲ ਨੂੰ ਵਧਦਾ ਹੈ।

ਧਰਮ ਮਨੁੱਖ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਦੀ ਪ੍ਰੇਰਨਾ ਦਿੰਦਾ ਹੈ ਤਾਂ ਜੋ ਮਨੁੱਖ ਆਪਣਾ ਜੀਵਨ ਸਾਫ-ਸੁਥਰਾ ਬਤੀਤ ਕਰ ਸਕੇ। ਮਨੁੱਖ ਨੇ ਆਪਣੇ ਕੰਮ ਨੂੰ ਪੂਰੀ ਇਮਾਨਦਾਰੀ ਨਾਲ਼ ਕਰਨਾ ਹੈ, ਜਿਸ ਦੌਰਾਨ ਕਿਸੇ ਹੋਰ ਮਨੁੱਖ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਕਿਰਤ ਜਾਂ ਹੱਥੀ ਕੀਤੀ ਮਿਹਨਤ ਜੋ ਇਮਾਨਦਾਰੀ ’ਤੇ ਅਧਾਰਿਤ ਹੋਵੇ, ਜਿਸ ਦਾ ਮਕਸਦ ਆਪਣਾ ਜੀਵਨ ਨਿਰਬਾਹ ਕਰਨਾ, ਪਰਿਵਾਰ ਦੀ ਪਾਲਣਾ ਕਰਨੀ ਅਤੇ ਲੋੜਵੰਦ ਦੀ ਸਹਾਇਤਾ ਕਰਨੀ ਹੋਵੇ। ਧਰਮ ਇਸ ਨੂੰ ਸੁੱਚੀ ਕਿਰਤ ਕਹਿੰਦਾ ਹੈ। “ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਕਿਰਤ ਮਨੁੱਖੀ ਜੀਵਨ ਦਾ ਸਭ ਤੋਂ ਵੱਧ ਕੀਮਤੀ ਪਦਾਰਥ ਹੈ। ਗੁਰਬਾਣੀ ਅਨੁਸਾਰ ਕਿਸੇ ਵੀ ਮਨੁੱਖ ਦੇ ਸਰੀਰਕ, ਮਾਨਸਿਕ ਅਤੇ ਆਤਮਿਕ ਗੁਣਾਂ ਦਾ ਅੰਦਾਜ਼ਾ ਉਸ ਵੱਲੋਂ ਕੀਤੀ ਕਿਰਤ ਤੋਂ ਹੀ ਲਗਾਇਆ ਜਾ ਸਕਦਾ ਹੈ। ਸੱਚੀ-ਸੁੱਚੀ ਕਿਰਤ ਮਨੁੱਖ ਨੂੰ ਅਨਮੋਲ ਰਤਨ ਬਣਾ ਦਿੰਦੀ ਹੈ ਅਤੇ ਇਸ ਕਾਰਨ ਮਨੁੱਖ ਦਾ ਸੰਪੂਰਨ ਤੇ ਸਰਵ-ਪੱਖੀ ਵਿਕਾਸ ਹੁੰਦਾ ਹੈ।”[95] ਜਿਸ ਕੰਮ ਦੇ ਕਰਨ ਨਾਲ਼ ਦੂਜਿਆਂ ਦਾ ਨੁਕਸਾਨ ਹੋਵੇ ਜਾਂ ਸਿਰਫ ਆਪਣੇ ਫਾਇਦੇ ਨੂੰ ਹੀ ਵੇਖਿਆ ਗਿਆ ਹੋਵੇ ਜਿਸ ਕਰਮ ਪਿੱਛੇ ਪੈਸੇ ਦੀ ਪ੍ਰਾਪਤੀ, ਲਾਲਚ, ਵੱਧ ਤੋਂ ਵੱਧ ਪਦਾਰਥਕ ਸੁੱਖ ਦੀ ਪ੍ਰਾਪਤੀ ਨੂੰ ਹੀ ਸਾਹਮਣੇ ਰੱਖਿਆ ਗਿਆ ਹੋਵੇ। ਅਜਿਹੇ ਕਰਮ ਨੂੰ ਸੁੱਚੀ ਕਿਰਤ ਨਹੀਂ ਕਿਹਾ ਜਾ ਸਕਦਾ। “ਅਜਿਹੀ ਕਿਰਤ ਜਿਹੜੀ ਸੱਚ ਤੇ ਅਧਾਰਤ ਹੋਵੇ ਅਤੇ ਉਸ ਤੋਂ ਦੂਜੇ ਦੀ ਸੰਤੁਸ਼ਟਤਾ ਵੀ ਜੁੜੀ ਹੋਈ ਹੋਵੇ, ਸਹੀ ਅਰਥਾਂ ਵਿੱਚ ਖੁਸ਼ੀ ਦੇਣ ਵਾਲ਼ੀ ਕਿਰਤ ਹੈ ਜਿਸਦੇ ਕਰਨ ਨਾਲ਼ ਮਨੁੱਖ ਨੂੰ ਆਪਣੇ ਅੰਦਰਲੇ ਗੁਣਾਂ ਨੂੰ ਪ੍ਰਗਟਾਉਣ ਅਤੇ ਆਪਣੀ ਹਸਤੀ ਨੂੰ ਪੂਰੀ ਤਰ੍ਹਾਂ ਨਿਖਾਰਨ ਦਾ ਵੀ ਅਵਸਰ ਪ੍ਰਾਪਤ ਹੁੰਦਾ ਹੈ। ਲਾਲਚ ਤੇ ਅਧਾਰਤ ਕਿਰਤ ਨੂੰ ਗੁਰਬਾਣੀ ਵਿੱਚ ਅਪਰਵਾਨ ਕੀਤਾ ਗਿਆ ਹੈ।”[96] ਨਿਜੀ ਲਾਭ ਨੂੰ ਪਹਿਲ ਦੇ ਆਧਾਰ ’ਤੇ ਰੱਖ ਕੇ ਕਿਸੇ ਹੋਰ ਨੂੰ ਹਾਨੀ ਪਹੁੰਚਾਉਣ ਦੀ ਭਾਵਨਾ ਦਾ ਸਿੱਖ ਧਰਮ ਵਿੱਚ ਖੰਡਨ ਕੀਤਾ ਗਿਆ ਹੈ ਜਿਸ ਦੀ ਉਦਾਹਰਣ ਸਾਨੂੰ ਗੁਰੂ ਸਾਹਿਬਾਨ ਦੇ

[95] ਡਾ. ਕੁਲਵੰਤ ਸਿੰਘ, ਕਿਰਤ ਤੇ ਧਰਮ, ਅਮਨ ਪ੍ਰਕਾਸ਼ਨ, ਬਰਨਾਲਾ, 2013, ਪੰਨਾ 41

[96] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.) ਲੁਧਿਆਣਾ, 2007, ਪੰਨਾ 77

ਜੀਵਨ ਤੋਂ ਭਲੀ-ਭਾਂਤ ਮਿਲਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਾਹਿਬਾਨ ਨੇ ਆਪਣਾ ਸਾਰਾ ਜੀਵਨ ਹੀ ਲੋਕਾਈ ਨੂੰ ਸਮਰਪਿਤ ਕੀਤਾ ਹੋਇਆ ਸੀ। ਗੁਰੂ ਸਾਹਿਬਾਨ ਨੇ ਹਮੇਸ਼ਾਂ ਹੀ ਲੋਕਾਂ ਦੀ ਭਲਾਈ ਨੂੰ ਪਹਿਲ ਦਿੱਤੀ ਹੈ। ਸਿੱਖ ਧਰਮ ਦੀ ਇਹ ਵਿਲੱਖਣਤਾ ਹੈ ਕਿ ਇਸ ਵਿੱਚ ਨਿੱਜ ਦੀ ਥਾਂ ਦੂਜਿਆਂ ਦੀ ਭਲਾਈ ਨੂੰ ਪਹਿਲ ਦਿੱਤੀ ਜਾਂਦੀ ਹੈ। ਸੋ ਧਰਮ ਸਾਨੂੰ ਚੰਗੇ ਕੰਮ ਕਰਨ ਲਈ ਪ੍ਰੇਰਦਾ ਹੈ।

ਧਰਮ ਦੇ ਰਾਸਤੇ ਉੱਤੇ ਚੱਲਣ ਵਾਲੇ ਦੇ ਜ਼ਿੰਦਗੀ ਜਿਉਣ ਦੇ ਤੌਰ-ਤਰੀਕੇ ਹੀ ਬਦਲ ਜਾਂਦੇ ਹਨ। ਉਸ ਨੂੰ ਸਾਰੀ ਕਾਇਨਾਤ ਚੰਗੀ ਲਗਦੀ ਹੈ। ਧਰਮ ਮਨੁੱਖ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਇਹ ਸਾਰੀ ਕਾਇਨਾਤ ਪਰਮਾਤਮਾ ਨੇ ਸਾਰੇ ਜੀਵਾਂ ਲਈ ਬਣਾਈ ਹੈ ਜਿੱਥੇ ਮਨੁੱਖ ਸਮੇਤ ਸਾਰੇ ਜੀਵ-ਜੰਤੂਆਂ ਨੇ ਰਲ਼-ਮਿਲ ਕੇ ਰਹਿਣਾ ਹੈ ਜਦ ਸਾਰੀ ਰਚਨਾ ਹੀ ਉਸ ਵਾਹਿਗੁਰੂ ਜੀ ਦੀ ਰਚੀ ਹੋਈ ਹੈ। ਕੁਦਰਤ ਅਤੇ ਜੀਵ-ਜੰਤੂ ਵੀ ਇਸ ਰਚਨਾ ਦਾ ਹੀ ਹਿੱਸਾ ਹਨ ਜਿਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਕੁਦਰਤੀ ਵਾਤਾਵਰਣ ਵਿੱਚ ਜ਼ਿੰਦਗੀ ਜਿਉਣ ਦਾ ਪੂਰਾ ਹੱਕ ਹੈ। ਅਜਿਹੀ ਸੋਚ ਬਣ ਜਾਣ ਨਾਲ ਮਨੁੱਖ ਦੀਆਂ ਕੁਦਰਤ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀਆਂ ਵੱਧ ਜਾਂਦੀਆ ਹਨ ਜਿਸ ਨਾਲ ਵਾਤਾਵਰਣ ਪ੍ਰਤੀ ਸੁਹਿਰਦਤਾ ਨਾਲ ਸੋਚ ਕੇ ਇਸ ਨੂੰ ਬਚਾਉਣ ਲਈ ਕੋਸ਼ਿਸ਼ ਕਰਦਾ ਹੈ। ਗੁਰਮਤਿ ਅਨੁਸਾਰ ਪਰਮਾਤਮਾ ਕੁਦਰਤ ਦੇ ਜ਼ੱਰੇ-ਜ਼ੱਰੇ ਵਿੱਚ ਸਮਾਇਆ ਹੋਇਆ ਹੈ। ਇਸ ਲਈ ਕੁਦਰਤ ਦਾ ਮਨੁੱਖੀ ਜੀਵਨ ਵਿੱਚ ਅਹਿਮ ਸਥਾਨ ਹੈ। ਗੁਰੂ ਸਾਹਿਬ ਕੁਦਰਤ ਦੀ ਰਚਨਾ ਬਾਰੇ ਫੁਰਮਾਉਂਦੇ ਹਨ :

ਆਪੀਨੈ ਆਪ ਸਾਜਿਉ, ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥[97]

"ਕਾਦਰ ਕਿਉਂਕਿ ਕਣ-ਕਣ ਵਿੱਚ ਸਮਾਇਆ ਹੋਇਆ ਹੈ ਅਤੇ ਉਸ ਦਾ ਜਲਵਾ ਕੁਦਰਤ ਦੇ ਪ੍ਰਗਟ ਰੂਪ ਵਿੱਚੋਂ ਉਜਾਗਰ ਹੁੰਦਾ ਹੈ, ਇਸੇ ਲਈ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਜਦੋਂ ਰੱਬੀ ਅਨੁਭਵ ਦਾ, ਜੀਵਾਤਮਾ-ਪਰਮਾਤਮਾ ਦੇ ਮੇਲ ਵਿਛੋੜੇ ਦਾ ਜ਼ਿਕਰ ਆਉਂਦਾ ਹੈ ਤਾਂ ਇਸ ਦਾ ਸਪੱਸ਼ਟ ਵਿਸਥਾਰ ਕੁਦਰਤ

[97] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463

ਦੀ ਸਮੱਗਰੀ ਵਿੱਚੋਂ ਹੀ ਭਿੰਨ-ਭਿੰਨ ਉਦਾਹਰਣਾ ਤੇ ਸੰਕੇਤ ਵਰਤ ਕੇ ਕੀਤਾ ਹੁੰਦਾ ਹੈ। ਉੱਥੇ ਇਹ ਸਿੱਧ ਹੁੰਦਾ ਹੈ ਕਿ ਰਹੱਸ- ਅਨੁਭਵ ਕੁਦਰਤ ਨਾਲੋਂ ਟੁੱਟਿਆ ਹੋਇਆ ਕੋਈ ਵੱਖਰਾ ਅਤੇ ਅਲੌਕਿਕ ਚਮਤਕਾਰ ਨਹੀਂ। ਜਿਵੇਂ ਬੂੰਦ ਵਿੱਚੋਂ ਸਾਗਰ ਤੱਕਿਆ ਜਾ ਸਕਦਾ ਹੈ, ਉਵੇਂ ਕੁਦਰਤ ਵਿੱਚੋਂ ਕਾਦਰ ਦਾ ਦੀਦਾਰ ਹੁੰਦਾ ਹੈ।"[98] ਕੁਦਰਤ ਦਾ ਮਨੁੱਖ ਦੀ ਚੰਗੀ ਅਤੇ ਸੁਖਾਵੀਂ ਜ਼ਿੰਦਗੀ ਜਿਉਣ ਵਿੱਚ ਬਹੁਤ ਵੱਡਾ ਰੋਲ ਹੁੰਦਾ ਹੈ। ਮਨੁੱਖ ਜਿੰਨਾ ਅਨੰਦ ਕੁਦਰਤੀ ਮਾਹੌਲ ਵਿੱਚੋਂ ਲੈਂਦਾ ਹੈ ਸ਼ਾਇਦ ਹੀ ਉਹ ਬਣਾਵਟੀ ਪ੍ਰਬੰਧ ਵਿੱਚ ਇੰਨੀ ਖੁਸ਼ੀ ਅਤੇ ਸੰਤੁਸ਼ਟੀ ਲੈ ਸਕਦਾ ਹੋਵੇ। "ਕੁਦਰਤ ਮਨੁੱਖ ਨੂੰ ਆਪਣੇ ਵਰਗਾ ਬਣਨ ਲਈ ਪ੍ਰੇਰਨਾ ਦਿੰਦੀ ਹੈ। ਜਦੋਂ ਸਮਾਜਿਕ ਜੀਵਨ ਗ਼ੈਰ-ਕੁਦਰਤੀ ਹੋਇਆ ਉਦੋਂ ਬਣਾਵਟੀਪਣ ਨੇ ਮਨੁੱਖਾ ਜੀਵਨ ਸਿਥਲ ਕਰ ਦਿੱਤਾ। ਕੁਦਰਤ ਨੇ ਖਿਮਾ ਕਰਨਾ ਅਤੇ ਸਹਿਣਸ਼ੀਲਤਾ-ਪੂਰਨ ਵਿਵਹਾਰ ਕਰਨਾ ਸਿਖਾਇਆ ਹੈ। ਕੁਦਰਤ ਨੇ ਮਨੁੱਖ ਨੂੰ ਸਥਿਰਤਾ ਅਤੇ ਗਤੀਸ਼ੀਲਤਾ ਦੋਵਾਂ ਦੇ ਮਹੱਤਵ ਤੋਂ ਜਾਣੂ ਕਰਵਾਇਆ ਹੈ। ਕੁਦਰਤ ਨੇ ਸੰਗੀਤ ਵੀ ਦਿੱਤਾ ਹੈ ਸੁਗੰਧੀ ਵੀ। ਕਦੀ ਨੀਲੀਆਂ ਘਟਾਵਾਂ ਝੁਕ-ਝੁਕ ਕੇ ਧਰਤੀ ਨੂੰ ਚੁੰਮਦੀਆਂ ਹਨ ਤੇ ਕਦੀ ਧਧਕਦਾ ਸੂਰਜ ਖੂਨ ਦੇ ਅੰਤਿਮ ਕਤਰੇ ਸੁਕਾ ਦੇਣ ਲਈ ਤਤਪਰ ਜਾਪਦਾ ਹੈ।"[99]

ਧਰਮ ਦੇ ਰਾਸਤੇ 'ਤੇ ਚੱਲਣ ਵਾਲਾ ਮਨੁੱਖ ਪਰਮਾਤਮਾ 'ਤੇ ਵਿਸ਼ਵਾਸ ਕਰਕੇ ਉਸ ਅੱਗੇ ਅਰਦਾਸ ਕਰਦਾ ਹੈ ਅਤੇ ਉਹ ਵਾਹਿਗੁਰੂ ਬੰਦੇ ਦੀ ਅਰਦਾਸ ਨੂੰ ਸੁਣ ਕੇ ਮਿਹਰ ਕਰਦਾ ਹੈ। ਪਾਵਨ ਗੁਰਬਾਣੀ ਦੁਆਰਾ ਕਈ ਜਗ੍ਹਾ 'ਤੇ ਇਹ ਨਿਰਣਾ ਕੀਤਾ ਗਿਆ ਹੈ ਕਿ ਉਹ ਵਾਹਿਗੁਰੂ ਆਪਣੇ ਸੇਵਕਾਂ ਦੀ ਅਰਦਾਸ ਕਬੂਲ ਕਰਦਾ ਹੈ। ਧਰਮ ਮਨੁੱਖ ਨੂੰ ਇਸ ਜ਼ਿੰਦਗੀ ਵਿੱਚ ਚੰਗੇ ਕਰਮ ਕਰਨ ਦੀ ਸਮਰੱਥਾ, ਹਿੰਮਤ, ਦੂਜਿਆਂ ਦੀ ਭਲਾਈ ਲਈ ਪਹਿਲ ਕਦਮੀਂ, ਸੱਚ ਦੇ ਰਾਸਤੇ ਉੱਤੇ ਚੱਲਣ ਲਈ ਮਾਰਗ ਦਰਸ਼ਨ, ਨਿਮਰਤਾ, ਸਹਿਣਸ਼ੀਲਤਾ ਅਤੇ ਭਰੋਸਾ ਦਾਨ ਆਦਿ ਲਈ ਅਕਾਲਪੁਰਖ ਅੱਗੇ ਅਰਦਾਸ ਕਰਨ ਲਈ ਪ੍ਰੇਰਦਾ ਹੈ। ਅਰਦਾਸ ਕਰਨ ਨਾਲ਼ ਜਿੱਥੇ ਕਰਮ ਕਰਨ ਲਈ ਹਿੰਮਤ ਅਤੇ ਬਲ ਮਿਲਦਾ ਹੈ, ਉੱਥੇ ਉਸ ਕੰਮ ਦੀ

---

[98] ਹਰਪਾਲ ਸਿੰਘ ਪੰਨੂ, ਗੁਰੂ ਨਾਨਕ ਦਾ ਕੁਦਰਤ-ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2002, ਪੰਨਾ 1

[99] ਉਹੀ, ਪੰਨਾ 29

ਸਫਲਤਾ ਲਈ ਪੱਕਾ ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਇਸ ਦੇ ਨਾਲ਼ ਹੀ ਇੱਕ ਉਤਸ਼ਾਹ ਵੀ ਬਣਿਆ ਰਹਿੰਦਾ ਹੈ। ਸ਼ਰਧਾ ਅਤੇ ਵਿਸ਼ਵਾਸ ਦਾ ਅਰਦਾਸ ਨਾਲ਼ ਡੂੰਘਾ ਰਿਸ਼ਤਾ ਹੈ ਕਿਉਂਕਿ ਅਰਦਾਸ ਕਰਨ ਸਮੇਂ ਮਨੁੱਖ ਦੀ ਉਸ ਵਾਹਿਗੁਰੂ ਅਕਾਲਪੁਰਖ ਪ੍ਰਤੀ ਸ਼ਰਧਾ ਅਤੇ ਉਸ ਵਿੱਚ ਪੂਰਨ ਤੌਰ ਤੇ ਭਰੋਸੇ ਦਾ ਹੋਣਾ ਬਹੁਤ ਜ਼ਰੂਰੀ ਹੈ। "ਅਰਦਾਸ ਕਰਨਾ ਇੱਕ ਅਤੀ ਸੂਖਮ ਤੇ ਪਵਿੱਤਰ ਕਰਮ ਹੈ ਇਸ ਲਈ ਅਰਦਾਸ ਕਰਨ ਲੱਗਿਆਂ ਆਪਣੀਆਂ ਸਾਰੀਆਂ ਬਿਰਤੀਆਂ ਨੂੰ ਇੱਕ ਕੇਂਦਰ ਬਿੰਦੂ ਤੇ ਲਿਆਉਣਾ ਜ਼ਰੂਰੀ ਹੈ ਤੇ ਇਸ ਕਾਰਜ ਵਿੱਚ ਕਾਹਲੀ ਵਰਤਣੀ ਉਚਿਤ ਨਹੀਂ ਤੇ ਨਾ ਹੀ ਇੱਕ ਰਸਮ ਪੂਰੀ ਕਰਕੇ ਅਰਦਾਸ ਨੂੰ ਇੱਕ ਕਾਰਜ ਸਮਝ ਕੇ ਸੰਪੰਨ ਕਰਨ ਦੀ ਭਾਵਨਾ ਦੀ ਹੀ ਲੋੜ ਹੈ। ਅਰਦਾਸ ਕਰਦੇ ਸਮੇਂ ਅਕਾਲਪੁਰਖ ਵੱਲ ਧਿਆਨ ਕੇਂਦਰਤ ਕਰਨਾ ਅਤੀ ਅਵੱਸ਼ਕ ਹੈ ਕਿਉਂਕਿ ਇਹ ਅਰਦਾਸ ਉਸ ਅੱਗੇ ਹੀ ਤਾਂ ਕਰਨੀ ਹੈ। ਇਹ ਅਰਦਾਸ ਪ੍ਰਭੂ ਦੇ ਅਤੁੱਟ ਪਿਆਰ, ਸਨੇਹ ਤੇ ਭਾਓ ਵਿੱਚ ਕਰਨੀ ਐਨ ਜ਼ਰੂਰੀ ਹੈ।"[100] ਉਸ ਅਕਾਲਪੁਰ ਵਾਹਿਗੁਰੂ ਜੀ ਦੀ ਵਡਿਆਈ ਨੂੰ ਕਥਨ ਨਹੀਂ ਕੀਤਾ ਜਾ ਸਕਦਾ। ਉਸ ਦੇ ਭਗਤਾਂ ਨੂੰ ਜਦ ਕਦੇ ਵੀ ਸਰੀਰਕ ਅਤੇ ਮਾਨਸਿਕ ਪਰੇਸ਼ਾਨੀ ਸੰਕਟ ਪੇਸ਼ ਆਇਆ ਤਾਂ ਉਹ ਵਾਹਿਗੁਰੂ ਹਮੇਸ਼ਾਂ ਰੱਖਿਆ ਕਰਦਾ ਆਇਆ ਹੈ। ਅਰਦਾਸ ਕਰਨ ਨਾਲ਼ ਹਮੇਸ਼ਾ ਸਾਕਾਰਾਤਮਿਕ ਨਤੀਜ਼ੇ ਮਿਲਦੇ ਹਨ। ਅਰਦਾਸ ਮਨੁੱਖ ਨੂੰ ਉਸ ਦੇ ਜੀਵਨ ਮਕਸਦ ਦੀ ਪ੍ਰਾਪਤੀ ਲਈ ਪ੍ਰੇਰਦੀ ਹੈ ਜਿਸ ਸਦਕਾ ਸਾਧਕ ਉਸ ਪ੍ਰਭੂ ਤੇ ਵਿਸ਼ਵਾਸ ਕਰਕੇ ਅਰਦਾਸ ਕਰਦਾ ਹੋਇਆ ਆਪਣੇ ਲਕਸ਼ ਦੀ ਪ੍ਰਾਪਤੀ ਕਰਦਾ ਹੈ। ਅਰਦਾਸ ਮਨੁੱਖ ਅੰਦਰ ਸਦਗੁਣ ਪੈਦਾ ਕਰਦੀ ਹੈ, ਉਸ ਅੰਦਰ ਦੂਜਿਆਂ ਪ੍ਰਤੀ ਇੱਜ਼ਤ, ਸਤਿਕਾਰ ਅਤੇ ਪਿਆਰ ਪੈਦਾ ਕਰਦੀ ਹੈ, ਜਿਸ ਸਦਕਾ ਮਨੁੱਖ ਦਾ ਮਨੁੱਖ ਨਾਲ਼ ਚੰਗਾ ਰਿਸ਼ਤਾ ਸਥਾਪਿਤ ਹੁੰਦਾ ਹੈ। ਧਰਮ ਇੱਕ ਕੇਂਦਰ ਬਿੰਦੂ ਹੈ ਜਿਸ ਅਤੇ ਇਕਾਗਰ ਹੋ ਕੇ ਮਨੁੱਖ ਆਪਣੇ ਲਕਸ਼ ਵੱਲ ਨੂੰ ਵੱਧ ਸਕਦਾ ਹੈ। ਧਰਮ ਤੋਂ ਬਿਨ੍ਹਾਂ ਮਨੁੱਖ ਆਪਣੇ ਅਸਲ ਨੂੰ ਨਹੀਂ ਸਮਝ ਸਕਦਾ। ਮਨੁੱਖ ਖੁਦ ਵਿੱਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਸਮਾਈ ਬੈਠਾ ਹੈ। ਇਨਸਾਨੀਅਤ ਮਨੁੱਖ ਦੀ ਸੱਭ ਤੋਂ ਵੱਡੀ

---

[100] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.), ਲੁਧਿਆਣਾ, 2007, ਪੰਨਾ 34-35

ਵਿਸ਼ੇਸ਼ਤਾ ਹੈ। ਭਾਵ ਮਨੁੱਖਤਾ ਦੇ ਭਾਵ ਬਿਨ੍ਹਾਂ ਇਹ ਮਨੁੱਖ ਨਹੀਂ ਰਹਿ ਜਾਂਦਾ। ਮਨੁੱਖ ਅੰਦਰ ਇਨਸਾਨੀਅਤ ਦੀ ਹੋਂਦ ਸਦਕਾ ਹੀ ਉਸ ਨੂੰ ਮਨੁੱਖ ਕਿਹਾ ਜਾ ਸਕਦਾ ਹੈ।

ਸੰਸਾਰ ਦੇ ਸਾਰੇ ਧਰਮ ਮਨੁੱਖਤਾ ਦੀ ਭਲਾਈ ਲਈ ਹਨ। ਸਾਰੇ ਧਰਮਾਂ ਦੇ ਪੈਰੋਕਾਰ ਮਨੁੱਖ ਨੂੰ ਮਾੜੇ ਕੰਮਾਂ ਨੂੰ ਛੱਡਣ ਲਈ ਅਤੇ ਚੰਗੇ ਕੰਮ ਕਰਨ ਅਤੇ ਸਦਾਚਾਰਕ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੇ ਹਨ। ਵੱਖ-ਵੱਖ ਧਰਮਾਂ ਦੇ ਰਾਸਤੇ ਵੱਖ-ਵੱਖ ਹੋ ਸਕਦੇ ਹਨ ਪ੍ਰੰਤੂ ਟੀਚਾ ਇੱਕ ਹੀ ਹੈ। "ਭਾਰਤੀ ਧਾਰਮਿਕ ਪਰੰਪਰਾ ਵਿੱਚ ਭਾਵੇਂ ਭਗਤੀ ਤੇ ਪੂਜਾ ਨੂੰ ਕਾਫੀ ਮਾਨ ਪ੍ਰਾਪਤ ਹੈ ਪਰ ਹਰ ਆਸਤਿਕ ਤੇ ਨਾਸਤਿਕ ਮਤ ਨੇ ਸਦਾਚਾਰਕ ਗੁਣਾਂ ਉੱਤੇ ਬਹੁਤ ਜ਼ੋਰ ਦਿੱਤਾ ਹੈ। ਰਸਕਿਨ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਦੁਨੀਆਂ ਦੇ ਮਤ-ਮਤਾਂਤਰ ਭਾਵੇਂ ਅਨੇਕਾਂ ਹਨ ਪਰ ਸਦਾਚਾਰ ਸਭ ਦਾ ਇਹੋ ਹੀ ਹੈ।"[101] ਮਨੁੱਖ ਜਦੋਂ ਆਪਣੇ ਮਕਸਦ ਦੀ ਪ੍ਰਾਪਤੀ ਲਈ ਧਰਮ ਦੀ ਸ਼ਰਨ ਵਿੱਚ ਜਾਂਦਾ ਹੈ ਤਾਂ ਉਸ ਨੂੰ ਆਪਣੇ ਚੰਗੇ ਅਤੇ ਮਾੜੇ ਕਰਮਾਂ ਦਾ ਗਿਆਨ ਹੁੰਦਾ ਹੈ। ਜਿਸ ਨਾਲ ਉਹ ਆਪਣੇ ਕਰਮਾਂ ਦੀ ਪੜਚੋਲ ਕਰਕੇ ਆਪਣੇ ਰੋਜ਼ਾਨਾ ਕੀਤੇ ਜਾ ਰਹੇ ਕਰਮਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਜੀਵਨ ਢੰਗ ਨੂੰ ਨਵੀਂ ਸਮਝ ਅਨੁਸਾਰ ਬਦਲਦਾ ਹੈ। ਮਨੁੱਖ ਦੀ ਇਸ ਕਿਰਿਆ ਪਿੱਛੇ ਉਸ ਦਾ ਧਰਮ ਪ੍ਰਤੀ ਸ਼ਰਧਾ, ਸਤਿਕਾਰ ਅਤੇ ਡਰ (ਮਾੜੇ ਕਰਮਾਂ ਦੇ ਮਾੜੇ ਨਤੀਜੇ) ਕੰਮ ਕਰ ਰਿਹਾ ਹੁੰਦਾ ਹੈ। ਆਪਣੇ ਟੀਚੇ ਤੱਕ ਪਹੁੰਚਣ ਲਈ ਮਨੁੱਖ ਨੇ ਪਹਿਲਾਂ ਇੱਕ ਚੰਗਾ ਮਨੁੱਖ ਬਣਨਾ ਹੈ। ਜੋ ਕੇਵਲ ਇੱਕ ਅਕਾਲ-ਪੁਰਖ ਦੀ ਹੋਂਦ ਨੂੰ ਮੰਨਦਾ ਹੈ ਅਤੇ ਸਾਰੀ ਸ੍ਰਿਸ਼ਟੀ ਨੂੰ ਉਸ ਪ੍ਰਭੂ ਦੀ ਰਚਨਾਂ ਮੰਨ ਕੇ ਸਾਰੀ ਮਨੁੱਖ ਜਾਤੀ ਨੂੰ ਇੱਕ ਸਮਾਨ ਮੰਨਦਾ ਹੈ ਅਤੇ ਹੋਰ ਜੀਵ-ਜੰਤੂਆਂ ਪ੍ਰਤੀ ਸਹਿਣਸ਼ੀਲਤਾ ਦਾ ਰਵੱਈਆ ਅਪਣਾਉਂਦਾ ਹੈ। ਉਹ ਪ੍ਰਭੂ-ਪਰਮਾਤਮਾ ਦੀ ਸਾਰੀ ਕਾਇਨਾਤ ਨੂੰ ਪਿਆਰ ਕਰਦਾ ਹੈ ਅਤੇ ਸਭ ਦੀ ਭਲਾਈ ਨੂੰ ਸਾਹਮਣੇ ਰੱਖ ਕੇ ਕਰਮ ਕਰਦਾ ਹੈ। ਜੋ ਮਨੁੱਖ ਧਰਮ ਪ੍ਰਤੀ ਸ਼ਰਧਾ/ਸਤਿਕਾਰ ਰੱਖਦਾ ਹੈ ਉਹ ਕਿਸੇ ਹੋਰ ਦਾ ਨੁਕਸਾਨ ਕਰਨ ਦੀ ਭਾਵਨਾਂ ਨੂੰ ਨਕਾਰਦਾ ਹੈ ਅਤੇ ਹੋਰਾਂ ਦੇ ਵੀ ਫਾਇਦੇ ਨੂੰ ਮਹੱਤਤਾ ਦਿੰਦਾ ਹੈ। ਅਸਲ ਵਿੱਚ ਧਰਮ ਦਾ ਮਕਸਦ ਮਨੁੱਖ ਨੂੰ ਉਹਨਾਂ ਬੰਧਨਾਂ ਅਤੇ ਰੁਕਾਵਟਾਂ ਤੋਂ ਮੁਕਤ ਕਰਵਾਉਣਾਂ ਹੈ ਜਿਹੜੀਆਂ ਕਿ ਉਸ ਦੇ ਦੈਵੀ ਸੰਜੋਗ ਵਿੱਚ ਰੁਕਾਵਟ ਬਣਦੀਆਂ ਹਨ।

---

[101] ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1997, ਪੰਨਾ 55-56

ਧਰਮ ਮਨੁੱਖ ਨੂੰ ਉਸ ਦੇ ਪਰਮ-ਮਨੋਰਥ ਤੱਕ ਪਹੁੰਚਣ ਵਿੱਚ ਉਸ ਦੀ ਮੱਦਦ ਕਰਦਾ ਹੈ। ਅਧਿਆਤਮਿਕ ਤੌਰ ਤੇ ਇਹ ਜ਼ਰੂਰੀ ਨਹੀਂ ਕਿ ਸਾਰੇ ਵਿਅਕਤੀ ਕਿਸੇ ਧਰਮ ਨੂੰ ਮੰਨਦੇ ਹੋਣ ਪ੍ਰੰਤੂ ਫਿਰ ਵੀ ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਸਾਰੇ ਹੀ ਮਨੁੱਖ ਕਿਸੇ ਨਾ ਕਿਸੇ ਪੱਖ ਤੋਂ ਧਾਰਮਿਕ ਹਨ।

ਧਰਮ ਦਾ ਸਬੰਧ ਭਾਵੇਂ ਕਿ ਅਧਿਆਤਮਿਕਤਾ ਨਾਲ਼ ਜੋੜਿਆ ਜਾਂਦਾ ਹੈ ਪ੍ਰੰਤੂ ਇਹ ਮਨੁੱਖੀ ਸਮਾਜ ਸੰਸਾਰਕ ਮਾਹੌਲ ਨੂੰ ਸੋਹਣਾ ਅਤੇ ਰਹਿਣ ਯੋਗ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਿਸ ਦੀ ਉਦਾਹਰਨ ਇਸ ਗੱਲ ਤੋਂ ਮਿਲਦੀ ਹੈ ਕਿ ਧਰਮ (ਇੱਕ ਸ਼ਕਤੀ) ਪ੍ਰਭੂ ਨੂੰ ਇਸ ਸੰਸਾਰ ਦੀ ਉਤਪਤੀ ਦਾ ਕਾਰਨ ਮੰਨਦਾ ਹੈ। ਜਿਸ ਤੋਂ ਇਹ ਗੱਲ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਸੰਸਾਰ ਦੇ ਸਾਰੇ ਜੀਵ-ਜੰਤੂ ਉਸ ਨੇ ਹੀ ਪੈਦਾ ਕੀਤੇ ਹਨ। ਮਨੁੱਖ ਉਸ ਪ੍ਰਭੂ ਦੀ ਸ੍ਰੇਸ਼ਟ ਰਚਨਾ ਹੈ ਜਿਸ ਕੋਲ਼ ਉਸ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਇੱਕ ਖਾਸ ਮੌਕਾ ਹੈ। ਇਸ ਨਾਲ਼ ਧਰਮ ਮਨੁੱਖ ਨੂੰ ਇਹ ਵਿਚਾਰ ਦਿੰਦਾ ਹੈ ਕਿ ਜੇਕਰ ਸੰਸਾਰ ਵਿੱਚ ਰਹਿੰਦੇ ਸਾਰੇ ਮਨੁੱਖ (ਇੱਥੋਂ ਤੱਕ ਕਿ ਜੀਵ-ਜੰਤੂ ਵੀ) ਇੱਕ ਸੋਮੇ ਤੋਂ ਹੀ ਪੈਦਾ ਹੋਏ ਹਨ ਤਾਂ ਫਿਰ ਉਚੇ-ਨੀਵੇਂ, ਛੋਟੇ-ਵੱਡੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਮਨੁੱਖੀ ਸਮਾਜ ਵਿਚਲੇ ਸਾਰੇ ਮਨੁੱਖਾਂ ਵਿੱਚ ਇੱਕ ਜੋਤ ਦੀ ਸਾਂਝ ਹੈ ਜੋ ਕਿ ਸਾਰਿਆਂ ਵਿੱਚ ਇੱਕ ਪ੍ਰਭੂ ਪਰਮਾਤਮਾ ਦੀ ਹੀ ਜਗ ਰਹੀ ਹੈ। ਧਰਮ ਦੇ ਇਸ ਵਿਚਾਰ ਨਾਲ਼ ਮਨੁੱਖੀ ਸੋਚ ਸਾਕਾਰਾਤਮਕ ਰਾਸਤਾ ਅਖ਼ਤਿਆਰ ਕਰਦੀ ਹੈ ਜਿਸ ਨਾਲ਼ ਮਨੁੱਖੀ ਸਮਾਜ ਵਿੱਚ ਭਾਈਚਾਰਕ ਸਾਂਝ, ਭਰਾਤਰੀਭਾਵ ਅਤੇ ਆਪਸੀ ਪਿਆਰ ਆਦਿ ਪੈਦਾ ਹੁੰਦਾ ਹੈ। ਮਨੁੱਖ ਦੀ ਸੋਚ ਵਿੱਚੋਂ ਦੂਜਿਆਂ ਪ੍ਰਤੀ ਵੈਰ-ਵਿਰੋਧ ਅਤੇ ਨਫ਼ਰਤ ਅਤੇ ਅਹੰਕਾਰ ਦੀ ਭਾਵਨਾ ਦਾ ਖਾਤਮਾ ਹੁੰਦਾ ਹੈ। ਧਰਮ ਵੱਲੋਂ ਦਿੱਤੇ ਇੱਕ ਪਰਮਾਤਮਾ ਦੇ ਸੰਦੇਸ਼ ਨਾਲ਼ ਜਿੱਥੇ ਮਨੁੱਖ ਦੂਸਰਿਆਂ ਨੂੰ ਵੀ ਆਪਣੇ ਭਰਾ ਸਮਝ ਕੇ ਪਿਆਰ ਦੀ ਸਾਂਝ ਪਾਉਂਦਾ ਹੈ। ਦੂਸਰਿਆਂ ਨਾਲ਼ ਮਿਲ ਕੇ ਰਹਿਣ ਵਿੱਚ ਅਨੰਦ ਆਉਂਦਾ ਹੈ। ਦੂਸਰਿਆਂ ਦੀ ਮੱਦਦ ਕਰਕੇ ਇੱਕ ਸਕੂਨ ਮਿਲਦਾ ਹੈ ਜਿਸ ਨਾਲ਼ ਮਨੁੱਖੀ ਸ਼ਖਸੀਅਤ ਵਿੱਚ ਇੱਕ ਸਾਕਾਰਾਤਮਕ ਤਬਦੀਲੀ ਵੇਖਣ ਨੂੰ ਮਿਲਦੀ ਹੈ। ਇਹ ਸਾਰਾ ਕੁੱਝ ਕਰਨ ਲਈ ਮਨੁੱਖ ਨੂੰ ਧਰਮ ਹੀ ਪ੍ਰੇਰਿਤ ਕਰਦਾ ਹੈ। "ਧਰਮ ਕੇਵਲ ਪ੍ਰਲੋਕੀ ਸੁੱਖ ਦਾ ਸਾਧਨ ਨਹੀਂ ਹੁੰਦਾ, ਸਗੋਂ ਰੋਜ਼ ਦੇ ਜੀਵਨ ਨੂੰ ਸੁਖੀ ਤੇ ਸਫ਼ਲ ਬਣਾਉਣ ਵਿੱਚ ਸਹਾਇਕ ਹੁੰਦਾ

ਹੈ।"[102] ਸੰਸਾਰ ਦੇ ਸਾਰੇ ਧਰਮ ਇਹ ਮੰਨਦੇ ਹਨ ਕਿ ਇਸ ਸੰਸਾਰ ਨੂੰ ਪੈਦਾ ਕਰਨ ਵਾਲ਼ੀ ਅਤੇ ਚਲਾਉਣ ਵਾਲ਼ੀ ਇੱਕ ਸ਼ਕਤੀ ਹੈ ਜੋ ਕਿ ਪਰਮਾਤਮਾ ਹੈ। ਇੱਕ ਪਰਮਾਤਮਾ ਦੀ ਰਚਨਾ ਹੋਣ ਕਾਰਨ ਸਭਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ। ਜਿਸ ਦੇ ਆਧਾਰ 'ਤੇ ਸਿੱਖ ਗੁਰੂ ਸਾਹਿਬਾਨ ਨੇ ਲੋਕਾਈ ਸਾਮ੍ਹਣੇ ਸਮਾਨਤਾ ਦਾ ਸਿਧਾਂਤ ਪੇਸ਼ ਕੀਤਾ ਜਿੱਥੇ ਪਹਿਲਾਂ ਲੋਕਾਂ ਵਿੱਚ ਜਾਤ-ਪਾਤ, ਊਚ-ਨੀਚ ਦੇ ਅਧਾਰ 'ਤੇ ਵੰਡ ਕੀਤੀ ਹੋਈ ਸੀ। ਸਿੱਖ ਧਰਮ ਨੇ ਇਸ ਵੰਡ ਦਾ ਵਿਰੋਧ ਕੀਤਾ। ਗੁਰੂ ਨਾਨਕ ਦੇਵ ਜੀ ਨੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ।"ਗੁਰੂ ਸਾਹਿਬਾਨ ਨੇ ਇਹ ਭੇਦ ਭਾਵ ਹੀ ਮਿਟਾ ਦਿੱਤਾ ਕਿ ਇੱਕ ਮਨੁੱਖ ਦੂਜੇ ਨਾਲ਼ੋਂ ਜਾਤ ਪਾਤ, ਕਰਮ ਕਾਂਡ, ਗਰੀਬੀ ਅਮੀਰੀ ਕਾਰਨ ਉੱਚਾ ਨੀਵਾਂ ਜਾਂ ਵੱਡਾ ਛੋਟਾ ਹੋ ਸਕਦਾ ਹੈ। ਸਭਨਾਂ ਵਿੱਚ ਇੱਕੋ ਅਕਾਲਪੁਰਖ ਦੀ ਜੋਤ ਬਿਰਾਜਮਾਨ ਹੈ ਇਸ ਲਈ ਦੂਜੇ ਦਾ ਆਦਰ, ਮਾਣ, ਸਤਿਕਾਰ ਤੇ ਉਸ ਦੇ ਵਿਚਾਰਾਂ ਨੂੰ ਪੂਰਾ-ਪੂਰਾ ਵਜ਼ਨ ਦੇਣਾ ਗੁਰੂ ਦੇ ਸਿੱਖ ਲਈ ਜ਼ਰੂਰੀ ਹਦਾਇਤ ਹੈ। 'ਨਾ ਕੋ ਵੈਰੀ ਨਾਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਸੁਭਾਵ ਕੰਠ ਕਰਵਾਉਣ ਲਈ ਗੁਰੂ ਜੋਤਾਂ ਨੇ ਸਾਡਾ ਲੰਗਰ, ਸਾਡੀ ਸੰਗਤ ਤੇ ਪੰਗਤ ਸਾਂਝੀ ਕਰ ਦਿੱਤੀ। ਇਵੇਂ ਹੀ ਸਾਡੇ ਤੀਰਥ ਅਸਥਾਨ ਸਰਬ ਮਾਨਵਤਾ ਦੇ ਸਾਂਝੇ ਤੀਰਥ ਹੋ ਕੇ ਸੰਸਾਰ ਦੇ ਧਾਰਮਿਕ ਨਕਸ਼ੇ ਤੇ ਉਭਰੇ ਜਿਨ੍ਹਾਂ ਵਿੱਚ ਹਰ ਅਕੀਦੇ ਦੇ ਪ੍ਰਾਣੀ ਬਰਾਬਰੀ ਦੇ ਆਧਾਰ ਤੇ ਬਿਨਾਂ ਭੇਦ ਭਾਵ, ਬਿਨਾਂ ਡਰ ਤੇ ਝਿਜਕ ਦੇ ਖੁੱਲ੍ਹੇ-ਆਮ ਵਿਚਰਦੇ ਤੇ ਸਭ ਲਈ ਸੁਖ ਸ਼ਾਂਤੀ ਮੰਗਦੇ ਹਨ।"[103]

ਗੁਰੂ ਨਾਨਕ ਦੇਵ ਜੀ ਨੇ ਇੱਕ ਅਮੀਰ ਅਤੇ ਘਮੰਡੀ ਮਲਿਕ ਭਾਗੋ ਦੇ ਭੋਜ ਦੇ ਸੱਦੇ ਨੂੰ ਨਾ ਕਬੂਲਦੇ ਹੋਏ ਇੱਕ ਗਰੀਬ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਖਾ ਕੇ ਇਹ ਸਾਬਿਤ ਕਰ ਦਿੱਤਾ ਕਿ ਇਸ ਸੰਸਾਰ ਵਿੱਚ ਕੋਈ ਵੀ ਛੋਟਾ ਵੱਡਾ ਨਹੀਂ ਹੈ। ਬਲਕਿ ਦੂਜਿਆਂ ਦੀ ਸੇਵਾ ਕਰਨ ਅਤੇ ਆਓ ਭਗਤ ਕਰਨ ਲਈ ਦਿਲ ਵਿੱਚ ਸ਼ਰਧਾ ਅਤੇ ਪਿਆਰ ਹੋਣਾ ਚਾਹੀਦਾ ਹੈ। ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਨੇ ਸੰਗਤ ਅਤੇ ਪੰਗਤ ਦੀ ਪ੍ਰਥਾ ਦਾ ਵਿਕਾਸ ਕੀਤਾ। ਗੁਰੂ ਸਾਹਿਬ ਨੇ ਸੰਗਤ ਨੂੰ ਇਹ ਹੁਕਮ ਕੀਤਾ ਹੋਇਆ ਸੀ ਕਿ ਜਿਸ ਕਿਸੇ ਨੇ

---

102 ਡਾ. ਜਸਬੀਰ ਸਿੰਘ ਭੱਲਾ, ਧਰਮ ਅਤੇ ਸਮਾਜ – ਇੱਕ ਅਧਿਐਨ, ਮਨਪ੍ਰੀਤੀ ਪ੍ਰਕਾਸ਼ਨ ਦਿੱਲੀ, 2002, ਪੰਨਾ 22

103 ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.), ਲੁਧਿਆਣਾ, 2007, ਪੰਨਾ 34-35

ਵੀ ਉਨ੍ਹਾਂ ਦੇ ਦਰਸ਼ਨ ਕਰਨੇ ਹਨ ਉਹ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣ। ਗੁਰੂ ਸਾਹਿਬ ਦੁਆਰਾ ਬਣਾਏ ਗਏ ਇਸ ਨਿਯਮ ਨਾਲ਼ ਅਮੀਰ ਅਤੇ ਗਰੀਬ ਇੱਕ ਹੀ ਪੰਗਤ ਵਿੱਚ ਬੈਠ ਕੇ ਬਿਨਾਂ ਕਿਸੇ ਭੇਦ-ਭਾਵ ਦੇ ਲੰਗਰ ਛਕਣ ਲੱਗੇ। ਜਿਸ ਨਾਲ਼ ਅਮੀਰਾਂ ਵਿਚਲੇ ਉੱਚੇ ਹੋਣ ਦੇ ਅਹੰਕਾਰ ਦਾ ਖਾਤਮਾ ਹੋਇਆ ਅਤੇ ਨੀਵੇਂ ਕਹੇ ਜਾਣ ਵਾਲ਼ੇ ਲੋਕਾਂ ਨੂੰ ਸਤਿਕਾਰ ਦੀ ਨਿਗਾਹ ਨਾਲ਼ ਵੇਖਿਆ ਜਾਣ ਲੱਗਾ। ਗੁਰੂ ਸਾਹਿਬ ਨੇ ਲੋਕਾਈ ਨੂੰ ਹਮੇਸ਼ਾ ਸਮਾਜਿਕ ਸਦਭਾਵਨਾ ਅਤੇ ਭਰਾਤਰੀਭਾਵ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਇਸ ਦੀ ਬਹਾਲੀ ਲਈ ਵਰਗ-ਵੰਡ ਦਾ ਨਿਖੇਧ ਕਰਕੇ ਇੱਕ ਪਰਮਾਤਮਾ ਦੇ ਸੰਕਲਪ ਨਾਲ਼ ਮਨੁੱਖ ਨੂੰ ਮਨੁੱਖ ਨਾਲ਼ ਜੋੜ ਕੇ ਇਨਸਾਨੀਅਤ ਦਾ ਪਾਠ ਪੜ੍ਹਾਇਆ। ਇਸ ਦਾ ਸਾਕਾਰਾਤਮਕ ਪ੍ਰਭਾਵ ਇਹ ਪਿਆ ਕਿ ਨੀਵੀਆਂ ਸਮਝੀਆਂ ਜਾਣ ਵਾਲ਼ੀਆ ਜਾਤੀਆਂ ਦਾ ਰੁਤਬਾ ਸਮਾਜ ਵਿੱਚ ਚੰਗਾ ਹੋਇਆ। ਸਿੱਖ ਧਰਮ ਅਨੁਸਾਰ ਕੋਈ ਵੀ ਮਨੁੱਖ ਆਪਣੀ ਜਾਤ ਜਾਂ ਆਰਥਿਕ, ਸਮਾਜਿਕ ਸਥਿਤੀ ਨਾਲ਼ ਸ੍ਰੇਸ਼ਟ ਨਹੀਂ ਬਣਦਾ ਬਲਕਿ ਉਹ ਤਾਂ ਆਪਣੇ ਕਰਮਾਂ ਦੇ ਆਧਾਰ ਤੇ ਚੰਗਾ ਬਣਦਾ ਹੈ। "ਸਿੱਖ ਧਰਮ ਸਮੁੱਚੀ ਮਾਨਵ ਜਾਤੀ ਲਈ ਸਰਬ-ਸਾਂਝਾ ਧਰਮ ਹੈ। ਇੱਥੇ ਧਰਮ ਜਾਤ ਅਤੇ ਵਰਨ ਦੇ ਅਧਾਰ 'ਤੇ ਕੋਈ ਵੰਡ ਨਹੀਂ। ਇਨਸਾਨ ਜਾਤ ਅਤੇ ਵਰਨ ਕਾਰਨ ਨਹੀਂ ਬਲਕਿ ਸ਼ੁਭ ਕਰਮਾਂ ਕਰਕੇ ਅਰਥਾਤ ਸੱਚ (ਪ੍ਰਭੂ) ਨੂੰ ਆਪਣੇ ਅੰਦਰ ਵਸਾ ਕੇ ਹੀ ਮਹਾਨ ਅਤੇ ਸ੍ਰੇਸ਼ਟ ਪੁਰਸ਼ ਬਣਦਾ ਹੈ।"[104] ਇਹ ਧਰਮ ਦੀ ਹੀ ਦੇਣ ਹੈ ਕਿ ਜਦੋਂ ਮਨੁੱਖ ਦੇ ਅੰਦਰੋਂ ਮੇਰ-ਤੇਰ ਦੀ ਭਾਵਨਾ ਦਾ ਖਾਤਮਾ ਹੋ ਜਾਂਦਾ ਹੈ। ਜਾਤੀ ਤੌਰ ਤੇ ਉੱਚੇ ਹੋਣ ਅਤੇ ਅਮੀਰ ਹੋਣ ਦਾ ਅਹੰਕਾਰ ਖਤਮ ਹੋ ਜਾਂਦਾ ਹੈ ਤਾਂ ਮਨੁੱਖੀ ਸਖਸ਼ੀਅਤ 'ਤੇ ਇਸ ਦਾ ਸਾਕਾਰਾਤਮਕ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਧਰਮ ਮਨੁੱਖ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੀ ਸਿਹਤ ਦੀ ਵੀ ਵੀ ਪ੍ਰੇਰਨਾ ਦਿੰਦਾ ਹੈ ਕਿਉਂਕਿ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਇੱਕ ਤੰਦਰੁਸਤ ਅਤੇ ਚੰਗੀ ਸਿਹਤ ਵਿੱਚ ਹੀ ਚੰਗਾ ਮਨ ਨਿਵਾਸ ਕਰਦਾ ਹੈ। ਇਸ ਲਈ ਧਰਮ ਸਾਦਾ ਭੋਜਨ ਅਤੇ ਸਰੀਰਕ ਅਭਿਆਸ ਨੂੰ ਮਹੱਤਤਾ ਦਿੰਦੇ ਹਨ। ਇਹ ਵੀ ਸੱਚ ਹੈ ਕਿ ਇੱਕ ਅਰੋਗ ਸਰੀਰ ਦਾ ਮਾਲਕ ਹੀ ਪ੍ਰਭੂ ਦੇ ਨਾਮ ਦਾ ਸਿਮਰਨ ਕਰ ਸਕਦਾ ਹੈ। ਤੰਦਰੁਸਤ ਅਤੇ ਰਿਸ਼ਟ-ਪੁਸ਼ਟ ਵਿਅਕਤੀ ਹੀ ਦੂਜਿਆਂ ਦੀ

---

[104] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2009, ਪੰਨਾ 43

ਸੇਵਾ ਕਰ ਸਕਦਾ ਹੈ। ਗੁਰੂ ਅੰਗਦ ਦੇਵ ਜੀ ਨੇ ਸਰੀਰਕ ਅਭਿਆਸ ਕਰਨ ਲਈ ਇੱਕ ਅਖਾੜਾ ਵੀ ਬਣਾਇਆ ਗਿਆ ਸੀ ਕਿਉਂਕਿ ਗੁਰੂ ਸਾਹਿਬ ਜਾਣਦੇ ਸਨ ਕਿ ਤੰਦਰੁਸਤ ਮਨ ਦੇ ਨਿਵਾਸ ਲਈ ਤੰਦਰੁਸਤ ਸਰੀਰ ਦਾ ਹੋਣਾ ਵੀ ਜ਼ਰੂਰੀ ਹੈ। ਇੱਥੇ ਇੱਕ ਗੱਲ ਹੋਰ ਵੀ ਸਾਮ੍ਹਣੇ ਆਉਂਦੀ ਹੈ ਕਿ ਜਿਹੜੇ ਲੋਕ ਰੋਜ਼ਾਨਾ ਸਰੀਰਕ ਕਸਰਤ ਕਰਦੇ ਹਨ ਉਨ੍ਹਾਂ ਦਾ ਗਲਤ ਕੰਮਾਂ ਤੋਂ ਵੀ ਬਚਾਅ ਰਹਿੰਦਾ ਹੈ। ਸਰੀਰਕ ਤੰਦਰੁਸਤੀ ਦੀ ਫਿਕਰ ਕਰਨ ਵਾਲ਼ੇ ਲੋਕ ਨਸ਼ਿਆਂ ਤੋਂ ਬਚੇ ਰਹਿੰਦੇ ਹਨ ਜਿਸ ਨਾਲ਼ ਉਨ੍ਹਾਂ ਦੀ ਬਾਹਰੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਬਣੀ ਰਹਿੰਦੀ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ’ਤੇ ਕਹਿ ਸਕਦੇ ਹਾਂ ਕਿ ਧਰਮ ਮਨੁੱਖ ਨੂੰ ਜਿੱਥੇ ਆਪਣੇ ਅੰਤਿਮ ਲਕਸ਼ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਧਰਮ ਮਨੁੱਖ ਨੂੰ ਉਸ ਦੇ ਆਪੇ ਦੀ ਪਹਿਚਾਣ ਕਰਵਾਕੇ ਦੂਜਿਆਂ ਨਾਲ ਮਿਲ ਕੇ ਰਹਿਣਾ ਸਿਖਾਉਂਦਾ ਹੈ। ਮਨੁੱਖ ਧਰਮ ਦੇ ਆਦਰਸ਼ ਤੋਂ ਪ੍ਰੇਰਿਤ ਹੋ ਕੇ ਸੰਤੁਸ਼ਟੀ ਵਾਲਾ ਜੀਵਨ ਬਤੀਤ ਕਰਦੇ ਹੋਏ ਆਪਣੇ ਲਕਸ਼ ਵੱਲ ਨੂੰ ਵੱਧਦਾ ਹੈ। ਇਹ ਵੀ ਸੱਚ ਹੈ ਕਿ ਧਰਮ ਮਨੁੱਖ ਨੂੰ ਦੁਬਿਧਾ ਅਤੇ ਭਟਕਣਾ ਵਿੱਚੋਂ ਕੱਢ ਕੇ ਉਸ ਦਾ ਮਾਰਗ ਦਰਸ਼ਨ ਕਰਦਾ ਹੈ। ਜਦੋਂ ਮਨੁੱਖ ਸੰਸਾਰ ਤੋਂ ਉਪਰਾਮ ਹੋ ਜਾਂਦਾ ਹੈ, ਜਾਂ ਉਸ ਨੂੰ ਕੋਈ ਰਾਸਤਾ ਦਿਖਾਈ ਨਹੀਂ ਦੇ ਰਿਹਾ ਹੁੰਦਾ ਤਾਂ ਉਹ ਧਰਮ ਦੀ ਸ਼ਰਣ ਵਿੱਚ ਜਾਂਦਾ ਹੈ ਜਿੱਥੇ ਜਾ ਕੇ ਉਹ ਆਤਮਿਕ ਸੰਤੁਸ਼ਟੀ ਪ੍ਰਾਪਤ ਕਰਦਾ ਹੈ। ਸੋ ਮਨੁੱਖ ਨੇ ਇਸ ਸੰਸਾਰ ਵਿੱਚ ਪਰਿਵਾਰਕ ਜੀਵਨ ਬਤੀਤ ਕਰਦੇ ਹੋਏ ਆਪਣੇ ਦੁਆਰਾ ਕੀਤੇ ਜਾ ਰਹੇ ਕਰਮ ਨੂੰ ਪੂਰੀ ਇਮਾਨਦਾਰੀ ਨਾਲ਼ ਦੂਜਿਆਂ ਦੀ ਭਲਾਈ ਨੂੰ ਧਿਆਨ ਵਿੱਚ ਰੱਖਦੇ ਹੋਏ, ਧਰਮ ਦੇ ਮਾਰਗ-ਦਰਸ਼ਨ ਵਿੱਚ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹੋਏ ਸਚਿਆਰਤਾ ਨੂੰ ਪ੍ਰਾਪਤ ਕਰਨਾ ਹੈ ਜਿਸ ਅਵਸਥਾ ਵਿੱਚ ਪਹੁੰਚ ਕੇ ਸਾਧਕ ਉਸ ਪਰਮਾਤਮਾ ਨਾਲ਼ ਇੱਕ-ਮਿੱਕ ਹੋ ਜਾਂਦਾ ਹੈ। ਜੋ ਕਿ ਮਨੁੱਖ ਦੇ ਜੀਵਨ ਦਾ ਪਰਮ ਮਨੋਰਥ ਹੈ। “ਧਰਮ ਦਾ ਉਦੇਸ਼ ਸਾਨੂੰ ਆਪਣੀ ਛਿਣ-ਭੰਗਰੀ ਅਤੇ ਅਰਥਹੀਨ ਇਕਦੇਸ਼ਤਾ **(provincialism)** ਤੋਂ ਉਤਾਂਹ ਚੁੱਕ ਕੇ ਨਿੱਤ ਨੂੰ ਸਾਰਥਕਤਾ ਅਤੇ ਉੱਚ ਸਥਿਤੀ ਤੱਕ ਪਹੁੰਚਾਣਾ ਅਤੇ ਜੀਵਨ ਦੀ ਅਰਾਜਕਤਾ ਅਤੇ ਅਗਿਆਨ ਨੂੰ ਨਿਰੋਲ ਅਤੇ ਅਮਰ ਤੱਤ ਵਿੱਚ, ਜਿਹੜੀ ਉਹਦੀ ਆਦਰਸ਼ ਸੰਭਾਵਨਾ ਹੈ, ਰੂਪ ਦੇਣਾ ਹੈ।”[105] ਧਰਮ ਇੱਕ

---

[105] ਡਾ. ਐਸ. ਰਾਧਾ ਕ੍ਰਿਸ਼ਨਨ, ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988, ਪੰਨਾ 104

ਕੇਂਦਰ ਬਿੰਦੂ ਹੈ ਜਿਸ 'ਤੇ ਇਕਾਗਰ ਹੋ ਕੇ ਮਨੁੱਖ ਆਪਣੇ ਲਕਸ਼ ਵੱਲ ਨੂੰ ਵੱਧ ਸਕਦਾ ਹੈ। ਧਰਮ ਮਨੁੱਖ ਨੂੰ ਇੱਕ ਪ੍ਰਭੂ ਦਾ ਹੀ ਅੰਸ਼ ਹੋਣ ਦੀ ਸੋਝੀ ਦਿੰਦਾ ਹੈ। ਮਨੁੱਖ ਨੇ ਆਪਣੇ ਇਸ ਅਨਮੋਲ ਜਨਮ ਵਿੱਚ ਉਸ ਪਰਮ ਅੰਸ਼ ਵਿੱਚ ਸਮਾਉਣਾ ਅਤੇ ਉਸ ਦੀ ਪ੍ਰਾਪਤੀ ਕਰਨੀ ਹੈ ਜੋ ਕਿ ਮਨੁੱਖੀ ਜੀਵਨ ਦਾ ਪਰਮ ਮਨੋਰਥ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਧਰਮ ਮਨੁੱਖ ਨੂੰ ਰਾਸਤਾ ਦਿਖਾਉਂਦਾ ਹੈ, ਜਿਸ ਉੱਤੇ ਚੱਲ ਕੇ ਹੀ ਮਨੁੱਖ ਆਪਣੇ ਅਸਲ ਨੂੰ ਸਮਝ ਕੇ ਸਚਿਆਰਾ ਮਨੁੱਖ ਬਣਕੇ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕਦਾ ਹੈ। ਧਰਮ ਤੋਂ ਬਿਨ੍ਹਾਂ ਮਨੁੱਖ ਆਪਣੇ ਅੰਦਰਲੇ ਸੱਚ ਦੀ ਪਛਾਣ ਨਹੀਂ ਕਰ ਸਕਦਾ। ਮਨੁੱਖ ਵਿੱਚ ਹੋਰ ਜੀਵਾਂ ਦੇ ਮੁਕਾਬਲੇ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ। ਮਨੁੱਖ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਅੰਦਰਲੀ ਇਨਸਾਨੀਅਤ ਦੀ ਭਾਵਨਾ ਹੈ। ਇਨਸਾਨੀਅਤ ਦੇ ਭਾਵ ਬਿਨ੍ਹਾਂ ਇਹ ਮਨੁੱਖ ਨਹੀਂ ਰਹਿ ਜਾਂਦਾ। ਇਨਸਾਨੀਅਤ ਉਸ ਦੀ ਪਹਿਚਾਣ ਹੈ, ਜਿਸ ਦੀ ਹੋਂਦ ਸਦਕਾ ਉਸ ਨੂੰ ਮਨੁੱਖ ਕਿਹਾ ਜਾ ਸਕਦਾ ਹੈ। ਮਨੁੱਖ ਦੀ ਇਸ ਵਿਸ਼ੇਸ਼ਤਾ ਬਾਰੇ ਉਸ ਨੂੰ ਧਰਮ ਦੱਸਦਾ ਹੈ। ਧਰਮ ਮਨੁੱਖ ਨੂੰ ਚੰਗਾ ਜੀਵਨ ਜਿਉਣ ਦਾ ਢੰਗ ਦੱਸਦਾ ਹੈ। ਕਿਉਂਕਿ ਧਰਮ ਦਾ ਸੰਬੰਧ ਅਧਿਆਤਮਿਕਤਾ ਨਾਲ਼ ਹੈ ਇਸ ਲਈ ਜਦੋਂ ਮਨੁੱਖ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਉਹ ਪਰਮਾਤਮਾ ਹੈ ਅਤੇ ਜੀਵ ਉਸ ਪਰਮਾਤਮਾ ਦਾ ਅੰਸ਼ ਹੈ। ਤਦ ਮਨੁੱਖ ਧਰਮ ਪ੍ਰਤੀ ਸ਼ਰਧਾ ਭਾਵਨਾ ਰੱਖਦੇ ਹੋਏ ਉਸ ਦੁਆਰਾ ਦਿੱਤੀ ਜੀਵਨ-ਜਾਂਚ ਅਤੇ ਉਪਦੇਸ਼ ਨੂੰ ਧਿਆਨ ਨਾਲ਼ ਸੁਣਦਾ, ਸਮਝਦਾ ਅਤੇ ਅਮਲ ਕਰਦਾ ਹੈ। ਮਨੁੱਖ ਦੀ ਧਰਮ ਪ੍ਰਤੀ ਸ਼ਰਧਾ ਅਤੇ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਤਾਂਘ ਅਤੇ ਕੋਸ਼ਿਸ਼ ਉਸ ਨੂੰ ਇੱਕ ਚੰਗਾ ਮਨੁੱਖ ਬਣਾਉਂਦੀ ਹੈ ਜਿਸ ਨਾਲ ਉਸ ਦੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ। ਮਨੁੱਖ ਦੇ ਜੀਵਨ ਢੰਗ ਵਿੱਚ ਸਾਕਾਰਾਤਮਕ ਤਬਦੀਲੀ ਜੋ ਕਿ ਪਰਮ ਲਕਸ਼ ਦੀ ਪ੍ਰਾਪਤੀ ਲਈ ਅਤਿਅੰਤ ਜ਼ਰੂਰੀ ਹੈ ਇਸ ਵਿੱਚ ਧਰਮ ਹੀ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਮਨੁੱਖ ਜਦੋਂ ਆਪਣੇ ਮਕਸਦ ਦੀ ਪ੍ਰਾਪਤੀ ਲਈ ਧਰਮ ਦੀ ਸ਼ਰਨ ਵਿੱਚ ਜਾਂਦਾ ਹੈ ਤਾਂ ਉਸ ਨੂੰ ਆਪਣੇ ਚੰਗੇ ਅਤੇ ਮਾੜੇ ਕਰਮਾਂ ਦਾ ਗਿਆਨ ਹੁੰਦਾ ਹੈ। ਜਿਸ ਨਾਲ ਉਹ ਆਪਣੇ ਕਰਮਾਂ ਦੀ ਪੜਚੋਲ ਕਰਕੇ ਆਪਣੇ ਰੋਜ਼ਾਨਾ ਕੀਤੇ ਜਾ ਰਹੇ ਕਰਮਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਜੀਵਨ ਢੰਗ ਨੂੰ ਆਪਣੀ ਸਮਝ ਅਨੁਸਾਰ ਬਦਲਦਾ ਹੈ। ਮਨੁੱਖ ਦੀ ਇਸ ਕਿਰਿਆ ਪਿੱਛੇ ਉਸ ਦੀ ਧਰਮ ਪ੍ਰਤੀ ਸ਼ਰਧਾ, ਸਤਿਕਾਰ ਅਤੇ ਡਰ (ਮਾੜੇ ਕਰਮਾਂ ਦੇ ਮਾੜੇ ਨਤੀਜੇ) ਕੰਮ ਕਰ ਰਿਹਾ ਹੁੰਦਾ ਹੈ। ਮਨੁੱਖ ਦੀ ਇਹ ਫ਼ਿਤਰਤ ਹੈ ਕਿ ਜਦੋਂ ਉਸ ਨੂੰ

ਪਤਾ ਲਗਦਾ ਹੈ ਕਿ ਉਸ ਦੁਆਰਾ ਕੁੱਝ ਗਲਤ ਹੋਇਆ ਹੈ ਅਤੇ ਜਿਸ ਦਾ ਨਤੀਜ਼ਾ ਵੀ ਬੁਰਾ ਹੋਵੇਗਾ। ਤਦ ਉਹ ਆਪਣੇ ਕਰਮਾਂ ਵਿੱਚ ਸੁਧਾਰ ਕਰਕੇ ਪਿਛਲੇ ਕੀਤੇ ਦਾ ਪਛਤਾਵਾ ਕਰਦਾ ਹੈ ਅਤੇ ਚੰਗਿਆਈ ਵੱਲ ਜਾਣ ਵਾਲੇ ਰਸਤੇ ਵੱਲ ਨੂੰ ਵੱਧਦਾ ਹੈ। ਸੰਸਾਰ ਦੇ ਸਾਰੇ ਧਰਮ ਮਨੁੱਖਤਾ ਦੀ ਭਲਾਈ ਲਈ ਹਨ। ਸਾਰੇ ਧਰਮਾਂ ਦੇ ਪੈਰੋਕਾਰ ਮਨੁੱਖ ਨੂੰ ਮਾੜੇ ਕੰਮਾਂ ਨੂੰ ਛੱਡਣ ਲਈ ਅਤੇ ਚੰਗੇ ਕੰਮਾਂ ਨੂੰ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਸੰਸਾਰ ਦੇ ਸਾਰੇ ਧਰਮਾਂ ਨਾਲੋਂ ਸਿੱਖ ਧਰਮ ਇੱਕ ਵੱਖਰੀ ਪਹਿਚਾਣ ਰੱਖਦਾ ਹੈ ਜਿਸ ਤਹਿਤ ਗੁਰੂ ਨਾਨਕ ਦੇਵ ਜੀ ਨੇ ਭਟਕ ਰਹੀ ਲੋਕਾਈ ਨੂੰ ਇੱਕ ਨਵਾਂ ਰਾਸਤਾ ਦਿਖਾਇਆ। "ਸਿੱਖ ਧਰਮ ਸੱਚ, ਅਸੀਮ ਅਤੇ ਅਨੰਤ ਵਾਹਿਗੁਰੂ ਤੀਕ ਅਪੜਨ ਦਾ ਸੱਚਾ ਮਾਰਗ ਹੈ। ਇਸ ਮਾਨਵੀ ਤੇ ਸਾਂਝੀਵਾਲਤਾ ਵਾਲ਼ੇ ਧਰਮ ਨੇ ਮਨੁੱਖ ਨੂੰ ਸਚਿਆਰਾ ਬਣਾ ਕੇ, ਸੱਚ ਸਰੂਪ ਬਣਾਉਣਾ ਹੈ। ਇਸ ਵਿੱਚ ਸਿਧਾਂਤ ਨਾਲ਼ੋਂ ਅਮਲੀ ਜੀਵਨ ਦੀ ਵਧੇਰੇ ਪ੍ਰੇਰਨਾ ਮਿਲਦੀ ਹੈ। ਗੁਰਮਤਿ ਵਿਗਿਆਨਕ, ਮਨੋਵਿਗਿਆਨਕ, ਦਾਰਸ਼ਨਿਕ, ਬੌਧਿਕ, ਸਦਾਚਾਰਕ ਅਤੇ ਵਿਵਹਾਰਕ ਪਹਿਲੂਆਂ ਤੋਂ ਪੂਰਾ ਉਤਰਨ ਵਾਲ਼ਾ ਯਥਾਰਥਵਾਦੀ ਧਰਮ ਹੈ। ਜੋ ਮਨੁੱਖਤਾ ਨੂੰ ਏਕ ਸ਼ਬਦ ਦਾ ਸੰਦੇਸ਼ ਦੇ ਕੇ ਸਾਂਝੀਵਾਲਤਾ ਦੀ ਲੜੀ ਵਿੱਚ ਸੂਤਰਬੱਧ ਕਰਦਾ ਹੈ। ਇਹ ਪ੍ਰਭੂ ਪ੍ਰਾਪਤੀ ਦਾ ਗਾਡੀ ਰਾਹ ਹੈ। ਜਿਸ ਉਤੇ ਤੁਰਿਆਂ ਪਰਮ ਅਨੰਦ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ।"[106] ਸੋ ਧਰਮ ਦਾ ਮਨੁੱਖ ਦੀ ਜ਼ਿੰਦਗੀ ਵਿੱਚ ਅਹਿਮ ਸਥਾਨ ਹੈ। ਇਹ ਮਨੁੱਖ ਦੀ ਸ਼ਖ਼ਸੀਅਤ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ। ਮਨੁੱਖ ਨੂੰ ਉਸ ਦੇ ਮਕਸਦ ਪ੍ਰਤੀ ਹਰ ਸਮੇਂ ਸੁਚੇਤ ਕਰਦਾ ਰਹਿੰਦਾ ਹੈ ਅਤੇ ਉਸ ਦੀ ਪ੍ਰਾਪਤੀ ਲਈ ਹਰ ਕਦਮ 'ਤੇ ਉਸ ਦਾ ਮਾਰਗ ਦਰਸ਼ਨ ਕਰਦਾ ਹੈ। ਧਰਮ ਮਨੁੱਖ ਨੂੰ ਦੱਸਦਾ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੇ ਕਣ-ਕਣ ਵਿੱਚ ਰਮਿਆ ਹੋਇਆ ਹੈ। ਮਨੁੱਖ ਅੰਦਰ ਇਨਸਾਨੀਅਤ ਪੈਦਾ ਕਰਕੇ ਉਸ ਨੂੰ ਦੂਸਰੇ ਵਿਅਕਤੀਆਂ ਨਾਲ਼ ਪਿਆਰ ਅਤੇ ਭਰਾਤਰੀਭਾਵ ਵਾਲ਼ੇ ਸਬੰਧ ਬਣਾਉਣ ਲਈ ਪ੍ਰੇਰਿਤ ਕਰਦਾ ਹੈ ਜਿਸ ਨਾਲ਼ ਸਮਾਜ ਵਿੱਚ ਆਪਸੀ ਸਾਂਝ ਅਤੇ ਪਿਆਰ ਵੱਧਦਾ ਹੈ। ਇਹ ਮਨੁੱਖ ਨੂੰ ਸਾਰੀ ਸ੍ਰਿਸ਼ਟੀ ਅਤੇ ਇਸ ਵਿੱਚ ਰਹਿੰਦੇ ਸਾਰੇ ਜੀਵ-ਜੰਤੂਆਂ ਪ੍ਰਤੀ ਦਿਆਲਤਾ ਦੀ ਭਾਵਨਾ ਅਤੇ ਸਾਕਾਰਾਤਮਕ ਸੋਚ ਬਣਾਉਣ ਲਈ ਵੀ ਪ੍ਰੇਰਿਤ ਕਰਦਾ ਹੈ। ਧਰਮ ਮਨੁੱਖ ਦੀ ਆਤਮਿਕ ਉੱਨਤੀ ਦਾ ਸਾਧਨ ਹੈ ਜਿਸ ਤਹਿਤ ਮਨੁੱਖੀ ਸ਼ਖ਼ਸੀਅਤ

---

[106] ਡਾ. ਪਰਮਿੰਦਰਜੀਤ ਕੌਰ, ਸਿੱਖ ਧਰਮ ਦੇ ਮੁੱਖ ਸਿਧਾਂਤ, ਬਿਸ਼ਨ ਚੰਦ ਐਂਡ ਸਨਜ਼, ਦਿੱਲੀ, 2011, ਪੰਨਾ 21-22

ਅੰਦਰੂਨੀ ਤੌਰ ’ਤੇ ਪ੍ਰਭਾਵਿਤ ਹੋ ਕੇ ਆਪਣੇ ਸਾਰੇ ਕਰਮ ਸਹਿਜਤਾ ਨਾਲ਼ ਕਰਦੀ ਹੈ। ਧਰਮ ਦੇ ਮਾਰਗ ਦਰਸ਼ਨ ਹੇਠ ਮਨੁੱਖੀ ਕਰਮ ਨਿੱਜੀ ਲਾਭ ਤੋਂ ਹਟ ਕੇ ਦੂਜਿਆਂ ਦਾ ਸਹਿਯੋਗ ਅਤੇ ਭਲਾਈ ਨੂੰ ਪਹਿਲ ਦੇਣ ਵਾਲ਼ੇ ਬਣ ਜਾਂਦੇ ਹਨ। ਇਸ ਨਾਲ਼ ਮਨੁੱਖ ਦੇ ਅੰਦਰੋਂ ਦੂਜਿਆਂ ਪ੍ਰਤੀ ਵੈਰ-ਵਿਰੋਧ ਦੀ ਭਾਵਨਾ ਅਤੇ ਅਹੰਕਾਰ ਦਾ ਖਾਤਮਾ ਹੋ ਜਾਂਦਾ ਹੈ। ਮਨੁੱਖ ਨਿਮਰਤਾ ਦਾ ਧਾਰਨੀ ਹੋ ਕੇ ਦੂਜੇ ਲੋਕਾਂ ਨੂੰ ਵੀ ਅਪਣੱਤ ਦੀ ਛੋਹ ਦੇ ਕੇ ਆਪਣੇ ਰੰਗ ਵਿੱਚ ਰੰਗ ਲੈਂਦਾ ਹੈ।

ਧਰਮ ਮਨੁੱਖ ਨੂੰ ਇਮਾਨਦਾਰੀ ਦੇ ਅਧਾਰ ’ਤੇ ਮਿਹਨਤ ਕਰਨ ਦੀ ਅਤੇ ਵੰਡ ਕੇ ਛਕਣ ਦੀ ਪ੍ਰੇਰਨਾ ਦਿੰਦਾ ਹੈ। ਮਿਹਨਤ ਕਰਨ ਨਾਲ਼ ਮਨੁੱਖ ਅੰਦਰੋਂ ਆਲਸ, ਕੰਮਚੋਰੀ ਅਤੇ ਬੇਈਮਾਨੀ ਆਦਿ ਖਤਮ ਹੋ ਜਾਂਦੀ ਹੈ। ਕਿਰਤ ਮਨੁੱਖ ਦੇ ਸਰੀਰ ਨੂੰ ਵੀ ਅਰੋਗ ਕਰਦੀ ਹੈ ਅਤੇ ਉਸ ਨੂੰ ਮਾਨਸਿਕ ਤੌਰ ’ਤੇ ਵੀ ਮਜ਼ਬੂਤ ਕਰਦੀ ਹੈ। ਕਿਰਤ ਮਨੁੱਖ ਨੂੰ ਮਾਨਸਿਕ ਸੰਤੁਸ਼ਟੀ ਦਿੰਦੀ ਹੈ ਜਿਸ ਨਾਲ਼ ਉਸ ਅੰਦਰੋਂ ਵਿਕਾਰਾਂ ਦਾ ਖਤਮਾ ਹੋ ਜਾਂਦਾ ਹੈ। “ਕਿਰਤ ਕਮਾਈ ਕਰਨ ਵਾਲ਼ੇ ਮਨੁੱਖ ਨੂੰ ਸਬਰ ਅਤੇ ਮਾਨਸਿਕ ਸੰਤੁਸ਼ਟੀ ਹੁੰਦੀ ਹੈ ਅਤੇ ਅਜਿਹੇ ਮਨੁੱਖ ਵਿੱਚ ਰੱਬੀ ਗੁਣ ਪ੍ਰਵੇਸ਼ ਕਰ ਜਾਂਦੇ ਹਨ। ਜਿਨ੍ਹਾਂ ਸਦਕਾ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹੋਰ ਹਰ ਪ੍ਰਕਾਰ ਦੇ ਵਿਸ਼ੈਲੇ ਵਿਸ਼ਿਆਂ ਤੋਂ ਦੂਰ ਹਟ ਕੇ ਇੱਕ ਨਿਰਮਲ ਪੁਰਖ ਬਣ ਜਾਂਦਾ ਹੈ।”[107] ਕਿਰਤੀ ਮਨੁੱਖ ਅੰਦਰ ਸਵੈ-ਵਿਸ਼ਵਾਸ, ਸਵੈ-ਸਤਿਕਾਰ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਕਿਰਤ ਤੋਂ ਵਿਹੂਣਾ ਮਨੁੱਖ ਹੀਣ-ਭਾਵਨਾ ਦਾ ਸ਼ਿਕਾਰ ਹੋ ਕੇ ਆਪਣੇ ਨਿੱਜੀ ਸਤਿਕਾਰ ਅਤੇ ਸ਼ਾਖ ਗਵਾ ਬੈਠਦਾ ਹੈ। ਸੋ ਕਿਰਤ ਮਨੁੱਖ ਨੂੰ ਉਸ ਦੇ ਨਿੱਜ ਨਾਲ਼ ਜੋੜਦੀ ਹੋਈ ਜ਼ਿੰਮੇਵਾਰੀ ’ਤੇ ਸੰਤੁਸ਼ਟੀ ਭਰਿਆ ਜੀਵਨ ਜਿਉਣ ਲਈ ਪ੍ਰੇਰਦੀ ਹੈ। ਇਸ ਨਾਲ਼ ਹੀ ਮਨੁੱਖ ਸਮਾਜ ਵਿੱਚ ਰਹਿੰਦਾ ਹੋਇਆ ਆਪਣੇ ਨਾਲ਼ ਜੁੜੇ ਹੋਏ ਰਿਸ਼ਤਿਆਂ ਪ੍ਰਤੀ ਬਣਦੀ ਜ਼ਿੰਮੇਵਾਰੀ ਨੂੰ ਸੁਹਿਰਦਤਾ ਨਾਲ਼ ਨਿਭਾਉਂਦਾ ਹੈ। ਧਰਮ ਮਨੁੱਖ ਅੰਦਰ ਵਫ਼ਾਦਾਰੀ ਦੀ ਭਾਵਨਾ ਨਾਲ਼ ਰਿਸ਼ਤਿਆਂ ਦਾ ਸਤਿਕਾਰ ਕਰਨਾ ਸਿਖਾਉਂਦਾ ਹੈ। ਧਾਰਮਿਕ ਵਿਅਕਤੀ ਪਭੂ ਦੇ ਸਿਮਰਨ ਨਾਲ਼ ਸਹਿਜਤਾ ਅਤੇ ਮਾਨਸਿਕ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ। ਜਿਸ ਦੇ ਆਉਣ ਨਾਲ਼ ਉਸ ਦਾ ਦੂਸਰਿਆਂ ਨਾਲ਼ ਵਿਵਹਾਰ ਬਹੁਤ ਹੀ ਨਿਮਰਤਾ ਭਰਿਆ ਅਤੇ ਸੁਖਾਵਾਂ ਹੋ ਜਾਂਦਾ ਹੈ। ਇਸ ਵਿਵਹਾਰ ਨਾਲ਼ ਆਪਸੀ ਰਿਸ਼ਤਿਆਂ ਵਿੱਚ ਨਿੱਘ ਵਧਦਾ ਹੈ। ਧਰਮ ਦਾ ਆਧਾਰ ਆਪਸੀ ਪ੍ਰੇਮ, ਸਦਭਾਵਨਾ ਤੇ ਪਰਸਪਰ

[107] ਡਾ. ਕੁਲਵੰਤ ਸਿੰਘ, ਕਿਰਤ ਤੇ ਧਰਮ, ਅਮਨ ਪ੍ਰਕਾਸ਼ਨ, ਬਰਨਾਲ਼ਾ, 2013, ਪੰਨਾ 43

ਹਮਦਰਦੀ ਹੈ। ਜਦੋਂ ਮਨੁੱਖ ਸੰਸਾਰਕ ਝਮੇਲਿਆਂ ਵਿੱਚ ਉਲ਼ਝ ਕੇ ਰਹਿ ਜਾਂਦਾ ਹੈ। ਉਸ ਨੂੰ ਕੋਈ ਰਾਸਤਾ ਦਿਖਾਈ ਨਹੀਂ ਦਿੰਦਾ ਤਾਂ ਇਸ ਹਾਲਤ ਵਿੱਚ ਧਰਮ ਮਨੁੱਖ ਨੂੰ ਸਹੀ ਰਾਸਤਾ ਦਿਖਾਉਂਦਾ ਹੈ। "ਮਨੁੱਖ ਦੀ ਅਜਿਹੀ ਭੰਬਲ਼ਭੂਸਿਆਂ ਵਾਲ਼ੀ ਹਾਲਤ ਵਿੱਚ ਵੀ ਧਰਮ ਹੀ ਉਸ ਨੂੰ ਸਹਾਈ ਹੁੰਦਾ ਹੈ ਤੇ ਉਸ ਦਾ ਪਥ-ਪ੍ਰਦਰਸ਼ਨ ਕਰਦਾ ਹੈ। ਉਸ ਨੂੰ ਜ਼ਿੰਦਗੀ ਦੀ ਅਸਲੀਅਤ ਵੱਲ ਮੋੜਨ ਦਾ ਉਪਰਾਲਾ ਕਰਦਾ ਹੈ। ਸੱਚ ਅਚਾਰ, ਸੁੱਚੀ ਤੇ ਨੇਕ ਕਿਰਤ ਵੱਲ ਪ੍ਰੇਰਿਤ ਕਰਦਾ ਹੈ। ਉਸ ਅੰਦਰ ਸਦਾ ਅਨੰਦ ਦੀ ਅਵਸਥਾ ਦਾ ਸੰਚਾਰ ਕਰਨ ਲਈ ਉਸ ਨੂੰ ਤਿਆਰ ਕਰਦਾ ਹੈ। ਫਰਜ਼ ਦੀ ਪਹਿਚਾਣ ਤੇ ਉਸ ਦੀ ਅਦਾਇਗੀ ਬਾਰੇ ਦੱਸਣ ਦੇ ਨਾਲ਼ ਉਸ ਨੂੰ ਮਹਿਸੂਸ ਕਰਾਉਂਦਾ ਹੈ ਕਿ ਐ ਇਨਸਾਨ ਗੋਬਿੰਦ ਮਿਲਣ ਦੀ ਇਹੀ ਤੇਰੀ ਵਾਰੀ ਹੈ ਅਤੇ ਹੋਰ ਕੰਮਾਂ ਵਿੱਚ ਲੋੜ ਨਾਲ਼ੋਂ ਵੱਧ ਖਚਤ ਹੋਣਾ ਤੇਰੇ ਲਈ ਹਰ ਲਿਹਾਜ਼ ਨਾਲ਼ ਵਿਅਰਥ ਪ੍ਰਯਾਸ ਹੈ ਕਿਉਂਕਿ ਪ੍ਰਭੂ ਦੀ ਰਸਾਈ ਲਈ ਇਹ ਦੁਨਿਆਵੀ ਕੰਮ ਕਾਜ ਕਿਸੇ ਵੀ ਕੰਮ ਨਹੀਂ ਆਉਣੇ। ਇਸ ਲਈ ਐ ਮਨੁੱਖ ਇਸ ਸੰਸਾਰ ਵਿੱਚ ਬਹੁਤੇ ਲੰਮੇ ਪੈਰ ਨਾ ਪਸਾਰਦਾ ਹੋਇਆ ਨਾਮ ਜਪਣ ਤੇ ਵੰਡ ਛਕਣ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਾਰੀ ਮਨੁੱਖਤਾ ਨਾਲ਼ ਪਿਆਰ ਕਰ ਕਿਉਂਕਿ ਧਰਮ ਦਾ ਮੂਲ ਹੀ ਮਾਨਵਤਾ ਲਈ ਪਿਆਰ ਤੇ ਹਮਦਰਦੀ ਦਾ ਰਾਹ ਖੋਲ੍ਹਦਾ ਹੈ। ਇਹ ਗੁਰਬਾਣੀ ਦਾ ਮਨੁੱਖ ਜਾਤੀ ਨੂੰ ਸੱਚਾ ਸੁੱਚਾ ਅਤੇ ਖਰਾ ਸੰਦੇਸ਼ ਹੈ।"[108]

ਅੰਤ ਵਿੱਚ ਕਹਿ ਸਕਦੇ ਹਾਂ ਕਿ 'ਧਰਮ' ਦਾ ਆਦਿ ਕਾਲ ਤੋਂ ਹੀ ਮਨੁੱਖ ਨਾਲ਼ ਅਨਿੱਖੜਵਾਂ ਸੰਬੰਧ ਰਿਹਾ ਹੈ ਕਿਉਂਕਿ ਇਹ ਧਰਮ ਹੀ ਹੈ ਜਿਸ ਕਾਰਨ ਮਨੁੱਖ ਹੋਰ ਜੀਵ-ਜੰਤੂਆਂ ਨਾਲ਼ੋਂ ਭਿੰਨਤਾ ਰੱਖਦਾ ਹੈ। ਧਰਮ ਤੋਂ ਬਿਨ੍ਹਾਂ ਮਨੁੱਖ ਅਤੇ ਪਸ਼ੂ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ। ਇਹ ਮਾਨਵਤਾ ਅਤੇ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਮਹੱਤਵਪੂਰਨ ਤੱਤ ਹੋ ਨਿੱਬੜਿਆ ਹੈ। ਧਰਮ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਲਈ ਲੋੜੀਂਦੇ ਗੁਣਾਂ ਨੂੰ ਉਸ ਅੰਦਰ ਪੈਦਾ ਕਰਕੇ ਉਸ ਦੇ ਵਿਚਾਰਾਂ, ਸਖ਼ਸ਼ੀਅਤ, ਸਮਾਜ ਅਤੇ ਵਿਸ਼ਵ ਨੂੰ ਆਪਸ ਵਿੱਚ ਜੋੜ ਕੇ ਸਮਾਜ ਅਤੇ ਵਿਸ਼ਵ ਨੂੰ ਅਸਲ ਵਿੱਚ ਮਨੁੱਖਾਂ ਦੇ ਰਹਿਣ ਯੋਗ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। "ਸਮਾਜਿਕ, ਨੈਤਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਦਾ ਸਮੂਹ ਹੈ - ਧਰਮ। ਸਿੱਖ, ਹਿੰਦੂ, ਬੁੱਧ, ਜੈਨ, ਇਸਲਾਮ ਅਤੇ ਈਸਾਈ ਧਰਮ ਲਗਭਗ ਇੱਕੋ ਜਿਹੇ ਜੀਵਨ

---

[108] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.), ਲੁਧਿਆਣਾ, 2007, ਪੰਨਾ 203-204

ਦੀਆਂ ਕਦਰਾਂ-ਕੀਮਤਾਂ ਦਾ ਨਿਰਮਾਣ ਕਰਦੇ ਹਨ ਜਿਵੇਂ ਕਿ ਸੱਚਾਈ, ਸਮਾਜ ਲਈ ਤਿਆਗ, ਸਾਦਗੀ, ਪਵਿੱਤਰਤਾ ਜਾਂ ਪਾਕੀਜ਼ਗੀ, ਨਿਮਰਤਾ, ਪ੍ਰੇਮ, ਸ਼ਾਂਤੀ, ਆਨੰਦ ਉੱਚਾ ਤੇ ਸੁੱਚਾ ਚਰਿੱਤਰ ਅਤੇ ਮੁਕਤੀ ਜਾਂ ਪਰਮ ਆਨੰਦ ਦੀ ਪ੍ਰਾਪਤੀ।"[109] ਜਿੱਥੇ ਧਰਮ ਨੂੰ ਅਦਰਸ਼ ਕਿਹਾ ਜਾਂਦਾ ਹੈ ਉਥੇ ਮਨੁੱਖੀ ਜੀਵਨ ਦੇ ਉਦੇਸ਼ ਦੀ ਪ੍ਰਾਪਤੀ ਲਈ ਜ਼ਰੂਰੀ ਸਾਧਨ ਵੀ ਹੈ। ਧਰਮ ਮਨੁੱਖ ਨੂੰ ਇੱਕ ਪਰਮਾਤਮਾ ਪ੍ਰਤੀ ਸੁਚੇਤ ਕਰਕੇ ਉਸ ਦਾ ਨਾਮ ਸਿਮਰਨ ਕਰਕੇ ਮਨੁੱਖੀ ਮਕਸਦ ਦੀ ਪ੍ਰਾਪਤੀ ਕਰਵਾਉਂਦਾ ਹੈ। ਇੱਕ ਪਰਮਾਤਮਾ ਦੁਆਰਾ ਸਿਰਜੀ ਪੂਰੀ ਕਾਇਨਾਤ ਨੂੰ ਅਧਾਰ ਬਣਾ ਕੇ ਹੋਰ ਮਨੁੱਖਾਂ ਪ੍ਰਤੀ ਪਿਆਰ, ਸਦਭਾਵਨਾ, ਭਰਾਤਰੀਭਾਵ, ਨਿਮਰਤਾ ਆਦਿ ਪੈਦਾ ਕਰਕੇ ਸਾਰਿਆਂ ਨੂੰ ਇੱਕ ਰਿਸ਼ਤੇ ਦੀ ਤੰਦ ਵਿੱਚ ਬੰਨ੍ਹਦਾ ਹੈ। ਧਰਮ ਜਿੱਥੇ ਮਨੁੱਖ ਵਿੱਚੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਪੰਜ ਔਗੁਣਾਂ ਦਾ ਖਾਤਮਾ ਕਰਕੇ ਉਸ ਵਿੱਚ ਸਦਗੁਣ ਪੈਦਾ ਕਰਕੇ ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਦਾ ਹੈ। ਇਸਦੇ ਨਾਲ਼ ਹੀ ਮਨੁੱਖੀ ਸਮਾਜ ਨੂੰ ਹੋਰ ਬੇਹਤਰ ਬਣਾਉਣ ਵਿੱਚ ਵੀ ਆਪਣੀ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਧਰਮ ਨੇ ਜਿੱਥੇ ਮਨੁੱਖ ਨੂੰ ਦੂਸਰੇ ਜੀਵ-ਜੰਤੂਆਂ ਨਾਲ਼ੋਂ ਵੱਖਰਤਾ ਪ੍ਰਦਾਨ ਕਰਨ ਵਿੱਚ ਭੂਮਿਕਾ ਨਿਭਾਈ ਹੈ, ਉੱਥੇ ਮਨੁੱਖ ਅੰਦਰਲੇ ਸਦਾਚਾਰਕ ਗੁਣਾਂ ਨੂੰ ਵੀ ਉਜਾਗਰ ਕਰਕੇ ਚਮਕਾਇਆ ਹੈ। "ਇਸਨੇ ਤਾਂ ਘੂਕ ਸੁੱਤੇ ਗਾਫਲ ਮਨੁੱਖ ਨੂੰ ਸਦਾ ਜਗਾ ਕੇ ਸਾਵਧਾਨ ਕੀਤਾ ਤੇ ਨੇਕੀ ਦੀ ਮੰਜ਼ਲ ਦਾ ਕਰਮਯੋਗੀ ਪਾਂਧੀ ਬਣਾਇਆ ਹੈ। ਠੱਗੀ, ਦੰਭ ਤੇ ਪ੍ਰਪੰਚ ਨੂੰ ਪਾਸੇ ਛੱਡ ਕੇ ਜੇ ਹਕੀਕਤ ਵੱਲ ਜਾਈਏ, ਇਹ ਸੱਚ ਦੀ ਪ੍ਰਾਪਤੀ ਦਾ ਸੁੱਚਾ ਮਾਰਗ ਹੈ, ਜਿਸ ਨੂੰ ਵਡੇ ਵਡੇ ਸੋਝੀਵਾਨ ਸਾਧਕਾਂ ਆਪਣੀ ਲੰਮੀ ਸਾਧਨਾ ਦੁਆਰਾ ਪਰਿਪੱਕ ਕੀਤਾ ਹੈ, ਨੇਕੀ ਦੇ ਜਿਤਨੇ ਸ੍ਰੇਸ਼ਟ ਗੁਣ ਹਨ-ਸਤ, ਸੰਤੋਖ, ਧੀਰਜ, ਦਇਆ, ਖਿਮਾਂ, ਸ਼ਾਂਤੀ, ਸੰਜਮ, ਪਵਿੱਤ੍ਰਤਾ, ਨਿਮ੍ਰਤਾ, ਪਿਆਰ, ਸੇਵਾ, ਪਰਉਪਕਾਰ ਆਦਿ ਸਭ ਧਰਮ ਦੇ ਬਗੀਚੇ ਦੇ ਫਲ਼-ਫੁੱਲ ਹਨ, ਇਨ੍ਹਾਂ ਗੁਣਾਂ ਨੇ ਹੀ ਧਰਮ ਦੀ ਸ਼ੋਭਾ ਵਧਾਈ ਹੈ।"[110]

---

109 ਡਾ. ਪਰਮਜੀਤ ਕੌਰ ਸੰਧੂ, ਕਦਰਾਂ-ਕੀਮਤਾਂ ਦੀ ਸਿੱਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010, ਪੰਨਾ 22

110 ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1997, ਪੰਨਾ 53

## ਅਧਿਆਇ ਚੌਥਾ

## ਸਚਿਆਰ ਸ਼ਖ਼ਸੀਅਤ ਦਾ ਸਮਾਜ ਵਿੱਚ ਯੋਗਦਾਨ

ਧਰਮ ਦੀ ਮਨੁੱਖੀ ਜ਼ਿੰਦਗੀ ਵਿੱਚ ਅਹਿਮ ਭੂਮਿਕਾ ਹੈ। ਧਰਮ ਮਨੁੱਖੀ ਸ਼ਖ਼ਸੀਅਤ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਧਰਮ ਮਨੁੱਖ ਨੂੰ ਉਸ ਦੇ ਮਨੁੱਖ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਇਸ ਸੰਸਾਰ ਵਿੱਚ ਮਨੁੱਖ ਦੇ ਆਉਣ ਦਾ ਕੀ ਕਾਰਨ ਹੈ, ਭਾਵ ਉਸ ਦੇ ਜੀਵਨ ਦਾ ਕੀ ਮਕਸਦ ਹੈ? ਧਰਮ ਮਨੁੱਖ ਨੂੰ ਉਸ ਦੇ ਜੀਵਨ ਮਕਸਦ ਦੀ ਸੋਝੀ ਕਰਵਾ ਕੇ, ਉਸ ਨੂੰ ਪ੍ਰਾਪਤ ਕਰਨ ਦਾ ਸਾਧਨ ਦੱਸ ਕੇ ਸਹੀ ਰਾਸਤਾ ਦਿਖਾਉਂਦਾ ਹੈ। ਧਰਮ ਮਨੁੱਖ ਦੇ ਅੰਦਰੋਂ ਵਿਕਾਰਾਂ ਨੂੰ ਕੱਢ ਕੇ ਉਸ ਨੂੰ ਸਦਾਚਾਰ ਦੇ ਰਾਸਤੇ ਉੱਤੇ ਤੋਰਦਾ ਹੈ, ਜਿਸ ’ਤੇ ਚੱਲ ਕੇ ਮਨੁੱਖ ਨੇ ਆਪਣੇ ਅਸਲ ਨੂੰ ਪ੍ਰਾਪਤ ਕਰਨਾ ਹੈ। “ਧਰਮ ਅਹਿਸਾਸ, ਜਜ਼ਬਾ, ਭਾਵਨਾ, ਅਤੇ ਅਨੁਭਵ ਨਾਲ਼ ਸੰਬੰਧ ਰੱਖਦਾ ਹੈ। ਧਰਮ ਤੇ ਚੱਲਣ ਲਈ ਜੀਵਨ-ਧਾਰਾ ਨੂੰ ਬਦਲਣਾ ਪੈਂਦਾ ਹੈ। ਧਰਮ ਦੇ ਪਵਿੱਤਰ ਅਸੂਲ ਸਤਿ, ਸੰਤੋਖ, ਧੀਰਜ, ਦਇਆ, ਖਿਮਾ, ਮਨ ਨੂੰ ਵੱਸ ਵਿੱਚ ਕਰਨਾ, ਚੋਰੀ ਦਾ ਤਿਆਗ, ਕੁਕਰਮਾਂ ਤੋਂ ਬਚਣਾ, ਨਿਰਮਲ ਬੁੱਧੀ ਦਾ ਰੱਖਣਾ, ਵਿੱਦਿਆ ਦਾ ਅਭਿਆਸ ਕਰਨਾ, ਆਦਿ ਹਨ। ਧਰਮ ਜੀਵਨ ਲਈ ਇੱਕ ਮਾਰਗ ਹੈ, ਜਿਸ ਉਤੇ ਚੱਲ ਕੇ ਮਨੁੱਖ ਆਪਣੇ ਸਹੀ ਨਿਸ਼ਾਨੇ ’ਤੇ ਪੁੱਜ ਸਕਦਾ ਹੈ।”[1]

ਧਰਮ ਅਹੰਕਾਰ ਨੂੰ ਖਤਮ ਕਰਨ ਅਤੇ ਸਦਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੰਦਾ ਹੈ। ਸਦਗੁਣਾਂ ਦੇ ਧਾਰਨ ਕਰਨ ਨਾਲ਼ ਮਨੁੱਖ ਦੇ ਅੰਦਰ ਮਾਨਵਤਾ ਪੱਖੀ ਗੁਣਾਂ ਦਾ ਵਿਕਾਸ ਹੁੰਦਾ ਹੈ। ਜਿਸ ਦਾ ਪ੍ਰਭਾਵ ਮਨੁੱਖ ਦੀ ਬਾਹਰੀ ਸ਼ਖ਼ਸੀਅਤ ਵਿੱਚ ਦਿਖਾਈ ਦਿੰਦਾ ਹੈ ਜਿਵੇਂ ਕਿ ਮਨੁੱਖ ਅੰਦਰ ਨਿਮਰਤਾ, ਪਿਆਰ, ਅਪਣੱਤ ਅਤੇ ਭਰਾਤਰੀਭਾਵ ਆ ਜਾਣ ਨਾਲ਼ ਉਸ ਦਾ ਵਿਵਹਾਰ ਦੂਜਿਆਂ ਪ੍ਰਤੀ ਸਹਿਯੋਗ ਵਾਲ਼ਾ ਹੋ ਜਾਂਦਾ ਹੈ। ਧਰਮ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਮਨੁੱਖ ਨੂੰ ਇਹ ਜਨਮ ਕਿਸੇ ਖਾਸ ਮਕਸਦ ਦੀ ਪ੍ਰਾਪਤੀ ਲਈ ਮਿਲਿਆ ਹੈ। ਇਹ ਮਕਸਦ ਪਰਮਾਤਮਾ ਦੀ ਪ੍ਰਾਪਤੀ ਹੈ ਜਿਸ ਲਈ ਮਨੁੱਖ ਨੇ ਸਚਿਆਰਤਾ ਨੂੰ ਪ੍ਰਾਪਤ ਕਰਨਾ ਹੈ। ਗੁਰੂ ਸਾਹਿਬਾਨ ਨੇ ਸਚਿਆਰ ਮਨੁੱਖ ਨੂੰ ਹੀ ਪੂਰਨ ਮਨੁੱਖ ਕਿਹਾ ਹੈ ਜੋ ਸੱਚ ਦੀ ਪ੍ਰਾਪਤੀ ਦੇ ਰਾਹ ਦਾ ਪਾਂਧੀ ਹੈ। ਸਚਿਆਰ ਮਨੁੱਖ ਹੀ ਆਦਰਸ਼ ਮਨੁੱਖ ਹੈ ਜੋ ਆਦਰਸ਼ ਸਮਾਜ ਦੀ

---

[1] ਡਾ. ਜਸਬੀਰ ਸਿੰਘ ਭੱਲਾ, ਧਰਮ ਅਤੇ ਸਮਾਜ ਇੱਕ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2002, ਪੰਨਾ 7

ਸਥਾਪਤੀ ਕਰ ਸਕਦਾ ਹੈ। "ਸਮੁੱਚੇ ਮਨੁੱਖੀ ਇਤਿਹਾਸ ਵਿੱਚ ਮਿੱਥੇ ਆਦਰਸ਼ਾਂ ਤੋਂ ਹੀ ਹਮੇਸ਼ਾ ਮਨੁੱਖ ਨੇ ਸੇਧ ਲਈ ਹੈ। ਆਪਣੇ ਆਦਰਸ਼ਾਂ ਅਤੇ ਸਮੂਹਿਕ ਸੁਪਨਿਆਂ ਦੀ ਦਿਸ਼ਾ ਵਿੱਚ ਤੁਰਦਾ ਸਮਾਜ/ਮਨੁੱਖ ਹੀ ਵਿਕਾਸ ਕਰਦਾ ਹੈ।"[2] ਸਮਾਜ ਮਨੁੱਖੀ ਹੋਂਦ ਦਾ ਆਧਾਰ ਹੈ ਕਿਉਂਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਦਾ ਸੰਕਲਪ ਮਨੁੱਖ ਦੀ ਸੋਚ ਅੰਦਰਲੇ ਡਰ ਕਾਰਨ ਇਕੱਠੇ ਰਹਿਣ ਦੀ ਭਾਵਨਾ ਕਾਰਨ ਹੋਂਦ ਵਿੱਚ ਆਉਂਦਾ ਹੈ ਜਿਸ ਕਾਰਨ ਉਹ ਆਪਣੇ ਜਿਹੇ ਪ੍ਰਾਣੀਆਂ ਨਾਲ਼ ਰਹਿ ਕੇ ਆਪਣਾ ਜੀਵਨ ਬਤੀਤ ਕਰਦਾ ਹੈ। "ਸੱਭਿਅਤਾ ਦੀ ਸ਼ੁਰੂਆਤ ਸਾਡੇ ਮੁੱਢਲੇ ਸੁਭਾਅ ਵਿੱਚ ਪਏ ਡਰ ਤੋਂ ਸ਼ੁਰੂ ਹੁੰਦੀ ਹੈ।"[3] ਇੱਕ ਸਮੂਹ ਵਿੱਚ ਇੱਕੋ ਜਿਹੇ ਨਿਯਮਾਂ ਦੇ ਅੰਤਰਗਤ ਰਹਿਣ ਦੀ ਭਾਵਨਾ ਮਨੁੱਖੀ ਸਮਾਜ ਦੇ ਸੰਕਲਪ ਨੂੰ ਪੈਦਾ ਕਰਦੀ ਹੈ। "ਸਾਧਾਰਣ ਪਰਿਭਾਸ਼ਾਵਲੀ ਵਿੱਚ ਮਾਨਵ-ਸਮਾਜ ਅਜਿਹੇ ਵਿਅਕਤੀਆਂ ਦੇ ਇਕੱਠ ਨੂੰ ਆਖਿਆ ਜਾਂਦਾ ਹੈ ਜਿਨ੍ਹਾਂ ਦਾ ਮਾਨਸਿਕ ਪੱਧਰ ਲਗਭਗ ਇੱਕ ਹੋਵੇ ਅਤੇ ਜਿਨ੍ਹਾਂ ਨੇ ਆਪਣੇ ਅਮਲੀ ਜੀਵਨ ਵਿੱਚ ਕੁੱਝ ਸਾਂਝੇ ਰਸਮ-ਰਿਵਾਜ਼ਾਂ ਤੇ ਸਾਂਝੇ ਜੀਵਨ-ਪੱਧਰ ਨੂੰ ਅਪਣਾ ਲਿਆ ਹੋਵੇ। ਅਜਿਹੇ ਵਿਅਕਤੀਆਂ ਦੇ ਦੇਵਤੇ, ਸਮਾਜਿਕ ਕੀਮਤਾਂ ਤੇ ਰਹਿਣ-ਸਹਿਣ ਹੀ ਇੱਕ ਨਹੀਂ ਹੁੰਦਾ, ਸਗੋਂ ਉਨ੍ਹਾਂ ਦੇ ਵਿਚਾਰ ਵੀ ਇੱਕ ਦੂਜੇ ਨਾਲ਼ ਸਾਂਝੇ ਹੁੰਦੇ ਹਨ।"[4] ਮਨੁੱਖੀ ਸਮਾਜ ਵਿੱਚ ਰਹਿਣ ਵਾਲ਼ੇ ਮਨੁੱਖ ਇੱਕੋ ਤਰ੍ਹਾਂ ਦੀਆਂ ਕਦਰਾਂ-ਕੀਮਤਾਂ ਦੇ ਧਾਰਨੀ ਹੁੰਦੇ ਹਨ ਅਤੇ ਇੱਕ ਦੂਜੇ ਨਾਲ਼ ਜੁੜੇ ਹੁੰਦੇ ਹਨ। ਸਾਰੇ ਮਨੁੱਖਾਂ ਦੀ ਇਹ ਰੀਝ ਹੁੰਦੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਹਮੇਸ਼ਾਂ ਖੁਸ਼ੀਆਂ ਨਾਲ਼ ਭਰੀ ਹੋਵੇ। ਜਿਸ ਦੀ ਪ੍ਰਾਪਤੀ ਲਈ ਹਰੇਕ ਮਨੁੱਖ ਆਪਣੇ ਆਪਣੇ ਪੱਧਰ 'ਤੇ ਕੋਸ਼ਿਸ਼ ਕਰਦਾ ਹੈ ਕਿਉਂਕਿ ਸਮਾਜ ਵਿੱਚ ਇੱਕ ਮਨੁੱਖ ਦੂਜੇ ਮਨੁੱਖ ਨਾਲ਼ ਜੁੜਿਆ ਹੁੰਦਾ ਹੈ, ਇਸ ਲਈ ਇਨ੍ਹਾਂ ਦੀ ਖੁਸ਼ੀ ਅਤੇ ਮਾਨਸਿਕ ਤਸੱਲੀ ਵੀ ਆਪਸ ਵਿੱਚ ਜੁੜੀ ਹੁੰਦੀ ਹੈ। ਮਨੁੱਖ ਭਾਵਨਾਵਾਂ ਨਾਲ਼ ਭਰਿਆ ਹੁੰਦਾ ਹੈ, ਜਿਸ ਤਹਿਤ ਆਪਣੀਆਂ ਭਾਵਨਾਵਾਂ ਦੀ ਦੂਜਿਆਂ ਤੋਂ ਹਰ ਕੀਮਤ 'ਤੇ ਕਦਰ ਚਾਹੁੰਦਾ ਹੈ। ਇਸ ਲਈ ਜਦੋਂ ਮਨੁੱਖ ਦੂਜੇ ਤੋਂ ਸਾਕਾਰਾਤਮਕ ਉਮੀਦ ਕਰਦਾ ਹੈ ਤਾਂ ਉਸ ਨੂੰ ਵੀ ਦੂਜਿਆਂ ਦੀ ਉਮੀਦ 'ਤੇ ਖਰਾ ਉੱਤਰਨਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਸਮਾਜਿਕ ਹਾਲਾਤਾਂ ਨੂੰ ਸਮਝਦਿਆਂ ਹੋਇਆਂ ਸਚਿਆਰ

---

2 ਚਮਕੌਰ ਸਿੰਘ, ਜੀਵਨ ਮੁਹਾਰਤਾਂ, ਪੰਜਾਬ ਕਮਿਊਨਿਟੀ ਹੈਲਥ ਸਰਵਿਸਜ਼ (ਰਜਿ.), ਮੋਗਾ, 2015, ਪੰਨਾ 18

3 HERBERT MARCUSE, EROS AND CIVILIZATION, The Beacon Press, London, 1969, P, 107

4 ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 11

ਵਿਅਕਤੀ ਦੇ ਸੰਕਲਪ ਦੁਆਰਾ ਆਦਰਸ਼ ਸਮਾਜ ਦੀ ਸਿਰਜਣਾ ਦਾ ਫ਼ਲਸਫ਼ਾ ਮਾਨਵ ਜਾਤੀ ਦੇ ਉੱਚਤਮ ਜੀਵਨ-ਪੱਧਰ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਗੁਰੂ ਸਾਹਿਬ ਦਾ ਸੁਪਨਾ ਆਦਰਸ਼ਵਾਦੀ ਸਮਾਜ ਦੀ ਸਿਰਜਣਾ ਸੀ ਜਿਸ ਲਈ ਉਨ੍ਹਾਂ ਨੇ ਆਪਣੇ ਸਮੇਂ ਦੇ ਸਮਾਜ ਦੀਆਂ ਕੁਰੀਤੀਆਂ ਨੂੰ ਖਤਮ ਕਰਨ ਅਤੇ ਚੰਗਾ ਸਮਾਜ ਸਿਰਜਣ ਲਈ ਮਨੁੱਖ ਦਾ ਮਾਰਗ-ਦਰਸ਼ਨ ਕੀਤਾ। "ਮਨੁੱਖੀ ਸਮਾਜ ਅਤੇ ਸੱਭਿਆਚਾਰ ਵਿੱਚੋਂ ਅੱਜ ਜੋ ਵੀ ਤਰੱਕੀ ਅਸੀਂ ਵੇਖਦੇ ਹਾਂ, ਉਹ ਮਨੁੱਖ ਵੱਲੋਂ ਸਿਰਜੇ ਗਏ ਆਦਰਸ਼ਾਂ ਅਤੇ ਸੁਪਨਿਆਂ ਦੀ ਹੀ ਦੇਣ ਹੈ। ਸਮਾਜ ਕਿਹੋ ਜਿਹਾ ਹੋਵੇ, ਦੁਨੀਆਂ ਕਿਹੋ ਜਿਹੀ ਹੋਵੇ, ਆਰਥਿਕਤਾ ਕਿਹੋ ਜਿਹੀ ਹੋਵੇ, ਬੰਦੇ ਕਿਹੋ ਜਿਹੇ ਹੋਣ, ਬੰਦਿਆਂ ਦੇ ਆਪਸ ਵਿੱਚ ਸੰਬੰਧ ਕਿਹੋ ਜਿਹੇ ਹੋਣ ਆਦਿ ਸਭ ਬਾਰੇ ਮਨੁੱਖ ਪਹਿਲਾਂ ਸੁਪਨੇ ਸਿਰਜਦਾ ਹੈ। ਇਸ ਤੋਂ ਬਾਅਦ ਹੀ ਇਨ੍ਹਾਂ ਨੂੰ ਪ੍ਰਾਪਤ ਕਰਨ ਦੀ ਦਿਸ਼ਾ ਵਿੱਚ ਤੁਰਦਾ ਹੈ।" [5]

ਆਦਰਸ਼ ਸਮਾਜ 'ਤੇ ਵਿਚਾਰ ਕਰਨ ਤੋਂ ਪਹਿਲਾਂ ਇਹ ਵਿਚਾਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਸਮਾਜ ਤੋਂ ਕੀ ਭਾਵ ਹੈ ਅਤੇ ਇਸ ਦਾ ਮਨੁੱਖ ਨਾਲ਼ ਕੀ ਸੰਬੰਧ ਹੈ? ਸੰਸਾਰ ਦੇ ਸਾਰੇ ਧਰਮ ਇਸ ਵਿਚਾਰ 'ਤੇ ਇੱਕ ਮੱਤ ਹਨ ਕਿ ਮਨੁੱਖ ਇਸ ਸੰਸਾਰ ਵਿੱਚ ਹੋਰ ਜੀਵਾਂ ਦੇ ਮੁਕਾਬਲੇ ਅਹਿਮ ਸਥਾਨ ਰੱਖਦਾ ਹੈ। ਉਸ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਸੰਸਾਰ ਦਾ ਸਾਰਾ ਪ੍ਰਬੰਧ ਮਨੁੱਖ ਦੇ ਆਲ਼ੇ-ਦੁਆਲ਼ੇ ਹੀ ਘੁੰਮਦਾ ਹੈ। ਉਸ ਦੀ ਵਿਲੱਖਣਤਾ ਇਸ ਗੱਲ ਤੋਂ ਝਲਕਦੀ ਹੈ ਕਿ ਉਹ ਇੱਕ ਅਜਿਹੇ ਸਮੂਹਿਕ ਪ੍ਰਬੰਧ ਵਿੱਚ ਰਹਿੰਦਾ ਹੈ ਜਿਸ ਨੂੰ ਸਮਾਜ ਦਾ ਨਾਮ ਦਿੱਤਾ ਗਿਆ ਹੈ। "ਸਰਲ ਭਾਸ਼ਾ ਵਿੱਚ ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ, ਕਿ ਜਿੱਥੇ ਜੀਵਨ ਹੈ, ਉੱਥੇ ਹੀ ਸਮਾਜ ਹੈ।"[6] ਸਮਾਜ ਮਨੁੱਖਾਂ ਦਾ ਇੱਕ ਸਮੂਹ ਹੈ ਜਿੱਥੇ ਮਨੁੱਖ ਜਾਤੀ ਆਪਣੇ ਆਪਣੇ ਪਰਿਵਾਰਾਂ ਵਿੱਚ ਰਹਿੰਦੀ ਹੋਈ ਸਮਾਜਿਕ ਨਿਯਮਾਂ ਦੇ ਆਧਾਰ 'ਤੇ ਜੀਵਨ ਬਤੀਤ ਕਰਦੀ ਹੈ। ਸਮਾਜਿਕ ਨਿਯਮ ਮਨੁੱਖ ਨੂੰ ਇੱਕ ਮਰਿਆਦਾ ਵਿੱਚ ਰੱਖਦੇ ਹਨ ਜਿਸ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸਮਾਜ ਮਨੁੱਖ ਨੂੰ ਮਨੁੱਖ ਬਣਾਉਣ ਵਿੱਚ ਯੋਗਦਾਨ ਪਾਉਂਦਾ ਹੈ। ਇਹ ਸਮਾਜ ਹੀ ਹੈ ਜਿਸ ਦੇ ਨਿਯਮਾਂ ਦੀ ਪਾਲਣਾ ਕਰਦਾ ਹੋਇਆ ਮਨੁੱਖ ਦੂਜੇ ਜੀਵਾਂ ਨਾਲੋਂ ਵੱਖਰਤਾ ਰੱਖਦਾ ਹੈ।

---

5 ਚਮਕੌਰ ਸਿੰਘ, ਜੀਵਨ ਮੁਹਾਰਤਾਂ, ਪੰਜਾਬ ਕਮਿਊਨਿਟੀ ਹੈਲਥ ਸਰਵਿਸਜ਼ (ਰਜਿ.), ਮੋਗਾ, 2015, ਪੰਨਾ 19

6 ਮਿਸਿਜ਼ ਸ਼ਵਿੰਦਰਜੀਤ ਕੌਰ, ਸਮਾਜ ਵਿਗਿਆਨ ਨਾਲ਼ ਜਾਣ-ਪਛਾਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1971, ਪੰਨਾ 72

"ਮਨੁੱਖੀ ਜੀਵ ਹਮੇਸ਼ਾਂ ਆਪਣੇ ਆਪ ਨੂੰ ਇੱਕ ਵਿਕੋਲਿਤਰੀ ਜਿਣਸ ਸਮਝਦੇ ਰਹੇ ਹਨ। ਉਨ੍ਹਾਂ ਨੂੰ ਆਪਣੇ ਤੇ ਪਸ਼ੂ-ਜਗਤ ਵਿਚਕਾਰਲੇ ਖੱਪੇ ਦਾ ਹਮੇਸ਼ਾਂ ਬੜਾ ਇਹਸਾਸ ਰਿਹਾ ਹੈ ਅਤੇ ਚੇਤੰਨ ਜਗਤ ਵਿੱਚ ਇਸ ਖੱਪੇ ਦਾ ਕੋਈ ਮੇਚ ਨਹੀਂ। ਨਾ ਕੇਵਲ ਉਹਨਾਂ ਨੂੰ ਆਪਣੀ ਨਾ-ਬਰਾਬਰੀ ਦਾ ਇਹਸਾਸ ਰਿਹਾ ਹੈ, ਸਗੋਂ ਉਹਨਾਂ ਨੇ ਮਨੁੱਖੀ ਤਰੀਕੇ ਨਾਲ਼ ਇਸ ਨੂੰ ਬਿਆਨਣ ਦਾ ਵੀ ਯਤਨ ਕੀਤਾ ਹੈ। ਉਹਨਾਂ ਨੇ ਕਿਹਾ ਹੈ ਕਿ ਮਨੁੱਖ ਦੀ ਰੂਹ ਹੁੰਦੀ ਹੈ, ਜਦ ਕਿ ਪਸ਼ੂਆਂ ਦੀ ਰੂਹ ਨਹੀਂ ਹੁੰਦੀ, ਤੇ ਮਨੁੱਖਾਂ ਨੂੰ ਵਧੇਰੇ ਅਕਲ ਹੁੰਦੀ ਹੈ। ਉਹਨਾਂ ਇਹ ਵੀ ਆਖਿਆ ਹੈ ਕਿ ਮਨੁੱਖ ਬੋਲਣ ਵਾਲ਼ਾ ਪਸ਼ੂ ਹੋਣ ਦੇ ਕਾਰਨ ਬੋਲਾ ਪਸ਼ੂ ਨਹੀਂ ਅਤੇ ਇਹ, ਕਿ ਉਹ ਇੱਕ ਸਮਾਜਿਕ-ਪਸ਼ੂ ਹੋਣ ਦੇ ਕਾਰਨ ਸੱਭਯ ਹੈ।"[7] ਮਨੁੱਖ ਜੋ ਕਿ ਹੋਰ ਜੀਵ-ਜੰਤੂਆਂ ਨਾਲ਼ੋਂ ਸਰੀਰਕ ਢਾਂਚੇ ਅਤੇ ਹੋਰ ਸਮਰੱਥਾਵਾਂ ਕਰਕੇ ਭਿੰਨਤਾ ਰੱਖਦਾ ਹੈ। ਉਹ ਆਪਣੇ ਆਪ ਨੂੰ ਹੋਰ ਜੀਵਾਂ ਤੋਂ ਚੰਗਾ ਅਤੇ ਵਿਕਾਸ ਵਿੱਚ ਉਨ੍ਹਾਂ ਤੋਂ ਅੱਗੇ ਜਾਣ ਵਾਲ਼ਾ ਪ੍ਰਾਣੀ ਸਮਝਦਾ ਹੈ ਕਿਉਂਕਿ ਮਨੁੱਖ ਆਪਣੀ ਸਮਝ ਅਤੇ ਚਿੰਤਨ ਸ਼ਕਤੀ ਦੇ ਆਧਾਰ 'ਤੇ ਆਪਣੇ ਸਮਾਜਿਕ ਸਮੂਹ ਵਿੱਚ ਰਹਿੰਦਾ ਹੋਇਆ ਕਾਮਯਾਬੀ ਪ੍ਰਾਪਤ ਕਰਦਾ ਹੈ। ਸਾਧਾਰਨ ਬੋਲ-ਚਾਲ ਦੀ ਭਾਸ਼ਾ ਵਿੱਚ 'ਸਮਾਜ' ਸ਼ਬਦ ਦੀ ਵਰਤੋਂ ਵਿਅਕਤੀਆਂ ਦੇ ਸਮੂਹ ਲਈ ਕੀਤੀ ਜਾਂਦੀ ਹੈ। "ਸਮਾਜ ਵਿਅਕਤੀਆਂ ਦਾ ਸਮੂਹ ਹੀ ਨਹੀਂ ਹੈ ਸਗੋਂ ਉਨ੍ਹਾਂ ਦੇ ਸੰਬੰਧਾਂ ਦਾ ਨਾਮ ਹੈ। ਮਨੁੱਖਾਂ ਦੀਆਂ ਮਾਨਸਿਕ ਤੇ ਸਰੀਰਕ ਲੋੜਾਂ, ਆਸਾਂ ਤੇ ਰੀਝਾਂ, ਸਹਿਯੋਗ ਤੇ ਸੰਘਰਸ਼, ਆਦਿ ਭਾਵਨਾਵਾਂ ਸਮਾਜ ਦਾ ਨਿਰਮਾਣ ਕਰਦੀਆਂ ਹਨ। ਸਮਾਜ ਵਿੱਚ ਹੀ ਮਨੁੱਖ ਦੇ ਰਹਿਣ-ਸਹਿਣ, ਵਰਤਾਓ, ਖਾਣ-ਪੀਣ, ਅਤੇ ਪਹਿਨਣ ਦੀ ਭਾਵਨਾ ਪ੍ਰਫੁੱਲਤ ਹੁੰਦੀ ਹੈ।"[8]

ਸਮਾਜ ਕੇਵਲ ਮਨੁੱਖਾਂ ਦਾ ਸਮੂਹ ਹੀ ਨਹੀਂ ਹੈ ਬਲਕਿ ਮਨੁੱਖ ਇਸ ਸਮੂਹ ਵਿੱਚ ਦੂਜੇ ਮਨੁੱਖਾਂ ਨਾਲ਼ ਆਪਸੀ ਸੰਬੰਧਾਂ ਕਾਰਨ ਹੀ ਆਪਣੀਆਂ ਲੋੜਾਂ ਅਤੇ ਇੱਛਾਵਾਂ ਦੀ ਪੂਰਤੀ ਕਰ ਪਾਉਂਦਾ ਹੈ। ਮਨੁੱਖ ਅਤੇ ਸਮਾਜ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਦੋਵਾਂ ਨੂੰ ਇੱਕ-ਦੂਜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਇਹ ਸੱਚਾਈ ਹੈ ਕਿ ਮਨੁੱਖ ਸਮਾਜ ਵਿੱਚ ਰਹਿ ਕੇ ਹੀ ਵਿਕਾਸ ਕਰ ਸਕਦਾ ਹੈ। ਮਨੁੱਖ ਅਤੇ ਸਮਾਜ ਦੇ

[7] ਡੇਵਿਸ ਕਿੰਗਜ਼ਲੇ, ਅਨੁਵਾਦਕ: ਪਰਕਾਸ਼ ਸਿੰਘ ਜੰਮੂ, ਮਨੁੱਖੀ ਸਮਾਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2009, ਪੰਨਾ 3

[8] ਡਾ. ਜਸਬੀਰ ਸਿੰਘ ਭੱਲਾ, ਧਰਮ ਅਤੇ ਸਮਾਜ ਇੱਕ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2002, ਪੰਨਾ 95

ਰਿਸ਼ਤੇ ਦੀ ਅਹਿਮੀਅਤ ਇਸ ਗੱਲ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਮਨੁੱਖੀ ਜੀਵਨ ਜੁਗਤਾਂ ਦਾ ਆਧਾਰ ਸਮਾਜ ਹੈ। "ਅਫਲਾਤੂਨ ਅਤੇ ਅਰਸਤੂ ਦੀ ਫ਼ਿਲਾਸਫ਼ੀ ਵਿੱਚ ਉਸ ਮਨੁੱਖ ਨੂੰ 'ਮਨੁੱਖਤਾ ਤੋਂ ਊਣਾ' ਸਮਝਿਆ ਗਿਆ ਹੈ ਜਿਹੜਾ ਸਮਾਜ ਤੋਂ ਅਲੱਗ ਰਹਿੰਦਾ ਹੈ ਅਤੇ ਇਕੱਲਪੁਣੇ ਵਿੱਚ ਆਪਣਾ ਜੀਵਨ ਗੁਜਾਰਦਾ ਹੈ। ਅਜਿਹੇ ਬੰਦੇ ਕਦੇ ਵੀ ਸਮਾਜ ਲਈ ਲਾਭਦਾਇਕ ਨਹੀਂ ਹੁੰਦੇ ਅਤੇ ਨਾ ਹੀ ਉਹ ਬਾਕੀਆਂ ਦੇ ਸਮਾਜਿਕ ਤਜ਼ਰਬੇ ਤੋਂ ਲਾਭ ਉਠਾ ਸਕਦੇ ਹਨ।"[9]

ਮਨੁੱਖੀ ਸਮਾਜ ਵਿੱਚ ਵਿਚਰਦਿਆਂ ਉਹ ਆਪਣੇ ਆਲ਼ੇ-ਦੁਆਲ਼ੇ ਅਜਿਹੇ ਰਿਸ਼ਤਿਆਂ ਦਾ ਤਾਣਾ-ਬਾਣਾ ਸਿਰਜਦਾ ਹੈ ਜਿਸ ਰਾਹੀਂ ਉਹ ਹੋਰ ਸਮਾਜਿਕ ਪ੍ਰਾਣੀਆਂ ਦੀਆਂ ਅਤੇ ਆਪਣੀਆਂ ਵਿਅਕਤੀਗਤ ਲੋੜਾਂ ਪੂਰੀਆਂ ਕਰਦਾ ਹੈ। ਮਨੁੱਖ ਇਕੱਲਾ ਕੁੱਝ ਵੀ ਨਹੀਂ ਕਰ ਸਕਦਾ, ਬਲਕਿ ਇਸ ਦੀ ਅਹਿਮੀਅਤ ਦੂਜਿਆਂ ਦੇ ਨਾਲ਼ ਹੀ ਬਣਦੀ ਹੈ। ਇੱਕ ਮਨੁੱਖ ਦੂਜੇ ਮਨੁੱਖ 'ਤੇ ਨਿਰਭਰ ਹੋਣ ਕਾਰਨ ਰਿਸ਼ਤਿਆ ਵਿੱਚ ਬੰਨ੍ਹਿਆਂ ਹੋਇਆ ਹੈ, ਜਿਨ੍ਹਾਂ ਦੀ ਪਾਲਣਾ ਹਿੱਤ ਉਹ ਸਾਰੀ ਉਮਰ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਂਦਾ ਹੈ। "ਸਮਾਜ ਵਿਗਿਆਨ ਵਿੱਚ ਸਮਾਜ ਦਾ ਅਰਥ ਵਿਅਕਤੀਆਂ ਦਾ ਸਮੂਹ ਨਹੀਂ ਬਲਕਿ 'ਸਬੰਧਾਂ ਦਾ ਤਾਣਾ ਬਾਣਾ' ਹੈ।"[10] ਭਾਵੇਂ ਕਿ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਮਨੁੱਖੀ ਸਮਾਜ ਦੇ ਆਪਣੇ ਕਾਇਦੇ ਕਾਨੂੰਨ ਹਨ। ਇਸ ਦੇ ਮੱਦੇਨਜ਼ਰ ਇਨਸਾਨ ਆਪਣੇ ਆਪ ਨੂੰ ਸਮਾਜਿਕ ਪ੍ਰਬੰਧ ਨਾਲ਼ ਜੋੜਦਾ ਹੋਇਆ ਜੀਵਨ ਗੁਜਾਰਦਾ ਹੈ ਅਤੇ ਇਸ ਦੇ ਨਾਲ਼-ਨਾਲ਼ ਉਹ ਬਾਕੀ ਸਮਾਜਿਕ ਸਰੋਕਾਰਾਂ ਨਾਲ਼ ਵੀ ਜੁੜਿਆ ਹੁੰਦਾ ਹੈ। ਜਿਸ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਅਤੇ ਸਮਾਜ ਇੱਕ-ਦੂਜੇ ਨਾਲ਼ ਅੰਤਰ-ਸੰਬੰਧਤ ਹਨ ਅਤੇ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। "ਮਨੁੱਖ ਸਮਾਜੀ ਜੀਵ ਹੈ ਤੇ ਇਸ ਨੇ ਹਰ ਹਾਲਤ ਵਿੱਚ ਸਮਾਜ ਵਿੱਚ ਹੀ ਵਿਚਰਣਾ ਹੈ, ਆਪਣਾ ਜੀਵਨ ਸਮਕਾਲੀ ਸਮਾਜ ਦੇ ਸਾਂਚੇ ਵਿੱਚ ਢਾਲਣਾ ਹੈ, ਆਪ ਇਸ ਤੋਂ ਪ੍ਰਭਾਵਿਤ

---

[9] ਸੀ.ਈ.ਐਮ ਜੋਡ, 'ਫਿਲਾਸਫੀ ਆਫ ਆਵਰ ਟਾਈਮਜ਼,' ਥਾਮਸ ਨੈਲਸਨ ਐਂਡ ਸੰਨਜ਼ ਲਿਮ, ਲੰਡਨ, 1946, ਪੰਨੇ. 308-309

[10] ਮਿਸਿਜ਼ ਸ਼ਵਿੰਦਰਜੀਤ ਕੌਰ, ਸਮਾਜ ਵਿਗਿਆਨ ਨਾਲ਼ ਜਾਣ-ਪਛਾਣ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1971, ਪੰਨਾ 64

ਹੋਣਾ ਹੈ ਤੇ ਇਸ ਦੀ ਉਸਾਰੀ ਵਿੱਚ ਹਿੱਸਾ ਵੀ ਪਾਉਣਾ ਹੈ।"[11] ਸਮਾਜ ਨੂੰ ਚੰਗਾ ਬਣਾਉਣ ਵਿੱਚ ਜਿੱਥੇ ਮਨੁੱਖ ਆਪਣੀ ਕੋਸ਼ਿਸ਼ ਕਰਦਾ ਹੈ, ਉੱਥੇ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਵਿੱਚ ਵੀ ਸਮਾਜ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਮਨੁੱਖ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਲਈ ਉਸ ਦਾ ਸਮਾਜੀਕਰਣ ਹੋਣਾ ਜ਼ਰੂਰੀ ਹੈ। ਜਿਸ ਨਾਲ਼ ਉਹ ਖੁਦ ਤੋਂ ਉੱਪਰ ਉੱਠ ਕੇ ਦੂਜਿਆਂ ਨੂੰ ਧਿਆਨ ਵਿੱਚ ਰੱਖਕੇ ਕਰਮ ਕਰਦਾ ਹੈ। "ਸਮਾਜੀਕਰਣ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਮਨੁੱਖ ਸਮਾਜਿਕ ਪਰੰਪਰਾਵਾਂ ਅਨੁਸਾਰ ਵਿਵਹਾਰ ਕਰਨਾ ਸਿੱਖਦਾ ਹੈ। ਇਸ ਪ੍ਰਕਿਰਿਆ ਰਾਹੀਂ ਵਿਅਕਤੀ ਸਮਾਜ ਦੇ ਹਿੱਤਾਂ ਲਈ ਆਪਣੇ ਹਿੱਤਾਂ ਉੱਤੇ ਨਿਯੰਤਰਣ ਕਰਨ ਦਾ ਅਤੇ ਦੂਜਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਦਾ ਹੈ।"[12] ਸਚਿਆਰ ਮਨੁੱਖ ਸਮਾਜੀਕਰਣ ਦੀ ਪ੍ਰਕਿਰਿਆ ਰਾਹੀਂ ਇੱਕ ਆਦਰਸ਼ ਮਨੁੱਖ ਦੇ ਤੌਰ ਤੇ ਦੂਜਿਆਂ ਦੇ ਸਾਹਮਣੇ ਆਪਣੀ ਉਦਾਹਰਣ ਪੇਸ਼ ਕਰਦਾ ਹੈ ਜਿਵੇਂ ਮਨੁੱਖ ਨੇ ਆਪਣੇ ਆਪ ਅਤੇ ਪਰਿਵਾਰ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ ਬਿਲਕੁਲ ਇਸੇ ਤਰ੍ਹਾਂ ਹੀ ਉਹ ਆਪਣੇ ਹਿੱਤਾਂ ਤੋਂ ਉੱਪਰ ਉੱਠ ਕੇ ਦੂਜਿਆਂ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੈ। ਮਨੁੱਖ ਸਮਾਜ ਵਿੱਚ ਰਹਿੰਦਿਆਂ ਜਿੱਥੇ ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰਦਾ ਹੈ ਉੱਥੇ ਦੂਜਿਆਂ ਨਾਲ਼ ਚੰਗੇ ਸੰਬੰਧ ਕਾਇਮ ਕਰਕੇ ਸਮਾਜ ਦੇ ਨਿਰਮਾਣ ਅਤੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਇਸ ਦੇ ਨਾਲ਼ ਹੀ ਸਮਾਜ ਵੀ ਮਨੁੱਖ ਦਾ ਸਮਾਜੀਕਰਣ ਕਰਕੇ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਯੋਗਦਾਨ ਪਾਉਂਦਾ ਹੈ। ਸੋ ਸਮਾਜੀਕਰਣ ਦੀ ਪ੍ਰਕਿਰਿਆ ਵਿੱਚ ਇੱਕ ਮਨੁੱਖ ਦਾ ਦੂਜਿਆਂ ਨਾਲ਼ ਸੰਬੰਧ, ਆਪਸੀ ਨਿਰਭਰਤਾ ਅਤੇ ਸਹਿਯੋਗ ਆਦਿ ਆ ਜਾਂਦੇ ਹਨ। "ਹਰ ਇੱਕ ਵਿਅਕਤੀ ਦੇ ਅਣਗਿਣਤ ਹੀ ਸਬੰਧ ਹਨ ਅਤੇ ਉਹ ਇਨ੍ਹਾਂ ਸੰਬੰਧਾਂ ਰਾਹੀਂ ਹੀ ਆਪਣੇ ਸਮੂਹ ਦੇ ਹੋਰ ਵਿਅਕਤੀਆਂ ਨਾਲ਼ ਸਬੰਧਤ ਹੈ। ਇਨ੍ਹਾਂ ਸੰਬੰਧਾਂ ਦੇ ਕਾਰਣ ਹੀ ਸਮਾਜ ਦਾ ਨਿਰਮਾਣ ਹੁੰਦਾ ਹੈ ਜਾਂ ਮਨੁੱਖ ਦਾ ਵਿਕਾਸ ਇੱਕ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਸੰਭਵ ਹੁੰਦਾ ਹੈ।"[13] ਜੇਕਰ ਆਪਸੀ ਸੰਬੰਧਾਂ ਨਾਲ਼ ਸਮਾਜ ਦੀ

---

[11] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫਾਉਂਡੇਸਨ ਨਵੀਂ ਦਿੱਲੀ, 1985, ਪੰਨਾ 27-28

[12] ਡਾ. ਜਸਬੀਰ ਸਿੰਘ ਭੱਲਾ, ਧਰਮ ਅਤੇ ਸਮਾਜ ਇੱਕ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2002, ਪੰਨਾ 97

[13] ਮਿਸਿਜ਼ ਸ਼ਵਿੰਦਰਜੀਤ ਕੌਰ, ਸਮਾਜ ਵਿਗਿਆਨ ਨਾਲ਼ ਜਾਣ-ਪਛਾਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1971, ਪੰਨਾ 65-66

ਰੂਪ-ਰੇਖਾ ਬਣਦੀ ਹੈ ਤਾਂ ਇੱਥੇ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਸਮਾਜ ਵਿੱਚ ਰਹਿਣ ਵਾਲ਼ੇ ਵਿਅਕਤੀਆਂ ਦੇ ਆਪਸੀ ਸੰਬੰਧ ਜਿੰਨੇ ਵਧੀਆ ਹੋਣਗੇ, ਸਮਾਜ ਉਨਾਂ ਜ਼ਿਆਦਾ ਖ਼ੁਸ਼ਹਾਲ ਹੋਵੇਗਾ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਚੰਗੇ ਜਾਂ ਮਾੜੇ ਸੰਬੰਧ ਉਸ ਸੰਬੰਧ ਨਾਲ਼ ਜੁੜੇ ਹੋਏ ਨਤੀਜ਼ਿਆਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਸਮਾਜ ਵਿੱਚ ਰਹਿੰਦੇ ਵਿਅਕਤੀਆਂ ਦੇ ਚੰਗੇ ਸੰਬੰਧ ਮਨੁੱਖ ਅਤੇ ਸਮਾਜ ਦੇ ਵਿਕਾਸ ਵਿੱਚ ਸਹਾਈ ਹੁੰਦੇ ਹਨ। ਮਨੁੱਖੀ ਸੰਬੰਧਾਂ ਦਾ ਤਾਣਾ-ਬਾਣਾ ਮਨੁੱਖ ਦੇ ਸੁਭਾਅ ਨਾਲ਼ ਸੰਬੰਧ ਰੱਖਦਾ ਹੈ, ਕਿਉਂਕਿ ਮਨੁੱਖ ਦਾ ਸੁਭਾਅ ਉਨ੍ਹਾਂ ਦੇ ਆਪਸੀ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਮਨੁੱਖ ਅੰਦਰਲੇ ਗੁਣਾਂ ਜਾਂ ਔਗੁਣਾਂ ਦਾ ਉਸ ਦੇ ਸੁਭਾਅ ਤੋਂ ਪਤਾ ਲੱਗਦਾ ਹੈ। ਜਦੋਂ ਮਨੁੱਖ ਦੂਜਿਆਂ ਨਾਲ਼ ਵਿਵਹਾਰ ਕਰਦਾ ਹੈ, ਤਾਂ ਉਸ ਦਾ ਵਿਵਹਾਰ ਉਸ ਦੇ ਸੁਭਾਅ ਦੀ ਤਰਜ਼ਮਾਨੀ ਕਰ ਰਿਹਾ ਹੁੰਦਾ ਹੈ। ਦੂਜਿਆਂ ਨਾਲ਼ ਚੰਗੇ ਸੰਬੰਧ ਬਣਾਉਣ ਵਿੱਚ ਮਨੁੱਖੀ ਸੁਭਾਅ ਵਿਚਲੀ ਨਿਮਰਤਾ ਸਾਕਾਰਾਤਮਕ ਭੂਮਿਕਾ ਨਿਭਾਉਂਦੀ ਹੈ। ਜਿਸ ਨਾਲ਼ ਮਨੁੱਖ ਜਿੱਥੇ ਖੁਦ ਦੂਜਿਆਂ ਨਾਲ਼ ਵਿਵਹਾਰ ਕਰਦਾ ਹੋਇਆ ਅੰਦਰੂਨੀ ਸ਼ਾਂਤੀ ਮਹਿਸੂਸ ਕਰਦਾ ਹੈ। ਇਸ ਦੇ ਨਾਲ਼ ਹੀ ਉਹ ਦੂਜਿਆਂ ਤੇ ਵੀ ਆਪਣੇ ਨਿਮਰ ਸੁਭਾਅ ਨਾਲ਼ ਚੰਗਾ ਪ੍ਰਭਾਵ ਛੱਡਦਾ ਹੋਇਆ ਆਪਣੀ ਸ਼ਖ਼ਸੀਅਤ ਨੂੰ ਵਿਕਸਿਤ ਕਰਦਾ ਹੈ। ਪ੍ਰੰਤੂ ਇੱਥੇ ਧਿਆਨ ਨਾਲ਼ ਵੇਖਿਆਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਨਿਮਰਤਾ ਕਈਂ ਵਾਰ ਦੂਜਿਆਂ ’ਤੇ ਨਕਾਰਾਤਮਕ ਪ੍ਰਭਾਵ ਵੀ ਪਾਉਂਦੀ ਹੈ। ਇਹ ਪੱਖ ਉੱਥੇ ਸਾਹਮਣੇ ਆਉਂਦਾ ਹੈ, ਜਿੱਥੇ ਸਾਹਮਣੇ ਵਾਲ਼ਾ ਵਿਅਕਤੀ ਖੁਦ ਨਾਂਹਪੱਖੀ ਸੋਚ ਰੱਖਦਾ ਹੋਵੇ। ਇਹ ਜ਼ਰੂਰੀ ਨਹੀਂ ਕਿ ਨਿਮਰਤਾ ਹਮੇਸ਼ਾਂ ਹੀ ਤੁਹਾਡੇ ਬਾਰੇ ਦੂਜਿਆਂ ਦੇ ਮਨਾਂ ਵਿੱਚ ਚੰਗਾ ਵਿਚਾਰ ਪੈਦਾ ਕਰੇ। ਇਹ ਤੁਹਾਡੀ ਆਪਸੀ ਗੱਲਬਾਤ ਦੌਰਾਨ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਸਮਾਜਿਕ ਤੌਰ ’ਤੇ ਦੂਜੇ ਵਿਅਕਤੀ ਤੁਹਾਡੀ ਨਿਮਰਤਾ ਨੂੰ ਕਿਵੇਂ ਸਮਝਦੇ ਹਨ। ਆਮ ਵਿਚਾਰ ਅਨੁਸਾਰ ਭਾਵੇਂ ਕਿ ਨਿਮਰਤਾ ਦਾ ਸੰਬੰਧ ਸੰਦਰਭ ਨਾਲ਼ ਹੋ ਸਕਦਾ ਹੈ, ਪ੍ਰੰਤੂ ਨਿਮਰਤਾ ਸਦਕਾ ਮਨੁੱਖੀ ਸ਼ਖ਼ਸੀਅਤ ਚੰਗੇ ਗੁਣਾਂ ਦੀ ਖੁਸ਼ਬੋ ਨਾਲ਼ ਆਪਣੇ ਆਲ਼ੇ-ਦੁਆਲ਼ੇ ਨੂੰ ਮਹਿਕਾਉਂਦੀ ਹੋਈ ਇੱਕ ਮਨੁੱਖ ਦੇ ਦੂਜੇ ਮਨੁੱਖਾਂ ਨਾਲ਼ ਸੰਬੰਧਾਂ ਨੂੰ ਮਜ਼ਬੂਤ ਕਰਦੀ ਹੈ। ਸਚਿਆਰ ਮਨੁੱਖ ਵਿੱਚ ਨਿਮਰਤਾ ਦਾ ਗੁਣ ਉਸ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦਾ ਹੋਇਆ ਸਮਾਜ ਵਿੱਚ ਮਨੁੱਖਾਂ ਦੇ ਆਪਸੀ ਸੰਬੰਧਾਂ ਨੂੰ ਮਜ਼ਬੂਤ ਬਣਾਉਂਦਾ ਹੈ। ਮਨੁੱਖੀ ਸੰਬੰਧ ਸਮਾਜ ਦੇ

ਢਾਂਚੇ ਵਿੱਚ ਹੀ ਸੰਭਵ ਹੋ ਸਕਦੇ ਹਨ। ਜੇਕਰ ਮਨੁੱਖ ਇਕੱਲਾ ਰਹਿੰਦਾ ਹੈ ਤਾਂ ਉਸ ਵਿੱਚ ਨਿਮਰਤਾ ਦੇ ਸੰਕਲਪ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ। ਇਸ ਵਿਚਾਰ ਤੋਂ ਸਮਾਜ ਦੀ ਮਨੁੱਖੀ ਜੀਵਨ ਵਿੱਚ ਲੋੜ ਦਾ ਵੀ ਪਤਾ ਚੱਲਦਾ ਹੈ। "ਅਰਸਤੂ ਦੇ ਕਥਨ ਅਨੁਸਾਰ ਇਹ ਇਨਸਾਨ ਇੱਕ ਸਮਾਜਿਕ ਜੀਵ ਹੈ। ਇਨਸਾਨ ਦਾ ਇਹ ਕੁਦਰਤੀ ਸੁਭਾਵ ਹੈ ਕਿ ਇਹ ਸਮਾਜ ਵਿੱਚ ਰਹਿਣਾ ਪਸੰਦ ਕਰਦਾ ਹੈ, ਇਕੱਲਿਆਂ ਜੀਵਨ ਬਤੀਤ ਨਹੀਂ ਕਰਨਾ ਚਾਹੁੰਦਾ। ਜੋ ਇਨਸਾਨ ਸਮਾਜ ਵਿੱਚ ਰਹਿਣਾ ਨਹੀਂ ਚਾਹੁੰਦਾ ਉਹ ਜਾਂ ਪਸ਼ੂ ਹੈ, ਜਾਂ ਦੇਵਤਾ। ਸਮਾਜ ਵਿੱਚ ਰਹਿਣਾ ਮਨੁੱਖ ਇਸ ਲਈ ਪਸੰਦ ਕਰਦਾ ਹੈ ਕਿ ਇਹ ਦੂਜਿਆਂ ਨਾਲ਼ ਮਿਲ ਕੇ ਆਪਣੀ ਰੱਖਿਆ ਕਰ ਸਕਦਾ ਹੈ। ਸੱਭਿਅਤਾ ਦੀ ਉੱਨਤੀ ਹੀ ਇਸ ਸਮਾਜ ਕਰਕੇ ਹੋਈ ਹੈ। ਸਮਾਜ ਵਿੱਚ ਹੀ ਰਹਿ ਕੇ ਇਨਸਾਨ ਆਪਣੀ ਸ਼ਖ਼ਸੀਅਤ ਨੂੰ ਪੂਰਾ ਵਿਕਾਸ ਦੇ ਸਕਦਾ ਹੈ।"[14]

ਮਨੁੱਖ ਇੱਕ ਪਰਿਵਾਰ ਵਿੱਚ ਰਹਿੰਦਾ ਹੋਇਆ ਸਮਾਜ ਦਾ ਹਿੱਸਾ ਬਣਦਾ ਹੈ। ਜਿਸ ਵਿੱਚ ਉਸ ਦੇ ਆਪਣੇ ਪਰਿਵਾਰ ਨਾਲ਼, ਸਮਾਜ ਵਿੱਚ ਰਹਿੰਦੇ ਲੋਕਾਂ ਨਾਲ਼ ਰਿਸ਼ਤੇ ਜਾਂ ਵਿਵਹਾਰ ਦਾ ਸਮਾਜ ਦੀਆਂ ਪ੍ਰਸਥਿਤੀਆਂ 'ਤੇ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਪ੍ਰਭਾਵ ਪੈਂਦਾ ਹੈ। ਸਮਾਜ ਦੇ ਵਿਕਾਸ ਵਿੱਚ ਕੇਵਲ ਇੱਕ ਵਿਅਕਤੀ ਕੁੱਝ ਨਹੀਂ ਕਰ ਸਕਦਾ ਬਲਕਿ ਇਸ ਦੇ ਸਾਰੇ ਮੈਂਬਰਾਂ ਨੇ ਆਪਣੇ ਆਪਣੇ ਪੱਧਰ 'ਤੇ ਕੰਮ ਕਰਨਾ ਹੁੰਦਾ ਹੈ। ਮਨੁੱਖੀ ਸਮਾਜ ਜਿੱਥੇ ਸਾਰੀ ਮਨੁੱਖ ਜਾਤੀ ਨੂੰ ਇੱਕ ਸੁਰੱਖਿਆ ਪ੍ਰਦਾਨ ਕਰਦਾ ਹੈ ਉੱਥੇ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਅਤੇ ਇੱਕ ਦੂਜੇ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਮੱਦਦ ਵੀ ਕਰਦਾ ਹੈ। ਸਚਿਆਰ ਮਨੁੱਖ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖਾਂ ਨੂੰ ਇਨਸਾਨੀਅਤ ਵਾਲ਼ੇ ਸੰਬੰਧਾਂ ਦੀ ਇੱਕ ਲੜੀ ਵਿੱਚ ਪਰੋ ਕੇ ਦੂਜਿਆਂ ਦੀ ਸਹਾਇਤਾ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਦੇ ਨਾਲ਼ ਹੀ ਸਮਾਜਿਕ ਭਾਈਚਾਰੇ ਦੀ ਆਪਸੀ ਸੁਰੱਖਿਆ ਲਈ ਆਪ ਅੱਗੇ ਵੱਧ ਕੇ ਇੱਕ ਆਦਰਸ਼ ਭੂਮਿਕਾ ਨਿਭਾਉਂਦਾ ਹੈ। "ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖੀ ਸੰਤਾਨ ਨੂੰ ਆਪਣੀ ਪਰਵਰਿਸ਼, ਭੋਜਨ ਅਤੇ ਸੁਰੱਖਿਆ ਆਦਿ ਦੇ ਲਈ ਮੁੱਢ ਵਿੱਚ ਪਰਿਵਾਰ 'ਤੇ ਅੰਤ ਵਿੱਚ ਸਮਾਜ ਤੇ ਨਿਰਭਰ ਰਹਿਣਾ ਪੈਂਦਾ ਹੈ। ਮਨੁੱਖ ਸਮਾਜ ਵਿੱਚ ਰਹਿਕੇ ਹੀ ਆਪਣੀਆਂ ਰੀਝਾਂ ਦੀ ਖੱਡੀ ਬੁਣ ਸਕਦਾ ਹੈ ਅਤੇ ਸੁਪਨੇ ਸਾਕਾਰ ਕਰ ਸਕਦਾ ਹੈ। ਮਨੁੱਖ ਦੀਆਂ ਮਾਨਸਿਕ

[14] ਪ੍ਰੋ. ਪ੍ਰੀਤਮ ਸਿੰਘ, ਸਿੱਖ ਵਿਚਾਰਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962, ਪੰਨਾ 106

ਅਤੇ ਸਰੀਰਕ ਲੋੜਾਂ ਜਾਂ ਉਨ੍ਹਾਂ ਦੀਆਂ ਖਾਹਿਸ਼ਾਂ ਤੇ ਰੀਝਾਂ, ਸਹਿਯੋਗ ਤੇ ਸੰਘਰਸ਼ ਦੀਆਂ ਭਾਵਨਾਵਾਂ ਆਦਿ ਹਨ ਜੋ ਸਮਾਜ ਦਾ ਨਿਰਮਾਣ ਕਰਦੀਆਂ ਹਨ। ਵਿਅਕਤੀ ਲਗਭਗ ਹਰ ਇੱਕ ਗੱਲ ਸਮਾਜ ਕੋਲੋਂ ਹੀ ਸਿੱਖਦਾ ਹੈ ਅਤੇ ਸਮਾਜ ਵਿੱਚ ਹੀ ਆਪਣੇ ਆਪ (Self) ਦਾ ਵਿਕਾਸ ਕਰਦਾ ਹੈ। ਉਹ ਸਮਾਜ ਦਾ ਵੀ ਨਿੱਜੀ ਆਕਾਰ ਅਤੇ ਹੋਂਦ ਹੈ। ਸੋ ਸਮਾਜ ਅਤੇ ਵਿਅਕਤੀ ਦੋ ਸੁਤੰਤਰ ਇਕਾਈਆਂ ਨਹੀਂ ਦੋਨਾਂ ਦੀ ਹੋਂਦ ਤੇ ਵਿਕਾਸ ਇੱਕ ਦੂਜੇ ਉਤੇ ਨਿਰਭਰ ਹੈ।"[15] ਸਮਾਜ ਦੇ ਰੀਤੀ ਰਿਵਾਜ਼ਾਂ ਪ੍ਰਤੀ ਹਰੇਕ ਵਿਅਕਤੀ ਜਵਾਬਦੇਹ ਹੁੰਦਾ ਹੈ। ਸਮਾਜ ਵਿੱਚ ਰਹਿੰਦੇ ਹੋਏ ਸਮਾਜ ਦੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਸੱਭਿਆਚਾਰਕ ਦਸ਼ਾ ਨੂੰ ਸੁਧਾਰਨਾ ਸਾਰੇ ਸਮਾਜਿਕ ਪ੍ਰਾਣੀਆਂ ਦਾ ਫਰਜ਼ ਬਣਦਾ ਹੈ ਤਾਂ ਜੋ ਸਮਾਜ ਵਿੱਚ ਰਹਿੰਦੇ ਸਾਰੇ ਵਿਅਕਤੀਆਂ ਦਾ ਜੀਵਨ ਢੰਗ ਚੰਗਾ ਬਣ ਜਾਵੇ। ਜਿਵੇਂ ਮਨੁੱਖ ਅਤੇ ਸਮਾਜ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ। ਸਮਾਜਿਕ ਸੰਦਰਭ ਵਿੱਚ ਸੱਭਿਆਚਾਰ ਦੀ ਮਨੁੱਖੀ ਜ਼ਿੰਦਗੀ ਵਿੱਚ ਬਹੁਤ ਅਹਿਮੀਅਤ ਹੈ। ਸੱਭਿਆਚਾਰ ਮਨੁੱਖੀ ਜ਼ਿੰਦਗੀ ਦਾ ਧੁਰਾ ਹੈ। ਸੱਭਿਆਚਾਰ ਇੱਕ ਕੌਮੀ ਪਛਾਣ ਹੈ। ਸੱਭਿਆਚਾਰ ਜੀਵਨ-ਜੁਗਤ ਹੈ। ਸੱਭਿਆਚਾਰ ਕਰਮ ਅਤੇ ਧਰਮ ਦਾ ਸੁਮੇਲ ਹੈ। ਸੱਭਿਆਚਾਰ ਉਹਨਾਂ ਸਮਾਜਿਕ, ਆਰਥਿਕ, ਨੈਤਿਕ, ਧਾਰਮਿਕ ਅਤੇ ਰਾਜਨੀਤਕ ਕਦਰਾਂ-ਕੀਮਤਾਂ ਦਾ ਵਿਸਥਾਰ ਪੂਰਵਕ ਵਰਤਾਰਾ ਹੈ, ਜਿਹੜੀਆਂ ਇੱਕ ਸੱਭਿਅਕ ਸਮਾਜ ਨੂੰ ਚਲਾਉਣ ਲਈ ਸਹਾਈ ਹੀ ਨਹੀਂ ਹੁੰਦੀਆਂ, ਸਗੋਂ ਪੱਥ ਪ੍ਰਦਰਸ਼ਨ ਵੀ ਕਰਦੀਆਂ ਹਨ।"[16] ਜਿਵੇਂ ਮਨੁੱਖ ਇੱਕ ਸਮਾਜਿਕ ਪ੍ਰਾਣੀ ਦੇ ਤੌਰ ਤੇ ਇਸ ਸੰਸਾਰ ਵਿੱਚ ਆਪਣੀ ਹੋਂਦ ਰੱਖਦਾ ਹੈ ਅਤੇ ਡੂੰਘਾਈ ਨਾਲ਼ ਸਮਾਜ ਨਾਲ਼ ਜੁੜਿਆ ਹੁੰਦਾ ਹੈ, ਇਵੇਂ ਹੀ ਸੱਭਿਆਚਾਰ ਨਾਲ਼ ਵੀ ਮਨੁੱਖ ਦਾ ਡੂੰਘਾ ਸੰਬੰਧ ਹੈ। "ਸੱਭਿਆਚਾਰ ਕਿਸੇ ਵੀ ਧਰਮ ਅਤੇ ਸਮਾਜ ਦੇ ਆਚਾਰ-ਵਿਹਾਰ, ਰਹਿਣ-ਸਹਿਣ, ਖਾਣ-ਪੀਣ, ਪਹਿਰਾਵੇ, ਰਹੁ-ਰੀਤਾਂ, ਧਾਰਮਿਕ ਕਿਰਿਆਵਾਂ, ਰਸਮੋ-ਰਿਵਾਜ਼, ਕਦਰਾਂ-ਕੀਮਤਾਂ ਆਦਿ ਦਾ ਪ੍ਰਗਟਾਵਾ ਕਰਨ ਵਾਲੀ ਜੀਵਨ ਜੁਗਤਿ ਹੈ। ਇਹ ਸੱਭਿਆਚਾਰ ਮਨੁੱਖ ਦੇ ਕੌਮੀ ਸੰਸਕਾਰਾਂ, ਵਿਸ਼ਵਾਸਾਂ ਸਮਾਜ ਦੇ ਕਲਿਆਣ ਲਈ

---

[15] ਡਾ. ਗਿਆਨ ਚੰਦ ਜੈਨ, ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਬਾਣੀ, ਇੱਕ ਸਮਾਜਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015, ਪੰਨਾ 25-26

[16] ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਮਤਿ ਸਭਿਆਚਾਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2008, ਪੰਨਾ 23

ਨਿਭਾਏ ਰੋਲ ਦਾ ਘੜਿਆ ਤੇ ਸੰਵਾਰਿਆ ਸਰੂਪ ਹੁੰਦਾ ਹੈ।"[17] ਸੱਭਿਆਚਾਰ ਮਨੁੱਖ ਨੂੰ ਸੱਭਿਆਂ ਬਣਾਉਣ, ਸਮਾਜਿਕ ਰੀਤੀ-ਰਿਵਾਜ਼ਾਂ ਨੂੰ ਨੈਤਿਕਤਾ ਦੇ ਆਧਾਰ 'ਤੇ ਮਨੁੱਖੀ ਜੀਵਨ-ਜਾਚ ਵਿੱਚ ਸ਼ਾਮਿਲ ਕਰਨ ਵਿੱਚ ਸਹਾਈ ਹੁੰਦਾ ਹੈ। ਸਮਾਜ ਅਤੇ ਸੱਭਿਆਚਾਰ ਦੋਵੇਂ ਮਨੁੱਖ ਨਾਲ਼ ਜੁੜੇ ਹੋਣ ਕਾਰਨ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਿਤ ਕਰਨ ਵਿੱਚ ਅਹਿਮ ਰੋਲ ਅਦਾ ਕਰਦੇ ਹਨ। "ਸੱਭਿਆਚਾਰ ਪੈਰਾਂ ਦੀਆਂ ਬੇੜੀਆਂ ਨਹੀਂ ਹੁੰਦਾ, ਸਗੋਂ ਪੈਰਾਂ ਦੀਆਂ ਝਾਜਰਾਂ ਹੁੰਦਾ ਹੈ, ਜੋ ਸਮੇਂ ਦੀਆਂ ਪੁਲਾਂਘਾਂ ਦੇ ਨਾਲ਼-ਨਾਲ਼ ਛਣਕਦਾ ਹੈ।"[18] ਇਹ ਮਨੁੱਖੀ ਜੀਵਨ ਨੂੰ ਸੋਹਣਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੱਭਿਆਚਾਰ ਮਨੁੱਖ ਨੂੰ ਚੰਗਾ ਸਮਾਜਿਕ ਅਤੇ ਸੱਭਿਅਕ ਮਨੁੱਖ ਬਣਾਉਂਦਾ ਹੈ, ਜਿਸ ਤਹਿਤ ਉਹ ਕਦਰਾਂ-ਕੀਮਤਾਂ ਅਤੇ ਸਮਾਜਿਕ ਨਿਯਮਾਂ ਦਾ ਧਾਰਨੀ ਹੋ ਕੇ ਇੱਕ ਚੰਗੇ ਮਨੁੱਖ ਵੱਜੋਂ ਸਮਾਜਿਕ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਜਿਵੇਂ ਮਨੁੱਖ ਨੂੰ ਸਮਾਜ ਤੋਂ ਬਾਹਰ ਕੱਢ ਕੇ ਨਹੀਂ ਵੇਖਿਆ ਜਾ ਸਕਦਾ। ਇਸੇ ਤਰ੍ਹਾਂ ਹੀ ਮਨੁੱਖੀ ਵਿਕਾਸ ਨੂੰ ਸੱਭਿਆਚਾਰ ਤੋਂ ਬਿਨ੍ਹਾਂ ਕਿਆਸਿਆ ਨਹੀਂ ਜਾ ਸਕਦਾ ਕਿਉਂਕਿ ਮਨੁੱਖੀ ਸਮਾਜ ਨੂੰ ਕੇਵਲ ਵਿਅਕਤੀਆਂ ਦੇ ਸਮੂਹ ਵਜੋਂ ਹੀ ਨਹੀਂ ਵੇਖਿਆ ਜਾ ਸਕਦਾ, ਬਲਕਿ ਇਹ ਸਮਾਜ ਦਾ ਸੰਗਠਨ ਤਾਂ ਸੱਭਿਆਚਾਰਕ ਤੱਤਾਂ ਨਾਲ਼ ਬਣਿਆ ਹੁੰਦਾ ਹੈ। ਇਨ੍ਹਾਂ ਤੱਤਾਂ ਵਿੱਚ ਮਨੁੱਖਾਂ ਦੇ ਵੱਖ-ਵੱਖ ਤੌਰ-ਤਰੀਕੇ, ਵਿਸ਼ਵਾਸ ਅਤੇ ਗਿਆਨ ਨਾਲ਼ ਸੰਬੰਧਤ ਪ੍ਰਣਾਲ਼ੀਆਂ ਸ਼ਾਮਿਲ ਹੁੰਦੀਆਂ ਹਨ। "ਉਸ ਦਾ ਸਮਾਜਿਕ ਜੀਵਨ ਸੱਭਿਆਚਾਰ ਅਨੁਸਾਰ ਚੱਲਦਾ ਹੈ। ਇਸ ਲਈ ਸੱਭਿਆਚਾਰ ਉਹ ਮਹੱਤਵਪੂਰਨ ਮਲਕੀਅਤ ਹੈ, ਜੋ ਸਾਰੇ ਮਨੁੱਖੀ ਜੀਵਨ ਵਿੱਚ ਖਿੱਲਰੀ ਰਹਿੰਦੀ ਹੈ ਅਤੇ ਮਨੁੱਖ ਦੇ ਸਾਰੇ ਬੇਮੇਚ ਗੁਣ ਏਸੇ ਉੱਤੇ ਆਧਾਰਿਤ ਹਨ। ਇਹ ਮਨੁੱਖੀ ਹੋਂਦ ਵਿੱਚ ਹੋਰ ਪੱਖ ਦਾ ਵਾਧਾ ਕਰਦਾ ਹੈ, ਤੇ ਉਸ ਨੂੰ ਮਨੁੱਖ ਬਣਾਉਂਦਾ ਹੈ, ਜਿਸ ਨੇ ਇਸ ਦੀ ਅਣਹੋਂਦ ਵਿੱਚ ਇੱਕ ਪਸ਼ੂ ਹੋਣਾ ਸੀ।"[19] ਸੱਭਿਆਚਾਰ ਮਨੁੱਖ ਨੂੰ ਮਨੁੱਖ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

---

[17] ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਮਤਿ ਸਭਿਆਚਾਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2008, ਪੰਨਾ 18

[18] ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1998, ਪੰਨਾ 122

[19] ਕਿੰਗਜ਼ਲੇ ਡੇਵਿਸ, ਅਨੁਵਾਦ: ਪਰਕਾਸ਼ ਸਿੰਘ ਜੰਮੂ, ਮਨੁੱਖੀ ਸਮਾਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2009, ਪੰਨਾ 3

ਸੱਭਿਆਚਾਰਕ ਕਦਰਾਂ-ਕੀਮਤਾਂ ਮਨੁੱਖੀ ਸੋਚ, ਵਿਵਹਾਰ ਅਤੇ ਰਿਸ਼ਤਿਆਂ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ। ਸੱਭਿਆਚਾਰ ਮਨੁੱਖ ਨੂੰ ਅੰਦਰੂਨੀ ਤੌਰ 'ਤੇ ਮਜ਼ਬੂਤ ਕਰਕੇ ਉਸ ਅੰਦਰ ਛੁਪੀਆਂ ਹੋਈਆਂ ਪ੍ਰਤਿਭਾਵਾਂ ਨੂੰ ਉਜਾਗਰ ਕਰਦਾ ਹੈ, ਜਿਸ ਦੇ ਆਧਾਰ 'ਤੇ ਉਸ ਨੂੰ ਦਿਲਚਸਪੀ ਅਤੇ ਪ੍ਰਤਿਭਾ ਕਾਰਨ ਵੱਖ-ਵੱਖ ਖੇਤਰਾਂ ਵਿੱਚ ਕਾਮਯਾਬ ਹੋਣ ਦੇ ਮੌਕੇ ਮਿਲਦੇ ਹਨ। "ਸੱਭਿਆਚਾਰ ਕਿਸੇ ਸਮਾਜ ਦੇ ਮੈਂਬਰਾਂ ਨੂੰ ਇੱਕ ਦੂਜੇ ਦੀਆਂ ਉਮੀਦਾਂ ਅਤੇ ਲੋੜਾਂ ਤੋਂ ਜਾਣੂ ਹੋ ਕੇ ਸਾਂਝ ਪਾਉਣ ਦੀ ਜਾਂਚ ਸਿਖਾਉਂਦਾ ਹੈ। ਇਸੇ ਲਈ ਸਮਾਜ ਦੇ ਵਿਅਕਤੀ ਸੱਭਿਆਚਾਰ ਅਨੁਸਾਰ ਚੱਲਣ ਨੂੰ ਤਰਜੀਹ ਦਿੰਦੇ ਹਨ। ਸੱਭਿਆਚਾਰ ਵਿਅਕਤੀਆਂ ਦੀ ਸਿਰਜਨਾਤਮਕ ਪ੍ਰਤਿਭਾ ਅਤੇ ਆਲ਼ੇ-ਦੁਆਲ਼ੇ ਨੂੰ ਬਣਾ ਸੁਆਰ ਕੇ ਵਧਣ-ਫੁੱਲਣ ਵਾਸਤੇ ਅਤੇ ਜੀਵਨ ਮਾਣਨ ਲਈ ਤਿਆਰ ਕਰਦਾ ਹੈ।"[20] ਸੱਭਿਆਚਾਰ ਕਿਸੇ ਇੱਕ ਸਮਾਜ ਦਾ ਸਿਰਜਿਆ ਨਹੀਂ ਹੁੰਦਾ ਬਲਕਿ ਦੂਜਿਆਂ ਤੋਂ ਵੀ ਬਹੁਤ ਕੁੱਝ ਲਿਆ ਹੁੰਦਾ ਹੈ। ਜਿਵੇਂ ਕਿ ਪੰਜਾਬ ਵਿੱਚ ਬਾਹਰੋਂ ਬਹੁਤ ਸਾਰੇ ਹਮਲਾਵਰ ਆਏ, ਜੋ ਕਿ ਵੱਖ-ਵੱਖ ਸੱਭਿਆਚਾਰਾਂ ਨਾਲ਼ ਸੰਬੰਧ ਰੱਖਦੇ ਸਨ। ਉਨ੍ਹਾਂ ਵਿੱਚੋਂ ਬਹੁਤੇ ਲੋਕ ਇੱਥੇ ਹੀ ਵਸ ਗਏ, ਉਨ੍ਹਾਂ ਦੇ ਸੱਭਿਆਚਾਰਾਂ ਦਾ ਰੰਗ ਇੱਥੋਂ ਦੇ ਸੱਭਿਆਚਾਰ ਉੱਤੇ ਵੀ ਚੜ੍ਹ ਗਿਆ। ਸੋ ਸੱਭਿਆਚਾਰ ਮਨੁੱਖੀ ਸੋਚ ਨੂੰ ਪ੍ਰਭਾਵਿਤ ਕਰਦੇ ਹੋਏ ਇਸ ਨੂੰ ਸੱਭਿਅਕ ਮਨੁੱਖ ਬਣਾਉਣ ਵਿੱਚ ਸਹਾਈ ਹੁੰਦਾ ਹੈ। ਇਸੇ ਤਰ੍ਹਾਂ ਧਰਮ ਅਤੇ ਸਮਾਜ ਵੀ ਅੰਤਰ-ਸੰਬੰਧਤ ਹਨ। ਦੋਵੇਂ ਮਨੁੱਖ ਜਾਤੀ ਨਾਲ਼ ਜੁੜੇ ਹੋਣ ਕਰਕੇ ਮਨੁੱਖੀ ਹੋਂਦ ਦਾ ਆਧਾਰ ਹਨ। "ਸਮਾਜ ਜਾਂ ਸਮਾਜਕ ਵਾਤਾਵਰਣ, ਧਰਮ ਨੂੰ ਪ੍ਰਭਾਵਿਤ ਕਰਦਾ ਹੈ। ਕਿਸੇ ਥਾਂ ਦੇ ਸਮਾਜਕ ਰਸਮੋ-ਰਿਵਾਜ਼, ਉਸ ਖੇਤਰ ਦੇ ਧਾਰਮਿਕ ਕਰਮ-ਕਾਂਡਾਂ ਦਾ ਹਿੱਸਾ ਬਣ ਜਾਂਦੇ ਹਨ। ਇਸੇ ਤਰ੍ਹਾਂ ਧਰਮ ਵੀ ਆਪਣਾ ਪ੍ਰਭਾਵ ਸਮਾਜ ਨੂੰ ਜ਼ਰੂਰ ਦਿੰਦਾ ਹੈ। ਜੀਵਤ ਧਰਮ ਦੀ ਪਹਿਚਾਣ, ਉਸ ਦੇ ਸਮਾਜਕ ਜੀਵਨ ਵਿਚਲੇ ਮਹੱਤਵ ਕਰਕੇ ਹੁੰਦੀ ਹੈ।"[21] ਅੱਜ ਦੇ ਵਿਗਿਆਨਕ ਯੁੱਗ ਵਿੱਚ ਮਨੁੱਖੀ ਸੋਚ ਨਿੱਜ ਕੇਂਦਰਤ ਹੋ ਕੇ ਪਦਾਰਥਵਾਦ ਨਾਲ਼ ਜੁੜੀ ਹੋਈ ਹੈ। ਹਰੇਕ ਮਨੁੱਖ ਪਦਾਰਥਕ ਸੁੱਖ ਸਹੂਲਤਾਂ ਦੀ ਪ੍ਰਾਪਤੀ ਨੂੰ ਹੀ ਆਪਣੀ

---

[20] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 115

[21] ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1998, ਪੰਨਾ 47

ਜ਼ਿੰਦਗੀ ਦਾ ਮੁੱਖ ਮਕਸਦ ਸਮਝ ਬੈਠਾ ਹੈ, ਜਿਸ ਕਾਰਨ ਉਸ ਦਾ ਧਿਆਨ ਧਰਮ ਤੋਂ ਪਾਸੇ ਹੋ ਗਿਆ ਹੈ। ਇਸ ਕਰਕੇ ਹੀ ਮਨੁੱਖ ਮਾਨਸਿਕ ਗੁੰਝਲਾਂ ਅਤੇ ਹੋਰ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। "ਆਧੁਨਿਕੀਕਰਨ ਨਾਲ਼ ਦੁਨੀਆਂ ਭਰ ਦੇ ਸਮਾਜਾਂ ਵਿੱਚ ਮਾਨਸਿਕ ਬੇਚੈਨੀ, ਜਮਾਤੀ ਟਕਰਾਅ, ਨਸਲੀ ਝਗੜੇ, ਪ੍ਰਦੂਸ਼ਣ, ਪਰਿਵਾਰਕ ਤਣਾਉ ਆਦਿ ਅਨੇਕਾਂ ਸਮੱਸਿਆਵਾਂ ਪੈਦਾ ਹੋਈਆਂ ਹਨ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਦੁਨੀਆਂ ਭਰ ਵਿੱਚ ਧਾਰਮਿਕ ਸੰਗਠਨ ਅੱਗੇ ਆ ਰਹੇ ਹਨ। ਆਧੁਨਿਕ ਸਮਾਜਾਂ ਵਿੱਚ ਧਰਮ ਆਪਣੇ ਰਵਾਇਤੀ ਕਾਰਜਾਂ ਨੂੰ ਛੱਡ ਕੇ ਨਵੇਂ ਕਾਰਜਾਂ ਦੇ ਬਦਲ ਪੇਸ਼ ਕਰਨ ਵਿੱਚ ਯਤਨਸ਼ੀਲ ਹੋ ਰਹੇ ਹਨ।"[22] ਸਮਾਜ ਮਨੁੱਖਾਂ ਦਾ ਸਮੂਹ ਹੈ ਅਤੇ ਧਰਮ ਮਨੁੱਖ ਦਾ ਮਾਰਗ ਦਰਸ਼ਕ ਹੈ, ਜੋ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਦੇ ਆਧਾਰ 'ਤੇ ਚੰਗਾ ਜੀਵਨ ਜਿਉਣ ਦੀ ਸੋਝੀ ਦਿੰਦਾ ਹੈ। ਨੈਤਿਕ ਕਦਰਾਂ-ਕੀਮਤਾਂ ਸਮਾਜ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਉਂਦੀਆਂ ਹਨ, ਜੋ ਕਿ ਮਨੁੱਖੀ ਸ਼ਖ਼ਸੀਅਤ ਦੇ ਗੁਣਾਂ ਵਿੱਚ ਵਾਧਾ ਕਰਨ ਹਿੱਤ ਆਪਣੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜਿਕ ਕਦਰਾਂ-ਕੀਮਤਾਂ ਨੂੰ ਸਦਾਚਾਰਕ ਕਦਰਾਂ-ਕੀਮਤਾਂ ਵੀ ਕਿਹਾ ਜਾਂਦਾ ਹੈ, ਕਿਉਂਕਿ ਮਨੁੱਖ ਆਪਣੇ ਜੀਵਨ ਦੌਰਾਨ ਬਹੁਤ ਸਾਰੇ ਲੋਕਾਂ ਦੇ ਸੰਪਰਕ ਵਿੱਚ ਆਉਂਦਾ ਹੈ। ਵੱਖ-ਵੱਖ ਵਿਚਾਰਧਾਰਾਵਾਂ ਨਾਲ਼ ਜੁੜੇ ਹੋਏ ਲੋਕਾਂ ਨਾਲ਼ ਸੰਪਰਕ ਦੌਰਾਨ ਮਨੁੱਖ ਸਾਕਾਰਾਤਮਕ ਅਤੇ ਨਾਕਾਰਾਤਮਕ ਕਦਰਾਂ-ਕੀਮਤਾਂ ਦਾ ਧਾਰਨੀ ਹੋ ਜਾਂਦਾ ਹੈ। ਇੱਕ ਮਨੁੱਖ ਆਪਣੀ ਸੋਚ, ਵਿਚਾਰ ਅਤੇ ਕਰਮਾਂ ਨਾਲ਼ ਦੂਜਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਮਨੁੱਖ ਅੰਦਰ ਜੋ ਵੀ ਸਾਕਾਰਾਤਮਕ ਜਾਂ ਨਾਕਾਰਾਤਮਕ ਪਿਆ ਹੁੰਦਾ ਹੈ, ਉਸ ਦਾ ਅਸਰ ਉਸ ਨਾਲ਼ ਸੰਬੰਧ ਰੱਖਣ ਵਾਲ਼ਿਆਂ ਦੀ ਸ਼ਖ਼ਸੀਅਤ ਵਿੱਚ ਵੀ ਵੇਖਣ ਨੂੰ ਮਿਲਦਾ ਹੈ। "ਸਮਾਜ ਆਪਣੀ ਹੋਂਦ ਬਰਕਰਾਰ ਰੱਖਣ ਲਈ ਕਦਰਾਂ ਅਤੇ ਕੀਮਤਾਂ ਦਾ ਨਿਰਮਾਣ ਕਰਦਾ ਹੈ। ਇਹਨਾਂ ਦੀ ਪਾਲਣਾ ਕਰਨ ਨਾਲ਼ ਸਮਾਜ ਵਿੱਚ ਸਥਿਰਤਾ ਅਤੇ ਸ਼ਾਂਤੀ ਬਣੀ ਰਹਿੰਦੀ ਹੈ। ਇਹਨਾਂ ਕਦਰਾਂ-ਕੀਮਤਾਂ ਨੂੰ ਨਿਰਧਾਰਿਤ ਕਰਨ ਵਿੱਚ ਧਰਮ ਅਹਿਮ ਭੂਮਿਕਾ ਨਿਭਾਉਂਦਾ ਹੈ। ਜਿਵੇਂ ਚੋਰੀ ਨਾ ਕਰਨਾ, ਸੱਚ ਬੋਲਣਾ, ਸਰਬੱਤ ਦਾ ਭਲਾ ਮੰਗਣਾ, ਕਿਸੇ ਦਾ ਦਿਲ ਨਾ

[22] ਡਾ. ਗੁਰਮੀਤ ਸਿੰਘ ਸਿੱਧੂ, ਭਾਰਤੀ ਸਮਾਜ ਦੇ ਮੂਲ ਅਧਾਰ, ਅਦਬ ਪ੍ਰਕਾਸ਼ਨ, ਪਟਿਆਲ਼ਾ, 1999, ਪੰਨਾ 53

ਦੁਖਾਉਣਾ ਆਦਿ।"[23] ਸਚਿਆਰ ਮਨੁੱਖ ਧਰਮ ਦੀਆਂ ਲੀਹਾਂ 'ਤੇ ਤੁਰਦਾ ਹੋਇਆ ਸਮਾਜਿਕ ਸਰੋਕਾਰਾਂ ਦੇ ਮੱਦੇਨਜ਼ਰ ਮਨੁੱਖ ਨੂੰ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ। ਮਨੁੱਖੀ ਦੁਬਿਧਾ ਨੂੰ ਖਤਮ ਕਰਨ ਲਈ ਧਰਮ ਮਨੁੱਖ ਨੂੰ ਸੇਧ ਦਿੰਦਾ ਹੈ, ਜਿਸ ਤਹਿਤ ਮਨੁੱਖ ਭਟਕਣਾ ਵਿੱਚੋਂ ਨਿੱਕਲ ਕੇ ਸੱਚ ਦੇ ਮਾਰਗ 'ਤੇ ਚੱਲਦਾ ਹੋਇਆ ਆਪਣੀ ਸ਼ਖ਼ਸੀਅਤ ਨੂੰ ਵਿਕਸਤ ਕਰਦਾ ਹੈ। "ਸੱਭਿਅਤਾ ਦੇ ਆਰੰਭਿਕ ਕਾਲ ਤੋਂ ਹੀ ਮਨੁੱਖੀ ਸਮਾਜ ਵਿੱਚ ਧਰਮ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਧਰਮ ਵਿਅਕਤੀਗਤ ਅਤੇ ਸਮਾਜਿਕ ਕ੍ਰਿਆਵਾਂ ਕਰਦਾ ਹੈ। ਧਰਮ ਨੇ ਹੀ ਮਨੁੱਖ ਨੂੰ ਨੈਤਿਕ ਗੁਣ ਸਿਖਾਏ। ਧਰਮ ਸਮਾਜਿਕ ਅਨੁਸ਼ਾਸਨ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਧਰਮ ਸਮਾਜ ਦੇ ਮੈਂਬਰਾਂ ਵਿੱਚ ਗੂੜ੍ਹੇ ਸੰਬੰਧਾਂ ਨੂੰ ਸਥਾਪਿਤ ਕਰਦਾ ਹੈ। ਸਮਾਜਿਕ ਵਿਕਾਸ ਵਿੱਚ ਧਰਮ ਨੇ ਜੋ ਪ੍ਰਾਚੀਨ ਕਾਲ ਤੋਂ ਹੀ ਮਨੁੱਖ ਦਾ ਚੰਗਾ ਸਾਥੀ ਰਿਹਾ ਹੈ, ਮਨੁੱਖੀ ਪ੍ਰਵਿਰਤੀਆਂ ਉਤੇ ਨਿਯੰਤਰਣ ਰਖਕੇ ਉਨ੍ਹਾਂ ਨੂੰ ਸਮਾਜਿਕ ਕਲਿਆਣ ਦੀ ਦਿਸ਼ਾ ਵੱਲ ਮੋੜਿਆ।"[24] ਮਨੁੱਖ ਦੇ ਜੀਵਨ ਵਿੱਚ ਧਰਮ ਅਤੇ ਇਸ ਦੀਆਂ ਸਿੱਖਿਆਵਾਂ ਦੀ ਵਿਸ਼ੇਸ਼ ਦੇਣ ਹੈ। ਮਨੁੱਖ ਆਪਣੀ ਮਾਨਸਿਕ ਤਸੱਲੀ ਅਤੇ ਚੰਗੀ ਜ਼ਿੰਦਗੀ ਜਿਉਣ ਲਈ ਧਾਰਮਿਕ ਸੰਸਥਾਵਾਂ ਦੀ ਸਥਾਪਨਾ ਕਰਦਾ ਰਿਹਾ ਹੈ, ਜਿਨ੍ਹਾਂ ਨੇ ਉਸ ਦੇ ਜੀਵਨ ਨੂੰ ਸਹੀ ਸੇਧ ਦਿੱਤੀ ਹੈ। ਧਰਮ ਮਨੁੱਖ ਨੂੰ ਆਦਰਸ਼ਵਾਦੀ ਬਣਾਉਣ ਵਿੱਚ ਬਿਹਤਰ ਭੂਮਿਕਾ ਨਿਭਾਉਂਦਾ ਹੈ। "ਸਮਾਜ-ਵਿਗਿਆਨੀ ਦ੍ਰਿਸ਼ਟੀ ਤੋਂ ਧਰਮ ਦਾ ਉਦੇਸ਼ ਇੱਕ ਉੱਤਮ ਤੇ ਆਦਰਸ਼ਕ ਭਾਈਚਾਰਾ ਕਾਇਮ ਕਰਨਾ ਹੈ, ਜਿਸ ਦਾ ਹਰ ਮੈਂਬਰ ਆਪਣੀ ਹੋਣੀ ਦੀਆਂ ਸੰਭਾਵਨਾਵਾਂ ਨੂੰ ਪੂਰਨ ਰੂਪ ਵਿੱਚ ਵਿਕਸਤ ਕਰ ਸਕੇ ਅਤੇ ਉੱਚਤਮ ਅਧਿਆਤਮਿਕ ਸੰਤੁਸ਼ਟੀ ਨੂੰ ਪ੍ਰਾਪਤ ਹੋ ਸਕੇ। ਧਰਮ ਦੇ ਇਸ ਸਮਾਜਿਕ ਪਹਿਲੂ ਨੂੰ ਕੇਂਦਰੀ ਵਿਸ਼ੇਸ਼ਤਾ ਦੇਂਦੇ ਹੋਏ, ਸਮਾਜ ਦਾ ਵਿਗਿਆਨੀ (ਜਿਵੇਂ ਕਿ ਦੁਰਖਾਈਮ) ਮਨੁੱਖੀ ਭਾਈਚਾਰੇ ਨੂੰ ਧਰਮ ਦੀ ਜ਼ਿੰਦ-ਜਾਨ ਮੰਨਦਾ ਹੈ; ਦੂਸਰੇ ਪਾਸੇ ਧਾਰਮਿਕ ਅਕੀਦੇ ਦੀ ਬੁਨਿਆਦ ਵੀ ਉਸ ਨੂੰ ਸਮਾਜ ਵਿੱਚ ਹੀ ਦਿਖਾਈ ਦੇਂਦੀ ਹੈ।"[25] ਇੱਕ ਪਰਮਾਤਮਾ ਦਾ ਸੰਕਲਪ ਮਨੁੱਖ ਨੂੰ ਮਨੁੱਖ ਨਾਲ਼ ਜੋੜਦਾ ਹੋਇਆ ਆਦਰਸ਼ਕ ਭਾਈਚਾਰੇ ਦੀ ਸਥਾਪਨਾ

---

[23] ਡਾ. ਗੁਰਮੀਤ ਸਿੰਘ ਸਿੱਧੂ, ਭਾਰਤੀ ਸਮਾਜ ਦੇ ਮੂਲ ਅਧਾਰ, ਅਦਬ ਪ੍ਰਕਾਸ਼ਨ, ਪਟਿਆਲ਼ਾ, 1999, ਪੰਨਾ 53

[24] ਡਾ. ਗਿਆਨ ਚੰਦ ਜੈਨ, ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਬਾਣੀ, ਇੱਕ ਸਮਾਜਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ 24

[25] ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, ਪੰਨਾ 15

ਕਰਦਾ ਹੈ। ਧਰਮ ਪਰਮਾਤਮਾ ਦਾ ਵਿਚਾਰ ਮਨੁੱਖੀ ਚੇਤਨਾ ਵਿੱਚ ਪੈਦਾ ਕਰਦਾ ਹੈ, ਇਸ ਵਿਚਾਰ ਨਾਲ਼ ਜਦੋਂ ਮਨੁੱਖ ਪਰਮਾਤਮਾ ਦੇ ਗੁਣਾਂ 'ਤੇ ਵਿਚਾਰ ਕਰਦਾ ਹੈ ਤਾਂ ਇਹ ਗੁਣ ਉਸ ਦੀ ਚੇਤਨਾ ਦਾ ਹਿੱਸਾ ਬਣਦੇ ਹੋਏ ਉਸ ਦੇ ਵਿਵਹਾਰ ਵਿੱਚੋਂ ਪ੍ਰਗਟ ਹੁੰਦੇ ਹਨ। ਮਨੁੱਖੀ ਚੇਤਨਾ ਇੱਕ ਪਰਮਾਤਮਾ ਨੂੰ ਅੰਤਿਮ ਸੱਚਾਈ ਮੰਨਦੀ ਹੋਈ ਅਰਾਧਨਾ ਕਰਦੀ ਹੈ। ਮਨੁੱਖ ਇੱਕ ਪਰਮਾਤਮਾ 'ਤੇ ਵਿਸ਼ਵਾਸ ਕਰਦਾ ਹੋਇਆ ਸਾਰੀ ਮਨੁੱਖਤਾ ਪ੍ਰਤੀ ਆਪਣੀ ਸੋਚ ਨੂੰ ਸਾਕਾਰਾਤਮਕ ਕਰਦਾ ਹੋਇਆ ਚੰਗਾ ਵਿਵਹਾਰ ਕਰਦਾ ਹੈ। ਇੱਕ ਮਨੁੱਖ ਦੂਜੇ ਮਨੁੱਖ ਨਾਲ਼ ਪਿਆਰ, ਭਰਾਤਰੀਭਾਵ, ਨਿਮਰਤਾ, ਸਹਿਯੋਗ ਅਤੇ ਸਹਿਣਸ਼ੀਲਤਾ ਵਾਲ਼ੇ ਸੰਬੰਧ ਬਣਾਉਂਦਾ ਹੋਇਆ ਸਮਾਜ ਵਿੱਚ ਭਾਈਚਾਰਕ ਸਾਂਝ ਦੀ ਲਹਿਰ ਚਲਾਉਂਦਾ ਹੈ। ਇਸ ਸਾਂਝ ਦੀ ਸੋਚ ਵਿੱਚੋਂ ਹੀ ਮਨੁੱਖ ਦੂਜਿਆਂ ਦੀ ਸਹਾਇਤਾ, ਲੋੜਵੰਦਾਂ ਦੀ ਸੇਵਾ ਅਤੇ ਬਿਮਾਰਾਂ ਦੀ ਸੰਭਾਲ਼ ਲਈ ਅੱਗੇ ਆਉਂਦਾ ਹੈ। ਧਰਮ ਸਮਾਜ ਵਿੱਚ ਫੈਲੀਆਂ ਹੋਈਆਂ ਬੁਰਾਈਆਂ, ਵੈਰ-ਵਿਰੋਧ, ਨਸ਼ੇ, ਔਰਤਾਂ ਅਤੇ ਗਰੀਬਾਂ ਦੇ ਸੋਸ਼ਣ ਦੇ ਖਾਤਮੇ ਲਈ ਲੋਕਾਂ ਨੂੰ ਪ੍ਰੇਰਦਾ ਹੈ। ਧਰਮ ਅਤੇ ਸਦਾਚਾਰ ਦੋਵੇਂ ਮਿਲ ਕੇ ਸਮਾਜ ਨੂੰ ਚੰਗਾ ਬਣਾਉਂਦੇ ਹਨ ਕਿਉਂਕਿ ਇੱਕ ਮਨੁੱਖ ਲਈ ਧਾਰਮਿਕ ਹੋਣ ਦੇ ਨਾਲ਼-ਨਾਲ਼ ਉਸ ਦਾ ਸਦਾਚਾਰੀ ਹੋਣਾ ਵੀ ਜ਼ਰੂਰੀ ਹੈ। ਧਰਮ ਵਿੱਚ ਮਨੁੱਖੀ ਸ਼ਖ਼ਸੀਅਤ ਨੂੰ ਚੰਗਾ ਬਣਾਉਣ ਵਿੱਚ ਪਰਮਾਤਮਾ ਦੇ ਡਰ ਦਾ ਵੱਡਾ ਯੋਗਦਾਨ ਹੈ। ਜਿਵੇਂ-ਜਿਵੇਂ ਸੱਭਿਅਤਾ ਵਿਕਸਤ ਹੋਈ, ਉਵੇਂ ਹੀ ਧਰਮ ਨੇ ਵੀ ਆਪਣੇ ਨਿਯਮ ਬਣਾਏ ਜਿਨ੍ਹਾਂ ਨੇ ਮਨੁੱਖ ਨੂੰ ਸਮਾਜ ਵਿੱਚ ਰਹਿੰਦੇ ਹੋਏ ਵਿਵਹਾਰ ਕਰਨਾ ਸਿਖਾਇਆ। ਪਰਮਾਤਮਾ ਦਾ ਡਰ ਮਨੁੱਖ ਨੂੰ ਸਮਾਜਿਕ ਕੁਰੀਤੀਆਂ ਕਰਨ ਤੋਂ ਰੋਕਦਾ ਹੈ। "ਧਾਰਮਿਕ ਵਿਅਕਤੀ ਇਹ ਸੋਚਦਾ ਹੈ ਕਿ ਆਪਣੇ ਕੰਮਾਂ ਪ੍ਰਤੀ ਪਰਮਾਤਮਾ ਅੱਗੇ ਜਵਾਬਦੇਹ ਹੈ। ਪਰਮਾਤਮਾ ਵਿੱਚ ਵਿਸ਼ਵਾਸ ਕਰਨ ਵਾਲ਼ਾ ਵਿਅਕਤੀ ਧਾਰਮਿਕ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਦਾ ਹੈ। ਇਸ ਤਰ੍ਹਾਂ ਧਰਮ ਸਮਾਜ ਵਿੱਚ ਕੰਟਰੋਲ ਸਥਾਪਤ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ।"[26] ਸੋ ਧਰਮ ਨੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਦੇ ਤੌਰ 'ਤੇ ਦੂਜਿਆਂ ਨਾਲ਼ ਵਿਚਰਨ ਅਤੇ ਅੰਤਰ-ਸੰਬੰਧਾਂ ਦੇ ਨਿਯਮਾਂ ਵਿੱਚ ਬੰਨ੍ਹਿਆਂ, ਜਿਸ ਨਾਲ਼ ਮਨੁੱਖ ਨੂੰ ਕੁੱਝ ਸਵੈ-ਰੋਕਾਂ ਦਾ ਅਹਿਸਾਸ ਹੋਇਆ ਜੋ ਕਿ ਉਸ ਦੇ ਅਤੇ ਸਮਾਜ ਦੇ ਹਿੱਤ ਵਿੱਚ ਸਨ। ਇਨ੍ਹਾਂ ਨਿਯਮਾਂ ਨੇ ਹੀ ਮਨੁੱਖ ਨੂੰ ਸੱਭਿਅਕ ਅਤੇ ਸਦਾਚਾਰੀ ਬਣਾਇਆ।

[26] ਡਾ. ਗੁਰਮੀਤ ਸਿੰਘ ਸਿੱਧੂ, ਭਾਰਤੀ ਸਮਾਜ ਦੇ ਮੂਲ ਅਧਾਰ, ਅਦਬ ਪ੍ਰਕਾਸ਼ਨ, ਪਟਿਆਲ਼ਾ, 1999, ਪੰਨਾ 54

ਧਰਮ ਮਨੁੱਖ ਨੂੰ ਪਰਮਾਤਮਾ ਦੇ ਨਾਮ ਨਾਲ਼ ਜੋੜਕੇ ਉਸ ਨੂੰ ਧਿਆਨ ਲਾਉਣ ਲਈ ਪ੍ਰੇਰਦਾ ਹੈ, ਜਿਸ ਨਾਲ਼ ਉਸ ਨੂੰ ਜਿੱਥੇ ਮਾਨਸਿਕ ਸ਼ਾਂਤੀ ਮਿਲਦੀ ਹੈ, ਉੱਥੇ ਹੀ ਉਸ ਦੇ ਦੂਜਿਆਂ ਨਾਲ਼ ਸੰਬੰਧ ਵੀ ਚੰਗੇ ਬਣਦੇ ਹਨ। ਧਰਮ ਮਨੁੱਖ ਨੂੰ ਸਵੈ-ਪੜਚੋਲ ਕਰਕੇ ਉਸ ਦਾ ਨਿੱਜੀ ਵਿਵਹਾਰਿਕ ਢਾਂਚਾ ਬਣਾਉਣ ਵਿੱਚ ਸਹਾਇਤਾ ਕਰਦਾ ਹੈ, ਜਿਸ ਕਰਕੇ ਮਨੁੱਖ ਦੂਜਿਆਂ ਨਾਲ਼ ਚੰਗਾ ਵਿਵਹਾਰ ਕਰਨ ਯੋਗ ਬਣਦਾ ਹੈ। ਪਰਮਾਤਮਾ ਦਾ ਧਿਆਨ ਲਗਾ ਕੇ ਮਨੁੱਖ ਉਸ ਪ੍ਰਤੀ ਪ੍ਰੇਮਾ-ਭਗਤੀ ਦੀ ਭਾਵਨਾ ਉਜਾਗਰ ਕਰਦਾ ਹੋਇਆ ਕੋਮਲ ਮਨ ਨਾਲ਼ ਨਿਮਰਤਾ ਸਹਿਤ ਅਰਦਾਸ ਕਰਦਾ ਹੈ। ਇਹ ਪ੍ਰਕਿਰਿਆ ਮਨੁੱਖ ਅੰਦਰ ਸ਼ਰਧਾ, ਵਿਸ਼ਵਾਸ, ਪ੍ਰੇਮ, ਦਇਆ, ਨਿਮਰਤਾ ਅਤੇ ਸਹਿਣਸ਼ੀਲਤਾ ਆਦਿ ਗੁਣਾਂ ਦਾ ਸੰਚਾਰ ਕਰਦੀ ਹੈ। ਇਨ੍ਹਾਂ ਗੁਣਾਂ ਦਾ ਪ੍ਰਗਟਾਵਾ ਮਨੁੱਖੀ ਸ਼ਖ਼ਸੀਅਤ ਦੇ ਵਿਵਹਾਰਕ ਪੱਖ ਤੋਂ ਉਜਾਗਰ ਹੁੰਦਾ ਹੈ। ਅਜਿਹਾ ਮਨੁੱਖ ਸ਼ਾਂਤ ਸੁਭਾਅ ਦਾ ਧਾਰਨੀ ਹੋ ਕੇ ਦੂਜਿਆਂ ਪ੍ਰਤੀ ਚੰਗੀ ਸੋਚ ਨੂੰ ਵਿਕਸਤ ਕਰਦਾ ਹੋਇਆ ਸਮਾਜ ਵਿੱਚ ਭਰਾਤਰੀਭਾਵ ਫੈਲਾਉਣ ਵਿੱਚ ਮੋਹਰੀ ਰੋਲ ਅਦਾ ਕਰਦਾ ਹੈ। ਜਦੋਂ ਮਨੁੱਖ ਮਾਨਸਕਿ ਤੌਰ ਤੇ ਅਸ਼ਾਂਤੀ ਦੀ ਹਾਲਤ ਵਿੱਚ ਹੁੰਦਾ ਹੈ ਤਾਂ ਉਸ ਹਾਲਤ ਵਿੱਚ ਉਹ ਨਾ-ਖੁਸ਼ ਅਤੇ ਪਰੇਸ਼ਾਨ ਹੁੰਦਾ ਹੈ। ਅਜਿਹੇ ਸਮੇਂ ਉਸ ਨੂੰ ਗੁਰੂ ਦੀ ਸ਼ਰਣ ਵਿੱਚ ਜਾ ਕੇ ਮਾਨਸਿਕ ਭਟਕਣਾ ਵਿੱਚੋਂ ਕੱਢਣ ਲਈ ਧਰਮ ਮਾਰਗ-ਦਰਸ਼ਨ ਕਰਦਾ ਹੈ। "ਧਰਮ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਆਵਾਜ਼ ਉਠਾਉਂਦਾ ਹੈ। ਇਸ ਤਰ੍ਹਾਂ ਧਰਮ ਸਮਾਜ ਵਿੱਚ ਫੈਲੀਆਂ ਹੋਰ ਅਨੇਕਾਂ ਸਮਾਜਿਕ ਬਿਮਾਰੀਆਂ ਖਾਸ ਕਰਕੇ ਏਡਜ਼ ਵਰਗੀ ਬਿਮਾਰੀ ਤੋਂ ਬਚਣ ਲਈ ਵੀ ਲੋਕਾਂ ਨੂੰ ਸੁਚੇਤ ਕਰਨ ਵਿੱਚ ਰੋਲ ਅਦਾ ਕਰਦਾ ਹੈ। ਕਿਉਂਕਿ ਧਰਮ ਲਿੰਗਕ ਸ਼ੋਸ਼ਣ ਦੇ ਵਿਰੁੱਧ ਹੈ। ਧਰਮ ਵਿਅਕਤੀ ਵਿੱਚ ਸਹਿਜਤਾ, ਮਿਠਾਸ, ਨੇਕੀ, ਸਹਿਹੋਂਦ ਆਦਿ ਭਾਵਨਾ ਪੈਦਾ ਕਰਦਾ ਹੈ ਜੋ ਵਿਅਕਤੀ ਦੀ ਸਮਾਜਿਕ ਅਤੇ ਮਾਨਸਿਕ ਬਿਮਾਰੀਆਂ ਤੋਂ ਰੱਖਿਆ ਕਰਦੀ ਹੈ।"[27]

ਸਿੱਖ ਚਿੰਤਨ ਮਨੁੱਖ ਨੂੰ ਅਧਿਆਤਮਿਕਤਾ ਅਤੇ ਸਮਾਜਿਕਤਾ ਦੇ ਰਾਸਤੇ ਰਾਹੀਂ ਮਨੁੱਖਾ ਜਨਮ ਬਤੀਤ ਕਰਨ ਦੀ ਪ੍ਰੇਰਨਾ ਦਿੰਦਾ ਹੈ। ਜਿਸ ਵਿੱਚ ਮਨੁੱਖ ਨੇ ਆਪਣੀ ਖੁਸ਼ੀ ਅਤੇ ਮਾਨਸਿਕ ਆਜ਼ਾਦੀ ਦਾ ਧਿਆਨ ਰੱਖਦੇ ਹੋਏ, ਦੂਜਿਆਂ ਦੀ ਖੁਸ਼ੀ ਅਤੇ ਮਾਨਸਿਕ ਆਜ਼ਾਦੀ ਨੂੰ ਪਹਿਲ ਦਿੰਦੇ ਹੋਏ, ਇੱਕ ਸਾਂਝੀ

[27] ਡਾ. ਗੁਰਮੀਤ ਸਿੰਘ ਸਿੱਧੂ, ਭਾਰਤੀ ਸਮਾਜ ਦੇ ਮੂਲ ਅਧਾਰ, ਅਦਬ ਪ੍ਰਕਾਸ਼ਨ, ਪਟਿਆਲ਼ਾ, 1999, ਪੰਨਾ 55

ਵਿਚਾਰਧਾਰਾ ਨੂੰ ਆਧਾਰ ਬਣਾ ਕੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਹੈ ਅਤੇ ਆਪਣੇ ਅਸਲ ਮਕਸਦ ਨੂੰ ਵੀ ਪ੍ਰਾਪਤ ਕਰਨਾ ਹੈ। ਸਚਿਆਰ ਮਨੁੱਖ ਸਮਾਜ ਵਿੱਚ ਧਰਮ ਦੇ ਮਾਰਗ 'ਤੇ ਚੱਲਣ, ਨੇਕ-ਨੀਯਤ ਰੱਖਣ ਅਤੇ ਲੋਕ-ਭਲਾਈ ਵਾਲ਼ੇ ਕਰਮ ਕਰਨ ਲਈ ਇਨਸਾਨ ਨੂੰ ਸੁਚੇਤ ਕਰਦਾ ਹੈ। "ਗੁਰੂ ਨਾਨਕ ਵੱਲੋਂ ਚਲਾਈ ਸਿੱਖੀ ਦੀ ਲਹਿਰ ਨਿਰੋਲ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਲਹਿਰ ਸੀ, ਜਿਸ ਦਾ ਉਦੇਸ਼ ਮਨੁੱਖ ਮਾਤਰ ਨੂੰ ਹਰ ਪ੍ਰਕਾਰ ਦੀ ਜਿੱਲ੍ਹਣ, ਬੰਦਿਸ਼ ਅਤੇ ਗੁਲਾਮੀ, ਭਾਵੇਂ ਉਹ ਰੀਤੀਵਾਦ ਦੀ ਜਿਲ੍ਹਣ ਸੀ, ਭਾਵੇਂ ਘਰੇਲੂ ਦਬਾਓ ਜਾਂ ਮਜ਼੍ਹਬੀ ਆੜੇ-ਪਾੜੇ ਸਨ, ਭਾਵੇਂ ਸ਼ਖਸ਼ੀ ਗੁਲਾਮੀ ਸੀ ਅਤੇ ਭਾਵੇਂ ਹਕੂਮਤ ਦਾ ਜ਼ਬਰੋਸਿਤਮ ਸੀ-ਵਿੱਚੋਂ ਕੱਢ ਕੇ ਮਾਨਸਿਕ ਤੌਰ ਉੱਤੇ ਆਜ਼ਾਦ ਤੇ ਸਹਿਜ ਭਾਵ ਵਾਲ਼ੀਆਂ ਕੁਦਰਤੀ ਰੁਚੀਆਂ ਵਿੱਚ ਵਿਚਰਣ ਤੇ ਵਿਕਸਤ ਹੋਣ ਵਾਲ਼ਾ ਮਨੁੱਖ ਬਣਾਉਣਾ ਸੀ।"[28] ਸਚਿਆਰ ਮਨੁੱਖ ਖੁਦ ਧਰਮ ਦੇ ਰਸਤੇ 'ਤੇ ਚਲਦਾ ਹੈ ਅਤੇ ਉਹ ਦੂਜਿਆਂ ਨੂੰ ਵੀ ਇਸ ਲਈ ਆਪਣੇ ਨਾਲ਼ ਜੋੜਦਾ ਹੈ। ਧਰਮ ਮਨੁੱਖ ਨੂੰ ਮਨੁੱਖ ਨਾਲ਼ ਭਾਈਚਾਰਕ ਸਾਂਝ ਦੇ ਆਧਾਰ 'ਤੇ ਜੋੜਦਾ ਹੈ, ਉਨ੍ਹਾਂ ਵਿੱਚ ਪਿਆਰ ਦੀ ਸਾਂਝ ਵਧਾਉਂਦਾ ਹੈ। ਸਚਿਆਰ ਮਨੁੱਖ ਗੁਰੂ ਗ੍ਰੰਥ ਸਾਹਿਬ 'ਤੇ ਪੂਰਾ ਭਰੋਸਾ ਰੱਖਦਾ ਹੈ ਅਤੇ ਗੁਰੂ ਸ਼ਬਦ ਰਾਹੀਂ ਦਿੱਤੀਆਂ ਸਿੱਖਿਆਵਾਂ ਤੇ ਚੱਲਦਾ ਹੈ। "ਗੁਰੂ ਗ੍ਰੰਥ ਸਾਹਿਬ ਦੇ ਪੂਰਨਿਆਂ ਤੇ ਚੱਲਣ ਵਾਲ਼ਾ ਮਨੁੱਖ ਸਭ ਨਾਲ਼ ਪਿਆਰ ਕਰਨ ਵਾਲ਼ਾ ਹੋਣਾ ਲਾਜ਼ਮੀ ਹੈ। ਉਹ ਸਭ ਨੂੰ ਆਪਣਾ ਮੀਤ ਸਮਝਦਾ ਹੈ ਅਤੇ ਸਭ ਲਈ ਕਲਿਆਣਕਾਰੀ ਭਾਵਨਾ ਰੱਖਦਾ ਹੈ। ਉਸ ਦੀ ਇਹੋ ਸੋਚ ਹੁੰਦੀ ਹੈ ਕਿ ਮਾਨਵਤਾ ਵਿੱਚ ਪਿਆਰ ਵਧੇ, ਸਭ ਇੱਕ ਸਮਾਨ ਵਿਚਰਦੇ ਹੋਏ ਸੁੱਖ ਸ਼ਾਂਤੀ ਵਾਲ਼ਾ ਜੀਵਨ ਬਤੀਤ ਕਰਨ। ਜਿਸ ਉਪਾਸਨਾ ਜਾਂ ਤਰੀਕੇ ਨਾਲ਼ ਉਸਦੀ ਪਰਮਾਤਮਾ ਤਕ ਰਸਾਈ ਹੋ ਸਕਦੀ ਹੈ ਉਹ ਹੀ ਪ੍ਰਵਾਨ ਹੈ।"[29] ਗੁਰੂ ਸਾਹਿਬ ਨੇ ਉਸ ਸਮੇਂ ਦੇ ਧਾਰਮਿਕ ਪ੍ਰਬੰਧ 'ਤੇ ਕਾਬਜ਼ ਅਖੌਤੀਆਂ ਅਤੇ ਸਮਾਜ ਦੇ ਚੌਧਰੀਆਂ ਦੁਆਰਾ ਆਮ ਲੋਕਾਈ ਨਾਲ਼ ਜਾਤੀਵਾਦ ਅਤੇ ਧਰਮ ਦੇ ਆਧਾਰ 'ਤੇ ਕੀਤੇ ਜਾ ਰਹੇ ਅਨਿਆ ਨੂੰ ਜਨਤਾ ਸਾਹਮਣੇ ਲਿਆਂਦਾ। ਇਸ ਦੇ ਨਾਲ਼ ਹੀ ਸਮਾਜਿਕ ਬਰਾਬਰੀ ਨੂੰ ਅਮਲ ਵਿੱਚ ਲਿਆਉਣ ਲਈ ਸੰਗਤ ਅਤੇ ਪੰਗਤ ਪ੍ਰਥਾ ਦੀ ਸ਼ੁਰੂਆਤ

---

[28] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫਾਊਂਡੇਸਨ ਨਵੀਂ ਦਿੱਲੀ, 1985, ਪੰਨਾ 17

[29] ਡਾ. ਸਰੂਪ ਸਿੰਘ ਅਲੱਗ, ਸੰਦੇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.) ਫੋਕਲ ਪੁਆਇੰਟ, ਲੁਧਿਆਣਾ, 2007, ਪੰਨਾ 21

ਕੀਤੀ। ਜਿਸ ਨੂੰ ਬਾਅਦ ਵਿੱਚ ਹੋਰ ਗੁਰੂ ਸਾਹਿਬਾਨ ਨੇ ਲਾਗੂ ਕਰਕੇ ਸਮਾਜ ਵਿਚਲੇ ਊਚ-ਨੀਚ ਅਤੇ ਗਰੀਬ-ਅਮੀਰ ਦੇ ਭੇਦ-ਭਾਵ ਨੂੰ ਖਤਮ ਕਰਨ ਵਿੱਚ ਯੋਗਦਾਨ ਪਾਇਆ। ਸਮਾਜਿਕ ਅਤੇ ਧਾਰਮਿਕ ਕੁਰੀਤੀਆਂ ਦੇ ਖਾਤਮੇ ਲਈ ਗੁਰੂ ਸਾਹਿਬਾਨ ਨੇ ਮਨੁੱਖ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਹੋ ਕੇ, ਇੱਕ ਪ੍ਰਭੂ 'ਤੇ ਵਿਸ਼ਵਾਸ ਕਰਦੇ ਹੋਏ, ਮਿਹਨਤ ਅਤੇ ਇਮਾਨਦਾਰੀ ਵਾਲ਼ੀ ਨੀਤੀ ਨੂੰ ਆਧਾਰ ਬਣਾ ਕੇ ਅਤੇ ਸਰਬੱਤ ਦੀ ਭਲਾਈ ਵਾਲ਼ੀ ਸੋਚ ਨੂੰ ਸਾਹਮਣੇ ਰੱਖ ਕੇ ਸਾਫ਼-ਸੁਥਰਾ ਪਰਿਵਾਰਕ ਜੀਵਨ ਜਿਉਣ ਲਈ ਪ੍ਰੇਰਿਆ। ਇਸ ਆਸ਼ੇ ਦੀ ਪੂਰਤੀ ਲਈ ਗੁਰੂ ਸਾਹਿਬ ਜੀ ਨੇ ਆਦਰਸ਼ ਸਮਾਜ ਦਾ ਸੰਕਲਪ ਪੇਸ਼ ਕਰਕੇ ਲੋਕਾਈ ਦਾ ਮਾਰਗ-ਦਰਸ਼ਨ ਕੀਤਾ। "ਸਿੱਖ ਗੁਰੂ ਸਾਹਿਬਾਨ ਨਿਰਭਉ ਤੇ ਨਿਰਵੈਰ ਮਨੁੱਖੀ ਬਰਾਬਰੀ ਤੇ ਭਰੱਪਣ ਵਾਲ਼ਾ ਐਸਾ ਸਮਾਜ ਉਸਾਰਣਾ ਚਾਹੁੰਦੇ ਸਨ, ਜਿਸ ਵਿੱਚ ਊਚ-ਨੀਚ, ਹਾਕਮ ਤੇ ਮਹਿਕੂਮ, ਜ਼ਾਲਮ ਤੇ ਮਜ਼ਲੂਮ, ਅਮੀਰ ਤੇ ਗਰੀਬ, ਹਿੰਦੂ ਤੇ ਮੁਸਲਮਾਨ ਦੇ ਫਰਕ ਤੇ ਵਿਤਕਰੇ ਮਿਟ ਜਾਣ ਤੇ ਇਨ੍ਹਾਂ ਤ੍ਰੇੜਾਂ ਨਾਲ਼ ਤਿੜਕੇ ਹੋਏ ਸਮਾਜ ਦੀਆਂ ਤ੍ਰੇੜਾਂ ਮੇਲ ਕੇ ਇੱਕ ਐਸਾ ਸਾਂਝਾ ਭਾਈਚਾਰਾ ਉਸਾਰਿਆ ਜਾਵੇ, ਜਿਸ ਵਿੱਚੋਂ ਮਨੁੱਖੀ ਲੁੱਟ-ਖਸੁੱਟ ਖਤਮ ਹੋ ਜਾਵੇ ਅਤੇ ਸਮਾਜ ਨਿਰਭਉ ਤੇ ਨਿਰਵੈਰ ਦੀ ਧਾਰਨਾ ਵਿੱਚ ਢਲ਼ ਜਾਵੇ ਤਾਂ ਜੁ ਇੱਕ ਦੂਸਰੇ ਦਾ ਸਤਿਕਾਰ ਆਪਣੇ ਆਪ ਪੈਦਾ ਹੋਵੇ। ਐਸੇ ਸਮਾਜ ਦਾ ਧੁਰਾ ਕੇਵਲ ਧਰਮ ਹੀ ਹੋਵੇ ਅਤੇ ਇਸ ਦਾ ਆਧਾਰ ਮਿਹਨਤ ਤੇ ਕਿਰਤ ਦੁਆਰਾ ਉਸਾਰਿਆ ਆਰਥਿਕ ਪਸਾਰਾ ਹੋਵੇ। ਜਿਸ ਵਿੱਚ ਰਾਜਾ ਤੇ ਪਰਜਾ ਇੱਕ ਸਮਾਨ ਹੋਵੇ, ਹਾਕਮ ਤੇ ਮਹਿਕੂਮ ਦਾ ਫਰਕ ਹੀ ਖਤਮ ਹੋ ਜਾਵੇ, ਇਹ ਗੁਰੂ ਨਾਨਕ ਦਾ ਉਦੇਸ਼ ਸੀ।"[30]

ਸਚਿਆਰ ਮਨੁੱਖ ਸਮਾਜ ਵਿੱਚ ਮਨੁੱਖੀ ਸਮਾਨਤਾ ਨੂੰ ਬਿਨ੍ਹਾਂ ਕਿਸੇ ਸ਼ਰਤ ਦੇ ਲਾਗੂ ਕਰਨ ਦੀ ਇੱਛਾ ਹਿੱਤ ਕੋਸ਼ਿਸ਼ ਕਰਦਾ ਹੈ। ਸਮਾਨਤਾ ਦੀ ਇਸ ਸੋਚ ਵਿੱਚ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖਾਂ ਨੂੰ ਵਿਕਾਸ ਕਰਨ ਦੇ ਬਰਾਬਰ ਮੌਕੇ ਮਿਲਦੇ ਹਨ। ਕੋਈ ਵੀ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਉਸ ਦੀ ਮਰਜ਼ੀ ਦੇ ਵਿਰੁੱਧ ਧੱਕੇ ਨਾਲ਼ ਕੋਈ ਕੰਮ ਕਰਨ ਲਈ ਮਜ਼ਬੂਰ ਨਹੀਂ ਕਰ ਸਕਦਾ। ਸਮਾਨਤਾ ਨੂੰ ਭਾਵੇਂ ਸਰੀਰਕ ਤੌਰ ਤੇ ਸਾਰਿਆਂ ਵਿੱਚ ਇੱਕੋ ਤਰੀਕੇ ਨਾਲ਼ ਲਾਗੂ ਨਹੀਂ ਕੀਤਾ ਜਾ ਸਕਦਾ, ਪ੍ਰੰਤੂ ਉਨ੍ਹਾਂ ਦੇ ਸੁਪਨਿਆਂ, ਇੱਛਾਵਾਂ,

---

[30] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫਾਊਂਡੇਸਨ ਨਵੀਂ ਦਿੱਲੀ, 1985, ਪੰਨਾ 17

ਖਾਹਿਸ਼ਾਂ ਅਤੇ ਵਿਚਾਰਾਂ ਦੀ ਕਦਰ ਕਰਨੀ ਬਣਦੀ ਹੈ। "ਲੋਕਤੰਤਰ ਲਈ ਸਮਾਨਤਾ ਉੰਨੀ ਹੀ ਮਹੱਤਵਪੂਰਨ ਹੈ ਜਿੰਨੀ ਸੁਤੰਤਰਤਾ। ਸਮਾਨਤਾ ਦਾ ਇਹ ਅਰਥ ਨਹੀਂ ਕਿ ਮਾਨਸਿਕ ਅਤੇ ਸਰੀਰਕ ਯੋਗਤਾ ਵਿੱਚ ਸਾਰੇ ਵਿਅਕਤੀ ਸਮਾਨ ਹੁੰਦੇ ਹਨ।"[31] ਸਚਿਆਰ ਮਨੁੱਖ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਉਨ੍ਹਾਂ ਦੀ ਹਰ ਸਹਾਇਤਾ ਕਰਨ ਲਈ ਅੱਗੇ ਆਉਂਦਾ ਹੈ ਅਤੇ ਉਨ੍ਹਾਂ ਨੂੰ ਆਪਸੀ ਸਹਿਯੋਗ ਲਈ ਵੀ ਪ੍ਰੇਰਦਾ ਹੈ। ਜਿਵੇਂ ਕਿ ਉਹ ਸਾਰਿਆਂ ਨੂੰ ਇੱਕ ਪਰਮਾਤਮਾ ਦੀ ਸੰਤਾਨ ਮੰਨਦਾ ਹੋਇਆ ਭਰਾਤਰੀਭਾਵ ਦੀ ਲੜੀ ਵਿੱਚ ਪਰੋਂਦਾ ਹੈ। ਜਿੱਥੇ ਉਸ ਨੂੰ ਸਾਰੇ ਮਨੁੱਖ ਆਪਸੀ ਭਾਈਚਾਰਕ ਸਾਂਝ ਵਿੱਚ ਖੜ੍ਹੇ ਨਜ਼ਰ ਆਉਂਦੇ ਹਨ। ਉਸ ਨੂੰ ਕਿਸੇ ਵਿੱਚ ਵੀ ਕੋਈ ਜਾਤ, ਧਰਮ, ਅਮੀਰ-ਗਰੀਬ, ਉੱਚਾ-ਨੀਵਾਂ ਦਿਖਾਈ ਨਹੀਂ ਦਿੰਦਾ, ਬਲਕਿ ਸਾਰਿਆਂ ਵਿੱਚ ਇੱਕ ਪਰਮਾਤਮਾ ਦੀ ਜੋਤ ਹੀ ਦਿਖਾਈ ਦਿੰਦੀ ਹੈ। ਸਮਾਜਿਕ ਸਮਾਨਤਾ ਦੇ ਇਸ ਸੰਕਲਪ ਦੁਆਰਾ ਸਾਰੇ ਮਨੁੱਖ ਇੱਕ ਰਿਸ਼ਤੇ ਵਿੱਚ ਆਪਸੀ ਤੌਰ ਤੇ ਬੰਨ੍ਹੇ ਹੋਏ ਹਨ। ਉਨ੍ਹਾਂ ਦਾ ਆਪਸ ਵਿੱਚ ਕਿਸੇ ਨਾਲ਼ ਵੀ ਕੋਈ ਵੈਰ-ਵਿਰੋਧ ਨਹੀਂ ਹੈ। ਉਹ ਬਿਨ੍ਹਾਂ ਕਿਸੇ ਸ਼ਰਤ ਦੇ ਦੂਜਿਆਂ ਦੀ ਸਹਾਇਤਾ ਲਈ ਅੱਗੇ ਹੋ ਕੇ ਆਪਣੀਆਂ ਸੇਵਾਵਾਂ ਦਿੰਦੇ ਹਨ। ਸਚਿਆਰ ਮਨੁੱਖ ਭਾਈਚਾਰੇ ਦੀ ਇਸ ਭਾਵਨਾ ਲਈ ਸਭ ਨੂੰ ਪ੍ਰੇਰਦਾ ਹੈ। ਅੱਜ ਦੇ ਸਮੇਂ ਵਿੱਚ ਹਰੇਕ ਮਨੁੱਖ ਇੱਕ ਦੂਜੇ ਤੋਂ ਅਗਾਂਹ ਲੰਘਣ ਲਈ ਆਪੋ-ਆਪਣੇ ਪੱਧਰ 'ਤੇ ਕੋਸ਼ਿਸ਼ ਕਰ ਰਿਹਾ ਹੈ। ਜਿੱਥੇ ਉਸ ਦੀ ਸੋਚ ਨਿੱਜ ਕੇਂਦਰਿਤ ਹੀ ਹੋ ਕੇ ਰਹਿ ਗਈ ਹੈ। ਪਦਾਰਥਕ ਸਹੂਲਤਾਂ, ਆਰਥਿਕ ਲਾਭ, ਸਮਾਜਿਕ ਅਤੇ ਰਾਜਨੀਤਿਕ ਰੁਤਬੇ ਦੀ ਪ੍ਰਾਪਤੀ ਲਈ ਦੂਜਿਆਂ ਦੀਆਂ ਭਾਵਨਾਵਾਂ ਨੂੰ ਲਤਾੜਨ ਵਿੱਚ ਵੀ ਪਿੱਛੇ ਨਹੀਂ ਹਟਦਾ। ਜਦਕਿ ਸਮਾਜਿਕ ਸਮਾਨਤਾ ਦੇ ਘੇਰੇ ਵਿੱਚ ਸਭ ਨੂੰ ਬਰਾਬਰਤਾ ਦੇ ਆਧਾਰ 'ਤੇ ਸਹੂਲਤਾਂ ਦਾ ਮੌਕਾ ਮਿਲਦਾ ਹੈ। "ਸਮਾਨਤਾ ਦੇ ਅਰਥ ਵਿੱਚ ਪਹਿਲਾਂ ਤਾਂ ਕਿਸੇ ਨੂੰ ਵੀ ਵਿਸ਼ੇਸ਼ ਅਤੇ ਨਜਾਇਜ਼ ਸੁਵਿਧਾਵਾਂ ਨਹੀਂ ਦਿੱਤੀਆਂ ਜਾਣੀਆਂ ਚਾਹੀਦੀਆਂ, ਦੂਜਾ ਇਸ ਤੋਂ ਅਰਥ ਹੈ ਕਿ ਉਚਿਤ ਅਵਸਰ ਸਾਰਿਆਂ ਲਈ ਸਮਾਨ ਰੂਪ ਵਿੱਚ ਹੋਣੇ ਚਾਹੀਦੇ ਹਨ।" [32]

---

[31] ਡਾ. ਗੁਰਸ਼ਰਨ ਸਿੰਘ ਸੰਧੂ, ਸਾਮਾਜਿਕ ਅਤੇ ਰਾਜਨੀਤਿਕ ਦਰਸ਼ਨ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2001, ਪੰਨਾ 130

[32] ਉਹੀ, ਪੰਨਾ 131

ਗੁਰੂ ਸਾਹਿਬ ਧਰਮ ਨੂੰ ਆਧਾਰ ਬਣਾ ਕੇ ਸਮਾਜ ਨੂੰ ਤਿੰਨ ਪੱਖਾਂ ਤੋਂ ਉੱਨਤ ਵੇਖਣਾ ਚਾਹੁੰਦੇ ਸਨ- ਪਦਾਰਥਕ, ਮਾਨਸਿਕ ਅਤੇ ਆਤਮਿਕ ਪੱਖ। ਪਦਾਰਥਕ ਪੱਖ ਜੋ ਕਿ ਬਹੁਤ ਮਹੱਤਵਪੂਰਨ ਪੱਖ ਹੈ ਜਿਸ ਵਿੱਚ ਸਮਾਜ ਦੀਆਂ ਮੁੱਢਲੀਆਂ ਭੌਤਿਕ ਲੋੜਾਂ, ਉਹਨਾਂ ਨੂੰ ਪ੍ਰਾਪਤ ਕਰਨ ਦੇ ਸਾਧਨ, ਧਨ ਦੀ ਉਤਪਤੀ, ਉਸ ਦੀ ਵੰਡ, ਜਾਤ-ਪਾਤ ਅਤੇ ਉਸ ਮੁਤਾਬਿਕ ਕਿੱਤਿਆਂ ਦੀ ਵੰਡ, ਜਾਤ-ਪਾਤ ਕਾਰਨ ਊਚ-ਨੀਚ ਦਾ ਪਾੜਾ, ਦੌਲਤ ਦੇ ਘੱਟ-ਵੱਧ ਹੋਣ ਨਾਲ਼ ਪੈਦਾ ਹੋਈ ਅਮੀਰੀ-ਗਰੀਬੀ ਅਤੇ ਸਮਾਜ ਦੀ ਵਰਗ-ਵੰਡ ਆਦਿ ਇਸ ਵਿੱਚ ਆ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਇਸ ਪੱਖ ਨੂੰ ਸਮਝਦੇ ਹੋਏ ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਵੰਡ ਛਕਣ ਦੀ ਪ੍ਰੇਰਨਾ ਦੇ ਕੇ ਪਦਾਰਥਕ ਤੌਰ ਤੇ ਵਿਕਸਤ ਖੁਸ਼ਹਾਲ ਸਮਾਜ ਦਾ ਸੰਕਲਪ ਪੇਸ਼ ਕੀਤਾ ਹੈ। ਮਨੁੱਖ ਨੇ ਇਸ ਸੱਚ ਨੂੰ ਸਵੀਕਾਰਦੇ ਹੋਏ ਕਿ ਸਾਰੀ ਕਾਇਨਾਤ ਦੀ ਸਿਰਜਣਾ ਕਰਨ ਵਾਲ਼ਾ ਇੱਕ ਪਰਮਾਤਮਾ ਹੈ ਜਿਸ ਕਰਕੇ ਮਨੁੱਖ ਨੇ ਪ੍ਰਭੂ ਦੀ ਰਜ਼ਾ ਵਿੱਚ ਰਹਿੰਦੇ ਹੋਏ, ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ ਅਤੇ ਸਮਾਜ ਨੂੰ ਸੋਹਣਾ ਬਣਾਉਣ ਵਿੱਚ ਸਾਕਾਰਾਤਮਕ ਭੂਮਿਕਾ ਨਿਭਾਉਣੀ ਹੈ। ਗੁਰੂ ਸਾਹਿਬ ਨੇ ਇਹ ਮਹਿਸੂਸ ਕੀਤਾ ਕਿ ਆਦਰਸ਼ ਸਮਾਜ ਦੇ ਨਿਰਮਾਣ ਵਿੱਚ ਸਚਿਆਰ ਸ਼ਖ਼ਸੀਅਤ ਦੀ ਮਹੱਤਤਾ ਸਭ ਤੋਂ ਵੱਧ ਹੈ। ਸਚਿਆਰ ਸ਼ਖ਼ਸੀਅਤ ਆਪਣੇ ਵਿਚਾਰ, ਕਰਮ, ਵਿਵਹਾਰ, ਸੰਬੰਧਾਂ ਅਤੇ ਕੋਸ਼ਿਸ਼ ਸਦਕਾ ਸਮਾਜ ਵਿੱਚ ਇੱਕ ਤਬਦੀਲੀ ਲੈ ਕੇ ਆਉਂਦੀ ਹੈ ਜਿਸ ਦੇ ਆਧਾਰ 'ਤੇ ਆਦਰਸ਼ ਸਮਾਜ ਦੇ ਸੰਕਲਪ ਨੂੰ ਵਿਵਹਾਰਿਕ ਰੂਪ ਵਿੱਚ ਪੂਰਾ ਕੀਤਾ ਜਾ ਸਕਦਾ ਹੈ। ਧਰਮ ਆਦਰਸ਼ ਸਮਾਜ ਦੀ ਉਸਾਰੀ ਵਿੱਚ ਮੱਦਦ ਕਰਦਾ ਹੈ। "ਧਰਮ ਮਨੁੱਖ ਵਿੱਚ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ-ਭਾਵ ਜਿਹੇ ਗੁਣਾਂ ਦੇ ਵਿਕਾਸ ਵਿੱਚ ਸ਼ਲਾਘਾਯੋਗ ਹਿੱਸਾ ਪਾਉਂਦਾ ਹੈ।"[33] ਸੰਸਾਰ ਦਾ ਹਰੇਕ ਧਰਮ ਮਨੁੱਖ ਦੀ ਮਨੁੱਖ ਨਾਲ਼ ਲੜਾਈ ਦਾ ਖੰਡਨ ਕਰਦਾ ਹੋਇਆ ਆਪਸੀ ਸਹਿਚਾਰ, ਭਰਾਤਰੀਭਾਵ ਨਾਲ਼ ਇਕੱਠੇ ਰਹਿਣ ਲਈ ਪ੍ਰੇਰਦਾ ਹੈ। ਧਰਮ ਮਨੁੱਖਤਾ ਦੇ ਹਿੱਤਾਂ ਦੀ ਰਾਖੀ ਕਰਦਾ ਹੈ। ਸੰਸਾਰ ਵਿੱਚ ਹੁੰਦੇ ਚੰਗੇ ਕਰਮ ਧਰਮ ਆਧਾਰਿਤ ਹੁੰਦੇ ਹਨ। ਸਚਿਆਰ ਮਨੁੱਖ ਧਰਮ ਤੋਂ ਪ੍ਰੇਰਿਤ ਹੁੰਦਾ ਹੋਇਆ ਜਿੱਥੇ ਆਪਣੇ ਪਰਿਵਾਰ ਪ੍ਰਤੀ ਬਣਦੀ ਜ਼ਿੰਮੇਵਾਰੀ ਨਿਭਾਉਂਦਾ ਹੈ, ਉੱਥੇ ਉਹ ਸਮਾਜ ਵਿੱਚ ਰਹਿੰਦੇ ਹੋਰ ਲੋਕਾਂ ਅਤੇ ਵਰਗਾਂ ਪ੍ਰਤੀ ਵੀ ਜ਼ਿੰਮੇਵਾਰੀ, ਭਰਾਤਰੀਭਾਵ, ਸਹਿਯੋਗ

---

[33] ਡਾ. ਜਸਬੀਰ ਸਿੰਘ ਭੱਲਾ, ਧਰਮ ਅਤੇ ਸਮਾਜ ਇੱਕ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2002, ਪੰਨਾ 7

ਵਾਲ਼ਾ ਰਵੱਈਆ ਰੱਖਦੇ ਹੋਏ, ਸਮੇਂ ਦੇ ਸੰਦਰਭ ਅਨੁਸਾਰ ਦੂਜਿਆਂ ਦੀ ਮੱਦਦ ਕਰਦਾ ਹੈ। ਸਮਾਜ ਵਿੱਚ ਬਹੁਤ ਸਾਰੀਆਂ ਜਾਤਾਂ, ਧਰਮਾਂ ਅਤੇ ਅਲੱਗ-ਅਲੱਗ ਵਿਚਾਰਧਾਰਾਵਾਂ ਵਾਲ਼ੇ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਪਰਿਵਾਰਕ ਮਾਹੌਲ, ਧਾਰਮਿਕ ਸੋਚ, ਆਰਥਿਕ ਢਾਂਚਾ, ਖਾਣਾ-ਪੀਣਾ, ਪਹਿਰਾਵਾ ਅਤੇ ਵਿਵਹਾਰ ਇੱਕ-ਦੂਜੇ ਤੋਂ ਅਲੱਗ ਹੁੰਦਾ ਹੈ। ਇਸ ਭਿੰਨਤਾ ਦੇ ਬਾਵਜੂਦ ਇਨ੍ਹਾਂ ਸਾਰਿਆਂ ਵਿੱਚ ਇਨਸਾਨੀਅਤ ਦੇ ਰਿਸ਼ਤੇ ਦੀ ਸਾਂਝ ਹੁੰਦੀ ਹੈ। ਅੱਜ ਦੇ ਇਸ ਵਿਗਿਆਨਕ ਯੁੱਗ ਵਿੱਚ ਜਦੋਂ ਸਾਰੇ ਪਾਸੇ ਪਦਾਰਥਵਾਦ ਦਾ ਪਾਸਾਰ ਹੋ ਰਿਹਾ ਹੈ, ਜਿਸ ਦੇ ਮੱਦੇਨਜ਼ਰ ਹਰ ਮਨੁੱਖ ਇਨ੍ਹਾਂ ਭੋਤਿਕ ਪਦਾਰਥਾਂ ਨੂੰ ਪ੍ਰਾਪਤ ਕਰਕੇ ਸੁੱਖ-ਸਹੂਲਤਾ ਵਾਲ਼ੀ ਜੀਵਨ ਸ਼ੈਲੀ ਅਪਨਾਉਣਾ ਚਾਹੁੰਦਾ ਹੈ। ਜਿਸ ਲਈ ਉਹ ਹਰ ਹੀਲੇ ਧਨ ਨੂੰ ਇਕੱਠਾ ਕਰਨਾ ਚਾਹੁੰਦਾ ਹੈ। ਸਮੇਂ ਦੀ ਤ੍ਰਾਸਦੀ ਇਹ ਹੈ ਕਿ ਇਨਸਾਨ ਨਿੱਜੀ ਲਾਭ ਵੱਲ ਵੱਧ ਰੁਚਿਤ ਹੋ ਰਿਹਾ ਜਾਪਦਾ ਹੈ। ਮਨੁੱਖ ਦੀ ਇਸ ਕੋਸ਼ਿਸ਼ ਨਾਲ਼ ਸਮਾਜ ਵਿੱਚ ਅਜੀਬੋ-ਗਰੀਬ ਸਥਿਤੀ ਬਣੀ ਹੋਈ ਹੈ ਅਤੇ ਉਹ ਆਪੋ-ਧਾਪੀ ਵਿੱਚ ਪਿਆ ਹੋਇਆ ਹੈ। ਜਿਸ ਕਾਰਨ ਪਰਿਵਾਰਕ ਰਿਸ਼ਤੇ, ਸਮਾਜ ਵਿੱਚ ਰਹਿੰਦੇ ਲੋਕਾਂ ਨਾਲ਼ ਭਾਈਚਾਰਕ ਸਾਂਝ ਘਟਦੀ ਦਿਖਾਈ ਦੇ ਰਹੀ ਹੈ। ਮਨੁੱਖ ਸਮਾਜ ਵਿੱਚ ਰਹਿੰਦਾ ਹੋਇਆ ਵੀ ਸਮਾਜ ਤੋਂ ਟੁੱਟਿਆ ਮਹਿਸੂਸ ਕਰ ਰਿਹਾ ਹੈ। ਮਨੁੱਖ ਇਸ ਹੱਦ ਤੱਕ ਮਤਲਬੀ ਹੋ ਚੁੱਕਿਆ ਹੈ ਕਿ ਉਸ ਨੂੰ ਨਿੱਜ ਤੋਂ ਸਿਵਾਇ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ। ਸਮਾਜ ਦੇ ਸੁਧਾਰ ਅਤੇ ਵਿਕਾਸ ਵਿੱਚ ਪਰਿਵਾਰ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਨੁੱਖ ਇੱਕ ਬੱਚੇ ਦੇ ਰੂਪ ਵਿੱਚ ਸਮਾਜ ਵਿੱਚ ਆਉਣ ਤੋਂ ਪਹਿਲਾਂ ਪਰਿਵਾਰ ਵਿੱਚ ਜੰਮਦਾ, ਪਲ਼ਦਾ ਅਤੇ ਵਿਚਰਦਾ ਹੈ, ਜਿੱਥੇ ਉਸ ਨੂੰ ਖਾਣਾ-ਪੀਣਾ, ਬੈਠਣਾ ਅਤੇ ਦੂਜਿਆਂ ਨਾਲ਼ ਵਿਵਹਾਰ ਕਰਨਾ ਸਿਖਾਇਆ ਜਾਂਦਾ ਹੈ। ਮਨੁੱਖ ਦੇ ਆਚਰਣ ਦੀ ਉਸਾਰੀ ਵਿੱਚ ਵੀ ਪਰਿਵਾਰ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਚੰਗੀ ਸ਼ਖ਼ਸੀਅਤ ਦੇ ਮਾਲਕ ਅਤੇ ਚੰਗੇ ਨਾਗਰਿਕ ਬਣਨ ਵਿੱਚ ਪਰਿਵਾਰ ਹੀ ਮਨੁੱਖ ਨੂੰ ਸਹੀ ਸੇਧ ਦੇ ਸਕਦਾ ਹੈ ਕਿਉਂਕਿ ਪਰਿਵਾਰ ਦਾ ਮਾਹੌਲ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਮਨੁੱਖ ਜਿਸ ਤਰ੍ਹਾਂ ਦੇ ਪਰਿਵਾਰਕ ਮਾਹੌਲ ਵਿੱਚ ਜੰਮਿਆ ਜਾਂ ਪਲ਼ਿਆਂ ਹੁੰਦਾ ਹੈ, ਪਰਿਵਾਰਕ ਸੰਸਕਾਰਾਂ ਦੀ ਝਲਕ ਉਸ ਦੀ ਸ਼ਖ਼ਸੀਅਤ ਵਿੱਚੋਂ ਪੈਂਦੀ ਹੈ। ਪਰਿਵਾਰ ਵਿੱਚ ਹੀ ਉਸ ਨੂੰ ਚੰਗੇ ਅਤੇ ਮਾੜੇ, ਗਲਤ ਅਤੇ ਸਹੀ ਦਾ ਪਤਾ ਲੱਗਦਾ ਹੈ। ਪਰਿਵਾਰ ਮਨੁੱਖ ਨੂੰ ਸਮਾਜ ਵਿੱਚ ਵਿਚਰਨ ਦੇ ਯੋਗ ਬਣਾਉਂਦਾ ਹੈ। ਸਚਿਆਰ ਮਨੁੱਖ

ਪਰਿਵਾਰ ਵਿੱਚ ਵਿਚਰਦਾ ਹੋਇਆ, ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ ਸਮਾਜ ਵਿੱਚ ਬਣਦੀ ਜ਼ਿੰਮੇਵਾਰੀ ਨਿਭਾਉਂਦਾ ਹੈ। "ਪਰਿਵਾਰ ਵਿਅਕਤੀ ਨੂੰ ਸਮਾਜ ਵਿੱਚ ਰਹਿਣ ਦੀ ਜਾਂਚ ਸਿਖਾਉਂਦਾ ਹੈ। ਪਰਿਵਾਰ ਮਨੁੱਖ ਦੇ ਸਮਾਜੀਕਰਨ ਦੀ ਮੁੱਢਲੀ ਇਕਾਈ ਹੈ।"[34] ਸਮਾਜ ਵਿੱਚ ਸੁਧਾਰ ਲਿਆਉਣ ਅਤੇ ਮਨੁੱਖ ਦਾ ਸਮਾਜੀਕਰਣ ਕਰਨ ਵਿੱਚ ਸਚਿਆਰ ਸ਼ਖ਼ਸੀਅਤ ਇੱਕ ਚੰਗੀ ਭੂਮਿਕਾ ਅਦਾ ਕਰ ਸਕਦੀ ਹੈ। ਸਚਿਆਰ ਮਨੁੱਖ ਇੱਕ-ਦੂਜੇ ਪ੍ਰਤੀ ਸਦਭਾਵਨਾ ਬਣਾਈ ਰੱਖਣ ਲਈ ਸਮਾਜ ਵਿੱਚ ਲਚਕੀਲਾਪਣ ਲਿਆਉਂਦਾ ਹੈ, ਜਿਸ ਨਾਲ਼ ਇੱਕ ਮਨੁੱਖ ਦੇ ਦੂਜੇ ਮਨੁੱਖ ਪ੍ਰਤੀ ਵਿਵਹਾਰ ਵਿੱਚ ਚੰਗੀ ਸਮਝ ਪੈਦਾ ਹੁੰਦੀ ਹੈ। ਸਚਿਆਰ ਸ਼ਖ਼ਸੀਅਤ ਦੇ ਮਾਰਗ-ਦਰਸ਼ਨ ਹੇਠ ਮਨੁੱਖ ਕਦਰਾਂ-ਕੀਮਤਾਂ ਦਾ ਧਾਰਨੀ ਹੁੰਦਾ ਹੋਇਆ ਆਪਣੇ ਪਰਿਵਾਰ ਵਿੱਚ ਸਦਾਚਾਰ ਕਾਇਮ ਕਰਦਾ ਹੋਇਆ ਪੂਰੇ ਸਮਾਜ ਨੂੰ ਇਸ ਵਿੱਚ ਸ਼ਾਮਿਲ ਕਰ ਲੈਂਦਾ ਹੈ। "ਗੁਰੂ ਨਾਨਕ ਦੇਵ ਜੀ ਆਪਣੀ ਧਾਰਣਾ ਦੇ ਸਮਾਜ ਲਈ ਸਾਰਾ ਬਲ ਪਰਮੇਸ਼ਰ ਤੇ ਲੋਕਾਂ ਦੇ ਉਸ ਵਿੱਚ ਵਿਸ਼ਵਾਸ ਤੋਂ ਲੈਂਦੇ ਹਨ। ਇੱਥੇ ਸਮਾਜ ਦੀ ਪ੍ਰਾਪਤੀ ਲੋਕਾਂ ਦੀ ਸਵੈ-ਇੱਛਾ ਤੇ ਨਿਰਭਰ ਕਰਦੀ ਹੈ।"[35] ਜਿਵੇਂ ਕਿ ਸਚਿਆਰ ਮਨੁੱਖ ਆਪਣੇ ਪਰਿਵਾਰਕ ਮੈਂਬਰਾਂ, ਸਮਾਜ ਵਿੱਚ ਰਹਿੰਦੇ ਹੋਰ ਵਿਅਕਤੀਆਂ, ਆਪਣੇ ਗਵਾਂਢੀਆਂ, ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਨਾਲ਼ ਭਰਾਤਰੀਭਾਵ ਅਤੇ ਇਨਸਾਨੀਅਤ ਵਾਲ਼ਾ ਰਿਸ਼ਤਾ ਨਿਭਾਉਂਦਾ ਹੈ। ਇਸ ਤੋਂ ਬਿਨ੍ਹਾਂ ਉਹ ਆਪਣੀ ਸਮਰੱਥਾ ਅਨੁਸਾਰ, ਗਰੀਬਾਂ ਅਤੇ ਲੋੜਵੰਦਾਂ ਦੀ ਆਰਥਿਕ ਸਹਾਇਤਾ ਵੀ ਕਰਦਾ ਹੈ। ਉਸ ਨੇ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਦੂਜਿਆਂ ਦੀ ਭਲਾਈ ਲਈ ਆਪਣਾ ਆਪਾ ਸਮਰਪਿਤ ਕੀਤਾ ਹੁੰਦਾ ਹੈ। ਸਚਿਆਰ ਸ਼ਖ਼ਸੀਅਤ ਦੀ ਇਹ ਖਾਸੀਅਤ ਹੈ ਕਿ ਉਸ ਦਾ ਨਜ਼ਰੀਆ ਆਮ ਲੋਕਾਂ ਦੇ ਮੁਕਾਬਲੇ ਵੱਖਰਾ ਹੁੰਦਾ ਹੈ। ਜਿਸ ਦੇ ਮੱਦੇਨਜ਼ਰ ਉਸ ਨੂੰ ਆਪਣੇ ਹਿੱਤਾਂ ਦੀ ਥਾਂ ਦੂਜਿਆਂ ਦੇ ਹਿੱਤਾਂ ਦਾ ਖਿਆਲ ਪਹਿਲਾਂ ਆਉਂਦਾ ਹੈ। ਉਹ ਖੁਦਗਰਜ਼ੀ ਅਤੇ ਮਤਲਬ ਤੋਂ ਉੱਪਰ ਉੱਠ ਕੇ ਆਪਣਾ ਕਰਮ ਕਰਦਾ ਹੈ। ਉਹ ਆਪਣੇ ਪਰਿਵਾਰਿਕ ਫਰਜ਼ਾਂ ਨੂੰ ਵੀ ਬਾਖੂਬੀ ਨਿਭਾਉਂਦਾ ਹੈ। ਪ੍ਰੰਤੂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਸਮਾਜ ਵਿੱਚ ਵਿਚਰਦਾ ਹੋਇਆ ਕਿਸੇ ਵੀ ਹੋਰ

---

[34] ਡਾ. ਗੁਰਮੀਤ ਸਿੰਘ ਸਿੱਧੂ, ਭਾਰਤੀ ਸਮਾਜ ਦੇ ਮੂਲ ਅਧਾਰ, ਅਦਬ ਪ੍ਰਕਾਸ਼ਨ, ਪਟਿਆਲ਼ਾ, 1999, ਪੰਨਾ 59

[35] ਡਾ. ਜਸਵਿੰਦਰ ਕੌਰ ਢਿੱਲੋਂ, ਸੰਪਾਦਕ: ਗੁਰੂ ਨਾਨਕ ਬਾਣੀ ਸਮਾਜਿਕ ਤੇ ਸਭਿਆਚਾਰਕ ਪਰਿਪੇਖ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006, ਪੰਨਾ 54

ਵਿਅਕਤੀ ਲਈ ਉੰਨਾਂ ਹੀ ਸੁਹਿਰਦ ਹੁੰਦਾ ਹੈ ਜਿੰਨਾ ਕਿ ਉਹ ਆਪਣੇ ਪਰਿਵਾਰ ਜਾਂ ਰਿਸ਼ਤੇਦਾਰਾਂ ਲਈ। ਇਸ ਲਈ ਉਹ ਹੋਰਾਂ ਦੀਆਂ ਲੋੜਾਂ ਦੀ ਪੂਰਤੀ ਵਿੱਚ ਉਨ੍ਹਾਂ ਦੀ ਮਦਦ ਕਰਦਾ ਹੈ ਅਤੇ ਹੋਰਾਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਦਾ ਹੈ।

ਸਚਿਆਰ ਮਨੁੱਖ ਆਪਣਾ ਕਰਮ ਕਰਦੇ ਹੋਏ ਸਰਬੱਤ ਦੇ ਭਲੇ ਨੂੰ ਮਹੱਤਤਾ ਦਿੰਦਾ ਹੈ। ਭਾਵ ਉਹ ਜੋ ਵੀ ਕਰਮ ਕਰਦਾ ਹੈ ਉਸ ਵਿੱਚ ਦੂਜਿਆਂ ਦੇ ਫਾਇਦੇ ਨੂੰ ਤਰਜੀਹ ਦਿੱਤੀ ਜਾਂਦੀ ਹੈ। ਉਹ ਹਮੇਸ਼ਾਂ ਦੂਜਿਆਂ ਦੀ ਮੱਦਦ ਕਰਨ ਲਈ ਤੱਤਪਰ ਰਹਿੰਦਾ ਹੈ, ਜਿਸ ਦੌਰਾਨ ਉਹ ਆਪਣੇ ਨਿੱਜੀ ਫਾਇਦੇ ਅਤੇ ਨੁਕਸਾਨ ਦੀ ਵੀ ਪਰਵਾਹ ਨਹੀਂ ਕਰਦਾ। ਉਹ ਆਪਣੀ ਖੁਸ਼ੀ ਨੂੰ ਦੂਜਿਆਂ ਦੀ ਖੁਸ਼ੀ ਵਿੱਚੋਂ ਲੱਭਦਾ ਹੈ। ਉਹ ਜਿਸ ਜਗ੍ਹਾ ’ਤੇ ਵੀ ਖੜ੍ਹਾ ਹੁੰਦਾ ਹੈ, ਉਸ ਨੇ ਸੰਦਰਭ ਅਨੁਸਾਰ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣਾ ਹੁੰਦਾ ਹੈ। ਦੂਜਿਆਂ ਦੀ ਭਲਾਈ ਨੂੰ ਅੱਗੇ ਰੱਖ ਕੇ ਕੀਤੇ ਜਾ ਰਹੇ ਕਰਮ ਵਿੱਚ ਉਹ ਨਿਸ਼ਕਾਮਤਾ ਦੀ ਭਾਵਨਾ ਰੱਖਦਾ ਹੈ। ਉਹ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖਾਂ ਨੂੰ ਇੱਕ ਪ੍ਰਭੂ ਦਾ ਅੰਸ਼ ਮੰਨਦਾ ਹੋਇਆ ਕਿਸੇ ਪ੍ਰਤੀ ਵੀ ਵੈਰ-ਵਿਰੋਧ ਦੀ ਭਾਵਨਾ ਨਹੀਂ ਰੱਖਦਾ, ਸਗੋਂ ਸਾਰੀ ਲੋਕਾਈ ਨੂੰ ਆਪਣੀ ਸਮਝਦਾ ਹੈ। ਗੁਰਬਾਣੀ ਫੁਰਮਾਨ, “ਨਾ ਕੋ ਵੈਰੀ ਨਾ ਹੀ ਬੇਗਾਨਾ, ਸਗਲ ਸੰਗ ਹਮ ਬਨ ਆਈ” ਅਨੁਸਾਰ ਆਪਣੀ ਜ਼ਿੰਮੇਵਾਰੀ ਨੂੰ ਜ਼ਿੰਮੇਵਾਰੀ ਦੀ ਭਾਵਨਾ ਨਾਲ਼ ਕਰਦਾ ਹੈ। ਸਚਿਆਰ ਮਨੁੱਖ ਸਮਾਜ ਵਿੱਚ ਵਿਚਰਦਿਆਂ ਦੂਜੇ ਵਿਅਕਤੀਆਂ ਨੂੰ ਇਸ ਗੱਲ ਲਈ ਪ੍ਰੇਰਦਾ ਹੈ ਕਿ ਉਨ੍ਹਾਂ ਨੇ ਹਮੇਸ਼ਾ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ਼ ਨਿਭਾਉਣਾ ਹੈ। ਮਨੁੱਖ ਆਪਣੇ ਜੀਵਨ ਦੌਰਾਨ ਜੋ ਵੀ ਕਾਰਜ ਕਰਦਾ ਹੈ, ਉਸ ਦਾ ਫਰਜ਼ ਉਸ ਕਰਮ ਨੂੰ ਪੂਰੀ ਤਨਦੇਹੀ ਨਾਲ਼ ਕਰਨ ਲਈ ਪ੍ਰੇਰਿਤ ਕਰਦਾ ਹੈ। ਮਨੁੱਖ ਲਈ ਸਮਾਜ ਵਿੱਚ ਕੋਈ ਵੀ ਕਰਮ ਬੁਰਾ ਜਾਂ ਘਟੀਆ ਨਹੀਂ ਹੁੰਦਾ, ਬਲਕਿ ਉਸ ਕਰਮ ਦਾ ਦੂਜਿਆਂ ’ਤੇ ਚੰਗਾ ਜਾਂ ਬੁਰਾ ਪ੍ਰਭਾਵ ਪੈਂਦਾ ਹੈ। ਇਹ ਗੱਲ ਜ਼ਰੂਰ ਨਿਰਭਰ ਕਰਦੀ ਹੈ ਕਿਉਂਕਿ ਮਨੁੱਖ ਨੇ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਸਮਾਜ ਸੇਵਾ ਨੂੰ ਪਹਿਲ ਦੇਣੀ ਹੈ, ਜਿਸ ਨਾਲ਼ ਦੂਜਿਆਂ ਦਾ ਭਲਾ ਜੁੜਿਆ ਹੁੰਦਾ ਹੈ। ਸਚਿਆਰ ਮਨੁੱਖ ਦਾ ਸੰਕਲਪ ਸਿੱਖ ਧਰਮ ਵਿੱਚ ਗੁਰੂ ਨਾਨਕ ਦੇਵ ਜੀ ਦੀ ਵਿਸ਼ਾਲ ਦ੍ਰਿਸ਼ਟੀ ਕਾਰਨ ਹੀ ਪ੍ਰਗਟ ਹੁੰਦਾ ਹੈ ਕਿਉਂਕਿ ਉਸ ਸਮੇਂ ਦੇ ਸਮਾਜਿਕ ਹਾਲਾਤ ਧਾਰਮਿਕ ਤੌਰ ਤੇ ਕਰਮ-ਕਾਂਢਾਂ ਦੇ ਅੰਧਕਾਰ ਵਿੱਚ ਮਨੁੱਖ ਦੀ ਅਸਲੀ ਪਹਿਚਾਣ ਨੂੰ ਹਨੇਰੇ ਵਿੱਚ ਹੀ ਰੱਖ ਰਹੇ ਸਨ। ਇਸ ਲਈ ਇਹ

ਜ਼ਰੂਰੀ ਹੋ ਗਿਆ ਸੀ ਕਿ ਹਨੇਰੀ ਅਤੇ ਅਗਿਆਨਤਾ ਭਰੀ ਸੋਚ ਵਿੱਚ ਫਸੇ ਸਮਾਜ ਨੂੰ ਬਾਹਰ ਕੱਢਣ ਲਈ ਕਿਸੇ ਚਾਨਣ ਮੁਨਾਰੀ ਸ਼ਖ਼ਸੀਅਤ ਦੀ ਜ਼ਰੂਰਤ ਹੈ।

"ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਮਾਜ ਵਿੱਚ ਭਾਰਤ ਅੰਦਰ ਵਧੇਰੇ ਕਰਕੇ ਹਿੰਦੂ ਅਤੇ ਮੁਸਲਮਾਨ ਧਰਮਾਂ ਨੂੰ ਮੰਨਣ ਵਾਲ਼ੇ ਲੋਕ ਸਨ। ਵੈਸ਼ਨਵ ਅਤੇ ਜੋਗ ਮੱਤ ਦਾ ਪ੍ਰਚੱਲਨ ਜ਼ਿਆਦਾ ਸੀ। ਇਹ ਧਰਮ ਆਪਣੇ ਆਦਰਸ਼ ਸਰੂਪਾਂ ਨੂੰ ਛੱਡ ਕੇ ਝੂਠੀਆਂ ਕਦਰਾਂ-ਕੀਮਤਾਂ ਦੇ ਮਗਰ ਲੱਗੇ ਹੋਏ ਸਨ। ਯੋਗ ਸਾਧਨਾ ਅਤੇ ਮੂਰਤੀ ਪੂਜਾ ਦਾ ਪ੍ਰਚਲਨ ਵਧੇਰੇ ਸੀ। ਪੁਜਾਰੀ ਲੋਕਾਂ ਨੂੰ ਕਰਮਕਾਂਢਾਂ ਵਿੱਚ ਹੀ ਉਲਝਾਈ ਰੱਖਦੇ ਸਨ।"[36] ਆਰਥਿਕ ਤੌਰ ਤੇ ਸਾਧਨਾਂ ਦਾ ਵੱਡਾ ਹਿੱਸਾ ਧਰਮ ਦੇ ਠੇਕੇਦਾਰਾਂ ਦੇ ਹੱਥ ਵਿੱਚ ਸੀ। ਉਸ ਸਮੇਂ ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿੱਚ ਬ੍ਰਾਹਮਣਾਂ ਦਾ ਹੀ ਬੋਲਬਾਲਾ ਸੀ, ਜੋ ਉਸ ਸਮੇਂ ਦੇ ਹਾਲਾਤ ਦਾ ਖ਼ੂਬ ਫਾਇਦਾ ਉਠਾ ਰਹੇ ਸਨ। ਅਜਿਹੇ ਸਮੇਂ ਹੀ ਬਾਬਰ ਵੱਲੋਂ ਭਾਰਤ ਉੱਤੇ ਹਮਲਾ ਕਰਕੇ ਇਥੋਂ ਦੀ ਜਨਤਾ ਉੱਤੇ ਬਹੁਤ ਜ਼ੁਲਮ ਕੀਤੇ ਗਏ, ਆਰਥਿਕ ਤੌਰ ਤੇ ਅੰਨੇਵਾਹ ਲੁੱਟ ਕੀਤੀ ਗਈ ਅਤੇ ਔਰਤਾਂ ਦੀ ਬੇਪਤੀ ਕੀਤੀ ਗਈ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਦਰਦ ਨੂੰ ਬੜੀ ਸ਼ਿੱਦਤ ਨਾਲ਼ ਮਹਿਸੂਸ ਕੀਤਾ ਅਤੇ ਆਪਣੀ ਬਾਣੀ ਵਿੱਚ ਇਸ ਦਰਦ ਨੂੰ ਪੇਸ਼ ਕੀਤਾ।

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨਾ ਆਇਆ॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ॥
ਤਾ ਮਨਿ ਰੋਸੁ ਨਾ ਹੋਈ॥ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁੰਤੀ ਮੁਇਆ ਸਾਰ ਨਾ ਕਾਈ॥[37]

[36] ਜਸਵਿੰਦਰ ਕੌਰ ਢਿੱਲੋਂ, ਸੰਪਾਦਕ: ਗੁਰੂ ਨਾਨਕ ਬਾਣੀ ਸਮਾਜਿਕ ਤੇ ਸਭਿਆਚਾਰਕ ਪਰਿਪੇਖ, ਗੁਰੁ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006, ਪੰਨਾ 54

[37] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 360

ਮੁਗ਼ਲ ਹਮਲਾਵਰਾਂ ਵੱਲੋਂ ਜਨਤਾ ਨਾਲ਼ ਸਮਾਜਿਕ, ਧਾਰਮਿਕ ਅਤੇ ਆਰਥਿਕ ਤੌਰ ਤੇ ਬਹੁਤ ਧੱਕਾ ਕੀਤਾ ਗਿਆ। "ਗੁਰੂ ਸਾਹਿਬ ਨੇ ਰਾਜਿਆਂ ਨੂੰ ਕਸਾਈ, ਲੋਕਾਂ ਦਾ ਲਹੂ ਪੀਣ ਵਾਲੇ ਸੀਂਹ ਕਿਹਾ ਹੈ। ਮਾਨਸਿਕ ਪੱਧਰ ਉੱਤੇ ਉਸ ਸਮੇਂ ਦੇ ਮਨੁੱਖ ਅਤੇ ਸਮਾਜਿਕ ਸੰਸਥਾਵਾਂ ਨੂੰ ਕਰਮ-ਕਾਂਢ, ਵਹਿਮ-ਭਰਮ ਠੱਗੀ-ਠੋਰੀ ਆਦਿ ਨੇ ਗ੍ਰਸਿਆ ਹੋਇਆ ਸੀ। ਆਤਮਿਕ ਪੱਧਰ ਉਤੇ ਤਿੰਨ ਵੱਡੀਆਂ ਧਾਰਮਿਕ ਸੰਸਥਾਵਾਂ ਸਥਾਪਿਤ ਸਨ: ਇਸਲਾਮ ਜਿਸ ਦਾ ਪ੍ਰਤੀਕ ਕਾਜ਼ੀ ਹੈ, ਬ੍ਰਾਹਮਣਵਾਦ ਜਿਸ ਦਾ ਪ੍ਰਤੀਕ ਪੰਡਿਤ ਜਾਂ ਬ੍ਰਾਹਮਣ ਹੈ ਅਤੇ ਜੋਗ ਮੱਤ ਜਿਸ ਦਾ ਚਿੰਨ੍ਹ ਜੋਗੀ ਹੈ। ਪਰ ਇਹ ਤਿੰਨੇ ਸੰਸਥਾਵਾਂ ਆਤਮਿਕ ਉੱਨਤੀ ਦੀ ਥਾਂ ਆਤਮਿਕ ਬਿਮਾਰੀ ਬਣੀਆਂ ਹੋਈਆ ਸਨ, ਕਿਉਂਕਿ ਇਨ੍ਹਾਂ ਵਿੱਚ ਵੀ ਝੂਠ, ਪਖੰਡ ਅਤੇ ਆਮ ਜਨਤਾ ਨੂੰ ਠੱਗਣ ਦਾ ਵਿਚਾਰ ਪਸਰਿਆ ਹੋਇਆ ਸੀ। ਰਾਜ, ਧਰਮ ਅਤੇ ਸਮਾਜ ਵਿੱਚ ਫੈਲੇ ਅਨਾਚਾਰ ਦਾ ਅਸਰ ਪਰਿਵਾਰਕ ਜੀਵਨ ਉੱਤੇ ਪੈਣਾ ਕੁਦਰਤੀ ਸੀ। ਪਤੀ ਪਤਨੀ ਦਾ ਰਿਸ਼ਤਾ ਪੈਸੇ ਤੱਕ ਸੀਮਤ ਹੋ ਕੇ ਰਹਿ ਗਿਆ ਸੀ। ਗੁਰੂ ਚੇਲੇ ਦਾ ਰਿਸ਼ਤਾ ਵੀ ਇੱਕ ਦੂਜੇ ਨੂੰ ਠੱਗਣ ਦਾ ਵਸੀਲਾ ਹੀ ਬਣ ਕੇ ਰਹਿ ਗਿਆ ਸੀ।"[38]

ਗੁਰੂ ਸਾਹਿਬ ਨੇ ਲੋਕਾਂ ਤੇ ਹੋ ਰਹੇ ਰਾਜਨੀਤਕ, ਆਰਥਿਕ, ਧਾਰਮਿਕ ਅਤੇ ਸਮਾਜਿਕ ਅੱਤਿਆਚਾਰਾਂ ਦਾ ਵਿਰੋਧ ਕੀਤਾ। ਬ੍ਰਾਹਮਣਾਂ ਦੇ ਪਿੱਛੇ ਲੱਗ ਕੇ ਕੀਤੇ ਜਾ ਰਹੇ ਪਖੰਡ, ਅਡੰਬਰ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ। ਵਿਵਹਾਰਿਕ ਰੂਪ ਵਿੱਚ ਲੋਕਾਂ ਦੇ ਸਾਹਮਣੇ ਧਾਰਮਿਕ ਪਖੰਡੀਆਂ ਦੇ ਅਖੌਤੀ ਚਿਹਰੇ ਨੂੰ ਨੰਗਾ ਕੀਤਾ। ਗੁਰੂ ਸਾਹਿਬ ਨੇ ਅਲੱਗ-ਅਲੱਗ ਸਥਿਤੀਆਂ ਵਿੱਚ ਜਾ ਕੇ ਲੋਕਾਂ ਨੂੰ ਅਸਲੀ ਜੀਵਨ-ਜਾਂਚ ਸਿਖਾਈ। ਉਨ੍ਹਾਂ ਨੇ ਸਮਾਜ ਵਿੱਚ ਆਈਆਂ ਵੱਖ-ਵੱਖ ਪ੍ਰਕਾਰ ਦੀਆਂ ਗਿਰਾਵਟਾਂ ਨੂੰ ਧਿਆਨ ਨਾਲ਼ ਵੇਖਿਆ, ਲੋਕਾਈ ਦੇ ਦਰਦ ਨੂੰ ਮਹਿਸੂਸ ਕੀਤਾ ਅਤੇ ਸਮਾਜ ਸੁਧਾਰ ਹਿੱਤ ਲੋਕਾਈ ਦਾ ਮਾਰਗ-ਦਰਸ਼ਨ ਕੀਤਾ। ਗੁਰੂ ਸਾਹਿਬ ਅਜਿਹੀ ਸਮਾਜਿਕ ਦਸ਼ਾ ਤੋਂ ਅਸੰਤੁਸ਼ਟ ਸਨ, ਜਿਸ ਲਈ ਉਹਨਾਂ ਨੇ ਅਗਿਆਨਤਾ ਵਿੱਚ ਭਟਕ ਰਹੇ ਲੋਕਾਂ ਦਾ ਭਲਾ ਕਰਨ ਹਿੱਤ ਅਤੇ ਸਮਾਜ ਵਿੱਚ ਆਈ ਗਿਰਾਵਟ ਨੂੰ ਦੂਰ ਕਰਨ ਲਈ ਚਾਰ ਯਾਤਰਾਵਾਂ ਕੀਤੀਆਂ ਅਤੇ ਭਟਕ ਰਹੀ ਲੋਕਾਈ ਨੂੰ ਸਹੀ ਰਾਸਤਾ ਦਿਖਾਇਆ। ਗੁਰੂ ਜੀ

---

[38] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ, ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ, ਲੋਕਗੀਤ ਪ੍ਰਕਾਸਨ, ਚੰਡੀਗੜ੍ਹ, 2007, ਪੰਨਾ 22-23

ਨੇ ਉਸ ਸਮੇਂ ਦੇ ਸਮਾਜਿਕ ਪ੍ਰਬੰਧ ਦਾ ਖੰਡਨ ਕਰਕੇ ਇੱਕ ਆਦਰਸ਼ ਸਮਾਜ ਦੀ ਕਲਪਨਾ ਕੀਤੀ। ਜਿਸ ਵਿੱਚ ਕਿਰਤ ਕਰਨ ਵਾਲ਼ੇ ਲੋਕਾਂ ਨੂੰ ਚੰਗੇ ਸਮਾਜ ਨਿਰਮਾਣ ਦਾ ਆਧਾਰ ਮੰਨਿਆ ਗਿਆ ਹੈ। ਗੁਰੂ ਸਾਹਿਬ ਨੇ ਕਿਸਾਨਾਂ, ਵਪਾਰੀਆਂ ਅਤੇ ਕਾਰੀਗਰਾਂ ਦੀ ਭਾਵਨਾ ਦਾ ਪ੍ਰਤਿਬਿੰਬ ਪੇਸ਼ ਕਰਦਿਆਂ ਲੋਕਤੰਤਰੀ ਅਤੇ ਅਗਾਂਹਵਧੂ ਵਿਚਾਰਧਾਰਾ ਦੇ ਵਿਕਾਸ ਨੂੰ ਸੇਧ ਦਿੱਤੀ। ਗੁਰੂ ਜੀ ਦੀ ਨਜ਼ਰ ਆਪਣੇ ਸਮੇਂ ਦੇ ਸਮਾਜਿਕ ਪ੍ਰਬੰਧ, ਰੀਤੀ ਰਿਵਾਜ਼ਾਂ ਦਾ ਖੰਡਨ ਕਰਦੀ ਹੋਈ ਵੀ ਆਉਣ ਵਾਲ਼ੇ ਸਮੇਂ ਦਾ ਰਾਹ ਉਲੀਕਣ ਉੱਤੇ ਕੇਂਦਰਿਤ ਰਹੀ ਹੈ। ਉਹ ਇੱਕੋ ਸਮੇਂ ਵਕਤੀ ਸੱਚ ਅਤੇ ਸਦੀਵੀ ਜਾਂ ਆਤਮਿਕ ਸੱਚ ਨੂੰ ਬਰਾਬਰ-ਬਰਾਬਰ ਰੱਖ ਕੇ ਜੋਖਦੇ ਰਹੇ ਹਨ। ਉਨ੍ਹਾਂ ਦਾ ਇਹ ਯਤਨ ਰਿਹਾ ਹੈ ਕਿ ਯਥਾਰਥ ਅਤੇ ਆਦਰਸ਼, ਦੁਨਿਆਵੀ ਅਤੇ ਅਧਿਆਤਮਿਕ, ਵਕਤੀ ਅਤੇ ਸਦੀਵੀ ਸੱਚ ਦਾ ਇੱਕ ਅਜਿਹਾ ਸੁਮੇਲ ਕੀਤਾ ਜਾਵੇ ਕਿ ਇੱਕ ਸੰਤੁਲਿਤ ਆਦਰਸ਼ ਸਮਾਜ ਪੈਦਾ ਹੋ ਸਕੇ। ਗੁਰੂ ਸਾਹਿਬ ਨੇ ਅਜਿਹਾ ਸੰਤੁਲਤ ਸਮਾਜ ਪੈਦਾ ਕਰਨ ਲਈ ਇੱਕ ਸਮਾਜ ਸੁਧਾਰਕ ਦੇ ਨਾਲ਼-ਨਾਲ਼ ਕ੍ਰਾਂਤੀਕਾਰੀ ਪ੍ਰਤਿਭਾ ਦਾ ਵੀ ਸਬੂਤ ਦਿੱਤਾ। "ਗੁਰੂ ਨਾਨਕ ਪਹਿਲੇ ਐਸੇ ਭਗਤ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿੱਚ ਪਸਰ ਰਹੀਆਂ ਬੁਰਾਈਆਂ ਤੇ ਊਣਤਾਈਆਂ ਦੀਆਂ ਬੁਨਿਆਦਾਂ ਨੂੰ ਚੰਗੀ ਤਰ੍ਹਾਂ ਅਨੁਭਵ ਕਰਕੇ, ਇੱਕ ਨਰੋਆ ਤੇ ਸਿਹਤਮੰਦ ਸਮਾਜ ਉਸਾਰਨ ਲਈ ਉਦੇਸ਼ ਪੂਰਨ ਤੇ ਯੋਜਨਾ-ਬੱਧ ਪ੍ਰੋਗਰਾਮ ਉਲੀਕਿਆ।"[39] ਗੁਰੂ ਨਾਨਕ ਦੀ ਪ੍ਰਤਿਭਾ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਆਪਣੇ ਸਮੇਂ ਦੇ ਨਿਖੇਧਾਤਮਕ ਵਾਤਾਵਰਣ ਤੋਂ ਵੱਖ ਰੱਖਿਆ ਅਤੇ ਦੁਨਿਆਵੀ ਜੀਵਨ ਦਾ ਪੱਖੀ ਹੋਣ ਦਾ ਐਲਾਨ ਕੀਤਾ ਅਤੇ ਨਾਲ਼ ਹੀ ਧਾਰਮਿਕ ਅਨੁਸ਼ਾਸਨ ਅਤੇ ਅੰਤਿਮ ਸੱਚ ਦੀ ਰੂਹਾਨੀ ਭਾਲ਼ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕੀਤਾ। ਸਦੀਆਂ ਦੀ ਗੁਲਾਮੀ ਤੋਂ ਪਿੱਛੋਂ ਉਨ੍ਹਾਂ ਨੇ ਆਪਣੇ ਲੋਕਾਂ ਨੂੰ ਇੱਕ ਸਾਫ਼-ਸੁਥਰੇ ਅਤੇ ਚੰਗੇ ਜੀਵਨ ਦਾ ਆਦਰਸ਼ ਮੁੜ ਬਖਸ਼ਿਆ।

ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਜਾਗੀਰਦਾਰੀ ਸਮਾਜ ਦੇ ਵੱਖ-ਵੱਖ ਪੱਖਾਂ ਨੂੰ ਘੋਖਿਆ ਪੜਤਾਲਿਆ ਅਤੇ ਇਸ ਵਿਚਲੇ ਪ੍ਰਬੰਧ ਦੀਆਂ ਊਣਤਾਈਆਂ ਨੂੰ ਦੂਰ ਕਰਨ ਲਈ ਭਟਕ ਰਹੀ ਲੋਕਾਈ ਨੂੰ ਸਹੀ ਰਾਸਤਾ ਦਿਖਾਇਆ। ਗੁਰੂ ਸਾਹਿਬ ਨੇ ਉਸ ਸਮੇਂ ਦੇ ਰਾਜ-ਪ੍ਰਬੰਧ, ਸਮਾਜ ਦੇ ਪਤਨ ਅਤੇ ਅਗਿਆਨ

[39] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫ਼ਾਊਂਡੇਸ਼ਨ, ਨਵੀਂ ਦਿੱਲੀ, 1985, ਪੰਨਾ 9

ਦਾ ਅਜਿਹਾ ਪ੍ਰਭਾਵਿਕ ਚਿੱਤਰ ਆਪਣੀ ਬਾਣੀ ਰਾਹੀਂ ਪੇਸ਼ ਕੀਤਾ ਹੈ ਜਿੱਥੋਂ ਉਸ ਸਮੇਂ ਦੇ ਸਮਾਜਿਕ ਹਾਲਾਤ ਅਤੇ ਉਨ੍ਹਾਂ ਹਾਲਾਤਾਂ ਵਿੱਚ ਵਿਚਰ ਰਹੀ ਆਮ ਲੋਕਾਈ ਦੇ ਜੀਵਨ ਨੂੰ ਪੇਸ਼ ਕਰਕੇ, ਉਸ ਨੂੰ ਸੁਧਾਰਨ ਹਿੱਤ ਯਾਤਰਾਵਾਂ ਕਰਕੇ ਭਟਕ ਰਹੀ ਲੋਕਾਈ ਦਾ ਆਪਣੇ ਉਪਦੇਸ਼ਾਂ ਰਾਹੀਂ ਮਾਰਗ-ਦਰਸ਼ਨ ਕੀਤਾ। ਗੁਰੂ ਜੀ ਨੇ ਸਮਾਜ ਵਿੱਚ ਹਨੇਰਗਰਦੀ, ਬੇਈਮਾਨੀ, ਭ੍ਰਿਸ਼ਟਾਚਾਰ, ਠੱਗੀ, ਜ਼ੁਲਮ, ਊਚ-ਨੀਚ, ਪਖੰਡ ਅਤੇ ਵਹਿਮ-ਭਰਮ ਆਦਿ ਵੇਖਿਆ ਅਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਦਾ ਖੰਡਨ ਕਰਕੇ ਸਮਾਜ ਵਿੱਚ ਕਦਰਾਂ-ਕੀਮਤਾਂ ਦੀ ਬਹਾਲੀ, ਪਦਾਰਥਕ ਖੁਸ਼ਹਾਲੀ, ਆਤਮਿਕ ਉੱਚਤਾ ਅਤੇ ਮਾਨਸਿਕ ਅਰੋਗਤਾ ਦੀ ਕਲਪਨਾ ਕਰਦੇ ਹੋਏ ਮਨੁੱਖ ਨੂੰ ਆਦਰਸ਼ ਸਮਾਜ ਦੀ ਸਿਰਜਣਾ ਦਾ ਸੰਕਲਪ ਦਿੱਤਾ। ਗੁਰੂ ਸਾਹਿਬ ਅਨੁਸਾਰ ਸਚਿਆਰ ਮਨੁੱਖ ਸਮਾਜ ਨੂੰ ਸੁਚੱਜਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਗੁਰੂ ਸਾਹਿਬ ਇਹ ਉਪਦੇਸ਼ ਦਿੰਦੇ ਹਨ ਕਿ ਜੇਕਰ ਮਨੁੱਖ ਵਿੱਚ ਚੰਗੇ ਗੁਣ ਆ ਜਾਣਗੇ ਤਾਂ ਸਮਾਜ ਵੀ ਚੰਗਾ ਬਣ ਜਾਵੇਗਾ। ਮਨੁੱਖ ਨੂੰ ਚੰਗਾ ਮਨੁੱਖ ਬਣਨ ਲਈ ਉਸ ਵਿੱਚ ਸਦਗੁਣਾਂ ਦਾ ਹੋਣਾ ਜ਼ਰੂਰੀ ਹੈ। "ਮਨੁੱਖ ਦੇ ਜੀਵਨ ਦਾ ਮਨੋਰਥ ਕੇਵਲ ਸਰੀਰਕ, ਬੌਧਿਕ, ਭਾਵਾਤਮਕ ਅਤੇ ਸਮਾਜਿਕ ਵਿਕਾਸ ਹੀ ਨਹੀਂ ਸਗੋਂ ਧਾਰਮਿਕ ਤੇ ਨੈਤਿਕ ਵਿਕਾਸ ਵੀ ਹੈ। ਮਾਰਕਸਵਾਦ ਦੀ ਦ੍ਰਿਸ਼ਟੀ ਅਨੁਸਾਰ ਸਮਾਜਿਕ ਜ਼ਿੰਦਗੀ ਦਾ ਆਧਾਰ ਆਰਥਿਕਤਾ ਹੈ। ਇਸ ਨਾਲ਼ ਹੀ ਜੀਵ ਸਮਾਜ ਵਿੱਚ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਪਰ ਅਧਿਆਤਮਵਾਦੀਆਂ ਦੇ ਵਿਚਾਰ ਅਨੁਸਾਰ ਇੱਕ ਆਦਰਸ਼ਕ ਸਮਾਜ ਲਈ ਮਨੁੱਖਾਂ ਵਿੱਚ ਚੰਗੇ ਗੁਣਾਂ ਦਾ ਹੋਣਾ ਜ਼ਰੂਰੀ ਹੈ।"[40]

ਸਦਾਚਾਰ ਅਤੇ ਸਮਾਜ ਦਾ ਵੀ ਆਪਸ ਵਿੱਚ ਡੂੰਘਾ ਰਿਸ਼ਤਾ ਹੈ। ਸਦਾਚਾਰ ਮਨੁੱਖੀ ਸੋਚ, ਮਨੁੱਖੀ ਕਰਮ ਅਤੇ ਮਨੁੱਖੀ ਆਚਰਣ ਨਾਲ਼ ਜੁੜਿਆ ਹੋਇਆ ਹੈ। ਸਦਾਚਾਰ ਚੰਗੇ ਸਮਾਜ ਨਿਰਮਾਣ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ ਤਾਂ ਜੋ ਮਨੁੱਖ ਅਤੇ ਸਮਾਜ ਦੋਵਾਂ ਦਾ ਭਲਾ ਹੋ ਸਕੇ। ਸਚਿਆਰ ਮਨੁੱਖ ਸਦਾਚਾਰਕ ਗੁਣਾਂ ਨਾਲ਼ ਭਰਪੂਰ ਸ਼ਖਸੀਅਤ ਦਾ ਮਾਲਕ ਹੁੰਦਾ ਹੈ ਜੋ ਮਨੁੱਖ ਨੂੰ ਮਨੁੱਖ ਦੇ ਨੇੜੇ ਲੈ ਕੇ ਆਉਂਦਾ ਹੈ। "ਸਦਾਚਾਰਕ ਜੀਵਨ ਦੀ ਸੂਝ ਇਸ ਨੂੰ ਜਿਊਣ ਵਿੱਚੋਂ ਪ੍ਰਾਪਤ ਹੁੰਦੀ ਹੈ। ਵਿਅਕਤੀ ਦੀ ਨਿੱਜੀ ਉੱਤਮਤਾ ਅਤੇ

---

[40] ਡਾ. ਜਸਬੀਰ ਸਿੰਘ ਭੱਲਾ, ਧਰਮ ਅਤੇ ਸਮਾਜ ਇੱਕ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2002, ਪੰਨਾ 106

ਕਦਰਾਂ-ਕੀਮਤਾਂ ਦਾ ਵਿਕਾਸ ਸਦਾਚਾਰਕ ਜੀਵਨ ਦਾ ਇੱਕ ਵਿਸ਼ੇਸ਼ ਪੱਖ ਹੈ, ਜੋ ਸਮੂਹਿਕ ਜੀਵਨ ਦੀ ਸਾਂਝ ਅਤੇ ਮਿਲਵਰਤਨ ਉੱਤੇ ਨਿਰਭਰ ਹੈ। ਇਸ ਦਾ ਦੂਸਰਾ ਅਤੇ ਉੰਨਾਂ ਹੀ ਵਿਸ਼ੇਸ਼ ਪੱਖ ਮਨੁੱਖ ਦਾ ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਹੈ। ਨੈਤਿਕਤਾ ਵਿਅਕਤੀ ਅਤੇ ਸਮਾਜ ਦੇ ਹਿੱਤਾਂ ਨੂੰ ਇੱਕ ਦੂਸਰੇ ਦੇ ਨੇੜੇ ਲਿਆਉਣ ਦਾ ਕਾਰਗਰ ਸਾਧਨ ਹੈ। ਇਹ ਅਜਿਹੀ ਸ਼ਕਤੀ ਹੈ ਜੋ ਸਮਾਜ ਨੂੰ ਸੁਮੇਲ ਤੇ ਸੰਗਠਨ ਬਖਸ਼ਦੀ ਹੈ, ਇਸ ਨੂੰ ਸਾਂਝੇ ਆਦਰਸ਼ਾਂ ਦੀ ਭਾਲ਼ ਹਿੱਤ ਉਤਸ਼ਾਹਿਤ ਕਰਦੀ ਹੈ ਅਤੇ ਪ੍ਰਸੰਨਤਾ ਭਰੇ ਜੀਵਨ ਦੇ ਮਾਰਗ ਉੱਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ।"[41] ਨੈਤਿਕ ਨਿਯਮ ਮਨੁੱਖ ਨੂੰ ਇੱਕ ਚੰਗਾ ਮਨੁੱਖ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਇਹ ਮਨੁੱਖ ਲਈ ਚੰਗਾ ਸਮਾਜਿਕ ਜੀਵਨ ਜਿਊਣ ਅਤੇ ਚੰਗੇ ਸਮਾਜ ਦੇ ਨਿਰਮਾਣ ਵਿੱਚ ਵਰਦਾਨ ਸਿੱਧ ਹੁੰਦੇ ਹਨ। ਸਚਿਆਰ ਮਨੁੱਖ ਜਿੱਥੇ ਸਮਾਜ ਵਿੱਚ ਸਦਾਚਾਰੀ ਅਤੇ ਨੈਤਿਕ ਮੁੱਲਾਂ ਨੂੰ ਅਪਣਾਉਂਦਾ ਹੋਇਆ ਜੀਵਨ ਜਿਉਂਦਾ ਹੈ, ਉੱਥੇ ਦੂਜਿਆਂ ਨੂੰ ਵੀ ਨੈਤਿਕ ਕਦਰਾਂ-ਕੀਮਤਾਂ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਨ ਲਈ ਜ਼ੋਰ ਦਿੰਦਾ ਹੈ। "ਇਹ ਜ਼ੋਰ 'ਸਚਿਆਰੀ ਰਹਿਤ' ਉੱਪਰ ਹੀ ਦਿੱਤਾ ਗਿਆ ਹੈ। ਇਸ ਤਰ੍ਹਾਂ ਸਦਾਚਾਰ ਦਾ ਸਿੱਖੀ ਸੰਕਲਪ ਸੰਸਾਰਕ ਜੀਵਨ ਬਤੀਤ ਕਰਨ ਅਤੇ ਇਸ ਨੂੰ ਉਚੇਰੇ ਅਧਿਆਤਮਿਕ ਮਾਰਗ ਨਾਲ਼ ਇੱਕ ਸੁਰ ਕਰਨ ਨਾਲ਼ ਪੱਕਾ ਨਿਸ਼ਚਾ ਪੈਦਾ ਕਰਨ ਵਾਸਤੇ ਇਨਸਾਨ ਨੂੰ ਪ੍ਰੇਰਣਾ ਦਿੰਦਾ ਹੈ। ਦੂਸਰੇ ਸ਼ਬਦਾਂ ਵਿੱਚ, ਇਹ ਮਨੁੱਖ ਅੰਦਰ ਧਰਮ ਦੀਆਂ ਸਦਾਚਾਰਕ ਸੇਧਾਂ ਅਨੁਸਾਰ ਆਪਣੀ ਸੰਸਾਰਕ ਤੇ ਅਧਿਆਤਮਿਕ ਦਸ਼ਾ ਨੂੰ ਸੁਧਾਰਨ ਦੀ ਭਾਵਨਾ ਪੈਦਾ ਕਰਦਾ ਹੈ।"[42] ਮਨੁੱਖ ਦੀ ਭਲਾਈ ਵੀ ਅਜਿਹੇ ਹੀ ਆਦਰਸ਼ ਦੀ ਪ੍ਰਾਪਤੀ ਦੁਆਰਾ ਸਮਾਜਿਕ ਪੱਧਰ ਦੇ ਉੱਚਤਮ ਪੜਾਵਾਂ ਤੱਕ ਪਹੁੰਚਣ ਵਿੱਚ ਅਤੇ ਦੂਜਿਆਂ ਨਾਲ਼ ਮਿਲ ਕੇ ਰਹਿਣ ਵਿੱਚ ਹੈ। ਮਨੁੱਖ ਆਪਣੇ ਜੀਵਨ ਵਿੱਚ ਜੋ ਪ੍ਰਾਪਤੀ ਇੱਕ ਸਮੂਹ ਵਿੱਚ ਰਹਿ ਕੇ ਅਤੇ ਦੂਜਿਆਂ ਨੂੰ ਸਹਾਇਤਾ ਅਤੇ ਸਹਿਯੋਗ ਦੇ ਕੇ ਕਰ ਸਕਦਾ ਹੈ, ਉਹ ਇਕੱਲਾ ਆਪਣੀਆਂ ਇੱਛਾਵਾਂ ਅਤੇ ਲੋੜ੍ਹਾਂ ਦੀ ਪੂਰਤੀ ਕਰਨ ਲਈ ਅਸਮਰੱਥ ਹੁੰਦਾ ਹੈ। "ਅਰਸਤੂ ਅਨੁਸਾਰ ਇਹ ਇਨਸਾਨ ਇੱਕ ਸਮਾਜਿਕ ਜੀਵ ਹੈ। ਇਨਸਾਨ ਦਾ ਇਹ ਕੁਦਰਤੀ ਸੁਭਾਵ ਹੈ ਕਿ ਇਹ ਸਮਾਜ ਵਿੱਚ ਰਹਿਣਾ ਪਸੰਦ ਕਰਦਾ

---

[41] ਵਜ਼ੀਰ ਸਿੰਘ, ਨੈਤਿਕ ਨਿਯਮ, ਪੰਜਾਬੀ ਵਿਉਂਤ ਵਿਕਾਸ ਵਿਭਾਗ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1975, ਪੰਨਾ 101

[42] ਡਾ. ਹਰਬੰਸ ਸਿੰਘ, ਦੇਗ ਤੇਗ ਫਤਹ, ਆਲਮ ਪਬਲਿਸ਼ਿੰਗ ਹਾਊਸ, ਚੰਡੀਗੜ੍ਹ, 1987, ਪੰਨਾ 31

ਹੈ, ਇਕੱਲਿਆਂ ਜੀਵਨ ਬਤੀਤ ਨਹੀਂ ਕਰਨਾ ਚਾਹੁੰਦਾ। ਜੋ ਇਨਸਾਨ ਸਮਾਜ ਵਿੱਚ ਰਹਿਣਾ ਨਹੀਂ ਚਾਹੁੰਦਾ ਉਹ ਜਾਂ ਪਸ਼ੂ ਹੈ, ਜਾਂ ਦੇਵਤਾ ਹੈ। ਸਮਾਜ ਵਿੱਚ ਰਹਿਣਾ ਇਨਸਾਨ ਇਸ ਲਈ ਪਸੰਦ ਕਰਦਾ ਹੈ ਕਿ ਇਹ ਦੂਜਿਆਂ ਨਾਲ਼ ਮਿਲ ਕੇ ਆਪਣੀ ਚੰਗੀ ਰੱਖਿਆ ਕਰ ਸਕਦਾ ਹੈ। ਸੱਭਿਅਤਾ ਦੀ ਉੱਨਤੀ ਹੀ ਇਸ ਸਮਾਜ ਕਰਕੇ ਹੋਈ ਹੈ। ਸਮਾਜ ਵਿੱਚ ਹੀ ਰਹਿ ਕੇ ਇਨਸਾਨ ਆਪਣੀ ਸ਼ਖ਼ਸੀਅਤ ਨੂੰ ਪੂਰਾ ਵਿਕਾਸ ਦੇ ਸਕਦਾ ਹੈ।"[43] ਮਨੁੱਖੀ ਸਮਾਜ ਵਿੱਚ ਮਨੁੱਖ ਜਾਤੀ ਸਮੂਹਿਕ ਰੂਪ ਵਿੱਚ ਰਹਿੰਦੀ ਹੈ। ਇਹ ਸਮੂਹ ਇੱਕ ਦੂਜੇ ਦੀਆਂ ਮਾਨਸਿਕ, ਸਰੀਰਕ ਅਤੇ ਹੋਰ ਜੀਵਨ ਜਿਉਣ ਲਈ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਜ਼ਿੰਮੇਵਾਰ ਹੁੰਦਾ ਹੈ, ਜੋ ਕਿ ਇੱਕ ਸਮਾਜਿਕ ਨੈਤਿਕਤਾ ਦੇ ਤਹਿਤ ਹੀ ਸੰਭਵ ਹੈ, ਕਿਉਂਕਿ ਨੈਤਿਕਤਾ ਕੇਵਲ ਇੱਕ ਮਨੁੱਖ ਨਾਲ਼ ਸੰਬੰਧਤ ਨਹੀਂ ਹੁੰਦੀ, ਬਲਕਿ ਇਹ ਇੱਕ ਮਨੁੱਖ ਦੇ ਦੂਜੇ ਮਨੁੱਖਾਂ ਨਾਲ਼ ਸੰਬੰਧਾਂ ’ਤੇ ਆਧਾਰਤ ਹੁੰਦੀ ਹੈ। ਦੂਜਿਆਂ ਦੇ ਹਿੱਤਾਂ ਬਾਰੇ ਸੋਚਣਾ, ਉਨ੍ਹਾਂ ਦੀ ਸਹਾਇਤਾ ਕਰਨੀ ਅਤੇ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਸਮਾਜਿਕ ਨੈਤਿਕਤਾ ਦੇ ਘੇਰੇ ਵਿੱਚ ਆਉਂਦਾ ਹੈ। "ਸਮਾਜ ਦੇ ਨਜ਼ਰੀਏ ਤੋਂ ਵਿਅਕਤੀ ‘ਸਦਾਚਾਰੀ’ ਜਾਂ ‘ਮੰਦਾਚਾਰੀ’ ਹੋ ਸਕਦਾ ਹੈ; ਉਸ ਦੇ ਆਚਰਨ ਦੀ ਪਰਖ ਦਾ ਆਧਾਰ ਇਹ ਹੋਵੇਗਾ ਕਿ ਉਹ ਪਰਵਾਣਿਤ ਭਾਈਚਾਰਕ ਕੀਮਤਾਂ ਅਤੇ ਸਮਾਜ-ਪ੍ਰਬੰਧ ਦਾ ਸਮਰਥਨ ਕਰਦਾ ਹੈ ਕਿ ਵਿਰੋਧ, ਉਸ ਦੀ ਭਾਵਨਾ ਸਮਾਜ ਨੂੰ ਲਾਭ ਪਹੁੰਚਾਉਣ ਦੀ ਹੈ ਕਿ ਹਾਨੀ। ਉਸ ਦੀ ਦਲੇਰੀ, ਦਿਆਨਤਦਾਰੀ ਅਤੇ ਸੇਵਾ-ਭਾਵ ਦੀ ਲੋਕ ਪ੍ਰਸ਼ੰਸਾ ਕਰਨਗੇ, ਕਿਉਂਕਿ ਅਜਿਹੀ ਪ੍ਰਸ਼ੰਸਾ ਸ਼ੁਭ ਆਚਰਨ ਲਈ ਪ੍ਰੇਰਨਾ ਦਾ ਕੰਮ ਕਰਦੀ ਹੈ।"[44] ਜਦੋਂ ਮਨੁੱਖ ਆਪਣੀ ਜ਼ਿੰਦਗੀ ਵਿੱਚ ਦੂਜਿਆਂ ਦੇ ਨਾਲ਼ ਵੱਧ ਤੋਂ ਵੱਧ ਖੁਸ਼ੀਆਂ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਦਾ ਹੈ ਤਾਂ ਉਹ ਨੈਤਿਕਤਾ ਦੇ ਆਧਾਰ ’ਤੇ ਆਪਣੇ ਸਮਾਜਿਕ ਰਿਸ਼ਤਿਆਂ ਨੂੰ ਮਜ਼ਬੂਤ ਕਰ ਰਿਹਾ ਹੁੰਦਾ ਹੈ। ਸਚਿਆਰ ਮਨੁੱਖ ਇੱਕ ਮਨੁੱਖ ਦੇ ਦੂਜੇ ਮਨੁੱਖ ਨਾਲ਼ ਨੈਤਿਕ ਮਰਿਆਦਾ ਸੰਪੰਨ ਸੰਬੰਧਾਂ ਨੂੰ ਸਥਾਪਿਤ ਕਰਨ ਵਿੱਚ ਮੋਹਰੀ ਰੋਲ ਅਦਾ ਕਰਦਾ ਹੈ। "ਨੈਤਿਕ ਨਿਯਮਾਂ ਨੂੰ ਸਮਾਜਿਕ ਸ਼ੂਨਯ ਵਿੱਚ ਲਾਗੂ ਨਹੀਂ ਕੀਤਾ ਜਾ ਸਕਦਾ। ਇੱਕ ਵੀਰਾਨ ਅਤੇ ਸੁੰਨਸਾਨ ਸਥਾਨ ਤੇ ਰਹਿੰਦੇ ਇਕੱਲੇ ਮਨੁੱਖ ਲਈ ਨੈਤਿਕ ਸਮੱਸਿਆਵਾਂ

---

[43] ਪ੍ਰੋ. ਪ੍ਰੀਤਮ ਸਿੰਘ, ਸਿੱਖ ਵਿਚਾਰ-ਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962, ਪੰਨਾ 106

[44] ਵਜ਼ੀਰ ਸਿੰਘ, ਨੈਤਿਕ ਨਿਯਮ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975, ਪੰਨਾ 88

ਉਤਪੰਨ ਹੀ ਨਹੀਂ ਹੁੰਦੀਆਂ। ਨੈਤਿਕ ਸਥਿਤੀ ਤਾਂ ਇੱਕ ਤੋਂ ਵੱਧ ਮਨੁੱਖਾਂ ਦੀ ਮੰਗ ਕਰਦੀ ਹੈ। ਅਰਥਾਤ ਇਹ ਸਮਾਜ ਦੇ ਅੰਤਰ-ਵਿਅਕਤੀ ਵਾਤਾਵਰਣ ਵਿੱਚ ਹੀ ਉਪਜਦੀ ਤੇ ਪ੍ਰਫੁੱਲਤ ਹੁੰਦੀ ਹੈ।"[45]

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਉਪਦੇਸ਼ ਦਿੱਤਾ ਕਿ ਮਨੁੱਖ ਨੂੰ ਆਪਣੀਆਂ ਸਮਾਜਿਕ ਅਤੇ ਸੰਸਾਰਕ ਜ਼ਿੰਮੇਵਾਰੀਆਂ ਤੋਂ ਨਹੀਂ ਭੱਜਣਾ ਚਾਹੀਦਾ ਅਤੇ ਨਾ ਹੀ ਆਪਣਾ ਘਰ-ਬਾਰ ਛੱਡ ਕੇ ਜੰਗਲ਼ਾਂ ਵਿੱਚ ਜਾਣਾ ਚਾਹੀਦਾ ਹੈ। ਬਲਕਿ ਸਮਾਜ ਵਿੱਚ ਰਹਿ ਕੇ ਹੀ ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ ਆਪਣੀਆਂ ਪਰਿਵਾਰਕ ਅਤੇ ਸਮਾਜਿਕ, ਸੰਸਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਆਪਣੇ ਲਕਸ਼ ਦੀ ਪ੍ਰਾਪਤੀ ਵੱਲ ਨੂੰ ਵਧਣਾ ਚਾਹੀਦਾ ਹੈ। ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਭੱਜਣ ਵਾਲ਼ੇ ਕਾਇਰ ਕਿਸਮ ਦੇ ਲੋਕ ਹੁੰਦੇ ਹਨ, ਜੋ ਡਟ ਕੇ ਸਮੇਂ ਦੇ ਹਾਲਾਤਾਂ ਦਾ ਸਾਹਮਣਾ ਕਰਨ ਦੀ ਬਜਾਇ ਆਪਣਾ ਪੱਲਾ ਛੁਡਾਉਂਦੇ ਹੋਏ ਇਸ ਗ੍ਰਹਿਸਥ ਜੀਵਨ ਤੋਂ ਦੂਰ ਰਹਿ ਕੇ ਕਿਸੇ ਧਾਰਮਿਕ ਡੇਰੇ ਵਿੱਚ ਬੈਠ ਕੇ ਸਮਾਜ ਅਤੇ ਲੋਕਾਈ ਨੂੰ ਰਾਸਤਾ ਦਿਖਾਉਣ ਦਾ ਅਖੌਤੀ ਦਿਖਾਵਾ ਕਰਦੇ ਹਨ। "ਸਿੱਖ ਧਰਮ ਨੇ 'ਕੁੱਝ ਧਰਮਾਂ' ਦੇ ਉਚੇਰੇ ਰੂਪਾਂ ਦੇ ਉਸ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਨੂੰ ਰੱਦ ਕੀਤਾ ਹੈ ਜਿੱਥੇ 'ਏਕਾਂਤ ਜੀਵਨ' ਨੂੰ 'ਗੈਰ ਵਾਜ਼ਬ' ਅਹਿਮੀਅਤ ਦਿੱਤੀ ਗਈ ਹੈ ਅਤੇ ਸਮਾਜਿਕ-ਆਰਥਿਕ ਪਹਿਲੂਆਂ ਨੂੰ ਮੂਲੋਂ ਹੀ ਰੱਦ ਕੀਤਾ ਗਿਆ ਹੈ। ਸਿੱਖ ਅਧਿਆਤਮਿਕਤਾ ਅਤੇ ਨੈਤਿਕਤਾ ਸੰਸਾਰਕ ਜੀਵਨ ਦੇ ਮਹੱਤਵ ਦੀ ਪ੍ਰੋੜਤਾ ਕਰਦੇ ਹਨ। ਜਿਨ੍ਹਾਂ ਦਾ ਉਦੇਸ਼ ਮਨੁੱਖ ਦੀ ਪਦਾਰਥਕ ਖੁਸ਼ਹਾਲੀ ਨੂੰ ਅੱਗੇ ਵਧਾਉਣਾ ਹੈ।"[46] ਗੁਰੂ ਸਾਹਿਬ ਨੇ ਚੰਗੇ ਸਮਾਜ ਦੀ ਸਥਾਪਨਾ ਲਈ ਮਨੁੱਖ ਨੂੰ ਸਮਾਜਿਕ ਅਤੇ ਹੋਰਾਂ ਪ੍ਰਤੀ ਜ਼ਿੰਮੇਵਾਰੀਆਂ ਲਈ ਪ੍ਰੇਰਿਤ ਕੀਤਾ ਹੈ, ਜਿਸ ਤਹਿਤ ਲੰਗਰ ਦਾ ਸੰਕਲਪ ਪੇਸ਼ ਕਰਕੇ ਸਮਾਜ ਵਿੱਚਲੇ ਵਰਗਾਂ ਨੂੰ ਜਾਤੀਵਾਦ ਅਤੇ ਊਚ-ਨੀਚਤਾ ਦੇ ਸੰਕਟ ਵਿੱਚ ਫਸੇ ਹੋਏ ਲੋਕਾਂ ਨੂੰ ਬਾਹਰ ਕੱਢਿਆ। ਇਸ ਪ੍ਰਥਾ ਨਾਲ਼ ਜਿੱਥੇ ਭੁੱਖੇ ਅਤੇ ਲੋੜਵੰਦ ਲੋਕਾਂ ਨੂੰ ਪੇਟ ਭਰਨ ਲਈ ਭੋਜਨ ਪ੍ਰਾਪਤ ਹੋਇਆ, ਉੱਥੇ ਗਰੀਬ-ਅਮੀਰ, ਊਚ-ਨੀਚ ਅਤੇ ਜਾਤੀ-ਪ੍ਰਥਾ ਦੇ ਪਾੜੇ ਨੂੰ ਖਤਮ ਕਰਨਾ ਵੀ ਸੌਖਾ ਹੋਇਆ। ਇਸ ਨਾਲ਼ ਇੱਕ ਮਨੁੱਖ ਇਨਸਾਨੀਅਤ ਦੇ ਆਧਾਰ 'ਤੇ ਦੂਜੇ ਮਨੁੱਖ ਦੇ ਨੇੜੇ ਆਇਆ ਹੈ। ਇੱਕ-

---

45 ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 1973, ਪੰਨਾ 19

46 ਡਾ. ਹਰਬੰਸ ਸਿੰਘ, ਦੇਗ ਤੇਗ ਫਤਹ, ਆਲਮ ਪਬਲਿਸ਼ਿੰਗ ਹਾਊਸ, ਚੰਡੀਗੜ੍ਹ, 1987, ਪੰਨਾ 80

ਦੂਜੇ ਪ੍ਰਤੀ ਘਿਰਣਾ, ਗਿਲਾਨੀ, ਵੈਰ-ਵਿਰੋਧ ਦੀ ਭਾਵਨਾ ਦਾ ਖਾਤਮਾ ਹੋਇਆ ਹੈ। ਲੰਗਰ ਬਣਾਉਣ, ਵਰਤਾਉਣ ਨਾਲ਼ ਜਿੱਥੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ, ਉੱਥੇ ਸੇਵਕ ਵਿੱਚੋਂ ਅਹੰਕਾਰ ਅਤੇ ਮੈਂ ਦੀ ਭਾਵਨਾ ਵੀ ਖਤਮ ਹੋ ਜਾਂਦੀ ਹੈ। ਇਸ ਨਾਲ਼ ਮਨੁੱਖੀ ਸ਼ਖ਼ਸੀਅਤ ਵਿੱਚ ਸ਼ਰਧਾ, ਪਿਆਰ, ਸਤਿਕਾਰ, ਨਿਰਮਾਣਤਾ ਅਤੇ ਸਹਿਣਸ਼ੀਲਤਾ ਆਦਿ ਗੁਣਾਂ ਦਾ ਸਮਾਵੇਸ਼ ਹੁੰਦਾ ਹੈ। "(ਲੰਗਰ) ਦਾ ਬੰਦੋਬਸਤ ਗੁਰੂ ਨਾਨਕ ਦੀਆਂ ਸਿੱਖਿਆਵਾਂ ਵਿੱਚ ਦੋ ਅਹਿਮ ਵਿਚਾਰਾਂ ਨੂੰ ਪੇਸ਼ ਕਰਦਾ ਹੈ; ਸੰਨਿਆਸਵਾਦ ਦਾ ਤਿਆਗ ਅਤੇ ਦਾਨ ਦਾ ਮਹੱਤਵ, ਜੋ ਕਿ ਪੈਸੇ ਅਤੇ ਵਸਤਾਂ ਦੀ ਖ਼ੈਰਾਤ ਹੈ...... ਧਾਰਮਿਕ ਪੱਖ ਤੋਂ ਇਲਾਵਾ ਇਨ੍ਹਾਂ ਵਿਚਾਰਾਂ ਨੇ ਨਵਾਂ ਸਮਾਜਿਕ ਢਾਂਚਾ ਬਣਾਉਣ ਦੇ ਰੁਝਾਨ ਨੂੰ ਤਕੜਾ ਕੀਤਾ ਜਿਸਨੂੰ ਅਸੀਂ 'ਕਿਰਤ ਦਾ ਗੌਰਵ' ਕਹਿੰਦੇ ਹਾਂ, ਉਸਨੂੰ ਉਤਸ਼ਾਹਿਤ ਕੀਤਾ ਗਿਆ। ਸਮਾਜਿਕ ਭਲਾਈ ਲਈ ਵਿਅਕਤੀ ਦੀ ਜ਼ਿੰਮੇਵਾਰੀ ਉਪਰ ਜ਼ੋਰ ਦਿੱਤਾ ਗਿਆ ਹੈ।"[47] ਮਨੁੱਖ ਨੇ ਆਪਣੇ ਇਸ ਜੀਵਨ ਵਿੱਚ ਹੀ ਆਪਣੀਆਂ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਜੀਵਨ ਮਕਸਦ ਦੀ ਪ੍ਰਾਪਤੀ ਕਰਨੀ ਹੈ। "ਇਨਸਾਨ ਨੇ ਸਮਾਜ ਵਿੱਚ ਰਹਿੰਦਿਆਂ, ਸਮਾਜਿਕ ਨਿਯਮਾਂ ਦਾ ਪਾਲਣ ਕਰਦਿਆਂ, ਅਧਿਆਤਮਿਕ ਮਾਰਗ 'ਤੇ ਚੱਲ ਕੇ ਪਰਮਾਤਮਾ ਵਿੱਚ ਲੀਨ ਹੋਣਾ ਹੈ। ਇਹ ਗ੍ਰਹਿਸਤ ਮਾਰਗ ਹੈ। ਗੁਰਬਾਣੀ ਦਾ ਫ਼ੁਰਮਾਨ ਹੈ ਕਿ ਜੇ ਗ੍ਰਹਿਸਤ ਕਰਨਾ ਹੈ ਤਾਂ ਧਰਮ ਕਮਾਉਣਾ ਹੈ। ਭਾਵ ਗ੍ਰਹਿਸਤ ਵਿੱਚ ਰਹਿੰਦਿਆਂ ਹੋਇਆਂ ਗੁਰਮਤਿ ਮਾਰਗ 'ਤੇ ਚੱਲ ਕੇ ਕਿਰਤ ਕਰਨੀ, ਵੰਡ ਛਕਣਾ, ਨਾਮ ਜਪਣਾ ਅਤੇ ਮਾਨਵਤਾ ਦੀ ਨਿਰ-ਇੱਛਤ ਸੇਵਾ ਕਰਨੀ ਹੈ।"[48] ਸਿੱਖ ਧਰਮ ਵਿੱਚ ਗ੍ਰਹਿਸਤ ਸ਼ਬਦ ਦਾ ਅਰਥ ਕੇਵਲ ਇਸਤਰੀ ਪੁਰਖ ਦੇ ਵਿਆਹ ਤੱਕ ਹੀ ਸੀਮਤ ਨਹੀਂ ਹੈ, ਬਲਕਿ ਸਮਾਜਿਕ ਪ੍ਰਬੰਧ ਵਿੱਚ ਰਹਿੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਹੈ।

ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ॥[49]

---

[47] ਅਨਿਲ ਚੰਦਰ ਬੈਨਰਜੀ, 'ਗੁਰੂ ਨਾਨਕ ਟੂ ਗੁਰੂ ਗੋਬਿੰਦ ਸਿੰਘ', ਰਾਜੇਸ਼ ਪਬਲੀਕੇਸ਼ਨਜ਼, ਨਵੀਂ ਦਿੱਲੀ, 1978, ਪੰਨਾ 50

[48] ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 149

[49] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 507

ਗ੍ਰਹਿਸਤੀ ਜੀਵਨ ਬਤੀਤ ਕਰਦਾ ਹੋਇਆ ਮਨੁੱਖ ਹੀ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾ ਸਕਦਾ ਹੈ ਕਿਉਂਕਿ ਉਸ ਨੂੰ ਇਸ ਗੱਲ ਦਾ ਭਲੀ-ਭਾਂਤ ਪਤਾ ਹੁੰਦਾ ਹੈ ਕਿ ਉਸ ਨੇ ਇਕੱਲਾ ਖੁਦ ਬਾਰੇ ਹੀ ਨਹੀਂ ਸੋਚਣਾ ਬਲਕਿ ਦੂਜਿਆਂ ਪ੍ਰਤੀ ਵੀ ਉਸ ਦੇ ਫ਼ਰਜ਼ ਹਨ। ਗੁਰੂ ਸਾਹਿਬ ਦੇ ਸਮਕਾਲੀ ਭਗਤਾਂ ਨੇ ਪਰਿਵਾਰਕ ਜੀਵਨ ਨੂੰ ਮਹੱਤਤਾ ਦਿੰਦੇ ਹੋਏ ਭਾਂਜਵਾਦੀ ਪ੍ਰਵਿਰਤੀ ਦਾ ਖੰਡਨ ਕੀਤਾ। "ਭਗਤਾਂ ਨੇ ਸੰਸਾਰ ਦਾ ਤਿਆਗ ਕਰਨ ਦੀ ਥਾਂ, ਜੀਵਨ ਦੇ ਸੰਘਰਸ਼ ਤੋਂ ਆਪਾ ਬਚਾਕੇ ਦੌੜਨ ਦੀ ਥਾਂ ਅਤੇ ਸਵਾਰਥ ਕਾਮ, ਕ੍ਰੋਧ, ਲੋਭ, ਮੋਹ, ਮਾਇਆ ਅਤੇ ਹਉਮੈਂ ਆਦਿ ਔਗੁਣਾਂ ਉੱਪਰ ਨਿਯੰਤਰਣ ਰੱਖਣ ਦੀ ਪ੍ਰੇਰਨਾ ਦਿੱਤੀ। ਇਸ ਤਰ੍ਹਾਂ ਉਸ ਸਮੇਂ ਆਤਮਿਕ ਖੇਤਰ ਨੂੰ ਆਕਾਸ਼ ਦੀ ਵਸਤੂ ਨਾ ਬਣਾ ਕੇ ਸਦਾ ਲਈ ਸਮਾਜਿਕ ਜੀਵਨ ਨਾਲ਼ ਜੋੜ ਦਿੱਤਾ। ਉਨ੍ਹਾਂ ਆਪ ਗ੍ਰਹਿਸਥ ਜੀਵਨ ਪ੍ਰਵਾਣ ਕਰਕੇ ਗ੍ਰਹਿਸਥ ਮਾਰਗ ਨੂੰ ਪਰਮ-ਲਕਸ਼ ਦੀ ਪ੍ਰਾਪਤੀ ਲਈ 'ਗਾਡੀ ਰਾਹ' ਵਜੋਂ ਸਥਾਪਿਤ ਕੀਤਾ। ਉਨ੍ਹਾਂ ਦੀ ਇਹ ਵਿਚਾਰਧਾਰਾ ਧਾਰਮਿਕਤਾ ਅਤੇ ਸਮਾਜਿਕਤਾ ਦਾ ਸੁੰਦਰ ਸੁਮੇਲ ਕਹੀ ਜਾ ਸਕਦੀ ਹੈ।"[50]

ਮਨੁੱਖ ਜਦੋਂ ਸਮਾਜ ਵਿੱਚ ਗ੍ਰਿਹਸਤੀ ਜੀਵਨ ਬਤੀਤ ਕਰਦਾ ਹੋਇਆ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੈ ਤਾਂ ਉਹ ਇਸ ਸਮੇਂ ਦੌਰਾਨ ਆਪਣੇ ਸਮਾਜਿਕ ਸੰਬੰਧਾਂ ਨੂੰ ਵੀ ਵਿਕਸਤ ਕਰ ਰਿਹਾ ਹੁੰਦਾ ਹੈ। ਇਸ ਨਾਲ਼ ਜਿੱਥੇ ਮਨੁੱਖ ਦਾ ਨਸਲੀ ਵਿਕਾਸ ਹੁੰਦਾ ਹੈ, ਉੱਥੇ ਮਨੁੱਖ ਸਮਾਜ ਨੂੰ ਬੇਹਤਰ ਬਣਾਉਣ ਲਈ ਵੀ ਸਾਕਾਰਾਤਮਕ ਕੋਸ਼ਿਸ਼ ਕਰਦਾ ਹੈ, ਕਿਉਂਕਿ ਉਸ ਦੇ ਮਨ ਵਿੱਚ ਉਸ ਦੇ ਆਪਣੇ ਬੱਚੇ ਅਤੇ ਪਰਿਵਾਰ ਪ੍ਰਤੀ ਵੀ ਵਿਚਾਰ ਚੱਲ ਰਹੇ ਹੁੰਦੇ ਹਨ, ਕਿ ਬੱਚਿਆਂ ਦਾ ਪਾਲਣ-ਪੋਸ਼ਣ ਇੱਕ ਵਧੀਆ ਸਮਾਜ ਵਿੱਚ ਹੋਵੇ। "ਗੁਰਬਾਣੀ ਪ੍ਰਵਿਰਤੀ ਮਾਰਗ ਦੀ ਸਮਰਥਕ ਹੈ ਅਤੇ ਵਿਅਕਤੀ ਨੂੰ ਸਮਾਜਿਕ ਜੀਵਨ ਵਿੱਚ ਸਹਿਜ-ਭਾਵ ਨਾਲ਼ ਜਿਉਣ ਲਈ ਪ੍ਰੇਰਦੀ ਹੈ। ਇਸ ਲਈ ਮਨੁੱਖ ਦੇ ਨਸਲੀ ਵਿਕਾਸ ਨੂੰ ਜਾਂ ਦੂਜੇ ਸ਼ਬਦਾਂ ਵਿੱਚ ਸਮਾਜਿਕ ਵਿਕਾਸ ਨੂੰ ਅੱਗੇ ਤੋਰਨ ਲਈ ਗ੍ਰਹਿਸਥ ਜੀਵਨ ਨੂੰ ਨਾਨਕ ਮੱਤ ਵਿੱਚ ਉੱਚਾ ਦਰਜਾ ਦਿੱਤਾ ਗਿਆ ਹੈ।"[51]

---

[50] ਡਾ. ਗਿਆਨ ਚੰਦ ਜੈਨ, ਭਗਤ ਬਾਣੀ ਦਾ ਸਮਾਜਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015, ਪੰਨਾ 58

[51] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 38

ਸਚਿਆਰ ਮਨੁੱਖ ਸਮਾਜ ਵਿੱਚ ਇਸ ਮਕਸਦ ਲਈ ਹੋਰਨਾਂ ਨੂੰ ਵੀ ਪ੍ਰੇਰਿਤ ਕਰਦਾ ਹੈ ਕਿ ਮਨੁੱਖ ਸਭ ਜੂਨੀਆਂ ਤੋਂ ਸ੍ਰੇਸ਼ਟ ਹੈ, ਇਸ ਲਈ ਉਸ ਨੇ ਖੁਦ ਤੋਂ ਇਲਾਵਾ ਦੂਜਿਆਂ ਪ੍ਰਤੀ ਵੀ ਸਹਾਇਤਾ ਦੀ ਭਾਵਨਾ ਰੱਖਣੀ ਹੈ। "ਸਮਾਜੀ ਜ਼ਿੰਮੇਵਾਰੀਆਂ ਪ੍ਰਤੀ ਪ੍ਰਬੀਨਤਾ ਪ੍ਰਾਪਤ ਕਰਨ ਹਿੱਤ ਆਵਸ਼ਕ ਹੀ ਬਣ ਆਂਵਦਾ ਹੈ ਕਿ ਇਹ ਜੂਨੀਆਂ ਦਾ ਸਿਰਦਾਰ ਸਮਾਜਿਕ ਜੀਵਨ ਵਿੱਚ ਪਰਜਾ ਵੱਲੋਂ ਸਤਿਕਾਰਤ ਅਤੇ ਪਰਵਾਣਿਤ ਵਿਅਕਤੀ ਹੋਵੇ, ਮਨ ਬਚਨ ਅਤੇ ਕਰਮ ਕਰਕੇ ਜਨਤਾ ਦੇ ਹਿਤਾਂ ਪ੍ਰਤੀ ਹਾਰਦਿਕ ਭਾਵਨਾ ਰੱਖਦਾ ਹੋਵੇ।"[52] ਸਚਿਆਰਾ ਮਨੁੱਖ ਚੰਗੀ ਸੋਚ, ਚੰਗੇ ਕਰਮ ਅਤੇ ਚੰਗੀ ਕੋਸ਼ਿਸ਼ ਸਦਕਾ ਸਮਾਜ ਵਿੱਚ ਰਹਿੰਦੇ ਮਨੁੱਖਾਂ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਸਥਾਪਿਤ ਕਰਨ ਵਿੱਚ ਮੋਹਰੀ ਭੂਮਿਕਾ ਅਦਾ ਕਰਦਾ ਹੈ। ਉਸ ਦੀ ਇਹੀ ਸੋਚ ਹੁੰਦੀ ਹੈ ਕਿ ਸਾਰੇ ਮਨੁੱਖ ਇੱਕ ਦੂਜੇ ਨਾਲ਼ ਪਿਆਰ ਅਤੇ ਸਤਿਕਾਰ ਵਾਲ਼ਾ ਰਿਸ਼ਤਾ ਸਥਾਪਿਤ ਕਰਕੇ ਇਕੱਠੇ ਹੋ ਕੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਨ। ਇਸ ਲਈ ਉਹ ਦੂਜਿਆਂ ਦੀ ਖੁਸ਼ੀ ਨੂੰ ਪਹਿਲ ਦੇ ਕੇ ਕਾਰਜ ਕਰਦਾ ਹੈ। ਆਪਣੇ ਸਾਰੇ ਜ਼ਰੂਰੀ ਕਾਰਜਾਂ ਨੂੰ ਵਿਚਕਾਰ ਹੀ ਛੱਡ ਕੇ ਦੂਜਿਆਂ ਦੇ ਕੰਮਾਂ ਨੂੰ ਜ਼ਰੂਰੀ ਮੰਨਦਾ ਹੋਇਆ ਉਨ੍ਹਾਂ ਨੂੰ ਪ੍ਰਮੁੱਖਤਾ ਦਿੰਦਾ ਹੈ। "ਜੋ ਮੈਂਬਰ ਵਿਅਕਤੀਆਂ ਦੀ ਸੁਰੱਖਿਆ ਤੇ ਪ੍ਰਸੰਨਤਾ, ਸੁਤੰਤਰਤਾ ਤੇ ਵਿਕਾਸ ਆਦਿਕ ਦਾ ਕਾਰਗਰ ਸਾਧਨ ਬਣਦਾ ਹੈ, ਉਹ ਵਿਅਕਤੀ ਅਤੇ ਸਮਾਜ ਵਿਚਕਾਰ ਸੁਖਾਵੇਂ ਅਤੇ ਸੰਤੁਲਿਤ ਸੰਬੰਧਾਂ ਦੀ ਹਾਮੀ ਭਰਦਾ ਹੈ।"[53] ਇਸ ਦੇ ਨਾਲ਼ ਹੀ ਪ੍ਰਭੂ ਦਾ ਭੈਅ ਵੀ ਮਨੁੱਖ ਨੂੰ ਚੰਗੇ ਕਰਮ ਕਰਨ ਵਿੱਚ ਸਹਾਈ ਹੁੰਦਾ ਹੈ। ਪ੍ਰਭੂ ਦਾ ਭੈਅ ਮਨੁੱਖ ਨੂੰ ਹਰ ਸਮੇਂ ਗਲਤ ਕੰਮ ਕਰਨ ਤੋਂ ਵਰਜਦਾ ਹੈ, ਉਸ ਦੇ ਮਨ ਵਿੱਚ ਹਮੇਸ਼ਾਂ ਇਹ ਵਿਚਾਰ ਚੱਲਦਾ ਰਹਿੰਦਾ ਹੈ, ਕਿ ਪ੍ਰਭੂ ਹਰ ਮਨੁੱਖ 'ਤੇ ਨਿਗਾਹ ਰੱਖਦਾ ਹੈ। ਮਨੁੱਖ ਇਸ ਧਰਤੀ 'ਤੇ ਜੋ ਵੀ ਕਾਰਜ ਕਰਦਾ ਹੈ, ਉਨ੍ਹਾਂ ਬਾਰੇ ਪ੍ਰਭੂ ਨੂੰ ਪਤਾ ਹੈ। ਕਿਉਂਕਿ ਸਭ ਕੁੱਝ ਪ੍ਰਭੂ ਦੇ ਹੁਕਮ ਵਿੱਚ ਹੋ ਰਿਹਾ ਹੈ, ਇਸ ਲਈ ਪ੍ਰਭੂ ਤੋਂ ਲਕੋ ਕੇ ਕੁੱਝ ਵੀ ਨਹੀਂ ਕੀਤਾ ਜਾ ਸਕਦਾ। ਸਚਿਆਰ ਮਨੁੱਖ ਪ੍ਰਭੂ ਭੈਅ ਵਿੱਚ ਰਹਿਕੇ, ਪ੍ਰਭੂ ਨੂੰ ਹਰ ਥਾਂ ਹਾਜ਼ਰ-ਨਾਜ਼ਰ ਮੰਨ ਕੇ ਹੋਰਾਂ ਦੀ ਖੁਸ਼ੀ ਅਤੇ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਲਈ ਕਦਮ ਚੁੱਕਦਾ ਹੈ। ਸਚਿਆਰ ਮਨੁੱਖ ਸਮਾਜਿਕ ਪ੍ਰਾਣੀਆਂ ਦੀ ਖੁਸ਼ੀ ਨੂੰ ਪਹਿਲ ਦੇ ਕੇ

---

[52] ਸੰਤਾ ਸਿੰਘ ਤਾਤਲੇ, ਪ੍ਰਕਿਰਤੀ ਅਤੇ ਧਰਮ, C347-1909 ਸਾਲਟਨ ਰੋਡ, ਐਬਟਸਫੋਰਡ, ਬੀ.ਸੀ. (ਕੈਨੇਡਾ), 2003, ਪੰਨਾ 37

[53] ਵਜ਼ੀਰ ਸਿੰਘ, ਨੈਤਿਕ ਨਿਯਮ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1975, ਪੰਨਾ 65

ਉਨ੍ਹਾਂ ਦੀ ਭਾਵਨਾਤਮਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਸਮਝ ਨੂੰ ਵਿਕਸਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਉਸ ਦੀ ਸਾਕਾਰਾਤਮਕ ਸੋਚ ਹੁੰਦੀ ਹੈ ਕਿ ਜਿਸ ਸਮਾਜ ਵਿੱਚ ਮਨੁੱਖ ਰਹਿੰਦਾ ਹੈ, ਉਹ ਸਮਾਜ ਹਰ ਪੱਖੋਂ ਮਨੁੱਖ ਦੇ ਰਹਿਣ ਅਤੇ ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਦੇ ਯੋਗ ਹੋਵੇ।

ਸਮਾਜ ਦੇ ਵਿਕਾਸ ਵਿੱਚ ਪਦਾਰਥਕ ਖੁਸ਼ਹਾਲੀ ਬਹੁਤ ਮਹੱਤਤਾ ਰੱਖਦੀ ਹੈ। ਮਨੁੱਖ ਨੇ ਸਮਾਜ ਵਿੱਚ ਰਹਿ ਕੇ ਆਰਥਿਕ ਤੌਰ 'ਤੇ ਖੁਸ਼ਹਾਲ ਹੋਣਾ ਹੈ। ਕੋਈ ਵੀ ਸਮਾਜ ਉਦੋਂ ਤੱਕ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਨਹੀਂ ਛੋਹ ਸਕਦਾ ਜਦ ਤੱਕ ਉਸ ਦਾ ਆਰਥਿਕ ਪੱਖ ਮਜ਼ਬੂਤ ਨਹੀਂ ਹੋਵੇਗਾ। ਉਸ ਵਿੱਚ ਰਹਿੰਦੇ ਲੋਕ ਵੀ ਤਦ ਹੀ ਆਪਣਾ ਪੇਟ ਭਰ ਸਕਣਗੇ ਜਦ ਸਮਾਜ ਦੀ ਆਰਥਿਕ ਹਾਲਤ ਠੀਕ ਹੋਵੇਗੀ। ਕਿਉਂਕਿ ਆਰਥਿਕ ਤੌਰ ਤੇ ਕਮਜ਼ੋਰ ਅਤੇ ਢਿੱਡੋਂ ਭੁੱਖਾ ਵਿਅਕਤੀ ਨਾ ਸੰਸਾਰਕ ਤੌਰ ਤੇ ਅਤੇ ਨਾ ਹੀ ਅਧਿਆਤਮਿਕ ਤੌਰ ਤੇ ਪਰਪੱਕ ਹੋ ਸਕਦਾ ਹੈ। ਭੁੱਖ ਨਾਲ਼ ਲੜ ਰਹੇ ਮਨੁੱਖ ਲਈ ਸਭ ਤੋਂ ਪਹਿਲਾਂ ਰੋਟੀ ਦਾ ਪ੍ਰਬੰਧ ਕਰਨਾ ਹੈ ਚਾਹੇ ਇਸ ਲਈ ਉਸ ਨੂੰ ਕੁੱਝ ਵੀ ਕਰਨਾ ਪਵੇ। ਅਜਿਹੀ ਹਾਲਤ ਵਿੱਚ ਮਨੁੱਖ ਅਮੀਰ ਲੋਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਕੇ ਆਪਣੇ ਆਦਰਸ਼ਾਂ ਅਤੇ ਨੈਤਿਕਤਾ ਨੂੰ ਵੀ ਕੁਰਬਾਨ ਕਰ ਦਿੰਦਾ ਹੈ। ਇਸ ਤੋਂ ਇਲਾਵਾ ਇੱਕ ਭੁੱਖੇ ਵਿਅਕਤੀ ਤੋਂ ਉੱਚੀਆਂ ਧਾਰਮਿਕ ਕਦਰਾਂ-ਕੀਮਤਾਂ ਦੀ ਉਮੀਦ ਕਰਨਾ ਵਿਅਰਥ ਹੈ। ਜਿਵੇਂ ਕਿਹਾ ਜਾਂਦਾ ਹੈ ਕਿ, ਪੇਟ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ। ਇਸ ਲਈ ਸਿੱਖ ਧਰਮ ਮਨੁੱਖ ਨੂੰ ਸਖਤ ਮਿਹਨਤ ਕਰਨ ਦਾ ਉਪਦੇਸ਼ ਦਿੰਦਾ ਹੈ। ਜਿਸ ਨੂੰ ਦਸਾਂ ਨਹੁੰਆਂ ਦੀ ਕਿਰਤ ਕਿਹਾ ਗਿਆ ਹੈ। "ਕਿਰਤ ਕਰਨ ਨਾਲ਼ ਉੱਦਮਸ਼ੀਲਤਾ ਵਿੱਚ ਵਾਧਾ ਹੁੰਦਾ ਹੈ ਅਤੇ ਜ਼ਿੰਮੇਵਾਰੀ ਦੇ ਅਹਿਸਾਸ ਵਿੱਚ ਪਰਪੱਕਤਾ ਆਉਂਦੀ ਹੈ। ਕਿਸੇ ਦੂਜੇ ਦੀ ਲੁੱਟ ਖਸੁੱਟ ਕਰਨ ਤੋਂ ਸੰਕੋਚ ਬਣਿਆ ਰਹਿੰਦਾ ਹੈ ਅਤੇ ਸਮਾਜਿਕ ਜੀਵਨ ਵਿੱਚ ਇੱਜ਼ਤਦਾਰੀ ਦਾ ਅਹਿਸਾਸ ਵਿਕਸਤ ਹੁੰਦਾ ਹੈ, ਜੋ ਇੱਕ ਪਾਸੇ ਨਿਮਰਤਾ ਅਤੇ ਹਲੀਮੀ ਸਿਖਾਉਂਦਾ ਹੈ ਦੂਜੇ ਪਾਸੇ ਅਣਖ ਤੇ ਸਵੈਮਾਣ ਨੂੰ ਸ਼ਕਤੀ ਪਰਦਾਨ ਕਰਦਾ ਹੈ।"[54] ਮਿਹਨਤ ਕਰਨ ਵਾਲ਼ੇ ਲੋਕ ਹੱਕ-ਸੱਚ ਦੀ

---

[54] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ,ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2011, ਪੰਨਾ 38

ਕਮਾਈ ਕਰਨਾ ਪਸੰਦ ਕਰਦੇ ਹਨ। ਸਮਾਜ ਵਿੱਚ ਵੱਖ-ਵੱਖ ਜਾਤਾਂ, ਧਰਮਾਂ ਅਤੇ ਕਿੱਤਿਆਂ ਦੇ ਲੋਕ ਰਹਿੰਦੇ ਹਨ ਜਿਵੇਂ ਕਿ ਕਿਸਾਨ, ਤਰਖਾਣ, ਧੋਬੀ, ਨਾਈ, ਦਰਜੀ ਅਤੇ ਵਾਪਾਰੀ ਵਰਗ ਆਦਿ। ਸਮਾਜ ਵਿੱਚ ਹਰੇਕ ਕਿੱਤੇ ਦੀ ਆਪਣੀ ਅਹਿਮੀਅਤ ਹੁੰਦੀ ਹੈ, ਉਸ ਦਾ ਆਪਣਾ ਸਥਾਨ ਹੁੰਦਾ ਹੈ। ਵੱਖ-ਵੱਖ ਕਿੱਤਿਆਂ ਨਾਲ਼ ਜੁੜੇ ਹੋਏ ਲੋਕ ਇੱਕ ਦੂਜੇ 'ਤੇ ਨਿਰਭਰ ਹੁੰਦੇ ਹਨ। ਇੱਕ ਵਿਕਸਤ ਸਮਾਜ ਵਿੱਚ ਹਰੇਕ ਕਿਰਤੀ ਵਰਗ ਇਮਾਨਦਾਰੀ ਨਾਲ਼ ਆਪਣੇ ਕਿੱਤੇ ਵਿੱਚ ਦੂਜਿਆਂ ਦੀ ਲੋੜ ਪੂਰੀ ਕਰਨ ਲਈ ਮਿਹਨਤ ਕਰਦਾ ਹੈ। ਮਿਹਨਤ ਕਰਨ ਵਾਲ਼ੇ ਮਨੁੱਖ ਅੰਦਰ ਇਮਾਨਦਾਰੀ ਅਤੇ ਸੱਚਾਈ ਦੀ ਭਾਵਨਾ ਹੁੰਦੀ ਹੈ। ਮਿਹਨਤੀ ਵਿਅਕਤੀ ਦੂਜਿਆਂ ਦੇ ਸਿਰ 'ਤੇ ਵਿਹਲਾ ਰਹਿ ਕੇ ਪੇਟ ਭਰਨਾ ਪਸੰਦ ਨਹੀਂ ਕਰਦਾ। ਦੂਜਿਆਂ ਦੇ ਹੱਕਾਂ 'ਤੇ ਡਾਕੇ ਮਾਰਨ ਵਾਲ਼ੇ ਬੇਈਮਾਨ ਲੋਕਾਂ ਨੂੰ ਗੁਰੂ ਸਾਹਿਬਾਨ ਦੁਆਰਾ ਭੰਡਿਆ ਗਿਆ ਹੈ। "ਸਿੱਖ ਧਰਮ ਦੀ ਸਮੁੱਚੀ ਭਾਵਨਾ ਅਨੁਸਾਰ ਸਖ਼ਤ ਅਤੇ ਇਮਾਨਦਾਰ ਮਿਹਨਤ ਉੱਚੀਆਂ ਕਦਰਾਂ-ਕੀਮਤਾਂ ਤੇ ਸਵੈ-ਮਾਣ ਦਾ ਚਿੰਨ੍ਹ ਮੰਨੀ ਗਈ ਹੈ, ਭੀਖ ਮੰਗਣਾ ਤੇ ਦੂਜਿਆਂ ਦੀ ਮਿਹਨਤ ਦੀ ਲੁੱਟ ਕਰਨਾ ਬਾਕੀ ਸਮਾਜੀ ਬੁਰਾਈਆਂ ਵਾਂਗ ਹੀ ਨਿਖੇਧੀ ਯੋਗ ਹੈ।"[55]

ਦੂਜਿਆਂ ਦੇ ਸਿਰ 'ਤੇ ਜ਼ਿੰਦਗੀ ਬਤੀਤ ਕਰਨ ਵਾਲ਼ੇ ਲੋਕ ਬੇਈਮਾਨ ਕਿਸਮ ਦੇ ਹੁੰਦੇ ਹਨ। ਅਜਿਹੇ ਲੋਕ ਸਮਾਜਿਕ ਵਿਕਾਸ ਦੀ ਥਾਂ ਸਮਾਜਿਕ ਨਿਘਾਰ ਦਾ ਕਾਰਨ ਬਣਦੇ ਹਨ। "ਸਾਰੇ ਹਿੰਦੂ ਸੰਨਿਆਸੀ ਮੰਗ ਕੇ ਗੁਜ਼ਾਰਾ ਕਰਦੇ ਹਨ। ਪੱਛਮ ਦੇ ਬਹੁਤ ਸਾਰੇ ਤਬਕਿਆਂ ਦੇ ਮਿਹਨਤੀ ਲੋਗਾਂ ਦੇ ਮੁਕਾਬਲੇ ਉਹ ਬਿਲਕੁਲ ਵੀ ਕੰਮ ਕਰਕੇ ਆਪਣਾ ਗੁਜਾਰਾ ਨਹੀਂ ਕਰਦੇ ਸਗੋਂ ਹੋਰਨਾਂ ਵੱਲੋਂ ਦਿੱਤੇ ਦਾਨ ਉਤੇ ਨਿਰਭਰ ਹਨ। ਮੰਗਣ ਦੀ ਪ੍ਰਥਾ ਅਤੇ ਵੱਡੇ ਪੱਧਰ ਉਤੇ ਇਸ ਦੀ ਆਦਤ, ਭਾਰਤ ਵਿੱਚ ਬਹੁਤ ਪੁਰਾਣੀ ਹੈ।"[56] ਸਿੱਖ ਧਰਮ ਅਨੁਸਾਰ ਗੁਰੂ ਸਾਹਿਬਾਨ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਉਪਦੇਸ਼ ਦਿੰਦੇ ਹਨ, ਵਿਹਲੜ ਅਤੇ ਨਿਕੰਮੇ ਲੋਕਾਂ ਲਈ ਇਸ ਧਰਮ ਵਿੱਚ ਕੋਈ ਥਾਂ ਨਹੀਂ ਹੈ।

---

[55] ਡਾ. ਹਰਬੰਸ ਸਿੰਘ, ਦੇਗ ਤੇਗ ਫਤਹਿ, ਆਲਮ ਪਬਲਿਸ਼ਿੰਗ ਹਾਊਸ, ਚੰਡੀਗੜ੍ਹ, 1987, ਪੰਨਾ 82

[56] ਜੇਮਸ ਹੇਸਟਿੰਗਜ਼ (ਸੰਪਾ:) 'ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ' ਵਿੱਚ 'ਚੈਰਿਟੀ' ਦੇ ਸਿਰਲੇਖ ਹੇਠ ਲਿਖੇ ਲੇਖ ਵਿੱਚੋਂ (ਐਡਿਨਬਰਗ. ਟੀ. ਐਂਡ ਟੀ ਕਲਾਰਕ, 1971), ਜਿਲਦ ਤੀਜੀ, ਪੰਨਾ 381

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥[57]

ਸਚਿਆਰ ਸ਼ਖ਼ਸੀਅਤ ਵਾਲ਼ਾ ਮਨੁੱਖ ਖੁਦ ਮਿਹਨਤ ਕਰਨ ਵਾਲ਼ਾ, ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਨ ਵਾਲ਼ਾ ਹੁੰਦਾ ਹੈ ਜੋ ਦੂਜਿਆਂ ਨੂੰ ਵੀ ਆਪਣੀਆਂ ਪਰਿਵਾਰਕ ਲੋੜਾਂ ਪੂਰੀਆਂ ਕਰਨ ਅਤੇ ਪਦਾਰਥਕ ਖੁਸ਼ਹਾਲੀ ਲਈ ਮਿਹਨਤ ਕਰਨ ਲਈ ਪ੍ਰੇਰਿਤ ਕਰਦਾ ਹੈ। ਗੁਰਮਤਿ ਮਨੁੱਖ ਨੂੰ ਆਪਣੀ ਜ਼ਿੰਦਗੀ ਨੂੰ ਵਧੀਆ ਢੰਗ ਨਾਲ਼ ਜਿਉਣ ਲਈ ਪਲਾਇਨਵਾਦ ਦੀ ਬਜਾਇ ਜ਼ਿੰਮੇਵਾਰੀ ਨਿਭਾਉਂਦੇ ਹੋਏ ਕਿਰਤ ਕਰਨ ਨੂੰ ਅਹਿਮੀਅਤ ਦਿੰਦੀ ਹੈ। ਜਿਹੜਾ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਕੋਈ ਵੀ ਕੰਮ ਕਰਨ ਤੋਂ ਕੰਨੀ ਕਤਰਾਉਂਦਾ ਹੈ, ਉਸ ਤੋਂ ਕਿਸੇ ਵੀ ਕਿਸਮ ਦੀ ਉਮੀਦ ਕਰਨੀ ਫਜ਼ੂਲ ਹੁੰਦੀ ਹੈ, ਕਿਉਂਕਿ ਜਿਹੜਾ ਵਿਅਕਤੀ ਖੁਦ ਮਿਹਨਤ ਨਹੀਂ ਕਰਦਾ ਉਹ ਸਮਾਜਿਕ ਵਿਕਾਸ ਵਿੱਚ ਸਹਾਈ ਨਹੀਂ ਹੋ ਸਕਦਾ। "ਗੁਰੂ ਸਾਹਿਬ ਨੇ ਤਿਆਗਵਾਦੀ ਰੁਚੀ ਦੇ ਮੁਕਾਬਲੇ ਵਿੱਚ ਭੁੱਖ ਅਤੇ ਤ੍ਰੇਹ ਦੀ ਤ੍ਰਿਪਤੀ ਲਈ ਕਿਰਤ ਦਾ ਮਾਰਗ ਸੁਝਾਇਆ ਹੈ। ਉਹ ਜਾਣਦੇ ਸਨ ਕਿ ਤ੍ਰਿਪਤੀ ਤਿਆਗ ਵਿੱਚ ਨਹੀਂ ਅਤੇ ਨਾ ਹੀ ਗੈਰ-ਕੁਦਰਤੀ ਢੰਗ ਨਾਲ਼ ਖਾਣ-ਪੀਣ ਦੀਆਂ ਵਸਤਾਂ ਨੂੰ ਖੋਹ ਕੇ ਖਾਣ ਵਿੱਚ ਹੈ। ਸਗੋਂ ਤ੍ਰਿਪਤੀ ਕੁਦਰਤੀ ਤਰੀਕੇ ਨਾਲ਼ ਕਮਾ ਕੇ ਖਾਣ ਵਿੱਚ ਹੈ।"[58] ਕਿਰਤ ਸਮਾਜ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਕਿਰਤ ਮਨੁੱਖ ਦੀ ਨਿੱਜੀ ਜ਼ਿੰਦਗੀ ਦੀਆਂ ਜ਼ਰੂਰਤਾਂ 'ਚੋਂ ਪੈਦਾ ਹੁੰਦੀ ਹੈ। ਜਿਵੇਂ ਸਮਾਜ ਬਦਲਦਾ ਹੈ ਉਵੇਂ ਹੀ ਉਸ ਦੀਆਂ ਜ਼ਰੂਰਤਾਂ ਵੀ ਬਦਲਦੀਆਂ ਹਨ, ਇਨ੍ਹਾਂ ਬਦਲਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕਿਰਤ ਦਾ ਬਦਲਾਵ ਅਤਿ ਜ਼ਰੂਰੀ ਹੈ। ਇਸ ਪ੍ਰਕਾਰ ਲਗਾਤਾਰ ਕਿਰਤ ਦੇ ਬਦਲਾਵ ਅਤੇ ਵਿਕਾਸ ਨੇ ਸਮਾਜ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਕਿਰਤ ਨੇ ਸਮਾਜ ਵਿੱਚ ਰਹਿੰਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਆਪਸ ਵਿੱਚ ਜੋੜ ਕੇ ਸਮਾਜ ਨੂੰ ਸੰਗਠਿਤ ਕੀਤਾ ਹੈ। ਕਿਰਤ ਨੇ ਸਮਾਜ ਨੂੰ ਜਿੱਥੇ ਸੰਗਠਿਤ ਕੀਤਾ ਹੈ ਉੱਥੇ ਇਸ ਨੇ ਮਨੁੱਖ ਅੰਦਰਲੇ ਗੁੱਸੇ ਦੀ ਪ੍ਰਵਿਰਤੀ ਨੂੰ ਕਿਰਤ ਰਾਹੀਂ ਠੱਲ ਪਾਉਣ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਕਿਰਤ ਨੇ ਮਨੁੱਖ ਦੀਆਂ ਨਿੱਜੀ ਲੋੜਾਂ ਦੀ ਪੂਰਤੀ ਲਈ ਦੂਜਿਆਂ 'ਤੇ ਨਿਰਭਰਤਾ ਦੌਰਾਨ ਮਨੁੱਖ

---

57 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1380

58 ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 38

ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਵੀ ਬਣਾਇਆ ਹੈ, ਕਿਉਂਕਿ ਜਦੋਂ ਮਨੁੱਖ ਕਿਸੇ ਵੀ ਕੰਮ ਨੂੰ ਕਰਦੇ ਸਮੇਂ ਦੂਜਿਆਂ ਨਾਲ਼ ਲੋੜੀਂਦਾ ਵਿਵਹਾਰ ਕਰਦਾ ਹੈ ਤਾਂ ਉਹ ਨੈਤਿਕਤਾ ਦੀ ਮਰਿਆਦਾ ਨੂੰ ਆਪਣਾਉਂਦਾ ਹੋਇਆ ਆਪਣੇ ਵਿਵਹਾਰ ਨੂੰ ਸੰਦਰਭ ਅਨੁਸਾਰ ਵਿਕਸਤ ਕਰਦਾ ਹੈ। ਇਸ ਨਾਲ਼ ਸਮਾਜ ਵਿੱਚ ਕਦਰਾਂ-ਕੀਮਤਾਂ ਦਾ ਇੱਕ ਢਾਂਚਾ ਤਿਆਰ ਹੁੰਦਾ ਹੈ। ਕਿਰਤ ਨੇ ਇੱਕ ਮਨੁੱਖ ਨੂੰ ਦੂਜੇ ਮਨੁੱਖ ਪ੍ਰਤੀ ਜ਼ਿੰਮੇਵਾਰ ਬਣਾਇਆ ਹੈ। ਕਿਰਤ ਕਰਨ ਵਾਲ਼ਾ ਮਨੁੱਖ ਸਰੀਰਕ ਅਤੇ ਮਾਨਸਿਕ ਤੌਰ ਤੇ ਵੀ ਤੰਦਰੁਸਤ ਹੁੰਦਾ ਹੈ, ਕਿਉਂਕਿ ਤੰਦਰੁਸਤ ਸਰੀਰ ਅਤੇ ਤੰਦਰੁਸਤ ਮਾਨਸਿਕਤਾ ਇੱਕ ਤੰਦਰੁਸਤ ਸਮਾਜ ਦਾ ਨਿਰਮਾਣ ਕਰਦੇ ਹਨ। ਸਿੱਖ ਧਰਮ ਮਨੁੱਖ ਨੂੰ ਸੱਚੀ-ਸੁੱਚੀ ਕਿਰਤ ਕਰਨ ਲਈ ਪ੍ਰੇਰਦਾ ਹੈ। "ਕਿਰਤ ਦੀ ਸਮਾਜਿਕ ਲੋੜ ਇਸਦੀ ਜ਼ਰੂਰਤ ਵਿੱਚ ਬਹੁਤ ਵਾਧਾ ਕਰਦੀ ਹੈ। ਕਿਰਤ ਸਮਾਜ ਲਈ ਹਰ ਪੱਖੋਂ ਉਪਯੋਗੀ ਹੈ, ਕਿਉਂਕਿ ਇਹ ਸਮਾਜ ਦੇ ਵਿਕਾਸ ਦੇ ਹਰ ਖੇਤਰ ਵਿੱਚ ਸਹਾਇਤਾ ਕਰਦੀ ਹੈ। ਕਿਰਤ ਕਰਨ ਨਾਲ਼ ਜਿੱਥੇ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਭਰਾਤਰੀਭਾਵ ਵਿਕਸਿਤ ਹੁੰਦਾ ਹੈ, ਉੱਥੇ ਕਿਰਤੀ ਮਨੁੱਖ ਦਾ ਤਨ ਵੀ ਰਿਸ਼ਟ-ਪੁਸ਼ਟ ਰਹਿੰਦਾ ਹੈ, ਜੋ ਚੰਗੇ ਤੇ ਸਿਹਤਮੰਦ ਸਮਾਜ ਲਈ ਬੜਾ ਜ਼ਰੂਰੀ ਹੈ। ਇਸ ਤਰ੍ਹਾਂ ਕਿਰਤ ਕਰਦਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਦਾ ਹੋਇਆ ਮਨੁੱਖ ਇੱਕ ਸਿਹਤਮੰਦ ਸਮਾਜ ਦੀ ਵੀ ਉਸਾਰੀ ਕਰਦਾ ਹੈ।"[59]

ਕਿਰਤ ਕਰਨ ਵਾਲ਼ਾ ਮਨੁੱਖ ਜਿੱਥੇ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤ ਹੁੰਦਾ ਹੈ। ਇਸ ਦੇ ਨਾਲ਼ ਹੀ ਉਸ ਵਿੱਚ ਆਤਮ-ਵਿਸ਼ਵਾਸ ਦਾ ਵੀ ਵਾਧਾ ਹੁੰਦਾ ਹੈ। "ਗੁਰਬਾਣੀ ਦਾ ਕਿਰਤ ਪ੍ਰਤੀ ਸੰਕਲਪ ਸਮੁੱਚੀ ਮਾਨਵਤਾ ਨੂੰ ਕਿਰਤ ਕਰਨ ਲਈ ਉਤਸ਼ਾਹਿਤ ਕਰਦਾ ਹੈ। ਅਜਿਹੀ ਕੀਤੀ ਜਾਣ ਵਾਲ਼ੀ ਕਮਾਈ ਨਾਲ਼ ਜਿੱਥੇ ਮਨ ਨੂੰ ਸੰਤੁਸ਼ਟੀ ਮਿਲਦੀ ਹੈ ਉੱਥੇ ਸਰੀਰ ਵੀ ਤੰਦਰੁਸਤ ਅਤੇ ਨਰੋਆ ਬਣਿਆ ਰਹਿੰਦਾ ਹੈ।"[60] ਕਿਰਤ ਕਰਨ ਨਾਲ਼ ਜਿੱਥੇ ਰੋਜ਼ੀ-ਰੋਟੀ ਦਾ ਹੀਲਾ ਹੁੰਦਾ ਹੈ ਉੱਥੇ ਇੱਕ ਅੰਦਰੂਨੀ ਸਕੂਨ ਪ੍ਰਾਪਤ ਹੁੰਦਾ ਹੈ। ਸੋ ਮਨੁੱਖ ਨੂੰ ਦੂਜਿਆਂ ਦਾ ਹੱਕ ਖਾਣ ਜਾਂ ਮੰਗ ਕੇ ਨਹੀ ਖਾਣਾ ਚਾਹੀਦਾ ਸਗੋਂ ਆਪਣੇ ਹੱਥੀਂ ਕਿਰਤ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਨੇ ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਪਰਾਇਆ ਹੱਕ ਖਾਣ ਤੋਂ ਵਰਜਿਆ ਹੈ।

---

[59] ਡਾ. ਕੁਲਵੰਤ ਸਿੰਘ, ਕਿਰਤ ਤੇ ਧਰਮ, ਅਮਨ ਪ੍ਰਕਾਸ਼ਨ, ਬਰਨਾਲ਼ਾ, 2013, ਪੰਨਾ 39-40

[60] ਉਹੀ, ਪੰਨਾ 19

ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥

ਗੁਰ ਪੀਰ ਹਾਮਾ ਤਾ ਭਰੇ ਜਾਂ ਮੁਰਦਾਰਿ ਨ ਖਾਇ॥[61]

ਸਿੱਖ ਧਰਮ ਅਨੁਸਾਰ ਪਰਾਇਆ ਹੱਕ ਮੁਰਦਾਰ ਖਾਣ ਦੇ ਬਰਾਬਰ ਹੈ ਅਤੇ ਅਜਿਹਾ ਹੱਕ ਖਾਣ ਵਾਲ਼ੇ ਵਿਅਕਤੀ ਆਪਣੇ ਚਰਿੱਤਰ ਨੂੰ ਕਦੇ ਵੀ ਸੱਚਾ-ਸੁੱਚਾ ਨਹੀਂ ਰੱਖ ਸਕਦੇ। ਪਰਾਏ ਹੱਕ ਲਈ ਗੁਰਮਤਿ ਵਿੱਚ ਲੋਭ ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਲੋਭ ਤੋਂ ਬਚਣ ਲਈ ਅਤੇ ਸਮਾਜ ਵਿਚਲੀ ਆਰਥਿਕ ਨਾ-ਬਰਾਬਰੀ ਨੂੰ ਖਤਮ ਕਰਨ ਲਈ ਸਭ ਤੋਂ ਵੱਡੀ ਇਹ ਸਿੱਖਿਆ ਦਿੱਤੀ ਕਿ ਕਿਸੇ ਵੀ ਮਨੁੱਖ ਨੂੰ ਆਪਣੀਆਂ ਲੋੜਾਂ ਤੋਂ ਵੱਧ ਧਨ ਇਕੱਠਾ ਨਹੀਂ ਕਰਨਾ ਚਾਹੀਦਾ, ਇਹ ਪਾਪ ਸਮਾਨ ਹੈ, ਕਿਉਂਕਿ ਜਦੋਂ ਇੱਕ ਵਿਅਕਤੀ ਲੋੜ ਤੋਂ ਵੱਧ ਧਨ ਇਕੱਠਾ ਕਰੇਗਾ ਤਾਂ ਇਸ ਨਾਲ਼ ਦੂਜਿਆਂ ਦਾ ਹੱਕ ਹੀ ਖੋਹਿਆ ਜਾਂਦਾ ਹੈ। ਦੂਸਰਾ ਇਸ ਦਾ ਨਕਾਰਾਤਮਕ ਪੱਖ ਇਹ ਹੈ ਕਿ ਜਿਸ ਵਿਅਕਤੀ ਕੋਲ਼ ਹੱਦ ਤੋਂ ਵੱਧ ਧਨ ਦੌਲਤ ਹੁੰਦੀ ਹੈ ਉਸ ਨੂੰ ਆਪਣੀ ਅਮੀਰੀ ਅਤੇ ਧਨ ਦਾ ਹੰਕਾਰ ਹੋ ਜਾਂਦਾ ਹੈ। ਹੰਕਾਰਿਆ ਮਨੁੱਖ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰਦਾ ਹੈ। ਅਜਿਹਾ ਵਿਅਕਤੀ ਧਨ ਦੇ ਹੰਕਾਰ ਵਿੱਚ ਰੱਬ ਨੂੰ ਭੁੱਲ ਜਾਂਦਾ ਹੈ। ਸਮਾਜ ਦੀ ਭਲਾਈ ਜਾਂ ਮਨੁੱਖਤਾ ਦੀ ਸੇਵਾ ਲਈ ਕੁੱਝ ਦੇਣ ਦੀ ਥਾਂ ਐਸ਼ਪ੍ਰਸਤੀ ਵਿੱਚ ਹੀ ਸਾਰੀ ਧਨ ਦੌਲਤ ਨੂੰ ਲੁਟਾ ਦਿੰਦਾ ਹੈ। ਉਸ ਦੇ ਅੰਦਰੋਂ ਇਨਸਾਨੀਅਤ ਖਤਮ ਹੋ ਜਾਂਦੀ ਹੈ। ਇਸ ਲਈ ਮਾਇਆ ਦਾ ਲੋਭ ਜਾਂ ਧਨ ਨਾਲ਼ ਬੇਲੋੜੀ ਪ੍ਰੀਤ ਸਮਾਜ ਦੀ ਪਦਾਰਥਕ ਖੁਸ਼ਹਾਲੀ ਦੇ ਰਾਹ ਵਿੱਚ ਰੋੜਾ ਬਣਦੀ ਹੈ।

ਗੁਰੂ ਸਾਹਿਬ ਖੁਦ ਹੱਥੀਂ ਮਿਹਨਤ ਕਰਨ ਵਾਲ਼ਿਆਂ ਦੀ ਕਦਰ ਕਰਦੇ ਸਨ। ਗੁਰੂ ਜੀ ਨੇ ਆਪਣੀ ਜ਼ਿੰਦਗੀ ਵਿੱਚ ਖੁਦ ਹੱਕ-ਸੱਚ ਦੀ ਕਮਾਈ ਕੀਤੀ ਅਤੇ ਲੋਕਾਈ ਨੂੰ ਵੀ ਇਹੀ ਉਪਦੇਸ਼ ਦਿੱਤਾ ਜਿਸ ਵਿੱਚ ਲੋੜਵੰਦਾਂ ਦੀ ਮੱਦਦ ਕਰਨ ਨੂੰ ਅਹਿਮੀਅਤ ਦਿੱਤੀ ਗਈ। "ਉਨ੍ਹਾਂ ਨੇ ਮਨੁੱਖ ਨੂੰ ਠੀਕ ਉੱਦਮ ਤੇ ਸੁੱਚੀ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਠੀਕ ਉੱਦਮ ਤੇ ਸੁੱਚੀ ਕਿਰਤ ਤੋਂ ਭਾਵ ਹੈ ਪਰਮਾਤਮਾ ਦੇ ਹੁਕਮ ਵਿੱਚ ਰਹਿ ਕੇ, ਹਉਮੈਂ ਦਾ ਤਿਆਗ ਕਰਕੇ ਕਿਸੇ ਹੋਰ ਮਨੁੱਖ ਨੂੰ ਦੁੱਖ ਦੇਣ ਤੋਂ ਬਿਨ੍ਹਾਂ ਆਪਣੀ ਜੀਵਨ-ਕਿਰਿਆ ਵਿੱਚ

---

[61] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141

ਰੁੱਝੇ ਰਹਿਣਾ। ਇਸ ਕਿਰਤ ਦਾ ਮਨੋਰਥ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਨਹੀਂ ਸਗੋਂ ਪਰਮਾਤਮਾ ਦੀ ਮਿਹਰ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ। ਕਿਉਂਕਿ ਉਸ ਦੀ ਕਿਰਪਾ ਦੁਆਰਾ ਇਹ ਪਦਾਰਥ ਆਪਣੇ ਆਪ ਪ੍ਰਾਪਤ ਹੋ ਜਾਂਦੇ ਹਨ।"[62] ਮਿਹਨਤ ਅਤੇ ਇਮਾਨਦਾਰੀ ਨਾਲ ਕੀਤੀ ਗਈ ਕਮਾਈ ਵਿੱਚੋਂ ਪੇਟ ਭਰ ਕੇ ਜੋ ਅਨੰਦ ਮਿਲਦਾ ਹੈ ਉਹ ਬੇਈਮਾਨੀ ਦੀ ਕਮਾਈ ਵਿੱਚੋਂ ਨਹੀਂ ਮਿਲਦਾ। ਮਨੁੱਖ ਨੂੰ ਧਨ ਦਾ ਲੋਭ ਕਰਦੇ ਹੋਏ ਇਸ ਨੂੰ ਲੋੜ ਤੋਂ ਵੱਧ ਜਮ੍ਹਾਂ ਨਹੀਂ ਕਰਨਾ ਚਾਹੀਦਾ। "ਮਨੁੱਖ ਸਾਰੇ ਕਾਰ-ਵਿਹਾਰ ਅਤੇ ਅਨੇਕ ਤਰ੍ਹਾਂ ਦੇ ਕਰਮ ਹਉਮੈਂ ਦੇ ਪ੍ਰਭਾਵ ਵਿੱਚ ਕਰਦਾ ਹੈ। ਜਿਸ ਦੇ ਬਹੁਤੇ ਸਿੱਟੇ ਬੁਰੇ ਨਿਕਲਦੇ ਹਨ।"[63] ਉਸ ਦੇ ਅੰਦਰੋਂ ਇਨਸਾਨੀਅਤ ਖਤਮ ਹੋ ਜਾਂਦੀ ਹੈ। ਇਸ ਲਈ ਮਾਇਆ ਦਾ ਲੋਭ ਜਾਂ ਬੇਲੋੜੀ ਜਮ੍ਹਾਂ-ਪੂੰਜੀ ਸਮਾਜ ਦੀ ਪਦਾਰਥਕ ਖੁਸ਼ਹਾਲੀ ਦੇ ਰਾਹ ਵਿੱਚ ਰੋੜਾ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਗਰੀਬ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਖਾਣਾ ਅਤੇ ਦੂਜਿਆਂ ਦਾ ਹੱਕ ਖਾਣ ਵਾਲ਼ੇ ਮਲਿਕ ਭਾਗੋ ਦੁਆਰਾ ਪਕਵਾਨ ਲਈ ਭੇਜੇ ਗਏ ਸੱਦੇ ਨੂੰ ਪਰਵਾਨ ਨਾ ਕਰਨਾ ਇਸ ਦੀ ਬਹੁਤ ਵੱਡੀ ਉਦਾਹਰਨ ਹੈ। ਗੁਰੂ ਸਾਹਿਬਾਨ ਨੇ ਆਪਣੀ ਜ਼ਿੰਦਗੀ ਵਿੱਚ ਖੁਦ ਹੱਕ-ਸੱਚ ਦੀ ਕਮਾਈ ਕੀਤੀ ਅਤੇ ਲੋਕਾਈ ਨੂੰ ਵੀ ਇਹੀ ਉਪਦੇਸ਼ ਦਿੱਤਾ ਜਿਸ ਵਿੱਚ ਲੋੜਵੰਦਾਂ ਦੀ ਮੱਦਦ ਕਰਨ ਨੂੰ ਅਹਿਮੀਅਤ ਦਿੱਤੀ ਗਈ। ਇੱਥੇ ਇੱਕ ਗੱਲ ਹੋਰ ਵੀ ਸਾਹਮਣੇ ਆਉਂਦੀ ਹੈ ਕਿ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨੂੰ ਪਾਲਣ ਲਈ ਮਿਹਨਤ ਕਰਨ ਦਾ ਉਪਦੇਸ਼ ਦਿੱਤਾ ਹੈ, ਧਨ ਦੌਲਤ ਜੋੜਨ ਲਈ ਨਹੀਂ ਕਿਹਾ ਗਿਆ। ਇਸ ਦੇ ਨਾਲ਼ ਹੀ ਅਮੀਰ ਲੋਕਾਂ ਵੱਲ ਵੇਖ ਕੇ ਉਹਨਾਂ ਦੀ ਰੀਸ ਕਰਨ ਦਾ ਵਿਰੋਧ ਕੀਤਾ ਗਿਆ ਹੈ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖ ਪਰਾਈ ਚੋਪੜੀ ਨ ਤਰਸਾਇ ਜੀਉ॥[64]

---

[62] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ, ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 75

[63] ਡਾ. ਹਰਜੋਤ ਕੌਰ, ਗੁਰਮਤਿ ਦੇ ਪ੍ਰਮੁੱਖ ਸੰਕਲਪ, ਗੁਰਮਤਿ ਪ੍ਰਕਾਸ਼ਨ, ਪਟਿਆਲ਼ਾ, 2010, ਪੰਨਾ 46

[64] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379

ਮਨੁੱਖ ਨੇ ਹੱਕ-ਸੱਚ ਦੀ ਕਿਰਤ ਕਰਨ ਦੇ ਨਾਲ਼-ਨਾਲ਼ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਦਸਵਾਂ ਹਿੱਸਾ ਭਾਵ ਦਸਵੰਧ ਕੱਢਣਾ ਹੈ ਜੋ ਗਰੀਬਾਂ ਅਤੇ ਲੋੜਵੰਦਾਂ ਦੀ ਮੱਦਦ ਲਈ ਵਰਤਿਆ ਜਾ ਸਕੇ। "ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਸਿਰਫ਼ ਕਿਰਤ ਕਰਨ ਦੀ ਹੀ ਪ੍ਰੇਰਨਾ ਨਹੀਂ ਦਿੱਤੀ ਗਈ ਬਲਕਿ ਕਿਰਤ ਕਮਾਈ ਵਿੱਚੋਂ ਦੂਸਰਿਆਂ ਵਿੱਚ ਵੰਡ ਕੇ ਛਕਣ ਦਾ ਵੀ ਉਪਦੇਸ਼ ਦਿੱਤਾ ਗਿਆ ਹੈ, ਤਾਂ ਕਿ ਲੋੜਵੰਦਾਂ ਦੀ ਸਹਾਇਤਾ ਹੋ ਸਕੇ ਅਤੇ ਮਨੁੱਖ ਮਾਇਆ ਦੀ ਹੋੜ ਵਿੱਚ ਪੈ ਕੇ ਮਾਇਆਵਾਦ ਦੀ ਇੱਕ ਤਰ੍ਹਾਂ ਨਾਲ਼ ਮਸ਼ੀਨ ਹੀ ਨਾ ਬਣ ਜਾਵੇ। ਇਸ ਗੱਲ ਨੂੰ ਮੁੱਖ ਰੱਖਦਿਆਂ ਉਨ੍ਹਾਂ ਅਜਿਹੀ ਕਿਰਤ ਕਮਾਈ ਨੂੰ ਹੀ ਮਾਨਤਾ ਦਿੱਤੀ ਜਿਸ ਨੂੰ ਕਰਦਿਆਂ ਸਕੂਨ ਪ੍ਰਾਪਤ ਹੋਵੇ ਅਤੇ ਅਜਿਹੀ ਕਮਾਈ ਸਿਰਫ਼ ਨੇਕ ਅਤੇ ਸੱਚੀ-ਸੁੱਚੀ ਕਮਾਈ ਹੀ ਹੋ ਸਕਦੀ ਹੈ।"[65] ਸੱਚੀ-ਸੁੱਚੀ ਕਿਰਤ ਕਰਕੇ ਮਨੁੱਖ ਜਦੋਂ ਆਪਣੇ ਪਰਿਵਾਰ ਦੀ ਪਾਲਣਾ ਕਰਦਿਆਂ ਹੋਇਆਂ ਦੂਜਿਆਂ ਦੀ ਸਹਾਇਤਾ ਕਰਦਾ ਹੈ ਤਾਂ ਉਸ ਦਾ ਸਮਾਜ ਸੇਵਾ ਵਿੱਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਸ ਨਾਲ਼ ਜਿੱਥੇ ਲੋੜਵੰਦ ਨੂੰ ਮੱਦਦ ਮਿਲਦੀ ਹੈ, ਉੱਥੇ ਕਿਰਤੀ ਦੇ ਕੰਮ ਵਿੱਚ ਬਰਕਤ ਹੁੰਦੀ ਹੈ। ਉਸ ਨੂੰ ਮਾਨਸਿਕ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ, ਉਸ ਦੇ ਦਿਲ ਵਿੱਚ ਦਇਆ, ਪਿਆਰ, ਸਦਭਾਵਨਾ ਅਤੇ ਭਰਾਤਰੀਭਾਵ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਉਸ ਦੀ ਇਸ ਕੋਸ਼ਿਸ਼ ਨਾਲ਼ ਹੋਰਾਂ ਨੂੰ ਵੀ ਪ੍ਰੇਰਨਾ ਮਿਲਦੀ ਹੈ। ਇਸ ਕਾਰਜ ਨਾਲ਼ ਇੱਕ ਲਹਿਰ ਦਾ ਆਗਾਜ਼ ਹੁੰਦਾ ਹੈ, ਜੋ ਸਾਰੇ ਸਮਾਜ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ ਸਭ ਨੂੰ ਇਸ ਚੰਗੇ ਕੰਮ ਵਿੱਚ ਭਾਗ ਲੈਣ ਲਈ ਪ੍ਰੇਰਦੀ ਹੈ। ਇਸ ਤਰ੍ਹਾਂ ਮਨੁੱਖ ਦੀ ਕੀਤੀ ਨੇਕ ਕਮਾਈ ਸਫ਼ਲ ਹੋ ਜਾਂਦੀ ਹੈ। "ਦਸਵੰਧ ਦੀ ਸੰਸਥਾ ਵੀ ਕਿਰਤ ਨਾਲ਼ ਜੁੜੀ ਹੋਈ ਹੈ। ਗੁਰੂ ਅਰਜਨ ਦੇਵ ਜੀ ਨੇ ਕਿਰਤ ਵਿੱਚੋਂ ਦਸਵਾਂ ਹਿੱਸਾ ਸਮੁੱਚੇ ਸਿੱਖ ਜਗਤ ਦੀ ਬਿਹਤਰੀ ਲਈ ਦੇਣ ਦੀ ਆਗਿਆ ਕੀਤੀ ਸੀ। ਵਿਹਲੜ ਜਾਂ ਸੰਨਿਆਸੀ ਰੁਚੀਆਂ ਵਾਲ਼ਾ ਵਿਅਕਤੀ ਦਸਵੰਧ ਨਹੀਂ ਦੇ ਸਕਦਾ। ਕਿਰਤੀ ਹੀ ਦਸਵੰਧ ਦੇ ਸਕਦਾ ਹੈ। ਗੁਰੂ-ਘਰ ਵਿੱਚ ਕਿਰਤੀ ਸਿੱਖਾਂ ਦਾ ਹਮੇਸ਼ਾ ਸਤਿਕਾਰ ਹੋਇਆ ਹੈ।"[66] ਉਸ ਦਸਵੰਧ ਨਾਲ਼ ਭੁੱਖਿਆਂ ਨੂੰ ਭੋਜਨ ਖਵਾਇਆ ਜਾ ਸਕਦਾ ਹੈ, ਕਿਸੇ ਲੋੜਵੰਦ ਦੀ ਆਰਥਿਕ ਮੱਦਦ ਕੀਤੀ ਜਾ ਸਕਦੀ ਹੈ

---

[65] ਡਾ. ਕੁਲਵੰਤ ਸਿੰਘ, ਕਿਰਤ ਤੇ ਧਰਮ, ਅਮਨ ਪ੍ਰਕਾਸ਼ਨ, ਬਰਨਾਲਾ, 2013, ਪੰਨਾ 20

[66] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 124

ਅਤੇ ਕਿਸੇ ਬਿਮਾਰ ਵਿਅਕਤੀ ਦਾ ਇਲਾਜ ਕਰਵਾਇਆ ਜਾ ਸਕਦਾ ਹੈ। ਪ੍ਰੰਤੂ ਇਹ ਕਾਰਜ ਕਰਦੇ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਣਾ ਹੈ ਕਿ ਕਿਸੇ ਵੀ ਤਰ੍ਹਾਂ ਦਾ ਘਮੰਡ ਜਾਂ ਅਹੰਕਾਰ ਨਹੀਂ ਕਰਨਾ ਕਿ ਉਸ ਵੱਲੋਂ ਕਿਸੇ ਨੂੰ ਦਾਨ ਦਿੱਤਾ ਗਿਆ ਹੈ ਜਾਂ ਕਿਸੇ ਦੀ ਮੱਦਦ ਕੀਤੀ ਗਈ ਹੈ। ਜਦੋਂ ਮਨੁੱਖ ਕਿਸੇ ਲੋੜਵੰਦ ਦੀ ਸਹਾਇਤਾ ਕਰਦਾ ਹੈ ਤਾਂ ਇਸ ਬਾਰੇ ਦੂਜੇ ਨੂੰ ਅਹਿਸਾਸ ਨਹੀਂ ਕਰਵਾਉਣਾ ਕਿ ਉਸ ਦੀ ਮੱਦਦ ਕਰਕੇ ਅਹਿਸਾਨ ਕੀਤਾ ਗਿਆ ਹੈ। ਦਸਵੰਧ ਦੀ ਰਵਾਇਤ ਨਾਲ਼ ਜਿੱਥੇ ਆਰਥਿਕ ਨਾ-ਬਰਾਬਰੀ ਘਟਦੀ ਹੈ ਉੱਥੇ ਅਮੀਰ ਲੋਕਾਂ ਦੇ ਮਨ ਵਿੱਚ ਗਰੀਬ ਭਾਈਚਾਰੇ ਅਤੇ ਲੋੜਵੰਦਾਂ ਪ੍ਰਤੀ ਤਰਸ ਅਤੇ ਸਨੇਹ ਦੀ ਭਾਵਨਾ ਪੈਦਾ ਹੁੰਦੀ ਹੈ। ਜਿਸ ਨਾਲ਼ ਆਪਸੀ ਪ੍ਰੇਮ-ਪਿਆਰ ਅਤੇ ਭਾਈਚਾਰਕ ਸਾਂਝ ਵੀ ਵਿਕਸਤ ਹੁੰਦੀ ਹੈ। ਇਸ ਦੇ ਨਾਲ਼ ਹੀ ਵੰਡ ਕੇ ਛਕਣ ਦਾ ਸੰਕਲਪ ਵੀ ਸਿੱਖ ਧਰਮ ਵਿੱਚ ਬਹੁਤ ਮਹੱਤਵਪੂਰਨ ਹੈ। ਜੋ ਕਿ ਸਿੱਖ ਧਰਮ ਦੇ ਤਿੰਨ ਪ੍ਰਮੁੱਖ ਸਿਧਾਂਤਾਂ ਵਿੱਚੋਂ ਇੱਕ ਹੈ। "ਵੰਡ ਛਕਣ ਦੇ ਆਸ਼ੇ ਵਿੱਚੋਂ ਹੀ ਦਸਵੰਧ ਦੀ ਸੰਸਥਾ ਸਥਾਪਿਤ ਹੋਈ ਤੇ ਸਿੱਖਾਂ ਦੀ ਦਸਵੰਧ ਤੋਂ ਜੁੜੀ ਮਾਇਆ ਕੌਮ ਦੀ ਉਸਾਰੀ ਲਈ ਖ਼ਰਚਣ ਲੱਗੀ। ਆਪਣੀ ਕਮਾਈ ਦਾ ਦਸਵਾਂ ਹਿੱਸਾ ਧਰਮ ਕਾਰਜਾਂ ਲਈ ਕੱਢਣਾ ਸਿੱਖਾਂ ਲਈ ਰਹਿਤ ਦਾ ਭਾਗ ਬਣ ਗਿਆ।"[67]

ਸਿੱਖ ਧਰਮ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਭੇਦ-ਭਾਵ ਅਤੇ ਵਰਗ ਵੰਡ ਨੂੰ ਨਹੀਂ ਸਵੀਕਾਰਦਾ ਬਲਕਿ ਸਮਾਜਿਕ ਬਰਾਬਰੀ ਦੇ ਆਧਾਰ ’ਤੇ ਸਾਰੀ ਲੋਕਾਈ ਨੂੰ ਇੱਕ ਪ੍ਰਭੂ ਦੀ ਸੰਤਾਨ ਮੰਨ ਕੇ ਇਨਸਾਨੀਅਤ ਦੇ ਰਿਸ਼ਤੇ ਦੀ ਗੱਲ ਕਰਦਾ ਹੈ। ਜਦਕਿ ਹਿੰਦੂ ਧਰਮ ਵਿੱਚ ਮਨੂੰ ਸਿਮਰਤੀ ਅਨੁਸਾਰ ਸਮਾਜ ਵਿੱਚ ਰਹਿੰਦੇ ਲੋਕਾਂ ਨੂੰ ਚਾਰ ਵਰਗਾਂ ਵਿੱਚ ਵੰਡਿਆ ਗਿਆ ਸੀ। ਉਨ੍ਹਾਂ ਚਾਰ ਵਰਗਾਂ ਦਾ ਸਮਾਜ ਵਿੱਚ ਅਲੱਗ-ਅਲੱਗ ਸਥਾਨ, ਕਰਮ, ਨਿਯਮ ਅਤੇ ਸੀਮਾਵਾਂ ਸਨ। ਜਾਤ-ਪਾਤ ਦੇ ਇਸ ਪ੍ਰਬੰਧ ਵਿੱਚ ਨੀਵੀਆਂ ਜਾਤੀਆਂ ਨੂੰ ਘ੍ਰਿਣਾ ਕੀਤੀ ਜਾਂਦੀ ਸੀ। ਉਹਨਾਂ ਦਾ ਸਮਾਜ ਵਿੱਚ ਕੋਈ ਮਾਣ-ਸਨਮਾਨ ਨਹੀਂ ਸੀ। ਗੁਰੂ ਸਾਹਿਬਾਨ ਨੇ ਇਸ ਜਾਤੀਵਾਦ ਦੀ ਪ੍ਰਥਾ ਦਾ ਵਿਰੋਧ ਕੀਤਾ। ਗੁਰੂ ਸਾਹਿਬ ਅਨੁਸਾਰ ਕੋਈ ਵੀ ਧਰਮ, ਜਾਤ, ਨਸਲ, ਲਿੰਗ, ਰੰਗ ਅਤੇ ਹੋਰ ਕੋਈ ਵੱਖਰਾਪਣ ਮਨੁੱਖ ਨੂੰ ਦੂਜੇ ਮਨੁੱਖ ਤੋਂ ਭਿੰਨ ਨਹੀਂ ਕਰ ਸਕਦੇ।

[67] ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2009, ਪੰਨਾ 157

ਉਨ੍ਹਾਂ ਨੇ ਸਮੁੱਚੀ ਮਾਨਵ ਜਾਤੀ ਦੀ ਏਕਤਾ ਦਾ ਆਧਾਰ ਸਾਰੇ ਮਨੁੱਖਾਂ ਵਿੱਚ ਮੌਜੂਦ ਇੱਕ ਪਰਮਾਤਮਾ ਦੀ ਜੋਤ ਨੂੰ ਮੰਨਿਆ ਹੈ। ਜਿਸ ਕਾਰਨ ਸਾਰੇ ਮਨੁੱਖ ਆਪਸ ਵਿੱਚ ਇਨਸਾਨੀਅਤ ਦੇ ਰਿਸ਼ਤੇ ਵਿੱਚ ਬੰਨ੍ਹੇ ਹੋਏ ਹਨ। ਪਰਮਾਤਮਾ ਦਾ ਹੁਕਮ ਬਰਾਬਰ ਰੂਪ ਵਿੱਚ ਸਭ ਉੱਤੇ ਲਾਗੂ ਹੁੰਦਾ ਹੈ। ਇਸ ਦੇ ਨਾਲ਼ ਹੀ ਕੁਦਰਤ ਵੀ ਆਪਣੇ ਸੁਭਾਅ ਮੁਤਾਬਿਕ ਸਭ ਨਾਲ਼ ਇੱਕੋ ਤਰ੍ਹਾਂ ਦਾ ਵਿਵਹਾਰ ਕਰਦੀ ਹੈ। ਉਹਨਾਂ ਅਨੁਸਾਰ ਕੋਈ ਵੀ ਮਨੁੱਖ ਉੱਚਾ ਅਤੇ ਕੋਈ ਨੀਵਾਂ ਨਹੀਂ ਹੈ, ਸਾਰੇ ਮਨੁੱਖ ਬਰਾਬਰ ਹਨ। ਸਿੱਖ ਧਰਮ ਸਮਾਜਿਕ ਬਰਾਬਰੀ ਨੂੰ ਮਹੱਤਤਾ ਦਿੰਦਾ ਹੈ। ਗੁਰੂ ਸਾਹਿਬਾਨ ਨੇ ਪ੍ਰਵਾਨ ਕੀਤਾ ਹੈ ਕਿ ਸਮਾਜੀ ਬਰਾਬਰੀ ਤੋਂ ਬਿਨ੍ਹਾਂ ਇਨਸਾਫ ਸੰਭਵ ਨਹੀਂ ਹੈ। "ਸਾਰੇ ਧਰਮ ਇਹੀ ਉਪਦੇਸ਼ ਦੇਂਦੇ ਹਨ ਕਿ ਸਭ ਮਨੁੱਖ ਇੱਕੋ ਅਕਾਲਪੁਰਖ ਦੀ ਸੰਤਾਨ ਹਨ ਇਸ ਲਈ ਸਮੁੱਚੀ ਮਨੁੱਖ ਜਾਤੀ ਨੂੰ ਇੱਕ ਦੂਜੇ ਨਾਲ਼ ਭਰਾਤਰੀ ਭਾਵ ਵਿੱਚ ਮਿਲ-ਜੁਲ ਕੇ ਰਹਿਣਾ ਚਾਹੀਦਾ ਹੈ ਪਰ ਇਸ ਦੇ ਉਲਟ ਮਾਇਆਵਾਦ ਦੇ ਪਸਾਰੇ ਨਾਲ਼ ਇਸ ਭਾਵਨਾ ਨੂੰ ਕਾਫੀ ਠੇਸ ਲੱਗੀ ਹੈ ਅਤੇ ਮਨੁੱਖ ਦੀ ਵਿਗੜਦੀ ਦਸ਼ਾ ਨੂੰ ਦੇਖਦਿਆਂ ਹੋਇਆਂ ਹਰ ਉਹ ਉਪਰਾਲਾ ਜੁਟਾਣਾ ਅਤਿਅੰਤ ਜ਼ਰੂਰੀ ਬਣਦਾ ਹੈ ਜਿਸ ਨਾਲ਼ ਮਨੁੱਖੀ ਬਰਾਦਰੀ ਵਿੱਚ ਸਾਂਝੀਵਾਲਤਾ ਤੇ ਪਰਉਪਕਾਰਤਾ ਦਾ ਸੁਭਾਅ ਬਲਵਾਨ ਹੋ ਸਕੇ।"[68]

ਸੰਸਾਰ ਦੇ ਸਾਰੇ ਧਰਮ ਇਸ ਗੱਲ 'ਤੇ ਇੱਕ ਵਿਚਾਰ ਰੱਖਦੇ ਹਨ ਕਿ ਸਾਰੀ ਮਨੁੱਖ ਜਾਤੀ ਇੱਕ ਹੀ ਸ੍ਰੋਤ ਤੋਂ ਪੈਦਾ ਹੋਈ ਹੈ। ਸਰੀਰਕ ਢਾਂਚੇ ਅਤੇ ਕੰਮ ਕਰਨ ਦੇ ਤਰੀਕਿਆਂ ਦੇ ਆਧਾਰ 'ਤੇ ਇਨ੍ਹਾਂ ਵਿੱਚ ਆਪਸੀ ਭੇਦ ਦਿਖਾਈ ਨਹੀਂ ਦਿੰਦਾ। ਪ੍ਰੰਤੂ ਇਸ ਦੁਨੀਆਂ ਵਿਚਲੀ ਚਕਾਚੌਂਧ ਅਤੇ ਪਦਾਰਥਕ ਪ੍ਰਾਪਤੀ ਦੇ ਲਾਲਚ ਨੇ ਇੱਕ ਮਨੁੱਖ ਨੂੰ ਦੂਜੇ ਨਾਲ਼ੋਂ ਨਿਖੇੜਨ ਵਿੱਚ ਕੋਈ ਕਸਰ ਨਹੀਂ ਛੱਡੀ। ਜਿਸ ਨਾਲ਼ ਸਮਾਜਿਕ ਮਾਹੌਲ ਅਜੀਬੋ-ਗਰੀਬ ਤਰ੍ਹਾਂ ਦਾ ਹੋਇਆ ਪਿਆ ਹੈ, ਜਿੱਥੇ ਹਰ ਮਨੁੱਖ ਦੂਜਿਆਂ ਤੋਂ ਅੱਗੇ ਲੰਘਣ ਵਾਲ਼ੀ ਦੌੜ ਵਿੱਚ ਸ਼ਾਮਿਲ ਹੋ ਕੇ ਨਿੱਜੀ ਹਿੱਤਾਂ ਨੂੰ ਹੀ ਸਾਹਮਣੇ ਰੱਖ ਕੇ ਚੱਲ ਰਿਹਾ ਹੈ। ਗੁਰਮਤਿ ਨੇ ਮਨੁੱਖ ਨੂੰ ਮਨੁੱਖ ਨਾਲ਼ ਜੋੜਨ ਲਈ ਸਾਂਝੀਵਾਲਤਾ ਦਾ ਸੰਕਲਪ ਪੇਸ਼ ਕੀਤਾ ਹੈ। ਗੁਰਮਤਿ ਇਹ ਗੱਲ ਬਿਲਕੁਲ ਸਪੱਸ਼ਟ ਕਰਦੀ ਹੈ ਕਿ ਇਸ ਸੰਸਾਰ ਵਿੱਚ ਕੋਈ ਵੀ ਮਨੁੱਖ ਉੱਚਾ ਜਾਂ ਨੀਵਾਂ ਨਹੀਂ ਹੈ। ਸਾਰੇ ਮਨੁੱਖ ਬਰਾਬਰ ਹਨ,

---

[68] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2004, ਪੰਨਾ 34

ਕਿਸੇ ਵੀ ਮਨੁੱਖ ਦਾ ਦੂਜੇ ਨਾਲ਼ ਵੈਰ-ਵਿਰੋਧ ਨਹੀਂ ਹੋਣਾ ਚਾਹੀਦਾ। ਸਭ ਨੂੰ ਆਪਸ ਵਿੱਚ ਪਿਆਰ ਅਤੇ ਦੂਜਿਆਂ ਦਾ ਸਤਿਕਾਰ ਕਰਦੇ ਹੋਏ ਰਹਿਣਾ ਚਾਹੀਦਾ ਹੈ। ਸਚਿਆਰ ਮਨੁੱਖ ਸਾਂਝੀਵਾਲਤਾ ਦੇ ਵਿਚਾਰ ਰਾਹੀਂ ਸਾਰੀ ਮਨੁੱਖਤਾ ਨੂੰ ਇੱਕ ਲੜੀ ਵਿੱਚ ਪਰੋ ਕੇ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਸਾਂਝੀਵਾਲਤਾ ਦਾ ਮਕਸਦ ਸਮਾਜ ਵਿੱਚ ਸ਼ਾਂਤੀ ਅਤੇ ਸੱਚਾਈ ਦੀ ਸਥਾਪਤੀ ਕਰਨਾ ਹੈ। "ਜਿਸ ਦੁਆਰਾ ਆਤਮਿਕ ਤ੍ਰਿਪਤੀ, ਸਮਾਜਿਕ ਭਲਾਈ ਤੇ ਆਰਥਿਕ ਸਵੈ-ਨਿਰਭਰਤਾ ਪ੍ਰਬਲ ਹੋ ਸਕੇ ਅਤੇ ਮਨੁੱਖੀ ਭਾਈਚਾਰੇ ਦੀਆਂ ਤੰਦਾਂ ਹੋਰ ਪੱਕੀਆਂ ਹੋ ਸਕਣ।"[69] ਇਸ ਲਈ ਮਨੁੱਖ ਨੂੰ ਦੂਜਿਆਂ ਦੀ ਖੁਸ਼ੀ ਨੂੰ ਪਹਿਲ ਦੇਣੀ ਚਾਹੀਦੀ ਹੈ। ਆਪਣੀ ਨਿੱਜੀ ਖੁਸ਼ੀ ਲਈ ਦੂਜਿਆਂ ਦਾ ਦਿਲ ਨਹੀਂ ਦੁਖਾਉਣਾ ਚਾਹੀਦਾ। ਕਿਸੇ ਨੂੰ ਆਪਣੇ ਤੋਂ ਨੀਵਾਂ ਨਹੀਂ ਸਮਝਣਾ ਚਾਹੀਦਾ, ਬਲਕਿ ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਾਂਝੀਵਾਲਤਾ ਇੱਕ ਅਜਿਹੀ ਸੋਚ ਹੈ ਜਿਸ ਨਾਲ਼ ਮਨੁੱਖ ਅੰਦਰੋਂ ਦੂਜਿਆਂ ਪ੍ਰਤੀ ਵੈਰ-ਵਿਰੋਧ ਅਤੇ ਨਫ਼ਰਤ ਦੀ ਭਾਵਨਾ ਦਾ ਅੰਤ ਹੋ ਜਾਂਦਾ ਹੈ। ਮਨੁੱਖ ਆਪਸੀ ਸਾਂਝ ਦੇ ਪਿਆਰ ਵਿੱਚ ਲਬਰੇਜ਼ ਹੋ ਕੇ ਸਮਾਜ ਵਿੱਚ ਦਇਆ, ਧਰਮ, ਰਹਿਮ, ਤਰਸ, ਸਬਰ, ਸੰਤੋਖ, ਧੀਰਜ, ਨਰਮਦਿਲੀ, ਸੰਤੁਸ਼ਟਤਾ, ਖ਼ਿਮਾ ਅਤੇ ਸਹਿਣਸ਼ੀਲਤਾ ਆਦਿ ਗੁਣਾਂ ਦੀ ਸੁਗੰਧੀ ਨੂੰ ਫੈਲਾਉਂਦਾ ਹੋਇਆ ਭਰਾਤਰੀਭਾਵ ਰਿਸ਼ਤੇ ਦੇ ਨੂੰ ਮਹਿਕਾਉਂਦਾ ਹੈ। ਜਿਸ ਨਾਲ਼ ਸਮਾਜਿਕ ਮਾਹੌਲ ਚੰਗਿਆਈ ਅਤੇ ਸੱਚਾਈ ਦੇ ਗੁਣਾਂ ਨਾਲ਼ ਭਰ ਜਾਂਦਾ ਹੈ। ਗੁਰੂ ਸਾਹਿਬ ਨੇ ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਸਮਾਜਿਕ ਉਚ-ਨੀਚ, ਧਾਰਮਿਕ ਉੱਚਤਾ ਅਤੇ ਅਮੀਰ-ਗਰੀਬ ਦੇ ਵਿਚਾਰਧਾਰਕ ਪਾੜੇ ਨੂੰ ਖਤਮ ਕੀਤਾ। "ਗੁਰੂ ਨਾਨਕ ਸਾਹਿਬ ਨੇ ਸਮਾਜਿਕ ਆਜ਼ਾਦੀ ਅਤੇ ਧਾਰਮਿਕ ਨਾ ਬਰਾਬਰੀ ਦਾ ਡਟ ਕੇ ਵਿਰੋਧ ਹੀ ਨਹੀਂ ਕੀਤਾ ਸਗੋਂ ਅਮਲੀ ਤੌਰ ਤੇ ਪੁਰਾਣੀਆਂ ਰਵਾਇਤਾਂ ਨੂੰ ਜੋ ਸਮਾਜ ਦੇ ਸਰੀਰ ਤੇ ਮਾਰੂ ਬਿਮਾਰੀ ਵਾਂਗ ਚਿੰਬੜੀਆਂ ਹੋਈਆਂ ਸਨ, ਨੂੰ ਦੂਰ ਕਰਨ ਲਈ ਭਰਪੂਰ ਯਤਨ ਕੀਤਾ।"[70]

ਗੁਰੂ ਸਾਹਿਬ ਦੇ ਸਮੇਂ ਸਮਾਜ ਵਿੱਚ ਉੱਚੀਆਂ ਸਮਝੀਆਂ ਜਾਣ ਵਾਲ਼ੀਆਂ ਜਾਤੀਆਂ ਵੱਲੋਂ ਨੀਵੀਂਆਂ ਜਾਤੀਆਂ ਨਾਲ਼ ਬਹੁਤ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਧਾਰਮਿਕ ਸਥਾਨਾਂ ਅੰਦਰ ਜਾਣ ਦੀ ਮਨਾਹੀ ਸੀ।

---

[69] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2004, ਪੰਨਾ 36

[70] ਡਾ. ਜਸਬੀਰ ਸਿੰਘ ਭੱਲਾ, ਧਰਮ ਅਤੇ ਸਮਾਜ ਇੱਕ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2002, ਪੰਨਾ 107

ਉਹ ਅਖੌਤੀ ਉੱਚ ਜਾਤੀ ਦੇ ਖੂਹਾਂ ਤੋਂ ਪਾਣੀ ਨਹੀਂ ਭਰ ਸਕਦੇ ਸਨ। ਉਨ੍ਹਾਂ ਦੀ ਜੂਨੀ ਨਰਕ ਤੋਂ ਵੀ ਭੈੜੀ ਬਣੀ ਹੋਈ ਸੀ। ਇਸ ਜਾਤੀ ਵਿਵਸਥਾ ਨੂੰ ਤੋੜਨ ਲਈ ਗੁਰੂ ਨਾਨਕ ਸਾਹਿਬ ਨੇ ਆਪਣਾ ਸੰਬੰਧ ਨੀਚ ਸਮਝੀਆਂ ਜਾਂਦੀਆਂ ਜਾਤਾਂ ਨਾਲ਼ ਜੋੜਿਆ। ਜਿਸ ਦਾ ਮਤਲਬ ਸੀ ਕਿ ਇਸ ਸੰਸਾਰ ਵਿੱਚ ਕੋਈ ਮਨੁੱਖ ਉੱਚਾ ਜਾਂ ਨੀਵਾਂ ਨਹੀਂ ਹੈ।

ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[71]

ਜਾਤੀ ਵਿਵਸਥਾ ਨੂੰ ਤੋੜਨ ਲਈ ਸਚਿਆਰ ਮਨੁੱਖ ਦੁਆਰਾ ਸਮਾਜ ਵਿੱਚ ਰਹਿੰਦੇ ਹੋਏ ਲੋਕਾਂ ਨੂੰ ਪ੍ਰੇਰਿਆ ਜਾ ਸਕਦਾ ਹੈ। ਇਨਸਾਨਾਂ ਵਿਚਲੇ ਅਜਿਹੇ ਵਖਰੇਵਿਆਂ ਨੂੰ ਜੋ ਸਮਾਜ ਲਈ ਘਾਤਕ ਸਿੱਧ ਹੁੰਦੇ ਹਨ, ਖਤਮ ਕਰਨ ਦੇ ਲਈ ਗੁਰੂਆਂ ਦਾ ਆਪਣੇ ਆਪ ਨੂੰ ਨੀਵਿਆਂ ਨਾਲ਼ ਜੋੜ ਲੈਣਾ ਇੱਕ ਸਮਾਜਿਕ ਕ੍ਰਾਂਤੀ ਦਾ ਆਰੰਭ ਸੀ। ਜਿਸ ਵਿੱਚ ਸਚਿਆਰ ਮਨੁੱਖ ਦਾ ਸੰਕਲਪ ਇਨਸਾਨ ਦੇ ਸਮਾਨਤਾ ਭਰੇ ਜੀਵਨ ਲਈ ਮਾਰਗ-ਦਰਸ਼ਨ ਕਰ ਸਕਦਾ ਹੈ। ਸਚਿਆਰ ਮਨੁੱਖ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਕਿਸੇ ਦੀ ਉੱਚੀ ਜਾਂ ਨੀਵੀਂ ਜਾਤੀ ਕਰਕੇ ਉਸ ਨੂੰ ਉੱਚਾ ਜਾਂ ਨੀਚ ਵਿਅਕਤੀ ਨਹੀਂ ਕਿਹਾ ਜਾ ਸਕਦਾ। ਬਲਕਿ ਵਿਅਕਤੀ ਦੇ ਉੱਚਾ ਜਾਂ ਨੀਵਾਂ ਹੋਣ ਦਾ ਆਧਾਰ ਉਸ ਦੇ ਕਰਮ ਬਣਦੇ ਹਨ। ਭਾਵ ਮਨੁੱਖ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ, ਉਸ ਤਰ੍ਹਾਂ ਦੀ ਚੰਗੀ ਜਾਂ ਮਾੜੀ ਉਸ ਦੀ ਸ਼ਖ਼ਸੀਅਤ ਬਣ ਜਾਂਦੀ ਹੈ। ਮਨੁੱਖ ਦੁਆਰਾ ਆਪਣੇ ਜੀਵਨ ਦੌਰਾਨ ਕੀਤੇ ਜਾਂਦੇ ਕਰਮਾਂ ਦੀ ਉਸ ਦੀ ਸ਼ਖ਼ਸੀਅਤ ਨੂੰ ਬਣਾਉਣ ਵਿੱਚ ਬਹੁਤ ਅਹਿਮੀਅਤ ਹੁੰਦੀ ਹੈ, ਜਿਨ੍ਹਾਂ ਦੇ ਆਧਾਰ ’ਤੇ ਉਸ ਦੀ ਸੋਚ ਅਤੇ ਸਮਾਜਿਕ ਵਿਵਹਾਰ ਨਿਰਧਾਰਿਤ ਹੁੰਦਾ ਹੈ। ਮਨੁੱਖੀ ਕਰਮ ਹੀ ਮਨੁੱਖ ਨੂੰ ਉੱਚਾ ਜਾਂ ਨੀਵਾਂ ਬਣਾਉਂਦੇ ਹਨ।

[71] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15

ਜਾਤਿ ਜਨਮ ਨਹ ਪੁਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥[72]

ਉਸ ਸਮੇਂ ਦੀ ਸਭ ਤੋਂ ਵੱਡੀ ਸਮੱਸਿਆ ਜਾਤੀਵਾਦ ਕਾਰਨ ਛੂਤ-ਛਾਤ ਦੀ ਜੋ ਪ੍ਰਥਾ ਸ਼ੁਰੂ ਹੋ ਗਈ ਸੀ ਅਤੇ ਜਿਸ ਦਾ ਬੁਰੀ ਤਰ੍ਹਾਂ ਸ਼ਿਕਾਰ ਸ਼ੂਦਰ ਹੋਏ ਸਨ। ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਇਸ ਪ੍ਰਬੰਧ ਦਾ ਵਿਰੋਧ ਕਰਕੇ ਛੂਤ-ਛਾਤ ਦੀ ਬਿਮਾਰੀ ਨੂੰ ਜੜੋਂ ਪੁੱਟਿਆ। ਇਨਸਾਨੀਅਤ ਦਾ ਨਾਹਰਾ ਦੇ ਕੇ ਮਨੁੱਖ ਨੂੰ ਮਨੁੱਖ ਨਾਲ਼ ਜੋੜ ਕੇ ਭਰਾਤਰੀਭਾਵ ਦਾ ਵਿਕਾਸ ਕੀਤਾ। ਸਮੇਂ-ਸਮੇਂ ਤੇ ਹੋਏ ਪੀਰ-ਪੈਗੰਬਰਾਂ ਅਤੇ ਭਗਤਾਂ ਨੇ ਵੀ ਜਾਤ-ਪਾਤ ਅਤੇ ਊਚ-ਨੀਚ ਦਾ ਵਿਰੋਧ ਕੀਤਾ ਹੈ। "ਭਗਤਾਂ ਨੇ ਸਮਾਜਿਕ ਜੀਵਨ ਵਿੱਚ ਸਾਰੇ ਮਨੁੱਖਾਂ ਦੀ ਬਰਾਬਰੀ ਦਾ ਸਿਧਾਂਤ ਸਵੀਕਾਰ ਕੀਤਾ। ਉਨ੍ਹਾਂ ਅਨੁਸਾਰ ਮਨੁੱਖ ਆਪਣੇ ਕਰਮਾਂ ਕਾਰਣ ਵੱਡਾ ਜਾਂ ਛੋਟਾ ਬਣਦਾ ਹੈ। ਉਨ੍ਹਾਂ ਨੇ ਦੱਬੇ ਅਤੇ ਲਿਤਾੜੇ ਲੋਕਾਂ ਨੂੰ ਪਹਿਲੀ ਵਾਰ ਅਹਿਸਾਸ ਕਰਵਾਇਆ ਕਿ ਸਾਰੇ ਮਨੁੱਖ ਪਰਮਾਤਮਾ ਤੋਂ ਪੈਦਾ ਹੋਏ ਹਨ। ਸਾਰਿਆਂ ਵਿੱਚ ਹੀ ਪਰਮਾਤਮਾ ਦੀ ਜੋਤ ਜਗ ਰਹੀ ਹੈ।"[73] ਸਮਾਜਿਕ ਬਰਾਬਰੀ ਦਾ ਅਹਿਸਾਸ ਮਨੁੱਖ ਨੂੰ ਸਾਕਾਰਾਤਮਕ ਸੋਚ ਦੇ ਆਧਾਰ 'ਤੇ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ। ਜਿਸ ਤਹਿਤ ਇੱਕ ਮਨੁੱਖ ਦਾ ਦੂਜੇ ਮਨੁੱਖ ਨਾਲ਼ ਚੰਗਾ ਸੰਬੰਧ ਬਣਦਾ ਹੈ ਅਤੇ ਭਰਾਤਰੀਭਾਵ ਦਾ ਵਿਕਾਸ ਹੁੰਦਾ ਹੈ। "ਗੁਰੂ ਨਾਨਕ ਬਾਣੀ ਵਿੱਚ ਸਮਾਜ ਵਿੱਚ ਪ੍ਰਚੱਲਿਤ ਹਰ ਤਰ੍ਹਾਂ ਦੇ ਭਿੰਨ-ਭੇਦ ਨੂੰ ਅਪ੍ਰਵਾਨ ਕਰਦਿਆਂ, ਸਮੁੱਚੀ ਮਾਨਵ ਜਾਤੀ ਨੂੰ ਇੱਕ ਹੀ ਮੰਨਿਆ ਗਿਆ ਹੈ। ਗੁਰੂ ਨਾਨਕ ਜੀ ਅਨੁਸਾਰ ਜਾਤ, ਧਰਮ, ਖੇਤਰ, ਲਿੰਗ, ਨਸਲ ਅਤੇ ਰੰਗ ਆਦਿ ਕਾਰਕ ਮਨੁੱਖ ਨੂੰ ਭਿੰਨ ਨਹੀਂ ਕਰ ਸਕਦੇ। ਉਨ੍ਹਾਂ ਅਨੁਸਾਰ ਸਮੁੱਚੀ ਮਨੁੱਖਤਾ ਦੀ ਏਕਤਾ ਦਾ ਆਧਾਰ ਮਨੁੱਖ ਵਿਚਲੀ ਪਰਮਾਤਮਾ ਦੀ ਜੋਤ ਹੈ। ਇਸ ਲਈ ਸਾਰੇ ਮਨੁੱਖ ਭਾਈ-ਭਾਈ ਹਨ।"[74] ਸਚਿਆਰ ਮਨੁੱਖ ਸਮਾਜਿਕ ਬਰਾਬਰੀ ਨੂੰ ਪ੍ਰਮੁੱਖਤਾ ਦਿੰਦਾ ਹੈ, ਸਮਾਜ ਵਿੱਚ ਕਿਸੇ ਵੀ

---

[72] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1330

[73] ਡਾ. ਗਿਆਨ ਚੰਦ ਜੈਨ, ਭਗਤ ਬਾਣੀ ਦਾ ਸਮਾਜਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015, ਪੰਨਾ 59

[74] ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1998, ਪੰਨਾ 59-60

ਜਾਤ-ਪਾਤ ਜਾਂ ਵਰਗ-ਵੰਡ ਨੂੰ ਨਹੀਂ ਸਵੀਕਾਰਦਾ। ਉਹ ਇਸ ਗੱਲ ਬਾਰੇ ਲੋਕਾਂ ਨੂੰ ਸੁਚੇਤ ਕਰਦਾ ਹੈ ਕਿ ਜਦੋਂ ਸਾਰੇ ਮਨੁੱਖ ਇੱਕ ਹੀ ਸਰੋਤ ਤੋਂ ਪੈਦਾ ਹੋਏ ਹਨ ਤਾਂ ਉੱਚੇ ਅਤੇ ਨੀਵੇਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕੌਣ ਭਲੇ ਕੋ ਮੰਦੇ॥[75]

ਜਾਤ-ਪਾਤ ਦੇ ਭੇਦ-ਭਾਵ ਖਤਮ ਹੋਣ ਨਾਲ਼ ਸਮਾਜ ਵਿੱਚ ਜਿੱਥੇ ਪਿਆਰ ਅਤੇ ਭਰਾਤਰੀਭਾਵ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ, ਉੱਥੇ ਮਨੁੱਖੀ ਸ਼ਖ਼ਸੀਅਤ ਦੇ ਵਿਕਸਤ ਹੋਣ ਦੇ ਮੌਕੇ ਵੀ ਵਧਦੇ ਹਨ। "ਜ਼ਾਤ-ਪਾਤ ਤੇ ਤੇਰ-ਮੇਰ ਦੇ ਭਰਮ ਟੁੱਟਣ ਨਾਲ਼ ਆਪਸੀ ਪਿਆਰ ਅਤੇ ਪਰਮਾਤਮਾ ਨਾਲ਼ ਪਿਆਰ ਦੀ ਗੰਢ ਪੈਂਦੀ ਹੈ ਅਤੇ ਜਿਸਦਾ ਰੱਬ ਨਾਲ਼ ਪਿਆਰ ਪੈ ਗਿਆ ਉਸ ਵਿੱਚ ਹਰ ਪ੍ਰਕਾਰ ਦੀ ਦੂਈ ਭਾਵਨਾ ਮੁੱਕ ਜਾਂਦੀ ਹੈ ਤੇ ਉਸ ਨੂੰ ਸਾਰੇ ਇਕ ਸਮਾਨ ਜਾਪਦੇ ਤੇ ਚੰਗੇ ਲਗਦੇ ਹਨ।"[76] ਇਸ ਸੰਸਾਰ ਵਿੱਚ ਜਦੋਂ ਮਨੁੱਖ ਦੀ ਗੱਲ ਆਉਂਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੁੰਦਾ ਇਕੱਲੇ ਬੰਦੇ ਦੀ ਹੀ ਗੱਲ ਕੀਤੀ ਜਾ ਰਹੀ ਹੈ। ਮਨੁੱਖ ਦੇ ਸੰਕਲਪ ਵਿੱਚ ਔਰਤ ਵੀ ਬੰਦੇ ਵਾਂਗ ਬਰਾਬਰ ਦੀ ਭਾਗੀਦਾਰ ਹੈ। ਔਰਤ ਦੀ ਇਸ ਸੰਸਾਰ, ਮਨੁੱਖੀ ਸਮਾਜ ਵਿੱਚ ਅਹਿਮ ਥਾਂ ਹੈ। ਉਸ ਤੋਂ ਬਿਨ੍ਹਾਂ ਕੋਈ ਸੰਸਾਰਕ ਪ੍ਰਬੰਧ ਸਹੀ ਰੂਪ ਵਿੱਚ ਮੁਕੰਮਲ ਨਹੀਂ ਹੋ ਸਕਦਾ। ਔਰਤ ਦੀ ਹੋਂਦ ਮਨੁੱਖੀ ਸਮਾਜ ਵਿੱਚ ਵਿਲੱਖਣਤਾ ਦੀ ਧਾਰਨੀ ਹੈ, ਜਿਸ ਦੇ ਵਿਚਾਰ ਤੋਂ ਬਿਨਾਂ ਮਨੁੱਖੀ ਸਮਾਜ ਦਾ ਸੰਕਲਪ ਅਧੂਰਾ ਰਹਿ ਜਾਂਦਾ ਹੈ। "ਨਾਰੀ ਸਮਾਜ ਦੀ ਆਧਾਰਸ਼ਿਲਾ ਹੈ। ਜਨਨੀ ਅਤੇ ਜੀਵਨ ਸਾਥੀ ਦੇ ਰੂਪ ਵਿੱਚ ਉਹ ਪਰਿਵਾਰ ਦੀ ਸੰਚਾਲਿਕਾ ਹੁੰਦੀ ਹੈ। ਉਸ ਦੀ ਸਮਾਜਿਕ ਸਥਿਤੀ ਤੋਂ ਸੰਪੂਰਨ ਸਮਾਜ ਪ੍ਰਭਾਵਿਤ ਹੁੰਦਾ ਹੈ। ਨਾਰੀ ਦੀ ਉੱਨਤੀ-ਪਤਨ ਦਾ ਇਤਿਹਾਸ ਸਮਾਜ ਦੀ ਉੱਨਤੀ-ਪਤਨ ਦਾ ਇਤਿਹਾਸ ਬਣ ਜਾਂਦਾ ਹੈ। ਭਾਰਤੀ ਜੀਵਨ-ਦਰਸ਼ਨ ਵਿੱਚ ਨਾਰੀ ਪ੍ਰਕਿਰਤੀ ਦਾ ਹੀ ਰੂਪ ਹੈ। ਜੀਵਨ ਦਾ ਕੋਈ ਵੀ ਪੁੰਨ ਦਾ ਕੰਮ ਨਾਰੀ ਦੇ ਬਿਨਾਂ ਅਧੂਰਾ ਹੀ ਸਮਝਿਆ ਜਾਂਦਾ ਹੈ।"[77] ਔਰਤ ਦੀ ਮਹੱਤਤਾ ਇਸ ਗੱਲ

---

[75] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349

[76] ਡਾ. ਸਰੂਪ ਸਿੰਘ ਅਲੱਗ, ਸੰਦੇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2007, ਪੰਨਾ 22-23

[77] ਡਾ. ਹਰਸਿਮਰਨ ਕੌਰ, ਡਾ. ਸੁਰਿੰਦਰ ਪਾਲ ਕੌਰ, ਅਨੁਵਾਦਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਚਿੱਤਰਤ ਇਸਤਰੀ-ਪੁਰਸ਼ ਸੰਬੰਧਾਂ ਦਾ ਲੌਕਿਕ ਮਹੱਤਵ, 5 ਆਬ ਪ੍ਰਕਾਸ਼ਨ, ਜਲੰਧਰ, 2010, ਪੰਨਾ 20

ਤੋਂ ਹੋਰ ਵੀ ਵੱਧ ਜਾਂਦੀ ਹੈ ਕਿ ਉਸ ਤੋਂ ਬਿਨਾਂ ਇਸ ਮਨੁੱਖੀ ਸੰਸਾਰ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਉਸ ਤੋਂ ਬਿਨ੍ਹਾਂ ਮਰਦ ਕੋਈ ਹੋਂਦ ਨਹੀਂ ਰੱਖਦਾ। ਸਮੇਂ ਦੇ ਬਦਲਦੇ ਹਾਲਾਤਾਂ ਅਨੁਸਾਰ ਔਰਤ ਦੀ ਹਾਲਤ ਵੀ ਸਮਾਜ ਵਿੱਚ ਬਦਲਦੀ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਜਿੱਥੇ ਜਾਤ-ਪਾਤ ਅਤੇ ਛੂਤ-ਛਾਤ ਦਾ ਜਾਲ਼ ਬੁਣਿਆ ਹੋਇਆ ਸੀ, ਉੱਥੇ ਔਰਤ ਦੀ ਹਾਲਤ ਵੀ ਬਹੁਤ ਹੀ ਤਰਸਯੋਗ ਸੀ। ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਮੁਸਲਿਮ ਔਰਤ ਨੂੰ ਪਰਦੇ ਵਿੱਚ ਕੱਜ ਕੇ ਰੱਖਿਆ ਜਾਂਦਾ ਸੀ। ਜੋ ਕਿ ਘਰ ਦੀ ਦਹਿਲੀਜ਼ ਤੋਂ ਬਾਹਰ ਕਦਮ ਨਹੀਂ ਰੱਖ ਸਕਦੀ ਸੀ।

"ਉਂਝ ਭਾਵੇਂ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ) ਜੀ ਨੇ ਪੈਰਾਂ ਵਿੱਚ ਰੋਲੀ ਮਧੋਲੀ ਜਾ ਰਹੀ ਅਤੇ ਨਿਰੰਤਰ ਜ਼ਲਾਲਤ ਦੀ ਸ਼ਿਕਾਰ ਔਰਤ ਨੂੰ ਚੁੱਕ ਕੇ ਸੀਨੇ ਨਾਲ ਲਾਇਆ ਸੀ ਅਤੇ ਯੁੱਗ ਪੁਰਸ਼, ਯੁੱਗ ਪਰਿਵਰਤਕ ਅਤੇ ਲਾਸਾਨੀ ਵਿਅਕਤਿਤਵ ਹੁੰਦਿਆਂ ਲੋਕ-ਸੋਚ ਨੂੰ ਫਿਟਕਾਰਦਿਆਂ ਵਕਤ ਦੀਆਂ ਤਣਾਵਾਂ ਕੱਸੀਆਂ ਸਨ ਪਰੰਤੂ ਔਰਤ ਦੀ ਮਿਸਾਲੀ ਸੇਵਾ, ਸਿਦਕ, ਸਮਰਪਣ, ਕੁਰਬਾਨੀ, ਸਿਰੜ, ਦਿਆਲਤਾ, ਕ੍ਰਿਪਾਲਤਾ, ਆਪਾਵਾਰਤਾ ਅਤੇ ਅਨੇਕ ਹੋਰ ਗੁਣਾਂ ਨੂੰ ਅੱਖੋਂ ਪਰੋਖੇ ਕਰਦਿਆਂ ਵੀ ਸਾਡੇ ਸਮਾਜ-ਘਾੜਿਆਂ ਅਤੇ ਇਸਦੇ ਘੜੰਮ ਚੌਧਰੀਆਂ ਨੇ ਸਦਾ ਇਸ ਦੀ ਕਰਨੀ ਤੇ ਕਮਾਈ ਨੂੰ ਪੈਰਾਂ ਹੇਠ ਹੀ ਦੱਬੀ ਰੱਖਿਆ ਹੈ।"[78] ਬਾਬਰ ਨੇ ਆਪਣੇ ਹਮਲਿਆਂ ਸਮੇਂ ਔਰਤ 'ਤੇ ਬਹੁਤ ਅੱਤਿਆਚਾਰ ਕੀਤੇ। ਔਰਤ ਦਾ ਬਜ਼ਾਰਾਂ ਵਿੱਚ ਸ਼ਰੇਆਮ ਨਿਰਾਦਰ ਕੀਤਾ ਗਿਆ। ਔਰਤਾਂ ਪ੍ਰਤੀ ਵਤੀਰਾ ਉਸ ਸਮੇਂ ਦੇ ਮਰਦ ਪ੍ਰਧਾਨ ਸਮਾਜ ਵਿੱਚ ਚੰਗਾ ਨਹੀਂ ਸੀ, ਜਿਸ ਕਾਰਨ ਔਰਤ ਦੀ ਹਾਲਤ ਬਹੁਤ ਹੀ ਤਰਸਯੋਗ ਬਣ ਗਈ ਸੀ "ਉਹ ਚਾਰਦੀਵਾਰੀ ਵਿੱਚ ਕੈਦ ਸਨ, ਸਤੀ ਅਤੇ ਕੁੜੀ ਮਾਰਨ ਦੀ ਪ੍ਰਥਾ ਆਮ ਪ੍ਰਚੱਲਿਤ ਸੀ। ਗੁਰੂ ਨਾਨਕ ਦੇਵ ਨੇ ਨਾ ਸਿਰਫ ਇਨ੍ਹਾਂ ਰਿਵਾਜ਼ਾਂ ਦੇ ਖਾਤਮੇ ਲਈ ਅਵਾਜ਼ ਉਠਾਈ, ਸਗੋਂ ਉਨ੍ਹਾਂ ਨੇ ਇਸਤਰੀ ਪੁਰਸ਼ਾਂ ਨੂੰ ਬਰਾਬਰ ਦੱਸਿਆ ਅਤੇ ਉਨ੍ਹਾਂ ਦੇ ਪੁਰਸ਼ਾਂ ਦੇ ਬਰਾਬਰ ਅਧਿਕਾਰਾਂ ਦੀ ਵਕਾਲਤ ਕੀਤੀ।"[79] ਗੁਰੂ ਨਾਨਕ ਦੇਵ ਨੇ ਨਾ ਸਿਰਫ ਇਨ੍ਹਾਂ ਰਿਵਾਜ਼ਾਂ ਦੇ ਖਾਤਮੇ ਲਈ ਅਵਾਜ਼ ਉਠਾਈ, ਸਗੋਂ ਉਨ੍ਹਾਂ ਨੇ ਇਸਤਰੀ ਪੁਰਸ਼ਾਂ ਨੂੰ ਬਰਾਬਰ ਦੱਸਿਆ ਅਤੇ ਉਨ੍ਹਾਂ ਦੇ ਪੁਰਸ਼ਾਂ ਦੇ ਬਰਾਬਰ ਅਧਿਕਾਰਾਂ ਦੀ ਵਕਾਲਤ ਕੀਤੀ।"[80]

---

[78] ਡਾ. ਕੁਲਵੰਤ ਕੌਰ, ਔਰਤ ਈਮਾਨ ਹੈ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2000, ਪੰਨਾ 19

[79] ਡਾ. ਪਰਮਿੰਦਰ ਕੌਰ, ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਪਟਿਆਲ਼ਾ, 2008, ਪੰਨਾ 147

[80] ਉਹੀ, ਪੰਨਾ 147

ਹਰੇਕ ਸਮਾਜ ਵਿੱਚ ਮਰਦ ਦੀ ਪ੍ਰਧਾਨਗੀ ਨੇ ਔਰਤ ਨੂੰ ਹਰ ਹੱਦ ਤੱਕ ਜ਼ਲੀਲ ਕੀਤਾ। ਗੁਰੂ ਨਾਨਕ ਦੇਵ ਜੀ ਦੀ ਰੂਹ ਵੀ ਔਰਤ ਦੀ ਦਸ਼ਾ ਨੂੰ ਵੇਖ ਕੇ ਤੜਪ ਉੱਠੀ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[81]

ਕਿੰਨੀ ਮਾੜੀ ਨੀਤੀ ਹੈ ਕਿ ਜਿਸ ਨਾਰੀ ਬਿਨਾਂ ਇਹ ਸੰਸਾਰ ਹੀ ਵਿਕਸਤ ਨਹੀਂ ਹੋ ਸਕਦਾ, ਘਰ ਗ੍ਰਸਤੀ ਦਾ ਇੱਕ ਪਲ ਵੀ ਨਾਰੀ ਬਿਨਾਂ ਸੁਖਾਲਾ ਨਹੀਂ ਲੰਘ ਸਕਦਾ, ਜਿਸ ਨਾਰੀ ਨੇ ਵੱਡੇ-ਵੱਡੇ ਰਾਜਿਆਂ, ਯੋਧਿਆਂ, ਪੀਰਾਂ-ਫਕੀਰਾਂ ਅਤੇ ਮਹਾਂਪੁਰਸ਼ਾਂ ਨੂੰ ਜਨਮ ਦਿੱਤਾ ਹੈ, ਫਿਰ ਮਰਦ ਉਸ ਨਾਲ਼ ਹੀ ਕਿਉਂ ਘਟੀਆ ਅਤੇ ਮਾੜਾ ਵਿਹਾਰ ਕਰਦਾ ਹੈ। ਅਜਿਹਾ ਵਿਹਾਰ ਨਮੋਸ਼ੀਜਨਕ ਹੈ, ਜਿਸ ਨੂੰ ਕਦੇ ਵਡਿਆਇਆ ਨਹੀਂ ਜਾ ਸਕਦਾ ਬਲਕਿ ਇਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਜੇਕਰ ਮਰਦ ਔਰਤ ਨਾਲ਼ ਘਟੀਆ ਵਿਹਾਰ ਕਰਕੇ ਆਪਣੀ ਮਰਦਾਨਗੀ ਦੀ ਜਿੱਤ ਸਮਝਦਾ ਹੈ ਤਾਂ ਇਹ ਉਸ ਦਾ ਭੁਲੇਖਾ ਹੈ, ਕਿਉਂਕਿ ਅਜਿਹਾ ਵਿਹਾਰ ਅਗਿਆਨੀ, ਕਮਜ਼ੋਰ, ਨਿਰਦਈ, ਮਾਨਸਿਕ ਰੋਗੀ ਅਤੇ ਹਾਰਿਆ ਹੋਇਆ ਵਿਅਕਤੀ ਹੀ ਕਰਦਾ ਹੈ। ਸਿੱਖ ਧਰਮ ਵਿੱਚ ਨਾਰੀ ਦੇ ਸਨਮਾਨ ਦੀ ਗੱਲ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਨੇ ਇਹੋ ਹੀ ਉਪਦੇਸ਼ ਦਿੱਤਾ ਕਿ ਸਾਰੇ ਇਨਸਾਨਾਂ ਵਿੱਚ, ਭਾਵੇਂ ਉਹ ਮਰਦ ਹੈ ਜਾਂ ਇਸਤਰੀ, ਸਭਨਾਂ ਵਿੱਚ ਇੱਕ ਅਕਾਲ ਪੁਰਖ ਦੀ ਹੀ ਜੋਤ ਹੈ। ਉਨ੍ਹਾਂ ਨੇ ਇਸਤਰੀ ਨੂੰ ਮਰਦਾਂ ਵਾਂਗ ਹੀ ਗੁਰਮਤਿ ਮਾਰਗ ’ਤੇ ਚੱਲਣ ਲਈ ਪੂਰਨ ਰੂਹਾਨੀ ਉਪਦੇਸ਼ ਦਿੱਤਾ ਅਤੇ ਸਮਾਜ ਵਿੱਚ ਆਦਰ ਮਾਨ ਦਿਵਾਇਆ। ਮਰਦ ਅਤੇ ਔਰਤ ਦੇ ਰੂਪ ਵਿੱਚ ਇਨਸਾਨ ਦੀ ਮੁਕੰਮਲ ਤਸਵੀਰ ਬਣ ਸਕਦੀ ਹੈ ਅਤੇ ਸਚਿਆਰ ਮਨੁੱਖ ਦੀ ਕਲਪਨਾ ਵਿੱਚ ਸਿਰਫ਼ ਪੁਰਸ਼ ਹੀ ਨਹੀਂ ਇਸਤਰੀ ਵੀ ਬਰਾਬਰ ਰੂਪ ਵਿੱਚ ਸ਼ਾਮਿਲ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਉਪਦੇਸ਼ ਦਿੱਤਾ ਕਿ ਜੋ ਔਰਤ ਸਾਰੇ ਜਗ ਦੀ ਜਨਨੀ ਹੈ, ਉਸ ਦਾ

[81] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473

ਨਿਰਾਦਰ ਕਿਉਂ ਕੀਤਾ ਜਾ ਰਿਹਾ ਹੈ? ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ ਹੀ ਨਹੀਂ ਕੀਤਾ ਸਗੋਂ ਉਸ ਸਮੇਂ ਦੇ ਸਮਾਜ ਵਿੱਚ ਵਿਧਵਾ ਔਰਤ ਦੇ ਵਿਆਹ ਦੀ ਰਸਮ ਵੀ ਚਲਾਈ। ਜਿਸ ਨਾਲ਼ ਔਰਤ ਪ੍ਰਤੀ ਲੋਕਾਂ ਦਾ ਸੰਕੀਰਣ ਨਜ਼ਰੀਆ ਬਦਲਿਆ। ਗੁਰੂ ਸਾਹਿਬਾਨ ਨੇ ਧਰਮ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕਰਕੇ ਉਨ੍ਹਾਂ ਦੇ ਮੁੱਖ ਪ੍ਰਚਾਰਕਾਂ ਵਿੱਚ ਇਸਤਰੀਆਂ ਨੂੰ ਵੀ ਲਗਾਇਆ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਪਾਸੋਂ ਅੰਮ੍ਰਿਤ ਬਾਟੇ ਵਿੱਚ ਪਤਾਸੇ ਪੁਆ ਕੇ, ਮਾਤਾ ਜੀ ਨੂੰ 'ਖਾਲਸੇ ਦੀ ਜਗਤ ਮਾਤਾ' ਦਾ ਖਿਤਾਬ ਬਖਸ਼ਿਆ ਅਤੇ ਇਸਤਰੀ ਜਾਤੀ ਨੂੰ ਅਤਿ-ਉੱਚਾ ਸਥਾਨ ਦੇ ਕੇ ਸਨਮਾਨਿਤ ਕੀਤਾ। ਸਿੱਖ ਧਰਮ ਵਿੱਚ ਸਚਿਆਰ ਮਨੁੱਖ ਦੀ ਅਹਿਮੀਅਤ ਨੂੰ ਸਮਝਦੇ ਹੋਏ ਸਮਾਜ ਵਿੱਚ ਉਸ ਦੀ ਭੂਮਿਕਾ ਨੂੰ ਅਤਿ ਮਹੱਤਵਪੂਰਨ ਸਮਝਿਆ ਗਿਆ ਹੈ। ਜਿੱਥੇ ਸਮਾਜ ਵਿੱਚ ਪਹਿਲਾਂ ਔਰਤ ਅਧਿਆਤਮਿਕ ਅਤੇ ਸਮਾਜਿਕ ਮਹੱਤਤਾ ਦੇ ਖੇਤਰ ਤੋਂ ਬਾਹਰ ਰਹਿ ਜਾਂਦੀ ਸੀ। ਉਸ ਨੂੰ ਸਿੱਖ ਧਰਮ ਵਿੱਚ ਸਚਿਆਰ ਦੇ ਸੰਕਲਪ ਦਾ ਹਾਣੀ ਬਣਨ ਲਈ ਬਰਾਬਰਤਾ ਦਾ ਮੌਕਾ ਮਿਲਿਆ ਹੈ। ਸਚਿਆਰੇ ਮਨੁੱਖ ਦਾ ਸੰਕਲਪ ਔਰਤ ਦੀ ਮੌਜੂਦਗੀ ਬਿਨ੍ਹਾਂ ਅਧੂਰਾ ਹੈ। "ਸੰਸਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਸ ਪਰਿਵਾਰ ਅਤੇ ਸਮਾਜ ਨੂੰ ਯੋਗਤਾ ਵਾਲ਼ੀ, ਸੁਸ਼ੀਲ, ਸਮਝਦਾਰ ਅਤੇ ਗੁਣਵਾਨ ਇਸਤਰੀਆਂ ਪ੍ਰਾਪਤ ਨਹੀਂ ਹੁੰਦੀਆਂ, ਉਹ ਸਮਾਜ ਅਤੇ ਪਰਿਵਾਰ ਮਨੁੱਖਤਾ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਨਹੀਂ ਦੇ ਸਕਦਾ। ਨਾਰੀ ਦੇ ਬਿਨ੍ਹਾਂ ਕਿਸੇ ਵੀ ਸਮਾਜ ਦੇ ਅਸਤਿਤਵ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸਮਾਜ ਵਿੱਚ ਧਰਮ ਨੂੰ ਵਧਾਉਣ-ਫੁਲਾਉਣ ਵਾਲ਼ੀ ਵੀ ਮੁੱਖ ਤੌਰ ਤੇ ਨਾਰੀ ਹੀ ਹੁੰਦੀ ਹੈ। ਹਰੇਕ ਜੀਵ ਜਨਮ ਲੈਣ ਤੋਂ ਜੋ ਕੁੱਝ ਸਿੱਖਦਾ ਹੈ, ਅਪਣਾਉਂਦਾ ਹੈ, ਉਸ ਦਾ ਆਧਾਰ ਮਾਂ ਹੁੰਦੀ ਹੈ। ਧਰਮ, ਸਮਾਜ ਅਤੇ ਨਾਰੀ ਵਿੱਚ ਅਟੁੱਟ ਰਿਸ਼ਤਾ ਹੈ, ਜੋ ਮਾਨਵੀ ਵਿਕਾਸ ਦੀ ਆਧਾਰਸ਼ੀਲਾ ਹੈ।" [82]

ਅੱਜ ਦੇ ਸਮੇਂ ਵਿੱਚ ਭਾਵੇਂ ਕਿ ਇਸਤਰੀ ਹਰ ਖੇਤਰ ਵਿੱਚ ਮਰਦ ਦੇ ਮੋਢੇ ਨਾਲ਼ ਮੋਢਾ ਜੋੜ ਕੇ ਅੱਗੇ ਵੱਧ ਰਹੀ ਹੈ। ਫਿਰ ਵੀ ਸਾਡੀ ਸਮਾਜਿਕ ਸੋਚ ਵਿੱਚ ਹਾਲੇ ਤਬਦੀਲੀ ਦੀ ਲੋੜ ਹੈ। ਸਾਡੇ ਸਮਾਜਿਕ ਪ੍ਰਬੰਧ

---

[82] ਡਾ. ਹਰਸਿਮਰਨ ਕੌਰ, ਡਾ. ਸੁਰਿੰਦਰ ਪਾਲ ਕੌਰ, ਅਨੁਵਾਦਕ: 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਚਿੱਤਰਤ ਇਸਤਰੀ-ਪੁਰਸ਼ ਸੰਬੰਧਾਂ ਦਾ ਲੌਕਿਕ ਮਹੱਤਵ, 5 ਆਬ ਪ੍ਰਕਾਸ਼ਨ, ਜਲੰਧਰ, 2010, ਪੰਨਾ 122

ਦੇ ਗੰਧਲੇਪਣ ਕਾਰਨ, ਦਹੇਜ ਪ੍ਰਥਾ, ਔਰਤਾਂ ਨਾਲ਼ ਹੋ ਰਹੀ ਧੱਕੇਸ਼ਾਹੀ ਅਤੇ ਦੁਰਵਿਵਹਾਰ ਕਾਰਨ ਮਾਪਿਆਂ ਦੀ ਸੋਚ ਇੱਕ ਕੁੜੀ ਦੇ ਜਨਮ ਨੂੰ ਲੈ ਕੇ ਸੌੜੀ ਹੀ ਹੈ ਕਿਉਂਕਿ ਹਰ ਮਾਂ ਇਹੀ ਚਾਹੁੰਦੀ ਹੈ ਕਿ ਉਸ ਕੋਲ਼ ਬੇਟੀ ਨਹੀਂ ਬੇਟਾ ਹੋਣਾ ਚਾਹੀਦਾ ਹੈ। ਜਿਸ ਦੇ ਨਤੀਜੇ ਵਜੋਂ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਭਰੂਣ ਵਿੱਚ ਮਾਰ ਮੁਕਾ ਦਿੱਤਾ ਜਾਂਦਾ ਹੈ। ਜੋ ਕਿ ਮਨੁੱਖ ਦੀ ਘਟੀਆ ਸੋਚ ਦਾ ਸਬੂਤ ਹੈ। ਅੱਜ ਦੇ ਇਸ ਵਿਗਿਆਨਕ ਯੁੱਗ ਵਿੱਚ ਰਿਸ਼ਤਿਆਂ ਵਿੱਚ ਆ ਰਿਹਾ ਨਿਘਾਰ ਬਹੁਤ ਹੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ, ਜਿਸ ਕਾਰਨ ਸਾਡੇ ਸਮਾਜ ਦੀ ਹਾਲਤ ਨੂੰ ਚੰਗਾ ਕਹਿਣਾ ਹਾਸੋਹੀਣਾ ਹੀ ਲੱਗਦਾ ਹੈ। ਮਨੁੱਖੀ ਸਮਾਜ ਦੇ ਨੁਮਾਇੰਦੇ ਮਨੁੱਖ ਨੇ ਹੀ ਮਨੁੱਖੀ ਰਿਸ਼ਤਿਆਂ ਨੂੰ ਤਾਰ-ਤਾਰ ਕਰ ਕੇ ਰੱਖ ਦਿੱਤਾ ਹੈ। ਜਿਸ ਦੇ ਮੱਦੇਨਜ਼ਰ ਕਈ ਵਾਰ ਇਸ ਤਰ੍ਹਾਂ ਲੱਗਦਾ ਹੈ ਕਿ ਕਿਸੇ ਵੀ ਰਿਸ਼ਤੇ ਦੀ ਕੋਈ ਮਹੱਤਤਾ ਨਹੀਂ ਰਹਿ ਗਈ। "ਕਦੇ ਪਿੰਡ/ਨਗਰ ਦੀ ਹਰ ਇਸਤਰੀ ਸਾਰਿਆਂ ਦੀ ਤਾਈ, ਚਾਚੀ, ਮਾਸੀ, ਭੂਆ, ਭਾਬੀ ਜਾਂ ਬੀਬੀ ਹੋਇਆ ਕਰਦੀ ਸੀ ਤੇ ਹਰ ਆਦਮੀ ਦੂਜਿਆਂ ਦਾ ਤਾਇਆ, ਫੁੱਫੜ, ਮਾਸੜ, ਬਾਈ, ਚਾਚਾ ਜਾਂ ਬਾਬਾ ਪਰੰਤੂ ਅੱਜ ਇਹ ਮੋਹ ਦੀਆਂ ਤੰਦਾਂ ਟੁੱਟਦੀਆਂ ਜਾ ਰਹੀਆਂ ਹਨ। ਮਾਇਆਵੀ ਤ੍ਰਿਸ਼ਨਾਵਾਂ ਅਤੇ ਮੁਕਾਬਲੇ ਦੀ ਦੌੜ ਨੇ ਸਾਡੇ ਸਭਨਾ ਦੇ ਅੰਦਰ ਅਲਗਾਓ, ਓਪਰੇਪਨ ਅਤੇ ਦਵੈਤਤਾ ਦੇ ਅਜਿਹੇ ਬੀਜ ਬੀਜ ਦਿੱਤੇ ਹਨ ਕਿ ਪੁਰਾਣੀਆਂ ਮੁਹੱਬਤਾਂ ਤੇ ਸਾਂਝਾਂ ਅਤੀਤ ਦੀ ਗਾਥਾ ਜਾਪਣ ਲੱਗੀਆਂ ਹਨ।

ਹੁਣ ਭੈਣ ਵੀਰਾਂ ਲਈ ਔਸੀਆਂ ਨਹੀਂ ਪਾਉਂਦੀ ਸਗੋਂ ਮਾਪਿਆਂ ਦੀ ਜਾਇਦਾਦ ਚੋਂ ਬਰਾਬਰ ਦਾ ਹੱਕ ਮੰਗਦੀ ਹੈ। ਵੀਰ ਹੁਣ ਭੈਣਾਂ ਦੀ ਰੱਖੜੀ ਦੀ ਲਾਜ ਨਾਲ਼ ਨਾ ਬੱਝਦਾ ਹੋਇਆ ਉਨ੍ਹਾਂ ਨਾਲ਼ ਸ਼ਰੀਕੇਦਾਰਾਂ ਵਾਂਗ ਪੇਸ਼ ਆਉਂਦਾ ਹੈ।"[83] ਜਿਵੇਂ-ਜਿਵੇਂ ਵਿਗਿਆਨ ਨੇ ਪਦਾਰਥਕ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਿਆ ਹੈ, ਉਵੇਂ-ਉਵੇਂ ਮਨੁੱਖ ਵੀ ਇਸ ਪਦਾਰਥਕ ਦੌੜ ਵਿੱਚ ਸ਼ਾਮਿਲ ਹੋ ਕੇ ਰਿਸ਼ਤਿਆਂ ਪੱਖੋਂ ਕੋਰਾ ਕਰਾਰਾ ਹੋਇਆ ਹੈ। ਜਿਸ ਨਾਲ਼ ਸਮਾਜ ਵਿੱਚ ਰਿਸ਼ਤਿਆਂ ਦਾ ਅਰਥ ਹੀ ਬਦਲ ਗਿਆ ਹੈ।ਇਸਦੇ ਬਾਵਜੂਦ ਜੇਕਰ ਦੂਜਾ ਪੱਖ ਵੇਖਿਆ ਜਾਵੇ ਤਾਂ ਔਰਤ ਕਿਸੇ ਪੱਖੋਂ ਵੀ ਮਰਦ ਨਾਲ਼ੋਂ ਘੱਟ ਨਹੀਂ ਹੈ। ਪਰਿਵਾਰਕ ਅਤੇ ਸਮਾਜਿਕ ਪ੍ਰਬੰਧ ਤੋ ਇਲਾਵਾ ਅੱਜ ਦੀ ਔਰਤ ਜੀਵਨ ਦੇ ਹਰੇਕ ਖੇਤਰ ਵਿੱਚ ਮੱਲਾਂ ਮਾਰ ਰਹੀ ਹੈ। "ਪਰੰਪਰਿਕ ਤੌਰ ਤੇ ਮਾਂ,

[83] ਡਾ. ਕੁਲਵੰਤ ਕੌਰ, ਔਰਤ ਈਮਾਨ ਹੈ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2000, ਪੰਨਾ 59-60

ਪਤਨੀ, ਭੈਣ ਅਤੇ ਧੀ ਦੇ ਰੂਪ ਵਿੱਚ ਕਾਰਜਸ਼ੀਲ ਇਸਤਰੀ ਅੱਜ ਗਗਨੀਂ ਉਡਾਰੀਆਂ ਲਾਉਂਦੀ, ਜਲ ਥਲ ਗਾਹੁੰਦੀ, ਸਾਗਰ ਮੰਥਦੀ, ਪਰਬਤ ਚੀਰਦੀ ਅਤੇ ਹਰ ਉਹ ਜ਼ੋਖਮ ਪੂਰਨ ਜਟਿਲ ਕੰਮ ਕਰਨ ਵਿੱਚ ਰੁੱਝੀ ਹੋਈ ਹੈ ਜੋ ਕਦੇ ਪੁਰਸ਼ ਖੇਤਰ ਦਾ ਕੰਮ ਸਮਝਿਆ ਜਾਂਦਾ ਸੀ। ਕਾਮਯਾਬੀ ਦੇ ਝੰਡੇ ਗੱਡਦਿਆਂ ਉਸਨੇ ਹਿਮਾਲਿਆ ਵੀ ਸਰ ਕਰ ਲਿਆ ਤੇ ਪੁਲਾੜਾਂ ਵਿੱਚ ਵੀ ਪ੍ਰਵਾਜ਼ ਭਰ ਲਈ।"[84] ਇਸ ਗੱਲ ਵਿੱਚ ਕੋਈ ਦੋ ਰਾਇ ਨਹੀ ਹੈ ਕਿ ਔਰਤ ਹਰ ਪੱਖੋਂ ਮਰਦ ਤੋਂ ਬੇਹਤਰ ਅਤੇ ਇਕਾਗਰਤਾ ਦੇ ਆਧਾਰ 'ਤੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ਼ ਨਿਭਾਉਂਦੀ ਹੈ। ਜੇਕਰ ਇਹ ਸਾਰਾ ਕੁੱਝ ਸੱਚ ਹੈ ਤਾਂ ਸਾਨੂੰ ਸਮਾਜ ਦੀ ਇਸ ਮੌਜੂਦਾ ਸਥਿਤੀ ਦੇ ਸੰਦਰਭ ਵਿਚ ਔਰਤ ਬਾਰੇ ਸੁਹਿਰਦ ਹੋ ਕੇ ਸੋਚਣ ਦੀ ਲੋੜ ਹੈ। ਔਰਤ ਪ੍ਰਤੀ ਨਜ਼ਰੀਆ ਬਦਲਣ ਦੀ ਸਖ਼ਤ ਜ਼ਰੂਰਤ ਹੈ ਤਾਂ ਜੋ ਉਸ ਨੂੰ ਸਮਾਜ ਵਿੱਚ ਸਨਮਾਨਯੋਗ ਸਥਾਨ ਪ੍ਰਾਪਤ ਹੋ ਸਕੇ।

ਉਪਰੋਕਤ ਹਾਲਤਾਂ ਵਿੱਚ ਸਚਿਆਰ ਮਨੁੱਖ ਸਮਾਜ ਵਿੱਚ ਔਰਤ ਨੂੰ ਪੂਰਾ ਸਤਿਕਾਰ ਦਿੰਦਾ ਹੈ ਅਤੇ ਇਸ ਤਰ੍ਹਾਂ ਦੀਆਂ ਘਿਨੌਣੀਆਂ ਹਰਕਤਾਂ (ਭਰੂਣ ਹੱਤਿਆ, ਧੱਕੇਸ਼ਾਹੀ, ਬਲਾਤਕਾਰ ਆਦਿ) ਦਾ ਵਿਰੋਧ ਕਰਕੇ ਲੋਕਾਂ ਨੂੰ ਵੀ ਇਸ ਜ਼ੁਲਮ ਦੇ ਖਿਲਾਫ ਲਾਮਬੰਦ ਹੋਣ ਲਈ ਪ੍ਰੇਰਦਾ ਹੈ। ਜਿਸ ਨਾਲ਼ ਔਰਤ ਦਾ ਰੁਤਬਾ ਸਮਾਜ ਵਿੱਚ ਉੱਚਾ ਹੁੰਦਾ ਹੈ। ਉਸ ਦੀ ਵੇਖਾ-ਵੇਖੀ ਹੋਰਨਾਂ ਦੇ ਮਨਾਂ ਵਿੱਚ ਵੀ ਔਰਤ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ। ਉਨ੍ਹਾਂ ਦਾ ਨਜ਼ਰੀਆ ਔਰਤਾਂ ਪ੍ਰਤੀ ਬਦਲ ਜਾਂਦਾ ਹੈ। ਸਚਿਆਰ ਮਨੁੱਖ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ਉੱਤੇ ਚੱਲਦਾ ਹੋਇਆ ਔਰਤਾਂ ਦੀ ਸਮਾਜ ਵਿੱਚ ਸਤਿਕਾਰ ਬਹਾਲੀ ਲਈ ਅੱਗੇ ਹੋ ਕੇ ਮੋਹਰੀ ਭੂਮਿਕਾ ਨਿਭਾਉਂਦਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਘਰ, ਪਰਿਵਾਰ ਅਤੇ ਸਮਾਜ ਵਿੱਚ ਵੱਖ-ਵੱਖ ਸਥਾਨ 'ਤੇ ਔਰਤ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਹੈ। ਪ੍ਰੰਤੂ ਕਈ ਵਾਰ ਉਹ ਆਪਣੀ ਸਮਾਜਿਕ ਜ਼ਿੰਮੇਵਾਰੀ ਅਤੇ ਡਿਊਟੀ ਨੂੰ ਸਹੀ ਢੰਗ ਨਾਲ਼ ਨਹੀਂ ਨਿਭਾ ਪਾਉਂਦੀ, ਜਿਸ ਦਾ ਕਾਰਨ ਸਮਾਜ ਦੇ ਮੌਜੂਦਾ ਹਾਲਾਤ ਹਨ। ਇਨ੍ਹਾਂ ਚੰਗੇ ਜਾਂ ਮਾੜੇ ਸਮਾਜਿਕ ਹਾਲਾਤਾਂ ਲਈ ਅੱਜ ਮਨੁੱਖੀ ਸੋਚ ਪੂਰਨ ਤੌਰ 'ਤੇ ਜ਼ਿੰਮੇਵਾਰ ਹੈ। ਅਜਿਹੇ ਹਾਲਾਤ ਜਦ ਵੀ ਬਣਦੇ ਹਨ, ਨਾਕਾਰਾਤਮਕ ਅਤੇ ਘਟੀਆ ਸੋਚ ਦੇ

[84] ਡਾ. ਕੁਲਵੰਤ ਕੌਰ, ਔਰਤ ਈਮਾਨ ਹੈ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2000, ਪੰਨਾ 54

ਨਤੀਜ਼ੇ ਵਜੋਂ ਬਣਦੇ ਹਨ। ਆਦਰਸ਼ ਮਨੁੱਖ ਹਮੇਸ਼ਾ ਸਾਕਾਰਾਤਮਕ ਸੋਚ ਦਾ ਧਾਰਨੀ ਹੁੰਦਾ ਹੈ, ਇਸ ਲਈ ਉਹ ਔਰਤ ਦੇ ਮਾਣ-ਸਤਿਕਾਰ ਨੂੰ ਬਰਕਰਾਰ ਰੱਖਦਾ ਹੋਇਆ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਦਾ ਹੈ ਅਤੇ ਇਸ ਗੱਲ ਦਾ ਵੀ ਮਨੁੱਖ ਨੂੰ ਅਹਿਸਾਸ ਕਰਵਾਉਂਦਾ ਹੈ ਕਿ ਔਰਤ ਤੋਂ ਬਿਨਾਂ ਸਮਾਜ ਨੂੰ ਚੰਗਾ, ਵਿਕਸਤ ਬਣਾਉਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। "ਸਿੱਖ ਮੱਤ ਵਿੱਚ ਇਸਤਰੀ ਜਾਤੀ ਸਮਾਜ ਦਾ ਮਹੱਤਵਪੂਰਨ ਥੰਮ ਹੈ ਜਿਸ ਦਾ ਸਮਾਜ ਸਿਰਜਣਾ ਵਿੱਚ ਅਤਿਅੰਤ ਲੋੜੀਂਦਾ ਯੋਗਦਾਨ ਹੈ।"[85] ਸਿੱਖ ਧਰਮ ਔਰਤ ਨੂੰ ਸਨਮਾਨ ਦਿੰਦਾ ਹੋਇਆ ਇਸ ਦੇ ਸਹਿਯੋਗ ਨਾਲ਼ ਮਨੁੱਖਾ ਜਨਮ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਜਿਵੇਂ ਕਿ ਗੁਰੂ ਸਾਹਿਬ ਨੇ ਗ੍ਰਹਿਸਤ ਜੀਵਨ ਨੂੰ ਮਹੱਤਤਾ ਦਿੰਦੇ ਹੋਏ, ਚੰਗੇ ਕਰਮ ਕਰਦਿਆਂ, ਦੂਜਿਆਂ ਦੀ ਸਹਾਇਤਾ ਅਤੇ ਸੇਵਾ ਕਰਦਿਆਂ ਪਰਮਾਤਮਾ ਦੇ ਮਿਲਾਪ ਦੀ ਗੱਲ ਕੀਤੀ ਹੈ। ਗ੍ਰਹਿਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਵਾਲ਼ਿਆਂ ਨੂੰ ਸਿੱਖ ਧਰਮ ਵਿੱਚ ਭੰਡਿਆ ਗਿਆ ਹੈ। "ਗੁਰਮਤਿ ਗ੍ਰਿਹਸਥ ਨੂੰ ਸਰਵੋਤਮ ਧਰਮ ਸਵੀਕਾਰਦੀ ਹੈ। ਵਿਚਾਰਯੋਗ ਨੁਕਤਾ ਇਹ ਹੈ ਕਿ ਕੀ ਗ੍ਰਿਹਸਥ ਦਾ ਤਸੱਵਰ ਇਸਤਰੀ ਤੋਂ ਬਿਨਾਂ ਸੰਭਵ ਹੈ? ਨਹੀਂ, ਬਿਲਕੁਲ ਵੀ ਨਹੀਂ। ਘਰ ਦਾ ਸੰਕਲਪ ਤਾਂ ਹੈ ਹੀ ਔਰਤ ਦੇ ਨਾਲ਼ ਜੁੜਿਆ ਹੋਇਆ ਜਿਸ ਦੇ ਸਾਹਾਂ ਦੀ ਮਹਿਕ ਚਾਰ ਕੰਧਾਂ ਨੂੰ ਪਾਵਨ-ਪੂਜ ਘਰ ਵਿੱਚ ਬਦਲ ਦਿੰਦੀ ਹੈ।

ਸਮਾਜ ਦਾ ਹਰ ਕਾਰਜ, ਹਰ ਸਮਾਰੋਹ ਤੇ ਹਰ ਰੂਪ ਇਸਤਰੀ ਬਿਨਾਂ ਅਧੂਰਾ ਹੈ, ਅਪੂਰਨ ਤੇ ਬੇਸ਼ਾਨ ਵੀ। ਦਰਅਸਲ, ਸਮਾਜ ਦੇ ਸਰਬਾਂਗੀ ਵਿਕਾਸ ਲਈ ਇਸਤਰੀ ਦਾ ਯੋਗਦਾਨ ਸਗੋਂ ਮਰਦ ਨਾਲ਼ੋਂ ਕਿਤੇ ਵਧੇਰੇ ਹੈ।"[86] ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਔਰਤ ਦਾ ਇਸ ਸੰਸਾਰ ਅਤੇ ਮਨੁੱਖੀ ਸਮਾਜ ਵਿੱਚ ਅਹਿਮ ਸਥਾਨ ਹੈ। ਔਰਤ ਤੋਂ ਬਿਨਾਂ ਮਨੁੱਖਾ ਜਨਮ ਦਾ ਮਨੋਰਥ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਸਮਾਜਿਕ ਵਿਕਾਸ ਸੰਭਵ ਹੈ। ਸਿੱਖ ਧਰਮ ਨੇ ਔਰਤ ਦੇ ਹੱਕ ਵਿੱਚ ਜੋ ਆਵਾਜ਼ ਬੁਲੰਦ ਕੀਤੀ, ਉਸ ਨਾਲ਼ ਔਰਤ ਨੂੰ ਸਮਾਜ ਵਿੱਚ ਸਨਮਾਨਯੋਗ ਸਥਾਨ ਪ੍ਰਾਪਤ ਹੋਇਆ ਹੈ। "ਗੁਰਮਤਿ ਦੇ ਸੰਚਾਲਕਾਂ ਨੇ ਇਸਤਰੀ ਨੂੰ ਉਸ ਦਾ ਹੱਕੀ ਸਥਾਨ ਦਿਵਾਉਣ ਲਈ ਵਿਸ਼ੇਸ਼ ਘਾਲਣਾ ਹੀ ਨਹੀਂ

---

85 ਬਾਬਾ ਇਕਬਾਲ ਸਿੰਘ, ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2005, ਪੰਨਾ 148

86 ਡਾ. ਕੁਲਵੰਤ ਕੌਰ, ਔਰਤ ਈਮਾਨ ਹੈ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2000, ਪੰਨਾ 23

ਘਾਲੀ ਸਗੋਂ ਇਸ ਨੂੰ ਬਹੁਤ ਵਡਿਆਇਆ, ਉਚਿਆਇਆ ਤੇ ਉਪਮਾਇਆ ਹੈ।"[87] ਸੰਸਾਰ ਦੇ ਸਾਰੇ ਧਰਮਾਂ ਦੇ ਇਤਿਹਾਸ ਨੂੰ ਵਿਚਾਰਨ ਤੇ ਪਤਾ ਲੱਗਦਾ ਹੈ ਕਿ ਔਰਤ ਨੂੰ ਸਮਾਜ ਵਿੱਚ ਜੋ ਰੁਤਬਾ ਅਤੇ ਸਨਮਾਨ ਸਿੱਖ ਧਰਮ ਵਿੱਚ ਮਿਲਿਆ ਹੈ, ਉਹ ਕਿਸੇ ਹੋਰ ਧਰਮ ਵਿੱਚ ਨਹੀਂ ਮਿਲਿਆ। ਸਿੱਖ ਧਰਮ ਨੇ ਔਰਤ ਨੂੰ ਜਿੱਥੇ ਇਸ ਸੰਸਾਰਕ ਢਾਂਚੇ ਦਾ ਆਧਾਰ ਮੰਨਿਆ ਹੈ, ਉੱਥੇ ਹੀ ਔਰਤ ਨੂੰ ਅੱਗੇ ਵੱਧ ਕੇ ਪ੍ਰਭੂ ਸਿਮਰਨ, ਸਮਾਜ ਸੇਵਾ ਅਤੇ ਚੰਗੇ ਕਰਮਾਂ ਦੇ ਆਧਾਰ 'ਤੇ ਆਪਣੇ ਇਸ ਮਨੁੱਖਾ ਜਨਮ ਦਾ ਲਾਹਾ ਲੈਂਦੇ ਹੋਏ ਜੀਵਨ ਮਕਸਦ ਲਈ ਪ੍ਰੇਰਿਆ ਹੈ।

ਸਮਾਜਿਕ ਪ੍ਰਣਾਲੀ ਨੂੰ ਸਹੀ ਰਾਸਤੇ ਉੱਤੇ ਲਿਜਾਣ ਲਈ ਕੇਵਲ ਇੱਕ ਮਨੁੱਖ ਕੁੱਝ ਵੀ ਨਹੀਂ ਕਰ ਸਕਦਾ ਇਸ ਲਈ ਇੱਕ ਦੂਜੇ ਦੇ ਪਰਸਪਰ ਸਹਿਯੋਗ ਅਤੇ ਸਾਫ਼-ਸੁਥਰੀ ਸਾਕਾਰਾਤਮਕ ਸੋਚ ਦਾ ਹੋਣਾ ਵੀ ਜ਼ਰੂਰੀ ਹੈ। ਜਿਹੜੇ ਆਦਰਸ਼ਵਾਦੀ ਲੋਕ ਹੁੰਦੇ ਹਨ ਉਨ੍ਹਾਂ ਦਾ ਸੰਸਾਰ ਨੂੰ ਵੇਖਣ ਦਾ ਨਜ਼ਰੀਆ ਚੇਤਨਾ ਨਾਲ਼ ਜੁੜਿਆ ਹੁੰਦਾ ਹੈ ਨਾ ਕਿ ਪਦਾਰਥਵਾਦ ਨਾਲ਼। ਉਨ੍ਹਾਂ ਅਨੁਸਾਰ ਕੁਦਰਤ ਅਤੇ ਮਨੁੱਖ ਦੋਵੇਂ ਆਤਮਾ ਦੀ ਸਿਰਜਣਾ ਹਨ, ਇਹ ਕਿਸੇ ਦੇ ਵਿਚਾਰਾਂ ਦਾ ਅਹਿਸਾਸ ਭਾਵੇਂ ਉਹ ਚੰਗਾ ਜਾਂ ਮਾੜਾ ਹੈ ਦਾ ਸਿੱਟਾ ਹਨ। ਜਿਵੇਂ ਕਿ ਇੱਕ ਨਕਸ਼ਾਨਵੀਸ ਕਿਸੇ ਵੀ ਇਮਾਰਤ ਦਾ ਢਾਂਚਾ ਪਹਿਲਾਂ ਆਪਣੇ ਮਨ ਵਿੱਚ ਬਣਾਉਂਦਾ ਹੈ, ਫਿਰ ਉਸ ਨੂੰ ਅਸਲੀਅਤ ਵਿੱਚ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਮਨੁੱਖ ਦਾ ਸਵੈ ਇਸ ਸਾਰੇ ਸੰਸਾਰਕ ਢਾਂਚੇ ਨੂੰ ਬੁਣਨ ਵਿੱਚ ਮੋਢੀ ਹੁੰਦਾ ਹੈ। ਮਨੁੱਖੀ ਸਵੈ ਦਾ ਚੰਗਾਪਣ, ਜਿਵੇਂ ਕਿ ਸੱਚਾਈ, ਇਮਾਨਦਾਰੀ, ਮਿਹਨਤ ਅਤੇ ਸੰਘਰਸ਼ ਆਦਿ ਸਮਾਜ ਨੂੰ ਚੰਗਾ ਬਣਾਉਂਦਾ ਹੈ। ਇਸ ਚੰਗਿਆਈ ਦੇ ਪਿੱਛੇ ਮਨੁੱਖੀ ਆਤਮਾ ਦਾ ਵੱਡਾ ਯੋਗਦਾਨ ਹੈ, ਜਿਸ ਨਾਲ਼ ਉਸ ਸਮਾਜ ਵਿੱਚ ਸੁਧਾਰ ਹਿੱਤ ਕੋਸ਼ਿਸ਼ ਕਰਦੀ ਹੈ। ਇੱਕ ਮਨੁੱਖ ਦੂਜੇ ਮਨੁੱਖ ਨੂੰ ਚੰਗੇ ਵਿਚਾਰਾਂ ਰਾਹੀਂ ਆਪਣੀ ਸਾਕਾਰਾਤਮਕ ਸੋਚ ਤੱਕ ਲੈ ਕੇ ਜਾਂਦਾ ਹੈ, ਜਿਸ ਦੇ ਪ੍ਰਭਾਵ ਵਿੱਚ ਇੱਕ ਮਨੁੱਖ ਤੋਂ ਵਧਕੇ ਕਾਫੀ ਸਾਰੇ ਇਸ ਮਕਸਦ ਲਈ ਅੱਗੇ ਵਧਦੇ ਹਨ। ਅੱਜ ਦੇ ਸਮੇਂ ਵਿੱਚ ਇੱਕ ਮਨੁੱਖ ਦੀ ਦੂਜੇ ਮਨੁੱਖ ਨਾਲ਼ ਸੋਚ ਦਾ ਸਾਂਝਾਪਣ ਘਾਟ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਅਤੇ ਸਮਾਜ ਨੂੰ ਸੁਧਾਰਨ ਲਈ ਗੁਰੂ ਸਾਹਿਬ ਨੇ ਮਨੁੱਖ ਨੂੰ ਪਿਆਰ ਅਤੇ ਆਪਸੀ ਸਾਂਝ ਦੀ ਲੜੀ ਵਿੱਚ ਪਰੋਣਾ

---

[87] ਡਾ. ਕੁਲਵੰਤ ਕੌਰ, ਔਰਤ ਈਮਾਨ ਹੈ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2000, ਪੰਨਾ 26

ਜ਼ਰੂਰੀ ਸਮਝਿਆ। ਜਿਸ ਲਈ ਉਹਨਾਂ ਨੇ ਸੰਗਤ ਦਾ ਸੰਕਲਪ ਪੇਸ਼ ਕੀਤਾ। "ਗੁਰੂ ਨਾਨਕ ਨੇ ਇਸ ਆਦਰਸ਼ ਨੂੰ ਮੁੱਖ ਰੱਖ ਕੇ ਸੰਗਤ ਨੂੰ ਸਮਾਜ-ਉਸਾਰੀ ਦਾ ਧੁਰਾ (Pivot) ਬਣਾਇਆ। ਇਸ ਸੰਗਤ ਵਿੱਚ ਇੱਕ ਤਾਂ ਉਨ੍ਹਾਂ ਦੇ ਉਪਦੇਸ਼ ਦੇ ਨਾਲ਼-ਨਾਲ਼ ਗੁਰੂ ਜੀ ਦੇ ਆਪਣੇ ਤੇ ਹੋਰ ਲੋਕਾਂ ਦੇ ਸਾਂਝੇ ਤਜ਼ਰਬੇ ਉੱਤੇ ਆਧਾਰਤ ਅਮਲੀ ਪ੍ਰਮਾਣ ਦੇਖਣ, ਪਰਸਣ, ਮਿਲਣ ਤੇ ਜੋਖਣ ਵਿੱਚ ਆਉਂਦੇ, ਜਿਨ੍ਹਾਂ ਦੀ ਰੀਸ ਤੇ ਰੀਝ ਨਾਲ਼ ਮਨੁੱਖ ਸਾਂਝੀਵਾਲਤਾ ਦੇ ਰਾਹ ਉੱਤੇ ਤੁਰਨ ਲੱਗਦਾ, ਦੂਸਰੇ ਸੰਗਤ ਵਿੱਚ ਸੇਵਾ ਦੀ ਭਾਵਨਾ ਭਰ ਕੇ ਸਾਂਝੀਵਾਲਤਾ, ਭਰੱਪਣ ਤੇ ਬਰਾਬਰੀ ਆਪਣੇ ਆਪ ਆ ਸਕਦੀ ਸੀ, ਜੇਕਰ ਇਸ ਵਿੱਚ ਚੌਧਰ ਜਾਂ ਵਡਿਆਈ ਦੀ ਅੰਸ਼ ਨੂੰ ਨਾ ਫੁੱਟਣ ਦਿੱਤਾ ਜਾਵੇ। ਸੰਗਤ ਵਿੱਚ ਸੇਵਾ, ਨਿਮ੍ਰਤਾ ਤੇ ਆਪਾ ਤਿਆਗ ਜਾਂ ਸਮਰਪਣ ਦੀ ਭਾਵਨਾ ਦਾ ਇਹ ਹੀ ਉਦੇਸ਼ ਸੀ। ਸੰਗਤ ਦੇ ਸਮਰਪਣ ਦੀ ਤੰਦ ਵਿੱਚ ਪਰੋਏ ਸਾਂਝੇ ਉੱਦਮ ਨੂੰ ਇਲਾਕੇ ਦੀ ਸਾਂਝੀ ਉਸਾਰੀ ਤੇ ਵਿਕਾਸ ਲਈ ਵੀ ਤੋਰਿਆ ਜਾ ਸਕਦਾ ਸੀ।"[88] ਸੰਗਤ ਇੱਕ ਅਜਿਹਾ ਪਲੇਟਫਾਰਮ ਹੈ ਜਿੱਥੇ ਅਲੱਗ-ਅਲੱਗ ਜਾਤਾਂ ਤੇ ਸੋਚ ਵਾਲੇ ਮਨੁੱਖ ਇੱਕ ਚੰਗੇ ਆਸ਼ੇ ਦੀ ਪੂਰਤੀ ਲਈ ਇਕੱਠੇ ਹੋ ਕੇ ਵਿਚਾਰ ਕਰਦੇ ਹਨ। "ਸੰਗਤ ਅਤੇ ਪੰਗਤ ਦੀ ਪਰੰਪਰਾ ਨੇ ਮਨੁੱਖੀ ਬਰਾਬਰੀ, ਭਾਈਚਾਰੇ ਅਤੇ ਮਾਨਵਵਾਦੀ ਮੁਲਾਂ ਨੂੰ ਸਥਾਪਿਤ ਕੀਤਾ ਹੈ।

ਇਹ ਮੁੱਲ ਗੁਰੂ ਨਾਨਕ ਬਾਣੀ ਦੇ ਮੁੱਖ ਮੁੱਦੇ ਹਨ। ਪਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਵੱਲੋਂ ਹੀ ਇਸ ਸੰਗਤ ਅਤੇ ਪੰਗਤ ਦੀ ਪਰੰਪਰਾ ਦੀ ਨੀਂਹ, ਸਿੱਖ ਸਮਾਜ ਵਿੱਚ ਰੱਖੀ ਗਈ ਸੀ। ਬਾਅਦ ਵਿੱਚ ਸਾਰੇ ਗੁਰੂ ਸਾਹਿਬਾਨ ਨੇ ਅਤੇ ਸਿੱਖ ਸਮਾਜ ਨੇ ਇਸ ਪਰੰਪਰਾ ਨੂੰ ਕਾਇਮ ਰੱਖਿਆ। ਸੰਗਤ ਅਤੇ ਪੰਗਤ ਵਿੱਚ ਹਰੇਕ ਵਿਅਕਤੀ, ਕਿਸੇ ਵੀ ਵਿਤਕਰੇ ਤੋਂ ਉੱਪਰ ਉੱਠ ਕੇ ਸ਼ਾਮਲ ਹੋ ਸਕਦਾ ਹੈ। ਸੰਗਤ ਅਤੇ ਲੰਗਰ ਨੇ ਜਾਤੀ ਹਉਮੈਂ ਨੂੰ ਭਾਰੀ ਸੱਟ ਮਾਰੀ ਅਤੇ ਏਕਤਾ ਤੇ ਸਹਿਯੋਗ ਨੂੰ ਬੜਾਵਾ ਦਿੱਤਾ।"[89] ਸੰਗਤ ਮਨੁੱਖ ਨੂੰ ਮਨੁੱਖ ਨਾਲ਼ ਜੋੜਦੀ ਹੋਈ, ਉਨ੍ਹਾਂ ਵਿੱਚ ਆਪਸੀ ਪਿਆਰ ਅਤੇ ਸਹਿਯੋਗ ਦੀ ਭਾਵਨਾ ਪੈਦਾ ਕਰਦੀ ਹੈ। ਜਿੱਥੇ ਮਨੁੱਖ ਜਾਤੀਵਾਦ ਅਤੇ ਆਪਣੀ ਸਮਾਜਿਕ, ਆਰਥਿਕ ਸਥਿਤੀ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ

---

[88] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫ਼ਾਊਂਡੇਸ਼ਨ, ਨਵੀਂ ਦਿੱਲੀ, 1985, ਪੰਨਾ 26

[89] ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1998, ਪੰਨਾ 123

ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਸੰਗਤ ਵਿੱਚ ਹੀ ਮਨੁੱਖ ਪ੍ਰਭੂ ਨਾਮ ਨਾਲ਼ ਜੁੜ ਕੇ ਆਪਣੇ ਜੀਵਨ ਮਕਸਦ ਵੱਲ ਨੂੰ ਵਧਦਾ ਹੈ। "ਗੁਰੂ ਨਾਨਕ ਨੇ ਨਾਮ ਅਰਥਾਤ ਅਕਾਲ ਪੁਰਖ ਦੀ ਹੋਂਦ ਨੂੰ, ਸਦੀਵੀ, ਸਰਬ ਸਾਂਝੀ, ਸਭ ਜੀਆਂ ਵਿੱਚ ਇਕਸਾਰ ਵਿਚਰਦੀ ਤੇ ਸਭ ਤੋਂ ਬਲਵਾਨ ਸ਼ਕਤੀ ਅਤੇ ਉਸ ਨੂੰ ਸਾਰੀ ਕਾਇਨਾਤ ਦਾ ਰਚਨਹਾਰ, ਕਰਤਾ ਪੁਰਖ ਤੇ ਸਭ ਨੂੰ ਆਪਣੇ ਹੁਕਮ ਵਿੱਚ ਚਲਾਣ ਵਾਲ਼ਾ ਹੋਣ ਕਰਕੇ ਸਭ ਦਾ ਸਾਂਝਾ ਪਿਤਾ ਅਤੇ ਇਸ ਸਾਂਝੇ ਗੁਣ ਦੇ ਰੂਪ ਵਿੱਚ ਇਸ ਮਨੁੱਖੀ ਬਰਾਬਰੀ ਦੇ ਸਮਾਜ ਦਾ ਧੁਰਾ ਬਣਾਇਆ।"[90] ਸਚਿਆਰ ਮਨੁੱਖ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਉੱਤੇ ਚੱਲਦੇ ਹੋਏ ਮਨੁੱਖ ਨੂੰ ਸੰਗਤ ਰਾਹੀਂ ਪਰਮਾਤਮਾ ਦੇ ਨਾਮ ਸਿਮਰਨ ਲਈ ਪ੍ਰੇਰਦਾ ਹੈ। ਪਰਮਾਤਮਾ ਨੂੰ ਸਭ ਦਾ ਸਿਰਜਣਹਾਰ ਮੰਨਦੇ ਹੋਏ ਉਸ ਦੇ ਗੁਣ ਗਾਉਣ ਨਾਲ ਮਨ ਵਿੱਚੋਂ ਦੂਜਿਆਂ ਪ੍ਰਤੀ ਬਣਿਆ ਹੋਇਆ ਪਰਾਇਆ ਭਾਵ ਖਤਮ ਹੋ ਜਾਂਦਾ ਹੈ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਗੁਰਬਾਣੀ ਕਥਨ ਅਨੁਸਾਰ ਸਾਰੀ ਮਨੁੱਖਤਾ ਨਾਲ਼ ਇੱਕੋ ਜੋਤ ਤੋਂ ਪੈਦਾ ਹੋਈ ਹੋਣ ਕਰਕੇ ਭਰਾਤਰੀਭਾਵ ਵਾਲ਼ਾ ਰਿਸ਼ਤਾ ਸਥਾਪਿਤ ਹੋ ਜਾਂਦਾ ਹੈ। ਕੋਈ ਵੀ ਬੇਗਾਨਾ ਜਾਂ ਵੈਰੀ ਦਿਖਾਈ ਨਹੀਂ ਦਿੰਦਾ, ਬਲਕਿ ਸਭ ਅੰਦਰ ਇੱਕ ਪਰਮਾਤਮਾ ਦੀ ਹੀ ਜੋਤ ਦਿਖਾਈ ਦਿੰਦੀ ਹੈ।

ਜੇਕਰ ਸਾਨੂੰ ਸਾਰਿਆਂ ਨੂੰ ਇਕ ਪ੍ਰਭੂ ਪਰਮਾਤਮਾ ਨੇ ਹੀ ਪੈਦਾ ਕੀਤਾ ਹੈ ਤਾਂ ਅਸੀਂ ਸਾਰੇ ਉਸ ਦੀ ਹੀ ਸੰਤਾਨ ਹਾਂ ਅਤੇ ਸਾਰੇ ਆਪਸ ਵਿੱਚ ਭਰਾ ਹਾਂ, ਸਾਡੇ ਵਿੱਚ ਕੋਈ ਫਰਕ ਨਹੀਂ ਹੈ। ਇਸ ਸਮਝ ਦੇ ਆ ਜਾਣ ਨਾਲ਼ ਸਮਾਜ ਵਿੱਚ ਭਰਾਤਰੀਭਾਵ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਮਨੁੱਖ ਅੰਦਰੋਂ ਆਪਣੀ ਜਾਤੀ ਅਤੇ ਰੁਤਬੇ ਦਾ ਗੁਮਾਨ ਖਤਮ ਹੋ ਜਾਂਦਾ ਹੈ। ਇਹ ਸਭ ਕੁੱਝ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਮਨੁੱਖ ਪ੍ਰਭੂ ਦੀ ਰਜ਼ਾ ਮੁਤਾਬਿਕ ਅਪਣਾ ਜੀਵਨ ਬਤੀਤ ਕਰਦਾ ਹੈ। ਮਨੁੱਖ ਆਪਣੇ ਅੰਦਰਲਾ ਅਹੰਕਾਰ ਤਿਆਗ ਕੇ ਪ੍ਰਭੂ ਦੀ ਰਜ਼ਾ ਵਿੱਚ ਚੱਲਦਾ ਹੈ, ਕਿਉਂਕਿ ਹੁਕਮ ਅਤੇ ਹਉਮੈਂ ਦਾ ਆਪਸ ਵਿੱਚ ਵਿਰੋਧ ਹੈ। ਦੋਵੇਂ ਇੱਕ ਥਾਂ ਇਕੱਠੇ ਨਹੀਂ ਰਹਿ ਸਕਦੇ, ਭਾਵ ਜਿੱਥੇ ਹਉਮੈਂ ਜਾਂ ਅਹੰਕਾਰ ਹੈ ਉੱਥੇ ਮਨੁੱਖ ਪ੍ਰਭੂ ਦੀ ਰਜ਼ਾ ਵਿੱਚ ਨਹੀਂ ਰਹਿੰਦਾ। ਜਿਹੜਾ ਮਨੁੱਖ ਪ੍ਰਭੂ ਦੇ ਹੁਕਮ ਵਿੱਚ ਚਲਦਾ ਹੈ। ਉਸ ਅੰਦਰੋਂ ਅਹੰਕਾਰ ਖੁਦ ਹੀ ਖਤਮ ਹੋ ਜਾਂਦਾ ਹੈ। ਪ੍ਰਭੂ ਦਾ ਨਾਮ ਜਪਣ ਨਾਲ ਉਸ ਦੇ ਗੁਣ ਮਨੁੱਖ ਅੰਦਰ ਆਉਣ ਲੱਗਦੇ ਹਨ, ਜਿਸ ਨਾਲ਼ ਸਮਾਜ ਵਿੱਚ

---

[90] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫ਼ਾਊਂਡੇਸ਼ਨ, ਨਵੀਂ ਦਿੱਲੀ, 1985, ਪੰਨਾ 27

ਆਪਸੀ ਭਾਈਚਾਰਕ ਸਾਂਝ ਸਥਾਪਿਤ ਹੁੰਦੀ ਹੈ। ਸੰਗਤ ਵਿੱਚ ਬੈਠ ਕੇ ਹੀ ਮਨੁੱਖ ਅੰਦਰ ਨਾਮ ਸਿਮਰਨ ਦੇ ਨਾਲ਼ ਸੇਵਾ ਭਾਵਨਾ ਪੈਦਾ ਹੁੰਦੀ ਹੈ। ਮਨੁੱਖੀ ਸੋਚ ਵਿੱਚ ਬਦਲਾਅ, ਚੰਗੇ ਕਰਮਾਂ ਵੱਲ ਝੁਕਾਅ ਸੰਗਤ ਵਿੱਚ ਹੀ ਆਉਂਦਾ ਹੈ। "ਖਿਆਲ, ਸੰਕਲਪ ਵਿਚਾਰ, ਰਾਜਨੀਤੀ, ਕਾਨੂੰਨ, ਸੁਹਜ-ਸ਼ਾਸਤਰ ਅਤੇ ਨੀਤੀ-ਸ਼ਾਸਤਰ ਦੇ ਸਿਧਾਂਤ, ਫ਼ਿਲਾਸਫ਼ੀ, ਧਰਮ ਅਤੇ ਚੇਤਨਾ ਦੇ ਹੋਰ ਰੂਪ, ਸਮਾਜ ਦੇ ਆਤਮਾ ਦੇ ਵੇਗ ਦਾ ਭਾਗ ਹੁੰਦੇ ਹਨ। ਨਾਨਕ ਬਾਣੀ ਵਿੱਚ ਨਾਮ ਸਿਮਰਨ ਉੱਤੇ ਜ਼ੋਰ ਅਤੇ 'ਸ਼ਬਦ' ਨਾਲ਼ ਸੁਰਤ ਨੂੰ ਇਕਾਗਰ ਕਰਨ ਦੀ ਸਿੱਖਿਆ ਸਮਾਜ ਨੂੰ ਆਤਮਕ ਪੱਖ ਤੋਂ ਉੱਨਤ ਵੇਖਣ ਲਈ ਹੀ ਦਿੱਤੀ ਗਈ ਹੈ। ਅਜਿਹੀ ਆਤਮਕ ਉੱਨਤੀ ਦੇ ਸਿਖਰ ਉੱਤੇ ਪਹੁੰਚੇ ਸਮਾਜ ਨੂੰ ਗੁਰੂ ਜੀ ਨੇ 'ਸਤਿ ਸੰਗਤ' ਜਾਂ 'ਸੰਤ ਸਭਾ' ਆਖਿਆ ਹੈ।"[91] ਇੱਕ ਆਮ ਮਨੁੱਖ ਜੋ ਅਧਿਆਤਮਿਕਤਾ ਤੋਂ ਬਹੁਤ ਦੂਰ ਹੁੰਦਾ ਹੈ, ਜਿਸ ਨੂੰ ਧਰਮ ਬਾਰੇ ਕੁੱਝ ਵੀ ਪਤਾ ਨਹੀਂ ਹੁੰਦਾ। ਜਦੋਂ ਅਜਿਹਾ ਮਨੁੱਖ ਵੀ ਸੰਗਤ ਵਿੱਚ ਚਲਾ ਜਾਂਦਾ ਹੈ ਤਾਂ ਉਸ ਦੀ ਸੋਚ ਵਿੱਚ ਜ਼ਮੀਨ-ਆਸਮਾਨ ਦਾ ਫਰਕ ਦਿਖਾਈ ਦਿੰਦਾ ਹੈ। ਸੰਗਤ ਮਨੁੱਖੀ ਰੂਹ ਨੂੰ ਟੁੰਬਦੀ ਹੋਈ ਅਧਿਆਤਮਿਕਤਾ ਦੇ ਰੂਹਾਨੀ ਅਹਿਸਾਸ ਨਾਲ਼ ਮਨੁੱਖ ਨੂੰ ਲਬਰੇਜ਼ ਕਰ ਦਿੰਦੀ ਹੈ। ਇਸ ਵਿਸ਼ੇ ਤੇ ਵਿਚਾਰ ਕੀਤਾ ਜਾ ਚੁੱਕਿਆ ਹੈ ਕਿ ਮਨੁੱਖੀ ਜੀਵਨ ਅਨਮੋਲ ਹੈ, ਇਹ ਧਰਤੀ ਮਨੁੱਖ ਲਈ ਚੰਗੇ ਕਰਮ ਕਰਨ ਅਤੇ ਧਰਮ ਨਿਭਾਉਣ ਦਾ ਸਥਾਨ ਹੈ।

ਮਨੁੱਖੀ ਸਮਾਜ ਵੀ ਅਸਲੀ ਮਾਇਨਿਆਂ ਵਿੱਚ ਤਦ ਹੀ ਚੰਗਾ ਬਣ ਸਕਦਾ ਹੈ, ਜਦ ਇਸ ਸਮਾਜ ਵਿੱਚ ਰਹਿੰਦੇ ਮਨੁੱਖ ਚੰਗੇ ਕਰਮ ਕਰਨਗੇ ਅਤੇ ਆਪਣੇ ਦੁਨੀਆਂਦਾਰੀ ਦੇ ਫਰਜ਼ਾਂ ਨੂੰ ਬਾਖੂਬੀ ਨਿਭਾਉਣਗੇ। ਸਮਾਜ ਵਿੱਚ ਰਹਿੰਦੇ ਸਾਰੇ ਲੋਕ ਅਲੱਗ-ਅਲੱਗ ਸੰਦਰਭ ਵਿੱਚ ਦੂਜਿਆਂ ਨਾਲ਼ ਜੁੜੇ ਹੋਏ ਹਨ ਅਤੇ ਅਲੱਗ-ਅਲੱਗ ਪ੍ਰਸਥਿਤੀਆਂ ਵਿੱਚ ਸਭ ਨੇ ਕਰਮ ਕਰਨੇ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿੱਚ ਪੇਸ਼ ਧਰਮ ਖੰਡ ਮੁਤਾਬਿਕ ਮਨੁੱਖ ਨੇ ਚੰਗੇ ਕਰਮ ਕਰਨੇ ਹਨ। ਕਿਉਂਕਿ ਮਨੁੱਖ ਨੂੰ ਉਸ ਦੇ ਕਰਮਾਂ ਅਨੁਸਾਰ ਹੀ ਫਲ਼ ਦੀ ਪ੍ਰਾਪਤੀ ਹੋਣੀ ਹੈ। "ਪ੍ਰਾਣੀ/ਵਿਅਕਤੀ ਦੁਆਰਾ ਕੀਤਾ ਗਿਆ ਕਾਰਜ, ਚੇਸ਼ਟਾ, ਉੱਦਮ ਜਾਂ ਕ੍ਰਿਆ ਉਸ ਦਾ ਕਰਮ ਅਖਵਾਉਂਦਾ ਹੈ ਅਤੇ ਜੋ-ਜੋ ਉਹ ਕਰਦਾ ਹੈ, ਉਸ ਦੇ ਅਨੁਸਾਰ

[91] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 30

ਉਸ ਨੂੰ ਫਲ਼ ਭੋਗਣਾ ਪੈਂਦਾ ਹੈ।"[92] ਧਰਮ ਗ੍ਰੰਥਾਂ ਵਿੱਚ ਮਨੁੱਖ ਦੇ ਕਰਮ ਨੂੰ ਹੀ ਸਵਰਗ ਅਤੇ ਨਰਕ ਦਾ ਕਾਰਨ ਦੱਸਿਆ ਗਿਆ ਹੈ, ਜਿਸ ਅਨੁਸਾਰ ਮਨੁੱਖ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ, ਉਸ ਨੂੰ ਫਲ਼ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨੁੱਖ ਲਈ ਇਸ ਜੀਵਨ ਵਿੱਚ ਕਰਮ ਕਰਨੇ ਜ਼ਰੂਰੀ ਹਨ। ਕਰਮਾਂ ਨੂੰ ਕੀਤੇ ਬਿਨ੍ਹਾਂ ਮਨੁੱਖ ਆਪਣਾ ਖਹਿੜਾ ਨਹੀਂ ਛੁਡਾ ਸਕਦਾ। ਭਗਵਦ ਗੀਤਾ ਵਿੱਚ 'ਨਿਸ਼ਕਾਮ ਕਰਮ' ਕਰਨ ਲਈ ਕਿਹਾ ਗਿਆ ਹੈ। ਜਿਸ ਅਨੁਸਾਰ ਮਨੁੱਖ ਨੂੰ ਆਪਣੇ ਨੈਤਿਕ ਧਰਮ ਅਨੁਸਾਰ ਆਪਣੇ ਫਰਜ਼ਾਂ ਦੇ ਆਧਾਰ ਤੇ ਕਰਮ ਕਰਨਾ ਚਾਹੀਦਾ ਹੈ। ਉਸ ਕਰਮ ਦੇ ਨਤੀਜ਼ੇ ਜਾਂ ਫਲ਼ ਬਾਰੇ ਨਹੀਂ ਸੋਚਣਾ ਚਾਹੀਦਾ। ਸਿੱਖ ਧਰਮ ਮਨੁੱਖ ਨੂੰ ਇਸ ਸਮਾਜ ਵਿੱਚ ਸ਼ੁਭ ਕਰਮ ਕਰਨ ਲਈ ਪ੍ਰੇਰਦਾ ਹੈ। ਇਸ ਲਈ ਮਨੁੱਖ ਨੂੰ ਅਜਿਹੇ ਕਰਮ ਕਰਨੇ ਚਾਹੀਦੇ ਹਨ ਜਿਹੜੇ ਉਸ ਨੂੰ ਪਰਮ ਸਤਿ ਦੇ ਮਾਰਗ ਉੱਤੇ ਲੈ ਕੇ ਜਾਂਦੇ ਹਨ। ਇਸ ਸੰਸਾਰ ਵਿੱਚ ਮਨੁੱਖ ਜੋ ਵੀ ਕਰਮ ਕਰਦਾ ਹੈ, ਜੇਕਰ ਉਹ ਸ਼ੁਭ ਨਹੀਂ ਹਨ ਤਾਂ ਉਨ੍ਹਾਂ ਦਾ ਉਸ ਨੂੰ ਕੋਈ ਲਾਭ ਨਹੀਂ ਹੈ।

"ਅਸਲ ਵਿੱਚ, ਸ਼ੁਭ ਕਰਮਾਂ ਤੋਂ ਬਿਨਾਂ ਸਭ ਦੌੜ ਭੱਜ ਬੇਕਾਰ ਹੈ, ਹਰ ਪ੍ਰਕਾਰ ਦਾ ਘਾਟਾ ਹੀ ਘਾਟਾ ਹੈ। ਕਰਮਾਂ ਦੇ ਆਧਾਰ 'ਤੇ ਹੀ ਈਸ਼ਵਰੀ ਦਰਗਾਹ ਵਿੱਚ ਨਿਰਨਾ ਹੁੰਦਾ ਹੈ।"[93] ਸੋ ਮਨੁੱਖ ਦੇ ਕਰਮਾਂ ਦਾ ਉਸ ਨੂੰ ਸਹੀ ਗਲਤ ਦਿਸ਼ਾ ਵਿੱਚ ਲਿਜਾਣ ਲਈ ਵੱਡਾ ਯੋਗਦਾਨ ਹੁੰਦਾ ਹੈ। ਮਨੁੱਖ ਦੁਆਰਾ ਕੀਤੇ ਚੰਗੇ ਕਰਮਾਂ ਦੁਆਰਾ ਚੰਗੇ ਸਮਾਜ ਦਾ ਨਿਰਮਾਣ ਹੁੰਦਾ ਹੈ। ਜੇਕਰ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖ ਆਪਣੇ ਇਸ ਜੀਵਨ ਦੌਰਾਨ ਚੰਗੇ ਕਰਮ ਕਰਨਗੇ ਅਤੇ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ਼ ਨਿਭਾਉਣਗੇ ਤਾਂ ਸਮਾਜ ਅਸਲੀ ਮਾਇਨਿਆਂ ਵਿੱਚ ਆਦਰਸ਼ ਸਮਾਜ ਬਣ ਸਕਦਾ ਹੈ। ਪਰਮਾਤਮਾ ਦੀ ਨਦਰਿ ਮਨੁੱਖ ਨੂੰ ਚੰਗੇ ਪਾਸੇ ਲਾਉਣ ਅਤੇ ਉਸ ਦੇ ਜੀਵਨ ਮਕਸਦ ਦੀ ਪ੍ਰਾਪਤੀ ਵਿੱਚ ਸਹਾਈ ਹੁੰਦੀ ਹੈ। "ਇਹ ਠੀਕ ਹੈ ਚੰਗੇ ਕਰਮ ਕਰਨ ਨਾਲ਼ ਬਿਰਤੀ ਸ਼ੁੱਧ ਹੁੰਦੀ ਹੈ, ਮਨ ਨੂੰ ਖੇੜਾ ਮਿਲਦਾ ਹੈ, ਸਦਾਚਾਰਕ ਜੀਵਨ ਵਿੱਚ ਸੁਹਜ ਤੇ ਰੰਗੀਨੀ ਆਉਂਦੀ ਹੈ ਅਤੇ ਮਨੁੱਖ ਨੂੰ ਹੋਰ ਚੰਗਾ ਵਿਹਾਰ ਕਰਨ, ਪੁੰਨ ਦਾਨ ਕਰਨ ਲਈ ਉਤਸ਼ਾਹ ਤੇ ਪ੍ਰੇਰਨਾ ਮਿਲਦੀ ਹੈ ਪਰ ਇਸੇ ਆਧਾਰ ਤੇ ਵਾਹਿਗੁਰੂ ਦੇ ਦਰਬਾਰ ਵਿੱਚ ਰਸਾਈ ਪਾਉਣਾ

---

[93] ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਧਨਾ ਦਾ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2012, ਪੰਨਾ 8

ਕਠਿਨ ਹੈ। ਜੇ ਇਸ ਦੇ ਨਾਲ ਨਾਲ ਬਖਸ਼ਿਸ਼, ਮਿਹਰ, ਨਦਰਿ, ਕਿਰਪਾ, ਦ੍ਰਿਸ਼ਟੀ ਅਤੇ ਪ੍ਰਸਾਦਿ ਰਲ ਜਾਵੇ ਤਾਂ ਪਲਾਂ ਵਿੱਚ ਬੇੜੇ ਪਾਰ ਹੋ ਜਾਂਦੇ ਹਨ।"[94] ਪ੍ਰਭੂ ਦੀ ਕਿਰਪਾ ਨਾਲ਼ ਮਨੁੱਖ ਚੰਗੇ ਕਰਮਾਂ ਨੂੰ ਆਧਾਰ ਬਣਾ ਕੇ ਦੂਜਿਆਂ ਦੇ ਕੰਮ ਆਉਂਦਾ ਹੈ। ਉਸ ਅੰਦਰ ਦੂਜਿਆਂ ਪ੍ਰਤੀ ਪਿਆਰ, ਸਨੇਹ, ਭਰਾਤਰੀਭਾਵ ਅਤੇ ਸਦਭਾਵਨਾ ਜਿਹੇ ਗੁਣ ਸੁਗੰਧੀ ਫੈਲਾਉਂਦੇ ਹੋਏ ਦੂਜਿਆਂ ਲਈ ਸਮਰਪਿਤ ਹੋਣ ਲਈ ਪ੍ਰੇਰਦੇ ਹਨ। "ਮਾਨਵਵਾਦ ਦਾ ਇੱਕ ਜ਼ਰੂਰੀ ਪੱਖ ਇੱਕ ਦੂਜੇ ਦੇ ਕੰਮ ਆਉਣਾ ਹੈ। ਸਵਾਰਥੀ ਮਨੁੱਖ ਕੇਵਲ ਆਪਣੇ ਆਪ ਲਈ ਜਿਉਂਦਾ ਹੈ। ਆਪਣੇ ਸੁੱਖ ਪ੍ਰਾਪਤੀ ਦੇ ਉਦੇਸ਼ ਦੀ ਪੂਰਤੀ ਲਈ ਉਹ ਨਿਆ ਅਤੇ ਅਨਿਆ ਵਿੱਚ ਅੰਤਰ ਨਹੀਂ ਕਰ ਸਕਦਾ। ਗੁਰ ਸਿੱਖੀ ਇੱਕ ਮਾਰਗ ਹੈ, ਇੱਕ ਪੰਥ ਹੈ, ਮਾਨਵਤਾ ਦਾ ਪੰਥ, ਜੀਵਨ ਤੋਂ ਭਾਂਜ ਦਾ ਮਾਰਗ ਨਹੀਂ, ਸਗੋਂ ਜੀਵਨ ਦੀਆਂ ਤਲਖੀਆਂ ਨਾਲ਼ ਜੂਝਣ ਦਾ ਮਾਰਗ ਹੈ। ਸਭ ਨੇ ਜਿਉਣਾ ਹੈ। ਸਭ ਦੇ ਆਪਣੇ ਹਿੱਤ ਹਨ। ਹਿੱਤਾਂ ਦਾ ਟਕਰਾਉ ਵੀ ਹੁੰਦਾ ਹੈ। ਗੁਰਸਿੱਖ ਲਈ ਆਦੇਸ਼ ਹੈ ਕਿ ਆਪਣੇ ਹਿੱਤਾਂ ਦੂਜਿਆਂ ਦੇ ਹਿੱਤਾਂ ਅਧੀਨ ਕਰ ਦੇਵੇ। ਆਪਾ ਵੰਡ ਦੇਵੇ। ਇਹੋ ਹੈ ਸੇਵਾ ਮਾਰਗ।"[95]

ਸਚਿਆਰ ਮਨੁੱਖ ਸੇਵਾ ਦੇ ਜ਼ਰੀਏ ਸਮਾਜ ਭਲਾਈ ਲਈ ਮੈਦਾਨ ਵਿੱਚ ਉਤਰਦਾ ਹੈ ਅਤੇ ਦੂਜਿਆਂ ਨੂੰ ਵੀ ਸੇਵਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਅਜਿਹਾ ਮਨੁੱਖ ਸੁਆਰਥ ਰਹਿਤ ਹੋ ਕੇ ਮਨੁੱਖ ਜਾਤੀ ਦੀ ਸੇਵਾ ਕਰਦਾ ਹੈ, ਕਿਉਂਕਿ ਉਸ ਅੰਦਰੋਂ ਆਪਣੇ-ਪਰਾਏ ਦਾ ਭੇਦ ਖਤਮ ਹੋ ਜਾਂਦਾ ਹੈ। ਜਿਵੇਂ ਪ੍ਰਕਿਰਤੀ ਦਾ ਸਾਰਾ ਪ੍ਰਬੰਧ ਪਰਮਾਤਮਾ ਦੇ ਹੁਕਮ ਵਿੱਚ ਇੱਕ ਰਸ ਚੱਲ ਰਿਹਾ ਹੈ। ਤਿਵੇਂ ਸਤਿ ਵਿੱਚ ਇਕ ਸੁਰ ਹੋਇਆ ਬੰਦਾ ਹਉਮੈਂ ਦੀ ਸੰਕੀਰਣਤਾ ਤੋਂ ਉੱਪਰ ਉੱਠ ਕੇ ਇਸ ਸੰਸਾਰ ਵਿੱਚ ਆਪਣਾ ਸਮਾਜ ਸੇਵਾ ਦਾ ਫਰਜ਼ ਨਿਭਾਉਂਦਾ ਹੋਇਆ ਹੁਕਮ ਦੀ ਕਾਰ ਕਮਾਉਂਦਾ ਹੈ। ਅਜਿਹੀ ਸਚਿਆਰ ਸ਼ਖ਼ਸੀਅਤ ਦਾ ਮਾਲਕ ਮਨੁੱਖ ਹੀ ਸੱਚ ਦੀਆਂ ਕੀਮਤਾਂ ਨੂੰ ਦ੍ਰਿੜ ਕਰਵਾ ਸਕਦਾ ਹੈ। ਮਨੁੱਖਤਾ ਦੀ ਸੇਵਾ ਹੀ ਸਮਾਜ ਦੇ ਪਰਉਪਕਾਰੀ ਹਿੱਤਾਂ ਲਈ ਕੀਤਾ ਗਿਆ ਮਹਾਨ ਕਾਰਜ ਹੈ। ਇਸ ਸੇਵਾ ਨਾਲ਼ ਸਮਾਜ ਵਧੇਰੇ ਖੁਸ਼ਹਾਲ ਹੁੰਦਾ ਹੈ ਅਤੇ ਸੇਵਾ ਕਰਨ ਵਾਲ਼ਾ

---

[94] ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਧਨਾ ਦਾ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2012, ਪੰਨਾ 9

[95] ਡਾ. ਸਰੂਪ ਸਿੰਘ ਅਲੱਗ, ਗੁਰਬਾਣੀ ਸੰਕਲਪ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2004, ਪੰਨਾ 53

ਵਿਅਕਤੀ ਆਤਮਿਕ ਤੌਰ ਤੇ ਉੱਚਾ ਉੱਠਦਾ ਹੈ। ਸਿੱਖ ਧਰਮ ਵਿੱਚ ਮਨੁੱਖਤਾ ਦੀ ਸੇਵਾ ਨੂੰ ਅਧਿਆਤਮਿਕ ਮਾਰਗ ਨਾਲ਼ ਜੋੜਿਆ ਗਿਆ ਹੈ। ਭਾਵ ਮਨੁੱਖ ਦੇ ਅੰਦਰ ਜਦੋਂ ਸੇਵਾ ਦੀ ਭਾਵਨਾ ਪੈਦਾ ਹੁੰਦੀ ਹੈ ਤਾਂ ਉਸ ਅੰਦਰੋਂ ਮੈਂ ਭਾਵ ਅਹੰਕਾਰ ਦੀ ਭਾਵਨਾ ਦਾ ਖਾਤਮਾ ਹੋ ਜਾਂਦਾ ਹੈ। ਸਚਿਆਰ ਮਨੁੱਖ ਦੀ ਕੋਸ਼ਿਸ਼ ਸਦਕਾ ਸਮਾਜ ਸੇਵਾ ਦੀ ਲਹਿਰ ਨਾਲ਼ ਸਮਾਜਿਕ ਸੰਗਠਨ ਮਜ਼ਬੂਤ ਹੋਵੇਗਾ, ਜਿੱਥੇ ਦੂਜਿਆਂ ਪ੍ਰਤੀ ਪਿਆਰ ਅਤੇ ਸਨੇਹ ਹੀ ਉਤਪੰਨ ਹੋ ਸਕੇਗਾ। "ਸੰਗਠਨ ਨੂੰ ਸਦੀਵੀ ਤੇ ਉਸਾਰੂ ਬਣਾਉਣ ਲਈ ਸੁਖਾਵਾਂ ਤੇ ਸਾਵਾਂ ਰੱਖਣ ਲਈ, ਜਿੱਥੇ ਨਿਮ੍ਰਤਾ ਤੇ ਨਿਸ਼ਕਾਮ ਸੇਵਾ ਇਸ ਦੀ ਡਸਿਪਲਣ ਹੋਵੇ, ਉੱਥੇ ਪਰਮਾਤਮਾ ਦੀ ਦੈਵੀ ਸ਼ਕਤੀ ਇਸ ਦਾ ਆਧਾਰ ਹੋਵੇ। ਇਹ ਆਧਾਰ ਸਭ ਲਈ ਸਾਂਝਾ, ਸਭ ਤੋਂ ਵਧੀਆ ਅਤੇ ਨਿੱਤ ਕਾਇਮ ਰਹਿਣ ਵਾਲ਼ਾ ਆਧਾਰ ਹੈ। ਸਾਂਝੀਵਾਲਤਾ ਲਿਆਉਣ ਲਈ ਜ਼ਰੂਰੀ ਹੈ ਕਿ ਸਭ ਜੀਆਂ ਲਈ ਕੋਈ ਐਸੀ ਸਾਂਝੀ ਧਾਰਨਾ ਅਪਣਾ ਲਈ ਜਾਵੇ, ਜੋ ਸਭ ਲਈ ਸਾਂਝਾ ਗੁਣ ਹੋਵੇ, ਸਾਂਝਾ ਲੱਛਣ ਹੋਵੇ। ਜਿਸ ਨੂੰ ਸਾਰੇ ਪਛਾਣਦੇ ਹੋਣ ਜਾਂ ਦਲੀਲ ਪੂਰਬਕ ਤੇ ਵਿਸ਼ਵਾਸ ਮਈ ਢੰਗ ਨਾਲ ਜਿਸ ਨੂੰ ਮੰਨਿਆ ਤੇ ਪੇਸ਼ ਕੀਤਾ ਜਾ ਸਕਦਾ ਹੋਵੇ। ਇਹ ਸਾਂਝਾ ਗੁਣ ਭਾਵੇਂ ਕਿੰਨਾ ਹੀ ਸੂਖਮ ਕਿਉਂ ਨਾ ਹੋਵੇ, ਸਭ ਮਨੁੱਖਾਂ ਨੂੰ ਇੱਕ ਪੱਧਰ ਉੱਤੇ ਲਿਆਉਣ ਤੇ ਸਾਰਿਆਂ ਨੂੰ ਇਸ ਦੀ ਸਾਂਝੀ ਲੜੀ ਵਿੱਚ ਪਰੋਣ ਲਈ ਬੜਾ ਕਾਰਗਰ ਸਾਬਤ ਹੋ ਸਕਦਾ ਹੈ, ਖਾਸ ਤੌਰ ਉਤੇ ਜੇਕਰ ਇਹ ਸਾਂਝਾ ਗੁਣ ਸਦੀਵੀ ਪ੍ਰਭਾਵਸ਼ਾਲੀ ਤੇ ਵਿਸ਼ਵਾਸਮਈ ਹੋਵੇ।"[96]

ਗੁਰਮਤਿ ਸਚਿਆਰਾ ਮਨੁੱਖ ਬਣਨ ਲਈ ਸੇਵਾ ਨੂੰ ਅਹਿਮ ਕਾਰਜ ਵਜੋਂ ਅਹਿਮੀਅਤ ਦਿੰਦੀ ਹੈ। ਸਚਿਆਰ ਮਨੁੱਖ ਜਿੱਥੇ ਹੱਥੀਂ ਕਿਰਤ ਕਰਦਾ ਹੈ ਉੱਥੇ ਉਹ ਦੂਜਿਆਂ ਦੀ ਹਰ ਪੱਖੋਂ ਸਹਾਇਤਾ ਵੀ ਕਰਦਾ ਹੈ। ਆਰਥਿਕ ਪੱਖੋਂ ਲੋੜਵੰਦਾਂ ਦੀ ਸਹਾਇਤਾ ਕਰਨ ਦੇ ਨਾਲ਼, ਆਪਣੇ ਮਾਪਿਆਂ, ਬਜ਼ੁਰਗਾਂ ਦੀ ਸੇਵਾ ਦੇ ਨਾਲ਼ ਅਤੇ ਬਿਮਾਰਾਂ ਦੀ ਸੇਵਾ ਕਰਨ ਤੋਂ ਵੀ ਪਿੱਛੇ ਨਹੀਂ ਹਟਦਾ। ਸਮਾਜਿਕ ਭਲਾਈ ਵਾਲ਼ੇ ਕੰਮਾਂ ਅਤੇ ਹੋਰ ਅਦਾਰਿਆਂ ਵਿੱਚ ਮਨੁੱਖਤਾ ਦੀ ਭਲਾਈ ਹਿੱਤ ਚਲ ਰਹੀ ਸੇਵਾ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਿਵੇਂ ਕਿ ਲੰਗਰ ਤਿਆਰ ਕਰਨਾ, ਵਰਤਾਉਣਾ, ਜੂਠੇ ਭਾਂਡੇ ਮਾਂਜਣੇ, ਜੋੜੇ ਘਰਾਂ ਵਿੱਚ ਜੋੜਿਆਂ ਦੀ ਸਾਂਭ-ਸੰਭਾਲ਼ ਅਤੇ ਜੋੜਿਆਂ ਦੀ ਸਫਾਈ ਆਦਿ ਦੀ ਸੇਵਾ ਵੀ ਪੂਰੀ ਸ਼ਰਧਾ ਨਾਲ਼ ਕਰਦਾ ਹੈ। ਇਸ ਸੇਵਾ

---

[96] ਸੁਰਜੀਤ ਸਿੰਘ, ਗੁਰਮਤਿ ਮੰਥਨ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2000, ਪੰਨਾ 4

ਨਾਲ਼ ਜਿੱਥੇ ਉਹ ਸਮਾਜਿਕ ਭਲਾਈ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ ਉੱਥੇ ਨਾਲ਼ ਹੀ ਦੂਜਿਆਂ ਵਿੱਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖੀ ਵਿਅਕਤਿਤਵ ਦੀ ਉਸਾਰੀ ਲਈ ਸੇਵਾ ਦੇ ਮਾਰਗ ਦੁਆਰਾ ਪਰਉਪਕਾਰ ਅਤੇ ਅਧਿਆਤਮਿਕ ਉੱਨਤੀ ਸੰਬੰਧੀ ਨਵੀਂ ਦਿਸ਼ਾ ਦਿਖਾਈ। ਇਸ ਦੇ ਨਾਲ਼ ਹੀ ਸਮਾਜਿਕ ਜੀਵਨ ਦੀ ਸਮੂਹਿਕ ਉਸਾਰੀ ਦ੍ਰਿੜ ਅਤੇ ਠੋਸ ਬੁਨਿਆਦ ਉੱਤੇ ਕਾਇਮ ਰੱਖਣ ਲਈ ਸੇਵਾ ਨੂੰ ਇਕ ਜ਼ਰੂਰੀ ਫਰਜ਼ ਦੇ ਤੌਰ ਤੇ ਲਿਆ। ਸਿੱਖ ਧਰਮ ਮਨੁੱਖਤਾ ਦੀ ਸੇਵਾ ਨੂੰ ਪਰਮਾਤਮਾ ਦੀ ਸੇਵਾ ਮੰਨਦਾ ਹੈ, ਕਿਉਂਕਿ ਸਾਰੇ ਜੀਵਾਂ ਵਿੱਚ ਇੱਕ ਪਰਮਾਤਮਾ ਦੀ ਜੋਤ ਹੀ ਬਿਰਾਜਮਾਨ ਹੈ। ਇਸ ਸੇਵਾ ਨੂੰ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ ਅਤੇ ਸੇਵਾ ਕਰਨ ਲਈ ਪ੍ਰੇਰਿਆ ਗਿਆ ਹੈ। ਸੇਵਾ ਕਰਨ ਵਾਲ਼ਾ ਮਨੁੱਖ ਆਪਾ ਭਾਵ ਤਿਆਗ ਕੇ ਇਸ ਮਾਰਗ ਉੱਤੇ ਚਲਦਾ ਹੈ। "ਸੇਵਾ ਕਰਨ ਨਾਲ਼ ਉਸ ਦਾ ਨਾ ਕੇਵਲ ਇਹ ਜੀਵਨ ਸਫ਼ਲ ਹੁੰਦਾ ਹੈ ਸਗੋਂ ਉਹ ਪਰਮਾਤਮਾ ਦੀ ਦਰਗਾਹ ਵਿੱਚ ਵੀ ਮਾਣ ਪਾਉਂਦਾ ਹੈ।"[97] ਸੇਵਾ ਕਰਨ ਨਾਲ਼ ਮਨੁੱਖ ਅੰਦਰੋਂ ਵੈਰ-ਵਿਰੋਧ, ਜਾਤ-ਪਾਤ, ਊਚ-ਨੀਚ, ਧਰਮਾਂ ਦੇ ਵਖਰੇਵੇਂ ਆਦਿ ਸਭ ਖਤਮ ਹੋ ਜਾਂਦੇ ਹਨ। ਉਸ ਦਾ ਅਹੰਕਾਰ ਖਤਮ ਹੋ ਜਾਂਦਾ ਹੈ ਅਤੇ ਨਿਮਰਤਾ ਦਾ ਧਾਰਨੀ ਹੋ ਕੇ ਸਮਾਜ ਸੇਵਾ ਵਿੱਚ ਆਪਣੀ ਸਮਰੱਥਾ ਤੋਂ ਵੱਧ ਯੋਗਦਾਨ ਪਾਉਂਦਾ ਹੈ। ਗੁਰੂ ਨਾਨਕ ਸਾਹਿਬ ਸੇਵਾ ਨੂੰ ਮਨੁੱਖ ਦੇ ਅੰਤਿਮ ਲਕਸ਼ ਨਾਲ਼ ਜੋੜਦੇ ਹਨ। ਜਿਹੜਾ ਮਨੁੱਖ ਸਮਾਜ ਵਿੱਚ ਰਹਿੰਦੇ ਹੋਏ ਆਪਣੇ ਨਿੱਜੀ ਕੰਮਾਂ ਵਿੱਚੋਂ ਸਮਾਂ ਕੱਢ ਕੇ ਮਨੁੱਖਤਾ ਦੀ ਸੇਵਾ ਕਰਦਾ ਹੈ ਅਤੇ ਸੇਵਾ ਕਰਦੇ ਹੋਏ ਆਪਣੇ ਅਹੰਕਾਰ ਨੂੰ ਖਤਮ ਕਰ ਲੈਂਦਾ ਹੈ। ਉਸ ਦਾ ਆਉਣਾ ਇਸ ਦੁਨੀਆਂ ਉੱਤੇ ਪਰਵਾਨ ਹੋ ਜਾਂਦਾ ਹੈ ਅਤੇ ਉਹ ਸਤਿਕਾਰ ਯੋਗ ਹੈ। ਉਹ ਇਨਸਾਨ ਸਚਿਆਰ ਪਦ ਦੀ ਪ੍ਰਾਪਤੀ ਦੇ ਰਾਹ ਉੱਪਰ ਚੱਲ ਰਿਹਾ ਹੁੰਦਾ ਹੈ। ਜਿੱਥੇ ਉਸ ਅੰਦਰ ਅਜਿਹੇ ਸਦਗੁਣਾਂ ਦਾ ਵਿਕਾਸ ਹੁੰਦਾ ਹੈ, ਜਿਸ ਰਾਹੀਂ ਉਹ ਮਾਨਵਤਾ ਦੇ ਆਦਰਸ਼ ਰੂਪ ਵਜੋਂ ਉਭਰਦਾ ਹੈ।

ਜਿੱਥੇ ਸਿੱਖ ਧਰਮ ਮਨੁੱਖ ਨੂੰ ਆਪਣੀ ਰੋਜ਼ੀ ਰੋਟੀ ਲਈ ਮਿਹਨਤ ਕਰਨ ਦਾ ਉਪਦੇਸ਼ ਦਿੰਦਾ ਹੈ ਉੱਥੇ ਨਾਲ਼ ਹੀ ਆਪਣੇ ਕੰਮ ਨੂੰ ਪੂਰੀ ਇਮਾਨਦਾਰੀ, ਤਨਦੇਹੀ ਨਾਲ਼ ਕਰਨ ਲਈ ਵੀ ਪ੍ਰੇਰਦਾ ਹੈ। ਮਿਹਨਤ ਮਨੁੱਖ ਨੂੰ ਸੱਚਾਈ ਨਾਲ਼ ਜੋੜਦੀ ਹੈ ਜਿਸ ਨਾਲ਼ ਉਸ ਵਿੱਚ ਇਮਾਨਦਾਰੀ ਦੀ ਭਾਵਨਾ ਪੈਦਾ ਹੁੰਦੀ ਹੈ।

[97] ਸੁਰਜੀਤ ਸਿੰਘ ਭਾਟੀਆ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫ਼ਾਊਂਡੇਸ਼ਨ, ਨਵੀਂ ਦਿੱਲੀ, 1985, ਪੰਨਾ-26,27

ਇਮਾਨਦਾਰੀ ਨਾਲ਼ ਕੀਤੇ ਕੰਮ ਵਿੱਚ ਜਿੱਥੇ ਕੰਮ ਕਰਨ ਵਾਲ਼ੇ ਨੂੰ ਆਤਮਿਕ ਸੰਤੁਸ਼ਟੀ ਮਿਲਦੀ ਹੈ ਉੱਥੇ ਕੰਮ ਦੇ ਨਤੀਜ਼ੇ ਵੀ ਚੰਗੇ ਮਿਲਦੇ ਹਨ। ਉਸ ਕੰਮ ਨਾਲ਼ ਦੂਜਿਆਂ ਦੀ ਭਲਾਈ ਵੀ ਜੁੜੀ ਹੁੰਦੀ ਹੈ। ਆਪਣੇ ਕਿੱਤੇ ਵਿੱਚ ਇਮਾਨਦਾਰੀ ਦਿਖਾਉਣ ਦੇ ਨਾਲ਼-ਨਾਲ਼ ਸਮਾਜਿਕ ਸਰੋਕਾਰਾਂ ਪ੍ਰਤੀ ਵੀ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ, ਕਿਉਂਕਿ ਮਨੁੱਖੀ ਆਪਾ ਸਮਾਜ ਨਾਲ਼ ਜੁੜਿਆ ਹੋਣ ਕਰਕੇ ਸਮਾਜ ਤੋਂ ਬਹੁਤ ਕੁੱਝ ਚੰਗਾ ਗ੍ਰਹਿਣ ਕਰਦਾ ਹੈ ਅਤੇ ਸਮਾਜ ਨੂੰ ਬਹੁਤ ਕੁੱਝ ਚੰਗਾ ਵੀ ਦਿੰਦਾ ਹੈ। ਜਿਸ ਦੌਰਾਨ ਉਸ ਨੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਹੁੰਦੀ ਹੈ। ਜਿਵੇਂ ਕਿ ਮਨੁੱਖ ਨੇ ਆਪਣੇ ਪਰਿਵਾਰਕ ਰਿਸ਼ਤਿਆਂ ਪ੍ਰਤੀ ਬਣਦੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਵੀ ਸਮਾਜਿਕ ਜ਼ਿੰਮੇਵਾਰੀ ਤੋਂ ਕਿਨਾਰਾ ਨਹੀਂ ਕਰਨਾ।

ਇਸ ਦੇ ਨਾਲ਼ ਹੀ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਜਿੱਥੇ ਵੀ ਮਨੁੱਖ ਖੜ੍ਹਾ ਹੈ, ਉਸ ਦਾ ਫਰਜ਼ ਬਣਦਾ ਹੈ ਕਿ ਉਹ ਸਥਿਤੀ ਅਨੁਸਾਰ ਦੂਜਿਆਂ ਦੀ ਭਲਾਈ ਨੂੰ ਪਹਿਲ ਦਿੰਦੇ ਹੋਏ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੈ। "ਕਿਸੇ ਵੀ ਲੋਕਤੰਤਰੀ ਸਮਾਜ ਵਿੱਚ ਵਿਅਕਤੀ ਹੀ ਮਹੱਤਵਪੂਰਨ ਇਕਾਈ ਹੁੰਦਾ ਹੈ ਅਤੇ ਇੱਕ ਦੂਜੇ ਉੱਤੇ ਪਰਸਪਰ ਨਿਰਭਰ ਹੋਣ ਦੇ ਨਾਲ਼-ਨਾਲ਼ ਇੱਕ ਦੂਜੇ ਪ੍ਰਤਿ ਅਤੇ ਸਮਾਜ ਪ੍ਰਤਿ ਉਸ ਦੀਆਂ ਕੁੱਝ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ ਅਤੇ ਇਹਨਾਂ ਜ਼ਿੰਮੇਵਾਰੀਆਂ ਪ੍ਰਤਿ ਉਚਿਤ ਭਾਵਨਾ ਦੀ ਉਸ ਪਾਸੋਂ ਆਸ ਵੀ ਕੀਤੀ ਜਾਂਦੀ ਹੈ। ਅਜਿਹੇ ਸਮਾਜ ਵਿੱਚ ਵਿਅਕਤੀ ਦੀ ਭਲਾਈ ਅਤੇ ਉਸ ਦੇ ਵਿਕਾਸ ਉਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।"[98] ਪਰਮਾਤਮਾ ਨੇ ਮਨੁੱਖ ਨੂੰ ਦੂਜੇ ਜੀਵ-ਜੰਤੂਆਂ ਦੇ ਮੁਕਾਬਲੇ ਵੱਧ ਸਮਰੱਥਾਵਾਂ ਦਿੱਤੀਆਂ ਹਨ, ਜਿਨ੍ਹਾਂ ਦੇ ਆਧਾਰ 'ਤੇ ਉਸ ਵਿੱਚ ਵਿਕਾਸ ਕਰਨ ਦੀਆਂ ਬਹੁਤ ਸੰਭਾਵਨਾਵਾਂ ਹਨ। ਮਨੁੱਖ ਸਮਾਜ ਵਿੱਚ ਰਹਿੰਦਾ ਹੋਇਆ ਆਪਣੀ ਜ਼ਿੰਦਗੀ ਨੂੰ ਸੁਖਾਲਾ ਅਤੇ ਖੁਸ਼ੀਆਂ ਨਾਲ ਭਰਪੂਰ ਬਣਾਉਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰਦਾ ਹੈ। ਮਨੁੱਖ ਦੀ ਜ਼ਿੰਦਗੀ 'ਚ ਕੁਦਰਤੀ ਵਾਤਾਵਰਣ ਦਾ ਮਹੱਤਵਪੂਰਨ ਯੋਗਦਾਨ ਹੈ। ਮਨੁੱਖ ਤੋਂ ਬਿਨਾਂ ਹੋਰ ਜੀਵ-ਜੰਤੂ ਕੁਦਰਤੀ ਨਿਯਮਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ। "ਹਰ ਇੱਕ ਜੀਵ-ਨਸਲ, ਜਿੱਥੇ ਵੀ ਇਹ ਵਿਚਰ ਰਹੀ ਹੈ, ਉੱਥੇ ਵਿਆਪਕ ਵਾਤਾਵਰਨ ਅਨੁਕੂਲ ਇਹ ਢਲੀ ਹੋਈ ਹੈ।"[99] ਮਨੁੱਖ ਆਪਣੇ ਨਿੱਜੀ ਲਾਭ ਹਿੱਤ ਕੁਦਰਤ ਨੂੰ ਵਰਤਦਾ ਹੈ। ਜਿਸ ਕਾਰਨ ਕੁਦਰਤ ਨੂੰ ਨਸ਼ਟ ਕਰਨ ਵਿੱਚ ਭੂਮਿਕਾ ਨਿਭਾ ਰਿਹਾ ਹੈ, ਜਦਕਿ ਮਨੁੱਖੀ ਸੁੱਖਾਂ ਦੀ ਪ੍ਰਾਪਤੀ ਵਿੱਚ ਕੁਦਰਤ ਦਾ ਅਹਿਮ ਰੋਲ ਹੈ। ਕੁਦਰਤ ਨੇ ਮਨੁੱਖ ਜਿਉਣ ਲਈ ਕਿੰਨਾ ਵਧੀਆ ਕੁਦਰਤੀ ਵਾਤਾਵਰਣ ਦਿੱਤਾ। ਠੰਢੀ

---

[98] ਪ੍ਰੋ. ਅੱਛਰੂ ਸਿੰਘ, ਸਿੱਖ ਧਰਮ ਅਤੇ ਜੀਵਨ ਦਰਸ਼ਨ, ਜ਼ੋਹਰਾ ਪਬਲੀਕੇਸ਼ਨ, ਪਟਿਆਲ਼ਾ, 2014, ਪੰਨਾ 188

[99] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 113

ਛਾਂ ਅਤੇ ਆਕਸੀਜਨ ਲਈ ਦਰੱਖਤ ਅਤੇ ਪੇੜ ਪੌਦੇ ਦਿੱਤੇ। ਮਨੁੱਖੀ ਸੁਆਦ ਲਈ ਫਲ਼ ਫਰੂਟ ਦਿੱਤੇ। ਉਸ ਦੇ ਖਾਣ ਲਈ ਕਣਕ, ਚਾਵਲ ਅਤੇ ਹੋਰ ਪਦਾਰਥ ਸਭ ਕੁਦਰਤ ਨਾਲ਼ ਜੁੜਿਆ ਹੋਇਆ ਹੈ। ਪ੍ਰੰਤੂ ਇਸ ਕੁਦਰਤ ਨੂੰ ਨਸ਼ਟ ਕਰਨ ਪਿੱਛੇ ਮਨੁੱਖ ਦਾ ਨਿੱਜ ਹੀ ਜ਼ਿੰਮੇਵਾਰ ਹੈ। ਹਰ ਪਾਸੇ ਫੈਲ ਰਿਹਾ ਪ੍ਰਦੂਸ਼ਨ ਮਨੁੱਖ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਕੁਦਰਤ ਮਨੁੱਖ ਅਤੇ ਹੋਰ ਪ੍ਰਾਣੀਆਂ ਤੋਂ ਇਲਾਵਾ ਮਨੁੱਖੀ ਸਮਾਜ ਦੇ ਵਾਧੇ ਅਤੇ ਵਿਕਾਸ ਵਿੱਚ ਬਹੁਤ ਸਹਾਇਤਾ ਕਰਦੀ ਹੈ ਅਤੇ ਜਦੋਂ ਮਨੁੱਖ ਵੱਲੋਂ ਕੁਦਰਤ ਦੇ ਨਿਯਮ ਵਿੱਚ ਵਿਘਨ ਪਾਇਆ ਜਾਂਦਾ ਹੈ ਤਾਂ ਮਨੁੱਖੀ ਸਮਾਜ ਵਿਕਾਸ ਦੀ ਥਾਂ ਨਿਘਾਰ ਵੱਲ ਨੂੰ ਜਾਣਾ ਸ਼ੁਰੂ ਹੋ ਗਿਆ ਹੈ। ਕੁਦਰਤ ਵਿੱਚ ਬਹੁਤ ਤਰ੍ਹਾਂ ਦਾ ਪ੍ਰਦੂਸ਼ਣ ਫੈਲ ਰਿਹਾ ਹੈ ਜਿਵੇਂ ਕਿ ਹਵਾ ਪ੍ਰਦੂਸ਼ਣ, ਧੁਨੀ ਪ੍ਰਦੂਸ਼ਣ, ਪਾਣੀ ਅਤੇ ਮਿੱਟੀ ਦਾਚ ਪ੍ਰਦੂਸ਼ਣ ਆਦਿ। ਮਨੁੱਖ ਆਪਣੇ ਨਿੱਜੀ ਲਾਭ ਹਿੱਤ ਕੁਦਰਤ ਨੂੰ ਹਰ ਪੱਖੋਂ ਵਰਤ ਰਿਹਾ ਹੈ।

ਜਿਸ ਦੌਰਾਨ ਉਹ ਕੁਦਰਤੀ ਸੋਮਿਆਂ ਦਾ ਖਾਤਮਾ ਨਿੱਜੀ ਲਾਲਚ ਅਤੇ ਲਾਲਸਾਵਾਂ ਨੂੰ ਪੂਰਾ ਕਰਨ ਲਈ ਕਰ ਰਿਹਾ ਹੈ। ਦਿਨੋ-ਦਿਨ ਕਟ ਰਹੇ ਦਰੱਖਤਾਂ ਅਤੇ ਵਧ ਰਹੇ ਪ੍ਰਦੂਸ਼ਨ ਕਾਰਨ ਮਨੁੱਖ ਨੂੰ ਬਹੁਤ ਸਾਰੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਦਾ ਮਨੁੱਖੀ ਨਸਲ ਦੇ ਨਾਲ਼ ਹੋਰ ਜੀਵ-ਜੰਤੂਆਂ ਤੇ ਵੀ ਮਾੜਾ ਪ੍ਰਭਾਵ ਪੈ ਰਿਹਾ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿ ਜੇਕਰ ਅੱਜ ਵੀ ਮਨੁੱਖੀ ਸਮਝ ਕੁਦਰਤ ਪ੍ਰਤੀ ਸੁਹਿਰਦ ਨਾ ਹੋਈ ਤਾਂ ਇਸ ਦੇ ਬਹੁਤ ਮਾੜੇ ਨਤੀਜ਼ੇ ਭੁਗਤਣੇ ਪੈ ਸਕਦੇ ਹਨ। ਅਜਿਹੇ ਮਾਹੌਲ ਦਾ ਉਸ ਦੀ ਸੋਚ, ਮਨ ਅਤੇ ਸੁਭਾਅ ’ਤੇ ਵੀ ਨਾਕਾਰਾਤਮਕ ਅਸਰ ਪੈਣਾ ਸੁਭਾਵਿਕ ਹੈ। ਦੂਸ਼ਿਤ ਮਾਹੌਲ ਨੇ ਮਨੁੱਖੀ ਮਾਨਸਿਕਤਾ ਨੂੰ ਵੀ ਦੂਸ਼ਿਤ ਕਰ ਦਿੱਤਾ ਹੈ। ਜਿਸ ਕਾਰਨ ਉਸ ਅੰਦਰੋਂ ਇਨਸਾਨੀਅਤ, ਨਿਮਰਤਾ, ਪਿਆਰ ਅਤੇ ਭਰਾਤਰੀਭਾਵ ਖਤਮ ਹੋ ਰਿਹਾ ਹੈ। “ਸੁਭਾਅ ਕਰਕੇ ਹੁਣ ਮਨੁੱਖ ਚਿੜਚਿੜਾ ਬਣ ਗਿਆ ਹੈ। ਜੀਵਨ ਤਣਾਅ ਪੂਰਨ ਹੋ ਗਿਐ, ਈਰਖਾ, ਦਵੈਸ਼, ਮੌਕਾਪ੍ਰਸਤੀ ਦਾ ਖ਼ੂਬ ਬੋਲਬਾਲਾ ਹੈ, ਜਿਸਦਾ ਨਤੀਜਾ ਹੈ ਕਿ ਮਨੁੱਖੀ ਰਿਸ਼ਤਿਆਂ ਵਿੱਚੋਂ ਮਿਠਾਸ ਮੁੱਕ ਗਿਐ ਅਤੇ ਸਹਿਹੋਂਦ ਦੀ ਭਾਵਨਾ ਖ਼ਤਮ ਹੋ ਰਹੀ ਹੈ। ਮਨੁੱਖ ਵਿੱਚ ਲਾਲਸਾਵਾਂ ਵਧ ਰਹੀਆਂ ਹਨ ਅਤੇ ਇਹ ਸਿਰਫ਼ ਸੰਸਾਰੀ ਹੀ ਬਣ ਕੇ ਰਹਿ ਗਿਐ। ਅਧਿਆਤਮਿਕਤਾ ਜੋ ਕੁਦਰਤ ਦਾ ਹੀ ਰੂਪ ਹੈ, ਖ਼ਤਮ ਹੋ ਰਹੀ ਹੈ।”[100]

ਸਮਾਜਿਕ ਸੰਦਰਭ ਵਿੱਚ ਸਚਿਆਰ ਮਨੁੱਖ ਕੁਦਰਤ ਨੂੰ ਪਿਆਰ ਕਰਨਾ ਵਾਲ਼ਾ ਹੁੰਦਾ ਹੈ, ਕਿਉਂਕਿ ਉਹ ਪਰਮਾਤਮਾ ਨੂੰ ਪੂਰੇ ਬ੍ਰਹਿਮੰਡ ਦੀ ਸਿਰਜਕ ਸ਼ਕਤੀ ਮੰਨਦਾ ਹੈ। ਉਹ ਪਰਮਾਤਮਾ ਦੀ ਉੱਪਜ ਨੂੰ

---

[100] ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਮਤਿ ਸਭਿਆਚਾਰ, ਸਿੰਘ ਬ੍ਰਦਰਜ਼, ਬਜਾਰ ਮਾਈ ਸੇਵਾ, ਅੰਮ੍ਰਿਤਸਰ, 2008, ਪੰਨਾ 182

ਪਿਆਰ ਅਤੇ ਸਤਿਕਾਰ ਦਿੰਦਾ ਹੈ। ਉਸ ਦਾ ਵਤੀਰਾ ਹੋਰ ਜੀਵ-ਜੰਤੂਆਂ ਪ੍ਰਤੀ ਵੀ ਪਿਆਰ ਭਰਿਆ ਅਤੇ ਸਹਿਣਸ਼ੀਲਤਾ ਵਾਲ਼ਾ ਹੁੰਦਾ ਹੈ। ਉਹ ਕੁਦਰਤ ਦੀ ਮਨੁੱਖੀ ਜ਼ਿੰਦਗੀ ਅਤੇ ਹੋਰ ਜੀਵ-ਜੰਤੂਆਂ ਦੀ ਜ਼ਿੰਦਗੀ ਵਿੱਚ ਅਹਿਮੀਅਤ ਨੂੰ ਸਮਝਦਾ ਹੋਇਆ ਇਸ ਨੂੰ ਬਚਾਉਣ ਲਈ ਲੋਕਾਂ ਨੂੰ ਪ੍ਰੇਰਿਤ ਕਰਦਾ ਹੈ। ਵੱਧ ਤੋਂ ਵੱਧ ਪੇੜ-ਪੌਦੇ ਲਗਾਉਣ ਦੀ ਪ੍ਰਕਿਰਿਆ ਦੁਆਰਾ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਉਪਰਾਲੇ ਕਰਦਾ ਹੈ, ਤਾਂ ਜੋ ਮਨੁੱਖੀ ਸਮਾਜ ਬਿਨਾਂ ਦੁੱਖ ਅਤੇ ਤਕਲੀਫਾਂ ਤੋਂ ਵਿਕਸਤ ਹੋ ਸਕੇ। ਸਿੱਖ ਧਰਮ ਨੇ ਸਮਾਜ ਨੂੰ ਹੋਰ ਬੇਹਤਰ ਬਣਾਉਣ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਸਮਾਜਿਕ ਪ੍ਰਬੰਧ ਬਹੁਤ ਕਰਮ-ਕਾਂਡੀ, ਵਹਿਮਾਂ-ਭਰਮਾਂ, ਜਾਤੀਵਾਦੀ ਅਤੇ ਮੌਕੇ ਦੇ ਸ਼ਾਸਕ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਦਾ ਹਿੱਸਾ ਬਣ ਚੁੱਕਿਆ ਸੀ। ਸਮਾਜ ਵਿੱਚ ਪੂਰਨ ਤੌਰ ਤੇ ਬ੍ਰਾਹਮਣਾਂ ਦੀਆਂ ਨੀਤੀਆਂ ਦਾ ਬੋਲਬਾਲਾ ਸੀ। ਮੌਕੇ ਦੇ ਸ਼ਾਸਕਾਂ ਵੱਲੋਂ ਆਮ ਜਨਤਾ ’ਤੇ ਅਨੇਕ ਪ੍ਰਕਾਰ ਦੇ ਜ਼ੁਲਮ ਕੀਤੇ ਜਾ ਰਹੇ ਸਨ। ਸਿੱਖ ਲਹਿਰ ਜੋ ਕਿ ਗੁਰੂ ਨਾਨਕ ਸਾਹਿਬ ਦੁਆਰਾ ਸ਼ੁਰੂ ਕੀਤੀ ਗਈ ਸੀ, ਉਸ ਤਹਿਤ ਸਾਰੇ ਗੁਰੂ ਸਾਹਿਬਾਨ ਨੇ ਸਮਾਜ ਵਿੱਚ ਇੱਕ ਕ੍ਰਾਤੀਕਾਰੀ ਤਬਦੀਲੀ ਲਿਆਂਦੀ। ਜਿਸ ਨਾਲ਼ ਮਨੁੱਖ ਦੀ ਸਮਾਜ ਵਿੱਚ ਜਿੱਥੇ ਚੰਗਿਆਈ ਅਤੇ ਭਲਾਈ ਵਧੀ, ਉੱਥੇ ਸਮਾਜ ਵਿੱਚ ਭਰਾਤਰੀ-ਭਾਵ, ਸਰਬੱਤ ਦੇ ਭਲੇ ਅਤੇ ਮਾਨਵਤਾ ਦੇ ਜਜ਼ਬੇ ਵਿੱਚ ਵਾਧਾ ਹੋਇਆ। “ਗੁਰੂ ਸਾਹਿਬ ਦਾ ਸਮਾਜ ਦਾ ਸੰਕਲਪ ਇੱਕ ‘ਸਿੱਖ-ਸਮਾਜ’ ਦਾ ਸੰਕਲਪ ਹੈ, ਜਿਸ ਵਿੱਚ ਇੱਕ ਗੁਰਮੁਖ ਭਾਈਚਾਰਾ ਹੋਵੇਗਾ ਅਤੇ ਮਨੁੱਖ ਮਨੁੱਖ ਵਿਚਕਾਰ, ਧਰਮ ਧਰਮ ਵਿਚਕਾਰ, ਗਰੀਬ ਤੇ ਅਮੀਰ ਵਿਚਕਾਰ, ਰਾਜੇ ਤੇ ਪਰਜਾ ਵਿਚਕਾਰ ਕੋਈ ਵਿਤਕਰਾ ਨਹੀਂ ਹੋਵੇਗਾ। ਇਹ ਸੰਕਲਪ ਕਰਮਕਾਂਡ ਦੀਆਂ ਤੇ ਬਾਹਰੇ ਪਾਖੰਡ ਦੀਆਂ ਸਭ ਜ਼ੰਜੀਰਾਂ ਨੂੰ ਤੋੜਦਾ ਹੈ ਅਤੇ ਹਰ ਕਿਸੇ ਨੂੰ ਕੁੱਲੀ, ਗੁੱਲੀ, ਜੁੱਲੀ (ਅਰਥਾਤ ਚੰਗਾ ਖਾਣ-ਪੀਣ, ਚੰਗਾ ਪਹਿਨਣ ਤੇ ਰਹਿਣ ਲਈ ਚੰਗਾ ਘਰ) ਦੀ ਆਜ਼ਾਦੀ ਪ੍ਰਵਾਨ ਕਰਦਾ ਹੈ।”[101] ਉਪਰੋਕਤ ਵਿਚਾਰ ਚਰਚਾ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਅਤੇ ਸਮਾਜ ਨੂੰ ਹੋਰ ਚੰਗਾ ਬਣਾਉਣ ਲਈ ਮਨੁੱਖ ਦਾ ਮਾਰਗ ਦਰਸ਼ਨ ਕੀਤਾ ਅਤੇ ਆਦਰਸ਼ ਸਮਾਜ ਦੀ ਕਲਪਨਾ ਕੀਤੀ ਜਿਸ ਤਹਿਤ ਇਹ ਵਿਚਾਰ ਦਿੱਤਾ ਕਿ ਇੱਕ ਚੰਗੇ ਅਤੇ ਅਦਰਸ਼ ਸਮਾਜ ਦੇ ਨਿਰਮਾਣ ਵਿੱਚ ਇੱਕ ਅਦਰਸ਼ ਮਨੁੱਖ ਹੀ ਯੋਗਦਾਨ ਪਾ ਸਕਦਾ ਹੈ ਜਿਸ ਨੂੰ

---

[101] ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਮਤਿ ਸਭਿਆਚਾਰ, ਸਿੰਘ ਬ੍ਰਦਰਜ਼, ਬਜਾਰ ਮਾਈ ਸੇਵਾ, ਅੰਮ੍ਰਿਤਸਰ, 2008, ਪੰਨਾ 82

ਸਚਿਆਰ ਕਿਹਾ ਜਾਂਦਾ ਹੈ। ਸਚਿਆਰ ਮਨੁੱਖ ਆਪਣੀ ਸ਼ਖ਼ਸੀਅਤ ਦੇ ਗੁਣਾਂ ਨਾਲ਼ ਸਮਾਜ ਨੂੰ ਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ। ਜਿਸ ਨਾਲ਼ ਸਮਾਜਿਕ ਮਾਹੌਲ ਵਿੱਚ ਬੇਮਿਸਾਲ ਤਬਦੀਲੀ ਆਉਂਦੀ ਹੈ। ਸਚਿਆਰ ਮਨੁੱਖ ਸਹਿਜਤਾ ਵਿੱਚ ਆਪਣਾ ਜੀਵਨ ਬਸਰ ਕਰਦਾ ਹੈ।

ਜੋ ਮਨੁੱਖੀ ਸਮਾਜ ਵਿੱਚ ਗ੍ਰਿਹਸਥ ਜੀਵਨ ਬਤੀਤ ਕਰਦੇ ਹੋਏ, ਆਪਣੀਆਂ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਂਦਾ ਹੈ। ਜਿਸ ਦੌਰਾਨ ਉਹ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖਾਂ ਨਾਲ਼ ਇਨਸਾਨੀਅਤ ਦਾ ਰਿਸ਼ਤਾ ਨਿਭਾਉਂਦਾ ਹੋਇਆ, ਸਮੁੱਚੇ ਮਨੁੱਖੀ ਭਾਈਚਾਰੇ ਨੂੰ ਭਰਾਤਰੀਭਾਵ, ਪਿਆਰ ਅਤੇ ਸਤਿਕਾਰ ਦੇ ਰਿਸ਼ਤੇ ਦੀ ਲੜੀ ਵਿੱਚ ਪਰੋਂਦਾ ਹੈ। ਜਿਸ ਨਾਲ਼ ਉਹ ਸਮਾਜ ਵਿੱਚੋਂ ਪਰਾਇਆ ਭਾਵ, ਮੇਰ-ਤੇਰ ਦੀ ਭਾਵਨਾ ਅਤੇ ਦੁਸ਼ਮਣੀ ਦੀ ਭਾਵਨਾ ਦਾ ਖਾਤਮਾ ਕਰਕੇ ਇੱਕ ਦੂਜੇ ਪ੍ਰਤੀ ਚੰਗੀ ਸੋਚ, ਨਿੱਜ ਤੋਂ ਉੱਪਰ ਉੱਠ ਕੇ ਦੂਜਿਆਂ ਦੀ ਭਲਾਈ ਹਿੱਤ ਕਰਮ ਕਰਨ ਪ੍ਰਤੀ ਪ੍ਰੇਰਦਾ ਹੈ। ਜਿਸ ਨਾਲ਼ ਪੂਰਾ ਮਨੁੱਖੀ ਸਮਾਜ ਇੱਕ ਇਨਸਾਨੀਅਤ ਦੇ ਰਿਸ਼ਤੇ ਵਿੱਚ ਬੰਨਿਆਂ ਜਾਂਦਾ ਹੈ। ਉਹ ਮਨੁੱਖ ਦੁਆਰਾ ਪਾਈਆਂ ਹੋਈਆਂ ਧਰਮ, ਮਜ਼ਹਬ, ਜਾਤ-ਪਾਤ ਅਤੇ ਊਚ-ਨੀਚ ਦੇ ਆਧਾਰ ’ਤੇ ਵੰਡੀਆਂ ਨੂੰ ਮੁੱਢੋਂ ਹੀ ਨਕਾਰਦਾ ਹੈ ਅਤੇ ਸਮਾਜਿਕ ਏਕਤਾ ਦੀ ਕੋਸ਼ਿਸ਼ ਕਰਦਾ ਹੈ।

“ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਮੇਂ ਦੇ ਸਮਾਜ ਅਤੇ ਉਸਦੇ ਪਿਛੋਕੜ ਦੀ ਇੱਕ ਸ਼ੁੱਧ ਪ੍ਰਕਾਰ ਦੀ ਸੂਝ ਸੀ ਤੇ ਇਹ ਵੀ ਠੀਕ ਹੈ ਕਿ ਉਹ ਕਿਸੇ ਸਥਾਪਿਤ ਹਿੱਤ ਨਾਲ਼ ਨਹੀਂ ਸਨ ਬੱਝੇ ਹੋਏ। ਪਰ ਉਹ ਸ੍ਰੇਣੀ ਹਿੱਤਾਂ ਤੋਂ ਬਿਲਕੁਲ ਨਿਰਲਾਗ ਨਹੀਂ ਸਨ, ਉਨ੍ਹਾਂ ਦੇ ਖੰਡਨ ਵਿੱਚ ਇੱਕ ਮੰਡਨ ਦਾ ਸੁਰ ਵੀ ਸੀ। ਉਨ੍ਹਾਂ ਕੋਲ਼ ਪਿਛੋਕੜ ਤੇ ਵਰਤਮਾਨ ਦੀ ਸੂਝ ਦੇ ਨਾਲ਼-ਨਾਲ਼ ਭਵਿੱਖ ਦੇ ਸਮਾਜ ਦਾ ਸੰਕਲਪ ਵੀ ਸੀ। ਗੁਰੂ ਸਾਹਿਬ ਦੇ ਹਿੱਤ ਨਿਸ਼ਚੇ ਹੀ ਗੁਰਮੁਖਾਂ, ਕਮਜ਼ੋਰਾਂ, ਨੀਚਾਂ, ਦੁਖੀਆਂ ਅਤੇ ‘ਸੱਚ ਪੱਲੇ’ ਰੱਖਣ ਵਾਲ਼ੇ ਲੋਕਾਂ ਨਾਲ਼ ਬੱਝੇ ਹੋਏ ਸਨ।”[102] ਸਚਿਆਰ ਮਨੁੱਖ ਸਮਾਜ ਨੂੰ ਚੰਗਾ ਬਣਾਉਣ ਲਈ ਹਰੇਕ ਮਨੁੱਖ ਨੂੰ ਸਮਾਯੋਜਨ ਲਈ ਪ੍ਰੇਰਦਾ ਹੈ, ਪ੍ਰੰਤੂ ਇਹ ਸਮਾਯੋਜਨ ਚੰਗੇ ਪਰਿਵਾਰਕ ਜੀਵਨ, ਸਾਕਾਰਾਤਮਕ ਸੋਚ ’ਤੇ ਵੀ ਨਿਰਭਰ ਕਰਦਾ ਹੈ। “ਚੰਗੇਰਾ ਪਰਿਵਾਰਕ ਜੀਵਨ, ਸੁਧਰੇ ਹੋਏ ਸਕੂਲ, ਚੰਗੇਰੇ ਘਰ, ਵਧੇਰੇ ਗਿਣਤੀ ਵਿੱਚ ਹਸਪਤਾਲ ਅਤੇ

[102] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ, ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 27

ਡਾਕਟਰੀ ਸੇਵਾਵਾਂ ਦੀਆਂ ਸਹੂਲਤਾਂ, ਸੁਰੱਖਿਆ ਅਤੇ ਆਰਥਿਕ ਹਾਲਾਤ ਅਤੇ ਧਾਰਮਿਕ ਸਮੂਹਾਂ ਵਿੱਚ ਚੰਗੇਰੇ ਸੰਬੰਧ ਵਿਅਕਤੀ ਦੇ ਸਮਾਯੋਜਨ ਅਤੇ ਵਿਕਾਸ ਲਈ ਉਸ ਦੀ ਸਹਾਇਤਾ ਕਰਦੇ ਹਨ।"[103] ਸਚਿਆਰਾ ਵਿਅਕਤੀ ਇਨਸਾਨ ਵਿੱਚ ਇਨਸਾਨੀਅਤ ਦੀ ਭਾਵਨਾ ਨੂੰ ਪੈਦਾ ਕਰਨ ਲਈ ਹਰ ਸੰਭਵ ਯਤਨ ਕਰਦਾ ਹੈ। ਮਨੁੱਖੀ ਸਮਾਜ ਤੋਂ ਇਲਾਵਾ, ਹੋਰ ਜੀਵ-ਜੰਤੂਆਂ ਪ੍ਰਤੀ ਸਨੇਹ ਅਤੇ ਤਰਸ ਦੀ ਭਾਵਨਾ ਦਾ ਵਿਕਾਸ ਕਰਦਾ ਹੈ। ਜਿਵੇਂ ਕਿ ਮਨੁੱਖ ਦੁਆਰਾ ਕੀਤੇ ਜਾ ਰਹੇ ਕਰਮ ਦੌਰਾਨ ਕਿਸੇ ਵੀ ਜੀਵ-ਜੰਤੂ ਨੂੰ ਕੋਈ ਜਾਨੀ ਨੁਕਸਾਨ ਨਹੀਂ ਹੋਣਾ ਚਾਹੀਦਾ। ਕੁਦਰਤੀ ਬਨਸਪਤੀ, ਵਾਤਾਵਰਣ ਨੂੰ ਸਾਫ ਸੁਥਰਾ ਰੱਖਣ, ਵਾਤਾਵਰਣ ਨੂੰ ਬਣਾਉਣ ਲਈ ਪਹਿਲ ਕਦਮੀ ਕਰਦਾ ਹੈ। ਜਿਵੇਂ ਕਿ ਦਰੱਖਤਾਂ ਦੀ ਕੀਤੀ ਜਾ ਰਹੀ ਅੰਧਾ-ਧੁੰਦ ਕਟਾਈ ਨਾਲ਼ ਹੋ ਰਹੇ ਨੁਕਸਾਨ, ਇਸ ਦਾ ਮਨੁੱਖ ਜਾਤੀ ਅਤੇ ਹੋਰ ਜੀਵ-ਜੰਤੂਆਂ ਉੱਤੇ ਪੈ ਰਹੇ ਬੁਰੇ ਪ੍ਰਭਾਵ ਬਾਰੇ ਸੁਚੇਤ ਕਰਦਾ ਹੈ।

ਮਨੁੱਖੀ ਸੋਚ ਮੁੱਢਲੇ ਰੂਪ ਵਿੱਚ ਕੁਦਰਤ ਨਾਲ਼ ਜੁੜੀ ਹੋਣ ਕਰਕੇ ਉਸ ਨੂੰ ਕੁਦਰਤੀ ਵਾਤਾਵਰਣ ਚੰਗਾ ਜ਼ਰੂਰ ਲੱਗਦਾ ਹੈ। ਪ੍ਰੰਤੂ ਅਗਿਆਨਤਾ ਜਾਂ ਲਾਲਚ ਵਸ ਉਹ ਆਪਣੇ ਨਿੱਜੀ ਲਾਭ ਨੂੰ ਸਾਹਮਣੇ ਰੱਖ ਕੇ ਕੁਦਰਤ ਲਈ ਵਿਨਾਸ਼ਕਾਰੀ ਸੋਚ ਦਾ ਧਾਰਨੀ ਹੋ ਜਾਂਦਾ ਹੈ। ਜਦੋਂ ਵਿਕਸਤ ਸੋਚ ਅਤੇ ਸ਼ਖ਼ਸੀਅਤ ਦਾ ਮਾਲਕ ਵਿਅਕਤੀ ਇਸ ਸੰਦਰਭ ਵਿੱਚ ਮਨੁੱਖ ਨੂੰ ਇਸ ਦੇ ਚੰਗੇ ਅਤੇ ਮਾੜੇ ਸਿੱਟਿਆਂ ਤੋਂ ਜਾਣੂ ਕਰਵਾਉਂਦਾ ਹੈ ਤਾਂ ਉਸ ਸੱਚਾਈ ਦਾ ਪਤਾ ਲੱਗਣ ਤੇ ਦੂਜਿਆਂ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ। ਸਚਿਆਰ ਮਨੁੱਖ ਆਪਣੇ ਕਿੱਤੇ ਪ੍ਰਤੀ ਪੂਰੀ ਤਰ੍ਹਾਂ ਇਮਾਨਦਾਰ ਹੁੰਦਾ ਹੈ। ਜਿਸ ਵਿੱਚ ਉਹ ਕੋਈ ਕੁਤਾਹੀ ਨਹੀਂ ਕਰਦਾ, ਬਲਕਿ ਆਪਣਾ ਕਰਮ ਕਰਦਾ ਹੋਇਆ ਆਪਣੇ ਸਾਥੀਆਂ ਨਾਲ਼ ਪਿਆਰ ਅਤੇ ਸਨੇਹ ਦਾ ਰਿਸ਼ਤਾ ਸਥਾਪਿਤ ਕਰਦਾ ਹੈ। ਉਹ ਆਪਣੇ ਕੰਮ-ਕਾਜ ਤੋਂ ਇਲਾਵਾ ਸਮਾਜਿਕ ਸੰਦਰਭ ਅਨੁਸਾਰ ਜਿਸ ਥਾਂ ’ਤੇ ਵੀ ਉਹ ਖੜ੍ਹਾ ਹੁੰਦਾ ਹੈ, ਉੱਥੇ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ਼ ਆਪਣਾ ਕਰਮ ਕਰਦਾ ਹੈ। ਉਹ ਪੂਰੀ ਸੁਹਿਰਦਤਾ ਨਾਲ਼ ਸਮਾਜਿਕ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇੱਕ ਚੰਗੇ ਆਦਰਸ਼ ਸਮਾਜ ਦੇ ਨਿਰਮਾਣ ਦਾ ਜੋ ਸੰਕਲਪ ਪੇਸ਼ ਕੀਤਾ ਹੈ। ਉਸ ਆਸ਼ੇ ਦੀ ਪੂਰਤੀ ਸਚਿਆਰ

---

[103] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ, ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 24

ਸ਼ਖ਼ਸੀਅਤ ਦੁਆਰਾ ਹੋ ਸਕਦੀ ਹੈ। "ਵਿਅਕਤੀ ਅਤੇ ਸਮਾਜ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਇਸ ਲਈ ਵਿਅਕਤੀ ਦੇ ਆਚਾਰ ਦਾ ਮਹੱਤਵਪੂਰਨ ਮੁੱਦਾ ਵੀ, ਗੁਰੂ ਨਾਨਕ ਬਾਣੀ ਵਿੱਚ ਸੁਲੱਭ ਹੈ।"[104]

ਅੱਜ ਦੇ ਇਸ ਦੌਰ ਵਿੱਚ ਜਦੋਂ ਮਨੁੱਖ ਆਪਣੀਆਂ ਸੁੱਖ-ਸਹੂਲਤਾਂ ਦੀ ਪ੍ਰਾਪਤੀ ਲਈ ਸਾਰੇ ਰਿਸ਼ਤੇ-ਨਾਤਿਆਂ ਦੀ ਅਹਿਮੀਅਤ ਨੂੰ ਅਣਗੌਲ਼ਿਆਂ ਕਰ ਰਿਹਾ ਹੈ ਤਾਂ ਉਸ ਦੇ ਅੰਦਰ ਦੀ ਇਨਸਾਨੀਅਤ ਵੀ ਦਿਨੋ-ਦਿਨ ਦਮ ਤੋੜ ਰਹੀ ਹੈ। ਉਸ ਨੂੰ ਇਹ ਵੀ ਨਹੀਂ ਪਤਾ ਚੱਲ ਰਿਹਾ ਕਿ ਉਹ ਜੋ ਕੁੱਝ ਕਰ ਰਿਹਾ ਹੈ ਇਹ ਠੀਕ ਹੈ ਜਾਂ ਗਲਤ ਹੈ। ਮਨੁੱਖ ਅਜੀਬੋ-ਗਰੀਬ ਸਸ਼ੋਪੰਜ ਦਾ ਸ਼ਿਕਾਰ ਹੋਇਆ ਪਿਆ ਹੈ। ਇਸ ਹਾਲਤ ਦੇ ਮੱਦੇਨਜ਼ਰ ਉਸ ਨੂੰ ਕੋਈ ਰਾਸਤਾ ਦਿਖਾਈ ਨਹੀਂ ਦੇ ਰਿਹਾ। ਜਿੱਥੇ ਉਹ ਆਪਣੇ ਜੀਵਨ ਆਸ਼ੇ ਤੋਂ ਬਿਲਕੁਲ ਹੀ ਦੂਰ ਹੋ ਗਿਆ ਹੈ। ਉਹ ਸਮਾਜ ਤੋਂ ਤਾਂ ਟੁੱਟਿਆ ਹੀ ਹੈ ਬਲਕਿ ਆਪਣੇ ਆਪ ਤੋਂ ਵੀ ਦੂਰ ਹੋ ਗਿਆ ਹੈ। ਇਹ ਬਹੁਤ ਵੱਡੀ ਸਮਾਜਿਕ ਸਮੱਸਿਆ ਹੈ। "ਸਮਾਜਿਕ ਸਮੱਸਿਆਵਾਂ ਹਰ ਸਮਾਜ ਵਿੱਚ ਮਨੁੱਖ ਨਾਲ਼ ਅਰੰਭ ਤੋਂ ਹੀ ਚਲੀਆਂ ਆ ਰਹੀਆਂ ਹਨ ਅਤੇ ਇਸੇ ਤਰ੍ਹਾਂ ਇਨ੍ਹਾਂ ਸਮੱਸਿਆਵਾਂ ਦੇ ਨਜਿੱਠਣ ਲਈ ਲੋੜੀਦੀਆਂ ਸਮਾਜਿਕ ਸੇਵਾਵਾਂ ਵੀ ਹਰ ਇੱਕ ਸਮਾਜ ਦਾ ਭਾਗ ਹੀ ਬਣੀਆਂ ਰਹੀਆਂ ਹਨ। ਆਪਣੇ ਸਾਥੀਆਂ ਨਾਲ਼ ਪਿਆਰ, ਭਾਈਚਾਰੇ ਦੀ ਭਾਵਨਾ ਅਤੇ ਆਪਣੇ ਭਾਈਚਾਰੇ ਦੇ ਲੋਕਾਂ ਦੀਆਂ ਸੇਵਾਵਾਂ ਲਈ ਤਾਂਘ ਅਤੇ ਨਿਰਧਨਾਂ ਲਈ ਦਾਨ ਆਦਿ ਦੀਆਂ ਪ੍ਰਥਾਵਾਂ ਸਮਾਜ ਸੇਵਾਵਾਂ ਦੇ ਵੱਖੋ-ਵੱਖਰੇ ਪੱਖ ਰਹੇ ਹਨ।"[105] ਸਮਾਜ ਸੇਵਾ ਦੀ ਇਸੇ ਲੜੀ ਵਿੱਚ ਸਚਿਆਰ ਮਨੁੱਖ ਆਉਂਦੇ ਹਨ। ਸਚਿਆਰ ਮਨੁੱਖ ਸਮਾਜ ਵਿੱਚ ਆਪਣੀ ਉਦਾਹਰਣ ਦੁਆਰਾ ਮਨੁੱਖ ਨੂੰ ਉਸ ਦੇ ਜੀਵਨ ਮਕਸਦ ਪ੍ਰਤੀ ਸੁਚੇਤ ਕਰਕੇ, ਉਸਦੀ ਪ੍ਰਾਪਤੀ ਲਈ ਮਾਰਗ ਦਰਸ਼ਨ ਕਰਦਾ ਹੈ। ਉਸ ਨੂੰ ਆਪਣੇ ਆਪੇ ਦੀ ਪਹਿਚਾਣ ਕਰਵਾਕੇ ਉਸਦੇ ਨਿੱਜ ਤੋਂ ਹੋਰ ਸਭਨਾਂ ਦੇ ਹਿੱਤ ਵੱਲ ਨੂੰ ਤੋਰਦਾ ਹੈ, ਜਿੱਥੇ ਕਿ ਉਸ ਨੂੰ ਸਤਸੰਗਤ ਦੀ ਪ੍ਰਾਪਤੀ ਹੁੰਦੀ ਹੈ। ਸਤਸੰਗਤ ਵਿੱਚ ਬੈਠ ਕੇ ਮਨੁੱਖ ਅੰਦਰਲੀ ਸਾਰੀ ਭਟਕਣ, ਮਨ ਦੇ ਸਾਰੇ ਸ਼ੰਕੇ, ਦੁਬਿਧਾਵਾਂ ਅਤੇ ਦੂਜਿਆਂ ਪ੍ਰਤੀ ਓਪਰਾ ਭਾਵ ਖਤਮ ਹੋ ਜਾਂਦਾ ਹੈ। ਉਸ ਅੰਦਰ ਜਿੱਥੇ ਔਗੁਣਾਂ ਨੂੰ ਛੱਡ ਕੇ ਗੁਣਾਂ ਦੀ ਪ੍ਰਾਪਤੀ ਲਈ ਉਤਸੁਕਤਾ ਵਧਦੀ ਹੈ, ਉੱਥੇ ਦੂਜਿਆਂ

---

[104] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 116

[105] ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1998, ਪੰਨਾ 65

ਪ੍ਰਤੀ ਇਨਸਾਨੀਅਤ, ਪਿਆਰ, ਸਨੇਹ, ਭਰਾਤਰੀਭਾਵ, ਮਿਲਵਰਤਨ, ਸਹਿਯੋਗ ਅਤੇ ਸਹਾਇਤਾ ਦੀ ਭਾਵਨਾ ਪੈਦਾ ਹੁੰਦੀ ਹੈ।

ਸਮਾਜ ਵਿੱਚ ਰਹਿੰਦੇ ਮਨੁੱਖ ਜ਼ਿੰਦਗੀ ਨੂੰ ਸੁਚਾਰੂ ਢੰਗ ਨਾਲ਼ ਜਿਉਣ ਲਈ ਆਪਣੇ ਆਪ ਨੂੰ ਆਰਥਿਕ ਤੌਰ ਤੇ ਖੁਸ਼ਹਾਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਜਿਸ ਨਾਲ ਉਨ੍ਹਾਂ ਦੀ ਮਾਨਸਿਕ ਸੰਤੁਸ਼ਟੀ ਵੀ ਜੁੜੀ ਹੁੰਦੀ ਹੈ। ਭਾਵੇਂ ਕਿ ਇਹ ਆਰਥਿਕਤਾ ਮਨੁੱਖ ਦੀ ਸੁਖੀ ਜ਼ਿੰਦਗੀ ਦਾ ਆਧਾਰ ਹੈ ਪ੍ਰੰਤੂ ਇਸ ਨੂੰ ਉਸ ਦਾ ਲਕਸ਼ ਨਹੀਂ ਕਿਹਾ ਜਾ ਸਕਦਾ। "ਪਦਾਰਥਕ ਖੁਸ਼ਹਾਲੀ ਕਿਸੇ ਵੀ ਸਮਾਜ ਦਾ ਅੰਤਿਮ ਲਕਸ਼ ਨਹੀਂ ਹੋ ਸਕਦੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਕੇਵਲ ਚੰਗਾ ਪਹਿਨਣ-ਖਾਣ ਕਿਸੇ ਇੱਕ ਵਿਅਕਤੀ ਦਾ ਅੰਤਿਮ ਮਨੋਰਥ ਨਹੀਂ ਹੁੰਦਾ। ਇੱਕ ਆਦਰਸ਼ ਮਨੁੱਖ ਅਜਿਹਾ ਸੰਤੁਲਿਤ ਵਿਅਕਤੀ ਹੁੰਦਾ ਹੈ ਜਿਸ ਦੇ ਸਰੀਰ ਦੇ ਨਾਲ਼-ਨਾਲ਼ ਉਸ ਦਾ ਮਨ ਅਤੇ ਆਤਮਾ ਵੀ ਅਰੋਗ ਹੋਣ। ਮਾਨਸਿਕ ਤੇ ਆਤਮਿਕ ਅਰੋਗਤਾ, ਉਸ ਦੀ ਬੁੱਧੀ ਤੇ ਚੇਤਨਾ, ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਸਮਝਣ ਦੀ ਸ਼ਕਤੀ ਕੁੱਝ ਅਜਿਹੇ ਗੁਣ ਹਨ ਜਿਹੜੇ ਉਸ ਨੂੰ ਪਸ਼ੂ ਜਗਤ ਨਾਲ਼ੋਂ ਨਿਖੇੜਦੇ ਹਨ। ਇਸੇ ਤਰ੍ਹਾਂ ਇੱਕ ਸੰਤੁਲਿਤ ਸਮਾਜ ਲਈ ਜ਼ਰੂਰੀ ਹੈ ਕਿ ਉਹ ਪਦਾਰਥਕ ਤੌਰ 'ਤੇ ਖੁਸ਼ਹਾਲ ਹੋਣ ਦੇ ਨਾਲ-ਨਾਲ ਮਾਨਸਿਕ ਤੇ ਆਤਮਿਕ ਤੌਰ 'ਤੇ ਵੀ ਅਰੋਗ ਹੋਵੇ।"[106] ਜਿਵੇਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਮਨੁੱਖ ਆਪਣੀ ਜ਼ਿੰਦਗੀ ਦੇ ਲਕਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਇਵੇਂ ਹੀ ਆਰਥਿਕ ਤੌਰ ਤੇ ਮਜ਼ਬੂਤ, ਸਿਧਾਂਤਕ ਤੌਰ ਤੇ ਤੰਦਰੁਸਤ 'ਤੇ ਅਰੋਗ ਸਮਾਜ ਦੇ ਨਿਰਮਾਣ ਲਈ ਸਚਿਆਰਾ ਮਨੁੱਖ ਆਪਣਾ ਯੋਗਦਾਨ ਪਾਉਂਦਾ ਹੈ। ਸਚਿਆਰ ਮਨੁੱਖ ਖੁਦ ਹੱਥੀਂ ਕਿਰਤ ਕਰਨ ਅਤੇ ਵੰਡ ਕੇ ਛਕਣ ਦੇ ਸਿਧਾਂਤ ਨੂੰ ਆਪਣੀ ਜ਼ਿੰਦਗੀ ਵਿੱਚ ਢਾਲ਼ਦਾ ਹੈ। ਜਿਸ ਨਾਲ਼ ਉਹ ਦੂਜਿਆਂ ਨੂੰ ਨੇਕ ਕਮਾਈ ਕਰਨ ਲਈ ਅਤੇ ਦੂਜਿਆਂ ਦੀ ਭਲਾਈ ਲਈ ਦਸਵੰਧ ਕੱਢਣ ਲਈ ਪ੍ਰੇਰਦਾ ਹੈ। ਇਸ ਨਾਲ਼ ਮਨੁੱਖ ਜਿੱਥੇ ਮਿਹਨਤ ਕਰਨ ਵੱਲ ਵਧਦਾ ਹੈ, ਉੱਥੇ ਉਸ ਵਿੱਚੋਂ ਬੇਈਮਾਨੀ ਕਰਨ, ਚੋਰੀ ਕਰਨ, ਲੁੱਟ-ਖਸੁੱਟ ਕਰਨ ਅਤੇ ਦੂਜਿਆਂ ਦਾ ਹੱਕ ਮਾਰਨ ਦੀ ਸੋਚ ਵੀ ਖਤਮ ਹੋ ਜਾਂਦੀ ਹੈ। ਉਸ ਵਿੱਚ ਲੋਕ-ਭਲਾਈ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਗੁਰਬਾਣੀ ਵਿੱਚ ਗੁਰੂ ਸਾਹਿਬਾਨ ਦੁਆਰਾ ਵਾਰ-ਵਾਰ ਮਨੁੱਖ ਨੂੰ ਦੂਜਿਆਂ ਦੀ ਭਲਾਈ ਅਤੇ ਸਹਾਇਤਾ ਕਰਨ ਲਈ ਪ੍ਰੇਰਿਆ ਗਿਆ ਹੈ। "ਪਰਉਪਕਾਰਤਾ ਦਾ ਅਰਥ ਦੂਜੇ ਦਾ

---

[106] ਐੱਨ.ਐੱਸ. ਸੋਢੀ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006, ਪੰਨਾ 100

ਭਲਾ ਕਰਨਾ ਹੈ, ਨਿਰ-ਸਵਾਰਥ ਹੋ ਕੇ ਉਸ ਨੂੰ ਲਾਭ ਪਹੁੰਚਾਉਣਾ ਹੈ ਅਤੇ ਉਸਦੀ ਮੱਦਦ ਕਰਨਾ ਹੈ। ਇਹ ਇੱਕ ਐਸਾ ਗੁਣ ਹੈ ਜੋ ਇਨਸਾਨ ਨੂੰ ਦੇਵਤੇ ਦੇ ਰੰਗ ਵਿੱਚ ਰੰਗ ਦਿੰਦਾ ਹੈ।"[107]

ਸਚਿਆਰ ਮਨੁੱਖ ਨੇ ਜਿੱਥੇ ਦੂਜਿਆਂ ਦੇ ਭਲੇ ਲਈ ਸਮਾਜ ਵਿੱਚ ਰਹਿੰਦੇ ਲੋਕਾਂ ਨੂੰ ਪ੍ਰੇਰਿਤ ਕਰਨਾ ਹੈ, ਉੱਥੇ ਔਰਤ ਪ੍ਰਤੀ ਸਤਿਕਾਰ ਅਤੇ ਇੱਜ਼ਤ ਦੀ ਭਾਵਨਾ ਨੂੰ ਵੀ ਵਿਕਸਤ ਕਰਨਾ ਹੈ। ਸਮਾਜ ਵਿੱਚ ਔਰਤ ਦੀ ਹਾਲਤ ਦੇ ਮੱਦੇਨਜ਼ਰ ਗੁਰੂ ਨਾਨਕ ਸਾਹਿਬ ਨੇ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੇ ਤਹਿਤ ਔਰਤ ਨੂੰ ਮਾਣ ਅਤੇ ਸਤਿਕਾਰ ਦੇਣ ਲਈ ਪ੍ਰੇਰਿਆ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਔਰਤ ਨੂੰ ਮਾਣ ਦੇਣ ਅਤੇ ਉਸ ਦੀ ਮੱਦਦ ਕਰਨ ਦਾ ਉਪਦੇਸ਼ ਲੋਕਾਈ ਨੂੰ ਦਿੱਤਾ ਹੈ। ਜਿਸ ਤਹਿਤ ਸਚਿਆਰ ਮਨੁੱਖ ਖੁਦ ਸਮਾਜ ਵਿੱਚ ਰਹਿੰਦੀਆਂ ਔਰਤਾਂ ਦਾ ਸਤਿਕਾਰ ਕਰਦਾ ਹੈ ਅਤੇ ਦੂਜਿਆਂ ਨੂੰ ਵੀ ਔਰਤਾਂ ਦੀ ਇੱਜ਼ਤ ਕਰਨ ਲਈ ਪ੍ਰੇਰਦਾ ਹੈ। ਇਸ ਨਾਲ਼ ਜਿੱਥੇ ਸਮਾਜ ਵਿੱਚ ਔਰਤ ਦਾ ਮਾਣ-ਸਤਿਕਾਰ ਵਧਦਾ ਹੈ। ਉੱਥੇ ਉਸ ਦੀ ਸੁਰੱਖਿਆ ਦਾ ਘੇਰਾ ਵੀ ਵਧਦਾ ਹੈ। ਸੋ ਸਚਿਆਰ ਮਨੁੱਖ ਸਮਾਜ ਵਿੱਚ ਭਰਾਤਰੀਭਾਵ ਵਾਲ਼ਾ ਮਾਹੌਲ ਬਣਾਉਣ ਵਿੱਚ ਕਾਮਯਾਬ ਹੁੰਦਾ ਹੈ। ਜਿਸ ਨਾਲ਼ ਸਮਾਜ ਨੂੰ ਕਲਿਆਣਕਾਰੀ ਸਮਾਜ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਸਮਾਜ ਦਾ ਸੁਪਨਾ ਸਾਕਾਰ ਕਰਨ ਵਿੱਚ ਸਚਿਆਰ ਮਨੁੱਖ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਧਰਮ ਸਮਾਜ ਨੂੰ ਚੰਗਾ ਬਣਾਉਣ ਵਿੱਚ ਮਨੁੱਖ ਦੀ ਸਹਾਇਤਾ ਕਰਦਾ ਹੈ। ਅੱਜ ਦੇ ਮੌਜੂਦਾ ਸੰਦਰਭ ਮੁਤਾਬਿਕ ਸਮਾਜ ਪ੍ਰਤੀ ਸਾਕਾਰਤਾਮਕ ਸੋਚ ਬਣਾਉਣ ਦੀ ਜ਼ਰੂਰਤ ਹੈ। ਇਸ ਨੂੰ ਆਦਰਸ਼ ਸਮਾਜ ਬਣਾਉਣ ਵਿੱਚ ਸਮਾਜ ਦੇ ਸਾਰੇ ਮਨੁੱਖ ਆਪਣਾ-ਆਪਣਾ ਰੋਲ ਸਾਕਾਰਾਤਮਕ ਰੂਪ ਵਿੱਚ ਅਦਾ ਕਰ ਸਕਦੇ ਹਨ। ਹਰੇਕ ਮਨੁੱਖ ਆਪਣੀ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਖੁਸ਼ੀਆਂ ਦੀ ਪ੍ਰਾਪਤੀ ਚਾਹੁੰਦਾ ਹੈ। ਇਸ ਖੁਸ਼ੀ ਨੂੰ ਹਾਸਲ ਕਰਨ ਲਈ ਉਹ ਬਹੁਤ ਤਰ੍ਹਾਂ ਦੇ ਯਤਨ ਕਰਦਾ ਹੈ। ਜਿਸ ਲਈ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਇਸ ਕੋਸ਼ਿਸ਼ ਵਿੱਚ ਸ਼ਾਮਿਲ ਕਰਦਾ ਹੈ। ਇੱਥੇ ਇਹ ਗੱਲ ਬੜੀ ਮਹੱਤਵਪੂਰਨ ਹੋ ਜਾਂਦੀ ਹੈ ਕਿ ਜੇਕਰ ਮਨੁੱਖ ਆਪਣੀ ਸਾਕਾਰਾਤਮਕ ਸੋਚ, ਵਿਚਾਰ ਅਤੇ ਕਰਮ ਦੇ ਆਧਾਰ 'ਤੇ ਪਰਿਵਾਰ ਅਤੇ ਸਮਾਜ ਵਿੱਚ ਰਹਿੰਦੇ ਹੋਰ

[107] ਡਾ. ਜਸਬੀਰ ਕੇਸਰ, ਸਿੱਖ-ਵਿਅਕਤੀ ਤੇ ਸਿੱਖ-ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 84

ਮਨੁੱਖਾਂ ਨੂੰ ਵੀ ਸ਼ਾਮਿਲ ਕਰਦਾ ਹੈ ਤਾਂ ਉਸ ਦੇ ਇਸ ਟੀਚੇ (ਖੁਸ਼ੀ ਦੀ ਪ੍ਰਾਪਤੀ) ਦੀ ਪ੍ਰਾਪਤੀ ਸਹਿਜੇ ਹੀ ਹੋ ਸਕਦੀ ਹੈ। ਕਿਉਂਕਿ ਮਨੁੱਖ ਇਕੱਲਤਾ ਵਿੱਚ ਕੁੱਝ ਵੀ ਹਾਸਲ ਕਰਨ ਯੋਗ ਨਹੀਂ ਹੁੰਦਾ, ਇਸ ਲਈ ਉਹ ਦੂਜਿਆਂ ਦੇ ਸਾਥ ਨਾਲ਼, ਦੂਜਿਆਂ ਦੀ ਖੁਸ਼ੀ ਵਿੱਚ, ਦੂਜਿਆਂ ਦੀ ਖੁਸ਼ੀ ਲਈ ਕੀਤੀ ਕੋਸ਼ਿਸ਼ ਨਾਲ਼ ਖੁਦ ਵੀ ਇਸ ਨੂੰ ਹਾਸਲ ਕਰ ਲੈਂਦਾ ਹੈ। ਮਨੁੱਖੀ ਸਮਾਜ ਵਿੱਚ ਇੱਕ ਮਨੁੱਖ ਦੂਜੇ 'ਤੇ ਨਿਰਭਰ ਹੋਣ ਕਾਰਨ ਹਰ ਹੀਲੇ ਦੂਜਿਆਂ ਨਾਲ਼ ਜੁੜਿਆ ਹੁੰਦਾ ਹੈ। ਇਸ ਲਈ ਉਸ ਇਕੱਲੇ ਦੀ ਖੁਦ ਲਈ ਕੀਤੀ ਗਈ ਕੋਈ ਵੀ ਕੋਸ਼ਿਸ਼ ਉਸ ਨੂੰ ਸਫ਼ਲਤਾ ਨਹੀਂ ਦੇ ਸਕਦੀ।

ਆਦਰਸ਼ ਮਨੁੱਖ ਦੇ ਰੂਪ ਵਿੱਚ ਸਚਿਆਰ ਸ਼ਖ਼ਸੀਅਤ ਵਾਲ਼ਾ ਇਨਸਾਨ ਸਮਾਜ ਨੂੰ ਵੱਖਰਾ ਰੂਪ ਦੇ ਸਕਦਾ ਹੈ। "ਅਜਿਹੇ ਗੁਰਮੁਖ ਵਿਅਕਤੀਆਂ ਨਾਲ਼ ਸੁਸ਼ੋਭਿਤ ਸਮਾਜ ਸਿੱਖ-ਸਮਾਜ ਹੈ। ਇਹ ਸਮਾਜ ਆਪਣੇ ਮੈਂਬਰਾਂ ਵਾਂਗ ਹੀ ਪਦਾਰਥਕ, ਮਾਨਸਿਕ ਅਤੇ ਆਤਮਿਕ ਧਰਾਤਲ 'ਤੇ ਇੱਕ ਸੰਤੁਲਿਤ ਸਮਾਜ ਹੈ, ਜਿਸ ਵਿੱਚ ਧਰਮਾਂ-ਕਰਮਾਂ, ਜਾਤਾਂ-ਪਾਤਾਂ ਅਤੇ ਰੰਗਾਂ-ਨਸਲਾਂ ਦੇ ਭੇਦ ਨਹੀਂ ਰਹਿੰਦੇ। ਵਿਅਕਤੀ ਕੇਵਲ ਵਿਅਕਤੀ ਅਰਥਾਤ ਮਨੁੱਖ ਹੋਣ ਕਰ ਕੇ ਹੀ ਪੂਜਣਯੋਗ ਹੈ ਕਿਉਂਕਿ ਉਹ ਬ੍ਰਹਮ ਦੀ ਸਭ ਤੋਂ ਸ੍ਰੇਸ਼ਟ ਰਚਨਾ ਹੈ।"[108] ਸਚਿਆਰ ਮਨੁੱਖ ਜਿੱਥੇ ਸਮਾਜ ਨੂੰ ਆਦਰਸ਼ ਸਮਾਜ ਬਣਾਉਣ ਵਿੱਚ ਯੋਗਦਾਨ ਪਾਉਂਦਾ ਹੈ, ਉੱਥੇ ਦੂਜਿਆਂ ਨੂੰ ਚੰਗੇ ਗੁਣਾਂ ਦਾ ਧਾਰਨੀ ਬਣਾ ਕੇ ਉਨ੍ਹਾਂ ਨੂੰ ਚੰਗੇ ਇਨਸਾਨ ਬਣਾਉਣ ਵਿੱਚ ਮੋਹਰੀ ਰੋਲ ਅਦਾ ਕਰਦਾ ਹੈ। ਆਪਣੀ ਸ਼ਖ਼ਸੀਅਤ ਦੇ ਚੰਗੇ ਗੁਣਾਂ ਦੀ ਖੁਸ਼ਬੋ ਨਾਲ਼ ਸਮਾਜ ਵਿੱਚ ਸੁਗੰਧੀਆਂ ਖਿਲਾਰਦਾ ਹੋਇਆ ਦੂਜੇ ਮਨੁੱਖਾਂ ਨੂੰ ਜੀਵਨ ਮਕਸਦ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਜਿਸ ਨਾਲ਼ ਉਹ ਆਪਣੀ ਇਨਸਾਨੀਅਤ ਦੀ ਅਤੇ ਸਮਾਜਿਕਤਾ ਦੀ, ਦੁਨੀਆਂਦਾਰੀ ਦੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ਼ ਨਿਭਾਉਂਦਾ ਹੋਇਆ ਆਪਣੀ ਸਾਰੀ ਜ਼ਿੰਦਗੀ ਦੂਜਿਆਂ ਨੂੰ ਸਮਰਪਿਤ ਕਰ ਦਿੰਦਾ ਹੈ। ਜਿਸ ਦੀ ਪ੍ਰੇਰਨਾ ਸਦਕਾ ਹੋਰ ਵੀ ਚੰਗਿਆਈ ਦੇ ਰਾਸਤੇ ਉੱਤੇ ਚੱਲਣਾ ਸ਼ੁਰੂ ਕਰ ਦਿੰਦੇ ਹਨ।

---

[108] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ, ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2011, ਪੰਨਾ 68

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


- ਅੱਛਰੂ ਸਿੰਘ (ਪ੍ਰੋ.), ਵਾਲੀਆ, ਅਨੁਭਵ (ਪ੍ਰੋ.), ਜੀਵਨ ਜਾਂਚ, ਪਟਿਆਲ਼ਾ ਕਲਾ ਪਰਿਸ਼ਦ, ਪਟਿਆਲ਼ਾ, 2011
- ਅਬਨੀਸ਼ ਕੌਰ (ਡਾ.), ਗੁਰਸਿੱਖੀ ਦਾ ਸਿੱਖਣਾ, ਗ੍ਰੇਸ਼ੀਅਸ ਬੁੱਕਸ, ਪਟਿਆਲ਼ਾ, 2014
- ਅਲੱਗ, ਸਰੂਪ ਸਿੰਘ (ਡਾ.), ਗੁਰਬਾਣੀ ਸੰਕਲਪ,ਅਲੱਗ ਸ਼ਬਦ ਯੱਗ,ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2007
- ਸਿੱਧੂ, ਗੁਰਮੀਤ ਸਿੰਘ (ਡਾ.), ਭਾਰਤੀ ਸਮਾਜ ਦੇ ਮੂਲ ਅਧਾਰ, ਅਦਬ ਪ੍ਰਕਾਸ਼ਨ, ਪਟਿਆਲ਼ਾ, 1999
- ਅਮੋਲ, ਐਸ. ਐਸ, ਧਰਮਾਂ ਦੀ ਮੁੱਢਲੀ ਜਾਣਕਾਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988
- ਕੁਲਵੰਤ ਸਿੰਘ (ਡਾ.), ਕਿਰਤ ਤੇ ਧਰਮ, ਅਮਨ ਪ੍ਰਕਾਸ਼ਨ, ਬਰਨਾਲ਼ਾ, 2013
- ਅਮਰ ਸਿੰਘ (ਸੰਪਾਦਕ:), 'ਸਤਿਸੰਗਤ' ਦਾ ਗੁਰਮਤਿ ਪਰਿਪੇਖ, ਪ੍ਰੋ. ਸ਼ਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲ਼ਾ, 1999
- ਉੱਪਲ, ਸੁਰਿੰਦਰ ਸਿੰਘ (ਡਾ.), ਗੁਰੂ ਕ੍ਰਿਪਾ, ਨੈਸ਼ਨਲ ਬੁਕ ਸ਼ਾਪ, ਦਿੱਲੀ, 2010
- ਉਦਾਸੀਨ, ਚੰਦਰ ਸਵਾਮੀ, ਪ੍ਰਭੂ-ਪ੍ਰਾਪਤੀ, ਸੀਕਰਜ਼ ਟਰੱਸਟ, ਸਾਧਨਾ ਕੇਂਦਰ ਆਸ਼ਰਮ, ਡੇਹਰਾਦੂਨ, 2013
- ਅਵਤਾਰ ਸਿੰਘ (ਡਾ.), ਬਲਕਾਰ ਸਿੰਘ (ਡਾ.) ਸੰਪਾਦਕ: ਸਿੱਖ ਧਰਮ ਦਾ ਨੈਤਿਕ ਪ੍ਰਸੰਗ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998
- ਆਗਿਆਜੀਤ ਸਿੰਘ (ਡਾ.), ਸਾਧਾਰਨ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,2014

- ਐਫ ਮੈਕਸਮੂਲਰ, ਅਨੁ. ਤਾਰਨ ਸਿੰਘ, ਧਰਮ ਦੀ ਉਤਪਤੀ ਅਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2002
- ਭੱਲਾ, ਜਸਬੀਰ ਸਿੰਘ (ਡਾ.), ਧਰਮ ਅਤੇ ਸਮਾਜ ਇੱਕ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, 16/16, ਫਸਟ ਫਲੋਰ, ਗੀਤਾ ਕਲੋਨੀ, ਦਿੱਲੀ, 2002
- ਬਡੂੰਗਰ, ਕਿਰਪਾਲ ਸਿੰਘ, ਗੁਰਮਤਿ ਵਿਚਾਰ ਤੇ ਸਿੱਖੀ ਜੀਵਨ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2006
- ਬੀਰ, ਰਘਬੀਰ ਸਿੰਘ, ਸਿਮਰਨ ਮਹਿਮਾ, ਆਤਮ ਸਾਇੰਸ ਟਰੱਸਟ, ਨਵੀਂ ਦਿੱਲੀ, 2007
- ਬਲਕਾਰ ਸਿੰਘ (ਡਾ.) ਸੰਪਾਦਕ: ਗੁਰੂ ਨਾਨਕ ਚਿੰਤਨ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,1998
- ਬਲਕਾਰ ਸਿੰਘ (ਡਾ.), ਅਰਦਾਸ ਦਾ ਸਿੱਖ ਪ੍ਰਸੰਗ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ,1998
- ਬਲਕਾਰ ਸਿੰਘ (ਡਾ.), ਗੁਰਮਤਿ ਵਿਵੇਚਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯਨੀਵਰਸਿਟੀ, ਪਟਿਆਲਾ, 1995
- ਬਲਕਾਰ ਸਿੰਘ (ਡਾ.), ਸਿੱਖ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998
- ਭੰਡਾਲ, ਕੁਲਵੰਤ ਸਿੰਘ (ਵਿਆਖਿਆਕਾਰ), ਜਪੁ ਵੀਚਾਰ, ਪ੍ਰਿੰਟਵੈੱਲ, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ, 2015
- ਭਾਟੀਆ, ਸੁਰਜੀਤ ਸਿੰਘ, ਨਿਰਭਉ ਤੇ ਨਿਰਵੈਰ ਸਮਾਜ, ਗੁਰੂ ਨਾਨਕ ਫਾਊਂਡੇਸਨ ਨਵੀਂ ਦਿੱਲੀ, 1985
- ਬੇਦੀ, ਗੁਰਨਾਮ ਕੌਰ, ਗੁਰਮਤਿ ਸੰਕਲਪ, ਵਾਰਿਸ਼ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 1999
- ਬੈਨਰਜੀ, ਅਨਿਲ ਚੰਦਰ, 'ਗੁਰੂ ਨਾਨਕ ਟੂ ਗੁਰੂ ਗੋਬਿੰਦ ਸਿੰਘ', ਰਾਜੇਸ਼ ਪਬਲੀਕੇਸ਼ਨਜ਼, ਨਵੀਂ ਦਿੱਲੀ, 1978

- ਚਮਕੌਰ ਸਿੰਘ, ਜੀਵਨ ਮੁਹਾਰਤਾਂ, ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ (ਰਜਿ.), ਮੋਗਾ, 2015
- ਧੀਰ, ਕੁਲਦੀਪ ਸਿੰਘ (ਡਾ.), ਸਿੱਖ ਧਰਮ ਦਰਸ਼ਨ, ਵੈੱਲਵਿਸ਼ ਪ੍ਰਿੰਟਰਜ਼, ਨਵੀਂ ਦਿੱਲੀ, 1998
- ਦਰਸ਼ਨ ਸਿੰਘ (ਡਾ.), ਧਰਮ ਅਧਿਐਨ ਅਤੇ ਸਿੱਖ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2008
- ਡੇਵਿਸ, ਕਿੰਗਜ਼ਲੇ, ਅਨੁਵਾਦ: ਜੰਮੂ, ਪਰਕਾਸ਼ ਸਿੰਘ, ਮਨੁੱਖੀ ਸਮਾਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2009
- ਗੁਰਚਰਨ ਸਿੰਘ, ਨਦਰੀ ਨਦਰਿ ਨਿਹਾਲ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2008
- ਗੁਰਮੁਖ ਸਿੰਘ (ਡਾ.), ਗੁਰਬਾਣੀ ਵਿਚਾਰ, ਪੰਜਾਬੀ ਪਬਲੀਕੇਸ਼ਨ, ਜੱਟਾਂ ਵਾਲਾ ਚੌਂਤਰਾ, ਪਟਿਆਲਾ, 2005
- ਗੁਰਮੁਖ ਸਿੰਘ, ਮੇਜਰ (ਰਿਟਾ.) ਅਨੁਵਾਦਕ; ਕਪੂਰ, ਪ੍ਰਿਥੀਪਾਲ ਸਿੰਘ, ਗੁਰੂ ਨਾਨਕ ਅਤੇ ਸਿੱਖ ਧਰਮ ਦੀ ਉਤਪਤੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010
- ਗੁਰਨਾਮ ਕੌਰ (ਡਾ.), ਬਾਣੀ ਅਤੇ ਧਰਮ ਦਰਸ਼ਨ, ਐਮ. ਬੀ. ਪ੍ਰੈਸ, ਫੋਕਲ ਪੁਆਇੰਟ, ਪਟਿਆਲ਼ਾ, 1999
- ਗੁਰਨਾਮ ਕੌਰ (ਸੰਪਾਦਕ:), ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998
- ਗੁਰਨੇਕ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਆਖਿਆ ਅਤੇ ਸੰਦੇਸ਼, ਗੁਰਮਤਿ ਪ੍ਰਕਾਸ਼ਨ, ਪਟਿਆਲ਼ਾ, 2008
- ਹਰਬੰਸ ਸਿੰਘ (ਡਾ.), ਦੇਗ ਤੇਗ ਫਤਹ, ਆਲਮ ਪਬਲਿਸ਼ਿੰਗ ਹਾਊਸ, ਚੰਡੀਗੜ੍ਹ, 1987
- ਹਰਦੇਵ ਸਿੰਘ, ਸਿੱਖੀ ਦਾ ਦਰਸ਼ਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009
- ਹਰਜੋਤ ਕੌਰ (ਡਾ.), ਗੁਰਮਤਿ ਦੇ ਪ੍ਰਮੁੱਖ ਸੰਕਲਪ, ਗੁਰਮਤਿ ਪ੍ਰਕਾਸ਼ਨ, ਪਟਿਆਲ਼ਾ, 2010

- ਹੇਸਟਿੰਗਜ਼, ਜੇਮਸ (ਸੰਪਾ:) 'ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ' ਵਿੱਚ 'ਚੈਰਿਟੀ' ਦੇ ਸਿਰਲੇਖ ਹੇਠ ਲਿਖੇ ਲੇਖ ਵਿੱਚੋਂ (ਐਡਿਨਬਰਗ.ਟੀ.ਐਂਡ ਟੀ ਕਲਾਰਕ, 1971), ਜਿਲਦ ਤੀਜੀ
- ਇਕਬਾਲ ਸਿੰਘ (ਬਾਬਾ), ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010
- ਢਿੱਲੋਂ, ਜਸਵਿੰਦਰ ਕੌਰ (ਡਾ.), ਗੁਰੂ ਨਾਨਕ ਦੀ ਕੀਮਤ-ਮੀਮਾਂਸਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982
- ਢਿੱਲੋਂ,ਜਸਵਿੰਦਰ ਕੌਰ (ਡਾ.), ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਦਾ ਦਾਰਸ਼ਨਿਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1991
- ਢਿੱਲੋਂ, ਜਸਵਿੰਦਰ ਕੌਰ ਢਿੱਲੋਂ (ਡਾ.), (ਸੰਪਾਦਕ) ਗੁਰੂ ਨਾਨਕ ਬਾਣੀ ਸਮਾਜਿਕ ਤੇ ਸਭਿਆਚਾਰਕ ਪਰਿਪੇਖ, ਡਾ. ਆਰ.ਐਸ. ਬਾਵਾ, ਰਜਿਸਟਰਾਰ, ਗੁਰੁ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ, 2006
- ਢਿੱਲੋਂ, ਸੁਰਜੀਤ ਸਿੰਘ, ਮਨੁੱਖ (ਵਿਗਿਆਨ ਦੇ ਝਰੋਖੇ 'ਚੋਂ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1999
- ਡਿਊਈ, ਜਾਨ, ਸਦਾਚਾਰਕ ਜੀਵਨ ਦਾ ਸਿਧਾਂਤ, ਲੋਕ ਸਾਹਿਤਯ ਪ੍ਰਕਾਸ਼ਨ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1966
- ਬਡੂੰਗਰ, ਕਿਰਪਾਲ ਸਿੰਘ (ਪ੍ਰੋ.), ਗੁਰਮਤਿ ਸਭਿਆਚਾਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2008
- ਕਿੰਗਜ਼ਲੇ, ਡੇਵਿਸ, ਅਨੁਵਾਦਕ: ਜੰਮੂ, ਪਰਕਾਸ਼ ਸਿੰਘ, ਮਨੁੱਖੀ ਸਮਾਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2009
- ਢਿੱਲੋਂ, ਸੁਰਜੀਤ ਸਿੰਘ (ਡਾ.), ਸੰਸਾਰ ਵਿਖੇ ਜੀਵ ਕਿਵੇਂ ਪਧਾਰੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2016

- ਪ੍ਰਿਤਪਾਲ ਸਿੰਘ, ਜਪੁਜੀ ਵਿਵੇਚਨ, ਮੋਹਿਤ ਇੰਟਰਪ੍ਰਾਇਜ਼ਿਜ਼, ਬੁੱਕਸ ਮਾਰਕੀਟ, ਪਟਿਆਲ਼ਾ, 1996
- ਜੱਗੀ, ਰਤਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਧਨਾ ਦਾ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2012
- ਜੱਗੀ, ਰਤਨ ਸਿੰਘ (ਮੁੱਖ ਸੰਪਾਦਕ), ਖੋਜ ਪੱਤ੍ਰਿਕਾ, ਗੁਰੂ ਅਮਰਦਾਸ ਵਿਸ਼ੇਸ਼ ਅੰਕ, ਸਤੰਬਰ, 1979 ਅੰਕ-14, 2005
- ਜਗਬੀਰ ਸਿੰਘ (ਡਾ.), ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 1973
- ਜਗਜੀਤ ਸਿੰਘ (ਡਾ.), ਨਾਮ-ਜਪੁ-ਸਿਮਰਨ ਅਤੇ ਗੁਰਬਾਣੀ ਵਿਚਾਰ, ਆਤਮ ਸਾਇੰਸ ਟਰੱਸਟ, ਨਵੀਂ ਦਿੱਲੀ, 2008
- ਜੀਵਨ ਸਿੰਘ (ਭਾਈ.), ਗੁਰਮੁਖ ਜਮਹੂਰੀਅਤ, ਗੁਰਮੁਖਿ ਜੀਵਨ ਪਲਟਾ ਸਤਿਸੰਗ, ਲੁਧਿਆਣਾ-3, 1973
- ਜੰਗ ਸਿੰਘ (ਗਿਆਨੀ), ਰੂਹਾਨੀ ਸਾਹਿਤ, ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਿਟਡ, ਲੁਧਿਆਣਾ, 1998
- ਜੋਧ ਸਿੰਘ (ਡਾ.), ਸਿੱਖ ਸਿਧਾਂਤ ਸਰੂਪ ਤੇ ਸਮਰੱਥਾ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1991
- ਜੋਧ ਸਿੰਘ, "ਸਿੱਧ ਗੋਸ਼ਟ ਦੇ ਸੰਦਰਭ ਵਿੱਚ ਗੁਰੂ ਨਾਨਕ ਦਾ ਚਿੰਤਨ", ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ 1987
- ਜੋਡ, ਸੀ.ਈ.ਐਮ, 'ਫਿਲਾਸਫੀ ਆਫ ਆਵਰ ਟਾਈਮਜ਼,' ਲੰਡਨ, ਥਾਮਸ ਨੈਲਸਨ ਐਂਡ ਸੰਨਜ਼ ਲਿਮ, 1946
- ਜੋਗਿੰਦਰ ਸਿੰਘ, ਸ੍ਰੀ ਗੁਰੂ ਗ੍ਰੰਥ ਦਰਪਣ, ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ, 1966
- ਜੌੜਾਸਿੰਘਾ, ਬਲਵਿੰਦਰ ਸਿੰਘ, ਸਾਖੀਆਂ ਸਚਿਆਰ ਸਿੱਖਾਂ ਦੀਆਂ (ਭਾਗ ਪਹਿਲਾ), ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2012

- ਜਸਵੰਤ ਸਿੰਘ ਨੇਕੀ (ਡਾ.) ਅਰਦਾਸ, ਦਰਸ਼ਨ ਰੂਪ ਅਭਿਆਸ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1996
- ਜਾਚਕ, ਹਰੀ ਸਿੰਘ, ਗੁਰੂ ਨਾਨਕ ਉਪਕਾਰ (ਮਹਾਂ ਕਾਵਿ), ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1972
- ਜੈਨ, ਗਿਆਨ ਚੰਦ (ਡਾ.), ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਬਾਣੀ, ਇੱਕ ਸਮਾਜਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015
- ਕਲੇਰ, ਕੁਮਾਰੀ ਅਮ੍ਰਿਤ, ਸਾਧਾਰਨ ਮਨੋਵਿਗਿਆਨ ਦੀ ਪਾਠ-ਪੁਸਤਕ, ਸਰਦਾਰ ਅਮਰੀਕ ਸਿੰਘ, ਐਮ.ਏ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਦੁਆਰਾ ਪ੍ਰਕਾਸ਼ਿਤ-1971
- ਕੰਗ, ਗੁਲਜਾਰ ਸਿੰਘ (ਡਾ.), ਸ਼ਬਦ ਦਾ ਸੰਕਲਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005
- ਕੋਇਨਿੰਗ, ਸੈਮੂਅਲ, ਸਮਾਜ-ਵਿਗਿਆਨ, (ਸਮਾਜ ਦੇ ਵਿਗਿਆਨ ਨਾਲ ਜਾਣ-ਪਛਾਣ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1984
- ਖੋਜੀ, ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥ ਕਲਿ ਤਾਤੀ ਠਾਂਢਾ ਹਰਿ ਨਾਉ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2016
- ਖੋਜੀ, ਭਰਮ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2015
- ਖੋਜੀ, ਧਰਮ ਜਾਂ ਮਜ਼ਹਬ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017
- ਖੋਜੀ, ਧਰਮ ਪ੍ਰਚਾਰ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017
- ਖੋਜੀ, ਦੂਜਾ ਭਾਉ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017
- ਖੋਜੀ, ਗੁਰਬਾਣੀ ਅਨੁਭਵ ਤੇ ਹੋਰ ਲੇਖ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017
- ਖੋਜੀ, ਹੁਕਮੁ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017

- ਖੋਜੀ, ਇਕਾ ਬਾਣੀ ਇਕ ਗੁਰੁ ਇਕੋ ਸਬਦੁ ਵੀਚਾਰ॥ ਤੇ ਹੋਰ ਲੇਖ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2015
- ਖੋਜੀ, ਸਿਮਰਨ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2018
- ਖੋਜੀ, ਸਬਦੁ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2017
- ਖੋਜੀ, ਸੰਗਤਿ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2015
- ਖੋਜੀ, ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2015
- ਖੋਜੀ, ਸੇਵਾ ਤੇ ਹੋਰ ਲੇਖ, ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.), ਦੋਦੜਾ, ਮਾਨਸਾ, 2015
- ਕਰਨਲ ਗੁਰਸੇਵਕ ਸਿੰਘ (ਰਿ.), ਅਨੁਵਾਦਕ: ਡਾ. ਤਰਲੋਚਣ ਕੌਰ ਬੇਦੀ ਅਤੇ ਪ੍ਰੋ. ਦਰਸ਼ਨ ਕੌਰ ਬੇਦੀ, ਤਣਾਓ ਕੰਟ੍ਰੋਲ, ਸਿਹਤਮੰਦ ਖੁਸ਼ਹਾਲ ਅਤੇ ਸਫਲ ਜੀਵਨ ਵੱਲ ਕਦਮ, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1995
- ਕੁਲਵੰਤ ਸਿੰਘ (ਡਾ.), ਸਿਗਮੰਡ ਫ਼ਰਾਇਡ ਅਤੇ ਮਨੋਵਿਸ਼ਲੇਸ਼ਣ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2008
- ਕੁਲਵੰਤ ਕੌਰ (ਡਾ.), ਗੁਰਮਤਿ ਨੂਰ, ਵੈੱਲਵਿਸ਼ ਪਬਲਿਸ਼ਰਜ਼, ਮੌਰੀਆ ਐੱਨਕਲੇਵ, ਦਿੱਲੀ, 1999
- ਕੇਸਰ, ਜਸਬੀਰ (ਡਾ.), ਸਿੱਖ-ਵਿਅਕਤੀ ਤੇ ਸਿੱਖ-ਸਮਾਜ, ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ, ਲੋਕਗੀਤ ਪ੍ਰਕਾਸਨ, ਚੰਡੀਗੜ੍ਹ, 2007
- ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007
- ਮਨਸੁਖਾਨੀ, ਗੋਬਿੰਦ ਸਿੰਘ, ਗੁਰਸਿੱਖੀ ਕੀ ਹੈ?, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2003
- ਮੋਹਨ ਸਿੰਘ (ਪ੍ਰੋ.) ਨਾਨਕਾਇਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2005

- ਮੈਕਸਮੂਲਰ, ਐਫ਼., ਤਾਰਨ ਸਿੰਘ (ਅਨੁਵਾਦਕ:), ਧਰਮ ਦੀ ਉਤਪਤੀ ਅਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2002
- ਨਾਭਾ, ਕਾਨ੍ਹ ਸਿੰਘ (ਭਾਈ), ਗੁਸ਼ਬਦ ਰਤਨਾਕਰ ਮਹਾਨਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009
- ਨੇਕੀ, ਜਸਵੰਤ ਸਿੰਘ (ਡਾ.), ਵਿਸ਼ਵ ਅਰਦਾਸ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ,1997
- ਨੇਕੀ, ਜਸਵੰਤ ਸਿੰਘ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998
- ਨੇਕੀ, ਜਸਵੰਤ ਸਿੰਘ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2009
- ਪਦਮ, ਪਿਆਰਾ ਸਿੰਘ (ਪ੍ਰੋ.), ਗੁਰੂ ਘਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1997
- ਪੰਨੂ, ਹਰਪਾਲ ਸਿੰਘ, ਗੁਰੂ ਨਾਨਕ ਦਾ ਕੁਦਰਤ-ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2002
- ਪਰਮਿੰਦਰ ਕੌਰ (ਡਾ.), ਗੁਰੂ ਗ੍ਰੰਥ ਸਾਹਿਬ, ਸਿਧਾਂਤ ਅਤੇ ਸੰਦੇਸ਼, ਗ੍ਰੇਸ਼ੀਅਸ ਬੁੱਕਸ, ਅਰਬਨ ਅਸਟੇਟ, ਪਟਿਆਲਾ, 2008
- ਪਰਮਿੰਦਰਜੀਤ ਕੌਰ (ਡਾ.), ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ, ਬਿਸ਼ਨ ਚੰਦ ਐਡ ਸਨਜ਼, ਦਿੱਲੀ, 2011
- ਪਰਮਵੀਰ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010
- ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ, ਭਾਸ਼ਾ ਵਿਭਾਗ ਪੰਜਾਬ, 1973
- ਪੂਰਨ ਸਿੰਘ (ਭਗਤ), ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:), ਅੰਮ੍ਰਿਤਸਰ, 2005

- ਪੂਰਨ ਸਿੰਘ (ਡਾ.), ਗੁਰਮਤਿ ਦਰਸ਼ਨ ਦੀ ਵਿਲੱਖਣਤਾ, ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ. ਸੀ. ਕੈਨੇਡਾ, 2004
- ਪੂਰਨ ਸਿੰਘ (ਡਾ.), ਕਿਵ ਸਚਿਆਰਾ ਹੋਈਐ, ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ. ਸੀ. ਕੈਨੇਡਾ, 2004
- ਪੂਰਨ ਸਿੰਘ (ਪ੍ਰੋ.), ਅਨੁਵਾਦਕ: ਕਸੇਲ, ਕਿਰਪਾਲ ਸਿੰਘ, ਸਿੱਖੀ ਦੀ ਆਤਮਾ (ਭਾਗ-3) ਚਿੰਤਨ ਧਾਰਾ, ਪੰਜਾਬੀ ਪਬਲੀਕੇਸ਼ਨਜ਼, ਜੱਟਾਂ ਵਾਲ਼ਾ ਚੌਂਤਰਾ, ਪਟਿਆਲ਼ਾ, 1996
- ਪੂਰਨ ਸਿੰਘ, ਕਸੇਲ, ਕਿਰਪਾਲ ਸਿੰਘ (ਅਨੁਵਾਦਕ:), ਸਿੱਖੀ ਦੀ ਆਤਮਾ (ਭਾਗ-1) ਜੁਗਾਂ ਜੁਗਾਂਤਰਾਂ ਦੀ ਸਾਂਝ, ਪੰਜਾਬੀ ਪਬਲੀਕੇਸ਼ਨ, ਪਟਿਆਲ਼ਾ, 1995
- ਪਾਂਧੀ, ਪੂਰਨ ਸਿੰਘ, ਸਿਰੁ ਨੀਵਾਂ ਕਰਿ ਦੇਖੁ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006
- ਤਾਲਿਬ, ਗੁਰਬਚਨ ਸਿੰਘ (ਸੰਪਾ.) ਅਨੁ: ਜਨਕ ਸਿੰਘ (ਪ੍ਰੋ.), "ਨੀਤੀ ਸਦਾਚਾਰ ਤੇ ਧਰਮ", ਧਰਮ ਦੀ ਉਤਪਤੀ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ-1991
- ਤਾਤਲੇ, ਸੰਤਾ ਸਿੰਘ, ਪ੍ਰਕਿਰਤੀ ਅਤੇ ਧਰਮ, C347-1909 ਸਾਲਟਨ ਰੋਡ, ਐਬਟਸਫੋਰਡ, ਬੀ.ਸੀ. (ਕੈਨੇਡਾ), 2003
- ਤਾਰਨ ਸਿੰਘ (ਡਾ.), ਸਹਜ ਤੇ ਅਨੰਦ, ਤੇਜ ਪ੍ਰਿੰਟਿਗ ਪ੍ਰੈਸ, ਅੰਮ੍ਰਿਤਸਰ,
- ਤਾਰਨ ਸਿੰਘ, ਜਪੁ: ਦਰਸ਼ਨ ਦੀਦਾਰ, ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1969
- ਤਾਰਾ ਸਿੰਘ, ਮਾਸਟਰ, ਕਿਉ ਵਰਨੀ ਕਿਵ ਜਾਣਾ? ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ, 1999
- ਰੋਹੀ, ਰਾਜਿੰਦਰ ਕੌਰ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ, ਅਧਿਆਤਮ ਤੇ ਵਿਵਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2012
- ਰੂਪ ਸਿੰਘ, ਸਿੱਖ ਸਰੋਕਾਰ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2012

- ਰਾਧਾ ਕ੍ਰਿਸ਼ਨਨ, ਐਸ (ਡਾ.), ਅਨੁਵਾਦਕ: ਪ੍ਰਭਜੋਤ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1988
- ਰਾਮ ਸਿੰਘ (ਡਾ.), ਜਪੁਜੀ ਦੇ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2007
- ਰਣਜੀਤ ਸਿੰਘ, ਸਵੈ-ਵਿਕਾਸ (ਪ੍ਰਾਪਤੀਆਂ ਦਾ ਆਧਾਰ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2017
- ਸ਼ਵਿੰਦਰਜੀਤ ਕੌਰ, ਮਿਸਿਜ਼, ਸਮਾਜ ਵਿਗਿਆਨ ਨਾਲ਼ ਜਾਣ-ਪਛਾਣ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1971
- ਸੰਧੂ, ਗੁਰਸ਼ਰਨ ਸਿੰਘ (ਡਾ.) ਸਮਾਜਿਕ ਅਤੇ ਰਾਜਨੀਤਿਕ ਦਰਸ਼ਨ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2001
- ਸੰਧੂ, ਪਰਮਜੀਤ ਕੌਰ (ਡਾ.), ਕਦਰਾਂ-ਕੀਮਤਾਂ ਦੀ ਸਿੱਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2010
- ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 1995
- ਸੋਢੀ. ਐੱਨ. ਐੱਸ, ਸਮਾਜ ਕਾਰਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2006
- ਸ਼ਰਮਾ, ਏ.ਪੀ, ਵਜ਼ੀਰ ਸਿੰਘ, ਮਨੋਵਿਗਿਆਨ ਦੀ ਜਾਣ-ਪਛਾਣ, ਸਰਦਾਰ ਅਮਰੀਕ ਸਿੰਘ ਰਜਿਸਟ੍ਰਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ, 1968
- ਸੁਰਜੀਤ ਸਿੰਘ, ਗੁਰਮਤਿ ਮੰਥਨ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2000
- ਸੁਰਜੀਤ ਸਿੰਘ, ਸਿੱਖ ਰਹਿਤ ਤੇ ਸਿੱਖ ਆਚਰਣ, ਤੇਜਿੰਦਰਬੀਰ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1999

- ਸਾਬਰ, ਜਸਬੀਰ ਸਿੰਘ (ਡਾ.) ਸੰਪਾਦਕ; ਸਿੱਖ ਧਰਮ ਅਧਿਐਨ (ਭਾਗ ਦੂਜਾ), ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ, 2009
- ਸ਼ਾਨ, ਹਰਨਾਮ ਸਿੰਘ (ਪ੍ਰੋ.), ਗੁਰੂ ਨਾਨਕ ਦਾ ਸ਼ਾਹਕਾਰ, ਜਪੁਜੀ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1990
- ਸ਼ੇਰ ਸਿੰਘ (ਪ੍ਰੋਫੈਸਰ), ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010
- ਵੀਰ ਸਿੰਘ (ਭਾਈ), ਅਮਰ ਲੇਖ, ਖਾਲਸਾ ਸਮਾਚਾਰ, ਅੰਮ੍ਰਿਤਸਰ, 1967
- ਵਰਿਆਮ ਸਿੰਘ ਜੀ (ਸੰਤ), ਸੁਰਤਿਆ ਉਪਜੈ ਚਾਉ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਚੈਰੀਟੇਬਲ ਟਰੱਸਟ, ਮੋਹਾਲੀ-ਚੰਡੀਗੜ੍ਹ, 1997
- ਵੁੱਡਵਰਥ, ਆਰ.ਐਸ. ਅਤੇ ਮਾਰਕੁਇਸ, ਡੀ. ਜੀ, ਅਨੁਵਾਦਕ: ਸੰਧੂ, ਇੰਦਰਜੀਤ ਕੌਰ, ਮਨੋਵਿਗਿਆਨ, ਮਾਨਸਿਕ ਜੀਵਨ ਦਾ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 1988
- ਵਾਰਾਂ ਭਾਈ ਗੁਰਦਾਸ, ਵਾਰ 12.4
- ਕਿਰਪਾਲ ਸਿੰਘ ਜੀ, ਗਿਆਨੀ (ਸਿੰਘ ਸਾਹਿਬ), ਸਿੱਖ ਮੱਤ ਦਰਸ਼ਨ, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1998
- ਹਰਜੀਤ ਸਿੰਘ (ਸੰਪਾਦਕ:), ਜੀਵਨ ਦੀ ਅਸਲੀਅਤ, ਗੁਰ ਜੋਤੀ ਏਂਟਰਪ੍ਰਾਇਜ਼ਜ਼, ਅਲਵਰ, 2007
- ਦਲਜੀਤ ਸਿੰਘ, ਦਰਸ਼ਨ: ਸੱਚ ਦੀ ਭਾਲ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009
- ਪੰਨੂ, ਜਤਿੰਦਰ, ਸਿੱਖ ਧਰਮ ਦੇ ਸਮਾਜਿਕ ਸਰੋਕਾਰ, ਵਿਸ਼ਾਲ ਪਬਲਿਸ਼ਿੰਗ ਕੰਪਨੀ, ਜਲੰਧਰ, 2009
- ਸੰਘਾ, ਜੋਗਿੰਦਰ ਸਿੰਘ, ਜੀਵਨ ਕਸਵੱਟੀ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2007
- ਦਾਸ, ਹਰਨਾਮ, ਸਦਾਚਾਰ ਦਾ ਮਾਰਗ, ਲਾਹੌਰ ਬੁਕ ਸ਼ਾਪ, ਲੁਧਿਆਣਾ, 1987
- ਸੁਖਵਿੰਦਰ ਸਿੰਘ (ਡਾ.), ਬਾਣੀ-ਸਰੋਕਾਰ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ, 2011
- ਉੱਪਲ, ਸਵਿੰਦਰ ਸਿੰਘ (ਡਾ.), ਗੁਰੂ ਦਰਸ਼ਨ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2004

- ਪਰਮਵੀਰ ਸਿੰਘ (ਡਾ.), ਸਿੱਖ ਅਧਿਐਨ, ਗ੍ਰੇਸ਼ੀਅਸ ਬੁੱਕਸ, ਪਟਿਆਲ਼ਾ, 2014
- ਸੁਰਜੀਤ ਸਿੰਘ (ਡਾ.) ਜਗਜੀਤ ਕੌਰ (ਸੰਪਾਦਕ:), ਧਰਮ ਤੇ ਸਾਹਿਤ ਚਿੰਤਨ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲ਼ਾ, 2006
- ਦੀਵਾਨ ਸਿੰਘ, ਗੁਰਮਤਿ ਵੀਚਾਰ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1998
- ਦੀਵਾਨ ਸਿੰਘ, ਗੁਰਮਤਿ ਸਿਧਾਂਤ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988
- ਦੀਵਾਨ ਸਿੰਘ, ਸਿੱਖ ਧਰਮ ਬਾਰੇ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988
- ਬਰਾੜ, ਬਲਬੀਰ ਸਿੰਘ, ਮਾਨਵ-ਕਲਿਆਨੀ ਸੰਦੇਸ਼, ਰਿੰਦ ਪਬਲਿਸ਼ਰਜ਼, ਲੁਧਿਆਣਾ, 2004
- ਰਮਨਦੀਪ ਕੌਰ, ਧਰਮ, ਗ੍ਰੇਸ਼ੀਅਸ ਬੁੱਕਸ, ਪਟਿਆਲ਼ਾ, 2016
- ਮਲਕਿੰਦਰ ਕੌਰ (ਡਾ.), ਗੁਰਮਤਿ ਵਿਚਾਰਧਾਰਾ (ਸਿੱਖਾਂ ਦੀ ਭਗਤਮਾਲਾ ਦੇ ਸੰਦਰਭ ਵਿੱਚ), ਗੁਰਮਤਿ ਪ੍ਰਕਾਸ਼ਨ, ਪਟਿਆਲ਼ਾ, 2010
- ਕੁਲਵੰਤ ਸਿੰਘ (ਡਾ.), ਧਰਮ, ਪਰਿਪੇਖ ਅਤੇ ਸਿਧਾਂਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2017
- ਅਮਰਦੀਪ ਕੌਰ (ਡਾ.), ਗੁਰਬਾਣੀ ਚਿੰਤਨ, ਵਿਚਾਰਧਾਰਾਈ ਪਰਿਪੇਖ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, 2014
- ਭਾਰਤੀ, ਹਰੀ ਸਿੰਘ (ਪ੍ਰੋ.), ਗੁਰੂ ਨਾਨਕ ਦਾ ਸਦਾਚਾਰ-ਮਾਰਗ, ਸੰਦੀਪ ਪਬਲਿਸ਼ਰਜ਼, ਚੰਡੀਗੜ੍ਹ, 1990
- ਕੋਮਲ, ਅਮਰ (ਡਾ.), ਵਿਚਾਰਮਾਲਾ (ਕਥਨ ਕੋਸ਼), ਸੰਗਮ ਪਬਲੀਕੇਸ਼ਨਜ਼, ਸਮਾਣਾ, 2010
- ਵਜ਼ੀਰ ਸਿੰਘ, ਫ਼ਲਸਫ਼ਾ ਤੇ ਸਿੱਖ ਫ਼ਕਲਫ਼ਾ, ਮਦਾਨ ਪਬਲਿਸ਼ਰਜ਼, ਪਟਿਆਲ਼ਾ, 1980
- ਬਡੂੰਗਰ, ਕਿਰਪਾਲ ਸਿੰਘ (ਪ੍ਰੋ.), ਜਿਨੀ ਸਚੁ ਪਛਾਣਿਆ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2011

- ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1999
- ਕੁਲਵੰਤ ਸਿੰਘ (ਡਾ.), ਕਿਰਤ ਤੇ ਧਰਮ, ਅਮਨ ਪ੍ਰਕਾਸ਼ਨ, ਬਰਨਾਲ਼ਾ, 2013
- ਅੱਛਰੂ ਸਿੰਘ (ਪ੍ਰੋ.), ਸਿੱਖ ਧਰਮ ਅਤੇ ਜੀਵਨ-ਦਰਸ਼ਨ, ਜ਼ੋਹਰਾ ਪਬਲੀਕੇਸ਼ਨ, ਪਟਿਆਲ਼ਾ (ਪੰਜਾਬ), 2014
- ਨਿਰੰਕਾਰੀ, ਮਾਨ ਸਿੰਘ (ਡਾ.), ਸਿੱਖ ਧਰਮ ਦੇ ਸਿਧਾਤ, ਸੰਸਥਾਵਾਂ ਦੀ ਰਚਨਾ ਅਤੇ ਵਿਵੇਚਨ, ਡਾਕਟਰ ਮਾਨ ਸਿੰਘ ਨਿਰੰਕਾਰੀ, ਚੰਡੀਗੜ੍ਹ, 2000
- ਪਾਂਧੀ, ਪੂਰਨ ਸਿੰਘ, ਸਿਰੁ ਨੀਵਾਂ ਕਰਿ ਦੇਖੁ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006
- ਹਰਸਿਮਰਨ ਕੌਰ (ਡਾ.) ਸੁਰਿੰਦਰ ਪਾਲ ਕੌਰ (ਡਾ.) ਅਨੁਵਾਦਕ: 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਚਿੱਤਰਤ ਇਸਤਰੀ-ਪੁਰਸ਼ ਸੰਬੰਧਾਂ ਦਾ ਲੌਕਿਕ ਮਹੱਤਵ, 5 ਆਬ ਪ੍ਰਕਾਸ਼ਨ, ਜਲੰਧਰ, 2010
- ਗੁਰਬਚਨ ਸਿੰਘ (ਪ੍ਰਿੰ.), ਅਕਾਲ ਪੁਰਖ ਦਾ ਸੰਕਲਪ, ਸਾਤਵਿਕ ਬੁੱਕਸ, ਅੰਮ੍ਰਿਤਸਰ, 2015
- ਹਰਨਾਮ ਸਿੰਘ, ਤੂੰ ਮੇਰਾ ਰਾਖਾ ਸਭਨੀ ਥਾਈ, ਭਾ. ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, 2001
- ਬੇਦੀ, ਪਰਮਿੰਦਰ ਸਿੰਘ, ਗੁਰੂ ਨਾਨਕ ਬਾਣੀ ਅਤੇ ਭਾਰਤੀ ਸੰਸਕ੍ਰਿਤੀ, ਜਸਜੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1993
- ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1998
- ਨਿਰਮਲ,ਚਾਨਣ ਸਿੰਘ, ਗੁਰਬਾਣੀ ਸਿਧਾਂਤ ਤੇ ਵਿਹਾਰ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2005
- ਭਾਰਦਵਾਜ, ਓਮ ਪ੍ਰਕਾਸ਼ (ਡਾ.), ਭਾਰਤੀ ਸੌਂਦਰਯ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2009

- ਵਜ਼ੀਰ ਸਿੰਘ, ਨੈਤਿਕ ਨਿਯਮ, ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1975


**ਅੰਗਰੇਜ਼ੀ ਪੁਸਤਕਾਂ**


- Aggarwal, J. C, Psychological Philosophical and Sociological Foundations of Education, SHIPRA PUBLICATIONS, DELHI, 2009
- Allport, G. W. Pattern and growth in personality. New York: Holt, Rinehart and Winston, 1961
- Allport, G.W.,Personality: A Psychologycal Interpretation, New York, Holt and Co., 1948
- BERNARDO J. CARDUCCI, THE PSYCHOLOGY OF PERSONALITY, BROOKS/COLE PUBLISHING COMPANY, 511 Forest Lodge Road Pacific Grove, CA 93950 USA, 1998
- Calvin S. Hall and Gardner Lindzey, Theories of Personality, John Wiley & Sons, Inc. First Wiley Eastern Reprint, 1985
- Coleman, J.C., Personality Dynamics and Effective Behaviour, Chicago, Foreman and Co., 1960
- Freud Sigmund, WRITINGS ON ART AND LITERATURE, Stanford University Press, Stanford , California, 1997
- GILMER, B. VON HALLER, PSYCHOLOGY, Harper & Row Publishers, New York, Evanston, and London, 1970

- Homans, George Caspar, SOCIAL BEHAVIOUR, ROUTLEDGE & KEGAN PAUL, LONDON, 1968
- Homer, Sean., JACQUES LACAN, ROUTELEDGE, Taylor & Francis Group, LONDON & NEW YORK, 2005, P, 66
- Jung, C. G. PSYCHOLOGICAL TYPES(R.F.C Hull,Trans.). Collected works (vol. 6) Princeton, NJ: Princeton University Press, 1921/1971
- Kanwarjit Singh, A Text Book of General Psychology, Sohan Lall Madaan, Patiala, 2001
- M. H. Abrams, A GLOSSARY of LITERARY TERMS, ed.- Australiaa : Thomson Wadsworth, 2005, 2007R.
- Malpas Simon and Wake Paul (Editor), The Routledge Companion to Critical Theory, Routledge 270 Madison Ave, New York, NY 10016, 2006
- Ramamurty, A. Indian Philosophy of Religion, Decent Books, New Delhi, 2002
- Stevens, Anthony., JUNG A Very Short Introduction, OXFORD University Press, New York, 2006
- Vygotsky, L.S, Educational Psychology, PENTAGON PRESS, New Delhi, 2006

# ਘੋਸ਼ਣਾ-ਪੱਤਰ

ਮੈਂ ਘੋਸ਼ਣਾ ਕਰਦਾ ਹਾਂ ਕਿ ਮੇਰੇ ਵੱਲੋਂ ਖੋਜ-ਪ੍ਰਬੰਧ 'ਸਿੱਖ ਮੱਤ ਵਿੱਚ ਸਚਿਆਰ ਦਾ ਸੰਕਲਪ ਅਤੇ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ' ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਦੀ ਫ਼ੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਵਿੱਚ ਪੀ.ਐੱਚ.ਡੀ ਦੀ ਉਪਾਧੀ ਲਈ ਪੇਸ਼ ਕੀਤਾ ਜਾ ਰਿਹਾ ਹੈ। ਇਹ ਖੋਜ-ਪ੍ਰਬੰਧ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ। ਇਸ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ ਹੈ ਜਿਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਨਿਗਰਾਨ:

ਡਾ. ਪਰਮਿੰਦਰ ਕੌਰ
ਅਸਿਸਟੈਂਟ ਪ੍ਰੋਫ਼ੈਸਰ,
ਫ਼ਿਲਾਸਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ।

ਖੋਜਾਰਥੀ:

ਨਰਿੰਦਰ ਸਿੰਘ

# ਧੰਨਵਾਦ

ਮੈਂ ਸਭ ਤੋਂ ਪਹਿਲਾਂ ਉਸ ਪਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ ਜਿਸ ਦੀ ਮਿਹਰ ਸਦਕਾ ਇਹ ਖੋਜ-ਪ੍ਰਬੰਧ ਪੂਰਾ ਕਰਨ ਵਿੱਚ ਸਫ਼ਲਤਾ ਪ੍ਰਾਪਤ ਕਰ ਸਕਿਆ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਹਿ-ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਇਸ ਖੋਜ-ਕਾਰਜ ਵਿੱਚ ਮੇਰਾ ਮਾਰਗ-ਦਰਸ਼ਨ ਕਰਕੇ 'ਸਚਿਆਰ' ਦੇ ਸੰਕਲਪ 'ਤੇ ਵਿਚਾਰ ਕਰਨ ਲਈ ਸਮਰੱਥਾ, ਸੁਮੱਤ ਅਤੇ ਬੁੱਧੀ ਦੀ ਬਖਸ਼ਿਸ਼ ਕੀਤੀ।

ਮੈਂ ਸ਼ੁਕਰਗੁਜ਼ਾਰ ਹਾਂ ਆਪਣੇ ਸਤਿਕਾਰਯੋਗ ਪਿਤਾ ਸ. ਜੰਗ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਪਰਮਜੀਤ ਕੌਰ ਜੀ ਦਾ ਜਿਨ੍ਹਾਂ ਦੇ ਆਸ਼ੀਰਵਾਦ, ਪ੍ਰੇਰਨਾ ਅਤੇ ਸਾਥ ਨੇ ਮੈਨੂੰ ਅੱਗੇ ਵਧਣ ਲਈ ਪ੍ਰੇਰਿਆ।

ਮੈਂ ਸ਼ੁਕਰਗੁਜ਼ਾਰ ਹਾਂ ਆਪਣੇ ਨਿਗਰਾਨ ਡਾ. ਪਰਮਿੰਦਰ ਕੌਰ ਜੀ ਦਾ ਜਿਨ੍ਹਾਂ ਨੇ ਮੈਨੂੰ ਪਿਆਰ ਅਤੇ ਉਤਸ਼ਾਹ ਨਾਲ਼ ਪ੍ਰੇਰਿਤ ਕਰਕੇ ਯੋਗ ਅਗਵਾਈ ਬਖਸ਼ੀ ਅਤੇ ਇਸ ਖੋਜ-ਕਾਰਜ ਦੀ ਸੰਪੂਰਨਤਾ ਲਈ ਹਰ ਤਰ੍ਹਾਂ ਦੀ ਸਹਾਇਤਾ ਕੀਤੀ।

ਮੈਂ ਸ਼ੁਕਰਗੁਜ਼ਾਰ ਹਾਂ ਫ਼ਿਲਾਸਫ਼ੀ ਵਿਭਾਗ ਦੇ ਮੁਖੀ ਡਾ. ਪ੍ਰਦੀਪ ਕੁਮਾਰ ਜੀ ਅਤੇ ਡਾ. ਜਤਿੰਦਰ ਕੁਮਾਰ ਜੀ ਦਾ ਜਿਨ੍ਹਾਂ ਦੀਆਂ ਨੇਕ ਸਲਾਹਾਂ ਨੇ ਹੌਸਲਾ ਦੇ ਕੇ ਅੱਗੇ ਵਧਣ ਲਈ ਪ੍ਰੇਰਿਆ।

ਮੈਂ ਸ਼ੁਕਗੁਜ਼ਾਰ ਹਾਂ ਮੈਡਮ ਸੁਦੇਸ਼ ਰਾਣੀ ਜੀ, ਭਾਵਨਾ ਜੀ ਅਤੇ ਗੁਰਪ੍ਰੀਤ ਕੌਰ ਜੀ ਦਾ ਜਿਨ੍ਹਾਂ ਨੇ ਮੇਰੇ ਇਸ ਖੋਜ-ਕਾਰਜ ਦੌਰਾਨ ਸਾਕਾਰਾਤਮਿਕ ਨਜ਼ਰੀਏ ਦੇ ਆਧਾਰ 'ਤੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ।

ਮੈਂ ਸ਼ੁਕਰਗੁਜ਼ਾਰ ਹਾਂ ਸ. ਬਲਬੀਰ ਸਿੰਘ ਜੀ ਅਤੇ ਸਮੂਹ ਸਟਾਫ਼ ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਅਤੇ ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬਰੇਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਜਿਨ੍ਹਾਂ ਨੇ ਹਰ ਸਮੇਂ ਮੇਰੇ ਖੋਜ-ਕਾਰਜ ਨਾਲ ਸੰਬੰਧਤ ਕਿਤਾਬਾਂ ਮੁਹੱਈਆ ਕਰਨ ਵਿੱਚ ਪਹਿਲ ਦੇ ਆਧਾਰ 'ਤੇ ਸਹਾਇਤਾ ਕੀਤੀ।

ਤਹਿਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ ਆਪਣੇ ਦੋਸਤਾਂ-ਮਿੱਤਰਾਂ ਦਾ ਜਿਨ੍ਹਾਂ ਦੇ ਨਿੱਘੇ ਸਾਥ ਅਤੇ ਪ੍ਰੇਰਨਾ ਸਦਕਾ ਮੈਂ ਆਪਣਾ ਇਹ ਖੋਜ-ਕਾਰਜ ਮੁਕੰਮਲ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ ਹੈ। ਮੈਂ ਆਸ ਕਰਦਾ ਹਾਂ ਕਿ ਮੇਰਾ ਇਹ ਖੋਜ-ਕਾਰਜ ਸਮਾਜ ਦੀ ਬਿਹਤਰੀ ਲਈ ਸਾਰਥਕ ਸਿੱਧ ਹੋਵੇਗਾ।

ਨਰਿੰਦਰ ਸਿੰਘ

ਨਰਿੰਦਰ ਸਿੰਘ

# ਜਾਣ-ਪਹਿਚਾਣ

ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਲਈ ਨਵੀਆਂ ਪੈੜਾਂ ਪਾਉਂਦੇ ਹੋਏ, ਨਵੀਆਂ ਰਾਹਾਂ ਦੇ ਦਰ ਖੋਲ੍ਹਦੇ ਹੋਏ, ਨਵੀਂ ਜੀਵਨ-ਜਾਂਚ ਦੀ ਸੋਝੀ ਕਰਵਾਉਂਦੇ ਹੋਏ, ਮਨੁੱਖਤਾ ਲਈ ਜੀਵਨ ਨੂੰ ਸਹਿਜ ਅਤੇ ਸਰਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਸਮੇਂ ਵਿਚਲੇ ਕਰਮ-ਕਾਂਡਾਂ ਅਤੇ ਅੰਧ-ਵਿਸ਼ਵਾਸਾਂ ਦੀ ਹਨੇਰ-ਗਰਦੀ ਵਿੱਚ ਉਨ੍ਹਾਂ ਨੇ ਮਾਨਵਤਾ ਲਈ ਆਪਣੇ ਵਿਚਾਰਾਂ ਅਤੇ ਵਿਹਾਰ ਦੁਆਰਾ ਅਜਿਹੀ ਰੌਸ਼ਨੀ ਪੈਦਾ ਕੀਤੀ ਹੈ, ਜਿਸ ਦੀ ਬਦੌਲਤ ਮਾਨਵੀ ਜ਼ਿਹਨ ਵਿੱਚ ਉੱਠਦੇ ਹਰ ਤਰ੍ਹਾਂ ਦੇ ਖਿਆਲਾਂ, ਭਾਵੇਂ ਉਹ ਦੈਵੀ ਹੋਣ ਜਾਂ ਦੁਨਿਆਵੀ ਹੋਣ ਦੀ ਯੋਗ ਅਗਵਾਈ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੇ ਸਭ ਤੋਂ ਪਹਿਲੇ ਸ਼ਬਦ ਵਿੱਚ ਹੀ ਇਕ ਓਂਕਾਰ (੧ਓ) ਦਾ ਉਚਾਰਨ ਕਰਕੇ ਉਸ ਪਰਮ ਸ਼ਕਤੀ ਦੇ ਇੱਕ ਹੋਣ ਦੀ ਗੱਲ ਕਰਕੇ ਪੂਰੀ ਮਾਨਵ ਜਾਤੀ ਲਈ ਅਤੇ ਬਾਕੀ ਜੀਵ-ਜੰਤੂਆਂ ਨੂੰ ਉਸ ਇੱਕ ਤੋਂ ਹੀ ਹੋਂਦ ਵਿੱਚ ਆਉਣ ਦੀ ਸਮਝ ਇਨਸਾਨੀ ਦਿਲਾਂ ਵਿੱਚ ਵਸਾ ਕੇ ਸਭ ਲਈ ਦਇਆ ਅਤੇ ਪਰਉਪਕਾਰ ਕਰਨ ਦੀ ਨੀਂਹ ਰੱਖ ਦਿੱਤੀ ਹੈ। ਉਸ ਪਰਮ ਸ਼ਕਤੀ ਦੇ ਇੱਕ ਹੋਣ ਅਤੇ ਉਸ ਇੱਕ ਸਰੋਤ ਤੋਂ ਹੀ ਬਾਕੀ ਸਾਰੇ ਬ੍ਰਹਿਮੰਡ ਦੀ ਉਤਪਤੀ ਦੁਆਰਾ ਸਭਨਾਂ ਵਿੱਚ ਸਾਂਝੀਵਾਲਤਾ ਦੀ ਭਾਵਨਾ ਦਾ ਵਿਚਾਰ ਪੈਦਾ ਕੀਤਾ ਹੈ। ਉਨ੍ਹਾਂ ਨੇ ਮਾਨਵ ਜਾਤੀ ਨੂੰ ਬਾਕੀ ਜੀਵਾਂ ਤੋਂ ਉੱਤਮ ਮੰਨਦੇ ਹੋਏ ਮਨੁੱਖ ਨੂੰ ਮੁਕਤ ਹੋ ਜਾਣ ਲਈ ਪ੍ਰੇਰਿਤ ਕੀਤਾ ਹੈ।

ਮਾਨਵੀ ਜੀਵਨ ਨੂੰ ਹੀ ਮੁਕਤੀ ਦਾ ਮੌਕਾ ਮੰਨਦੇ ਹੋਏ ਸਿੱਖ ਧਰਮ ਵਿੱਚ ਮਨੁੱਖ ਨੂੰ ਅਜਿਹੇ ਕਰਮ ਕਰਨ ਲਈ ਪ੍ਰੇਰਿਤ ਕੀਤਾ ਹੈ, ਜਿਨ੍ਹਾਂ ਦੁਆਰਾ ਮਨੁੱਖ ਵਿੱਚ ਸਦਗੁਣਾਂ ਦਾ ਵਿਕਾਸ ਹੁੰਦਾ ਹੈ ਅਤੇ ਜਿਨ੍ਹਾਂ ਸਦਕਾ ਉਹ ਇੱਕ ਆਦਰਸ਼ ਮਨੁੱਖ ਬਣ ਜਾਂਦਾ ਹੈ। ਇਸ ਮਨੁੱਖਾ ਜਨਮ ਨੂੰ ਉੱਤਮ ਮੰਨਦੇ ਹੋਏ ਉਨ੍ਹਾਂ ਨੇ ਇਨਸਾਨ ਨੂੰ ਅਜਿਹਾ ਕਿਰਦਾਰ ਨਿਭਾਉਣ ਲਈ ਕਿਹਾ ਹੈ ਜਿਸ ਨਾਲ਼ ਉਸ ਦੇ ਅੰਦਰ ਨੈਤਿਕਤਾ ਆਧਾਰਿਤ ਚੰਗੇ ਗੁਣ ਪੈਦਾ ਹੋ ਜਾਣ। ਗੁਰੂ ਨਾਨਕ ਦੇਵ ਜੀ ਅਨੁਸਾਰ ਸਚਿਆਰ ਮਨੁੱਖ ਹੀ ਅਜਿਹਾ ਮਨੁੱਖ ਹੋ ਸਕਦਾ ਹੈ ਜਿਸ ਅੰਦਰ ਅਜਿਹੇ ਗੁਣ ਹੋ ਸਕਦੇ ਹਨ। ਅਜਿਹੇ ਸਦਗੁਣਾਂ ਦੇ ਧਾਰਨੀ ਮਨੁੱਖ ਨੂੰ ਹੀ ਆਦਰਸ਼ ਮਨੁੱਖ

ਕਿਹਾ ਜਾਂਦਾ ਹੈ। ਸਚਿਆਰ ਮਨੁੱਖ ਨੂੰ ਹੀ ਸਾਧ, ਸੰਤ, ਬ੍ਰਹਮਗਿਆਨੀ ਅਤੇ ਗੁਰਮੁਖ ਆਦਿ ਨਾਵਾਂ ਨਾਲ਼ ਸੰਬੋਧਿਤ ਕੀਤਾ ਜਾਂਦਾ ਹੈ। ਅਜਿਹਾ ਆਦਰਸ਼ ਮਨੁੱਖ ਬਣਨ ਲਈ ਜਿਸ ਸੋਝੀ ਦੀ ਲੋੜ ਹੁੰਦੀ ਹੈ, ਇਹ ਸੋਝੀ ਵੀ ਮਨੁੱਖ ਨੂੰ ਗੁਰੂ ਸਾਹਿਬ ਬਖਸ਼ਦੇ ਹਨ। ਗੁਰੂ ਸਾਹਿਬ ਦੇ ਸਮੇਂ ਅਖੌਤੀ ਧਾਰਮਿਕ ਲੋਕ ਕਰਮ-ਕਾਂਡਾਂ ਵਿੱਚ ਆਮ ਲੋਕਾਂ ਨੂੰ ਉਲ਼ਝਾ ਕੇ ਉਨ੍ਹਾਂ ਤੋਂ ਆਪਣੀ ਪੂਜਾ ਅਤੇ ਮਾਨਤਾ ਕਰਵਾਉਂਦੇ ਸਨ। ਅਜਿਹੇ ਦੰਭੀ ਅਤੇ ਪਖੰਡੀ ਲੋਕ ਮੌਨ ਵਰਤ ਅਤੇ ਭੁੱਖੇ ਰਹਿਣ ਦਾ ਦੰਭ ਕਰਕੇ ਅਤੇ ਧਾਰਮਿਕ ਗ੍ਰੰਥਾਂ ਦੇ ਗਿਆਨ ਦੀ ਸਮਝ ਹੋਣ ਕਾਰਨ ਦੂਜਿਆਂ ਤੋਂ ਆਪਣੇ ਆਪ ਨੂੰ ਸ੍ਰੇਸ਼ਟ ਸਮਝਦੇ ਹੋਏ ਹੰਕਾਰ ਵਿੱਚ ਫਸ ਜਾਂਦੇ ਸਨ। ਜਿਸ ਕਾਰਨ ਆਮ ਲੋਕਾਈ ਦੇ ਮਨਾਂ ਵਿੱਚ ਸਤਿਕਾਰ ਅਤੇ ਡਰ ਦੇ ਭਾਵ ਰਲ਼ੇ-ਮਿਲੇ ਹੁੰਦੇ ਸਨ। ਅਜਿਹੇ ਪਖੰਡੀ ਲੋਕਾਂ ਤੋਂ ਜੋ ਲੋਕਾਈ ਨੂੰ ਆਪਣੇ ਬਾਹਰੀ ਦਿਖਾਵੇ ਰਾਹੀਂ ਪ੍ਰਭਾਵਿਤ ਕਰਦੇ ਸਨ। ਉਨ੍ਹਾਂ ਤੋਂ ਲੋਕਾਂ ਦਾ ਖਹਿੜਾ ਛੁਡਾਉਣ ਲਈ ਗੁਰੂ ਸਾਹਿਬ ਨੇ ਸਚਿਆਰ ਮਨੁੱਖ ਦਾ ਸੰਕਲਪ ਪੇਸ਼ ਕੀਤਾ। ਗੁਰੂ ਸਾਹਿਬ ਅਨੁਸਾਰ ਸਚਿਆਰਾ ਬਣਨ ਲਈ ਮਨੁੱਖ ਨੂੰ ਪਰਮਾਤਮਾ ਦੇ ਹੁਕਮ ਵਿੱਚ ਰਹਿਣਾ ਚਾਹੀਦਾ ਹੈ। ਇੱਕ ਪਰਮਾਤਮਾ ਦਾ ਵਿਚਾਰ ਅਤੇ ਸਚਿਆਰ ਦਾ ਸੰਕਲਪ ਗੁਰੂ ਜੀ ਦੀ ਬਾਣੀ ਦੇ ਸ਼ੁਰੂਆਤੀ ਆਧਾਰ ਹਨ, ਜਿਸ ਤਹਿਤ ਉਨ੍ਹਾਂ ਨੇ ਆਪਣੀ ਸਾਰੀ ਬਾਣੀ ਲੋਕ ਹਿੱਤ ਵਿੱਚ ਉਚਾਰੀ ਹੈ ਜੋ ਆਮ ਲੋਕਾਈ ਦਾ ਮਾਰਗ-ਦਰਸ਼ਨ ਕਰਦੀ ਹੈ। ਸਚਿਆਰ ਮਨੁੱਖ ਉਸ ਪਰਮ ਸ਼ਕਤੀ ਦੇ ਹੁਕਮ ਵਿੱਚ ਰਹਿੰਦਾ ਹੈ ਅਤੇ ਉਹ ਆਮ ਜਨ ਤੋਂ ਆਪਣੀ ਪੂਜਾ ਅਤੇ ਮਾਨਤਾ ਕਰਵਾਉਣ ਦੀ ਥਾਂ ’ਤੇ ਗੁਰੂ ਸਾਹਿਬ ਦੁਆਰਾ ਦਰਸਾਏ ਰਾਸਤੇ ’ਤੇ ਚੱਲਦੇ ਹੋਏ ਦੂਜਿਆਂ ਨੂੰ ਵੀ ਇਸ ਰਾਸਤੇ ’ਤੇ ਚੱਲਣ ਲਈ ਪ੍ਰੇਰਦਾ ਹੈ। ਸਚਿਆਰ ਮਨੁੱਖ ਇਸ ਦੁਨੀਆਂ ਵਿੱਚ ਆਪਣੀ ਜ਼ਿੰਦਗੀ ਜਿਉਣ ਲਈ ਸੱਚੀ-ਸੁੱਚੀ ਕਿਰਤ ਕਰਦੇ ਹੋਏ ਵੰਡ ਕੇ ਛਕਣ ਵਿੱਚ ਵਿਸ਼ਵਾਸ ਰੱਖਦਾ ਹੈ, ਜੋ ਪਰਮਾਤਮਾ ਨੂੰ ਹਰ ਵੇਲ਼ੇ ਯਾਦ ਰੱਖਦਾ ਹੋਇਆ ਆਪਣੇ ਅੰਦਰੋਂ ਹੰਕਾਰ ਨੂੰ ਮਨਫ਼ੀ ਕਰਦਾ ਹੋਇਆ ਸੱਚਾ-ਸੁੱਚਾ ਜੀਵਨ ਬਤੀਤ ਕਰਦਾ ਹੈ। ਸਚਿਆਰ ਮਨੁੱਖ ਹੀ ਸ੍ਰੇਸ਼ਟ ਮਨੁੱਖ ਹੈ ਜੋ ਆਪਣੇ ਅੰਦਰਲੇ ਸਦਗੁਣਾਂ ਦੁਆਰਾ ਜੀਵਨ ਦੇ ਉੱਤਮ ਆਦਰਸ਼ਾਂ ਨੂੰ ਧਾਰਨ ਕਰਦਾ ਹੈ ਅਤੇ ਇਸ ਸੰਸਾਰ ਵਿੱਚ ਆਪਣਾ ਗ੍ਰਿਹਸਤੀ ਜੀਵਨ ਬਤੀਤ ਕਰਦਾ ਹੋਇਆ ਆਪਣੀਆਂ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦਾ ਹੈ। ਸਚਿਆਰ ਮਨੁੱਖ ਸਰਬੱਤ ਦੇ ਭਲੇ ਹਿੱਤ ਖੁਦ ਨੂੰ ਸਮਰਪਿਤ ਕਰਦਾ ਹੋਇਆ ਲੋੜਵੰਦਾਂ ਦੀ ਸਹਾਇਤਾ ਅਤੇ ਸੇਵਾ ਦਾ ਕਰਮ ਕਰਦਾ ਹੈ। ਇਸ ਸੰਸਾਰ ਵਿੱਚ ਸਚਿਆਰ ਮਨੁੱਖ ਦੀ

ਸੰਗਤ ਹੀ ਉੱਤਮ ਸੰਗਤ ਹੁੰਦੀ ਹੈ। ਗੁਰੂ ਸਾਹਿਬ ਨੇ ਸਚਿਆਰਤਾ ਦਾ ਸੰਕਲਪ ਜਪੁਜੀ ਸਾਹਿਬ ਵਿੱਚ ਪੇਸ਼ ਕਰਦੇ ਹੋਏ ਇਹ ਸਵਾਲ ਪੈਦਾ ਕੀਤਾ ਹੈ ਕਿ ਮਨੁੱਖ ਸਚਿਆਰਾ ਕਿਵੇਂ ਬਣ ਸਕਦਾ ਹੈ ਅਤੇ ਝੂਠ ਦੀ ਕੰਧ ਕਿਵੇਂ ਢਹਿ ਸਕਦੀ ਹੈ। ਗੁਰੂ ਸਾਹਿਬ ਦੁਆਰਾ ਪੇਸ਼ ਕੀਤੇ ਇਸ ਸਵਾਲ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਮਨੁੱਖ ਦਾ ਇਸ ਸੰਸਾਰ ਵਿੱਚ ਆਉਣਾ ਦੂਜੇ ਪ੍ਰਾਣੀਆਂ ਦੇ ਮੁਕਾਬਲੇ ਵੱਧ ਅਹਿਮੀਅਤ ਰੱਖਦਾ ਹੈ। ਮਨੁੱਖੀ ਜੀਵਨ ਦੀ ਇਸ ਅਹਿਮੀਅਤ ਪਿੱਛੇ ਸਚਿਆਰਤਾ ਦਾ ਸੰਕਲਪ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਗੁਰੂ ਸਾਹਿਬ ਨੇ ਸਚਿਆਰਤਾ ਨੂੰ ਮਨੁੱਖੀ ਆਦਰਸ਼ ਨਾਲ਼ ਜੋੜਕੇ ਇਹ ਸੰਕਲਪ ਪੇਸ਼ ਕੀਤਾ ਹੈ। ਪਰਮੇਸ਼ਵਰ ਦੁਆਰਾ ਸਿਰਜੀ ਇਸ ਸ੍ਰਿਸ਼ਟੀ ਵਿੱਚ ਮਨੁੱਖ ਹੋਰ ਸਾਰੇ ਜੀਵਾਂ ਨਾਲੋਂ ਵੱਧ ਚੇਤਨਾ ਦਾ ਮਾਲਕ ਹੈ। ਉਹ ਆਪਣੇ ਸਰੀਰਕ ਢਾਂਚੇ, ਮਾਨਸਿਕ ਸਮਝ ਅਤੇ ਬੌਧਿਕ ਯੋਗਤਾ ਕਾਰਨ ਦੂਜੇ ਪ੍ਰਾਣੀਆਂ ਨਾਲ਼ੋਂ ਭਿੰਨਤਾ ਰੱਖਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਮਨੁੱਖ ਸ੍ਰਿਸ਼ਟੀ ਦੇ ਸਾਰੇ ਪ੍ਰਾਣੀਆਂ ਤੋਂ ਉੱਤਮ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਮਨੁੱਖ ਦੀ ਇਹ ਵੱਖਰਤਾ ਅਤੇ ਸਮਰੱਥਾ ਹੀ ਉਸ ਨੂੰ ਇਸ ਜੀਵਨ ਉਦੇਸ਼ ਵੱਲ ਤੋਰਦੀ ਹੈ। ਗੁਰੂ ਸਾਹਿਬ ਮਨੁੱਖ ਦੇ ਇਸ ਜੀਵਨ ਨੂੰ ਬੇਸ਼-ਕੀਮਤੀ ਮੰਨਦੇ ਹੋਏ ਉਸ ਨੂੰ ਪ੍ਰੇਰਿਤ ਕਰਦੇ ਹਨ ਕਿ ਮਨੁੱਖ ਇਸ ਧਰਤੀ ਤੇ ਕਿਸੇ ਖਾਸ ਮਕਸਦ ਦੀ ਪ੍ਰਾਪਤੀ ਲਈ ਆਇਆ ਹੈ ਅਤੇ ਉਸ ਦਾ ਇਹ ਮਕਸਦ ਪਰਮਾਤਮਾ ਨਾਲ਼ ਮਿਲਾਪ ਹੈ, ਜਿਸ ਲਈ ਉਸ ਨੇ ਸਚਿਆਰ ਮਨੁੱਖ ਵਜੋਂ ਆਪਣਾ ਜੀਵਨ ਜਿਉਣਾ ਹੈ। ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਜਪੁਜੀ ਵਿੱਚ ਇਕਾਗਰ ਸ਼ਖ਼ਸੀਅਤ ਨੂੰ ਸਚਿਆਰ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਇਕਾਗਰ ਸ਼ਖ਼ਸੀਅਤ, ਹੁਕਮ ਅਤੇ ਰਜ਼ਾ ਵਿੱਚ ਰਹਿ ਕੇ ਹੀ ਉਸਾਰੀ ਜਾ ਸਕਦੀ ਹੈ। ਹੁਕਮ ਅਤੇ ਰਜ਼ਾ ਵਿੱਚ ਵਿਚਰਨ ਨਾਲ਼ ਮਨੁੱਖ ਵਿੱਚ ਏਕਤਾ ਵਿੱਚੋਂ ਅਨੇਕਤਾ ਅਤੇ ਅਨੇਕਤਾ ਵਿੱਚੋਂ ਏਕਤਾ ਦੇ ਦਰਸ਼ਨ ਕਰਨ ਦੀ ਸਮਰੱਥਾ ਵੀ ਆ ਜਾਂਦੀ ਹੈ। ਮਨੁੱਖੀ ਜੀਵਨ ਦਾ ਲਕਸ਼ ਸਚਿਆਰਾ ਬਣ ਕੇ ਮਾਨਵੀ ਗੁਣਾਂ ਦੇ ਉੱਚਤਮ ਪੱਧਰ ਤੱਕ ਪਹੁੰਚ ਕੇ ਬਾਕੀ ਮਨੁੱਖਾਂ ਦਾ ਮਾਰਗ-ਦਰਸ਼ਨ ਕਰਨਾ ਹੈ ਜਿਸ ਨਾਲ਼ ਸਰਬੱਤ ਦੇ ਭਲੇ ਦਾ ਵਿਚਾਰ ਆਮ ਮਨੁੱਖੀ ਮਨਾਂ ਵਿੱਚ ਪੈਦਾ ਹੋ ਸਕੇ। ਪ੍ਰੰਤੂ ਮਨੁੱਖੀ ਲਕਸ਼ ਪ੍ਰਾਪਤੀ ਦੇ ਰਾਹ ਵਿੱਚ ਹਉਮੈਂ ਰੂਪੀ ਦੀਵਾਰ ਖੜ੍ਹੀ ਹੋ ਜਾਂਦੀ ਹੈ। ਇਸ ਕੂੜ ਜਾਂ ਹਉਮੈਂ ਦੀ ਦੀਵਾਰ ਨੂੰ ਤੋੜਨਾ ਜ਼ਰੂਰੀ ਹੈ। ਗੁਰੂ ਸਾਹਿਬ ਆਪਣੇ ਸਵਾਲ ਦੇ ਨਾਲ਼ ਹੀ ਇਸ ਦਾ ਜਵਾਬ ਵੀ ਦੇ ਰਹੇ ਹਨ ਕਿ ਝੂਠ ਜਾਂ ਕੂੜ ਦੀ ਇਸ

ਦੀਵਾਰ ਨੂੰ ਪ੍ਰਭੂ ਦੇ ਹੁਕਮ ਵਿੱਚ ਰਹਿ ਕੇ ਤੋੜਿਆ ਜਾ ਸਕਦਾ ਹੈ। ਜੇਕਰ ਮਨੁੱਖ ਆਪਣੀਆਂ ਲਾਲਸਾਵਾਂ ਦਾ ਤਿਆਗ ਕਰਕੇ ਅਤੇ ਇਮਾਨਦਾਰੀ ਦੇ ਆਧਾਰ 'ਤੇ ਚੰਗੇ ਕਰਮ ਕਰਦਾ ਹੋਇਆ ਪ੍ਰਭੂ ਦੀ ਰਜ਼ਾ ਵਿੱਚ ਆਪਣਾ ਜੀਵਨ ਬਤੀਤ ਕਰਦਾ ਹੈ ਤਾਂ ਉਹ ਸਚਿਆਰਤਾ ਨੂੰ ਸਹਿਜੇ ਹੀ ਪ੍ਰਾਪਤ ਕਰ ਸਕਦਾ ਹੈ। ਇਸ ਸੰਸਾਰ ਦਾ ਸਾਰਾ ਪ੍ਰਬੰਧ ਉਸ ਪ੍ਰਭੂ ਦੇ ਹੁਕਮ ਵਿੱਚ ਚੱਲ ਰਿਹਾ ਹੈ। ਉਸ ਦੇ ਹੁਕਮ ਨਾਲ਼ ਹੀ ਇਹ ਸ੍ਰਿਸ਼ਟੀ ਰਚੀ ਗਈ ਹੈ ਅਤੇ ਸਾਰੇ ਜੀਵ-ਜੰਤੂਆਂ ਦਾ ਜਨਮ ਪ੍ਰਭੂ ਦੇ ਹੁਕਮ ਵਿੱਚ ਹੀ ਹੋਇਆ ਹੈ। ਇਹ ਸਾਰਾ ਬ੍ਰਹਿਮੰਡ ਕੁਦਰਤੀ ਨਿਯਮਾਂ ਦੀ ਪਾਲਣਾ ਕਰ ਰਿਹਾ ਹੈ। ਭਾਵ ਪ੍ਰਭੂ ਦੇ ਹੁਕਮ ਤੋਂ ਬਾਹਰ ਕੁੱਝ ਵੀ ਨਹੀਂ ਹੋ ਰਿਹਾ, ਇਸ ਲਈ ਪ੍ਰਭੂ ਦੇ ਹੁਕਮ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਮਨੁੱਖ ਜਦੋਂ ਉਸ ਪ੍ਰਭੂ ਦੇ ਹੁਕਮ ਅਨੁਸਾਰ ਆਪਣੇ ਜੀਵਨ ਨੂੰ ਢਾਲ਼ ਲਵੇਗਾ ਤਾਂ ਕੁਦਰਤੀ ਤੌਰ 'ਤੇ ਉਸ ਦੀਆਂ ਤ੍ਰਿਸ਼ਨਾਵਾਂ ਦਾ ਖਾਤਮਾ ਹੋ ਜਾਵੇਗਾ। ਮਨੁੱਖ ਅੰਦਰਲੀ ਹਉਮੈਂ ਉਸ ਨੂੰ ਅਗਿਆਨਤਾ ਵਸ ਜੀਵਨ ਜਿਉਣ ਲਈ ਉਕਸਾਉਂਦੀ ਹੈ, ਜਿਸ ਕਾਰਨ ਉਹ ਆਪਣੇ ਅਸਲੀ ਮਕਸਦ ਤੋਂ ਭਟਕ ਜਾਂਦਾ ਹੈ।

ਮਨੁੱਖ ਦੀਆਂ ਯੋਗਤਾਵਾਂ ਜਿੱਥੇ ਉਸ ਨੂੰ ਨਿੱਜੀ ਰੂਪ ਵਿੱਚ ਫਾਇਦਾ ਦੇਣ ਲਈ ਲਾਹੇਵੰਦ ਹੁੰਦੀਆਂ ਹਨ, ਉੱਥੇ ਉਸ ਅੰਦਰ ਅਹੰਕਾਰ ਪੈਦਾ ਕਰਕੇ ਕੁਰਾਹੇ ਵੀ ਪਾਉਂਦੀਆਂ ਹਨ। ਅੱਜ ਦੇ ਇਸ ਵਿਗਿਆਨਕ ਯੁੱਗ ਵਿੱਚ ਮਨੁੱਖ ਦੀ ਸੋਚ ਦਾ ਘੇਰਾ ਜਿੱਥੇ ਵਿਸ਼ਾਲ ਹੋਇਆ ਹੈ ਉੱਥੇ ਉਹ ਨਿੱਜ-ਪ੍ਰਸਤ ਵੀ ਹੋਇਆ ਹੈ। ਵਿਗਿਆਨਕ ਕਾਢਾਂ ਨੇ ਮਨੁੱਖ ਦੇ ਸਾਹਮਣੇ ਭੌਤਿਕ ਪਦਾਰਥ ਰੂਪੀ ਸਹੂਲਤਾਂ ਨੂੰ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਇਨ੍ਹਾਂ ਪਦਾਰਥਕ ਸਹੂਲਤਾਂ ਨੇ ਮਨੁੱਖੀ ਮਨ ਦੀ ਉਤੇਜਨਾ ਨੂੰ ਵਧਾਇਆ ਹੈ ਜਿਸ ਨਾਲ਼ ਮਨੁੱਖੀ ਮਨ ਨਵੀਆਂ-ਨਵੀਆਂ ਲਾਲਸਾਵਾਂ ਉਜਾਗਰ ਕਰਦਾ ਹੈ ਅਤੇ ਉਨ੍ਹਾਂ ਲਾਲਸਾਵਾਂ ਦੀ ਪੂਰਤੀ ਲਈ ਜਾਇਜ਼-ਨਜਾਇਜ਼ ਢੰਗਾਂ ਦੀ ਵਰਤੋਂ ਕਰਦਾ ਹੈ। ਉਹ ਆਪਣੀ ਜ਼ਿੰਦਗੀ ਨੂੰ ਵਿਲਾਸਮਈ ਅਤੇ ਦਿਖਾਵਟੀ ਬਣਾਉਣ ਲਈ ਦੁਨਿਆਵੀ ਪੂੰਜੀ ਨੂੰ ਮਾਨਵੀ ਸਰੋਕਾਰਾਂ ਨਾਲ਼ੋਂ ਵੱਧ ਤਰਜ਼ੀਹ ਦਿੰਦਾ ਵੀ ਨਜ਼ਰ ਆਉਂਦਾ ਹੈ। ਉਹ ਹਰ ਹੀਲੇ ਸੁੱਖ ਦੇਣ ਵਾਲ਼ੀਆਂ ਸਹੂਲਤਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਹਾਲਤ ਵਿੱਚ ਅਜਿਹੇ ਇਨਸਾਨ ਅੰਦਰੋਂ ਇਨਸਾਨੀਅਤ ਵੀ ਖਤਮ ਹੋ ਜਾਂਦੀ ਹੈ ਅਤੇ ਲਾਲਸਾਵਾਂ ਦੀ ਦੌੜ ਵਿੱਚ ਉਹ ਆਪਣੇ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਉਸ ਲਈ ਮਾਨਵੀ ਅਤੇ ਸਮਾਜਿਕ ਸਰੋਕਾਰਾਂ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ।

ਇਸ ਤਰਾਂ ਦੇ ਮਾਹੌਲ ਵਿੱਚ ਮਨੁੱਖ ਆਪਣੇ ਅਸਲੇ ਤੋਂ ਟੁੱਟ ਜਾਂਦਾ ਹੈ ਅਤੇ ਉਸ ਦਾ ਆਦਰਸ਼ ਵੀ ਗੁੰਮ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤ ਵਿੱਚ ਮਨੁੱਖ ਆਪਣੇ ਆਪ ਤੋਂ, ਪਰਮਾਤਮਾ ਤੋਂ ਅਤੇ ਸਮਾਜ ਤੋਂ ਟੁੱਟ ਕੇ ਅਸੰਤੁਲਿਤ ਜੀਵਨ ਬਤੀਤ ਕਰਨ ਦੇ ਰਾਹੇ ਪੈ ਜਾਂਦਾ ਹੈ। ਭਾਵ ਉਸ ਨੂੰ ਨਾਂ ਤਾਂ ਆਪਣੇ ਜੀਵਨ ਮਕਸਦ ਦਾ ਪਤਾ ਲਗਦਾ ਹੈ ਅਤੇ ਨਾਂ ਹੀ ਉਹ ਇਨਸਾਨੀਅਤ ਦਾ ਹੀ ਧਰਮ ਨਿਭਾ ਰਿਹਾ ਹੁੰਦਾ ਹੈ। ਉਸ ਨੂੰ ਆਪਣੇ ਆਪ ਤੋਂ ਬਿਨ੍ਹਾਂ ਹੋਰ ਕੁੱਝ ਨਹੀਂ ਦਿਖਦਾ। ਮਨੁੱਖ ਦੀ ਲਾਲਸਾ ਉਸ ਨੂੰ ਆਪਣੇ ਅਸਲੀ ਮਕਸਦ ਤੋਂ ਬਹੁਤ ਦੂਰ ਲਿਜਾ ਕੇ ਭਟਕਣ ਵਾਲ਼ੇ ਰਾਸਤੇ ਉੱਪਰ ਖੜ੍ਹਾ ਕਰ ਦਿੰਦੀ ਹੈ। ਮਸ਼ੀਨੀ ਯੁੱਗ ਨੇ ਮਨੁੱਖ ਨੂੰ ਜਿੱਥੇ ਸਹੂਲਤਾਂ ਦਿੱਤੀਆਂ ਹਨ ਉੱਥੇ ਇਸ ਨੂੰ ਭਾਵਨਾ-ਹੀਣ ਬਣਾ ਕੇ ਸਿਰਫ਼ ਖੁਦ ਤੱਕ ਹੀ ਸੀਮਿਤ ਕਰਨ ਦਾ ਕੰਮ ਵੀ ਕੀਤਾ ਹੈ। ਜਿਸ ਨਾਲ ਇਹ ਆਪਣੇ ਲਕਸ਼ ਤੋਂ ਵੀ ਬਹੁਤ ਦੂਰ ਭਟਕਦਾ ਹੋਇਆ ਨਜ਼ਰ ਆਉਂਦਾ ਹੈ। ਮਾਨਵੀ ਜੀਵਨ ਦੀ ਇਸ ਭਟਕਣ ਦੇ ਮੱਦੇਨਜ਼ਰ ਬਿਹਤਰ ਇਨਸਾਨ ਅਤੇ ਚੰਗਾ ਸਮਾਜ ਬਣਾਉਣ ਦੀ ਜ਼ਰੂਰਤ ਹੈ ਜਿਸ ਵਿੱਚ ਸ੍ਰੇਸ਼ਟ ਮਾਨਵੀ ਗੁਣਾਂ ਨੂੰ ਉਭਾਰਿਆ ਜਾ ਸਕੇ ਤਾਂ ਜੋ ਮਨੁੱਖ ਸਚਿਆਰਾ ਬਣਕੇ ਇੱਕ ਉੱਤਮ ਇਨਸਾਨ ਵਜੋਂ ਆਪਣੇ ਜੀਵਨ ਦਾ ਨਿਰਬਾਹ ਕਰ ਸਕੇ। ਇਸ ਸਮਾਜ ਨੂੰ ਚੰਗਾ ਬਣਾਉਣ ਲਈ ਆਦਰਸ਼ ਮਨੁੱਖਾਂ ਦੀ ਜ਼ਰੂਰਤ ਹੈ। ਅਜਿਹੇ ਆਦਰਸ਼ ਮਨੁੱਖਾਂ ਨੂੰ ਗੁਰੂ ਸਾਹਿਬ ਨੇ ਸਚਿਆਰ, ਗੁਰਮੁੱਖ, ਗਿਆਨੀ, ਬ੍ਰਹਮ-ਗਿਆਨੀ, ਸਾਧ ਅਤੇ ਸੰਤ ਆਦਿ ਨਾਵਾਂ ਨਾਲ਼ ਸੰਬੋਧਿਤ ਕੀਤਾ ਹੈ।

ਮਨੁੱਖ ਨੂੰ ਸਚਿਆਰ ਬਣਨ ਲਈ ਕਿਹੜੇ-ਕਿਹੜੇ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਸਚਿਆਰ ਕਿਵੇਂ ਬਣਿਆ ਜਾ ਸਕਦਾ ਹੈ। ਇਹ ਵਿਚਾਰ ਚਰਚਾ ਗੁਰਬਾਣੀ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਇਸ ਖੋਜ-ਕਾਰਜ ਨੂੰ ਹੇਠ ਲਿਖੇ ਅਨੁਸਾਰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ।

1. ਸੱਚ-ਆਚਾਰ ਦਾ ਸੰਕਲਪ ਅਤੇ ਵਿਕਸਤ ਮਨੁੱਖੀ ਸ਼ਖ਼ਸੀਅਤ ਦਾ ਮਨੋਵਿਗਿਆਨਕ ਪੱਖ।
2. ਸਿੱਖ ਮੱਤ ਅਨੁਸਾਰ ਸਚਿਆਰ ਦਾ ਸੰਕਲਪ ਅਤੇ ਪਰਮਾਤਮਾ ਦੀ ਨਦਰਿ।
3. ਸ਼ਖ਼ਸੀਅਤ ਦੇ ਵਿਕਾਸ ਵਿੱਚ ਧਰਮ ਦਾ ਯੋਗਦਾਨ।
4. ਸਚਿਆਰ ਸ਼ਖ਼ਸੀਅਤ ਦਾ ਸਮਾਜ ਵਿੱਚ ਯੋਗਦਾਨ।

ਪਹਿਲੇ ਅਧਿਆਇ ਵਿੱਚ ਮਨੋਵਿਗਿਆਨਕ ਨਜ਼ਰੀਏ ਤੋਂ ਮਨੁੱਖੀ ਸ਼ਖ਼ਸੀਅਤ ’ਤੇ ਵਿਚਾਰ ਕੀਤਾ ਗਿਆ ਹੈ। ਮਨੁੱਖੀ ਸ਼ਖ਼ਸੀਅਤ ਮਨੁੱਖ ਦੀ ਬਾਹਰੀ ਦਿੱਖ ਅਤੇ ਉਸ ਦੇ ਅੰਦਰੂਨੀ ਗੁਣਾਂ ਦਾ ਸੁਮੇਲ ਹੈ। ਜਿਸ ਵਿੱਚ ਉਸ ਦੇ ਬਾਹਰੀ ਅਤੇ ਅੰਦਰੂਨੀ ਪੱਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਜਦਕਿ ਆਮ ਸਮਝ ਅਨੁਸਾਰ ਮਨੁੱਖ ਦੇ ਰੂਪ-ਰੰਗ, ਨੈਣ-ਨਕਸ਼, ਡੀਲ-ਡੌਲ ਅਤੇ ਪਹਿਰਾਵੇ ਆਦਿ ਤੋਂ ਹੀ ਉਸ ਦੀ ਸ਼ਖ਼ਸੀਅਤ ਬਾਰੇ ਵਿਚਾਰ ਬਣਾ ਲਿਆ ਜਾਂਦਾ ਹੈ, ਜੋ ਕਿ ਮਨੋਵਿਗਿਆਨਕ ਪੱਖ ਤੋਂ ਠੀਕ ਨਹੀਂ ਹੈ। ਮਨੁੱਖ ਦੇ ਸਰੀਰਕ ਢਾਂਚੇ ਤੋਂ ਇਲਾਵਾ ਉਸ ਦੀ ਸੋਚ, ਵਿਚਾਰ, ਕਰਮ, ਦੂਜਿਆਂ ਨਾਲ਼ ਵਿਵਹਾਰ ਅਤੇ ਜੀਵਨ-ਜਾਂਚ ਆਦਿ ਸ਼ਖ਼ਸੀਅਤ ਦਾ ਹਿੱਸਾ ਹੈ। ਮਨੁੱਖੀ ਸ਼ਖ਼ਸੀਅਤ ਵਿੱਚ ਇਨ੍ਹਾਂ ਗੁਣਾਂ ਦੇ ਹੋਣ ਜਾਂ ਨਾ ਹੋਣ, ਜਾਂ ਵੱਧ, ਘੱਟ ਹੋਣ ਨਾਲ਼ ਇਹ ਵਿਚਾਰ ਦਿੱਤਾ ਜਾ ਸਕਦਾ ਹੈ ਕਿ ਉਸ ਦੀ ਸ਼ਖ਼ਸੀਅਤ ਕਿਵੇਂ ਦੀ ਹੈ। ਇਹ ਵੀ ਹੋ ਸਕਦਾ ਹੈ ਕਿ ਇੱਕ ਮਨੁੱਖ ਦੀ ਸ਼ਖ਼ਸੀਅਤ ਜੇਕਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ ਜਾਂ ਚੰਗੀ ਲਗਦੀ ਹੈ ਤਾਂ ਜ਼ਰੂਰੀ ਨਹੀਂ ਕਿ ਉਹ ਕਿਸੇ ਹੋਰ ਵਿਅਕਤੀ ਨੂੰ ਉਨੀ ਚੰਗੀ ਲੱਗੇ। ਇਹ ਕਿਸੇ ਮਨੁੱਖ ਦੀ ਸੋਚ ਦੇ ਦਾਇਰੇ ’ਤੇ ਨਿਰਭਰ ਕਰਦਾ ਹੈ। ਮਨੁੱਖੀ ਸ਼ਖ਼ਸੀਅਤ ਦੇ ਲੱਛਣਾਂ ਵਿੱਚ ਸਰੀਰਕ, ਮਾਨਸਿਕ, ਭਾਵਾਤਮਿਕ ਅਤੇ ਸਮਾਜਿਕ ਲੱਛਣ ਆ ਜਾਂਦੇ ਹਨ। ਜਿਹੜੇ ਕਿ ਕਿਸੇ ਵੀ ਮਨੁੱਖ ਦੀ ਸ਼ਖ਼ਸੀਅਤ ਵਿੱਚ ਅਲੱਗ-ਅਲੱਗ ਹੋ ਸਕਦੇ ਹਨ। ਸਰੀਰਕ ਲੱਛਣਾਂ ਵਿੱਚ ਉਸ ਦਾ ਬਾਹਰੀ ਸਰੀਰਕ ਢਾਂਚਾ, ਪਹਿਰਾਵਾ, ਵਿਵਹਾਰ, ਖਾਣ-ਪੀਣ ਅਤੇ ਉੱਠਣ-ਬੈਠਣ ਆਦਿ ਆ ਜਾਂਦੇ ਹਨ। ਆਮ ਰੋਜ਼ਾਨਾ ਜ਼ਿੰਦਗੀ ਵਿੱਚ ਕਿਸੇ ਮਨੁੱਖ ਦੀ ਬਾਹਰੀ ਦਿੱਖ ਅਤੇ ਗੱਲ-ਬਾਤ ਕਰਨ ਦੇ ਢੰਗ, ਵਿਚਰਨ ਦੇ ਢੰਗ, ਕੰਮ ਕਰਨ ਦੇ ਤਰੀਕਿਆ ਤੋਂ ਹੀ ਚੰਗਾ ਅਤੇ ਮਾੜਾ ਪ੍ਰਭਾਵ ਲੈ ਕੇ ਵਿਚਾਰ ਪੇਸ਼ ਕਰ ਦਿੱਤਾ ਜਾਂਦਾ ਹੈ, ਕਿ ਉਹ ਇਨਸਾਨ ਬਹੁਤ ਵਧੀਆ ਹੈ ਅਤੇ ਉਹ ਵਧੀਆ ਨਹੀਂ ਹੈ। ਕਈ ਵਾਰ ਕਿਸੇ ਦੂਸਰੇ ਦੀ ਸ਼ਖ਼ਸੀਅਤ ਬਾਰੇ ਵਿਚਾਰ ਦੇਣ ਵਾਲ਼ੇ ਮਨੁੱਖ ਦੀ ਨਿੱਜੀ ਸੋਚ, ਸਮਝ, ਵਿਚਾਰ, ਉਸ ਦਾ ਘਰੇਲੂ ਅਤੇ ਸਮਾਜਿਕ ਮਾਹੌਲ ਵੀ ਦਿਖਾਈ ਦਿੰਦਾ ਹੈ। ਇਸ ਵਿਚਾਰ ਨੂੰ ਸ਼ਖ਼ਸੀਅਤ ਬਾਰੇ ਆਮ ਸਮਝ ਦੇ ਘੇਰੇ ਵਿੱਚ ਲਿਆ ਜਾ ਸਕਦਾ ਹੈ। ਮਾਨਸਿਕ ਲੱਛਣਾਂ ਵਿੱਚ ਕਿਸੇ ਵਿਅਕਤੀ ਦਾ ਸੁਭਾਅ, ਉਸ ਦੀ ਚਿੰਤਨ ਕਰਨ ਦੀ ਯੋਗਤਾ, ਕਲਪਨਾ-ਸ਼ਕਤੀ, ਵਿਚਾਰ-ਸ਼ਕਤੀ, ਬੌਧਿਕ ਸਮਰੱਥਾ, ਫੈਸਲਾ ਕਰਨ ਦੀ ਯੋਗਤਾ ਅਤੇ ਕਿਸੇ ਦੂਜੇ ਨੂੰ ਸਮਝਣ ਦੀ ਯੋਗਤਾ ਆਦਿ ਸ਼ਾਮਿਲ ਹੁੰਦਾ ਹੈ। ਕਿਸੇ ਮਨੁੱਖ ਦੁਆਰਾ ਦੂਜਿਆਂ ਨਾਲ਼ ਕੀਤੇ ਜਾਂਦੇ ਵਿਵਹਾਰ

ਤੋਂ ਉਸ ਦੀ ਮਾਨਸਿਕਤਾ ਬਾਰੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮਨੁੱਖ ਨੂੰ ਭਾਵੁਕ ਪ੍ਰਾਣੀ ਕਿਹਾ ਜਾਂਦਾ ਹੈ, ਜੋ ਆਪਣੀਆਂ ਭਾਵਨਾਵਾਂ ਦੇ ਆਧਾਰ ’ਤੇ ਆਪਣੇ ਮਨ ਦੀ ਅਵਸਥਾ ਨੂੰ ਪੇਸ਼ ਕਰਦਾ ਹੈ। ਬਾਹਰਲੀਆਂ ਸਥਿਤੀਆਂ ਮਨੁੱਖ ਉੱਤੇ ਜੋ ਚੰਗਾ-ਮਾੜਾ ਪ੍ਰਭਾਵ ਪਾਉਂਦੀਆਂ ਹਨ, ਉਨ੍ਹਾਂ ਦਾ ਜੋ ਅਸਰ ਮਨੁੱਖੀ ਸੋਚ ’ਤੇ ਹੁੰਦਾ ਹੈ। ਉਸ ਦਾ ਪ੍ਰਤਿਕਰਮ ਸੰਵੇਗਾਂ ਅਤੇ ਭਾਵਨਾਵਾਂ ਰਾਹੀਂ ਬਾਹਰ ਆਉਂਦਾ ਹੈ। ਮਨੁੱਖੀ ਭਾਵਨਾਵਾਂ ਉਸ ਦੀ ਸ਼ਖ਼ਸੀਅਤ ਨੂੰ ਚੰਗਾ ਜਾਂ ਮਾੜਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਸਮਾਜਿਕ ਲੱਛਣਾਂ ਤੋਂ ਮਨੁੱਖ ਦੀ ਸਮਾਜਿਕ ਸਮਝ, ਸਮਾਜਿਕ ਵਿਚਾਰ, ਆਪਸੀ ਵਿਵਹਾਰ ਅਤੇ ਰਿਸ਼ਤਿਆਂ ਪ੍ਰਤਿ ਸੁਹਿਰਦਤਾ ਆ ਜਾਂਦੀ ਹੈ। ਮਨੁੱਖੀ ਸ਼ਖ਼ਸੀਅਤ ਉਸ ਦੇ ਅੰਦਰ ਤੇ ਬਾਹਰ ਦਾ ਪ੍ਰਕਾਸ਼ ਹੈ, ਜਿੰਨੀ ਕਿਸੇ ਦੀ ਉੱਚੀ ਅਤੇ ਸੋਹਣੀ ਸ਼ਖ਼ਸੀਅਤ ਹੋਵੇਗੀ ਉਂਨਾਂ ਹੀ ਉਸ ਦਾ ਪ੍ਰਕਾਸ਼ ਤੇਜ ਹੋਵੇਗਾ। ਇਹ ਪ੍ਰਕਾਸ਼ ਕਿਵੇਂ ਦਾ ਹੋ ਸਕਦਾ ਹੈ। ਹਰੇਕ ਮਨੁੱਖ ਦੂਜੇ ਨਾਲ਼ੋਂ ਸ਼ਖ਼ਸੀਅਤ ਪੱਖੋਂ ਵੱਖਰਤਾ ਰੱਖਦਾ ਹੈ। ਜਦੋਂ ਕੋਈ ਇੱਕ ਵਿਅਕਤੀ ਸਾਡੇ ਨਾਲ਼ ਗੱਲਬਾਤ ਕਰਦਾ ਹੈ ਤਾਂ ਉਹ ਆਪਣੀ ਸ਼ਖ਼ਸੀਅਤ ਦਾ ਪ੍ਰਭਾਵ ਸਾਡੇ ’ਤੇ ਛੱਡਦਾ ਹੈ। ਇਹ ਪ੍ਰਭਾਵ ਭਾਵੇਂ ਉਸ ਦੀ ਸ਼ਕਲ-ਸੂਰਤ ਦਾ ਹੋਵੇ ਜਾਂ ਉਸ ਦੇ ਚੱਜ-ਆਚਾਰ ਦਾ, ਭਾਵੇਂ ਉਸ ਦੀ ਜ਼ਿੰਦਗੀ ਦੇ ਤਜ਼ਰਬੇ ਜਾਂ ਗਿਆਨ ਦਾ ਸਾਡੀ ਸੋਚ ’ਤੇ ਪਿਆ ਪ੍ਰਭਾਵ ਹੀ ਉਸ ਦੀ ਸ਼ਖ਼ਸੀਅਤ ਦਾ ਪ੍ਰਕਾਸ਼ ਹੈ। ਇਹ ਪ੍ਰਕਾਸ਼ ਦੂਜਿਆਂ ਨੂੰ ਸ਼ਕਤੀ ਦਿੰਦਾ ਹੈ, ਜਿਸ ਨਾਲ਼ ਉਹ ਸਾਕਾਰਾਤਮਕ ਚਾਨਣ ਅਤੇ ਸ਼ਕਤੀ ਦਾ ਪਸਾਰਾ ਕਰਦਾ ਹੈ। ਸੋਹਣੀ ਸ਼ਕਲ-ਸੂਰਤ ਭਾਵੇਂ ਕੁਦਰਤ ਵੱਲੋਂ ਮਿਲੀ ਦਾਤ ਹੁੰਦੀ ਹੈ, ਪਰੰਤੂ ਖਿੱਚ ਭਰਪੂਰ ਸ਼ਖ਼ਸੀਅਤ ਦਾ ਮਾਲਕ ਵਿਅਕਤੀ ਚੰਗੇ ਕਰਮਾਂ ਅਤੇ ਚੰਗੀ ਸੋਚ ਕਾਰਨ ਹੀ ਬਣ ਸਕਦਾ ਹੈ। ਮਨੁੱਖ ਕੋਲ਼ ਬੁੱਧੀ ਦੀ ਅਨਮੋਲ ਸੁਗਾਤ ਹੈ, ਜਿਸ ਦਾ ਉਸ ਦੀ ਸ਼ਖ਼ਸੀਅਤ ਨੂੰ ਚੰਗਾ ਬਣਾਉਣ ਵਿੱਚ ਵੱਡਾ ਰੋਲ ਹੁੰਦਾ ਹੈ, ਕਿਉਂਕਿ ਤੀਖਣ ਬੁੱਧੀ ਮਨੁੱਖ ਨੂੰ ਕੁਦਰਤ ਵੱਲੋਂ ਮਿਲੀ ਦਾਤ ਹੈ, ਜੋ ਉੱਚ ਸ਼ਖ਼ਸੀਅਤ ਦੀ ਵਿਸ਼ੇਸ਼ਤਾ ਹੈ। ਸਾਡੀ ਸੋਚਣੀ, ਵਿਚਾਰ, ਕਰਮ, ਵਿਵਹਾਰ ਅਤੇ ਦੂਜਿਆਂ ਨਾਲ਼ ਸੰਬੰਧ ਸਾਡੀ ਬੁੱਧੀ ’ਤੇ ਹੀ ਨਿਰਭਰ ਕਰਦੇ ਹਨ। ਬੁੱਧੀਮਾਨ ਵਿਅਕਤੀ ਚੰਗੀ ਸੋਚ ਅਤੇ ਸਮਝ ਦੇ ਆਧਾਰ ’ਤੇ ਕਰਮ ਕਰਦਾ ਹੈ। ਜਿੱਥੇ ਤੀਖਣ ਬੁੱਧੀ ਮਨੁੱਖ ਦੀ ਅੰਦਰੂਨੀ ਸ਼ਖ਼ਸੀਅਤ ਨੂੰ ਪ੍ਰਕਾਸ਼ਮਾਨ ਕਰਕੇ ਉਸ ਅੰਦਰ ਸਦਗੁਣਾਂ ਦਾ ਵਿਕਾਸ ਕਰਦੀ ਹੈ, ਉੱਥੇ ਮਨੁੱਖੀ ਗਿਆਨ ਦਾ ਵਿਸ਼ਾਲ ਘੇਰਾ ਅਤੇ ਤਜ਼ਰਬਾ ਵੀ ਇਸ ਨੂੰ ਹੋਰ ਤੇਜ਼ ਕਰਦਾ ਹੈ। ਮਨੁੱਖ ਦਾ ਹਿੱਤੂ ਸੁਭਾਅ ਉਸ ਦੀ ਸ਼ਖ਼ਸੀਅਤ ਦਾ ਪ੍ਰਗਟਾਅ

ਹੈ, ਜੋ ਕਿ ਜਜ਼ਬਾਤਾਂ ਨੂੰ ਕਾਬੂ ਵਿੱਚ ਕਰਨ ਨਾਲ਼ ਬਣਦਾ ਹੈ। ਗੰਭੀਰਤਾ ਅਤੇ ਸ਼ਾਂਤੀ ਵਾਲ਼ਾ ਸੁਭਾਅ ਉੱਚ ਸ਼ਖ਼ਸੀਅਤ ਦੀਆਂ ਥੰਮੀਆਂ ਹਨ। ਮਨੁੱਖ ਦਾ ਸ਼ਾਂਤ ਅਤੇ ਟਿਕਾਅ ਵਾਲ਼ਾ ਸੁਭਾਅ ਗੰਭੀਰਤਾ ਪੈਦਾ ਕਰਦਾ ਹੈ। ਗੰਭੀਰ ਮਨੁੱਖ ਆਪਣੀ ਜ਼ਿੰਦਗੀ ਦੌਰਾਨ ਕੋਈ ਵੀ ਕਾਰਜ ਸੋਚ-ਵਿਚਾਰ ਤੋਂ ਬਾਅਦ ਹੀ ਕਰਦਾ ਹੈ। ਸ਼ਾਂਤ ਸੁਭਾਅ ਆਪੇ ਉੱਤੇ ਕਾਬੂ ਪਾਉਣ ਨਾਲ਼ ਬਣਦਾ ਹੈ। ਸਿਮਰਨ, ਸੇਵਾ, ਚੰਗੀ ਸੰਗਤ ਅਤੇ ਸ਼ੁਭ ਵਿਚਾਰ ਆਪੇ ਨੂੰ ਕਾਬੂ ਵਿੱਚ ਕਰਨ ਲਈ ਸਹਾਈ ਹੁੰਦੇ ਹਨ। ਜਿਸ ਵਿਅਕਤੀ ਨੇ ਖੁਦ ’ਤੇ ਨਿਯੰਤਰਣ ਕਰ ਲਿਆ ਉਸ ਦਾ ਦੂਜਿਆਂ ਨਾਲ਼ ਵਿਵਹਾਰ ਬਹੁਤ ਵਧੀਆ ਹੋਵੇਗਾ। ਉਸ ਦੇ ਸੁਭਾਅ ਵਿੱਚ ਪਿਆਰ, ਨਿਮਰਤਾ, ਸਹਿਣਸ਼ੀਲਤਾ ਅਤੇ ਭਰਾਤਰੀਭਾਵ ਆਦਿ ਸਦਗੁਣ ਆ ਜਾਂਦੇ ਹਨ। ਉਸ ਅੰਦਰੋਂ ਅਹੰਕਾਰ ਖਤਮ ਹੋ ਜਾਂਦਾ ਹੈ। ਉਸ ਦੀ ਬੋਲੀ ਮਿਠਾਸ ਨਾਲ਼ ਭਰ ਜਾਂਦੀ ਹੈ, ਜਿਸ ਕਾਰਨ ਆਪਸੀ ਸੰਬੰਧਾਂ ਨੂੰ ਸਾਕਾਰਾਤਮਕ ਹੁਲਾਰਾ ਮਿਲਦਾ ਹੈ। ਭਾਵੇਂ ਕਿ ਮਨੁੱਖ ਦੀ ਬਾਹਰੀ ਦਿੱਖ ਅਤੇ ਅੰਦਰੂਨੀ ਗੁਣ ਦੋਵੇਂ ਮਿਲ ਕੇ ਉਸ ਦੀ ਸ਼ਖ਼ਸੀਅਤ ਨੂੰ ਬਣਾਉਂਦੇ ਹਨ। ਪਰੰਤੂ ਉਸ ਦੇ ਅੰਦਰੂਨੀ ਗੁਣਾਂ ਦਾ ਉਸ ਦੀ ਸੋਚ, ਵਿਚਾਰ, ਕਰਮ, ਵਿਵਹਾਰ ਅਤੇ ਜੀਵਨ ਮਕਸਦ ਦੀ ਪ੍ਰਾਪਤੀ ਨਾਲ਼ ਡੂੰਘਾ ਸੰਬੰਧ ਹੁੰਦਾ ਹੈ ਜੋ ਕਿ ਉਸ ਦੀ ਜੀਵਨ ਮਕਸਦ ਪ੍ਰਤੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ। ਮਨੁੱਖ ਦੀ ਸ਼ਖ਼ਸੀਅਤ ਨੂੰ ਮਾਪਣ ਲਈ ਵੱਖ-ਵੱਖ ਵਿਧੀਆਂ ਬਾਰੇ ਵੀ ਇਸ ਅਧਿਆਇ ਵਿੱਚ ਵਿਚਾਰ ਕੀਤਾ ਗਿਆ ਹੈ।

ਦੂਜੇ ਅਧਿਆਇ ਵਿੱਚ ਸਿੱਖ ਮੱਤ ਅਨੁਸਾਰ ਸਚਿਆਰ ਦੇ ਸੰਕਲਪ ਅਤੇ ਪਰਮਾਤਮਾ ਦੀ ਨਦਰਿ ’ਤੇ ਵਿਚਾਰ ਕੀਤਾ ਗਿਆ ਹੈ। ਸੱਚ ਆਚਾਰ ਤੋਂ ਕੀ ਭਾਵ ਹੈ ਇਸ ਅਧਿਆਇ ਵਿੱਚ ਇਸ ਵਿਸ਼ੇ ਉੱਤੇ ਵਿਚਾਰ ਕੀਤਾ ਗਿਆ ਹੈ। ਸੱਚ-ਆਚਾਰ ਦੋ ਸ਼ਬਦਾਂ ਸੱਚ ਅਤੇ ਆਚਾਰ ਦੇ ਮੇਲ ਤੋਂ ਬਣਿਆ ਹੈ। ਸੱਚ ਤੋਂ ਭਾਵ ਹੈ ਸਦਾ ਸਥਿਰ ਰਹਿਣ ਵਾਲਾ, ਜਿਸ ਨੂੰ ਬਦਲਿਆ ਨਹੀਂ ਜਾ ਸਕਦਾ, ਝੁਠਲਾਇਆ ਨਹੀਂ ਜਾ ਸਕਦਾ, ਜਿਸ ਨੂੰ ਪਰਖਣ ਲਈ ਕਿਸੇ ਕਸੌਟੀ ਦੀ ਜ਼ਰੂਰਤ ਨਹੀਂ ਹੁੰਦੀ। ਜੋ ਹਮੇਸ਼ਾ ਨਵਾਂ ਰਹਿੰਦਾ ਹੈ ਕਦੇ ਪੁਰਾਣਾ ਨਹੀਂ ਹੁੰਦਾ। ਸੱਚ ਅਨਮੋਲ ਹੈ ਜਿਸ ਦੀ ਕੋਈ ਕੀਮਤ ਨਹੀਂ ਹੁੰਦੀ। ਸੱਚ ਭਾਵੇਂ ਕਿ ਕੌੜਾ ਹੋ ਸਕਦਾ ਹੈ ਪਰ ਉਸ ਦੀ ਖੁਸ਼ਬੂ ਗੁਲਾਬ ਦੇ ਫੁੱਲ ਦੀ ਤਰਾਂ ਚੌਗਿਰਦੇ ਨੂੰ ਆਪਣੇ ਪ੍ਰਭਾਵ ਵਿੱਚ ਲੈ ਲੈਂਦੀ ਹੈ। ਸੱਚ ਨੂੰ ਆਪਣੀ ਹੋਂਦ ਸਥਾਪਿਤ ਕਰਨ ਲਈ ਕਿਸੇ ਹੋਰ ਸਹਾਰੇ ਦੀ ਜ਼ਰੂਰਤ ਨਹੀਂ ਹੁੰਦੀ। ਸੱਚ ਸਵੈ-ਵਿਸ਼ਵਾਸ ਅਤੇ ਨਿਡਰਤਾ ਹੈ। ਜਿੱਥੇ ਸੱਚ

ਹੈ ਉੱਥੇ ਜਿੱਤ ਹੈ, ਪਿਆਰ ਨਾਲ ਭਰਿਆ ਹੋਇਆ ਸਮੁੰਦਰ ਹੈ, ਉੱਥੇ ਵੈਰ-ਵਿਰੋਧ ਨਹੀਂ ਹੈ, ਉੱਥੇ ਅਪਣੱਤ ਹੈ ਪਰਾਇਆ ਭਾਵ ਨਹੀਂ ਹੈ। ਸੱਚਾਈ ਸੁੱਖ ਨੂੰ ਜਨਮ ਦਿੰਦੀ ਹੈ ਦੁੱਖਾਂ ਦਾ ਖਾਤਮਾ ਕਰਦੀ ਹੈ। ਆਚਾਰ ਤੋਂ ਭਾਵ ਹੈ ਆਚਰਣ ਜਾਂ ਚਰਿੱਤਰ। ਮਨੁੱਖ ਦਾ ਸੁਭਾਅ, ਉਸ ਦਾ ਵਿਵਹਾਰ, ਉਸ ਦੇ ਕਰਮ, ਉਸ ਦੇ ਲੱਛਣ, ਆਦਤਾਂ, ਉਸ ਦੀ ਸੋਚ, ਦ੍ਰਿੜਤਾ, ਇਮਾਨਦਾਰੀ ਅਤੇ ਸਮਰਪਣ ਆਦਿ ਮਨੁੱਖੀ ਆਚਾਰ ਦਾ ਹਿੱਸਾ ਹੁੰਦਾ ਹੈ। ਸੱਚ-ਆਚਾਰ ਦਾ ਸੰਕਲਪ ਸਿੱਧੇ ਤੌਰ ਤੇ ਮਨੁੱਖ ਨਾਲ ਸੰਬੰਧ ਰੱਖਦਾ ਹੈ। ਅਜਿਹਾ ਮਨੁੱਖ ਇਸ ਦੇ ਅੰਤਰਗਤ ਆਉਂਦਾ ਹੈ ਜਿਸ ਵਿੱਚ ਇਹ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਮਨੁੱਖ ਨੂੰ ਸਾਰੇ ਜੀਵਾਂ ਤੋਂ ਵੱਧ ਯੋਗਤਾਵਾਂ ਦਾ ਮਾਲਕ ਸਮਝਦੇ ਹੋਏ, ਉਸ ਦੇ ਜੀਵਨ ਮਕਸਦ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਗੁਰਬਾਣੀ ਅਨੁਸਾਰ ਮਨੁੱਖ ਦਾ ਇਹ ਜਨਮ ਅਨਮੋਲ ਹੈ ਅਤੇ ਉਸ ਨੂੰ ਇਹ ਜਨਮ 84 ਲੱਖ ਜੂਨੀਆਂ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਹ ਜਨਮ ਪਰਮਾਤਮਾ ਨੇ ਮਨੁੱਖ ਨੂੰ ਇੱਕ ਖਾਸ ਮਕਸਦ ਦੀ ਪ੍ਰਾਪਤੀ ਲਈ ਦਿੱਤਾ ਹੈ। ਗੁਰਮਤਿ ਅਨੁਸਾਰ ਮਨੁੱਖ ਨੇ ਆਪਣੇ ਇਸ ਕੀਮਤੀ ਮਨੁੱਖਾ ਜਨਮ ਵਿੱਚ ਸਚਿਆਰਾ ਬਣਕੇ ਪਰਮਾਤਮਾ ਦੀ ਨਦਰਿ ਨੂੰ ਪ੍ਰਾਪਤ ਕਰਨਾ ਹੈ।

ਗੁਰਮਤਿ ਅਨੁਸਾਰ ਸਮਾਜ ਵਿੱਚ ਸਦਾਚਾਰਕ ਜੀਵਨ ਜਿਉਣ ਵਾਲਾ ਮਨੁੱਖ ਸਚਿਆਰਾ ਹੋ ਸਕਦਾ ਹੈ ਜਿਸ ਰਾਹੀਂ ਪਰਮਸਤਿ ਦੀ ਪ੍ਰਾਪਤੀ ਸੰਭਵ ਹੈ। ਮਨੁੱਖ ਨੇ ਸਦਾਚਾਰਕ ਜੀਵਨ ਲਈ ਆਪਣੇ ਕਰਮਾਂ ਨੂੰ ਆਧਾਰ ਬਣਾਉਣਾ ਹੈ। ਗੁਰਮਤਿ ਅਨੁਸਾਰ ਜਿਹੜੇ ਦੁਨਿਆਵੀ ਕਰਮ ਪਰਮਸਤਿ ਦੇ ਮਾਰਗ ’ਤੇ ਲੈ ਕੇ ਜਾਂਦੇ ਹਨ ਉਹ ਸਕਾਰਥੇ ਹਨ। ਇਸ ਲਈ ਅਜਿਹੇ ਦੁਨਿਆਵੀ ਕਰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਜੋ ਮਨੁੱਖ ਨੂੰ ਨੈਤਿਕ ਅਤੇ ਸਦਾਚਾਰੀ ਬਣਾਉਂਦੇ ਹਨ। ਨੈਤਿਕਤਾ ਅਤੇ ਸੱਚ-ਆਚਾਰ ਅੰਤਰ-ਸਬੰਧਿਤ ਹਨ। ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਹੋਣ ’ਤੇ ਹੀ ਮਨੁੱਖ ਵਿੱਚ ਚੰਗੇ ਗੁਣ ਆਉਣਗੇ ਜਿਸ ਨਾਲ ਉਹ ਆਚਰਣਕ ਤੌਰ ਤੇ ਚੰਗਾ ਬਣੇਗਾ। ਜੋ ਮਨੁੱਖ ਸੱਚ ਦਾ ਧਾਰਣੀ ਹੈ ਉਹ ਆਚਰਣਕ ਤੌਰ ਉੱਤੇ ਵੀ ਸੱਚਾ ਹੁੰਦਾ ਹੈ। ਵਿਅਕਤੀਗਤ ਪੱਧਰ ਤੇ ਸੱਚ ਦਾ ਭਾਵ ਹੈ ਵਿਹਾਰ ਵਿੱਚ ਸੱਚਾ ਹੋਣਾ, ਜੋ ਇੱਕ ਮਨੁੱਖ ਲਈ ਬਹੁਤ ਜ਼ਰੂਰੀ ਹੈ।

ਹਰ ਧਰਮ ਦੀ ਜੀਵਨ-ਜਾਂਚ ਮਨੁੱਖ ਨੂੰ ਕੁੱਝ ਆਦਰਸ਼ਾਂ ਦੀ ਸੂਝ ਦਿੰਦੀ ਹੈ। ਜੋ ਸੰਬੰਧਿਤ ਭਾਈਚਾਰੇ ਦੇ ਮੈਂਬਰਾਂ ਲਈ ਉੱਤਮ ਨੈਤਿਕ ਕੀਮਤਾਂ ਦਾ ਕੰਮ ਕਰਦੀ ਹੈ। ਨੈਤਿਕਤਾ ਮਨੁੱਖ ਲਈ ਮਾਰਗ-ਦਰਸ਼ਨ ਦਾ

ਕੰਮ ਕਰਦੀ ਹੈ ਜਿਸ ਦੇ ਆਧਾਰ ’ਤੇ ਉਸ ਨੇ ਆਪਣੇ ਚਰਿੱਤਰ ਦਾ ਨਿਰਮਾਣ ਕਰਨਾ ਹੁੰਦਾ ਹੈ। ਇਹ ਸੱਚ ਹੈ ਕਿ ਸੰਸਾਰ ਦੇ ਸਾਰੇ ਜੀਵਾਂ ਵਿੱਚੋਂ ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜਿਸ ਨੂੰ ਨੈਤਿਕਤਾ ਦੀ ਸੋਝੀ ਹੈ। ਇਸ ਨੂੰ ਮਨੁੱਖ ਦੀ ਪਛਾਣ ਅਤੇ ਉਸ ਦੀ ਹੋਂਦ ਦਾ ਵਿਲੱਖਣ ਗੁਣ ਵੀ ਕਿਹਾ ਜਾ ਸਕਦਾ ਹੈ। ਸਮਾਜਿਕ ਵਿਵਸਥਾ, ਧਰਮ, ਰਿਸ਼ਤੇ-ਨਾਤੇ ਅਤੇ ਨੈਤਿਕ ਮਰਿਆਦਾ ਦਾ ਮਨੁੱਖੀ ਜੀਵਨ ਨਾਲ਼ ਗਹਿਰਾ ਸੰਬੰਧ ਹੈ। ਸਮਾਜਿਕ ਵਿਵਸਥਾ ਨੂੰ ਹੋਰ ਵਧੀਆ ਬਣਾਉਣ ਦੀ ਸਮਰੱਥਾ ਵੀ ਮਨੁੱਖ ਕੋਲ਼ ਹੈ। ਜਿਸ ਲਈ ਉਹ ਸਦਗੁਣਾਂ ਦਾ ਧਾਰਨੀ ਹੋ ਕੇ ਆਦਰਸ਼ ਮਨੁੱਖ ਦੇ ਰੂਪ ਵਿੱਚ ਸਮਾਜਿਕ ਜੀਵਨ ਬਿਤਾਉਂਦਾ ਹੋਇਆ ਬਿਹਤਰ ਸਮਾਜ ਦਾ ਨਿਰਮਾਣ ਕਰਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦੇ ਆਧਾਰ ’ਤੇ ਮਨੁੱਖੀ ਅਸਤਿਤਵ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਸੰਸਾਰ ਦੇ ਸਾਰੇ ਹੀ ਧਰਮ ਨੈਤਿਕਤਾ ਨੂੰ ਆਧਾਰ ਬਣਾ ਕੇ ਇੱਕ ਮਨੁੱਖ ਦੀ ਕਲਪਨਾ ਕਰਦੇ ਹਨ ਜਿਸ ਦੀ ਇਸ ਸੰਸਾਰ ਵਿੱਚ ਅਲੱਗ ਹੀ ਪਛਾਣ ਹੁੰਦੀ ਹੈ। ਨੈਤਿਕਤਾ ਦੀ ਕਸੌਟੀ ਤੇ ਆਧਾਰਿਤ ਅਜਿਹੇ ਮਨੁੱਖ ਦੀ ਹੋਂਦ ਉੱਭਰ ਕੇ ਸਾਹਮਣੇ ਆਉਂਦੀ ਹੈ ਅਤੇ ਉਸ ਦੇ ਆਚਰਣ ਦਾ ਨਿਰਮਾਣ ਹੁੰਦਾ ਹੈ। ਸੰਸਾਰ ਵਿੱਚ ਉਹ ਵਿਅਕਤੀ ਹੀ ਆਦਰਸ਼ ਮਨੁੱਖ ਬਣਦਾ ਹੈ, ਜਿਸ ਦਾ ਆਚਾਰ ਸੱਚਾ ਹੁੰਦਾ ਹੈ।

ਮਨੁੱਖ ਨੇ ਆਪਣੇ ਜੀਵਨ ਮਕਸਦ ਦੀ ਪ੍ਰਾਪਤੀ ਲਈ ਸਚਿਆਰ ਹੋਣਾ ਹੈ। ਸਤਿ ਅਤੇ ਸਚਿਆਰ ਸ਼ਬਦ ਵਿਅਕਤੀ ਦੇ ਅਧਿਆਤਮਿਕ ਅਤੇ ਵਿਹਾਰਕ ਪੱਖਾਂ ਨਾਲ ਸੰਬੰਧਿਤ ਹਨ। ਗੁਰਮਤਿ ਵਿੱਚ ਸੱਚ ਨੂੰ ਸਭਨਾਂ ਰੋਗਾਂ ਦਾ ਦਾਰੂ ਕਿਹਾ ਗਿਆ ਹੈ। ਗੁਰਮਤਿ ਅਨੁਸਾਰ ਜੋ ਮਨੁੱਖ ਸੱਚ ਨੂੰ ਧਾਰਨ ਕਰਦਾ ਹੈ, ਉਹ ਸਚਿਆਰ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਸੁਧਾਰ ਹਿੱਤ ਚਾਰ ਉਦਾਸੀਆਂ ਕੀਤੀਆਂ। ਜਿਸ ਦਾ ਮਕਸਦ ਸਚਿਆਰੇ ਮਨੁੱਖਾਂ ਦੇ ਸਮਾਜ ਦੀ ਸਿਰਜਣਾ ਕਰਨਾ ਸੀ। ਉਸ ਸਮੇਂ ਦੇ ਸਮਾਜ ਦੀਆਂ ਪ੍ਰਸਥਿਤੀਆਂ ਦੇ ਮੱਦੇਨਜ਼ਰ ਗੁਰੂ ਸਾਹਿਬ ਇਹ ਜਾਣਦੇ ਸਨ ਕਿ ਸਮਾਜ ਨੂੰ ਚੰਗਾ ਬਣਾਉਣ ਲਈ ਸੱਚੇ ਅਤੇ ਗੁਰਮੁੱਖ ਇਨਸਾਨਾਂ ਦੀ ਅਗਵਾਈ ਦੀ ਜ਼ਰੂਰਤ ਹੈ, ਜਿਸ ਨਾਲ ਸਮਾਜ ਵਿੱਚ ਸਦਾਚਾਰ ਕਾਇਮ ਰਹਿ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਸਚਿਆਰੇ ਮਨੁੱਖ ਦੀ ਕਲਪਨਾ ਕੀਤੀ ਹੈ, ਜੋ ਆਦਰਸ਼ ਸਮਾਜ ਦਾ ਨਿਰਮਾਣ ਕਰ ਸਕਦਾ ਹੈ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਨੂੰ ਸਚਿਆਰਾ ਬਣਨ ਦੀ ਜ਼ਰੂਰਤ ਕਿਉਂ ਹੈ? ਕਿਉਂਕਿ ਮਨੁੱਖ ਬਿਨ੍ਹਾਂ ਕਿਸੇ ਸਮਝ ਦੇ ਆਪਣੇ ਕੰਮਾਂ ਦੀ ਕਾਮਯਾਬੀ ਲਈ ਵਹਿਮਾਂ-ਭਰਮਾਂ ਵਿੱਚ

ਪਏ ਹੋਏ ਹਨ। ਪ੍ਰੰਤੂ ਉਹਨਾਂ ਦਾ ਸਹੀ ਮਾਰਗ ਦਰਸ਼ਨ ਕਰਨ ਵਾਲਾ ਕੋਈ ਵੀ ਨਹੀਂ ਹੈ। ਇਸ ਤਰ੍ਹਾਂ ਦੀ ਸਮਾਜਿਕ ਉਥਲ-ਪੁਥਲ ਸਮੇਂ ਆਮ ਲੋਕਾਈ ਅਤੇ ਸਮਾਜ ਨੂੰ ਸਹੀ ਸੇਧ ਦੇਣ ਲਈ ਸਚਿਆਰੇ ਮਨੁੱਖ ਦੀ ਜ਼ਰੂਰਤ ਹੈ।

ਮਨੁੱਖ ਨੇ ਆਪਣੇ ਦੁਨਿਆਵੀ ਕਾਰ-ਵਿਹਾਰ ਕਰਦੇ ਹੋਏ ਸਚਿਆਰਤਾ ਅਤੇ ਪ੍ਰਭੂ ਦੀ ਨਦਰਿ ਦਾ ਭਾਗੀ ਬਣਨਾ ਹੈ। ਇਸ ਲਈ ਮਨੁੱਖ ਨੂੰ ਉਹ ਕਰਮ ਕਰਨੇ ਚਾਹੀਦੇ ਹਨ, ਜਿਹੜੇ ਉਸ ਨੂੰ ਸਦਾਚਾਰ ਅਤੇ ਨੈਤਿਕਤਾ ਦੇ ਮਾਰਗ ਉੱਤੇ ਲੈ ਕੇ ਜਾਂਦੇ ਹਨ ਅਤੇ ਪ੍ਰਭੂ ਦੀ ਨਦਰਿ ਪ੍ਰਾਪਤੀ ਵਿੱਚ ਸਹਾਈ ਹੁੰਦੇ ਹਨ। ਉਹਨਾਂ ਤੋਂ ਬਿਨ੍ਹਾਂ ਦੂਸਰੇ ਸਾਰੇ ਕਰਮ ਵਿਅਰਥ ਹਨ ਕਿਉਂਕਿ ਝੂਠ, ਬੇਈਮਾਨੀ, ਅਨੈਤਿਕਤਾ, ਧੋਖਾ ਅਤੇ ਭ੍ਰਿਸ਼ਟਾਚਾਰ ਮਨੁੱਖ ਨੂੰ ਥੋੜ੍ਹੀ ਦੇਰ ਲਈ ਤਾਂ ਲਾਭ ਦੇ ਸਕਦੇ ਹਨ ਪ੍ਰੰਤੂ ਉਨ੍ਹਾਂ ਬੁਰੇ ਕਰਮਾਂ ਦਾ ਅਸਰ ਮਨੁੱਖ ਲਈ ਘਾਤਕ ਸਿੱਧ ਹੁੰਦਾ ਹੈ ਜਿਸ ਕਾਰਨ ਇਨਸਾਨ ਆਪਣੇ ਆਪ ਦਾ ਸਾਹਮਣਾ ਕਰਨ ਦੇ ਕਾਬਿਲ ਨਹੀਂ ਰਹਿੰਦਾ। ਇਹ ਮਨੁੱਖ ਨੂੰ ਉਸ ਦੇ ਲਕਸ਼ ਤੋਂ ਭੜਕਾਉਣ ਦਾ ਕਾਰਨ ਵੀ ਬਣਦੇ ਹਨ। ਗੁਰਮਤਿ ਅਨੁਸਾਰ ਮਨੁੱਖ ਦੇ ਕਰਮ ਉਸ ਲਈ ਸੁੱਖ ਅਤੇ ਦੁੱਖ ਦਾ ਕਾਰਨ ਬਣਦੇ ਹਨ। ਜਦੋਂ ਮਨੁੱਖ ਸਮਾਜ ਵਿੱਚ ਰਹਿੰਦਾ ਹੋਇਆ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦਾ ਹੈ। ਦੂਜਿਆਂ ਦੀ ਭਲਾਈ ਲਈ ਕਰਮ ਕਰਦਾ ਹੈ। ਦੂਜਿਆਂ ਦੀ ਖੁਸ਼ੀ ਨੂੰ ਪਹਿਲ ਦੇ ਕੇ ਸਮਾਜ ਨੂੰ ਹੋਰ ਬਿਹਤਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ ਤਾਂ ਉਸ ਪਰਮਾਤਮਾ ਦੀ 'ਨਦਰਿ' ਅਜਿਹੇ ਮਨੁੱਖ 'ਤੇ ਸੁਭਾਵਿਕ ਹੀ ਬਣੀ ਰਹਿੰਦੀ ਹੈ।

ਮਨੁੱਖ ਪ੍ਰਭੂ ਦੀ ਨਦਰਿ ਪ੍ਰਾਪਤੀ ਲਈ ਨੇਕ ਨੀਅਤੀ ਦੁਆਰਾ ਚੰਗੇ ਕਰਮ ਕਰਕੇ, ਲੋੜਵੰਦਾਂ ਦੀ ਮੱਦਦ ਕਰਕੇ, ਦੂਜਿਆਂ ਦੀ ਸੇਵਾ ਕਰਕੇ ਆਪਣੇ ਜੀਵਨ ਨੂੰ ਸਫਲ ਬਣਾਉਂਦਾ ਹੈ। ਪ੍ਰਭੂ ਦੀ ਨਦਰਿ ਸਦਕਾ ਮਨੁੱਖ ਪ੍ਰੇਰਿਤ ਰਹਿੰਦਾ ਹੈ ਅਤੇ ਚੰਗੇ ਕਰਮ ਕਰਦਾ ਹੋਇਆ ਆਪਣੇ ਜੀਵਨ ਲਕਸ਼ ਵੱਲ ਵਧਦਾ ਹੈ। ਜਿਸ ਕਾਰਨ ਮਨੁੱਖ ਦਾ ਆਤਮਿਕ ਵਿਕਾਸ ਹੁੰਦਾ ਹੈ ਅਤੇ ਉਸ ਦੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ। ਜਿਸ ਨਾਲ ਉਸ ਦਾ ਸੁਭਾਅ ਬਿਹਤਰ ਹੋ ਜਾਂਦਾ ਹੈ। ਦੂਸਰਿਆਂ ਨਾਲ ਵਿਵਹਾਰ ਭਰਾਤਰੀਭਾਵ ਵਾਲਾ ਹੋ ਜਾਂਦਾ ਹੈ। ਅਜਿਹੇ ਮਨੁੱਖ ਦੀ ਸ਼ਖ਼ਸੀਅਤ ਵਿੱਚ ਨਿਖਾਰ ਆਉਂਦਾ ਹੈ, ਜਿਸ ਨਾਲ ਉਸ ਦੀ ਸਮਾਜ ਵਿੱਚ ਆਦਰਸ਼ ਮਨੁੱਖ ਵਜੋਂ ਪਹਿਚਾਣ ਬਣਦੀ ਹੈ। ਉਹ ਦੂਸਰੇ ਲੋਕਾਂ ਨੂੰ ਆਪਣੀ ਚੰਗੀ ਸੋਚ ਨਾਲ ਪ੍ਰਭਾਵਿਤ ਕਰਕੇ ਉਨ੍ਹਾਂ

ਲਈ ਪ੍ਰੇਰਨਾ ਸ੍ਰੋਤ ਬਣਦਾ ਹੈ। ਸਮਾਜਿਕ ਬੁਰਾਈਆਂ ਖਤਮ ਕਰਨ ਅਤੇ ਸਮਾਜ ਨੂੰ ਚੰਗਾ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ।

ਗੁਰੂ ਸਾਹਿਬ ਨੇ ਮਨੁੱਖ ਦੇ ਅਧਿਆਤਮਿਕ ਵਿਕਾਸ ਲਈ ਪੰਜ ਖੰਡਾਂ ਰਾਹੀਂ ਰਾਸਤਾ ਦਿਖਾਇਆ ਹੈ। ਪਹਿਲੇ ਪੜਾਅ ਨੂੰ ਧਰਮ ਖੰਡ ਕਿਹਾ ਗਿਆ ਹੈ। ਜਿੱਥੇ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੁੰਦਾ ਹੋਇਆ ਚੰਗੇ ਕਰਮਾਂ ਵੱਲ ਪ੍ਰੇਰਿਤ ਹੁੰਦਾ ਹੈ। ਜਿੱਥੇ ਮਨੁੱਖ ਨੇ ਚੰਗੇ ਕਰਮ ਕਰਦੇ ਹੋਏ ਜੀਵਨ ਜਿਉਣਾ ਹੈ। ਇਸ ਪੜਾਅ 'ਤੇ ਮਨੁੱਖ ਨੂੰ ਇਸ ਗੱਲ ਦੀ ਸੋਝੀ ਹੁੰਦੀ ਹੈ ਕਿ ਚੰਗੇ ਅਤੇ ਬੁਰੇ ਕਰਮਾਂ ਜਾਂ ਕੰਮਾਂ-ਕਾਰਾਂ ਦਾ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਉੱਪਰ ਡੂੰਘਾ ਅਤੇ ਗੰਭੀਰ ਅਸਰ ਪੈਂਦਾ ਹੈ। ਇਸ ਨੂੰ ਪਹਿਚਾਣਦੇ ਹੋਏ ਮਨੁੱਖ ਚੰਗੇ ਕਰਮਾਂ ਵੱਲ ਪ੍ਰੇਰਿਤ ਹੁੰਦਾ ਹੈ। ਇਸ ਦੇ ਨਾਲ਼ ਹੀ ਉਹ ਆਪਣੀ ਜ਼ਿੰਦਗੀ ਨੂੰ ਨਿਯਮਾਂ ਵਿੱਚ ਰਹਿ ਕੇ ਜਿਉਂਦਾ ਹੈ। ਇਸ ਖੰਡ ਵਿੱਚ ਮਨੁੱਖ ਨੂੰ ਨੈਤਿਕ ਮਰਿਯਾਦਾ ਦੇ ਆਧਾਰ 'ਤੇ ਕਰਤੱਵ ਕਰਨ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਮਨੁੱਖ ਜੋ ਵੀ ਕਰਮ ਕਰਦਾ ਹੈ ਉਸ ਦਾ ਅਸਰ ਉਸ ਉੱਪਰ ਹੁੰਦਾ ਹੈ। ਮਨੁੱਖ ਨੇ ਚੇਤਨ ਤੌਰ ਤੇ ਚੰਗੇ, ਮਾੜੇ, ਨੈਤਿਕਤਾ ਅਤੇ ਅਨੈਤਿਕਤਾ 'ਤੇ ਵਿਚਾਰ ਕਰਕੇ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਆਪਣੇ ਕਰਤੱਵਾਂ ਦਾ ਪਾਲਣ ਕਰਨਾ ਹੈ। ਉਸ ਦੁਆਰਾ ਕੀਤੇ ਕਰਮ ਉਸ ਦੇ ਆਚਰਣ ਅਤੇ ਸ਼ਖ਼ਸੀਅਤ ਨੂੰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਦੂਜਾ ਪੜਾਅ ਗਿਆਨ ਖੰਡ ਦਾ ਹੈ ਜਿੱਥੇ ਗੁਰੂ ਸਾਹਿਬ ਨੇ ਪਰਮਾਤਮਾ ਦੁਆਰਾ ਸਿਰਜੀ ਪੂਰੀ ਕਾਇਨਾਤ, ਪ੍ਰਕਿਰਤੀ ਦੀ ਅਨੰਤਤਾ ਦਾ ਅਦਭੁਤ ਦ੍ਰਿਸ਼ ਪੇਸ਼ ਕੀਤਾ ਹੈ। ਜਿੱਥੇ ਕਿੰਨੇ ਹੀ ਪਉਣ, ਪਾਣੀ, ਕਾਨ, ਮਹੇਸ਼, ਸੂਰਜ, ਚੰਦਰਮਾ, ਸਿੱਧ, ਬੁੱਧ, ਨਾਥ ਅਤੇ ਕਿੰਨੇ ਹੀ ਰਤਨਾਂ ਨਾਲ਼ ਭਰੇ ਹੋਏ ਸਮੁੰਦਰ ਹਨ ਜਿਨ੍ਹਾਂ ਦੀ ਵਿਸ਼ਾਲਤਾ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਪਰਮਾਤਮਾ ਦੇ ਇੰਨੇ ਵੱਡੇ ਪਸਾਰੇ ਨੂੰ ਵੇਖ ਕੇ ਮਨੁੱਖ ਵਿਸਮਾਦ ਵਿੱਚ ਆ ਕੇ ਉਸ ਦੇ ਗੁਣਾਂ ਦਾ ਗਾਣ ਕਰਦਾ ਹੈ ਅਤੇ ਚੰਗਿਆਈ ਦੇ ਮਾਰਗ ਵੱਲ ਆਪਣੇ ਕਦਮ ਵਧਾਉਂਦਾ ਹੈ। ਨੇਕੀ ਦੇ ਰਾਸਤੇ ਉੱਤੇ ਚੱਲਣ ਵਾਲੇ ਅਨੇਕਾਂ ਮਹਾਨ ਵਿਅਕਤੀਆਂ ਦੀਆਂ ਪ੍ਰਾਪਤੀਆਂ ਨੂੰ ਵੇਖ ਕੇ ਮਨੁੱਖ ਆਪਣੇ ਔਗੁਣਾਂ ਅਤੇ ਆਪਣੇ ਅੰਦਰਲੀਆਂ ਕਮੀਆਂ ਨੂੰ ਮਹਿਸੂਸ ਕਰਦਾ ਹੈ। ਮਨੁੱਖ ਨੂੰ ਆਪਣੀ

ਸੀਮਤ ਸਮਝ ਦਾ ਗਿਆਨ ਹੁੰਦਾ ਹੈ। ਜਦੋਂ ਮਨੁੱਖ ਪ੍ਰਭੂ ਦੁਆਰਾ ਸਿਰਜੀ ਇੰਨੀ ਵੱਡੀ ਕਾਇਨਾਤ ਅਤੇ ਉਸ ਦੀ ਸ਼ਕਤੀ ਬਾਰੇ ਗੰਭੀਰਤਾ ਨਾਲ਼ ਸੋਚਦਾ ਹੈ ਤਦ ਉਸ ਦੀ ਦ੍ਰਿਸ਼ਟੀ ਬਦਲਦੀ ਹੈ ਅਤੇ ਮਾਨਸਿਕਤਾ ਦਾ ਘੇਰਾ ਵਿਸ਼ਾਲ ਹੁੰਦਾ ਹੈ। ਗਿਆਨ ਖੰਡ ਦੀ ਅਧਿਆਤਮਿਕ ਸਾਧਨਾ ਨਾਲ਼ ਮਨੁੱਖ ਅੰਦਰ ਗਿਆਨ ਪ੍ਰਤੱਖ ਅਤੇ ਪ੍ਰਚੰਡ ਹੋ ਜਾਂਦਾ ਹੈ ਅਤੇ ਉਸ ਨੂੰ ਕਿਤੇ ਵੀ ਕੋਈ ਭੁਲੇਖਾ ਨਹੀਂ ਰਹਿੰਦਾ। ਉਸ ਨੂੰ ਕਾਦਰ ਦੀ ਬੇਅੰਤਤਾ ਦਾ ਅਹਿਸਾਸ ਹੁੰਦਾ ਹੈ।ਜਿਸ ਨਾਲ਼ ਉਸ ਅੰਦਰੋਂ ਅਹੰਕਾਰ ਦਾ ਖਾਤਮਾ ਹੁੰਦਾ ਹੈ। ਇਸ ਖੰਡ ਵਿੱਚ ਕੁਦਰਤ ਦੀਆਂ ਸ਼ਕਤੀਆਂ ਦਾ ਵਰਣਨ ਕੀਤਾ ਗਿਆ ਹੈ। ਪਰਮਾਤਮਾ ਦੇ ਪ੍ਰਚੰਡ ਜਲਵੇ ਦਾ ਦੀਦਾਰ ਕਰਵਾਇਆ ਗਿਆ ਹੈ। ਇਸ ਪੜਾਅ ਤੇ ਸਾਧਕ ਦੇ ਅੰਦਰ ਪ੍ਰੇਮ, ਖੁਸ਼ੀ, ਅਨੰਦ, ਨਿਮਰਤਾ ਅਤੇ ਸਿਫ਼ਤ ਦੇ ਭਾਵ ਪੈਦਾ ਹੁੰਦੇ ਹਨ। ਸਰਮ ਖੰਡ ਦੀ ਲੀਲਾ ਤਾਂ ਹੋਰ ਵੀ ਨਿਆਰੀ ਹੈ ਕਿਉਂਕਿ ਇਸ ਖੰਡ ਨੂੰ ਸੁੰਦਰਤਾ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਜਿੱਥੇ ਬੇਮਿਸਾਲ ਤਰੀਕੇ ਨਾਲ ਅਨੁਪਮ ਘਾੜਤਾਂ ਘੜੀਆਂ ਜਾਂਦੀਆਂ ਹਨ। ਇਸ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ ਕਿ ਇੱਥੇ ਕੀ-ਕੀ ਹੁੰਦਾ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਸ ਅਵਸਥਾ ਨੂੰ ਬਿਆਨ ਕਰਨਾ ਅਸੰਭਵ ਹੈ। ਜੇ ਕੋਈ ਕਰਦਾ ਵੀ ਹੈ ਤਾਂ ਉਹ ਬਾਅਦ ਵਿੱਚ ਪਛਤਾਉਂਦਾ ਹੈ। ਇੱਥੇ ਸੁਰਤ, ਮਤ, ਮਨ ਅਤੇ ਬੁੱਧੀ ਦੀ ਘਾੜਤ ਹੁੰਦੀ ਹੈ। ਇਸ ਅਵਸਥਾ ਵਿੱਚ ਪਰਮਾਤਮਾ ਦੀ ਰਚਨਾ ਦੀ ਵਿਸ਼ਾਲਤਾ ਤੋਂ ਪ੍ਰਭਾਵਿਤ ਹੋ ਕੇ ਮਨੁੱਖ ਦੀ ਮਾਨਸਿਕਤਾ ਆਪਣਾ ਘੇਰਾ ਵਧਾ ਲੈਂਦੀ ਹੈ। ਇਸ ਖੰਡ ਵਿੱਚ ਮਨੁੱਖ ਅੰਦਰ ਦਇਆ ਆਉਂਦੀ ਹੈ ਅਤੇ ਉਹ ਦਇਆ ਦੇ ਭਾਵ ਨਾਲ ਸੰਸਾਰ ਵਿੱਚ ਵਿਚਰਦਾ ਹੈ। ਦਇਆ ਦੇ ਵਿਹਾਰ ਨਾਲ ਮਨੁੱਖ ਅੰਦਰ ਪ੍ਰੇਮਾ ਭਗਤੀ ਦਾ ਭਾਵ ਪੈਦਾ ਹੁੰਦਾ ਹੈ।

ਕਰਮ ਖੰਡ ਨਦਰਿ ਦਾ ਖੰਡ ਹੈ। ਇਹ ਅਵਸਥਾ ਪ੍ਰਭੂ ਨਦਰਿ ਦੀ ਅਵਸਥਾ ਹੈ ਇਸ ਲਈ ਇੱਥੇ ਸ਼ਕਤੀ-ਬਲ ਦੀ ਹੀ ਪੂਜਾ ਹੁੰਦੀ ਹੈ। ਹੋਰ ਕਿਸੇ ਨੂੰ ਕੋਈ ਨਹੀਂ ਪੁੱਛਦਾ ਕਿਉਂਕਿ ਯੋਧਿਆਂ, ਸੂਰਬੀਰਾਂ ਦੇ ਅੰਦਰ ਪਰਮਾਤਮਾ ਦੀ ਹੀ ਸ਼ਕਤੀ ਭਰੀ ਹੁੰਦੀ ਹੈ। ਇਸ ਖੰਡ ਵਿੱਚ ਸਾਧਕ ਇਕਾਗਰ ਮਨ ਨਾਲ਼ ਅਨੰਦਮਈ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਸਾਧਕ ਨੂੰ ਇਸ ਪੜਾਅ ’ਤੇ ਇਹ ਮਹਿਸੂਸ ਹੁੰਦਾ ਹੈ ਕਿ ਮਨੁੱਖ ਦੇ ਹੱਥ ਵਿੱਚ ਕੁੱਝ ਵੀ ਨਹੀਂ ਹੈ, ਜੋ ਕੁੱਝ ਵੀ ਹੁੰਦਾ ਹੈ ਉਹ ਪ੍ਰਭੂ ਦੀ ਨਦਰਿ ਸਦਕਾ ਹੀ ਹੁੰਦਾ ਹੈ। ਕਰਮ ਖੰਡ ਵਿੱਚ ਸਾਧਕ ਨੂੰ ਦੈਵੀ ਨਦਰਿ ਸਦਕਾ ਦੈਵੀ ਇਕਸੁਰਤਾ ਪ੍ਰਾਪਤ ਹੁੰਦੀ ਹੈ। ਸੱਚਖੰਡ ਵਿੱਚ ਉਸ ਨਿਰੰਕਾਰ ਦਾ ਵਾਸਾ

ਹੈ। ਪੰਜਵਾਂ ਖੰਡ ਸੱਚਖੰਡ ਹੈ ਜਿੱਥੇ ਆਕਾਰ ਰਹਿਤ ਪ੍ਰਭੂ (ਅਕਾਲ ਪੁਰਖ ਆਪ) ਵੱਸਦਾ ਹੈ। ਜੋ ਆਪਣੀ ਰਚਨਾ ਨੂੰ ਵੇਖਦਾ ਸੰਭਾਲਦਾ ਹੈ ਅਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ਼ ਨਿਹਾਲ ਕਰਦਾ ਹੈ। ਸੱਚਖੰਡ ਵਿੱਚ ਖੰਡ, ਮੰਡਲ ਅਤੇ ਬ੍ਰਹਿਮੰਡ ਹਨ ਸਾਰੇ ਸੱਚਖੰਡ ਦੇ ਵਿੱਚ ਹਨ। ਇਸ ਖੰਡ ਵਿੱਚ ਲੋਕਾਂ ਦੇ ਲੋਕ 'ਤੇ ਆਕਾਰਾਂ ਦੇ ਆਕਾਰ ਪਏ ਹਨ। ਜਿਸ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ । ਜਿਵੇਂ-ਜਿਵੇਂ ਉਸ ਨਿਰੰਕਾਰ ਦਾ ਹੁਕਮ ਵਰਤ ਰਿਹਾ ਹੈ ਉਵੇਂ-ਉਵੇਂ ਕਾਰ (ਕੰਮ) ਹੋ ਰਹੀ ਹੈ। ਇਸ ਪੜਾਅ 'ਤੇ ਪਹੁੰਚ ਕੇ ਮਨੁੱਖ ਆਪਣੇ ਆਤਮਿਕ ਅਨੁਭਵ ਵਿੱਚ ਪੂਰਾ ਹੋ ਜਾਂਦਾ ਹੈ। ਉਸ ਦੀ ਪਰਮਾਤਮਾ ਨਾਲ ਪੂਰਨ ਏਕਤਾ ਸਥਾਪਿਤ ਹੋ ਜਾਂਦੀ ਹੈ।

ਖੋਜ ਕਾਰਜ ਦੇ ਤੀਜੇ ਅਧਿਆਇ ਵਿੱਚ ਧਰਮ ਦੇ ਸ਼ਖ਼ਸੀਅਤ ਦੇ ਵਿਕਾਸ ਵਿੱਚ ਯੋਗਦਾਨ ਬਾਰੇ ਵਿਚਾਰ ਕੀਤਾ ਗਿਆ ਹੈ। ਸਚਿਆਰ ਸ਼ਖ਼ਸੀਅਤ ਦੀ ਪ੍ਰਾਪਤੀ ਵਿੱਚ ਧਰਮ ਮਨੁੱਖ ਦੀ ਸਹਾਇਤਾ ਕਰਦਾ ਹੈ। ਇਸ ਲਈ ਧਰਮ ਦਾ ਮਨੁੱਖੀ ਜੀਵਨ ਵਿੱਚ  ਬਹੁਤ ਮਹੱਤਵ ਹੈ। ਧਰਮ ਮਨੁੱਖ ਨੂੰ ਉਸ ਦੇ ਅਸਲੇ ਦੀ ਪਹਿਚਾਣ ਕਰਵਾਕੇ ਚੰਗੇ ਕਰਮ ਕਰਨ, ਦੂਜਿਆਂ ਦੀ ਸਹਾਇਤਾ ਕਰਨ ਅਤੇ ਸਮਾਜ ਨੂੰ ਚੰਗਾ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਸੁਚੇਤ ਕਰਦਾ ਹੈ। ਧਰਮ ਮਨੁੱਖ ਨੂੰ ਉਸ ਦੇ ਜੀਵਨ ਮਕਸਦ ਬਾਰੇ ਸੁਚੇਤ ਕਰਕੇ ਉਸ ਦੀ ਪ੍ਰਾਪਤੀ ਦਾ ਰਾਸਤਾ ਦਿਖਾਉਂਦਾ ਹੈ ਜਿਸ 'ਤੇ ਚੱਲ ਕੇ ਸਾਧਕ ਆਪਣੇ ਮਕਸਦ ਵੱਲ ਨੂੰ ਵਧਦਾ ਹੈ। ਧਰਮ ਅਤੇ ਮਨੁੱਖ ਦਾ ਡੂੰਘਾ ਰਿਸ਼ਤਾ ਹੈ ਦੋਵਾਂ ਨੂੰ ਇੱਕ ਦੂਜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਮਨੁੱਖ ਦਾ ਅਧਿਐਨ ਧਰਮ ਦੇ ਅਧਿਐਨ ਤੋਂ ਬਿਨ੍ਹਾਂ ਅਸੰਭਵ ਹੈ। ਧਰਮ ਪ੍ਰਤੀ ਹਰੇਕ ਦੀ ਵਿਅਕਤੀਗਤ ਧਾਰਨਾ ਅਲੱਗ-ਅਲੱਗ ਹੋ ਸਕਦੀ ਹੈ। ਪ੍ਰੰਤੂ ਇਸ ਗੱਲ ਉੱਤੇ ਸਾਰੇ ਹੀ ਸਹਿਮਤ ਹਨ ਕਿ ਮਾਨਵਤਾ ਦੇ ਇਤਿਹਾਸ ਵਿੱਚ ਧਰਮ ਬਲਵਾਨ ਹੋ ਨਿਬੜਿਆ ਹੈ। ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਦੋਵਾਂ ਨੂੰ ਇੱਕ ਦੂਜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਰਮ ਕਰਕੇ ਹੀ ਮਨੁੱਖ ਦੁਆਰਾ ਇਸ ਸੰਸਾਰ ਵਿੱਚ ਉੱਚਤਮ ਮੁੱਲਾਂ ਅਤੇ ਕਦਰਾਂ-ਕੀਮਤਾਂ ਨੂੰ ਜੀਵਨ ਵਿੱਚ ਅਪਨਾਉਣ ਲਈ ਯਤਨ ਕੀਤੇ ਜਾਂਦੇ ਹਨ। ਜਦੋਂ ਮਨੁੱਖ ਵਿੱਚ ਧਰਮ ਦਾ ਅਭਾਵ ਹੁੰਦਾ ਹੈ ਤਾਂ ਉਸ ਵਿੱਚੋਂ ਇਨਸਾਨੀਅਤ ਇਸ ਹੱਦ ਤੱਕ ਖਤਮ ਹੋ ਜਾਂਦੀ ਹੈ ਕਿ ਉਸ ਦੀਆਂ ਬਿਰਤੀਆਂ ਅਤੇ ਕਰਮ ਨੀਵੇਂ ਪੱਧਰ ਦੇ ਹੋ ਜਾਂਦੇ ਹਨ।

ਜਿਸ ਦਾ ਪ੍ਰਗਟਾਵਾ ਉਸ ਦੇ ਵਿਹਾਰ ਅਤੇ ਕੰਮਾਂ-ਕਾਰਾਂ ਤੋਂ ਹੁੰਦਾ ਹੈ। ਧਰਮ ਮਨੁੱਖ ਨੂੰ ਅਸਲ ਵਿੱਚ ਮਨੁੱਖ ਬਣਾਉਂਦਾ ਹੈ, ਉਸ ਨੂੰ ਦੂਜੇ ਜੀਵ-ਜੰਤੂਆਂ ਤੋਂ ਵਖਰਿਆਉਂਦਾ ਹੈ।

ਧਰਮ ਦਾ ਉਦੇਸ਼ ਮਨੁੱਖ ਦਾ ਮਾਰਗ-ਦਰਸ਼ਨ ਕਰਨਾ ਹੈ ਤਾਂ ਜੋ ਉਸ ਦਾ ਜੀਵਨ ਆਪਣੇ ਮਕਸਦ ਦੀ ਪ੍ਰਾਪਤੀ ਵੱਲ ਵਧਦਾ ਰਹਿ ਸਕੇ, ਜੋ ਕਿ ਮਾਨਵਤਾ ਦੀ ਭਲਾਈ ਵੱਲ ਨੂੰ ਸੇਧਿਤ ਹੁੰਦਾ ਹੈ। ਧਾਰਮਿਕ ਭਾਵਨਾ ਤੋਂ ਪ੍ਰੇਰਿਤ ਹੋ ਕੇ ਹੀ ਮਨੁੱਖ ਆਪਣੇ ਜੀਵਨ ਦੀਆਂ ਕਿਰਿਆਵਾਂ ਨੂੰ ਧਰਮ ਸਮਝ ਕੇ ਕਰਦਾ ਹੈ, ਜਿਸ ਨਾਲ਼ ਸੁਭਾਵਿਕ ਹੀ ਉਸ ਵਿੱਚ ਸ਼ੁਭ ਅਤੇ ਚੰਗੇ ਕਰਮ ਕਰਨ ਦੀ ਰੁਚੀ ਪੈਦਾ ਹੁੰਦੀ ਹੈ। ਧਰਮ ਮਨੁੱਖ ਨੂੰ ਸੁਚੇਤ ਕਰਦਾ ਹੈ ਕਿ ਇਸ ਸੰਸਾਰ ਵਿੱਚ ਮਨੁੱਖ ਦੁਆਰਾ ਕੀਤੇ ਜਾਂਦੇ ਕਰਮਾਂ ਦੇ ਆਧਾਰ 'ਤੇ ਹੀ ਫਲ਼ ਦੀ ਪ੍ਰਾਪਤੀ ਹੁੰਦੀ ਹੈ, ਜਿਸ ਲਈ ਮਨੁੱਖ ਨੂੰ ਲੋਕ-ਭਲਾਈ ਵਾਲ਼ੇ ਕਰਮ ਕਰਨੇ ਚਾਹੀਦੇ ਹਨ।

ਧਰਮ ਦਾ ਸੰਬੰਧ ਆਸਥਾ ਨਾਲ਼ ਹੈ ਜਿਸ ਕਾਰਨ ਇਸ ਵਿੱਚ ਤਰਕ ਨਾਲ਼ੋਂ ਸ਼ਰਧਾ ਅਤੇ ਵਿਸ਼ਵਾਸ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਮਨੁੱਖ ਧਰਮ ਦੇ ਰਾਸਤੇ ਉੱਤੇ ਚੱਲਦਾ ਹੋਇਆ ਪੂਰਨ ਵਿਸ਼ਵਾਸ ਨਾਲ਼ ਆਪਣੇ ਈਸ਼ਟ ਦੀ ਅਰਾਧਨਾ ਕਰਦਾ ਹੈ। ਧਰਮ ਅਤੇ ਸਦਾਚਾਰ ਦਾ ਆਪਸ ਵਿੱਚ ਬਹੁਤ ਡੂੰਘਾ ਰਿਸ਼ਤਾ ਹੈ ਧਰਮ ਮਨੁੱਖ ਨੂੰ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਦਾ ਹੈ। ਮਨੁੱਖ ਨੂੰ ਚੰਗਾ ਮਨੁੱਖ ਬਣਾਉਣ ਵਿੱਚ ਸਦਗੁਣਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਧਰਮ ਤੋਂ ਬਿਨ੍ਹਾਂ ਸਦਾਚਾਰ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ ਕਿਉਂਕਿ ਸਦਾਚਾਰ ਨੂੰ ਮਨੁੱਖੀ ਸੋਚ ਅਤੇ ਕਰਮ ਵਿੱਚ ਪੈਦਾ ਕਰਨ ਵਿੱਚ ਧਰਮ ਦਾ ਹੀ ਯੋਗਦਾਨ ਹੁੰਦਾ ਹੈ। ਧਰਮ ਹੀ ਸਦਾਚਾਰ ਨੂੰ ਜਨਮ ਦਿੰਦਾ ਹੈ। ਧਰਮ ਅਨੁਸਾਰ ਮਨੁੱਖ ਨੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਧਾਰਨ ਕਰਕੇ ਆਪਣੇ ਆਪ ਨੂੰ ਆਤਮਿਕ ਤੌਰ ਤੇ ਉੱਚਾ ਚੁੱਕਣਾ ਹੈ। ਮਨੁੱਖ ਦਾ ਸਦਾਚਾਰਕ ਜੀਵਨ ਧਰਮ ਅਧਾਰਿਤ ਹੁੰਦਾ ਹੈ ਜਿਸ ਨੂੰ ਸੇਧ ਦੇਣ ਵਾਲ਼ੀਆਂ ਅੰਦਰੂਨੀ ਪ੍ਰੇਰਣਾਵਾਂ ਜਾਂ ਕਦਰਾਂ-ਕੀਮਤਾਂ ਵਿਅਕਤੀ ਦੀ ਕਿਰਿਆਤਮਿਕ ਜ਼ਿੰਦਗੀ ਵਿਚੋਂ ਝਲਕਦੀਆਂ ਹਨ। ਸਦਾਚਾਰ ਚੰਗੇ ਗੁਣਾਂ ਨੂੰ ਜਨਮ ਦਿੰਦਾ ਹੈ, ਜਿਨ੍ਹਾਂ ਦਾ ਪ੍ਰਗਟਾਅ ਉਸ ਦੇ ਵਿਵਹਾਰ ਵਿੱਚੋਂ ਹੁੰਦਾ ਹੈ। ਇਨ੍ਹਾਂ ਗੁਣਾਂ ਨਾਲ਼ ਮਨੁੱਖੀ ਸ਼ਖ਼ਸੀਅਤ ਵਿੱਚ ਨਿਖਾਰ ਆਉਂਦਾ ਹੈ। ਧਰਮ ਮਨੁੱਖ ਦੀ ਆਤਮਿਕ ਉੱਨਤੀ ਦਾ ਸਾਧਨ ਹੈ। ਇਹ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ, ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ, ਉਸ ਨੂੰ ਅਧਿਆਤਮਿਕ ਰਾਸਤੇ ਰਾਹੀਂ ਲਕਸ਼ ਦੀ ਪ੍ਰਾਪਤੀ ਕਰਵਾਉਣ ਵਿੱਚ

ਆਪਣਾ ਯੋਗਦਾਨ ਪਾਉਂਦਾ ਹੈ। ਧਰਮ ਦਾ ਉਦੇਸ਼ ਮਨੁੱਖ ਅੰਦਰਲੀਆਂ ਬੁਰਾਈਆਂ ਦਾ ਖਾਤਮਾ ਕਰਕੇ ਉਸ ਨੂੰ ਇੱਕ ਅਦਰਸ਼ ਮਨੁੱਖ ਬਣਾਉਂਦੇ ਹੋਏ ਪਰਮਾਤਮਾ ਵਿੱਚ ਅਭੇਦ ਕਰਨਾ ਹੈ।

ਖੋਜ ਕਾਰਜ ਦੇ ਚੌਥੇ ਅਧਿਆਇ ਵਿੱਚ ਵਿਕਸਤ ਸ਼ਖ਼ਸੀਅਤ ਦੇ ਸਮਾਜ ਵਿੱਚ ਯੋਗਦਾਨ ਬਾਰੇ ਚਾਨਣਾ ਪਾਇਆ ਗਿਆ ਹੈ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ, ਜਿਸ ਸਮਾਜ ਵਿੱਚ ਮਨੁੱਖ ਰਹਿੰਦਾ ਹੈ ਉਸ ਨੂੰ ਚੰਗਾ ਬਣਾਉਣ ਲਈ ਮਨੁੱਖ ਨੇ ਹੀ ਮੋਹਰੀ ਰੋਲ ਅਦਾ ਕਰਨਾ ਹੁੰਦਾ ਹੈ। ਸਮਾਜ ਅਤੇ ਮਨੁੱਖ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ, ਜਿਸ ਕਾਰਨ ਮਨੁੱਖ ਨੂੰ ਸਮਾਜ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਮਨੁੱਖ ਸਮਾਜ ਵਿੱਚ ਰਹਿ ਕੇ ਹੀ ਵਿਕਾਸ ਕਰ ਸਕਦਾ ਹੈ। ਮਨੁੱਖ ਅਤੇ ਸਮਾਜ ਦੇ ਰਿਸ਼ਤੇ ਦੀ ਅਹਿਮੀਅਤ ਇਸ ਗੱਲ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਮਨੁੱਖੀ ਜੀਵਨ ਜੁਗਤਾਂ ਦਾ ਆਧਾਰ ਸਮਾਜ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਸਮਾਜਿਕ ਹਾਲਾਤਾਂ ਨੂੰ ਸਮਝਦਿਆਂ ਹੋਇਆਂ ਸਚਿਆਰ ਵਿਅਕਤੀ ਦੇ ਸੰਕਲਪ ਦੁਆਰਾ ਆਦਰਸ਼ ਸਮਾਜ ਦੀ ਸਿਰਜਣਾ ਦਾ ਫ਼ਲਸਫ਼ਾ ਮਾਨਵ ਜਾਤੀ ਦੇ ਉੱਚਤਮ ਜੀਵਨ ਪੱਧਰ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਸਮਾਜ ਨੂੰ ਚੰਗਾ ਬਣਾਉਣ ਵਿੱਚ ਜਿੱਥੇ ਮਨੁੱਖ ਆਪਣੀ ਕੋਸ਼ਿਸ਼ ਕਰਦਾ ਹੈ, ਉੱਥੇ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਵਿੱਚ ਵੀ ਸਮਾਜ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਸਚਿਆਰ ਮਨੁੱਖ ਸਮਾਜੀਕਰਣ ਦੀ ਪ੍ਰਕਿਰਿਆ ਰਾਹੀਂ ਇੱਕ ਆਦਰਸ਼ ਮਨੁੱਖ ਦੇ ਤੌਰ ਤੇ ਦੂਜਿਆਂ ਦੇ ਸਾਹਮਣੇ ਆਪਣੀ ਉਦਾਹਰਣ ਪੇਸ਼ ਕਰਦਾ ਹੈ ਜਿਵੇਂ ਮਨੁੱਖ ਨੇ ਆਪਣੇ ਆਪ, ਪਰਿਵਾਰ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ। ਬਿਲਕੁਲ ਇਸੇ ਤਰ੍ਹਾਂ ਹੀ ਉਹ ਆਪਣੇ ਹਿੱਤਾਂ ਤੋਂ ਉੱਪਰ ਉੱਠ ਕੇ ਦੂਜਿਆਂ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੈ। ਮਨੁੱਖ ਸਮਾਜ ਵਿੱਚ ਰਹਿੰਦਿਆਂ ਜਿੱਥੇ ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰਦਾ ਹੈ ਉੱਥੇ ਦੂਜਿਆਂ ਨਾਲ਼ ਚੰਗੇ ਸੰਬੰਧ ਕਾਇਮ ਕਰਕੇ ਸਮਾਜ ਦੇ ਨਿਰਮਾਣ ਅਤੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਇਸ ਦੇ ਨਾਲ਼ ਹੀ ਸਮਾਜ ਵੀ ਮਨੁੱਖ ਦਾ ਸਮਾਜੀਕਰਣ ਕਰਕੇ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਯੋਗਦਾਨ ਪਾਉਂਦਾ ਹੈ। ਸੋ ਸਮਾਜੀਕਰਣ ਦੀ ਪ੍ਰਕਿਰਿਆ ਵਿੱਚ ਇੱਕ ਮਨੁੱਖ ਦਾ ਦੂਜਿਆਂ ਨਾਲ਼ ਸੰਬੰਧ, ਆਪਸੀ ਨਿਰਭਰਤਾ ਅਤੇ ਸਹਿਯੋਗ ਆਦਿ ਆ ਜਾਂਦੇ ਹਨ।। ਸਚਿਆਰ ਮਨੁੱਖ ਸਦਾਚਾਰ ਦੀਆਂ ਲੀਹਾਂ ਤੇ ਤੁਰਦਾ ਹੋਇਆ ਸਮਾਜਿਕ ਸਰੋਕਾਰਾਂ ਦੇ ਮੱਦੇਨਜ਼ਰ ਮਨੁੱਖ ਨੂੰ ਸਹੀ ਦਿਸ਼ਾ ਪ੍ਰਦਾਨ

ਕਰਦਾ ਹੈ। ਸਿੱਖ ਚਿੰਤਨ ਮਨੁੱਖ ਨੂੰ ਅਧਿਆਤਮਿਕਤਾ ਅਤੇ ਸਮਾਜਿਕਤਾ ਦੇ ਰਸਤੇ ਰਾਹੀਂ ਮਨੁੱਖਾ ਜਨਮ ਬਤੀਤ ਕਰਨ ਲਈ ਪ੍ਰੇਰਨਾ ਦਿੰਦਾ ਹੈ। ਜਿਸ ਵਿੱਚ ਮਨੁੱਖ ਨੇ ਆਪਣੀ ਖੁਸ਼ੀ, ਮਾਨਸਿਕ ਆਜ਼ਾਦੀ ਦਾ ਧਿਆਨ ਰੱਖਦੇ ਹੋਏ, ਦੂਜਿਆਂ ਦੀ ਖੁਸ਼ੀ ਅਤੇ ਮਾਨਸਿਕ ਆਜ਼ਾਦੀ ਨੂੰ ਪਹਿਲ ਦਿੰਦੇ ਹੋਏ, ਇੱਕ ਸਾਂਝੀ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਹੈ ਅਤੇ ਆਪਣੇ ਅਸਲ ਮਕਸਦ ਨੂੰ ਵੀ ਪ੍ਰਾਪਤ ਕਰਨਾ ਹੈ। ਸਚਿਆਰ ਮਨੁੱਖ ਸਮਾਜ ਵਿੱਚ ਧਰਮ ਦੇ ਮਾਰਗ ’ਤੇ ਚੱਲਣ, ਨੇਕ-ਨੀਯਤ ਰੱਖਣ ਅਤੇ ਲੋਕ-ਭਲਾਈ ਵਾਲ਼ੇ ਕਰਮ ਕਰਨ ਲਈ ਇਨਸਾਨ ਨੂੰ ਸੁਚੇਤ ਕਰਦਾ ਹੈ। ਸਚਿਆਰ ਮਨੁੱਖ ਸਮਾਜ ਵਿੱਚ ਮਨੁੱਖੀ ਸਮਾਨਤਾ ਨੂੰ ਬਿਨ੍ਹਾਂ ਕਿਸੇ ਸ਼ਰਤ ਦੇ ਲਾਗੂ ਕਰਨ ਦੀ ਇੱਛਾ ਹਿੱਤ ਕੋਸ਼ਿਸ਼ ਕਰਦਾ ਹੈ। ਸਮਾਨਤਾ ਦੀ ਇਸ ਸੋਚ ਵਿੱਚ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖਾਂ ਨੂੰ ਵਿਕਾਸ ਕਰਨ ਦੇ ਬਰਾਬਰ ਮੌਕੇ ਮਿਲਦੇ ਹਨ। ਕੋਈ ਵੀ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਉਸ ਦੀ ਮਰਜ਼ੀ ਦੇ ਵਿਰੁੱਧ ਧੱਕੇ ਨਾਲ਼ ਕੋਈ ਕੰਮ ਕਰਨ ਲਈ ਮਜ਼ਬੂਰ ਨਹੀਂ ਕਰ ਸਕਦਾ। ਸਮਾਨਤਾ ਨੂੰ ਭਾਵੇਂ ਸਰੀਰਕ ਤੌਰ ਤੇ ਸਾਰਿਆਂ ਵਿੱਚ ਇੱਕੋ ਤਰੀਕੇ ਨਾਲ਼ ਲਾਗੂ ਨਹੀਂ ਕੀਤਾ ਜਾ ਸਕਦਾ ਪ੍ਰੰਤੂ ਉਨ੍ਹਾਂ ਦੇ ਸੁਪਨਿਆਂ, ਇੱਛਾਵਾਂ, ਖਾਹਿਸ਼ਾਂ ਅਤੇ ਵਿਚਾਰਾਂ ਦੀ ਕਦਰ ਕਰਨੀ ਬਣਦੀ ਹੈ। ਸਚਿਆਰ ਮਨੁੱਖ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਉਨ੍ਹਾਂ ਦੀ ਹਰ ਸਹਾਇਤਾ ਕਰਨ ਲਈ ਅੱਗੇ ਆਉਂਦਾ ਹੈ ਅਤੇ ਉਨ੍ਹਾਂ ਨੂੰ ਆਪਸੀ ਸਹਿਯੋਗ ਲਈ ਵੀ ਪ੍ਰੇਰਦਾ ਹੈ। ਜਿਵੇਂ ਕਿ ਉਹ ਸਾਰਿਆਂ ਨੂੰ ਇੱਕ ਪਰਮਾਤਮਾ ਦੀ ਸੰਤਾਨ ਮੰਨਦਾ ਹੋਇਆ ਪਿਆਰ ਅਤੇ ਭਰਾਤਰੀਭਾਵ ਦੀ ਲੜੀ ਵਿੱਚ ਪਰੋਂਦਾ ਹੈ। ਜਿੱਥੇ ਉਸ ਨੂੰ ਸਾਰੇ ਮਨੁੱਖ ਆਪਸੀ ਭਾਈਚਾਰਕ ਸਾਂਝ ਵਿੱਚ ਖੜ੍ਹੇ ਨਜ਼ਰ ਆਉਂਦੇ ਹਨ। ਉਸ ਨੂੰ ਕਿਸੇ ਵਿੱਚ ਵੀ ਕੋਈ ਜਾਤ-ਪਾਤ, ਧਰਮ, ਅਮੀਰ-ਗਰੀਬ ਅਤੇ ਉੱਚਾ-ਨੀਵਾਂ ਦਿਖਾਈ ਨਹੀਂ ਦਿੰਦਾ, ਬਲਕਿ ਸਾਰਿਆਂ ਵਿੱਚ ਇੱਕ ਪਰਮਾਤਮਾ ਦੀ ਜੋਤ ਹੀ ਦਿਖਾਈ ਦਿੰਦੀ ਹੈ। ਸਮਾਜਿਕ ਸਮਾਨਤਾ ਦੇ ਇਸ ਸੰਕਲਪ ਦੁਆਰਾ ਸਾਰੇ ਮਨੁੱਖ ਇੱਕ ਰਿਸ਼ਤੇ ਵਿੱਚ ਆਪਸੀ ਤੌਰ ਤੇ ਬੰਨ੍ਹੇ ਹੋਏ ਹਨ। ਉਨ੍ਹਾਂ ਦਾ ਆਪਸ ਵਿੱਚ ਕਿਸੇ ਨਾਲ਼ ਵੀ ਕੋਈ ਵੈਰ-ਵਿਰੋਧ ਨਹੀਂ ਹੈ। ਉਹ ਬਿਨ੍ਹਾਂ ਕਿਸੇ ਸ਼ਰਤ ਦੇ ਦੂਜਿਆਂ ਦੀ ਸਹਾਇਤਾ ਲਈ ਅੱਗੇ ਹੋ ਕੇ ਆਪਣੀਆਂ ਸੇਵਾਵਾਂ ਦਿੰਦੇ ਹਨ। ਸਚਿਆਰ ਮਨੁੱਖ ਭਾਈਚਾਰੇ ਦੀ ਇਸ ਭਾਵਨਾ ਲਈ ਸਭ ਨੂੰ ਪ੍ਰੇਰਦਾ ਹੋਇਆ ਆਦਰਸ਼ ਸਮਾਜ ਦੀ ਸਿਰਜਣਾ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦਾ ਹੈ।

# ਸਿੱਖ ਮੱਤ ਵਿੱਚ ਸਚਿਆਰ ਦਾ ਸੰਕਲਪ ਅਤੇ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਫ਼ੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਅਧੀਨ ਪੀ.ਐੱਚ.ਡੀ. (ਫ਼ਿਲਾਸਫ਼ੀ) ਦੀ

ਡਿਗਰੀ ਹਿੱਤ ਪ੍ਰਸਤੁਤ

**ਖੋਜ-ਪ੍ਰਬੰਧ**

**2019**


ਨਿਗਰਾਨ:

ਡਾ. ਪਰਮਿੰਦਰ ਕੌਰ
ਅਸਿਸਟੈਂਟ ਪ੍ਰੋਫ਼ੈਸਰ
ਫ਼ਿਲਾਸਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਖੋਜਾਰਥੀ:

ਨਰਿੰਦਰ ਸਿੰਘ


(Established Under Punjab Act No. 35 of 1961)

**ਫ਼ਿਲਾਸਫ਼ੀ ਵਿਭਾਗ**

**ਪੰਜਾਬੀ ਯੂਨੀਵਰਿਸਿਟੀ, ਪਟਿਆਲਾ।**

# ਸਾਰ

ਜਿਉਂ-ਜਿਉਂ ਮਨੁੱਖ ਪਦਾਰਥਕ ਖੁਸ਼ਹਾਲੀ ਵੱਲ ਵਧਦਾ ਜਾ ਰਿਹਾ ਹੈ, ਤਿਉਂ-ਤਿਉਂ ਉਸ ਦੀ ਸੋਚ, ਵਿਚਾਰ, ਵਿਵਹਾਰ ਅਤੇ ਕਰਮ ਆਦਿ 'ਤੇ ਇਸ ਦਾ ਪ੍ਰਤੀਕੂਲ ਪ੍ਰਭਾਵ ਵੇਖਣ ਨੂੰ ਮਿਲ ਰਿਹਾ ਹੈ। ਮਨੁੱਖ ਇਸ ਸੰਸਾਰ ਵਿੱਚ ਵਿਚਰਦਾ ਹੋਇਆ ਆਪਣੀਆਂ ਸਰੀਰਕ ਸੁੱਖ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਵਲ ਸਰੀਰਕ ਵਿਕਾਸ ਵੱਲ ਹੀ ਧਿਆਨ ਦੇ ਰਿਹਾ ਹੈ। ਜਿਸ ਨਾਲ਼ ਉਸ ਦੀ ਸ਼ਖ਼ਸੀਅਤ ਵਿਕਸਤ ਹੋਣ ਦੀ ਥਾਂ ਨਿਘਾਰ ਵੱਲ ਗਈ ਹੈ। ਇਸ ਬ੍ਰਹਿਮੰਡ ਵਿੱਚ ਮਨੁੱਖੀ ਹੋਂਦ, ਉਸ ਦੀ ਜੀਵਨ ਸ਼ੈਲੀ, ਉਸ ਦੀਆਂ ਖਾਹਿਸ਼ਾਂ, ਇੱਛਾਵਾਂ ਦੀ ਪੂਰਤੀ ਲਈ ਕੀਤੇ ਜਾ ਰਹੇ ਉਪਰਾਲੇ ਅਤੇ ਦੂਜਿਆਂ ਪ੍ਰਤੀ ਵਿਵਹਾਰਕ ਨਜ਼ਰੀਏ ਨੂੰ ਚੰਗੀ ਤਰ੍ਹਾਂ ਵਿਚਾਰਨ ਤੋਂ ਬਾਅਦ ਇਹੀ ਗੱਲ ਸਾਹਮਣੇ ਆਉਂਦੀ ਹੈ ਕਿ ਉਸ ਦੀ ਸੋਚ ਦਾ ਦਾਇਰਾ ਪਦਾਰਥਕ ਸਹੂਲਤਾਂ ਦੀ ਪ੍ਰਾਪਤੀ ਤੱਕ ਹੀ ਸੀਮਤ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਉਸ ਦੀਆਂ ਮਨੁੱਖੀ ਵਿਸ਼ੇਸ਼ਤਾਵਾਂ ਪਦਾਰਥਕ ਲੋੜਾਂ ਦੇ ਰਾਮ ਰੌਲ਼ੇ ਵਿੱਚ ਹੀ ਰੁਲ਼ ਕੇ ਰਹਿ ਗਈਆਂ ਹਨ। ਅਜਿਹੀ ਸਥਿਤੀ ਵਿੱਚ ਫਸੇ ਮਨੁੱਖ ਨੂੰ ਖੁਦ ਵੀ ਇਹ ਪਤਾ ਨਹੀਂ ਲੱਗ ਰਿਹਾ ਕਿ ਉਹ ਅਸਲ ਵਿੱਚ ਜੋ ਕੁੱਝ ਕਰ ਰਿਹਾ ਹੈ ਉਹ ਉਸ ਦੀ ਭਲਾਈ ਹਿੱਤ ਹੈ ਜਾਂ ਨਹੀਂ। ਪਦਾਰਥਾਂ ਪਿੱਛੇ ਭੱਜਦੇ ਮਨੁੱਖ ਨੂੰ ਸਿਰਫ ਪਦਾਰਥ ਹੀ ਨਜ਼ਰ ਆਉਂਦੇ ਹਨ। ਉਸ ਨੂੰ ਹੋਰ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ। ਇਹ ਸਥਿਤੀ ਕੇਵਲ ਇੱਕ ਮਨੁੱਖ ਦੀ ਹੀ ਨਹੀਂ ਹੈ ਬਲਕਿ ਇਸ ਮੰਝਧਾਰ ਵਿੱਚ ਸਾਰੀ ਮਨੁੱਖ ਜਾਤੀ ਫਸੀ ਪ੍ਰਤੀਤ ਹੁੰਦੀ ਹੈ। ਜਿਸ ਕਾਰਨ ਮਨੁੱਖੀ ਸਮਾਜ ਵਿਚਲੀਆਂ ਕਦਰਾਂ ਕੀਮਤਾਂ ਖੰਭ ਲਾ ਕੇ ਉੱਡ ਗਈਆਂ ਹਨ। ਇੱਕ ਮਨੁੱਖ ਦੂਜਿਆਂ ਨਾਲ਼ ਤਾਂ ਕੀ ਸ਼ਾਇਦ ਖੁਦ ਨਾਲ਼ ਵੀ ਇਨਸਾਫ਼ ਨਹੀਂ ਕਰ ਪਾ ਰਿਹਾ। ਅੱਜ ਦੇ ਮਨੁੱਖ ਨੂੰ ਇਹ ਹੀ ਪਤਾ ਨਹੀ ਲੱਗ ਰਿਹਾ ਕਿ ਉਸ ਦੇ ਜੀਵਨ ਦਾ ਕੀ ਮਕਸਦ ਹੈ ਅਤੇ ਉਹ ਇਸ ਦੁਨੀਆਂ ਵਿੱਚ ਕੀ ਕਰਨ ਆਇਆ ਹੈ? ਉਹ ਆਪਣੇ ਜੀਵਨ ਦੇ ਪਰਮ ਲਕਸ਼ (ਆਤਮਿਕ ਉੱਨਤੀ) ਨੂੰ ਵਿਸਾਰ ਚੁੱਕਿਆ ਹੈ, ਜਿਸ ਨਾਲ਼ ਸਾਰੀ ਜ਼ਿੰਦਗੀ ਇੱਕ ਤਰਫਾ ਯਤਨਾਂ ਵਿੱਚ ਹੀ ਲੰਘਾ ਦਿੰਦਾ ਹੈ ਅਤੇ ਆਪਣੇ ਸਚਿਆਰਤਾ ਦੇ ਮਕਸਦ ਨੂੰ ਪ੍ਰਾਪਤ ਨਹੀਂ ਕਰ ਪਾਉਂਦਾ। ਜੀਵਨ ਨੂੰ ਆਤਮਿਕ ਸੂਖਮਤਾ ਦੇ ਪੱਧਰ ਤੱਕ ਉੱਨਤ ਕਰਨ ਲਈ ਅਸਾਧਾਰਨ ਅਸਰੀਰਕ ਵਿਕਾਸ ਦੀ ਲੋੜ ਹੈ। ਜੋ ਵਿਕਾਸ ਸਰੀਰਕ ਤੌਰ ਤੇ ਬਾਹਰੀ ਨਹੀਂ ਹੁੰਦਾ ਬਲਕਿ ਅੰਦਰੂਨੀ ਹੁੰਦਾ ਹੈ। ਇਸ

ਵਿਕਾਸ ਪ੍ਰਾਪਤੀ ਦਾ ਸਾਧਨ ਗਿਆਨ ਹੈ। ਸਿੱਖ ਧਰਮ ਵਿੱਚ ਗਿਆਨ ਨੂੰ ਜ਼ਿੰਦਗੀ ਦਾ ਅਹਿਮ ਅੰਗ ਮੰਨ ਕੇ ਗਿਆਨ ਦੀ ਪ੍ਰਾਪਤੀ ਲਈ ਵੀ ਪ੍ਰੇਰਿਆ ਗਿਆ ਹੈ। ਗਿਆਨ ਸਾਧਨਾ ਦੁਆਰਾ ਹੀ ਮਨੁੱਖ ਸਾਧਾਰਨ ਪ੍ਰਾਕ੍ਰਿਤਕ ਪੱਧਰ ਤੋਂ ਉੱਪਰ ਉੱਠ ਕੇ ਦੈਵੀ ਸੂਖਮਤਾ ਨੂੰ ਪ੍ਰਾਪਤ ਕਰਦਾ ਹੈ। ਗਿਆਨ ਨਾ ਕੇਵਲ ਮਾਨਸਿਕ ਬਿਰਤੀਆਂ ਨੂੰ ਇੱਕ ਥਾਂ ਤੇ ਕੇਂਦਰਿਤ ਕਰਦਾ ਹੈ ਸਗੋਂ ਸੁਰਤ ਦੇ ਖਿੰਡਾਉ ਨੂੰ ਦੂਰ ਕਰਕੇ ਸਮੁੱਚੇ ਵਿਅਕਤਿਤਵ ਵਿੱਚ ਇੱਕ ਸੰਤੂਲਨ ਪੈਦਾ ਕਰਦਾ ਹੈ। ਗਿਆਨ ਨੂੰ ਸਚਿਆਰਤਾ ਦੀ ਪ੍ਰਾਪਤੀ ਲਈ ਜ਼ਰੂਰੀ ਮੰਨਿਆ ਗਿਆ ਹੈ, ਕਿਉਂਕਿ ਭਟਕਦੇ ਹੋਏ ਮਨ ਤੇ ਕਾਬੂ ਗਿਆਨ ਦੁਆਰਾ ਹੀ ਪਾਇਆ ਜਾ ਸਕਦਾ ਹੈ। ਗਿਆਨ ਮਨੁੱਖ ਨੂੰ ਉਸ ਦੇ ਜੀਵਨ ਮਕਸਦ ਪ੍ਰਤੀ ਸੁਚੇਤ ਕਰਕੇ ਸਹੀ ਰਾਸਤਾ ਦਿਖਾਉਂਦਾ ਹੈ। ਉਸ ਨੂੰ ਸਹੀ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਗਲਤ ਰਾਸਤੇ ਉੱਤੇ ਜਾਣ ਤੋਂ ਰੋਕਦਾ ਹੈ। ਉਸ ਦਾ ਸਹੀ ਮਾਰਗ-ਦਰਸ਼ਨ ਕਰਦਾ ਹੈ ਅਤੇ ਮਨੁੱਖ ਨੂੰ ਸਚਿਆਰ ਹੋਣ ਦੇ ਮਾਰਗ 'ਤੇ ਤੋਰਦਾ ਹੈ। ਇਹ ਗਿਆਨ ਮਨੁੱਖ ਨੂੰ ਸੱਚੇ ਗੁਰੂ ਤੋਂ ਮਿਲਦਾ ਹੈ। ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿੱਚ ਮਨੁੱਖ ਇੱਕ ਅਜਿਹੀ ਭਟਕਣਾ ਦਾ ਸ਼ਿਕਾਰ ਹੈ, ਜਿੱਥੇ ਉਸ ਨੂੰ ਕੋਈ ਰਾਹ ਨਹੀਂ ਦਿਖਾਈ ਦੇ ਰਿਹਾ ਜਿਸ ਤੇ ਚੱਲ ਕੇ ਉਸ ਦੀ ਭਟਕਣਾ ਖਤਮ ਹੋ ਸਕੇ। ਉਹ ਇੱਕ ਸੰਤੁਸ਼ਟੀ ਅਤੇ ਖੁਸ਼ੀ ਵਾਲ਼ਾ ਜੀਵਨ ਜਿਉਂਦਾ ਹੋਇਆ ਆਪਣੇ ਜੀਵਨ ਮਕਸਦ ਨੂੰ ਪ੍ਰਾਪਤ ਕਰ ਸਕੇ। ਹੱਥਲਾ ਖੋਜ ਕਾਰਨ ਮਨੁੱਖੀ ਜੀਵਨ ਦੇ ਮਨੋਰਥ ਦੀ ਪ੍ਰਾਪਤੀ ਲਈ ਸਚਿਆਰਤਾ ਦੀ ਪ੍ਰਾਪਤੀ ਅਤੇ ਸ਼ਖ਼ਸੀਅਤ ਦੇ ਵਿਕਾਸ ਨਾਲ਼ ਸੰਬੰਧਤ ਹੈ।

ਹੱਥਲੇ ਖੋਜ ਕਾਰਜ ਨੂੰ ਚਾਰ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿੱਚ ਮਨੋਵਿਗਿਆਨਕ ਪੱਖ ਤੋਂ ਮਨੁੱਖੀ ਸ਼ਖ਼ਸੀਅਤ ਬਾਰੇ ਚਰਚਾ ਕੀਤੀ ਗਈ ਹੈ। ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿੱਚ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਮਨੁੱਖ ਆਪਣੇ ਜੀਵਨ ਲਕਸ਼ ਦੀ ਪ੍ਰਾਪਤੀ ਕਰ ਸਕੇ। ਮਨੁੱਖ ਨੇ ਆਪਣੇ ਲਕਸ਼ ਦੀ ਪ੍ਰਾਪਤੀ ਲਈ ਸਚਿਆਰਾ ਹੋਣਾ ਹੈ। ਉਸ ਅੰਦਰਲੇ ਗੁਣਾਂ ਅਤੇ ਔਗੁਣਾਂ ਨੇ ਹੀ ਉਸ ਦੀ ਸ਼ਖ਼ਸੀਅਤ ਨੂੰ ਨਿਰਧਾਰਿਤ ਕਰਨਾ ਹੈ। ਆਮ ਵਿਚਾਰ ਅਨੁਸਾਰ ਮਨੁੱਖ ਦੀ ਬਾਹਰੀ ਦਿੱਖ ਨੂੰ ਹੀ ਉਸ ਦੀ ਸ਼ਖ਼ਸੀਅਤ ਸਮਝ ਲਿਆ ਜਾਂਦਾ ਹੈ। ਜਿਸ ਵਿੱਚ ਉਸ ਵਿਅਕਤੀ ਦਾ ਸਰੀਰਕ ਢਾਂਚਾ (ਡੀਲ-ਡੌਲ), ਨੈਣ-ਨਕਸ਼, ਉਸ ਦਾ ਪਹਿਰਾਵਾ ਆਦਿ ਆ ਜਾਂਦਾ ਹੈ, ਜਦਕਿ ਮਨੁੱਖੀ

ਸ਼ਖ਼ਸੀਅਤ ਉਸ ਦੇ ਬਾਹਰੀ ਤੇ ਅੰਦਰੂਨੀ ਗੁਣਾਂ ਦਾ ਸਮੁੱਚ ਅਤੇ ਸੁਮੇਲ ਹੁੰਦੀ ਹੈ। ਬਾਹਰੀ ਗੁਣਾਂ ਵਿੱਚ ਉਸ ਦੀ ਸਰੀਰਕ ਬਣਤਰ ਤੋਂ ਇਲਾਵਾ ਉਸ ਦੇ ਨੈਣ-ਨਕਸ਼, ਉਸ ਦਾ ਰੰਗ-ਰੂਪ, ਕੱਦ-ਕਾਠ, ਪਹਿਨਣ-ਪਰਚਣ ਦਾ ਸਲੀਕਾ ਅਤੇ ਤਰੀਕਾ ਸ਼ਾਮਿਲ ਕੀਤੇ ਜਾਂਦੇ ਹਨ। ਉਸ ਦੇ ਖਾਣ-ਪੀਣ, ਬੋਲਣ-ਚੱਲਣ ਅਤੇ ਸਮਾਜ ਵਿੱਚ ਵਿਚਰਨ ਦੇ ਤੌਰ ਤਰੀਕੇ ਵੀ ਬਾਹਰੀ ਗੁਣਾਂ ਵਿੱਚ ਹੀ ਸ਼ਾਮਿਲ ਕੀਤੇ ਜਾਂਦੇ ਹਨ। ਪਰੰਤੂ ਸ਼ਖ਼ਸੀਅਤ ਦੇ ਵਿਕਾਸ ਵਿੱਚ ਮਨੁੱਖ ਦੇ ਅੰਦਰੂਨੀ ਗੁਣਾਂ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ, ਕਿਉਂਕਿ ਸ਼ਖ਼ਸੀਅਤ ਵਿੱਚ ਕੇਵਲ ਬਾਹਰੀ ਰੂਪ ਹੀ ਨਹੀਂ ਬਲਕਿ ਅੰਦਰਲੇ ਗੁਣਾਂ ਜਾਂ ਪੱਖਾਂ ਨੂੰ ਵੀ ਲਿਆ ਜਾਂਦਾ ਹੈ। ਇਹ ਕਿਸੇ ਵਿਅਕਤੀ ਦੇ ਸਰੀਰਕ, ਬੌਧਿਕ ਅਤੇ ਭਾਵਾਤਮਿਕ ਬਣਤਰ ਦਾ ਸਮੂਹਿਕ ਏਕੀਕਰਣ ਹੈ। ਇਹ ਸਾਡੇ ਅਨੁਭਵ, ਆਦਤਾਂ, ਇੱਛਾਵਾਂ, ਭਾਵਨਾਵਾਂ, ਰੁਚੀਆਂ ਅਤੇ ਕਈ ਹੋਰ ਵਿਸ਼ੇਸ਼ਤਾਵਾਂ ਦੁਆਰਾ ਪ੍ਰਗਟ ਹੁੰਦਾ ਹੈ। ਮਨੋਵਿਗਿਆਨਕ ਨਜ਼ਰੀਏ ਤੋਂ ਮਨੁੱਖੀ ਸ਼ਖ਼ਸੀਅਤ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਜਿਸ ਅਨੁਸਾਰ, ਇਸ ਵਿੱਚ ਸਰੀਰਕ, ਮਾਨਸਿਕ, ਸਮਾਜਿਕ ਅਤੇ ਭਾਵਾਤਮਿਕ ਪੱਖ ਸ਼ਾਮਿਲ ਹਨ। ਮਨੁੱਖ ਦੇ ਸਰੀਰਕ ਅਤੇ ਸਮਾਜਿਕ ਪੱਖ ਵਿੱਚ ਉਸ ਦੀ ਸ਼ਖ਼ਸੀਅਤ ਦੇ ਬਾਹਰੀ ਗੁਣ ਸ਼ਾਮਿਲ ਹੁੰਦੇ ਹਨ ਅਤੇ ਮਾਨਸਿਕ ਤੇ ਭਾਵਾਤਮਿਕ ਪੱਖ ਵਿੱਚ ਅੰਦਰੂਨੀ ਗੁਣ ਸ਼ਾਮਿਲ ਹੁੰਦੇ ਹਨ। ਕਿਸੇ ਵਿਅਕਤੀ ਦੀ ਸਰੀਰਕ ਬਣਤਰ, ਬਾਹਰੀ ਦਿੱਖ, ਪਹਿਰਾਵਾ, ਦੂਜਿਆਂ ਨਾਲ਼ ਵਿਵਹਾਰ, ਬੋਲ-ਚਾਲ, ਰਹਿਣ-ਸਹਿਣ ਆਦਿ ਸਰੀਰਕ ਲੱਛਣ ਹਨ। ਮਨੁੱਖ ਦਾ ਚੰਗਾ ਪਹਿਰਾਵਾ ਵੀ ਉਸ ਦੀ ਸਰੀਰਕ ਸ਼ਖ਼ਸੀਅਤ ਨੂੰ ਚਮਕਾਉਣ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ। ਉਸ ਦੀਆਂ ਆਦਤਾਂ, ਖਾਣ-ਪੀਣ, ਉੱਠਣਾ-ਬੈਠਣਾ ਆਦਿ ਵੀ ਸਰੀਰਕ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦੇ ਹਨ। ਮਾਨਸਿਕ ਲੱਛਣਾਂ ਵਿੱਚ ਸਮਝਣ ਦੀ ਸਮਰੱਥਾ, ਕਲਪਨਾ ਸ਼ਕਤੀ, ਚਿੰਤਨ ਸ਼ਕਤੀ, ਵਿਚਾਰ ਕਰਨ ਦੀ ਯੋਗਤਾ, ਨਿਰੀਖਣ ਸ਼ਕਤੀ, ਤਰਕ ਸ਼ਕਤੀ, ਧਿਆਨ, ਫੈਸਲਾ ਕਰਨ ਦੀ ਯੋਗਤਾ ਆਦਿ ਸ਼ਾਮਿਲ ਹੈ। ਮਾਨਸਿਕ ਲੱਛਣਾਂ ਦੇ ਆਧਾਰ ਤੇ ਇਹ ਅੰਦਾਜ਼ਾ ਲੱਗ ਜਾਂਦਾ ਹੈ ਕਿ ਕਿਸੇ ਮਨੁੱਖ ਵਿੱਚ ਹਾਲਾਤਾਂ ਦੇ ਸੰਦਰਭ ਵਿੱਚ ਸਮਾਯੋਜਿਤ ਹੋਣ ਦੀ ਕਿੰਨੀ ਸਮਰੱਥਾ ਹੈ। ਮਾਨਸਿਕ ਲੱਛਣ ਹੀ ਉਸ ਦੇ ਸੁਭਾਅ ਦੇ ਪੱਖਾਂ ਨੂੰ ਉਜਾਗਰ ਕਰਦੇ ਹਨ। ਜਿੱਥੋਂ ਮਨੁੱਖ ਦੇ ਚੰਗੇ ਜਾਂ ਮਾੜੇ ਸੁਭਾਅ ਦਾ ਪਤਾ ਲੱਗਦਾ ਹੈ। ਜੋ ਵਿਅਕਤੀ ਜਲਦੀ ਗੁੱਸੇ ਵਿੱਚ ਆ ਕੇ ਦੂਜਿਆਂ ਨਾਲ਼ ਲੜ ਪੈਂਦਾ ਹੈ, ਉਸ ਦੀ ਬਰਦਾਸ਼ਤ ਕਰਨ ਦੀ

ਸਮਰੱਥਾ ਦਾ ਪਤਾ ਲੱਗਦਾ ਹੈ। ਇਸ ਦੇ ਉਲਟ ਜੋ ਵਿਅਕਤੀ ਕਿਸੇ ਵੀ ਤਰ੍ਹਾਂ ਦੇ ਮਾਹੌਲ ਵਿੱਚ ਖੁਦ ਨੂੰ ਢਾਲ਼ ਲੈਂਦਾ ਹੈ। ਜੋ ਕਿਸੇ ਹੋਰ ਦੇ ਬੁਰੇ ਵਿਵਹਾਰ ਦੇ ਬਦਲੇ ਵੀ ਬੁਰਾ ਵਿਵਹਾਰ ਨਹੀਂ ਕਰਦਾ। ਬਲਕਿ ਉਸ ਦਾ ਵਿਵਹਾਰ ਦੂਜਿਆਂ ਨਾਲ਼ ਸਹਿਜ ਅਵਸਥਾ ਵਿੱਚ ਰਹਿੰਦਾ ਹੈ, ਇਸ ਤੋਂ ਉਸ ਦੇ ਸ਼ਾਂਤ ਸੁਭਾਅ ਦਾ ਪਤਾ ਲੱਗਦਾ ਹੈ। ਸ਼ਖ਼ਸੀਅਤ ਦੇ ਭਾਵਨਾਤਮਕ ਲੱਛਣਾਂ ਵਿੱਚ ਪਿਆਰ, ਨਿਮਰਤਾ, ਗੁੱਸਾ, ਫ਼ਿਕਰ, ਡਰ, ਚਿੰਤਾ, ਖੁਸ਼ੀ ਅਤੇ ਗ਼ਮੀ ਆਦਿ ਸ਼ਾਮਿਲ ਹਨ। ਜਿਵੇਂ ਕੋਈ ਵਿਅਕਤੀ ਬਹੁਤ ਨਿਮਰਤਾ ਦਾ ਧਾਰਨੀ ਹੋ ਕੇ ਸਮਾਜ ਵਿੱਚ ਵਿਚਰਦਾ ਹੈ। ਜਿਹੜਾ ਦੂਜਿਆਂ ਦੇ ਦੁੱਖ-ਸੁੱਖ ਵਿੱਚ ਉਹਨਾਂ ਦਾ ਸਾਥ ਦਿੰਦਾ ਹੈ। ਹਮੇਸ਼ਾਂ ਦੂਜਿਆਂ ਦੇ ਭਲੇ ਹਿੱਤ ਕਰਮ ਕਰਦਾ ਹੈ। ਅਜਿਹੇ ਵਿਅਕਤੀ ਦੀ ਸ਼ਖ਼ਸੀਅਤ ਦੂਜਿਆਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ ਅਤੇ ਚੰਗਿਆਈ ਨੂੰ ਧਾਰਨ ਕਰਨ ਲਈ ਪ੍ਰੇਰਦੀ ਹੈ। ਸਮਾਜਿਕ ਲੱਛਣਾਂ ਵਿੱਚ ਮਨੁੱਖ ਸਮਾਜ ਵਿੱਚ ਦੂਜਿਆਂ ਨਾਲ਼ ਮਿਲ ਕੇ ਰਹਿਣਾ ਸਿੱਖਦਾ ਹੈ। ਸਮਾਜ ਮਨੁੱਖਾਂ ਦਾ ਸਮੂਹ ਹੈ, ਜਿਸ ਵਿੱਚ ਰਹਿ ਕੇ ਮਨੁੱਖ ਦੀ ਸਮਾਜਿਕ ਕਦਰਾਂ-ਕੀਮਤਾਂ, ਸਮਾਜਿਕ ਸਰੋਕਾਰਾਂ ਅਤੇ ਸਮਾਜਿਕ ਰਿਸ਼ਤਿਆਂ ਪ੍ਰਤੀ ਸਮਝ ਵਿਕਸਤ ਹੁੰਦੀ ਹੈ। ਉਸ ਦੇ ਦੂਜਿਆਂ ਨਾਲ਼ ਕੀਤੇ ਜਾਂਦੇ ਵਿਵਹਾਰ ਵਿੱਚ ਪ੍ਰਪੱਕਤਾ ਆਉਂਦੀ ਹੈ। ਉਸ ਦਾ ਦੂਜਿਆਂ ਪ੍ਰਤੀ ਸਾਕਾਰਾਤਮਕ ਨਜ਼ਰੀਆ ਬਣਦਾ ਹੈ ਅਤੇ ਚੰਗੀ ਸਮਝ ਵਿਕਸਤ ਹੁੰਦੀ ਹੈ। ਸਮਾਜ ਵਿੱਚ ਵੱਖ-ਵੱਖ ਤਰ੍ਹਾਂ ਦੀ ਸੋਚ ਅਤੇ ਸੁਭਾਅ ਦੇ ਵਿਅਕਤੀ ਰਹਿੰਦੇ ਹਨ। ਜਿਨ੍ਹਾਂ ਨਾਲ਼ ਵਿਚਰ ਕੇ ਉਸ ਦੀ ਸੋਚ ਦਾ ਘੇਰਾ ਵਿਸ਼ਾਲ ਹੁੰਦਾ ਹੈ।

ਇਸ ਖੋਜ ਕਾਰਜ ਦੇ ਦੂਜੇ ਅਧਿਆਇ ਵਿੱਚ ਸਚਿਆਰ ਦੇ ਸੰਕਲਪ ਅਤੇ ਪ੍ਰਭੂ ਦੀ ਨਦਰਿ ਤੇ ਵਿਚਾਰ ਕੀਤਾ ਗਿਆ ਹੈ। ਮਨੁੱਖ ਪ੍ਰਭੂ ਦੀ ਨਦਰਿ ਸਦਕਾ ਇਸ ਅਨਮੋਲ ਜਨਮ ਵਿੱਚ ਚੰਗੇ ਗੁਣਾਂ ਨੂੰ ਧਾਰਨ ਕਰਦਾ ਹੈ। ਮਨੁੱਖੀ ਸ਼ਖ਼ਸੀਅਤ ਦੇ ਅੰਦਰੂਨੀ ਚੰਗੇ ਗੁਣ ਹੀ ਉਸ ਨੂੰ ਉਸ ਦੇ ਜੀਵਨ ਮਕਸਦ ਵੱਲ ਲੈ ਕੇ ਜਾਂਦੇ ਹਨ। ਇਹ ਚੰਗੇ ਗੁਣ ਮਨੁੱਖ ਨੂੰ ਸਚਿਆਰਾ ਬਣਾਉਂਦੇ ਹਨ। ਮਨੁੱਖ ਸਚਿਆਰਾ ਬਣ ਕੇ ਹੀ ਪੂਰਨਤਾ ਨੂੰ ਪ੍ਰਾਪਤ ਕਰ ਸਕਦਾ ਹੈ। ਸੰਸਾਰ ਦੇ ਸਾਰੇ ਧਰਮ ਮਨੁੱਖ ਦੇ ਜੀਵਨ ਮਕਸਦ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕਰਦੇ ਹਨ। ਜਿਵੇਂ 'ਭਗਵਦ ਗੀਤਾ' ਦੀ ਨੈਤਿਕਤਾ ਨਿਸ਼ਕਾਮ ਕਰਮ ਦਾ ਪ੍ਰਸਤਾਵ ਪੇਸ਼ ਕਰਦੀ ਹੈ ਪਰ ਨਾਲ ਹੀ ਮੋਖ ਜਾਂ ਮੁਕਤੀ ਦਾ ਅਧਿਆਤਮਿਕ ਆਦਰਸ਼ ਵੀ ਪੇਸ਼ ਕਰਦੀ ਹੈ ਇਵੇਂ ਹੀ ਬੁੱਧ-

ਮਤ ਦਾ 'ਅਸ਼ਟ ਮਾਰਗ' ਨੈਤਿਕ ਮਰਿਆਦਾ ਹੈ ਪਰ ਬੁੱਧ ਮੱਤ ਨਿਰਵਾਣ ਨੂੰ ਅੰਤਿਮ ਉਦੇਸ਼ ਮੰਨਦਾ ਹੈ। ਸਿੱਖ-ਮੱਤ ਦੀ ਜੀਵਨ-ਜਾਚ ਇੱਕ ਆਤਮਿਕ ਅਨੁਭਵ ਦੀ ਤਿਆਰੀ ਹੈ। ਸਿੱਖ ਧਰਮ ਅਨੁਸਾਰ ਮਨੁੱਖੀ ਜੀਵਨ ਦਾ ਮਕਸਦ ਪਰਮਾਤਮਾ ਦੀ ਪ੍ਰਾਪਤੀ ਹੈ, ਜਿਸ ਲਈ ਉਸ ਨੇ ਸਚਿਆਰਾ ਬਣਨਾ ਹੈ। ਸੱਚ-ਆਚਾਰ ਦੋ ਸ਼ਬਦਾਂ ਸੱਚ ਅਤੇ ਆਚਾਰ ਦੇ ਮੇਲ ਤੋਂ ਬਣਿਆ ਹੈ। ਸੱਚ ਤੋਂ ਭਾਵ ਹੈ ਸਦਾ ਸਥਿਰ ਰਹਿਣ ਵਾਲਾ, ਜਿਸ ਨੂੰ ਬਦਲਿਆ ਨਹੀਂ ਜਾ ਸਕਦਾ, ਝੁਠਲਾਇਆ ਨਹੀਂ ਜਾ ਸਕਦਾ। ਜਿਸ ਨੂੰ ਪਰਖਣ ਲਈ ਕਿਸੇ ਕਸੌਟੀ ਦੀ ਜ਼ਰੂਰਤ ਨਹੀਂ ਹੁੰਦੀ। ਜੋ ਹਮੇਸ਼ਾ ਨਵਾਂ ਰਹਿੰਦਾ ਹੈ ਕਦੇ ਪੁਰਾਣਾ ਨਹੀਂ ਹੁੰਦਾ। ਸੱਚ ਅਨਮੋਲ ਹੈ ਜਿਸ ਦੀ ਕੋਈ ਕੀਮਤ ਨਹੀਂ ਹੁੰਦੀ। ਸੱਚ ਭਾਵੇਂ ਕਿ ਕੌੜਾ ਹੋ ਸਕਦਾ ਹੈ ਪਰ ਉਸ ਦੀ ਖੁਸ਼ਬੂ ਗੁਲਾਬ ਦੇ ਫੁੱਲ ਦੀ ਤਰ੍ਹਾਂ ਸਾਰੇ ਚੌਗਿਰਦੇ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਮਹਿਕਾ ਦਿੰਦੀ ਹੈ। ਸੱਚ ਨੂੰ ਆਪਣੀ ਹੋਂਦ ਸਥਾਪਿਤ ਕਰਨ ਲਈ ਕਿਸੇ ਹੋਰ ਸਹਾਰੇ ਦੀ ਜ਼ਰੂਰਤ ਨਹੀਂ ਹੁੰਦੀ। ਸੱਚ ਸਵੈ-ਵਿਸ਼ਵਾਸ ਅਤੇ ਨਿਡਰਤਾ ਹੈ। ਜਿੱਥੇ ਸੱਚ ਹੈ ਉੱਥੇ ਜਿੱਤ ਹੈ, ਪਿਆਰ ਨਾਲ ਭਰਿਆ ਹੋਇਆ ਸਮੁੰਦਰ ਹੈ, ਉੱਥੇ ਵੈਰ-ਵਿਰੋਧ ਨਹੀਂ ਹੈ, ਉੱਥੇ ਅਪਣੱਤ ਹੈ, ਪਰਾਇਆ ਭਾਵ ਨਹੀਂ ਹੈ। ਸੱਚਾਈ ਸੁੱਖ ਨੂੰ ਜਨਮ ਦਿੰਦੀ ਹੈ ਦੁੱਖਾਂ ਦਾ ਖਾਤਮਾ ਕਰਦੀ ਹੈ। ਆਚਾਰ ਤੋਂ ਭਾਵ ਹੈ ਆਚਰਣ ਜਾਂ ਚਰਿੱਤਰ। ਮਨੁੱਖ ਦਾ ਸੁਭਾਅ, ਵਿਵਹਾਰ, ਕਰਮ, ਲੱਛਣ, ਆਦਤਾਂ, ਪਹਿਰਾਵਾ, ਸੋਚ ਅਤੇ ਉਸ ਦੁਆਰਾ ਕੀਤੇ ਜਾ ਰਹੇ ਕੰਮਾਂ ਵਿੱਚ ਲਗਨ, ਦ੍ਰਿੜਤਾ, ਇਮਾਨਦਾਰੀ ਅਤੇ ਸਮਰਪਣ ਆਦਿ ਮਨੁੱਖੀ ਆਚਾਰ ਦਾ ਹੀ ਹਿੱਸਾ ਹੁੰਦਾ ਹੈ।

ਸਿੱਖ ਧਰਮ ਅਨੁਸਾਰ ਮਨੁੱਖ ਨੂੰ ਇਹ ਜਨਮ 84 ਲੱਖ ਜੂਨੀਆਂ ਤੋਂ ਬਾਅਦ ਪ੍ਰਾਪਤ ਹੋਇਆ ਹੈ ਅਤੇ ਮਨੁੱਖ ਦੇ ਜੀਵਨ ਮਕਸਦ ਦੀ ਪ੍ਰਾਪਤੀ ਕੇਵਲ ਇਸ ਜਨਮ ਵਿੱਚ ਹੀ ਸੰਭਵ ਹੈ। ਇਸ ਜਨਮ ਵਿੱਚ ਮਨੁੱਖ ਨੇ ਗੁਰੂ ਦਾ ਹੁਕਮ ਮੰਨ ਕੇ ਨੇਕੀ ਵਾਲ਼ਾ ਜੀਵਨ ਜਿਉਣਾ ਹੈ। ਮਨੁੱਖ ਨੇ ਸਚਿਆਰਤਾ ਦੀ ਪ੍ਰਾਪਤੀ ਲਈ ਗੁਰੂ ਦੇ ਮਾਰਗ ਦਰਸ਼ਨ ਹੇਠ ਸੱਚੇ ਪ੍ਰਭੂ ਦੇ ਗੁਣਾਂ ਨੂੰ ਧਾਰਨ ਕਰਨਾ ਹੈ। ਇਨ੍ਹਾਂ ਗੁਣਾਂ ਨੂੰ ਆਪਣੀ ਸ਼ਖ਼ਸੀਅਤ ਦਾ ਹਿੱਸਾ ਬਣਾਉਣ ਲਈ ਉਸ ਨੇ ਦਇਆ, ਪਿਆਰ, ਨਿਮਰਤਾ, ਸਦਾਚਾਰ, ਭਰਾਤਰੀਭਾਵ, ਸਦਭਾਵਨਾ ਅਤੇ ਨਿਆ ਆਦਿ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਅਤੇ ਕਰਮ-ਕਾਂਡ ਦਾ ਤਿਆਗ ਕਰਦੇ ਹੋਏ ਪਰਮਾਤਮਾ ਦੀ ਰਜ਼ਾ ਵਿੱਚ ਜੀਵਨ ਬਤੀਤ ਕਰਨਾ ਹੈ।

ਸਚਿਆਰਾ ਮਨੁੱਖ ਉਹ ਹੈ ਜਿਸ ਨੇ ਸੱਚ ਨੂੰ ਸਮਝ ਲਿਆ ਹੈ ਅਤੇ ਆਪਣੀ ਬੁੱਧੀ ਨਾਲ ਸੱਚ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਜੋ ਸੱਚਾਈ ਵਾਲੇ ਕਰਮ ਕਰਦਾ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿੱਚ ਸਚਿਆਰ ਦਾ ਸੰਕਲਪ ਪੇਸ਼ ਕਰਦੇ ਹਨ। ਸਚਿਆਰਤਾ ਦੀ ਪ੍ਰਾਪਤੀ ਦੇ ਰਾਸਤੇ ਵਿੱਚ ਮਨੁੱਖ ਨੂੰ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਰੁਕਾਵਟਾਂ ਮਨੁੱਖ ਅੰਦਰਲੇ ਪੰਜ ਔਗੁਣ ਹਨ। ਲੱਗਭੱਗ ਸਾਰੇ ਭਾਰਤੀ ਧਰਮ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜਾਂ ਨੂੰ ਵਿਕਾਰ ਅਤੇ ਆਤਮਾ ਦੇ ਬੰਧਨ ਦਾ ਕਾਰਨ ਮੰਨਦੇ ਹੋਏ ਇਨ੍ਹਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੇ ਹਨ। ਇਹ ਵਿਅਕਤੀ ਦੀ ਅਧਿਆਤਮਿਕ ਉੱਨਤੀ ਦੇ ਰਾਹ ਵਿੱਚ ਰੁਕਾਵਟ ਬਣਦੇ ਹਨ। ਇਹ ਪੰਜ ਵਿਕਾਰ ਮਨੁੱਖ ਨੂੰ ਇਸ ਦੁਨੀਆਂ ਦੀ ਚਮਕ-ਦਮਕ ਵਿੱਚ ਉਲ਼ਝਾ ਕੇ ਜੀਵਨ ਅਦਰਸ਼ ਤੋਂ ਦੂਰ ਲੈ ਜਾਂਦੇ ਹਨ।

ਗੁਰਮਤਿ ਇਨ੍ਹਾਂ ਪੰਜ ਵਿਕਾਰਾਂ ਤੋਂ ਬਚਣ ਲਈ ਸਾਡਾ ਮਾਰਗ ਦਰਸ਼ਨ ਕਰਦੀ ਹੈ। ਮਨੁੱਖ ਨੂੰ ਇਨ੍ਹਾਂ ਵਿਕਾਰਾਂ ਤੋਂ ਸੁਚੇਤ ਕਰਨ ਲਈ ਅਤੇ ਸੁਖਾਵੀਂ ਜ਼ਿੰਦਗੀ ਜਿਉਣ ਲਈ ਇੱਕ ਮਾਰਗ ਦਰਸ਼ਕ ਦੀ ਲੋੜ ਹੁੰਦੀ ਹੈ। ਜਿਸ ਦੇ ਦਿਸ਼ਾ-ਨਿਰਦੇਸ਼ਾਂ ਤੇ ਚੱਲਕੇ ਮਨੁੱਖ ਆਪਣੇ ਆਤਮਿਕ ਬੰਧਨਾਂ ਨੂੰ ਤੋੜਦਾ ਹੋਇਆ, ਸੱਚਾਈ ਦੇ ਰਾਸਤੇ 'ਤੇ ਚੱਲਕੇ ਆਪਣੇ ਮਕਸਦ ਵੱਲ ਨੂੰ ਵਧਦਾ ਹੈ। ਗੁਰੂ ਮਨੁੱਖ ਅਤੇ ਪਰਮਾਤਮਾ ਵਿਚਕਾਰ ਇੱਕ ਜ਼ਰੀਆ ਬਣਦਾ ਹੈ। ਜਿਸ ਰਾਹੀਂ ਮਨੁੱਖ ਸਹੀ ਰਾਸਤੇ ਨੂੰ ਅਖਤਿਆਰ ਕਰਕੇ ਆਪਣੀ ਮੰਜ਼ਿਲ ਵੱਲ ਨੂੰ ਵਧਦਾ ਹੈ। ਇਹ ਸੱਚ ਹੈ ਕਿ ਇਸ ਦੁਨੀਆਂ ਵਿੱਚ ਹਰੇਕ ਮਨੁੱਖ ਨੂੰ ਵਧੀਆ ਜ਼ਿੰਦਗੀ ਜਿਉਣ ਲਈ ਅਤੇ ਜੀਵਨ ਮਕਸਦ ਦੀ ਪ੍ਰਾਪਤੀ ਲਈ ਇੱਕ ਗੁਰੂ ਦੀ ਜ਼ਰੂਰਤ ਹੈ, ਜੋ ਉਸ ਨੂੰ ਇਸ ਦੁਨੀਆਂ ਰੂਪੀ ਭਵ-ਸਾਗਰ ਤੋਂ ਪਾਰ ਲੰਘਾ ਸਕੇ। ਸਚਿਆਰਤਾ ਦੀ ਪ੍ਰਾਪਤੀ ਲਈ ਮਨੁੱਖ ਨੇ ਪ੍ਰਭੂ ਦੀ ਨਦਰਿ ਨੂੰ ਹਾਸਿਲ ਕਰਨਾ ਹੈ। ਉਸ ਪ੍ਰਭੂ ਨੂੰ ਯਾਦ ਕਰਨਾ ਅਤੇ ਉਸ ਪ੍ਰਭੂ ਦੇ ਗੁਣਾਂ ਦਾ ਲਗਾਤਾਰ ਵਿਚਾਰ ਕਰਨਾ ਹੈ। ਜਿਸ ਨੂੰ ਮਨੁੱਖੀ ਮਨ ਨੇ ਯਾਦ ਕਰਨਾ ਸ਼ੁਰੂ ਕਰ ਦਿੱਤਾ, ਉਸ ਦਾ ਕੁਦਰਤੀ ਤੌਰ ਤੇ ਸਿਮਰਨ ਹੋਣਾ ਸ਼ੁਰੂ ਹੋ ਗਿਆ। ਮਨੁੱਖ ਨੇ ਉਸ ਪ੍ਰਭੂ ਨੂੰ ਆਪਣੀ ਸੋਚ ਦਾ ਹਿੱਸਾ ਬਣਾਉਣਾ ਹੈ। ਉਸ ਪ੍ਰਭੂ ਦੇ ਗੁਣਾਂ ਤੇ ਵਿਚਾਰ ਕਰਕੇ ਹੀ ਮਨੁੱਖ ਉਹਨਾਂ ਗੁਣਾਂ ਨੂੰ ਧਾਰਨ ਕਰ ਸਕਦਾ ਹੈ। ਨਾਮ ਦੀ ਪ੍ਰਾਪਤੀ ਵਿੱਚ ਗੁਰੂ ਸਾਧਕ ਦੀ ਸਹਾਇਤਾ ਕਰਦਾ ਹੈ। ਪ੍ਰਭੂ ਪ੍ਰਾਪਤੀ ਦੇ ਰਾਸਤੇ ਦਾ ਪਾਂਧੀ ਬਣਨ ਲਈ ਨਾਮ ਨੂੰ ਗੁਰੂ ਤੋਂ ਸ਼ਰਧਾ ਨਾਲ਼ ਸੁਣਨਾ ਪਹਿਲਾ ਕਦਮ ਹੈ।

ਗੁਰੂ ਦੇ ਮਾਰਗ ਦਰਸ਼ਨ ਹੇਠ ਮਨੁੱਖ ਪ੍ਰਭੂ ਦੇ ਗੁਣਾਂ ਬਾਰੇ ਡੂੰਘਾਈ ਵਿੱਚ ਗਿਆਨ ਪ੍ਰਾਪਤ ਕਰਦਾ ਹੈ। ਗੁਰੂ ਦੀ ਸਿੱਖਿਆ ਮੰਨਣ ਨਾਲ਼ ਮਨੁੱਖ ਦੀ ਸੁਰਤ ਪ੍ਰਭੂ ਨਾਲ਼ ਜੁੜ ਜਾਂਦੀ ਹੈ ਅਤੇ ਉਹ ਜਨਮ-ਮਰਨ ਦੇ ਗੇੜ ਵਿੱਚੋਂ ਨਿਕੱਲ ਕੇ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਕੇਵਲ ਇਸ ਭਵ ਸਾਗਰ ਵਿੱਚੋਂ ਆਪ ਹੀ ਨਹੀਂ ਤਰਦਾ ਸਗੋਂ ਹੋਰਾਂ ਨੂੰ ਵੀ ਗੁਰੂ ਉਪਦੇਸ਼ ਰਾਹੀਂ ਤਾਰਦਾ ਹੈ। ਪ੍ਰਭੂ ਨਾਮ ਦਾ ਸ੍ਰਵਣ ਕਰਨ ਦੇ ਨਾਲ਼ ਸਾਧਕ ਨੇ ਗੁਰੂ ਦੇ ਦਿੱਤੇ ਸ਼ਬਦ ਨੂੰ ਸੁਣਕੇ ਉਸ ’ਤੇ ਅਮਲ ਵੀ ਕਰਨਾ ਹੈ, ਉਸ ਨੂੰ ਆਪਣੇ ਅਮਲੀ ਜੀਵਨ ਵਿੱਚ ਢਾਲਣ। ਉਸ ਤੋਂ ਬਾਅਦ ਪਰਮਾਤਮਾ ਨੂੰ ਆਪਣੇ ਅੰਦਰ ਅਨੁਭਵ ਕਰਦੇ ਹੋਏ ਉਸ ਦੀ ਰਜ਼ਾ, ਭਾਣੇ ਵਿੱਚ ਇਕ-ਸੁਰ ਹੋਣਾ ਹੈ। ਅਜਿਹੀ ਅਵਸਥਾ ਦੀ ਪ੍ਰਾਪਤੀ ਮਨੁੱਖ ਨੂੰ ਸੰਗਤ ਵਿੱਚ ਬੈਠ ਕੇ ਹੁੰਦੀ ਹੈ। ਸੰਗਤ ਪ੍ਰਭੂ ਪ੍ਰਾਪਤੀ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਸੰਗਤ ਇੱਕ ਅਜਿਹਾ ਪਲੇਟਫਾਰਮ ਹੈ ਜਿੱਥੇ ਬੈਠ ਕੇ ਪ੍ਰਭੂ ਪਿਆਰੇ ਪ੍ਰਭੂ ਦੇ ਗੁਣਾਂ ਨੂੰ ਗਾਉਂਦੇ ਹਨ, ਉਸ ਦੇ ਗੁਣਾਂ ਦੀ ਸਿਫ਼ਤ ਕਰਦੇ ਹਨ। ਦੁਨੀਆਂ ਦੇ ਸਾਰੇ ਲਾਲਚਾਂ, ਇੱਛਾਵਾਂ ਦਾ ਤਿਆਗ ਕਰਕੇ ਪ੍ਰਭੂ ਦੇ ਚਰਨਾਂ ਵਿੱਚ ਆਪਣੇ ਆਪ ਨੰ ਸਮਰਪਿਤ ਕਰਕੇ ਅਲੌਕਿਕ ਅਨੰਦ ਪ੍ਰਾਪਤ ਕਰਦੇ ਹਨ।

ਨਾਮ ਸਿਮਰਨ ਅਤੇ ਸੰਗਤ ਦੀ ਤਰ੍ਹਾਂ ਸੇਵਾ ਵੀ ਇੱਕ ਸਾਧਨਾ ਹੈ ਜਿਸ ਨਾਲ਼ ਸਾਧਕ ਆਪਣਾ ਜੀਵਨ-ਆਦਰਸ਼ ਪ੍ਰਾਪਤ ਕਰਨ ਦੇ ਸਮਰੱਥ ਹੁੰਦਾ ਹੈ। ਸੇਵਾ ਦਾ ਸੰਬੰਧ ਦੂਜਿਆਂ ਦੀ ਭਲਾਈ ਨਾਲ਼ ਹੈ, ਜਿਸ ਵਿੱਚ ਮਨੁੱਖ ਦੂਜਿਆਂ ਦੇ ਭਲੇ ਨੂੰ ਸਾਹਮਣੇ ਰੱਖ ਕੇ, ਦੂਜਿਆਂ ਦੇ ਸੁੱਖ ਲਈ ਕਰਮ ਕਰਦਾ ਹੈ। ਸੇਵਾ ਸਰਬੱਤ ਦੇ ਭਲੇ ਹਿੱਤ ਕੀਤੀ ਗਈ ਅਮਲੀ ਸਾਧਨਾ ਹੈ ਜਿਹੜੀ ਮਨੁੱਖ ਅੰਦਰੋਂ ਹਉਮੈਂ ਨੂੰ ਖਤਮ ਕਰਦੀ ਉਸ ਅੰਦਰੋਂ ਹਰ ਪ੍ਰਕਾਰ ਦੀਆਂ ਅਵੱਗਿਆਵਾਂ ਨੂੰ ਕੱਢ ਕੇ ਬਾਹਰ ਸੁੱਟ ਦੇਂਦੀ ਹੈ। ਮਨੁੱਖ ਪ੍ਰਭੂ ਦੀ ਨਦਰਿ ਸਦਕਾ ਹੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਕਰਦਾ ਹੈ, ਸੇਵਾ ਨਾਲ਼ ਸਜਿਆ ਹੋਇਆ ਸਰੀਰ ਆਪਣੇ ਆਪ ਲਈ ਘੱਟ ਅਤੇ ਦੂਜਿਆਂ ਲਈ ਜ਼ਿਆਦਾ ਜਿਉਂਦਾ ਹੈ। ਸੱਚੇ ਅਤੇ ਉੱਚੇ ਜੀਵਨ ਦਾ ਇਹੀ ਮਨੋਰਥ ਹੈ ਜਿਹੜਾ ਹੰਕਾਰ ਤੋਂ ਰਹਿਤ ਹੁੰਦਾ ਹੋਇਆ ਦੂਜਿਆਂ ਦੀ ਸਹਾਇਤਾ ਲਈ ਹਮੇਸ਼ਾ ਤੱਤਪਰ ਰਹਿੰਦਾ ਹੈ। ਸੇਵਾ ਮਨੁੱਖ ਅੰਦਰੋਂ ਮੈਂ ਨੂੰ ਕੱਢਕੇ ਪਿਆਰ, ਨਿਮਰਤਾ, ਭਰਾਤਰੀਭਾਵ, ਦੂਜਿਆਂ ਦੇ ਭਲੇ ਹਿੱਤ ਕਾਰਜ ਅਤੇ ਸਹਾਇਤਾ ਕਰਨ ਲਈ ਪ੍ਰੇਰਦੀ ਹੈ। ਇਹ ਤਬਦੀਲੀ ਮਨੁੱਖ ਵਿੱਚ ਸੰਗਤ ਦੇ ਪ੍ਰਭਾਵ ਨਾਲ਼ ਆਉਂਦੀ ਹੈ, ਜਦ ਉਸ ਦੀ

ਸੋਚ ਅਤੇ ਦਿਲ ਵਿੱਚੋਂ ਦੂਸਰ ਭਾਵ ਖਤਮ ਹੋ ਜਾਂਦਾ ਹੈ। ਸੇਵਾ ਨਾਲ਼ ਮਨੁੱਖ ਦਾ ਭਾਵਨਾਤਮਕ ਵਿਕਾਸ ਹੁੰਦਾ ਹੈ। ਮਨੁੱਖ ਭਾਵੁਕ ਹੋ ਕੇ ਦੂਜਿਆਂ ਲਈ ਸਮਰਪਣ ਦੀ ਭਾਵਨਾ ਰੱਖਦਾ ਹੋਇਆ ਲੋਕ ਸੇਵਾ ਦੇ ਮੈਦਾਨ ਵਿੱਚ ਨਿੱਤਰ ਕੇ ਸਾਹਮਣੇ ਆਉਂਦਾ ਹੈ। ਉਸ ਦੇ ਦਿਲ ਅੰਦਰ ਸਾਰੀ ਮਨੁੱਖ ਜਾਤੀ ਅਤੇ ਹੋਰ ਜੀਵ-ਜੰਤੂਆਂ ਲਈ ਵੀ ਭਲਾਈ ਅਤੇ ਸਹਿਣਸ਼ੀਲਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸੇਵਾ ਦੇ ਦੌਰਾਨ ਮਨੁੱਖ ਦਾ ਸਰੀਰਕ ਤੌਰ ਤੇ ਵੀ ਵਿਕਾਸ ਹੁੰਦਾ ਹੈ, ਜਦੋਂ ਉਹ ਸੰਗਤ ਲਈ ਆਪਣੇ ਹੱਥਾਂ ਨਾਲ਼ ਲੰਗਰ ਤਿਆਰ ਕਰਦਾ ਤੇ ਵਰਤਾਉਂਦਾ ਹੈ। ਬਰਤਨ ਸਾਫ ਕਰਦਾ, ਪਾਣੀ ਪਿਲਾਉਂਦਾ ਤੇ ਝਾੜੂ ਲਗਾਉਂਦਾ ਹੈ। ਇਸ ਸੇਵਾ ਵਿੱਚ ਮਨੁੱਖ ਆਪਣੇ ਸਰੀਰ ਦੀ ਵਰਤੋਂ ਕਰਦੇ ਹੋਏ ਸੇਵਾ ਕਰਦਾ ਹੈ। ਇਸ ਨਾਲ਼ ਉਸ ਦਾ ਤੰਦਰੁਸਤ ਸਰੀਰ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਗੁਰੂ ਸਾਹਿਬ ਨੇ ਮਨੁੱਖਤਾ ਲਈ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਸਿਧਾਂਤ ਦਿੱਤਾ ਹੈ। ਕਿਰਤ ਦਾ ਮਨੁੱਖੀ ਜੀਵਨ ਵਿੱਚ ਮਹੱਤਵਪੂਰਨ ਸਥਾਨ ਹੈ। ਆਪਣੇ ਹੱਥੀਂ ਦਸਾਂ ਨਹੁੰਆਂ ਨਾਲ਼ ਕੀਤੀ ਕਿਰਤ ਜਿਥੇ ਮਨੁੱਖ ਵਿੱਚ ਸਬਰ, ਸੰਤੋਖ, ਇਮਾਨਦਾਰੀ ਅਤੇ ਪਰਉਪਕਾਰ ਪੈਦਾ ਕਰਦੀ ਹੈ ਉਥੇ ਇਸ ਨਾਲ਼ ਉਸ ਦਾ ਸਰੀਰ ਵੀ ਰਿਸ਼ਟ-ਪੁਸ਼ਟ ਰਹਿੰਦਾ ਹੈ। ਅਜਿਹੀ ਕਿਰਤ ਜਿਹੜੀ ਸੱਚ ਤੇ ਅਧਾਰਤ ਹੋਵੇ, ਸਹੀ ਅਰਥਾਂ ਵਿੱਚ ਖੁਸ਼ੀ ਦੇਣ ਵਾਲ਼ੀ ਕਿਰਤ ਹੈ ਜਿਸ ਦੇ ਕਰਨ ਨਾਲ਼ ਮਨੁੱਖ ਨੂੰ ਆਪਣੇ ਅੰਦਰਲੇ ਗੁਣਾਂ ਨੂੰ ਪ੍ਰਗਟਾਉਣ ਦਾ ਅਵਸਰ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਘਰ-ਬਾਰ ਛੱਡਣ ਤੋਂ ਰੋਕਿਆ ਤੇ ਪਰਿਵਾਰਕ ਜੀਵਨ ਬਤੀਤ ਕਰਦਿਆਂ ਹੋਇਆਂ ਹੀ ਨਾਮ ਜਪਣ, ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਵੰਡ ਛਕਣ ਦਾ ਮਾਰਗ ਦਿਖਾਇਆ। ਜਿਵੇਂ ਕਿ ਮਨੁੱਖ ਦੂਜੇ ਹੋਰ ਜੀਵ-ਜੰਤੂਆਂ ਨਾਲ਼ੋਂ ਆਪਣੇ ਸਰੀਰਕ ਢਾਂਚੇ ਅਤੇ ਸਰੀਰਕ ਸਮਰੱਥਾ ਕਾਰਨ ਭਿੰਨਤਾ ਰੱਖਦਾ ਹੈ। ਇਸ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਸਰੀਰ ਜੀਵਨ ਮਕਸਦ ਨੂੰ ਪ੍ਰਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਜੇਕਰ ਮਨੁੱਖ ਸਰੀਰਕ ਤੌਰ ਤੇ ਤੰਦਰੁਸਤ ਹੈ ਤਾਂ ਉਸ ਦੁਆਰਾ ਕੀਤੀਆਂ ਜਾ ਰਹੀਆਂ ਕਿਰਿਆਵਾਂ ਸਹੀ ਰੂਪ ਵਿੱਚ ਨਤੀਜ਼ਾ ਦੇਣਗੀਆਂ। ਮਨੁੱਖੀ ਸਰੀਰ ਦੀ ਅਹਿਮੀਅਤ ਨੂੰ ਵੇਖਦੇ ਹੋਏ ਇਸ ਨੂੰ ਸਾਫ਼-ਸੁਥਰਾ, ਰਿਸ਼ਟ-ਪੁਸ਼ਟ ਰੱਖਦਾ ਮਨੁੱਖ ਦੀ ਜ਼ਿੰਮੇਵਾਰੀ ਬਣਦੀ ਹੈ। ਜਿਸ ਲਈ ਮਨੁੱਖ ਨੇ ਸਾਦਾ ਭੋਜਨ ਸੰਜਮ ਨਾਲ਼ ਖਾਣਾ ਹੈ। ਮਨੁੱਖੀ

ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਲਈ ਗੁਰਮਤਿ ਸਾਨੂੰ ਇਸ਼ਨਾਨ ਅਤੇ ਨਾਮ ਸਿਮਰਨ ਲਈ ਪ੍ਰੇਰਦੀ ਹੈ। ਮਨੁੱਖ ਨੇ ਆਪਣੇ ਸਰੀਰ ਦੇ ਵਿਕਾਸ ਲਈ ਹੱਥੀਂ ਕਿਰਤ ਕਰਨੀ ਹੈ। ਜਿਸ ਨਾਲ਼ ਉਸ ਵਿੱਚ ਕੰਮ ਕਰਨ ਦੀ ਸਮਰੱਥਾ ਵਧਦੀ ਹੈ ਅਤੇ ਸਰੀਰ ਅਰੋਗ ਰਹਿੰਦਾ ਹੈ। ਇਸ ਦੇ ਨਾਲ਼ ਹੀ ਆਤਮ-ਵਿਸ਼ਵਾਸ ਅਤੇ ਹੌਸਲਾ ਵਧਦਾ ਹੈ। ਸਰੀਰਕ ਅਭਿਆਸ ਜਿਵੇਂ ਕਿ ਗੱਤਕਾ, ਖੇਡਾਂ ਵਿੱਚ ਭਾਗ ਲੈਣ ਨਾਲ਼ ਜਿੱਥੇ ਸਰੀਰ ਦੇ ਸਾਰੇ ਅੰਗ ਆਪਣਾ-ਆਪਣਾ ਕੰਮ ਠੀਕ ਢੰਗ ਨਾਲ਼ ਕਰਦੇ ਹਨ ਉਥੇ ਉਸ ਵਿੱਚ ਟੀਮ-ਵਰਕ, ਆਪਸੀ ਪਿਆਰ, ਸਹਿਯੋਗ, ਸਹਿਣਸ਼ੀਲਤਾ ਅਤੇ ਭਰਾਤਰੀਭਾਵ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਸਰੀਰਕ ਵਿਕਾਸ ਦੇ ਨਾਲ਼ ਭਾਵਨਾਤਮਕ ਵਿਕਾਸ ਦੇ ਮੱਦੇਨਜ਼ਰ ਆਪਣੀ ਕਿਰਤ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਨਾ ਸਿੱਖ ਦਾ ਧਾਰਮ ਹੈ। ਵੰਡ ਛਕਣ ਦਾ ਸਿੱਖ ਧਰਮ ਵਿੱਚ ਬਹੁਤ ਮਹੱਤਵ ਹੈ। ਗੁਰਮਤਿ ਅਨੁਸਾਰ ਜੋ ਮਨੁੱਖ ਨਾਮ ਸਿਮਰਨ ਕਰਦੇ ਹਨ, ਉਨ੍ਹਾਂ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਬੁਝ ਜਾਂਦੀਆਂ ਹਨ, ਉਹ ਧਰਮ ਦੀ ਕਿਰਤ ਕਰਦੇ ਹਨ। ਜਿਹੜਾ ਵੀ ਇਮਾਨਦਾਰੀ ਨਾਲ਼ ਕੰਮ ਕਰਕੇ ਉਹ ਧਨ ਜਾਂ ਪੈਸਾ ਕਮਾਉਂਦੇ ਹਨ, ਉਸ ਨੂੰ ਵੀ ਉਹ ਦੂਜਿਆਂ ਨਾਲ਼ ਵੰਡ ਕੇ ਛਕਦੇ ਹਨ ਅਤੇ ਆਪਣੀ ਕਮਾਈ ਵਿੱਚੋਂ ਦਸਵੰਧ ਕੱਢਦੇ ਰਹਿੰਦੇ ਹਨ। ਵੰਡ ਕੇ ਛਕਣ ਨਾਲ਼ ਸਦਾਚਾਰਕ ਗੁਣਾਂ ਦਾ ਵਿਕਾਸ ਹੁੰਦਾ ਹੈ, ਦੂਜਿਆਂ ਲਈ ਦਇਆ, ਪਿਆਰ ਅਤੇ ਭਰਾਤਰੀਭਾਵ ਦੀ ਭਾਵਨਾ ਵਿਕਸਤ ਹੁੰਦੀ ਹੈ, ਜਿਸ ਨਾਲ਼ ਮਨੁੱਖ ਦਾ ਭਾਵਨਾਤਮਿਕ ਵਿਕਾਸ ਹੁੰਦਾ ਹੈ।

ਮਨੁੱਖ ਦੇ ਅਧਿਆਤਮਿਕ ਵਿਕਾਸ ਨੂੰ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਪੰਜ ਪੜਾਵਾਂ ਦੇ ਰਾਹੀਂ ਪੇਸ਼ ਕੀਤਾ ਹੈ। ਇਨ੍ਹਾਂ ਨੂੰ ਪੰਜ ਖੰਡ ਕਿਹਾ ਜਾਂਦਾ ਹੈ। ਸਾਧਕ ਦਾ ਇਹ ਵਿਕਾਸ ਧਰਮ ਖੰਡ ਤੋਂ ਸ਼ੁਰੂ ਹੋ ਕੇ ਸੱਚਖੰਡ ਤੱਕ ਪਹੰਚਦਾ ਹੈ। ਧਰਮ ਖੰਡ ਦੇ ਪਹਿਲੇ ਪੜਾਅ ਤੇ ਮਨੁੱਖ ਨੂੰ ਇਸ ਗੱਲ ਦੀ ਸੋਝੀ ਹੁੰਦੀ ਹੈ ਕਿ ਇਸ ਪੂਰੇ ਬ੍ਰਹਿਮੰਡ ਵਿੱਚ ਸਾਰਾ ਕੁਦਰਤੀ ਪ੍ਰਬੰਧ ਨਿਯਮਾਂ ਵਿੱਚ ਚੱਲ ਰਿਹਾ ਹੈ। ਮਨੁੱਖ ਨੇ ਵੀ ਇਸ ਧਰਤੀ 'ਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣਾ ਜੀਵਨ ਬਤੀਤ ਕਰਨਾ ਹੈ। ਮਨੁੱਖ ਨੇ ਆਪਣੇ ਫਰਜ਼ਾਂ ਨੂੰ ਨਿਭਾਉਂਦੇ ਹੋਏ ਇਸ ਸੰਸਾਰ ਵਿੱਚ ਚੰਗੇ ਕਰਮ ਕਰਨੇ ਹਨ। ਕਿਉਂਕਿ ਮਨੁੱਖੀ ਕਰਮਾਂ ਦੇ ਆਧਾਰ ਤੇ ਉਸ ਨੂੰ ਫਲ਼ ਜ਼ਰੂਰ ਮਿਲਦਾ ਹੈ। ਗੁਰੂ ਸਾਹਿਬ ਨੇ ਧਰਮ ਖੰਡ ਵਿੱਚ ਕਾਰਨ-ਕਾਰਜ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ, ਜਿਸ ਰਾਹੀਂ ਮਨੁੱਖ ਨੂੰ ਇਹ ਉਪਦੇਸ਼ ਦਿੱਤਾ ਗਿਆ ਹੈ ਕਿ ਮਨੁੱਖ ਦੁਆਰਾ ਕੀਤੇ ਜਾ ਰਹੇ ਹਰੇਕ ਕਾਰਜ

ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ ਅਤੇ ਮਨੁੱਖ ਨੂੰ ਉਸ ਦੇ ਕਰਮ ਦੇ ਆਧਾਰ ਤੇ ਫਲ਼ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਮਨੁੱਖ ਨੂੰ ਉਸ ਦੇ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਕੀਤਾ ਗਿਆ ਹੈ ਕਿ ਮਨੁੱਖ ਨੇ ਇਸ ਧਰਤੀ ਰੂਪੀ ਧਰਮਸ਼ਾਲ ਵਿੱਚ ਆਪਣੇ ਫ਼ਰਜ਼ਾਂ ਨੂੰ ਪੂਰੀ ਇਮਾਨਦਾਰੀ ਨਾਲ਼ ਨਿਭਾਉਣਾ ਹੈ। ਮਨੁੱਖ ਨੂੰ ਕਰਮਾਂ ਦੇ ਆਧਾਰ ਤੇ ਹੀ ਫਲ਼ ਦੀ ਪ੍ਰਾਪਤੀ ਹੁੰਦੀ ਹੈ। ਸ਼ੁਭ ਕਰਮ ਕਰਨ ਵਾਲ਼ੇ ਪੰਚ ਹੀ ਪ੍ਰਭੂ ਦੀ ਨਦਰਿ ਨੂੰ ਪ੍ਰਵਾਨ ਹੁੰਦੇ ਹਨ। ਇਸ ਤੋਂ ਅਗਲੇ ਪੜਾਅ ਗਿਆਨ ਖੰਡ ਵਿੱਚ ਗੁਰੂ ਸਾਹਿਬ ਨੇ ਪਰਮਾਤਮਾ ਦੁਆਰਾ ਸਿਰਜੀ ਪੂਰੀ ਕਾਇਨਾਤ ਅਤੇ ਪ੍ਰਕਿਰਤੀ ਦੀ ਅਨੰਤਤਾ ਦਾ ਅਦਭੁਤ ਦ੍ਰਿਸ਼ ਪੇਸ਼ ਕੀਤਾ ਹੈ। ਜਿੱਥੇ ਕਿੰਨੇ ਹੀ ਪਉਣ, ਪਾਣੀ, ਕਾਨ, ਮਹੇਸ਼, ਸੂਰਜ, ਚੰਦਰਮਾ, ਸਿੱਧ, ਬੁੱਧ, ਨਾਥ ਅਤੇ ਕਿੰਨੇ ਹੀ ਰਤਨਾਂ ਨਾਲ ਭਰੇ ਹੋਏ ਸਮੁੰਦਰ ਹਨ ਜਿਨ੍ਹਾਂ ਦੀ ਵਿਸ਼ਾਲਤਾ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਸ ਖੰਡ ਵਿੱਚ ਪਹੁੰਚ ਕੇ ਮਨੁੱਖ ਨੂੰ ਆਪਣੀ ਸੀਮਤ ਸਮਝ ਦਾ ਗਿਆਨ ਹੁੰਦਾ ਹੈ ਕਿਉਂਕਿ ਇੰਦਰੀਆਂ ਦੇ ਗਿਆਨ ਨਾਲ਼ ਮਨੁੱਖ ਇਸ ਸੰਸਾਰ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਅਸਮਰੱਥ ਹੈ। ਇਹ ਸਮਝ ਕੇਵਲ ਅਨੁਭਵ ਰਾਹੀਂ ਹੀ ਵਿਕਸਤ ਹੋ ਸਕਦੀ ਹੈ। ਇਸ ਪੜਾਅ ਤੇ ਮਨੁੱਖ ਨੂੰ ਪਰਮਾਤਮਾ ਦੀ ਰਚੀ ਹੋਈ ਅਦਭੁਤ ਸ੍ਰਿਸ਼ਟੀ ਦਾ ਗਿਆਨ ਹੁੰਦਾ ਹੈ। ਪਰਮਾਤਮਾ ਦੁਆਰਾ ਸਿਰਜੇ ਬ੍ਰਹਿਮੰਡ ਦੇ ਵਿਸ਼ਾਲ ਪਸਾਰੇ ਅਤੇ ਉਸ ਪ੍ਰਭੂ ਦੀ ਪ੍ਰਾਪਤੀ ਦੇ ਰਾਹ ਤੇ ਚੱਲਣ ਵਾਲ਼ੇ ਸਾਧਕਾਂ ਦੀ ਮਹਾਨਤਾ ਨੂੰ ਵੇਖ ਕੇ ਮਨੁੱਖ ਨੂੰ ਆਪਣੀ ਸੀਮਤ ਸਮਝ ਅਤੇ ਮਾਨਸਿਕ ਸੰਕੀਰਣਤਾ ਦਾ ਅਹਿਸਾਸ ਹੁੰਦਾ ਹੈ। ਗਿਆਨ ਖੰਡ ਦੀ ਅਧਿਆਤਮਿਕ ਸਾਧਨਾ ਨਾਲ਼ ਮਨੁੱਖ ਅੰਦਰ ਗਿਆਨ ਪ੍ਰਤੱਖ ਅਤੇ ਪ੍ਰਚੰਡ ਹੋ ਜਾਂਦਾ ਹੈ। ਇਸ ਤੋਂ ਅਗਲੇ ਪੜਾਅ ਸਰਮ ਖੰਡ ਵਿੱਚ ਅਨੁਪਮ ਘਾੜਤਾਂ ਘੜੀਆਂ ਜਾਂਦੀਆਂ ਹਨ। ਸਰਮ ਖੰਡ ਵਿੱਚ ਮਨੁੱਖ ਅੰਦਰ ਦਇਆ ਦੀ ਭਾਵਨਾ ਪੈਦਾ ਹੁੰਦੀ ਹੈ ਜਿਸ ਨਾਲ਼ ਉਸ ਦਾ ਵਿਵਹਾਰ ਦੂਜਿਆਂ ਪ੍ਰਤੀ ਨਿਮਰਤਾ, ਪਿਆਰ, ਸਹਾਇਤਾ, ਭਰਾਤਰੀਭਾਵ ਅਤੇ ਸਹਿਣਸ਼ੀਲਤਾ ਵਾਲ਼ਾ ਹੋ ਜਾਂਦਾ ਹੈ। ਸਰਮ ਖੰਡ ਵਿੱਚ ਮਨੁੱਖ ਨੂੰ ਆਪਣੀਆਂ ਕਮੀਆਂ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਇਨ੍ਹਾਂ ਨੂੰ ਪੂਰਾ ਕਰਨ ਲਈ ਅੱਗੇ ਵਧਦਾ ਹੈ। ਇਸ ਦੌਰਾਨ ਸਾਧਕ ਦੇ ਅੰਦਰੋਂ ਮਾੜੀ ਸੋਚ ਦਾ ਖਾਤਮਾ ਹੋ ਰਿਹਾ ਹੁੰਦਾ ਹੈ।

ਅਧਿਆਤਮਿਕ ਸਾਧਨਾ ਦੇ ਅਗਲੇ ਪੜਾਅ ਕਰਮ ਖੰਡ ਨੂੰ ਨਦਰਿ ਦਾ ਖੰਡ ਵੀ ਕਿਹਾ ਜਾਂਦਾ ਹੈ। ਕਰਮ ਅਤੇ ਨਦਰਿ ਅੰਤਰ-ਸੰਬੰਧਿਤ ਹਨ। ਕਿਉਂਕਿ ਕੋਈ ਵੀ ਕਰਮ ਪਰਮਾਤਮਾ ਦੀ ਨਦਰਿ ਤੋਂ ਬਿਨ੍ਹਾਂ

ਪੂਰਾ ਨਹੀਂ ਹੁੰਦਾ। ਜਿਵੇਂ ਸਰਮ ਖੰਡ ਵਿੱਚ ਸੁਰਤ, ਮਤ, ਮਨ ਅਤੇ ਬੁੱਧ ਦੀ ਘਾੜਤ ਹੁੰਦੀ ਹੈ। ਇਹ ਉਸ ਤੋਂ ਅਗਲਾ ਪੜਾਅ ਹੈ ਜਿੱਥੇ ਸਾਧਕ ਨੂੰ ਪਰਮਾਤਮਾ ਦੀ ਨਦਰਿ ਨਾਲ ਗਿਆਨ, ਸ਼ਕਤੀ ਅਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਦੀ ਨਦਰਿ ਨਾਲ਼ ਹੀ ਮਨੁੱਖ ਕਰਮ ਕਰਦਾ ਹੈ ਅਤੇ ਉਸ ਦਾ ਫਲ਼ ਪ੍ਰਾਪਤ ਕਰਦਾ ਹੈ। ਮਨੁੱਖ ਨੇ ਚਾਰ ਪੜਾਵਾਂ ਵਿੱਚੋਂ ਦੀ ਹੁੰਦੇ ਹੋਏ ਸੱਚਖੰਡ ਵਿੱਚ ਪਹੁੰਚਚਣਾ ਹੈ। ਜਿਥੇ ਆਕਾਰ ਰਹਿਤ ਪ੍ਰਭੂ ਆਪ ਵਸਦਾ ਹੈ। ਜੋ ਆਪਣੀ ਰਚਨਾ ਨੂੰ ਵੇਖਦਾ ਸੰਭਾਲ਼ਦਾ ਹੈ ਤੇ ਆਪਣੀ ਕਿਰਪਾ ਦ੍ਰਿਸ਼ਟੀ ਨਾਲ਼ ਨਿਹਾਲ ਕਰਦਾ ਹੈ। ਪ੍ਰਭੂ ਦੇ ਹੁਕਮ ਵਿੱਚ ਸਾਰੇ ਪ੍ਰਾਣੀ ਆਪਣੇ-ਆਪਣੇ ਕੰਮਾਂ ਵਿੱਚ ਲੱਗੇ ਹੋਏ ਹਨ, ਪ੍ਰਭੂ ਆਪਣੀ ਰਚਨਾ ਨੂੰ ਵੇਖ-ਵੇਖ ਕੇ ਖੁਸ਼ ਹੋ ਰਿਹਾ ਹੈ। ਮਨੁੱਖ ਆਪਣੇ ਅੰਦਰਲੇ ਪੰਜ ਵਿਕਾਰਾਂ ਦਾ ਖਾਤਮਾ ਕਰਦਾ ਹੋਇਆ, ਗੁਰੂ ਦੇ ਮਾਰਗ ਦਰਸ਼ਨ ਹੇਠ ਸਾਧ-ਸੰਗਤ ਦੇ ਜ਼ਰੀਏ ਨਾਮ-ਸਿਮਰਨ ਅਤੇ ਸੇਵਾ ਕਰਦਾ ਹੋਇਆ ਅਧਿਆਤਮਿਕ ਸਾਧਨਾ ਦੇ ਵੱਖ-ਵੱਖ ਪੜਾਵਾਂ ਵਿਚੋਂ ਦੀ ਲੰਘਦਾ ਹੋਇਆ ਸੱਚਖੰਡ ਤੱਕ ਪਹੁੰਚਦਾ ਹੈ। ਜਿੱਥੇ ਉਹ ਪਰਮਾਤਮਾ ਨਾਲ਼ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ। ਇਹੀ ਮਨੁੱਖ ਦੇ ਜਨਮ ਦਾ ਮਕਸਦ ਹੈ।

ਇਸ ਖੋਜ ਕਾਰਜ ਦੇ ਤੀਜੇ ਅਧਿਆਇ ਵਿੱਚ ਧਰਮ ਦੀ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਦੀ ਭੂਮਿਕਾ ਤੇ ਵਿਚਾਰ ਕੀਤਾ ਗਿਆ ਹੈ। ਧਰਮ ਮਨੁੱਖ ਨੂੰ ਇਸ ਦੇ ਜੀਵਨ ਮਨੋਰਥ ਦੀ ਸੋਝੀ ਦੇ ਕੇ ਉਸ ਨੂੰ ਪ੍ਰਾਪਤੀ ਦਾ ਰਾਸਤਾ ਦੱਸਦਾ ਹੋਇਆ ਉਸ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦਾ ਹੈ। ਜਿੱਥੇ ਧਰਮ ਨੂੰ ਅਦਰਸ਼ ਕਿਹਾ ਜਾਂਦਾ ਹੈ ਉੱਥੇ ਧਰਮ ਮਨੁੱਖੀ ਜੀਵਨ ਦੇ ਉਦੇਸ਼ ਦੀ ਪ੍ਰਾਪਤੀ ਲਈ ਜ਼ਰੂਰੀ ਸਾਧਨ ਵੀ ਹੈ। ਧਰਮ ਜਿਸ ਦਾ ਸਿੱਧਾ ਸੰਬੰਧ ਪਰਮਾਤਮਾ ਨਾਲ ਹੈ। ਜਿਸ ਦਾ ਮਨੋਰਥ ਮਨੁੱਖ ਨੂੰ ਪ੍ਰਭੂ ਪ੍ਰਾਪਤੀ ਲਈ ਮਾਰਗ ਦਿਖਾਉਣਾ ਹੈ। ਮਨੁੱਖ ਜਦੋਂ ਆਪਣੇ ਮਕਸਦ ਦੀ ਪ੍ਰਾਪਤੀ ਲਈ ਧਰਮ ਦੀ ਸ਼ਰਨ ਵਿੱਚ ਜਾਂਦਾ ਹੈ ਤਾਂ ਉਸ ਨੂੰ ਆਪਣੇ ਚੰਗੇ ਅਤੇ ਮਾੜੇ ਕਰਮਾਂ ਦਾ ਗਿਆਨ ਹੁੰਦਾ ਹੈ। ਜਿਸ ਨਾਲ ਉਹ ਆਪਣੇ ਕਰਮਾਂ ਦੀ ਪੜਚੋਲ ਕਰਕੇ ਆਪਣੇ ਰੋਜ਼ਾਨਾ ਕੀਤੇ ਜਾ ਰਹੇ ਕਰਮਾ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਜੀਵਨ ਢੰਗ ਨੂੰ ਆਪਣੀ ਸਮਝ ਅਨੁਸਾਰ ਬਦਲਦਾ ਹੈ। ਮਨੁੱਖ ਦੀ ਇਸ ਕਿਰਿਆ ਪਿੱਛੇ ਉਸ ਦੀ ਧਰਮ ਪ੍ਰਤੀ ਸ਼ਰਧਾ, ਸਤਿਕਾਰ ਅਤੇ ਡਰ (ਮਾੜੇ ਕਰਮਾਂ ਦੇ ਮਾੜੇ ਨਤੀਜ਼ੇ) ਕੰਮ ਕਰ ਰਿਹਾ ਹੁੰਦਾ ਹੈ। ਮਨੁੱਖ ਦੀ

ਇਹ ਫਿਤਰਤ ਹੈ ਕਿ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੁਆਰਾ ਕੁੱਝ ਗਲਤ ਹੋਇਆ ਹੈ ਅਤੇ ਜਿਸ ਦਾ ਨਤੀਜ਼ਾ ਵੀ ਬੁਰਾ ਹੋਵੇਗਾ। ਤਦ ਉਹ ਆਪਣੇ ਕਰਮਾਂ ਵਿੱਚ ਸੁਧਾਰ ਕਰਕੇ ਪਿਛਲੇ ਕੀਤੇ ਦਾ ਪਛਤਾਵਾ ਕਰਦਾ ਹੈ ਅਤੇ ਚੰਗਿਆਈ ਵੱਲ ਜਾਣ ਵਾਲੇ ਰਸਤੇ ਵੱਲ ਨੂੰ ਵਧਦਾ ਹੈ।

ਧਰਮ ਮਨੁੱਖ ਦੀ ਸੋਚ ਨੂੰ ਪ੍ਰਭਾਵਿਤ ਕਰਕੇ ਉਸ ਨੂੰ ਇੱਕ ਦਿਸ਼ਾ ਪ੍ਰਦਾਨ ਕਰਦਾ ਹੈ। ਜਿਸ ਨਾਲ਼ ਉਹ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਲੈਂਦਾ ਹੈ। ਧਰਮ ਮਨੁੱਖ ਅੰਦਰੋਂ ਔਗੁਣਾਂ ਦਾ ਖਾਤਮਾ ਕਰਕੇ ਉਸ ਵਿੱਚ ਸਦਗੁਣ ਪੈਦਾ ਕਰਕੇ ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਦਾ ਹੈ। ਧਰਮ ਮਨੁੱਖ ਨੂੰ ਉਸ ਦੇ ਅਸਲੇ ਦੀ ਪਹਿਚਾਣ ਕਰਵਾਕੇ ਚੰਗੇ ਕਰਮ ਕਰਨ, ਦੂਜਿਆਂ ਦੀ ਸਹਾਇਤਾ ਕਰਨ ਅਤੇ ਸਮਾਜ ਨੂੰ ਚੰਗਾ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਸੁਚੇਤ ਕਰਦਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਰਮ ਕਰਕੇ ਹੀ ਮਨੁੱਖ ਇਸ ਸੰਸਾਰ ਵਿੱਚ ਸਾਰੇ ਜੀਵਾਂ ਦਾ ਸਰਦਾਰ ਹੈ। ਜਦੋਂ ਮਨੁੱਖ ਵਿੱਚ ਧਰਮ ਦਾ ਅਭਾਵ ਹੁੰਦਾ ਹੈ ਤਾਂ ਉਸ ਵਿਚੋਂ ਇਨਸਾਨੀਅਤ ਇਸ ਹੱਦ ਤੱਕ ਖਤਮ ਹੋ ਜਾਂਦੀ ਹੈ ਕਿ ਉਸ ਦੀ ਸੋਚ ਅਤੇ ਕਰਮ ਪਸ਼ੂ ਸਮਾਨ ਹੋ ਜਾਂਦੇ ਹਨ। ਮਨੁੱਖ ਅਤੇ ਪਸ਼ੂ ਵਿੱਚ ਅਨੇਕਾਂ ਸਮਾਨਤਾਵਾਂ ਹੋਣ ਦੇ ਬਾਵਜੂਦ ਬੁਨਿਆਦੀ ਭੇਦ ਇਹੀ ਹੈ ਕਿ ਮਨੁੱਖ ਧਾਰਮਿਕ ਅਨੁਭਵ ਰੱਖਦਾ ਹੈ। ਜਿਸ ਦਾ ਪ੍ਰਗਟਾਵਾ ਉਸ ਦੇ ਵਿਹਾਰ ਅਤੇ ਕੰਮਾਂ-ਕਾਰਾਂ ਤੋਂ ਹੁੰਦਾ ਹੈ। ਧਰਮ ਮਨੁੱਖ ਨੂੰ ਅਸਲ ਵਿੱਚ ਮਨੁੱਖ ਬਣਾਉਂਦਾ ਹੈ, ਉਸ ਨੂੰ ਦੂਜੇ ਜੀਵ-ਜੰਤੂਆਂ ਤੋਂ ਵਖਰਿਆਉਂਦਾ ਹੈ। ਮਨੁੱਖ ਨੂੰ ਉਸ ਦੇ ਮਕਸਦ ਪ੍ਰਤੀ ਸੁਚੇਤ ਕਰਕੇ ਮਾਰਗ-ਦਰਸ਼ਨ ਕਰਦਾ ਹੈ। ਧਰਮ ਦਾ ਸੰਬੰਧ ਅਧਿਆਤਮਿਕਤਾ ਨਾਲ਼ ਹੈ ਜਿਸ ਕਰਕੇ ਇਸ ਵਿੱਚ ਤਰਕ ਨਾਲੋਂ ਸ਼ਰਧਾ ਭਾਵਨਾ ਅਤੇ ਵਿਸ਼ਵਾਸ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਇਹ ਸ਼ਰਧਾ ਅਤੇ ਵਿਸ਼ਵਾਸ ਅੰਤਿਮ ਸੱਚਾਈ ਨਾਲ ਸਬੰਧਿਤ ਹੈ ਜਿਸ ਨੂੰ ਅਧਾਰ ਬਣਾ ਕੇ ਧਰਮ ਮਨੁੱਖ ਨੂੰ ਆਪਣੇ ਮਕਸਦ ਵੱਲ ਵਧਣ ਲਈ ਪ੍ਰੇਰਿਤ ਕਰਦਾ ਹੈ। ਜਦੋਂ ਮਨੁੱਖ ਧਰਮ ਦੁਆਰਾ ਦੱਸੇ ਗਏ ਰਾਸਤੇ 'ਤੇ ਵਿਸ਼ਵਾਸ ਕਰਦਾ ਹੋਇਆ ਜੀਵਨ ਮਕਸਦ ਵੱਲ ਨੂੰ ਵਧਦਾ ਹੈ ਤਾਂ ਉਸ ਨੂੰ ਸਫ਼ਲਤਾ ਪ੍ਰਾਪਤ ਹੁੰਦੀ ਹੈ। ਧਰਮ ਦਾ ਉਦੇਸ਼ ਮਨੁੱਖ ਦਾ ਇਸ ਜਨਮ ਵਿੱਚ ਮਾਰਗ ਦਰਸ਼ਨ ਕਰਨਾ ਹੈ ਤਾਂ ਜੋ ਉਸ ਦਾ ਅੱਗਾ ਸੰਵਰ ਸਕੇ। ਧਾਰਮਿਕ ਭਾਵਨਾ ਤੋਂ ਪ੍ਰੇਰਿਤ ਹੋ ਕੇ ਹੀ ਮਨੁੱਖ ਆਪਣੇ ਜੀਵਨ ਦੇ ਕੰਮਾਂ ਨੂੰ ਧਰਮ ਸਮਝ ਕੇ ਕਰਦਾ ਹੈ। ਜਿਸ ਨਾਲ਼ ਸੁਭਾਵਿਕ ਹੀ ਉਸ ਵਿੱਚ ਚੰਗੇ ਅਤੇ

ਮਾੜੇ ਕੰਮਾਂ ਵਿੱਚ ਫ਼ਰਕ ਕਰਨ ਦੀ ਸਮਝ ਪੈਦਾ ਹੁੰਦੀ ਹੈ ਅਤੇ ਚੰਗੇ ਕਰਮ ਕਰਨ ਦੀ ਰੁਚੀ ਪੈਦਾ ਹੁੰਦੀ ਹੈ। ਉਸ ਵਿੱਚ ਸਦਾਚਾਰਕ ਗੁਣ ਉਤਪੰਨ ਹੁੰਦੇ ਹਨ। ਇਹ ਸਦਾਚਾਰਕ ਗੁਣ ਮਨੁੱਖੀ ਸ਼ਖ਼ਸੀਅਤ ਨੂੰ ਅੰਦਰੂਨੀ ਤੌਰ ਤੇ ਨਿਖਾਰਦੇ ਹਨ, ਜਿਸ ਨਾਲ਼ ਉਸ ਵਿੱਚ ਇਨਸਾਨੀਅਤ, ਨਿਮਰਤਾ, ਪਿਆਰ, ਭਰਾਤਰੀਭਾਵ, ਸਹਿਣਸ਼ੀਲਤਾ, ਦੂਜਿਆਂ ਦੀ ਭਲਾਈ ਲਈ ਸਮਰਪਣ, ਸੇਵਾ-ਭਾਵਨਾ ਅਤੇ ਇਮਾਨਦਾਰੀ ਵਾਲ਼ੀ ਸਾਫ਼ ਸੁਥਰੀ ਨੀਤੀ ਪੈਦਾ ਹੁੰਦੀ ਹੈ। ਸਦਾਚਾਰ ਮਨੁੱਖੀ ਜੀਵਨ ਦੀ ਸੁਚੱਜੀ ਅਗਵਾਈ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਸਦਾਚਾਰੀ ਹੋਣ ਦਾ ਫਾਇਦਾ ਕੇਵਲ ਇੱਕ ਮਨੁੱਖ ਨੂੰ ਹੀ ਨਹੀਂ ਹੁੰਦਾ ਬਲਕਿ ਸਮਾਜ ਵਿੱਚ ਵੀ ਇਸ ਦਾ ਚੰਗਾ ਅਸਰ ਹੁੰਦਾ ਹੈ, ਕਿਉਂਕਿ ਚੰਗੇ ਤੇ ਸਦਾਚਾਰੀ ਮਨੁੱਖ ਹੀ ਚੰਗਾ ਸਮਾਜ ਸਿਰਜਦੇ ਹਨ। ਜਿਸ ਨੂੰ ਆਦਰਸ਼ ਸਮਾਜ ਕਿਹਾ ਜਾ ਸਕਦਾ ਹੈ। ਆਦਰਸ਼ ਸਮਾਜ ਵਿੱਚ ਹਰੇਕ ਵਿਅਕਤੀ ਸਰੀਰਕ, ਮਾਨਸਿਕ, ਆਤਮਿਕ, ਬੌਧਿਕ ਅਤੇ ਭਾਵਨਾਤਮਕ ਪੱਖੋਂ ਵਿਕਸਤ ਸ਼ਖ਼ਸੀਅਤ ਦਾ ਮਾਲਕ ਹੁੰਦਾ ਹੈ। ਧਰਮ ਮਨੁੱਖ ਵਿੱਚ ਸਦਾਚਾਰਕ ਕਦਰਾਂ-ਕੀਮਤਾਂ ਪੈਦਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ। ਇਸ ਗੱਲ ਤੋਂ ਕਦੇ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਰਮ ਮਨੁੱਖ ਦੀ ਆਤਮਿਕ ਉੱਨਤੀ ਦਾ ਸਾਧਨ ਹੈ। ਇਹ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ, ਉਸ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਅਤੇ ਉਸ ਨੂੰ ਅਧਿਆਤਮਿਕ ਰਾਸਤੇ ਰਾਹੀਂ ਲਕਸ਼ ਦੀ ਪ੍ਰਾਪਤੀ ਕਰਵਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਧਰਮ ਦਾ ਉਦੇਸ਼ ਮਨੁੱਖ ਨੂੰ ਪਰਮਾਤਮਾ ਨਾਲ਼ ਅਭੇਦ ਕਰਨਾ ਹੈ। ਮਨੁੱਖੀ ਮਕਸਦ ਦੀ ਪ੍ਰਾਪਤੀ ਦੇ ਰਾਹ ਵਿੱਚ ਪੰਜ ਵਿਕਾਰ ਰੋੜਾ ਅਟਕਾਉਂਦੇ ਹਨ, ਜੋ ਉਸ ਨੂੰ ਸਹੀ ਰਾਸਤੇ ਉਤੇ ਚੱਲਣ ਤੋਂ ਰੋਕਦੇ ਹਨ। ਧਰਮ ਦਾ ਮਕਸਦ ਉਸ ਅੰਦਰਲੀਆਂ ਇਨ੍ਹਾਂ ਬੁਰਾਈਆਂ ਦਾ ਖਾਤਮਾ ਕਰਕੇ ਇੱਕ ਅਦਰਸ਼ ਮਨੁੱਖ ਬਣਾਉਣਾ ਹੈ। ਧਰਮ ਦੇ ਮਾਰਗ ਦਰਸ਼ਨ ’ਤੇ ਚੱਲਣ ਵਾਲਾ ਸਾਧਕ ਪਰਮਾਤਮਾ ਉੱਤੇ ਸ਼ਰਧਾ ਅਤੇ ਵਿਸ਼ਵਾਸ ਰੱਖਦਾ ਹੋਇਆ ਪੂਰਨਤਾ ਦੀ ਪ੍ਰਾਪਤੀ ਵੱਲ ਨੂੰ ਵਧਦਾ ਹੈ।

ਖੋਜ ਕਾਰਜ ਦੇ ਚੌਥੇ ਅਧਿਆਇ ਵਿੱਚ ਵਿਕਸਤ ਮਨੁੱਖੀ ਸ਼ਖ਼ਸੀਅਤ ਦੇ ਸਮਾਜ ਵਿੱਚ ਯੋਗਦਾਨ ਬਾਰੇ ਚਰਚਾ ਕੀਤੀ ਗਈ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ, ਕਿਉਂਕਿ ਇਹ ਮਨੁੱਖਾਂ ਦੇ ਸਮੂਹ ਵਿੱਚ ਰਹਿੰਦਾ ਹੈ। ਸਮਾਜ ਅਤੇ ਮਨੁੱਖ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ, ਜਿਸ ਦੇ ਆਧਾਰ ’ਤੇ ਮਨੁੱਖ ਨੂੰ ਸਮਾਜ ਤੋਂ

ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਮਨੁੱਖ ਸਮਾਜ ਵਿੱਚ ਰਹਿ ਕੇ ਹੀ ਵਿਕਾਸ ਕਰ ਸਕਦਾ ਹੈ। ਸਮਾਜ ਨੂੰ ਚੰਗਾ ਬਣਾਉਣ ਵਿੱਚ ਜਿੱਥੇ ਮਨੁੱਖ ਆਪਣੀ ਕੋਸ਼ਿਸ਼ ਕਰਦਾ ਹੈ। ਉਥੇ ਮਨੁੱਖੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਵਿੱਚ ਵੀ ਸਮਾਜ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਸਮਾਜਿਕ ਕਦਰਾਂ-ਕੀਮਤਾਂ ਮਨੁੱਖੀ ਸੋਚ ਅਤੇ ਕਰਮ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਨ੍ਹਾਂ ਦੇ ਪ੍ਰਭਾਵ ਵਿੱਚ ਮਨੁੱਖ ਜੀਵਨ ਢੰਗ ਪ੍ਰਤੀ ਆਪਣਾ ਨਜ਼ਰੀਆ ਬਣਾਉਂਦਾ ਹੈ। ਮਨੁੱਖ ਦੁਆਰਾ ਕੀਤੇ ਜਾਂਦੇ ਕਰਮ ਇਸ ਕਰਕੇ ਚੰਗੇ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਕਿਉਂਕਿ ਉਹ ਇੱਕ ਸਮੂਹ ਦਾ ਮੈਂਬਰ ਹੋਣ ਕਾਰਨ ਸਮਾਜ ਪ੍ਰਤੀ ਜ਼ਿੰਮੇਵਾਰ ਵੀ ਹੁੰਦਾ ਹੈ। ਜਿਵੇਂ ਮਨੁੱਖ ਨੇ ਆਪਣੇ ਆਪ ਅਤੇ ਪਰਿਵਾਰ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ ਬਿਲਕੁਲ ਇਸੇ ਤਰ੍ਹਾਂ ਹੀ ਉਸ ਨੇ ਆਪਣੇ ਹਿੱਤਾਂ ਤੋਂ ਉੱਪਰ ਉੱਠ ਕੇ ਦੂਜਿਆਂ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੈ। ਸਮਾਜ ਵਿੱਚ ਰਹਿੰਦਿਆਂ ਮਨੁੱਖ ਆਪਣਾ ਵਿਕਾਸ ਕਰਦਾ ਹੈ ਉੱਥੇ ਦੂਜਿਆਂ ਨਾਲ਼ ਨੇੜਤਾ ਦੇ ਸੰਬੰਧ ਕਾਇਮ ਕਰਕੇ ਸਮਾਜ ਦੇ ਨਿਰਮਾਣ ਅਤੇ ਵਿਕਾਸ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ।

ਇਸ ਦੇ ਨਾਲ਼ ਹੀ ਸਮਾਜ ਨੇ ਮਨੁੱਖ ਦਾ ਸਮਾਜੀਕਰਣ ਕਰਕੇ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ। ਸਮਾਜ ਦੇ ਵਿਕਾਸ ਵਿੱਚ ਕੇਵਲ ਇੱਕ ਵਿਅਕਤੀ ਕੁੱਝ ਨਹੀਂ ਕਰ ਸਕਦਾ ਬਲਕਿ ਇਸ ਦੇ ਸਾਰੇ ਮੈਂਬਰਾਂ ਨੇ ਆਪਣੇ-ਆਪਣੇ ਪੱਧਰ ਤੇ ਕੰਮ ਕਰਨਾ ਹੁੰਦਾ ਹੈ। ਮਨੁੱਖੀ ਸਮਾਜ ਸਾਰੀ ਮਨੁੱਖ ਜਾਤੀ ਨੂੰ ਇੱਕ ਸੁਰੱਖਿਆ ਪ੍ਰਦਾਨ ਕਰਦਾ ਹੈ ਉਥੇ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਅਤੇ ਇੱਕ ਦੂਜੇ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਮੱਦਦ ਵੀ ਕਰਦਾ ਹੈ। ਸਚਿਆਰ ਮਨੁੱਖ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖਾਂ ਨੂੰ ਇੱਕ ਦੂਜੇ ਦੀ ਸਹਾਇਤਾ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਦੇ ਨਾਲ਼ ਹੀ ਸਮਾਜਿਕ ਭਾਈਚਾਰੇ ਦੀ ਆਪਸੀ ਸੁਰੱਖਿਆ ਲਈ ਆਪ ਅੱਗੇ ਵਧ ਕੇ ਇੱਕ ਆਦਰਸ਼ ਭੂਮਿਕਾ ਨਿਭਾਉਂਦਾ ਹੈ। ਸਮਾਜ ਦੇ ਰਸਮਾਂ-ਰਿਵਾਜ਼ਾਂ ਪ੍ਰਤੀ ਹਰੇਕ ਵਿਅਕਤੀ ਜਵਾਬਦੇਹ ਹੁੰਦਾ ਹੈ। ਸਮਾਜ ਵਿੱਚ ਰਹਿੰਦੇ ਹੋਏ ਸਮਾਜ ਦੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਸੱਭਿਆਚਾਰਕ ਦਸ਼ਾ ਨੂੰ ਸੁਧਾਰਨਾ ਸਾਰੇ ਸਮਾਜਿਕ ਪ੍ਰਾਣੀਆਂ ਦਾ ਨੈਤਿਕ ਫਰਜ਼ ਬਣਦਾ ਹੈ ਤਾਂ ਜੋ ਸਮਾਜ ਵਿੱਚ ਰਹਿੰਦੇ ਸਾਰੇ ਵਿਅਕਤੀਆਂ ਦਾ ਜੀਵਨ ਢੰਗ ਚੰਗਾ ਹੋ ਸਕੇ। ਜਿਵੇਂ ਮਨੁੱਖ ਅਤੇ ਸਮਾਜ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ, ਇਸੇ ਤਰ੍ਹਾਂ ਧਰਮ ਅਤੇ ਸਮਾਜ ਵੀ ਅੰਤਰ-

ਸੰਬੰਧਤ ਹਨ। ਦੋਹਾਂ ਦਾ ਸੰਬੰਧ ਮਨੁੱਖ ਜਾਤੀ ਨਾਲ਼ ਹੈ। ਸਮਾਜ ਮਨੁੱਖਾਂ ਦਾ ਸਮੂਹ ਹੈ ਅਤੇ ਧਰਮ ਮਨੁੱਖ ਦਾ ਮਾਰਗ ਦਰਸ਼ਕ ਹੈ, ਜੋ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਦੇ ਆਧਾਰ ਤੇ ਚੰਗਾ ਜੀਵਨ ਜਿਉਣ ਦੀ ਸੋਝੀ ਦਿੰਦਾ ਹੈ। ਸਚਿਆਰ ਮਨੁੱਖ ਸਦਾਚਾਰ ਦੀਆਂ ਲੀਹਾਂ ਤੇ ਤੁਰਦਾ ਹੋਇਆ ਸਮਾਜਿਕ ਸਰੋਕਾਰਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ। ਵਿਕਸਤ ਸ਼ਖ਼ਸੀਅਤ ਵਾਲ਼ਾ ਮਨੁੱਖ ਆਪਣਾ ਕਰਮ ਕਰਦੇ ਹੋਏ ਸਰਬੱਤ ਦੇ ਭਲੇ ਨੂੰ ਮਹੱਤਤਾ ਦਿੰਦਾ ਹੈ। ਭਾਵ ਅਜਿਹਾ ਕਰਮ ਕਰਦਾ ਹੈ, ਜਿਸ ਨਾਲ਼ ਸਾਰਿਆਂ ਦਾ ਫਾਇਦਾ ਹੋਵੇ। ਉਹ ਹਮੇਸ਼ਾਂ ਦੂਜਿਆਂ ਦੀ ਮੱਦਦ ਕਰਨ ਲਈ ਤੱਤਪਰ ਰਹਿੰਦਾ ਹੈ, ਜਿਸ ਦੌਰਾਨ ਉਹ ਆਪਣੇ ਨਿੱਜੀ, ਫਾਇਦੇ ਅਤੇ ਨੁਕਸਾਨ ਦੀ ਵੀ ਪਰਵਾਹ ਨਹੀਂ ਕਰਦਾ। ਉਹ ਆਪਣੀ ਖੁਸ਼ੀ ਨੂੰ ਦੂਜਿਆਂ ਦੀ ਖੁਸ਼ੀ ਵਿੱਚੋਂ ਲੱਭਦਾ ਹੈ। ਦੂਜਿਆਂ ਦੀ ਭਲਾਈ ਨੂੰ ਅੱਗੇ ਰੱਖ ਕੇ ਕੀਤੇ ਜਾ ਰਹੇ ਕਰਮ ਵਿੱਚ ਉਹ ਨਿਸ਼ਕਾਮਤਾ ਦੀ ਭਾਵਨਾ ਰੱਖਦਾ ਹੈ। ਉਹ ਸਮਾਜ ਵਿੱਚ ਰਹਿੰਦੇ ਸਾਰੇ ਮਨੁੱਖਾਂ ਨੂੰ ਇੱਕ ਪ੍ਰਭੂ ਦੀ ਅੰਸ਼ ਮੰਨਦਾ ਹੋਇਆ ਕਿਸੇ ਪ੍ਰਤੀ ਵੀ ਵੈਰ-ਵਿਰੋਧ ਦੀ ਭਾਵਨਾ ਨਹੀਂ ਰੱਖਦਾ, ਸਗੋਂ ਸਾਰੀ ਲੋਕਾਈ ਨੂੰ ਆਪਣੀ ਸਮਝਦਾ ਹੈ।

ਸਚਿਆਰ ਮਨੁੱਖ ਸਮਾਜ ਵਿੱਚੋਂ ਜਾਤੀਵਾਦ ਅਤੇ ਊਚ-ਨੀਚ ਵਾਲ਼ੀ ਸੋਚ ਨੂੰ ਖਤਮ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਸਥਾਪਿਤ ਕਰਨ ਲਈ ਲੋਕਾਈ ਨੂੰ ਪ੍ਰੇਰਿਤ ਕਰਦਾ ਹੈ। ਕਿਉਂਕਿ ਇਸ ਧਰਤੀ ਦੇ ਸਾਰੇ ਜੀਵਾਂ ਨੂੰ ਕੇਵਲ ਇੱਕ ਪਰਮਾਤਮਾ ਨੇ ਹੀ ਪੈਦਾ ਕੀਤਾ ਹੈ, ਜਿਸ ਕਾਰਨ ਇੱਥੇ ਕੋਈ ਉੱਚਾ-ਨੀਵਾਂ ਜਾਂ ਛੋਟਾ-ਵੱਡਾ ਨਹੀਂ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਸਮਾਜ ਦੀ ਪ੍ਰਸਥਿਤੀਆਂ ਦਾ ਜਾਇਜ਼ਾ ਲੈ ਕੇ ਲੋਕਾਂ ਤੇ ਹੋ ਰਹੇ ਰਾਜਨੀਤਕ, ਆਰਥਿਕ, ਧਾਰਮਿਕ, ਸਮਾਜਿਕ ਅਤਿਆਚਾਰਾਂ ਦਾ ਵਿਰੋਧ ਕੀਤਾ। ਝੂਠੀ ਧਾਰਮਿਕਤਾ ਦੇ ਪਿੱਛੇ ਲੱਗ ਕੇ ਕੀਤੇ ਜਾ ਰਹੇ ਪਖੰਡ, ਅਡੰਬਰ, ਵਹਿਮਾਂ-ਭਰਮਾਂ ਦਾ ਖੰਡਨ ਕੀਤਾ। ਅਲੱਗ-ਅਲੱਗ ਸਥਿਤੀਆਂ ਵਿੱਚ ਜਾ ਕੇ ਲੋਕਾਂ ਨੂੰ ਅਸਲੀ ਜੀਵਨ ਜਾਂਚ ਸਿਖਾਈ। ਗੁਰੂ ਸਾਹਿਬ ਨੇ ਸਮਾਜ ਵਿੱਚ ਆਈਆਂ ਇਸ ਪ੍ਰਕਾਰ ਦੀਆਂ ਗਿਰਾਵਟਾਂ ਨੂੰ ਧਿਆਨ ਨਾਲ ਵੇਖਿਆ, ਲੋਕਾਈ ਦੇ ਦਰਦ ਨੂੰ ਮਹਿਸੂਸ ਕੀਤਾ ਅਤੇ ਸਿੱਖ ਧਰਮ ਤਹਿਤ ਸਮਾਜ ਨੂੰ ਸੁਧਾਰਨ ਲਈ ਮਹੱਤਵਪੂਰਨ ਯੋਗਦਾਨ ਪਾਇਆ। ਸਚਿਆਰ ਮਨੁੱਖ ਗੁਰੂ ਸਾਹਿਬਾਨ ਦੇ ਪਾਏ ਹੋਏ ਪੂਰਨਿਆਂ ਤੇ ਚੱਲਦੇ ਹੋਏ ਵਹਿਮਾਂ-ਭਰਮਾਂ ਤੇ ਪਖੰਡਾਂ ਤੋਂ ਦੂਰ ਰਹਿ ਕੇ ਸਾਫ਼-ਸੁਥਰਾ ਮਿਹਨਤ ਵਾਲ਼ਾ ਜੀਵਨ ਬਤੀਤ ਕਰਦਾ ਹੈ। ਸਦਾਚਾਰ ਅਤੇ ਸਮਾਜ ਦਾ ਵੀ ਆਪਸ ਵਿੱਚ ਡੂੰਘਾ

ਰਿਸ਼ਤਾ ਹੈ। ਸਦਾਚਾਰ ਮਨੁੱਖੀ ਸੋਚ, ਮਨੁੱਖੀ ਕਰਮ ਅਤੇ ਮਨੁੱਖੀ ਆਚਰਣ ਨਾਲ਼ ਜੁੜਿਆ ਹੋਇਆ ਹੈ। ਸਦਾਚਾਰ ਚੰਗੇ ਸਮਾਜ ਨਿਰਮਾਣ ਵਿੱਚ ਆਪਣਾ ਰੋਲ ਨਿਭਾਉਂਦਾ ਹੈ ਤਾਂ ਜੋ ਮਨੁੱਖ ਅਤੇ ਸਮਾਜ ਦੋਵਾਂ ਦਾ ਭਲਾ ਹੋ ਸਕੇ। ਸਚਿਆਰ ਮਨੁੱਖ ਸਦਾਚਾਰਕ ਗੁਣਾਂ ਨਾਲ਼ ਭਰਪੂਰ ਸ਼ਖ਼ਸੀਅਤ ਦਾ ਮਾਲਕ ਹੁੰਦਾ ਹੈ ਜੋ ਮਨੁੱਖ ਨੂੰ ਮਨੁੱਖ ਦੇ ਨੇੜੇ ਲੈ ਕੇ ਆਉਂਦਾ ਹੈ। ਸਮਾਜ ਨੂੰ ਚੰਗਾ ਜਾਂ ਬੁਰਾ ਬਣਾਉਣਾ ਇਸ ਵਿੱਚ ਰਹਿ ਰਹੇ ਮਨੁੱਖਾਂ ਦੇ ਹੱਥ ਵੱਸ ਹੈ। ਸਮਾਜ ਵਿੱਚ ਰਹਿੰਦਾ ਮਨੁੱਖ ਜਿਸ ਤਰ੍ਹਾਂ ਦੇ ਮਾਹੌਲ ਲਈ ਆਪਣੀ ਸੋਚ ਦੇ ਆਧਾਰ ਤੇ ਕੋਸ਼ਿਸ਼ ਕਰਦਾ ਹੈ। ਸਮਾਜ ਵੀ ਉਸ ਤਰ੍ਹਾਂ ਦਾ ਹੀ ਬਣ ਜਾਂਦਾ ਹੈ, ਜਿਸ ਤਰ੍ਹਾਂ ਦੀ ਸੋਚ ਵਾਲ਼ੇ ਮਨੁੱਖ ਇੱਥੇ ਰਹਿੰਦੇ ਹਨ। ਜਿਸ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜੇਕਰ ਸਮਾਜ ਵਿੱਚ ਸਦਾਚਾਰਕ ਕਦਰਾਂ-ਕੀਮਤਾਂ ਦੀ ਬਹਾਲੀ ਚਾਹੀਦੀ ਹੈ ਤਾਂ ਇਸ ਲਈ ਮਨੁੱਖ ਵਿੱਚ ਸਦਾਚਾਰ ਦਾ ਹੋਣਾ ਲਾਜ਼ਮੀ ਹੋਵੇਗਾ। ਸਚਿਆਰ ਮਨੁੱਖ ਸਦਾਚਾਰੀ ਜੀਵਨ ਬਤੀਤ ਕਰਦਾ ਹੈ, ਜੋ ਸਮਾਜ ਵਿੱਚ ਸਦਾਚਾਰ ਦੇ ਵਧਣ-ਫੁੱਲਣ ਵਿੱਚ ਆਪਣਾ ਯੋਗਦਾਨ ਪਾ ਕੇ ਚੰਗੀਆਂ ਕਦਰਾਂ-ਕੀਮਤਾਂ ਦੀ ਬਹਾਲੀ ਕਰ ਸਕਦਾ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਅਜਿਹੇ ਮਨੁੱਖ ਦੀ ਸੋਚ ਸਾਕਾਰਾਤਮਿਕ ਅਤੇ ਵਿਗਿਆਨਿਕ ਹੁੰਦੀ ਹੈ ਜਿਸ ਕਾਰਨ ਉਹ ਵਹਿਮ-ਭਰਮ, ਕਰਮ-ਕਾਂਡ, ਅਡੰਬਰ ਅਤੇ ਪਾਖੰਡਾਂ ਦਾ ਨਿਖੇਧ ਕਰਦਾ ਹੈ। ਸਚਿਆਰ ਮਨੁੱਖ ਲਈ ਵੈਰੀ-ਮਿੱਤਰ, ਹਰਖ-ਸੋਗ, ਦੁੱਖ-ਸੁੱਖ ਅਤੇ ਉਸਤਤਿ-ਨਿੰਦਾ ਆਦਿ ਸਭ ਇੱਕ ਸਮਾਨ ਹਨ। ਉਹ ਏਕਤਾਮੁਖੀ, ਨੈਤਿਕ ਤੌਰ ਤੇ ਸੱਚਾ-ਸੁੱਚਾ, ਮਨੋਵਿਗਿਆਨਿਕ ਤੌਰ ਤੇ ਅਖੰਡਿਤ ਅਤੇ ਏਕਾਤਮਕ, ਸਮਾਜਿਕ ਤੌਰ ਤੇ ਪ੍ਰਗਤੀਸ਼ੀਲ, ਪਦਾਰਥਕ ਤੌਰ ਤੇ ਮਾਇਆ ਨਿਰਲਿਪਤ, ਤਣਾਓ ਰਹਿਤ ਅਤੇ ਦੁਬਿਧਾ ਮੁਕਤ, ਅਧਿਆਤਮਿਕ ਤੌਰ ਤੇ ਸੱਚਾ ਅਤੇ ਸਚਿਆਰਾ ਮਨੁੱਖ ਹੈ। ਸਚਿਆਰ ਦੀ ਨਜ਼ਰ ਵਿੱਚ ਸਾਰੀ ਲੋਕਾਈ ਉਸ ਸਰਬ ਵਿਆਪਕ ਪਰਮਾਤਮਾ ਦੀ ਅੰਸ਼ ਹੈ। ਅਜਿਹਾ ਮਨੁੱਖ ਜਾਤ-ਪਾਤ ਤੋਂ ਉੱਪਰ ਉੱਠ ਕੇ ਲੋਕ ਭਲਾਈ ਦੇ ਕਾਰਜਾਂ ਲਈ ਅੱਗੇ ਹੋ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੈ। ਉਸ ਦਾ ਧਰਮ ਸਾਰੀ ਮਨੁੱਖਤਾ ਨੂੰ ਪਿਆਰ ਕਰਨਾ ਹੈ। ਉਸ ਲਈ ਕੋਈ ਓਪਰਾ ਜਾਂ ਪਰਾਇਆ ਨਹੀਂ ਹੈ। ਸਚਿਆਰ ਮਨੁੱਖ ਉੱਦਮੀ, ਪਰਉਪਕਾਰੀ ਅਤੇ ਸਹਿਣਸ਼ੀਲ ਹੈ। ਜੋ ਸਬਰ, ਸੰਤੋਖ, ਦਇਆ, ਨਿਮਰਤਾ ਅਤੇ ਸਾਂਝੀਵਾਲਤਾ ਦੀ ਭਾਵਨਾ ਆਦਿ ਅਥਾਹ ਗੁਣਾਂ ਦਾ ਮਾਲਕ ਹੈ। ਉਸ ਵਿੱਚ

ਗਿਆਨ ਅਤੇ ਵਿੱਦਿਆ ਦਾ ਪ੍ਰਕਾਸ਼ ਹੈ ਜਿਸ ਕਾਰਨ ਉਹ ਸੱਚ ਦੇ ਰਾਸਤੇ ਦਾ ਪਾਂਧੀ ਹੈ। ਸੱਚਾਈ, ਸੇਵਾ, ਸੱਚੀ-ਸੁੱਚੀ ਕਿਰਤ ਅਤੇ ਹੱਕ ਦੀ ਕਮਾਈ ਉਸ ਦੇ ਜੀਵਨ ਦੀ ਟੇਕ ਹੈ। ਉਹ ਸਾਰੀ ਮਨੁੱਖਤਾ ਪ੍ਰਤੀ ਪ੍ਰੇਮ, ਸਦ-ਭਾਵ ਅਤੇ ਸਦ-ਵਿਵਹਾਰ ਪ੍ਰਦਰਸ਼ਿਤ ਕਰਦਾ ਹੈ। ਉਹ ਗ੍ਰਿਹਸਥੀ ਜੀਵਨ ਬਤੀਤ ਕਰਦਾ ਹੋਇਆ ਵੀ ਮੋਹ ਮਾਇਆ ਦੇ ਬੰਧਨ ਤੋਂ ਨਿਰਲੇਪ ਅਤੇ ਦੁਬਿਧਾ-ਮੁਕਤ ਪ੍ਰਾਣੀ ਹੈ। ਕਿਉਂਕਿ ਉਹ ਆਪਣੇ ਜੀਵਨ ਦੇ ਅਸਲੀ ਮਕਸਦ ਪ੍ਰਤੀ ਸੁਚੇਤ ਹੈ ਅਤੇ ਉਸ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ਸ਼ੀਲ ਹੈ। ਉਹ ਇਸ ਪਦਾਰਥਕ ਜਗਤ ਵਿੱਚ ਵਿਚਰਦਾ ਹੋਇਆ ਮਨੋਵਿਗਿਆਨਕ ਤੌਰ ਤੇ ਉਸਾਰੂ ਅਤੇ ਸਿਰਜਣਾਤਮਿਕ ਰੁਚੀਆਂ ਦਾ ਧਾਰਨੀ ਹੈ, ਜੋ ਆਪਣੀ ਸਾਕਾਰਾਤਮਕ, ਚੰਗੀ ਅਤੇ ਲੋਕ-ਭਲਾਈ ਵਾਲ਼ੀ ਸੋਚ ਦੇ ਮੱਦੇਨਜ਼ਰ ਆਪਣਾ ਸਾਰਾ ਜੀਵਨ ਦੂਜਿਆਂ ਦੀ ਖੁਸ਼ੀ ਨੂੰ ਸਮਰਪਿਤ ਕਰਕੇ ਆਪਣੇ ਜੀਵਨ ਆਦਰਸ਼ ਨੂੰ ਪ੍ਰਾਪਤ ਕਰਦਾ ਹੋਇਆ ਹੋਰਨਾਂ ਨੂੰ ਵੀ ਇਸ ਰਾਸਤੇ ਦਾ ਪਾਂਧੀ ਬਣਾਉਣ ਵਿੱਚ ਸਫ਼ਲ ਭੂਮਿਕਾ ਨਿਭਾਉਂਦਾ ਹੈ।

**The concept of an Ideal Man in Sikhism and the development of Human Personality**

Narinder Singh
Research Scholar,
Department of Philosophy,
Punjabi University Patiala.

**Abstract**

A man got birth with the blessings of God for the sake of adoptation of ideal values that is leading towards ideal life. 'The concept of an Ideal man in Sikhism and the development of Human Personality' through this thesis made a discourse on that ideal person has to adopt the life style that is filled with moral values, to get ideal personality. In the context of contemporary scientific era, man has driven away from the ideal life in the lust of getting more material needs and money. For leading an ideal life man has to follow Guru's Sangat, pray for God while sitting over there and do good job, help the people with pure serving feelings and live moral value based life.

With this in his heart enhances values such as love, respect, brotherhood, feeling of goodness, co-operation, politeness, people's welfare, peace, hard work, honesty and tolerance that develops his ideal personality for virtue full life, an ideal personality plays an important role in the formation of ideal society.

In the various chapters of this thesis focused on the development of an ideal personality, adoptation of the virtues by the ideal personality, Living in the religion of humanity and motivate to lead this life, so that man takes advantages of this human life has to get idealization and has to guide others for this ideal path.

# ਸਿੱਖ ਮੱਤ ਵਿੱਚ ਸਚਿਆਰ ਦਾ ਸੰਕਲਪ ਅਤੇ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ

ਨਰਿੰਦਰ ਸਿੰਘ
ਰਿਸਰਚ ਸਕਾਲਰ,
ਫ਼ਿਲਾਸਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ ਪਟਿਆਲਾ।

## ਐਬਸਟ੍ਰੈਕਟ

ਮਨੁੱਖ ਨੂੰ ਇਹ ਜਨਮ ਪਰਮਾਤਮਾ ਦੀ ਨਦਰਿ ਸਦਕਾ ਸਚਿਆਰਤਾ ਦੇ ਗੁਣਾਂ ਨੂੰ ਧਾਰਨ ਕਰਦੇ ਹੋਏ ਜੀਵਨ-ਆਦਰਸ਼ ਦੀ ਪ੍ਰਾਪਤੀ ਲਈ ਮਿਲਿਆ ਹੈ। 'ਸਿੱਖ ਮੱਤ ਵਿੱਚ ਸਚਿਆਰ ਦਾ ਸੰਕਲਪ ਅਤੇ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ' ਖੋਜ-ਪ੍ਰਬੰਧ ਦੁਆਰਾ ਸਚਿਆਰ ਸ਼ਖ਼ਸੀਅਤ ਦੀ ਪ੍ਰਾਪਤੀ ਲਈ ਸਦਗੁਣ ਭਰਪੂਰ ਜੀਵਨ ਸ਼ੈਲੀ ਨੂੰ ਅਪਨਾਉਣ 'ਤੇ ਵਿਚਾਰ ਕੀਤਾ ਗਿਆ ਹੈ। ਮੌਜੂਦਾ ਵਿਗਿਆਨਕ ਯੁੱਗ ਦੇ ਸੰਦਰਭ ਵਿੱਚ ਮਨੁੱਖ ਪਦਾਰਥਕ ਲੋੜਾਂ ਅਤੇ ਧਨ ਦੀ ਵੱਧ ਤੋਂ ਵੱਧ ਲਾਲਸਾ ਕਾਰਨ ਆਪਣੇ ਜੀਵਨ ਆਦਰਸ਼ ਤੋਂ ਭਟਕ ਗਿਆ ਹੈ। ਮਨੁੱਖ ਨੇ ਆਪਣੇ ਇਸ ਆਦਰਸ਼ ਦੀ ਪ੍ਰਾਪਤੀ ਲਈ ਗੁਰੂ ਦੇ ਮਾਰਗ ਦਰਸ਼ਨ ਹੇਠ ਸੰਗਤ ਵਿੱਚ ਬੈਠ ਕੇ ਨਾਮ ਸਿਮਰਨ ਅਤੇ ਕਿਰਤ ਕਰਦੇ ਹੋਏ, ਸੇਵਾ ਭਾਵਨਾ ਨਾਲ਼ ਦੂਜਿਆਂ ਦੀ ਸਹਾਇਤਾ ਕਰਦੇ ਹੋਏ ਨੈਤਿਕਤਾ ਦੇ ਆਧਾਰ 'ਤੇ ਜੀਵਨ ਜਿਉਣਾ ਹੈ। ਜਿਸ ਨਾਲ਼ ਉਸ ਅੰਦਰ ਪਿਆਰ, ਸਤਿਕਾਰ, ਇਨਸਾਨੀਅਤ, ਭਰਾਤਰੀਭਾਵ, ਸਦਭਾਵਨਾ, ਆਪਸੀ ਸਹਿਚਾਰ, ਨਿਮਰਤਾ, ਲੋਕ-ਭਲਾਈ, ਸਹਿਜਤਾ, ਮਿਹਨਤ, ਇਮਾਨਦਾਰੀ, ਸਹਿਣਸ਼ੀਲਤਾ ਵਰਗੇ ਸਦਗੁਣਾਂ ਦੇ ਆਉਣ ਨਾਲ਼ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ। ਸਦਾਚਾਰਕ ਗੁਣਾਂ ਨਾਲ਼ ਸੰਪੰਨ ਸਚਿਆਰ ਸ਼ਖ਼ਸੀਅਤ ਆਦਰਸ਼ ਸਮਾਜ ਦੀ ਸਿਰਜਣਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਖੋਜ-ਕਾਰਜ ਦੇ ਵੱਖ-ਵੱਖ ਅਧਿਆਵਾਂ ਵਿੱਚ ਸਚਿਆਰ ਸ਼ਖ਼ਸੀਅਤ ਦੀ ਪ੍ਰਾਪਤੀ ਲਈ ਸਦਗੁਣਾਂ ਨੂੰ ਧਾਰਨ ਕਰਕੇ ਇਨਸਾਨੀਅਤ ਦਾ ਧਰਮ ਨਿਭਾਉਂਦੇ ਹੋਏ ਜ਼ਿੰਦਗੀ ਬਤੀਤ ਕਰਨ ਲਈ ਪ੍ਰੇਰਿਆ ਗਿਆ ਹੈ ਤਾਂ ਜੋ ਮਨੁੱਖ ਇਸ ਜਨਮ ਦਾ ਲਾਹਾ ਲੈਂਦੇ ਹੋਏ ਸਚਿਆਰਤਾ ਦੀ ਪ੍ਰਾਪਤੀ ਕਰ ਸਕੇ ਅਤੇ ਹੋਰਾਂ ਦਾ ਵੀ ਸਹੀ ਮਾਰਗ-ਦਰਸ਼ਨ ਕਰ ਸਕੇ।

# PUBLICATION

- *ਸਿੱਖ ਮੱਤ ਵਿੱਚ ਸਚਿਆਰ ਦਾ ਸੰਕਲਪ ਅਤੇ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ*, Chintan Research Journal (International Referred), ISBN: 2229-7227, p. 401.
- *ਧਰਮ ਦਾ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਯੋਗਦਾਨ*, Pramana Research Journal (International Referred), ISBN: 2249-2976, p. 310.